# ਵਿਰੱਕਤ ਜੀਵਨ

# ਬਾਬਾ ਜਵਾਲਾ ਸਿੰਘ ਜੀ

# ਹਰਖੋਵਾਲ

# ੴ ਸਤਿਗੁਰ ਪ੍ਰਸਾਦਿ

ਸਭ ਹੱਕ ਕਰਤਾ ਦੇ ਰਾਖਵੇਂ ਹਨ

ਬਿਨਾ ਆਗਿਆ ਕੋਈ ਨਾ ਛਾਪੇ।

## ਜੀਵਨ

## ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ

ਲੇਖਕ

ਸੰਤ ਜਗਜੀਤ ਸਿੰਘ ਹਰਖੋਵਾਲ

ਪ੍ਰਕਾਸ਼ਕ: ਸੁਰਿੰਦਰ ਸਿੰਘ ਲਾਲੀ

ਰੀਲੈਕਸ ਫਰਨੀਚਰ

ਫਿੰਚ ਵੈਸਟਨ ਮਾਲ ਫੋਨ: 747-6188

ਛਾਪਕ:

ਧੰਨਵਾਦ

www.archive.org/details/namdhari



ਸੰਤ ਜਗਜੀਤ ਸਿੰਘ ਜੀ ਵਲੋਂ ਸੱਤ ਆਡੀਉ ਕੈਸਿਟਾਂ ਤੇ ਵੀਡੀਉ ਕੈਸਿਟਾਂ ਸੰਤ ਬਾਬਾ ਜਵਾਲਾ ਸਿੰਘ ਜੀ ਦੇ ਜੀਵਨ ਬਾਰੇ ਭਰੀਆਂ ਸਨ। ਸੰਗਤਾਂ ਦੇ ਸਹਿਯੋਗ ਦੇ ਨਾਲ ਇਹ ਕੈਸਿਟਾਂ ਲਿਖ ਕੇ ਛਪਵਾਈਆਂ ਹਨ। ਅਸੀਂ ਵਿਸ਼ੇਸ਼ ਤੌਰ ਤੇ ਬੀਬੀ ਜਗਪਾਲ ਕੌਰ, ਸ: ਕੇਵਲ ਸਿੰਘ ਅਤੇ ਬੀਬੀ ਸੁਖਮਿੰਦਰ ਕੌਰ ਗਿੱਲ ਜਿਨ੍ਹਾਂ ਨੇ ਕੈਸਿਟਾਂ ਲਿਖਣ ਵਿੱਚ ਮਦਦ ਕੀਤੀ। ਬੀਬੀ ਮਨਜੀਤ ਕੌਰ ਨਿੱਝਰ ਜਿੰਨ੍ਹਾਂ ਨੇ ਟਾਈਪ ਸੈੱਟ ਕਰਨ ਦੀ ਸੇਵਾ ਕੀਤੀ। ਸ: ਪ੍ਰੇਮ ਸਿੰਘ ਪਾਂਧੀ ਤੇ ਸ: ਪਿਆਰਾ ਸਿੰਘ ਹੁੰਦਲ ਨੇ ਪਰੂਫ ਚੈੱਕ ਕੀਤੇ। ਅਸੀਂ ਇੰਨ੍ਹਾਂ ਸੇਵਾਦਾਰਾਂ ਦੇ ਤੇ ਸੰਮੂਹ ਸਾਧ ਸੰਗਤ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਜਿੰਨ੍ਹਾਂ ਨੇ ਤਨ ਮਨ ਧਨ ਨਾਲ ਮਦਦ ਕੀਤੀ ਹੈ।

ਗੁਰੂ ਘਰ ਦੇ ਦਾਸ

ਸੁਰਿੰਦਰ ਸਿੰਘ ਲਾਲੀ

## ਸਮੱਰਪਤ

## ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ

ਬਾਬਾ ਜਵਾਲਾ ਸਿੰਘ ਜੀ ਦੇ ਗੁਰੂ ਸੰਤ ਬਾਬਾ ਆਇਆ ਸਿੰਘ ਜੀ ਤੇ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਨੂੰ ਇਹ ਨਿਮਾਣਾ ਜਿਹਾ ਯਤਨ ਸਮੱਰਪਤ ਹੈ।

**ਸੰਤ ਜਗਜੀਤ ਸਿੰਘ**

## ਲੇਖਕ ਬਾਰੇ

ਸੰਤ ਜਗਜੀਤ ਸਿੰਘ ਦਾ ਜਨਮ 1 ਮਾਰਚ ਵੀਰਵਾਰ ਸੰਨ 1946 ਸ਼ਿਵਰਾਤਰੀ ਵਾਲੇ ਦਿਨ ਇਕ ਵਜੇ ਸ: ਉਜਾਗਰ ਸਿੰਘ ਜੀ ਦੇ ਘਰ ਹੋਇਆ। ਆਪ ਜੀ ਦੇ ਮਾਤਾ ਜੀ ਪ੍ਰਸਿੰਨ ਕੌਰ-ਭਰਪੂਰ ਕੌਰ ਸਨ ਅਤੇ ਆਪ ਜੀ ਦਾ ਨੱਗਰ ਕਾਲਰਾ ਜਿਲ੍ਹਾ ਜਲੰਧਰ ਹੈ। ਜਨਮ ਸਮੇਂ ਆਪ ਰੋਏ ਨਹੀਂ ਸਗੋਂ ਹੱਸਦੇ ਸਨ। ਕਈ ਕਈ ਦਿਨ ਕੋਈ ਹਾਜ਼ਤ ਨਾ ਕਰਨੀ ਮਾਤਾ ਜੀ ਨੇ ਕੋਈ ਦਵਾਈ ਦੇ ਕੇ ਅਠਵੇਂ ਅਠਵੇਂ ਦਿਨ ਬਾਅਦ ਹਾਜ਼ਤ ਕਰਵਾਉਣੀ। ਆਪ ਖਾਮੋਸ਼ੀ ਵਿੱਚ ਰਹਿੰਦੇ ਸਨ ਆਸਣ ਲਾ ਕੇ ਬੈਠ ਜਾਂਦੇ ਸਨ। ਇੰਨ੍ਹਾਂ ਗੱਲਾਂ ਤੋਂ ਸਾਰਿਆਂ ਨੇ ਅੰਦਾਜ਼ਾ ਲਾਇਆ ਕਿ ਕੋਈ ਸਾਧੂ ਰੂਹ ਕਰਮਾਂ ਦਾ ਹਿਸਾਬ ਖਤਮ ਕਰਨ ਲਈ ਮਾਤ ਲੋਕ ਵਿੱਚ ਆਈ ਹੈ।

ਗੁਰਦੁਆਰਾ ਸਾਹਿਬ ਵਿਖੇ ਸੰਤ ਮਹੰਤ ਠਾਕੁਰ ਦਾਸ ਜੀ ਨੇ ਗੁਰਮਤਿ ਅਨੁਸਾਰ ਮੁੱਖ ਵਾਕ ਲੈ ਕੇ ਨਾਮ ਰੱਖਿਆ ਅਤੇ ਗੁਰੂ ਸਾਹਿਬ ਦੇ ਅੰਗ ਲਾ ਕੇ ਝੱਗਾ ਪਾਉਣ ਦੀ ਰਸਮ ਅਦਾ ਕੀਤੀ। ਜਨਮ ਵੇਲੇ ਆਪ ਜੀ ਨੂੰ ਜਪੁਜੀ ਸਾਹਿਬ ਨਾਲ ਅਭਿਮੰਤ੍ਰਤ ਜਲ ਦੀ ਘੁੱਟੀ(ਗੁੜਤੀ) ਦਿੱਤੀ ਸੀ। ਭੈਣ ਭਜਨ ਕੌਰ, ਸਰਵਣ ਸਿੰਘ ਤੇ ਇੰਦਰ ਸਿੰਘ ਨੇ ਪੜ੍ਹਨ ਜਾਣ ਤੋਂ ਪਹਿਲਾਂ ਜ਼ਰੂਰ ਖਿਡਾ ਕੇ ਜਾਣਾਂ। ਇੰਦਰ ਸਿੰਘ ਤੇ ਸਰਵਣ ਸਿੰਘ ਆਪ ਜੀ ਦੇ ਤਾਇਆ ਜੀ ਦੇ ਪੁੱਤ ਭਰਾ ਸਨ।

ਵਿੱਦਿਆ ਪੜ੍ਹਾਵਨ ਲਈ ਵੀਰਵਾਰ ਵਾਲੇ ਦਿਨ ਸਤਿਗੁਰਾਂ ਦੇ ਚਰਨਾਂ ਵਿੱਚ ਅਰਦਾਸ ਕਰਕੇ ਨੱਗਰ ਦੇ ਪ੍ਰਾਇਮਰੀ ਸਕੂਲ ਵਿੱਚ ਪ੍ਰਸ਼ਾਦ ਵੰਡ ਕੇ ਪੜ੍ਹਨ ਪਾਇਆ ਗਿਆ। ਜਦੋਂ ਉਮਰ ਆਪ ਦੀ ਪੰਜ ਸਾਲ ਦੀ ਸੀ। ਪਰ ਬੱਚਿਆਂ ਤੋਂ ਨਿਰਾਲੀ ਚਾਲ ਹੀ ਰਹੀ। ਚੌਥੀ ਜਮਾਤ ਪਾਸ ਕਰਕੇ ਹਾਈ ਸਕੂਲ ਵਿੱਚ ਪ੍ਰਵੇਸ਼ ਕੀਤਾ ।ਪੰਜਵੀ ਜਮਾਤ ਵਿੱਚ ਆਪ ਨੇ ਜਪੁਜੀ ਸਾਹਿਬ, ਰਹਿਰਾਸ ਅਤੇ ਕੀਰਤਨ ਸੋਹਿਲਾ ਦੀ ਬਾਣੀ ਕੰਠ ਕਰ ਲਈ ਸੀ।ਕੁਝ ਗੁਰਬਾਣੀ ਦੇ ਸ਼ਬਦ ਵੀ ਯਾਦ ਕਰ ਲਏ ਸਨ ।ਆਪ ਜੀ ਨੇ ਪੰਜਵੀਂ ਜਮਾਤ ਵਿੱਚ ਪੜ੍ਹਦਿਆਂ ਨੱਗਰ ਪੂਰਨਪੁਰ, ਸੰਤ ਪ੍ਰੀਤਮ ਸਿੰਘ ਜੀ ਮਾਨਖੇੜੀ ਵਾਲਿਆਂ ਸੰਤਾਂ ਤੋਂ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ ਸੀ।ਅੰਮ੍ਰਿਤ ਛਕਣ ਤੋਂ ਬਾਅਦ ਆਪ ਪੰਜਾਂ ਬਾਣੀਆਂ ਦਾ ਨਿੱਤਨੇਮ ਸਵੇਰੇ ਤੇ ਤਿੰਨ ਬਾਣੀਆਂ ਦਾ ਸ਼ਾਮ ਨਿੱਤਨੇਮ ਕਰਦੇ ਸਨ। ਇਸ਼ਨਾਨ ਰੀਤੀ ਤਾਂ ਪਹਿਲਾਂ ਹੀ ਪ੍ਰਪੱਕ ਸੀ। ਇੰਨ੍ਹਾਂ ਦਿਨਾਂ ਵਿੱਚ ਹੀ ਡੁਮੇਲੀ ਜਾ ਕੇ ਆਪ ਜੀ ਨੇ ਸੰਤ ਮਹਾਰਾਜ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਦੇ ਦਰਸ਼ਨ ਕੀਤੇ। ਇੱਥੇ ਹੀ ਆਪ ਜੀ ਦੇ ਪਿਤਾ ਨੇ ਆਪ ਜੀ ਨੂੰ ਮਹਾਂਪੁਰਸ਼ਾਂ ਕੋਲ ਸਦਾ ਲਈ ਭੇਂਟ ਕੀਤਾ।ਇੱਕ ਮੱਝ ਡੇਰੇ ਸੰਤਗੜ੍ਹ ਲੰਗਰ ਦੀ ਸੇਵਾ ਲਈ ਦਿੱਤੀ। ਮਹਾਂਪੁਰਸ਼ਾਂ ਨੇ ਘਰ ਵਿੱਚ ਰਹਿ ਕੇ ਪੜ੍ਹਨ ਦੀ ਆਗਿਆ ਦੇ ਦਿੱਤੀ। ਸੰਸਕ੍ਰਿਤ ਪੜ੍ਹਨ ਲਈ ਅਤੇ ਕੀਰਤਨ ਸਿੱਖਣ ਲਈ ਵੀ ਆਗਿਆ ਬਖਸ਼ੀ ਜੋ ਅੱਜ ਉਨ੍ਹਾਂ ਦੀ ਕਿਰਪਾ ਤੋਂ ਪੂਰੀ ਹੋਈ ਹੈ। ਇਸ ਤੋਂ ਬਾਅਦ ਸਮੇਂ ਅਨੁਸਾਰ ਮਹਾਂਪੁਰਸ਼ਾਂ ਦੇ ਜੋਤੀ ਜੋਤ ਸਮਾਉਣ ਤੱਕ ਦਰਸ਼ਨ ਕਰਦੇ ਰਹੇ। ਆਪ ਜੀ ਸੱਤਵੀਂ ਜਮਾਤ ਵਿੱਚ ਸਨ ਜਦੋਂ ਮਹਾਂਪੁਰਸ਼ਾਂ ਨੇ ਸੱਚਖੰਡ ਪਯਾਨਾ ਕੀਤਾ। ਮਹਾਂਪੁਰਸ਼ਾਂ ਦੀ ਆਗਿਆ ਅਨੁਸਾਰ ਹੀ ਨੱਗਰ ਦੇ ਹਾਈ ਸਕੂਲ ਵਿੱਚ ਮੈਟ੍ਰਿਕ ਪਾਸ ਕੀਤੀ ਔਰ ਮਹਾਂਪੁਰਸ਼ਾਂ ਦੀ ਆਗਿਆ ਅਨੁਸਾਰ ਮਾਹਿਲਪੁਰ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਵਿੱਚ ਪ੍ਰੈਪ ਪਾਸ ਕੀਤੀ। ਕਾਲਜ ਦਾ ਇੱਕ ਸਾਲ 1963 ਸੰਤ ਮਾਨ ਸਿੰਘ ਜੀ ਪਾਸ ਨੰਗਲ ਖੁਰਦ ਰਹੇ। ਸ: ਹਰਭਜਨ ਸਿੰਘ ਤੋਂ ਬਾਅਦ ਪ੍ਰਿੰਸੀਪਲ ਪ੍ਰੀਤਮ ਸਿੰਘ ਜੀ ਡਿਊਟੀ ਨਿਭਾਂਉਦੇ ਰਹੇ। ਆਪ ਜੀ ਨੇ ਕਾਲਜ ਵਿੱਚ ਵੀ ਪੂਰੀ ਮਰਿਯਾਦਾ ਅਨੁਸਾਰ ਪੰਜ ਕਕਾਰ ਪਹਿਨੇ ਰੱਖੇ। ਖਾਲਸਾ ਕਾਲਜ ਦੇ ਪ੍ਰਿੰਸੀਪਲ ਸਾਹਿਬਾਨ ਇਸ ਗੱਲ ਤੋਂ ਬਹੁਤ ਹੀ ਖੁਸ਼ ਸਨ ਕਿ ਖਾਲਸਾ ਕਾਲਜ ਦੀ ਲਾਜ ਇਸ ਵਿਦਿਆਰਥੀ ਨੇ ਬਾਣੀ ਬਾਣੇ ਵਿੱਚ ਕਾਇਮ ਰੱਖੀ ਹੈ। ਇਹ ਸਾਰੀ ਬਖਸ਼ਿਸ਼ ਆਪ ਜੀ ਨੂੰ ਮਹਾਂਪੁਰਸ਼ਾਂ ਤੋਂ ਹੀ ਪ੍ਰਾਪਤ ਸੀ ਜਾਂ ਆਪ ਜੀ ਦੇ ਪਿਤਾ ਜੀ ਜੋ ਗੁਰ ਇਤਿਹਾਸ

ਗੁਰਬਾਣੀ ਸ੍ਰਵਣ ਕਰਵਾ ਕਰਵਾ ਕੇ ਬਿਰਤੀ ਵਿੱਚ ਪ੍ਰਪੱਕਤਾ ਪੈਦਾ ਕੀਤੀ ਸੀ। ਆਪ ਜੀ ਪੰਜਵੀਂ ਜਮਾਤ ਵਿੱਚ ਸਟੇਜ ਉਤੇ ਕਵਿਤਾ ਬੋਲਣ ਤੇ ਭਾਸ਼ਣ ਦੇਣ ਲੱਗ ਪਏ ਸਨ। ਸੱਤਵੀਂ ਜਮਾਤ ਵਿੱਚ ਆਪ ਜੀ ਨੇ ਢਾਡੀ ਜਥਾ ਤਿਆਰ ਕੀਤਾ। ਆਪ ਜੀ ਸਾਰੰਗੀ ਵਜਾਂਉਦੇ ਸਨ ਤੇ ਦੋ ਹੋਰ ਲੜਕੇ ਢੱਡਾਂ ਵਜਾਂਉਦੇ ਸਨ। ਗੁਰਪੁਰਬ ਮਨਾਉਣੇ, ਨੱਗਰ ਕੀਰਤਨ ਕਰਨੇ, ਆਖੰਡ ਪਾਠ ਕਰਨੇ, ਲੜੀਆਂ ਝੰਡੀਆਂ ਲਾਉਣੀਆਂ, ਲੰਗਰ ਆਦਿਕ ਕਰਨੇ, ਦੀਵਾਨਾਂ ਦਾ ਸਜਾਉਣਾਂ, ਹੈਡਮਾਸਟਰ ਹੰਸਾ ਸਿੰਘ, ਗਿਆਨੀ ਗੁਰਬਚਨ ਸਿੰਘ ਜੀ, ਮਾਸਟਰ ਹਰਦਿਆਲ ਸਿੰਘ ਜੀ, ਮਾਸਟਰ ਕਰਤਾਰ ਸਿੰਘ ਜੀ ਆਪ ਜੀ ਨੂੰ ਸਹਿਯੋਗ ਦੇ ਕੇ ਸੇਵਾ ਨਿਭਾਂਉਂਦੇ ਸਨ। ਗੁਰੂ ਜੀ ਦੀ ਕ੍ਰਿਪਾ ਸੀ ਕਿ ਦੀਵਾਨਾਂ ਵਿੱਚ ਸਾਰੇ ਵਿਦਿਆਰਥੀ, ਮਾਸਟਰ, ਨੱਗਰਾਂ ਦੀਆਂ ਸੰਗਤਾਂ ਸ਼ਾਮਲ ਹੁੰਦੀਆਂ ਸਨ। ਕੀਰਤਨ ਦੀ ਸੇਵਾ ਸੰਤ ਰੱਖਾ ਸਿੰਘ ਜੀ, ਕਰਤਾਰ ਸਿੰਘ, ਹੇਮਰਾਜ ਜੀ, ਗੁਲਾਮ ਸਾਬਰ ਨਿਭਾਂਉਂਦੇ ਸਨ। ਡਰੋਲੀ ਵਾਲੇ ਢਾਡੀ ਦੌਲਤ ਸਿੰਘ ਆਪਣੇ ਜਥੇ ਸਮੇਤ ਸੇਵਾ ਕਰਦੇ ਸਨ ਹੋਰ ਰਾਗੀ, ਢਾਡੀ, ਪ੍ਰਚਾਰਕ ਸਕੂਲ ਦੇ ਵਿਦਿਆਰਥੀ ਵੀ ਪਾਰਟ ਅਦਾ ਕਰਦੇ ਸਨ ।ਆਪ ਜੀ ਨੂੰ ਇਸ ਦੌਰਾਨ ਇਨਾਮ ਵੀ ਮਿਲਦੇ ਸਨ। ਆਪ ਕਬੱਡੀ, ਫੁੱਟਬਾਲ, ਹਾਕੀ ਤੇ ਐਨ.ਸੀ.ਸੀ.ਵਿੱਚ ਵੀ ਭਾਗ ਲੈਂਦੇ ਸਨ।

ਸੰਨ 1946 ਤੋਂ 1962 ਤੱਕ ਦਾ ਸਮਾਂ ਕਾਲਰਾ ਨੱਗਰ ਵਿੱਚ ਗੁਜਰਿਆ। ਜਿੰਨਾਂ ਜਿੰਨਾਂ ਮਹਾਂਪੁਰਖਾਂ ਦੀ ਸੰਗਤ ਆਪ ਦੇ ਪਿਤਾ ਜੀ ਨੇ ਕੀਤੀ, ਆਪ ਜੀ ਨੇ ਵੀ ਉਨ੍ਹਾਂ ਮਹਾਂਪੁਰਖਾਂ ਤੋਂ ਅਸ਼ੀਰਵਾਦ ਪ੍ਰਾਪਤ ਕੀਤੇ। 1962-63 ਤੱਕ ਮਾਹਿਲਪੁਰ ਕਾਲਜ ਵਿੱਚ ਪੜ੍ਹੇ। ਨੰਗਲ ਖੁਰਦ ਡੇਰਾ ਬਿਸ਼ਨਪੁਰ ਰਿਹਾਇਸ਼ ਕੀਤੀ। 1963-65 ਤੱਕ ਅਨੰਦੁਪਰ ਸਾਹਿਬ, ਪੰਜਾਬ ਦੇ ਤੀਰਥ ਅਸਥਾਨਾਂ ਦੇ ਦਰਸ਼ਨ ਸੰਤ ਮਹਿੰਦਰ ਸਿੰਘ ਜੀ ਨਾਲ ਕੀਤੇ। ਕੁਝ ਦੇਸ਼ ਰਟਣ ਵੀ ਕੀਤੀ। ਇੰਨ੍ਹਾਂ ਦੀ ਸਿੱਖੀ ਸੇਵਕੀ ਵਿੱਚ ਵੀ ਗਏ। ਪਰ ਆਪ ਜੀ ਬੜੇ ਮਹਾਂਪੁਰਖਾਂ ਦੇ ਕਹੇ ਅਨੁਸਾਰ ਹਾਲਾਂ ਪੜ੍ਹਨਾਂ ਚਾਹੁੰਦੇ ਸਨ, ਪਰ ਸੰਤ ਮਹਿੰਦਰ ਸਿੰਘ ਜੀ, 26 ਵੈਸਾਖ 1963 ਨੂੰ ਪੜ੍ਹਨ ਤੋਂ ਹਟਾ ਕੇ ਆਪਣੇ ਨਾਲ ਲੈ ਗਏ। ਕੁਝ ਚਿਰ ਆਪ ਸੰਗਤਾਂ ਵਿੱਚ ਵਿਚਰਦੇ ਰਹੇ। ਫਿਰ ਹਰਖੋਵਾਲ ਡੇਰਾ ਸੰਤਗੜ੍ਹ 28 ਕੱਤਕ ਦਾ ਮੇਲਾ ਜਦੋਂ ਵੱਡੇ ਮਹਾਂਪੁਰਖਾਂ ਨੇ ਸ਼ਰੀਰ ਤਿਆਗਿਆ ਸੀ, ਆ ਗਏ। ਬਰਸੀ ਮਨਾ ਕੇ ਰੈਲ ਮਾਜਰਾ ਸੁੰਦਰ ਦਾਸ ਜੋ ਊਨੇ ਵਾਲੇ ਬੇਲੀਰਾਮ ਦਾ ਗੁਰਭਾਈ ਸੀ ਉਸ ਦੀ ਗੁਫਾ ਵਿੱਚ ਟਿਕੇ। ਆਪ ਜੀ ਦੇ ਨਾਲ ਦਲੀਪ ਸਿੰਘ ਤੇ ਹਰਭਜਨ ਸਿੰਘ ਵੀ ਸਨ। ਸੰਤ ਮਹਿੰਦਰ ਸਿੰਘ ਜੀ ਹੁਰਾਂ ਨੇ ਮੂਲ ਮੰਤਰ ਦਾ ਚਾਲੀਸਾ ਸ਼ੁਰੂ ਕੀਤਾ ਪਰ 18 ਦਿਨਾਂ ਬਾਅਦ ਹੀ ਉਨ੍ਹਾਂ ਨੂੰ ਛੱਡਣਾ ਪਿਆ ਕਿਉਕਿ ਉਨ੍ਹਾਂ ਦੀ ਸਿਹਤ ਖਰਾਬ ਸੀ। ਫਿਰ ਆਪ ਜੀ ਨੇ ਬਾਕੀ ਦਿਨ ਪਾਠ ਕੀਤਾ ਤੇ ਚਾਲੀਸਾ ਪੂਰਾ ਕੀਤਾ। ਉਸ ਤੋਂ ਬਾਅਦ ਆਪ ਜੀ ਅਨੰਦਪੁਰ ਸਾਹਿਬ ਵਿਖੇ ਮਸਤ ਭਗਤ ਸਿੰਘ ਜੀ ਦੀ ਸੇਵਾ ਵਿੱਚ ਆ ਗਏ, ਉਨ੍ਹਾਂ ਨੇ ਕਈ ਥਾਂ ਲੰਗਰਾਂ ਦੀ ਸੇਵਾ ਕਰਵਾਈ। ਆਪ ਜੀ ਨੇ ਹਰ ਤਰਾਂ ਨਾਲ ਉਨ੍ਹਾਂ ਦੀ ਸਹਾਇਤਾ ਕੀਤੀ। ਅਨੰਦਪੁਰ ਵਾਲਾ ਡੇਰਾ ਸੰਤ ਮਹਿੰਦਰ ਸਿੰਘ ਜੀ ਨੇ ਸ਼ੁਰੂ ਕੀਤਾ ਤੇ ਆਪ ਨੇ ਉਥੇ ਸੇਵਾ ਕੀਤੀ। ਫਿਰ ਪੜ੍ਹਨੇ ਦੀ ਇੱਛਾ ਨੂੰ ਮੁੱਖ ਰੱਖ ਕੇ ਆਪ ਹਰਖੋਵਾਲ ਆਏ। ਇੱਥੋਂ ਫਿਰ ਰੋਪੜ ਸੰਤ ਸ਼ਾਦੀ ਸਿੰਘ ਜੀ ਪਾਸ ਗਏ। ਆਪ ਨੇ ਉਨ੍ਹਾਂ ਦੇ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ 300 ਸਾਲਾ ਸ਼ਤਾਬਦੀ ਤੇ ਤਖ਼ਤ ਹਜ਼ੂਰ ਸਾਹਿਬ, ਤਖ਼ਤ ਪਟਨਾ ਸਾਹਿਬ ਤੇ ਗਵਾਲੀਅਰ ਦੀ ਯਾਤਰਾ ਕੀਤੀ। 1967 ਵਿੱਚ ਆਪਣੇ ਨੱਗਰ ਕਾਲਰਾ ਗਏ ਉਥੇ ਆਪ ਜੀ ਨੂੰ ਪੰਡਿਤ ਸੁਹੇਲ ਸਿੰਘ ਜੀ ਮਿਲੇ। ਉਨ੍ਹਾਂ ਨੇ ਬ੍ਰਹਮ ਵਿੱਦਿਆ ਪੜ੍ਹਨ ਦੀ ਪ੍ਰੇਰਨਾਂ ਕੀਤੀ ਅਤੇ ਕਿਹਾ ਕਿ ਮੇਰੀ ਉਮਭੁਰਾਰ 7 ਸਾਲ ਬਾਕੀ ਹੈ ਇਹ ਮੈਂ ਆਪ ਜੀ ਤੇ ਖਰਚ ਕਰਨੀ ਹੈ। ਆਪ ਨੇ 1967-74 ਤੱਕ ਕੋਕਰੀ ਨੱਗਰ ਜਿਲ੍ਹਾ ਫਰੀਦਕੋਟ ਵਿਖੇ ਰਹਿ ਕੇ ਵਿੱਦਿਆ ਪ੍ਰਾਪਤ ਕੀਤੀ। ਆਪ ਨੇ ਸਕੂਲ ਦੀ ਪੜ੍ਹਾਈ ਕਰਦਿਆਂ ਹੀ ਆਪਣਾ ਲੰਗਰ ਆਪ ਤਿਆਰ ਕਰਨਾਂ ਤੇ ਪੂਰੀ ਸੋਧ ਸੁੱਚਮ ਰੱਖਣੀਂ ਜੀਵਨ ਦਾ ਅੰਗ ਬਣਾ ਲਿਆ ਸੀ। ਜੋ ਅੱਜ ਤੱਕ ਵੀ ਜਾਰੀ ਹੈ। ਫਿਰ 1976 ਤੋਂ 82 ਤੱਕ ਸੁਲਤਾਨਪੁਰ ਸਾਹਿਬ ਰਹੇ। ਪਹਿਲਾਂ

ਹੱਟ ਸਾਹਿਬ ਸੰਤ ਬਾਬਾ ਕਰਤਾਰ ਸਿੰਘ ਜੀ ਦੀ ਬੇਨਤੀ ਤੇ ਨਾਨਕ ਪ੍ਰਕਾਸ਼ ਜੀ ਦੀ ਕਥਾ ਅਰੰਭ ਕੀਤੀ। ਕਥਾ ਸੰਪੂਰਨ ਕਰਨ ਤੋਂ ਬਾਅਦ ਆਪ ਖੁਵਾਜੇ ਖੜਕ ਚਲੇ ਗਏ ਉਪਰੰਤ ਸੰਤ ਘਾਟ ਰਿਹਾਇਸ਼ ਕੀਤੀ।

ਨੱਗਰ ਕਾਲਰਾ ਵਿਖੇ ਬਚਪਨ ਵਿੱਚ ਨਦੀ ਵਿੱਚ ਇਸ਼ਨਾਨ ਕਰਨਾਂ, 12 ਮਹੀਨੇ 30 ਦਿਨ ਫੇਰ ਕਈ ਵਾਰ ਇੱਕ ਲੱਤ ਭਾਰ ਖੜ੍ਹ ਕੇ ਲੱਕ ਲੱਕ ਪਾਣੀ ਵਿੱਚ ਪੰਜ ਪੰਜ ਜਪੁਜੀ ਸਾਹਿਬ ਪੜ੍ਹਕੇ ਫਿਰ ਦੂਜੀ ਲੱਤ ਭਾਰ ਖੜ੍ਹ ਕੇ ਪੰਜ ਜਪੁਜੀ ਸਾਹਿਬ ਜੀ ਦੇ ਪਾਠ ਕਰਨੇ। ਘਰ ਕੋਠੇ ਉਪਰ ਜੰਗਲੇ ਨਾਲ ਬੈਠਣ ਜੋਗੀ ਝੌਂਪੜੀ ਸੀ ਜਿਸ ਵਿੱਚ ਸੁੰਦਰ ਗੁਟਕੇ ਦਾ ਪਾਠ ਕਰਕੇ ਚੌਂਕੜਾ ਖੋਲਣਾਂ। ਨਦੀ ਦੇ ਬਨੇਤੇ ਵਿੱਚ ਟੋਆ ਪੁੱਟ ਕੇ ਵਿੱਚ ਲੁਕ ਕੇ ਭਜਨ ਕਰਨਾਂ। ਸਾਧੂ ਸੰਤਾਂ ਦਾ ਇਸ਼ਨਾਨ ਤੇ ਲੰਗਰ ਦੀ ਸੇਵਾ ਕਰਨੀ। ਮੋਰਾਂ ਨੂੰ ਰੋਜ਼ਾਨਾਂ ਮੱਕੀ ਦੇ ਦਾਣੇ ਪਾਉਣੇ ਗਊਆਂ ਨੂੰ ਪੇੜਾ ਦੇਣਾਂ। ਮੋਰਾਂ ਨੂੰ ਪਿਆਰ ਦੇ ਵੱਸ ਹੋ ਕੇ ਹੱਥਾਂ ਤੋਂ ਚੁੰਝ ਨਾਲ ਦਾਣੇ ਖਿਲਾਉਣੇ  ਇਕਾਂਤ ਵਿੱਚ ਰਹਿਣਾਂ, ਤੀਰ ਧਨੁੱਖ ਹੱਥੀ ਬਨਾਉਣੇ ਅਤੇ ਚਲਾਉਣੇ। ਸਾਰੀ ਜ਼ਿੰਦਗੀ। ਤਾਸ਼, ਰਾਸ, ਨਕਲਾਂ, ਸਿਨੇਮਾਂ, ਟੈਲੀਵਿਜ਼ਨ, ਰੇਡੀਉ, ਨਾਚ, ਮੈਗਜ਼ੀਨ, ਰਸਾਲਿਆਂ ਨਾਵਲਾਂ ਤੋਂ ਪ੍ਰਹੇਜ਼। ਸੱਚ ਗ੍ਰੰਥਾਂ ਨਾਲ ਮੁੱਢ ਤੋਂ ਪ੍ਰੀਤੀ, ਧਾਰਮਿਕ ਅਸਥਾਨਾਂ ਤੇ ਦੇਗਾਂ ਕਰਵਾਉਣੀਆਂ, ਅਥਿਤੀਆਂ ਦੀ ਸੇਵਾ ਦਾ ਪੂਰਾ ਪੂਰਾ ਖਿਆਲ ਰੱਖਣਾਂ, ਆਪ ਭੁੱਖੇ ਰਹਿ ਕੇ ਵੀ ਸੇਵਾ ਕਰਨੀ। ਸਾਰੀ ਉਮਰ ਬਚਪਨ ਤੋਂ ਲੈ ਕੇ ਹੁਣ ਤੱਕ ਕਦੀ ਕੋਈ ਫੈਸ਼ਨ ਨਹੀਂ ਕੀਤਾ। ਲਸਣ, ਕੱਚਾ ਗੰਢਾ, ਸ਼ਰਾਬ ਮਾਸ ਦਾ ਉਕਾ ਹੀ ਪ੍ਰਹੇਜ਼। ਕੇਸਾਂ ਨੂੰ ਕਦੀ ਵੀ ਅੱਜ ਤੱਕ ਉਸਤਰਾ ਨਹੀਂ ਛੁਹਾਇਆ। ਨਿੱਤਨੇਮ ਇਸ਼ਨਾਨ ਵਿੱਚ ਕਦੀ ਨਾਗਾ ਨਹੀਂ ਪੈਣ ਦਿੱਤਾ।

ਕੋਕਰੀ ਵਿਖੇ 6000 ਵਾਹਿਗੁਰੂ ਮੰਤਰ ਦਾ ਰੋਜ਼ ਤਿੰਨ ਵਾਰ ਜਾਪ ਕਰਨਾ। ਇੱਕ ਵਾਰ ਜੋਤ ਧੂਪ ਕੁੰਭ ਦੁਆਰਾ। ਇਸੇ ਤਰਾਂ ਸਵੇਰੇ ਦੁਪੈਹਿਰ ਸ਼ਾਮ ਨੂੰ ਭੂਮ ਆਸਣ ਕਰਕੇ ਦਿਨ ਵਿੱਚ ਤਿੰਨ ਵਾਰ ਛੇ-ਛੇ ਹਜ਼ਾਰ ਵਿਧੀ ਨਾਲ ਜਾਪ। ਨਿੱਤਨੇਮ ਤੇ ਵਿੱਦਿਆ ਦੀ ਸੰਥਿਆ ਅਲਹਿਦਾ ਸੀ। ਆਪ ਜੀ ਨੇ ਛੇ ਸਾਲ ਮਿੱਠਾ ਮੂੰਹ ਵਿੱਚ ਨਹੀਂ ਸੀ ਪਾਇਆ। ਇੱਕ ਵੇਲੇ ਭੋਜਨ ਕਰਨਾਂ ਜੋ ਅੱਜ ਤੱਕ ਵੀ ਜਾਰੀ ਹੈ। ਆਪ ਪ੍ਰਸ਼ਾਦਾ ਤਿਆਰ ਕਰਨਾਂ। ਮਹਾਂਪੁਰਸ਼ਾਂ ਨੂੰ ਛਕਾ ਫਿਰ ਛਕਣਾਂ। ਭੂਮੀ ਆਸਣ ਕਰਨਾ ।ਆਈਆਂ ਸੰਗਤਾਂ ਦਾ ਸ਼ਰਾਬ ਮੀਟ ਅਫੀਮ ਬੀੜਾ ਤੰਬਾਕੂ ਛਡਾਉਣੇ ਜੋ ਅੱਜ ਤੱਕ ਵੀ ਜਾਰੀ ਹੈ। ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਇਆ ਹੈ।

ਕੋਕਰੀ ਵਿਖੇ ਆਪ ਜੀ ਨੇ ਮਹਾਂਪੁਰਖਾਂ ਤੋਂ ਅਨੇਕ ਹੀ ਗ੍ਰੰਥ ਪੜ੍ਹੇ। ਸਾਰਕੁਤਾਵਲੀ, ਭਾਵਰਸਾਮ੍ਰਿਤ, ਵਿਚਾਰ ਮਾਲਾ, ਅਧਿਆਤਮ ਪ੍ਰਕਾਸ਼, ਚਣਾਕਾ ਰਾਜਨੀਤ, ਬੈਰਾਗ ਸ਼ੱਤਕ, ਸੰਖੇਪ ਬਿਬੇਕ, ਪ੍ਰਬੋਧ ਚੰਦਰ ਨਾਟਕ, ਵਿਚਾਰ ਸਾਗਰ, ਚਿਦਘਨ ਚਮਨ, ਪੰਚ ਦਸ਼ੀ, ਮੋਕਸ਼ ਪੰਥ, ਤਤਵਾਅਨੁਸੰਧਾਨ, ਬਿਰਤੀ ਪ੍ਰਭਾਕਰ, ਬਿਬੇਕ ਚੂੜਾਮਣੀ, ਗੀਤਾ, ਭਗਵਤ, ਅਧਿਆਤਮ ਰਮਾਇਣ, ਸੰਸਕ੍ਰਿਤ ਤੇ ਭਾਸ਼ਾ ਚਰਪਟ ਮੰਜਰੀ ਤਰਕ ਸੰਗ੍ਰਹਿ, ਵੇਦਾਂਤ ਦਰਸ਼ਨ, ਯੋਗ ਦਰਸ਼ਨ, ਜੋਗ ਬਸ਼ਿਸ਼ਠ ਉਪਨਿਸ਼ਦ, ਵਿਸ਼ਨੂੰ ਪੁਰਾਣ, ਸ਼ਿਵ ਪੁਰਾਣ, ਸਕੰਧ ਪੁਰਾਣ, ਮਹਾਂਭਾਰਤ, ਵਿਆਕਰਣ, ਗੁਰੂ ਘਰ ਦੇ ਪੁਸਤਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸਹਿਤ ਦਸਮ ਗ੍ਰੰਥ ਭਾਈ ਨੰਦ ਲਾਲ ਜੀ ਦੇ ਪੁਸਤਕ, ਭਾਈ ਗੁਰਦਾਸ ਜੀ ਦੇ ਕਬਿਤ ਸਵੈਯੇ, ਵਾਰਾਂ ਅਰਥਾਂ ਸਹਿਤ, ਲੋਹ ਪ੍ਰਕਾਸ਼ ਜੀ ਦਾ ਪਾਠ, ਸੂਰਜ ਪ੍ਰਕਾਸ਼, ਪੰਥ ਪ੍ਰਕਾਸ਼, ਗੁਰੂ ਬਿਲਾਸ, ਸੌ ਸਾਖੀ, ਗੁਰੂ ਘਰ ਦੇ ਸਾਰੇ ਪੁਸਤਕ ਗ੍ਰੰਥਾਂ ਦਾ ਅਧਿਐਨ ਕੀਤਾ।

ਸੰਤ ਘਾਟ ਲੁੱਕ ਵਾਲੇ ਢੋਲ ਦਾ ਪਤਰਾ ਕੱਟ ਕੇ ਤਵਾ ਬਣਾ ਕੇ ਕੁੱਝ ਸਮਾਂ ਅੱਠੀਂ ਪਹਿਰੀ ਪਿਆਜ ਪਾਣੀ ਵਿੱਚ ਭਿਉਂ ਕਿ ਤੇਜ਼ਾਬੀ ਮਾਦਾ ਦੂਰ ਕਰਕੇ ਭੋਜਨ ਕੀਤਾ। ਲੁਟੇਰੇ ਵਿਖੇ ਵੀ ਭੋਜਨ ਇੱਕ ਵੇਲੇ ਆਪ

www.archive.org/details/namdhari



ਤਿਆਰ ਕਰਕੇ 15 ਦਿਨ ਸੁਖਮਨੀ ਸਾਹਿਬ ਜੀ ਦੇ ਨਿੱਤਨੇਮ ਤੋਂ ਅਲਹਿਦਾ ਪਾਠ, ਬਾਤ ਚੀਤ, ਮੇਲ ਮਿਲਾਪ ਕਿਸੇ ਨਾਲ ਨਹੀਂ। ਇਸਤਰੀਆਂ ਦੀ ਸੰਗਤ ਤੋਂ ਪ੍ਰਹੇਜ਼ ਇਕਾਂਤ ਵਾਸ ਰੱਖਿਆ ਸੀ। ਇਹੋ ਹੀ ਨੇਮ ਕਾਫ਼ੀ ਅਰਸਾ ਸੁਲਤਾਨਪੁਰ ਰਿਹਾ। ਕਈ ਵਿਦਿਆਰਥੀਆਂ ਨੂੰ ਵਿੱਦਿਆ ਦਾਨ, ਦਵਾਈ ਬੂਟੀ ਦਾ ਗਿਆਨ, ਜੰਤਰਾਂ ਮੰਤਰਾਂ ਦਾ ਗਿਆਨ ਦਿੱਤਾ। ਕਈਆਂ ਨੂੰ ਆਪ ਜੀ ਨੇ ਦਵਾਈਆਂ ਆਦਿਕ ਬਣਾ ਕੇ ਦੇਣ ਨਾਲ ਸ਼ਰੀਰਕ ਅਰਾਮ ਵੀ ਦਿੱਤੇ।

ਬੇਅੰਤਾਂ ਦੇ ਜੀਵਨ ਵਿੱਚ ਪ੍ਰੀਵਰਤਨ ਆਏ ਜੋ ਆਪਣੀ ਮਿਸਾਲ ਆਪ ਹਨ। ਇਥੋਂ ਤੀਕ ਅਦਾਲਤਾਂ ਦੇ ਜੱਜਾਂ ਤੇ ਸਿਵਲ ਅਫ਼ਸਰਾਂ ਦੇ ਸ਼ਰਾਬ ਮਾਸ ਛੁਡਾ ਕੇ ਅੰਮ੍ਰਿਤ ਛਕਾਏ। ਕਈ ਸਹਿਜਧਾਰੀ ਗੁਰਸਿੱਖ ਸਜੇ। ਜਿੰਨ੍ਹਾਂ ਵਿੱਚ ਮਾਸਟਰ ਗੁਰਬਚਨ ਸਿੰਘ ਜੀ ਜਿੰਨ੍ਹਾਂ ਦੇ ਖੇਤ ਵਿੱਚ ਆਪ ਜੀ ਦੀ ਕੁਟੀਆ ਸੀ, ਕ੍ਰਿਪਾਲ ਸਿੰਘ ਜੀ ਸ਼ੈਸ਼ਨ ਜੱਜ, ਐਕਸੀਐਨ ਪਰਮਜੀਤ ਸਿੰਘ, ਪਟਵਾਰੀ ਮਨੋਹਰ ਲਾਲ ਧੀਰ ਤੇ ਜੋਗਾ ਸਿੰਘ ਸ਼ਾਮਲ ਹਨ। ਅੱਜ ਕੱਲ ਆਪ ਜੀ ਪ੍ਰਦੇਸ਼ਾਂ ਵਿੱਚ ਵੀ ਸੰਗਤਾਂ ਨੂੰ ਕਥਾ ਦੁਆਰਾ ਨਿਹਾਲ ਕਰਦੇ ਹਨ। ਸਾਡੇ ਵਰਗੇ ਭੁੱਲੇ ਭਟਕੇ ਜੀਵਾਂ ਦੇ ਜਨਮ ਸੁਧਾਰ ਦਿੱਤੇ ਹਨ। ਅਨੇਕਾਂ ਹੀ ਪ੍ਰਾਣੀ ਹਨ ਜਿੰਨ੍ਹਾਂ ਦੇ ਮੀਟ ਸ਼ਰਾਬ ਆਦਿ ਛੁਡਾ ਕੇ ਗੁਰੂ ਲੜ ਲਾਏ ਹਨ । ਆਪ ਦੀ ਕਥਾ ਬੀ.ਸੀ. ਤੇ ਉਨਟਾਰੀਓ ਵਿੱਚ ਰੇਡੀਉ ਤੇ ਚਲਦੀ ਹੈ। ਟਰੰਟੋ ਵਿੱਚ ਰੇਡੀਉ ਸੁਰਸਾਗਰ ਵਾਲੇ ਬਾਬਾ ਜੀ ਦੀ ਕਥਾ ਦਾ ਸਿੱਧਾ ਗੁਰਦੁਆਰੇ ਤੋਂ ਪ੍ਰਸਾਰਣ ਕਰਦੇ ਹਨ। ਜਿਸ ਨਾਲ ਦੂਰ ਦੂਰ ਬੈਠੀਆਂ ਸੰਗਤਾਂ ਵੀ ਲਾਹੇ ਲੈਂਦੀਆਂ ਹਨ। ਪ੍ਰਮਾਤਮਾਂ ਸੁਰਸਾਗਰ ਵਾਲਿਆਂ ਨੂੰ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਬਖਸ਼ੇ।

ਆਪ ਜੀ ਟਰੰਟੋ ਸ: ਜਗਜੀਤ ਸਿੰਘ ਚੌਹਾਨ ਤੇ ਬੀਬੀ ਰੁਪਿੰਦਰ ਕੌਰ ਦੇ ਗ੍ਰਹਿ ਵਿਖੇ ਨਿਵਾਸ ਕਰਦੇ ਹਨ। ਸਾਰੇ ਪ੍ਰੀਵਾਰ ਤੇ ਵਾਹਿਗੁਰੂ ਦੀ ਅਪਾਰ ਕ੍ਰਿਪਾ ਹੈ। ਆਈਆਂ ਸੰਗਤਾਂ ਦੀ ਲੰਗਰ ਪਾਣੀ ਨਾਲ ਸੇਵਾ ਕਰਦੇ ਹਨ। ਸੰਗਤਾਂ ਦਾ ਤਾਂਤਾ ਸਵੇਰ ਤੋ ਸ਼ਾਮ ਤੱਕ ਬੱਝਾ ਰਹਿੰਦਾ ਹੈ। ਸੰਗਤਾਂ ਲਾਹੇ ਪ੍ਰਾਪਤ ਕਰਦੀਆਂ ਹਨ।

ਮਹਾਂਪੁਰਸ਼ਾਂ ਦਾ ਉਦੇਸ਼ ਭੁੱਲੇ ਭਟਕੇ ਜੀਵਾਂ ਨੂੰ ਗੁਰੂ ਦਾ ਲੜ ਫੜਾ ਕੇ ਜੀਵਨ ਸਫਲ ਕਰਨੇ ਹਨ। ਆਪ ਕਈ ਵਾਰ ਜ਼ਿਕਰ ਕਰਦੇ ਹਨ ਕਿ ਅਸੀਂ ਪੈਸੇ ਇਕੱਠੇ ਨਹੀਂ ਕਰਨ ਆਂਉਦੇ ਬਲਕਿ ਅਸੀਂ ਪੈਨਸ਼ਨਾਂ ਲਾ ਕੇ ਜਾਂਦੇ ਹਾਂ। ਜਿੰਨ੍ਹਾਂ ਦੀ ਸ਼ਰਾਬ ਛੁਡਾ ਦਿੰਦੇ ਹਨ। ਸਾਦੇ ਜੀਵਨ ਦੀ ਪ੍ਰੇਰਨਾਂ ਦੇ ਕੇ ਫੈਸ਼ਨ ਮੇਕਅੱਪ ਆਦਿ ਛੁਡਾ ਦਿੰਦੇ ਹਨ। ਉਨ੍ਹਾਂ ਨੂੰ ਰੋਜ ਦੀ ਹੀ ਪੈਨਸ਼ਨ ਲੱਗ ਜਾਂਦੀ ਹੈ। ਜੋ ਮੈਂ ਆਪਣੀਆਂ ਅੱਖਾਂ ਨਾਲ ਕਈ ਦੇਖੇ ਹਨ ਪਰ ਨਾਮ ਨਹੀਂ ਵਰਨਣ ਕਰਨਾਂ ਚਾਹੁੰਦੀ। ਮਹਾਂਪੁਰਖਾਂ ਦੇ ਵਾਪਿਸ ਇੰਡੀਆ ਜਾਣ ਤੋਂ ਬਾਅਦ ਉਨ੍ਹਾਂ ਦੇ ਆਉਣ ਦੀ ਉਡੀਕ ਵਿੱਚ ਰਹੀਦਾ ਹੈ। ਪ੍ਰਮਾਤਮਾ ਆਪ ਜੀ ਨੂੰ ਲੰਬੀ ਆਯੂ ਬਖਸ਼ਿਸ਼ ਕਰੇ ਤਾਂ ਕਿ ਇਸੇ ਤਰਾਂ ਆਪ ਕਲਯੁਗੀ ਜੀਵਾਂ ਦਾ ਭਲਾ ਕਰਦੇ ਰਹੋ। ਸਾਡੇ ਸਿਰ ਤੇ ਸਦਾ ਵਾਸਤੇ ਆਪ ਜੀ ਦਾ ਹੱਥ ਰਹੇ ਤਾਂ ਕਿ ਅਸੀਂ ਚੰਗੇ ਪਾਸੇ ਲੱਗੇ ਰਹੀਏ।

ਰਾਜਵਿੰਦਰ ਕੌਰ



Sri Satguru Jagjit Singh Ji eLibrary NamdhariElibrary@gmail.com

www.archive.org/details/namdhari



## ਅਧਿਆਇ -1

# ਜੀਵਨ ਵਿਰਤਾਂਤ ਬਾਬਾ ਜਵਾਲਾ ਸਿੰਘ ਜੀ

ਡੇਰਾ ਸੰਤਗੜ੍ਹ ਹਰਖੋਵਾਲ, ਹੁਸ਼ਿਆਰਪੁਰ ਜਨਮ ਨੱਗਰ ਲੰਗੇਰੀ। ਬਾਬਾ ਕੁੰਮਾ ਸਿੰਘ ਜੀ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਂਗਰੀ ਸਨ ਸੇਵਾ ਕਰਕੇ ਸੱਚੇ ਪਾਤਸ਼ਾਹ ਦੀ ਪ੍ਰਸੰਨਤਾ ਪ੍ਰਾਪਤ ਕੀਤੀ ਔਰ ਗੁਰੂ ਆਗਿਆ ਅਨੁਸਾਰ ਲਾਂਗਰੀ ਹੋਣ ਕਰਕੇ ਆਪ ਨੇ ਲੰਗੇਰੀ ਪਿੰਡ ਦੀ ਮੋੜ੍ਹੀ ਗੱਡੀ।

ਬਾਬਾ ਕੁੰਮਾ ਸਿੰਘ ਜੀ ਦੀ ਬੰਸ ਵਿੱਚ ਸਤਿਕਾਰ ਯੋਗ ਬਾਬਾ ਨਾਰਾਇਣ ਸਿੰਘ ਜੀ ਹੋਏ ਹਨ। ਜਿੰਨ੍ਹਾਂ ਦੀ ਸ਼ਾਦੀ ਮਾਤਾ ਰਾਜ ਕੌਰ ਜੀ ਨੱਗਰ ਘਮਿਆਲਾ, ਸ: ਕਾਹਨ ਸਿੰਘ ਤੇ ਮਾਤਾ ਨੰਦ ਕੌਰ ਜੀ ਦੀ ਪੁੱਤਰੀ ਨਾਲ ਹੋਈ ਸੀ। ਆਪ ਜੀ ਦੇ ਗ੍ਰਹਿ ਸੱਤ ਪੁੱਤਰੀਆਂ ਨੇ ਜਨਮ ਲਿਆ ਜਿੰਨ੍ਹਾਂ ਵਿਚੋਂ ਤਿੰਨ ਬਚਪਨ ਵਿੱਚ ਤੇ ਚਾਰ ਉਮਰ ਭੋਗ ਕੇ ਕਾਲ ਵੱਸ ਹੋ ਗਈਆਂ ਸਨ।

## (ਪੁੱਤਰਾਂ ਦਾ ਵਰ)

ਮੰਡਰਾਂ ਨੱਗਰ ਵਿਖੇ ਬਾਬਾ ਕਾਹਨ ਦਾਸ ਜੀ ਉਦਾਸੀ ਮਹਾਂਪੁਰਖ ਬਿਰਾਜਦੇ ਸਨ। ਮਾਤਾ ਰਾਜ ਕੌਰ ਜੀ ਮਾਈਆਂ ਨਾਲ ਇਸ ਨੱਗਰ ਕਿਸੇ ਦੀ ਮਕਾਣ ਤੇ ਗਏ ਸਨ। ਬਾਬਾ ਕਾਹਨ ਦਾਸ ਜੀ ਅਚਨਚੇਤ ਮਿਲੇ, ਵਿਚੋਂ ਬੀਬੀਆਂ ਨੇ ਕਿਹਾ "ਭੈਣੇ ਸੰਤ ਜਾ ਰਹੇ ਹਨ"। ਮਾਤਾ ਰਾਜ ਕੌਰ ਜੀ ਨੇ ਕਿਹਾ, ਭੈਣੇ ਬਹੁਤ ਸੰਤ ਦੇਖੇ ਹਨ ਪਰ ਸਾਨੂੰ ਤਾਂ ਕਿਸੇ ਨੇ ਪੁੱਤਰ ਦਾ ਵਰ ਨਾ ਦਿੱਤਾ। ਬਾਬਾ ਜੀ ਨੇ ਮਾਤਾ ਜੀ ਦਾ ਬਚਨ ਸੁਣ ਲਿਆ ਤੇ ਕਿਹਾ ਬੀਬੀ ਉਪਰਾਮ ਨਾ ਹੋ, ਤੇਰੇ ਤਿੰਨ ਪੁੱਤਰ ਹੋਵਣਗੇ, ਪ੍ਰੰਤੂ ਇੱਕ ਸਾਡਾ ਹੋਵੇਗਾ। ਸਮੇਂ ਨਾਲ ਤਿੰਨ ਪੁੱਤਰ ਸ: ਅੱਛਰ ਸਿੰਘ ਜਮਾਂਦਾਰ, ਬਾਬਾ ਜਵਾਲਾ ਸਿੰਘ ਜੀ, ਸ: ਦਯਾ ਸਿੰਘ ਜੀ ਨੇ ਜਨਮ ਲਿਆ। ਮਹਾਂਪੁਰਸ਼ਾਂ ਦੇ ਵਾਕ ਸਤ ਹੋ ਗਏ । ਸੰਤ ਜਵਾਲਾ ਸਿੰਘ ਜੀ ਉਨ੍ਹਾਂ ਦੇ ਬਣ ਗਏ ਭਾਵ ਸੰਤ ਹੋ ਗਏ।

ਬਾਬਾ ਜਵਾਲਾ ਸਿੰਘ ਜੀ ਦਾ ਜਨਮ 3 ਮਈ 21 ਵਿਸਾਖ ਸੰਨ 1889 ਪਿੰਡ ਲੰਗੇਰੀ ਹਲਕਾ ਮਾਹਿਲਪੁਰ ਜਿਲ੍ਹਾ ਹੁਸ਼ਿਆਰਪੁਰ ਸ: ਨਾਰਾਇਣ ਸਿੰਘ ਤੇ ਮਾਤਾ ਰਾਜ ਕੌਰ ਦੇ ਘਰ ਵਿਖੇ ਹੋਇਆ। ਜਨਮ ਸਮੇਂ ਦੈਵੀ ਅਲੌਕਿਕ ਪ੍ਰਕਾਸ਼ ਹੋਇਆ। ਬੱਚੇ ਦੇ ਜਨਮ ਦੀ ਖੁਸ਼ੀ ਵਿੱਚ ਸਹਿਜ ਪਾਠ ਦੇ ਭੋਗ ਪਾ ਕੇ ਲੰਗਰ ਭੰਡਾਰੇ ਕਰਕੇ ਗੁਰੂ ਤੇ ਸੰਗਤਾਂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਗਈਆਂ।

**ਆਸਾ ਮਹਲਾ ਪੰਜਵਾ ॥**

ਸਤਿਗੁਰ ਸਾਚੈ ਦੀਆ ਭੇਜਿ॥ ਚਿਰੁ ਜੀਵਨੁ ਉਪਜਿਆ ਸੰਜੋਗਿ॥ (ਪੰਨਾਂ 396)

**ਸੋਰਠਿ ਮਹਲਾ ਪੰਜਵਾ ॥**

ਪਰਮੇਸਰਿ ਦਿਤਾ ਬੰਨਾ॥ ਦੁਖ ਰੋਗ ਕਾ ਡੇਰਾ ਭੰਨਾ॥ (ਪੰਨਾਂ 628)

ਸਤਿਗੁਰੁ ਦੀ ਕ੍ਰਿਪਾ ਤੋਂ ਪੁੱਤਰ ਨਿਸ਼ਾਨ ਦੇ ਬਚਨ ਸਫਲ ਹੋਏ ਸਾਰੇ ਪ੍ਰੀਵਾਰ ਵਿੱਚ ਆਨੰਦ ਹੀ ਆਨੰਦ ਹੋਇਆ।

## ਨਾਮਕਰਣ

ਸਹਿਜ ਪਾਠ ਦੇ ਭੋਗ ਤੋਂ ਉਪਰੰਤ ਹੁਕਮ ਆਇਆ ਸੀ।

ਧਨਾਸਰੀ ਮਹਲਾ ਪੰਜਵਾ

ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥ (ਪੰਨਾਂ 677)

ਜ ਅੱਖਰ ਤੋਂ ਨਾਮ ਜਵਾਲਾ ਸਿੰਘ ਰੱਖਿਆ।

**ਗੁੜ੍ਹਤੀ:-** (ਜਨਮ ਸੰਸਕਾਰ) ਗ੍ਰੰਥੀ ਸਿੰਘ ਜੀ ਨੇ ਸਰਬ ਲੋਹ ਦੇ ਬਾਟੇ ਵਿੱਚ ਪਵਿੱਤਰ ਜਲ, ਪਤਾਸੇ ਪਾ ਕੇ ਬੀਰ ਆਸਣ ਲਾ ਕੇ, ਜਪੁਜੀ ਸਾਹਿਬ ਜੀ ਦਾ ਸੰਪੂਰਨ ਪਾਠ ਕਰਦਿਆਂ ਸ੍ਰੀ ਸਾਹਿਬ ਜਲ ਵਿੱਚ ਫੇਰੀ ਜਾਵੇ ਅਨੰਦ ਸਾਹਿਬ ਪੜ੍ਹ ਕੇ ਅਰਦਾਸ ਕਰਕੇ ਇਹ ਅੰਮ੍ਰਿਤ, ਪੁੱਤਰ ਨੂੰ ਪਿਲਾ ਕੇ ਜਨਮ ਸੰਸਕਾਰ ਕੀਤਾ ਤੇ ਅਰਦਾਸ ਕੀਤੀ ਕਿ ਬੱਚਾ ਸੂਰਵੀਰ ਦਾਨੀ ਤੇ ਦੇਸ਼ ਕੌਮ ਦੀ ਸੇਵਾ ਕਰਕੇ ਮਾਤਾ ਪਿਤਾ ਦਾ ਨਾਮ ਰੌਸ਼ਨ ਕਰੇ :-

ਜਨਨੀ ਜਨੇ ਤਾ ਭਗਤਿ ਜਨ ਜਾਂ ਦਾਤਾ ਜਾਂ ਸੂਰ ।ਨਹੀਂ ਤੋ ਜਨਨੀ ਬਾਂਝ ਰਹੇ ਕਾਹੇ ਗਵਾਏ ਨੂਰ ।

**ਲਾਲਨ ਪਾਲਨ:** ਸਾਰੇ ਪਰਿਵਾਰ ਵਿੱਚ ਖੁਸ਼ੀ ਦੀ ਹੱਦ ਨਾ ਰਹੀ। ਉਨ੍ਹਾਂ ਦੀ ਸੁੰਦਰ ਮਨ-ਮੋਹਣੀ ਸੂਰਤ ਸਭ ਦੇ ਮਨ ਨੂੰ ਪਿਆਰੀ ਲੱਗਦੀ ਸੀ। ਪਿਆਰ ਨਾਲ ਖਿਡਾਏ ਜਾਂਦੇ ਸਨ।

ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ ॥ (ਪੰਨਾਂ 75)

**ਅਗੰਮੀ ਕੌਤਕ :** ਛੋਟੀ ਉਮਰ ਵਿੱਚ ਬੱਚੇ ਨੂੰ ਪੇਚਸ ਦੀ ਬੀਮਾਰੀ ਹੋ ਗਈ ਬੜੇ ਉਪਚਾਰ ਕਰਾਏ, ਆਰਾਮ ਨਾ ਆਇਆ। ਮਾਤਾ ਜੀ ਦਵਾਈ ਲੈਣ ਮਾਹਿਲਪੁਰ ਗਏ। ਬੜੀ ਬੀਬੀ ਨਾਲ ਸੀ। ਵਾਪਿਸ ਪਰਤੇ ਇੱਕ ਖੂਹ ਤੇ ਆਰਾਮ ਲਈ ਰੁਕੀਆਂ। ਇੱਕ ਜੋਤਸ਼ੀ ਆਇਆ। ਉਸ ਨੂੰ ਮਾਤਾ ਜੀ ਨੇ ਬੱਚੇ ਦਾ ਹੱਥ ਦਿਖਾਇਆ। ਉਸ ਨੇ ਮਸਤਕ, ਪੈਰਾਂ ਦੀਆਂ ਰੇਖਾਂ ਦੇਖੀਆਂ। ਸਾਰੇ ਫਲਾਦੇਸ਼ ਦੇਖ ਕਰਕੇ ਕਿਹਾ ਇਹ ਅੱਜ ਬੀਮਾਰ ਨਹੀਂ ਰਹਿਣਗੇ, ਪੈਰ ਵਿੱਚ ਪਦਮ ਰੇਖਾ ਨੂੰ ਦੇਖਿਆ ਤੇ ਦੱਸਿਆ

(1) ਅੱਡੀ ਤੋਂ ਲੈ ਕੇ ਅੰਗੂਠੇ ਦੇ ਸਿਰੇ ਤੀਕ ਡੂੰਘੀ ਤੇ ਚੌੜੀ ਰੇਖਾ ਹੁੰਦੀ ਹੈ। ਸੱਜੇ ਖੱਬੇ ਦੀਆਂ ਰੇਖਾਂ ਉਸ ਨੂੰ ਕੱਟਦੀਆਂ ਨਹੀਂ ਤੇ ਹਨੇਰੇ ਵਿੱਚ ਉਸ ਤੋਂ ਚਮਕ ਵੀ ਪੈਦਾ ਹੁੰਦੀ ਹੈ। ਜਿਸ ਦੇ ਐਸੀ ਰੇਖਾ ਹੋਏ ਉਸ ਨੂੰ ਮਹਾਂਪੁਰਖ ਕਹਿੰਦੇ ਹਨ। ਉਸ ਦੇ ਨਜ਼ਦੀਕ ਇਸਤਰੀ ਸਪਰਸ਼ ਕਰਨ ਨਹੀਂ ਜਾ ਸਕਦੀ। ਉਸ ਮਹਾਂਪੁਰਸ਼ ਤੋ ਮਹਾਂਨ ਭੈਅ ਮੰਨਦੀ ਹੈ ਤੇ ਉਸ ਮਹਾਂਪੁਰਸ਼ ਨੂੰ ਬਿਕਾਰ ਆਦਿਕ ਨਹੀਂ ਫੁਰਦੇ। ਜਤੀਆਂ ਦਾ ਜਤੀ ਹੁੰਦਾ ਹੈ। ਸੁਰੱਸਤੀ ਰਸਨਾਂ ਤੇ ਨਿਵਾਸ ਰੱਖਦੀ ਹੈ ਤੇ ਬਚਨ ਫਲੀਭੂਤ ਹੁੰਦੇ ਹਨ। ਰਿੱਧੀਆਂ ਸਿੱਧੀਆਂ ਦਾਸੀਆਂ ਹੁੰਦੀਆਂ ਹਨ। ਸਾਰੇ ਗਿਆਨ ਧਿਆਨ ਹਿਰਦੇ ਵਿੱਚ ਨਿਵਾਸ ਕਰਦੇ ਹਨ। ਹਰ ਜਗ੍ਹਾਂ ਸਤਿਕਾਰ ਪ੍ਰਾਪਤ ਕਰਦਾ ਹੈ।

(2) ਜਿਸ ਦੇ ਇਹ ਰੇਖਾ ਛੋਟੀ ਤੇ ਘੱਟ ਚਮਕ ਵਾਲੀ ਹੋਵੇ ਉਹ ਤੇਜ਼ ਪ੍ਰਤਾਪੀ ਰਾਜਾ ਹੁੰਦਾ ਹੈ। ਜਗਤ ਤੇ ਸ਼ੋਭਾ ਹੁੰਦੀ ਹੈ। ਇਸਤਰੀਆਂ ਪੁਰਸ਼ਾਂ ਸਭਨਾਂ ਦਾ ਪਿਆਰਾ ਹੁੰਦਾ ਹੈ।

(3) ਜਿਸ ਦੇ ਇਹ ਰੇਖਾ ਬਿਜਲੀ ਵਾਂਗ ਜਾਂ ਦੀਵੇ ਦੇ ਪ੍ਰਕਾਸ਼ ਵਤ ਚਮਕ ਦੇਵੇ ਉਹ ਪੂਰਨ ਅਵਤਾਰ ਹੁੰਦਾ ਹੈ।

(4) ਜਿਸ ਦੇ ਇਹ ਰੇਖਾ ਚਰਨ ਵਿੱਚ ਚੌੜੀ ਡੂੰਘੀ ਹੋਵੇ, ਜਿਸ ਤਰ੍ਹਾਂ ਦੂਜ ਦਾ ਚੰਦ੍ਰਮਾ ਆਕਾਸ਼ ਵਿੱਚ ਹੁੰਦਾ ਹੈ, ਪੂਰਨ ਅਵਤਾਰ ਦੀ ਨਿਸ਼ਾਨੀ ਹੈ।

(5) ਜਿਸ ਦੇ ਤੀਜ ਦੇ ਚੰਦ੍ਰਮਾ ਨਿਆਈ ਹੋਵੇ ਉਹ ਰਾਜ ਛੱਡ ਕੇ ਸਾਧੂ ਹੋ ਜਾਵੇਗਾ।

(6)ਜਿਸ ਦੇ ਇਹ ਰੇਖਾ ਬਹੁਤ ਚਮਕ ਦੇਵੇ ਉਹ ਸਾਰੇ ਗੁਣਾਂ ਕਲਾਂ ਦਾ ਸੁਆਮੀ ਹੁੰਦਾ ਹੈ। ਮਾਤਾ ਜੀ ਨੇ ਜੋਤਸ਼ੀ ਨੂੰ ਰੁਪਈਆ ਦਿੱਤਾ। ਜੋਤਸ਼ੀ ਨਾਲ ਹੀ ਤੁਰਿਆ ਸੀ। ਦੇਖਦੇ ਦੇਖਦੇ ਅੱਖੋਂ ਉਹਲੇ ਹੋ ਗਿਆ। ਉਸ ਦਿਨ ਤੋਂ ਬਿਮਾਰੀ ਜਾਂਦੀ ਰਹੀ। ਜੋਤਸ਼ੀ ਮੁੜ ਨਹੀਂ ਮਿਲਿਆ ਇਹ ਕਰਤਾਰ ਵਲੋਂ ਮਾਤਾ ਜੀ ਪ੍ਰਤੀ ਪਹਿਲਾ ਕੌਤਕ ਸੀ ।

## ਵਿੱਦਿਆ ਸੰਸਕਾਰ

ਗੁਰਪਰਸਾਦੀ ਵਿਦਿਆ ਵੀਚਾਰੇ ਪੜਿ ਪੜਿ ਪਾਵਹਿ ਮਾਨੁ।।(ਪੰਨਾਂ 1329)

ਬਹੁ ਗੁਨੀ ਅਲਾਵਹਿ ਸੁਤੁ ਨਾ ਪਢਾਵਹਿ ਸੋ ਸ਼ਤਰੂ ਸਮ ਤਾਤ ।।

ਸੋਭਾ ਨਹਿ ਪਾਵਹਿ ਮਤ ਨਹਿ ਆਵਹਿ ਜਗੁ ਮਹਿ ਇਹ ਬਖਯਾਤ।।

(ਨਾਨਕ ਪ੍ਰਕਾਸ਼ ਪੂਰਬਾਰਧ ਅਧਿਆਇ-(6)

ਵਿੱਦਿਆ ਦੋ ਪ੍ਰਕਾਰ ਦੀ ਹੈ, ਇੱਕ ਵਿਵਹਾਰਿਕ ਤੇ ਦੂਸਰੀ ਅਧਿਆਤਮਕ। ਨਿਰੀ ਵਿਵਹਾਰਿਕ ਵਿੱਦਿਆ ਨਾਲ ਜੀਵਨ ਸਫਲ ਨਹੀਂ। ਇਸ ਲਈ ਬ੍ਰਹਮ ਵਿੱਦਿਆ ਦੀ ਵੀ ਲੋੜ ਸਕੂਲਾਂ, ਕਾਲਜਾਂ, ਦੁਨਿਆਵੀ ਵਿੱਦਿਆ ਪੜ੍ਹਨ ਵੇਲੇ ਵੀ ਗੁਰਸਿੱਖੀ ਅਸੂਲਾਂ ਵਿੱਚ ਦ੍ਰਿੜ ਰਹਿਣਾਂ ਚਾਹੀਦਾ ਹੈ। ਮਾਤਾ ਪਿਤਾ ਦੀ ਆਗਿਆ ਅਨੁਸਾਰ ਪੰਜ ਜਮਾਤਾਂ ਸਕੂਲ ਦੀਆਂ ਪੜ੍ਹੀਆਂ। ਗੁਰਮਤਿ ਨੂੰ ਮੁੱਖ ਰੱਖਦਿਆਂ

ਗੁਰਮੁਖੀ ਅਖਰ ਜੋ ਹੈ ਭਾਈ। ਸਿੰਘ, ਸਿੰਘ ਤੇ ਸੀਖੈ ਜਾਈ॥ (ਰਹਿਤਨਾਮਾ ਦੇਸਾ ਸਿੰਘ ਜੀ)

ਪੰਜ ਗ੍ਰੰਥੀ, ਦਸਮ ਗ੍ਰੰਥੀ, ਹਨੂੰਮਾਨ ਨਾਟਕ, ਭਗਤ ਬਾਣੀ, ਬਾਈ ਵਾਰਾਂ, ਫਿਰ ਗੁਰੂ ਗ੍ਰੰਥ ਸਾਹਿਬ ਜੀ ਸੰਥਿਆ ਨਾਲ ਪਾਠ ਕੀਤਾ। ਮਾਤਾ ਪਿਤਾ ਲਈ ਵੀ ਗੁਰਾਂ ਦੇ ਹੁਕਮ ਹੈ।

**ਦੋਹਰਾ:-** ਸਿਖ ਸਿਖਣੀ ਮਿਲ ਬਹੈ ਚਰਚਾ ਕਰੇ ਅਪਾਰ।

ਭਜਨ ਸਖਾਵੈ ਪੁਤਰ ਕੋ ਹਰਿ ਭਜੁ ਬਾਰੰ ਬਾਰ।।(ਰਹਿਤਨਾਮਾ ਭਾਈ ਸਾਹਿਬ ਸਿੰਘ ਜੀ)

ਮਾਤਾ ਪਿਤਾ ਆਪ ਗੁਰਮਤਿ ਵਿੱਚ ਰਹਿੰਦੇ ਹੋਣ ਤਾਂ ਕੁਦਰਤੀ ਉਨ੍ਹਾਂ ਦੇ ਜੀਵਨ ਦਾ ਪ੍ਰਭਾਵ ਬੱਚੇ ਦੇ ਮਨ ਤੇ ਹੁੰਦਾ ਹੈ। ਛੇ ਸਾਲ ਦੀ ਉਮਰ ਤੋਂ ਲੈ ਕੇ ਤੇਰਾਂ ਸਾਲ ਦੀ ਉਮਰ ਤੱਕ ਪੜ੍ਹਦੇ ਰਹੇ। ਫਿਰ ਪਿਤਾ ਨਾਲ ਖੇਤੀ ਦਾ ਕੰਮ ਕਰਵਾਂਉਦੇ ਰਹੇ। ਮਿੱਠ ਬੋਲੜੇ ਸੁਭਾਅ ਤੋਂ ਨੱਗਰ ਵਿੱਚ ਹਰ ਇੱਕ ਦੇ ਹਰਮਨ ਪਿਆਰੇ ਬਣ ਗਏ।

## ਫੌਜ ਵਿੱਚ ਭਰਤੀ ਹੋਣਾ

18 ਸਾਲ ਦੀ ਉਮਰ ਨੱਗਰ ਵਿੱਚ ਹੀ ਗੁਜਰੀ। ਮਾਤਾ ਪਿਤਾ ਦੀ ਆਗਿਆ ਵਿੱਚ ਰਹਿ ਕੇ ਹੁਕਮੀ ਕਾਰ ਕਰਦੇ ਰਹੇ। ਮਾਤਾ ਪਿਤਾ ਦੀ ਆਗਿਆ ਮੁਤਾਬਿਕ ਸੰਨ 1907 ਵਿੱਚ ਭਰਤੀ ਹੋਣ ਲਈ ਭਰਤੀ ਕਮਾਂਡਰ ਰਟ ਸਾਹਿਬ ਦੇ ਦਫਤਰ ਨਾਮ ਦਰਜ਼ ਕਰਵਾ ਦਿੱਤਾ। 6 ਫੁੱਟ 3 ਇੰਚ ਲੰਬਾ ਕੱਦ ਤੇ ਸੋਹਣੇ ਸਰੂ ਵਰਗੇ ਜਵਾਨ ਦੇਖ ਕੇ ਕਮਾਂਡਰ ਨੇ ਆਪ ਡਾਕਟਰ ਕੋਲ ਜਾ ਕੇ ਫਿੱਟ ਫਾਟ ਕਰਵਾ ਦਿੱਤਾ। ਆਪ ਭਰਤੀ ਹੋ ਕੇ 34 ਨੰਬਰ ਸਿੱਖ ਰਜਮੈਂਟ ਵਿੱਚ ਚਲੇ ਗਏ। ਪਹਿਲਾਂ ਆਪ ਨੂੰ ਰਾਵਲਪਿੰਡੀ ਭੇਜਿਆ ਗਿਆ। ਕੇਂਦਰ ਤੇ ਫੋਰਸ ਹੈਡ ਕੁਆਟਰ ਹੈ ਰਿਹਾਇਸ਼ ਸਿਵਲੀਅਨ ਚੀਫ ਕੋਰਟ ਆਦਿਕ ਵੀ ਇੱਥੇ ਹਨ।

### ਅਧਿਆਇ -2

## ਸੰਤ ਬਾਬਾ ਆਇਆ ਸਿੰਘ ਜੀ ਨਾਲ ਮਿਲਾਪ

14 ਸਿੱਖ, 24 ਸਿੱਖ, 34 ਸਿੱਖ, 36 ਸਿੱਖ, 45 ਸਿੱਖ, 47 ਸਿੱਖ, ਪਲਟਨਾਂ ਮਹਾਂਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਹੁੰਦੀਆਂ ਸਨ। ਅੰਗਰੇਜ਼ਾਂ ਨੇ ਪੰਜਾਬ ਤੇ ਕਬਜ਼ਾ ਕਰਨ ਤੋਂ ਬਾਅਦ ਆਪਣੇ ਅਧੀਨ ਕਰਕੇ ਸਿੱਖ ਪਲਟਨਾਂ ਦਾ ਨਾਮ ਬਦਲ ਕੇ ਸਿੱਖ ਰਜਮੈਂਟ ਗਰੁੱਪ ਰੱਖ ਦਿੱਤਾ। ਰਾਵਲਪਿੰਡੀ ਏਰੀਏ ਵਿੱਚ ਜਿਤਨੀਆਂ ਵੀ ਸਿੱਖ ਪਲਟਨਾਂ ਸਨ, ਸਭ ਹੋਤੀ ਮਰਦਾਨ ਵਾਲੇ ਸੰਤ ਬਾਬਾ ਕਰਮ ਸਿੰਘ ਜੀ ਨਾਲ ਅਥਾਹ ਪਿਆਰ ਕਰਦੀਆਂ ਸਨ, ਕਿਉਂਕਿ ਬਾਬਾ ਕਰਮ ਸਿੰਘ ਜੀ ਵੀ ਫੌਜੀ ਸੰਤ ਸਨ। ਉਨ੍ਹਾਂ ਦੀ ਜਗਾਂ ਦਸਮ ਪਾਤਸ਼ਾਹ ਜੀ ਨੇ ਆਪ ਪਹਿਰਾ ਦੇਣ ਰੂਪ ਚੋਜ ਵਰਤਾਇਆ ਸੀ। ਹੋਤੀ ਤੇ ਮਰਦਾਨ ਦੋ ਨੱਗਰ ਸਨ। ਮਰਦਾਨ ਫੌਜ ਦੀ ਛਾਉਣੀ ਸੀ। ਪਾਕਿਸਤਾਨ ਬਣਨ ਤੋਂ ਪਹਿਲਾਂ ਸਾਰੇ ਸਿੱਖ ਫੌਜੀ ਮਰਦਾਨ ਛਾਉਣੀ ਬਦਲ ਕੇ ਜਾਂਦੇ ਸਨ। ਉਹ ਬਾਬਾ ਕਰਮ ਸਿੰਘ ਜੀ ਉਪਰੰਤ ਬਾਬਾ ਆਇਆ ਸਿੰਘ ਜੀ ਦੇ ਦਰਸ਼ਨ ਕਰਨ ਜਾਇਆ ਕਰਦੇ ਸਨ। ਹੋਤੀ ਮਰਦਾਨ ਦੋਵੇਂ ਇਕੱਠੇ ਨਾਮ ਬੋਲਦੇ ਹਨ। ਹੋਤੀ ਨੱਗਰ ਵਿੱਚ ਰਹਿ ਕੇ ਬਾਬਾ ਕਰਮ ਸਿੰਘ ਜੀ ਨੇ ਨਾਮ ਦੀ ਕਮਾਈ ਕਰਕੇ ਪ੍ਰਭੂ ਨੂੰ ਸਾਖਿਯਾਤ ਕੀਤਾ।ਇੱਥੇ ਅਸਥਾਨ ਕਾਇਮ ਕਰਕੇ ਸੰਗਤ ਪੰਗਤ ਦੀ ਪ੍ਰਥਾ ਕਾਇਮ ਕੀਤੀ ਔਰ ਹੋਤੀ ਮਰਦਾਨ ਵਾਲੇ ਸੰਤ ਪ੍ਰਸਿੱਧ ਹੋਏ। ਇਸ ਸੰਪਰਦਾ ਦਾ ਮੁੱਢ ਦਸਮ ਪਾਤਸ਼ਾਹ ਦੇ ਅਨਿਨ ਸਿੱਖ, ਪੰਜਾਂ ਪਿਆਰਿਆਂ ਦੇ ਮੁੱਖ ਜੱਥੇਦਾਰ ਤੋਂ ਆਰੰਭ ਹੋਇਆ।

### ਬੰਸਾਵਲੀ :-

1) ਭਾਈ ਦਇਆ ਸਿੰਘ ਜੀ ਅਨੰਦਪੁਰ ਸਾਹਿਬ

2) ਬਾਬਾ ਸੋਭਾ ਸਿੰਘ ਜੀ ਅਨੰਦਪੁਰ ਸਾਹਿਬ

3) ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ

4) ਬਾਬਾ ਭਾਗ ਸਿੰਘ ਜੀ ਕੁਰੀ ਸਾਹਿਬ (ਰਾਵਲਪਿੰਡੀ)ਪਾਕਿਸਤਾਨ

5) ਬਾਬਾ ਬੀਰ ਸਿੰਘ ਜੀ ਨੌਰੰਗਾਬਾਦ, ਅੰਮ੍ਰਿਤਸਰ

6) ਬਾਬਾ ਮਹਾਰਾਜ ਸਿੰਘ ਜੀ ਨੌਰੰਗਾਬਾਦ, ਅੰਮ੍ਰਿਤਸਰ

7) ਬਾਬਾ ਰਾਮ ਸਿੰਘ ਜੀ ਨੌਰੰਗਾਬਾਦ, ਅੰਮ੍ਰਿਤਸਰ

8) ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ

9) ਬਾਬਾ ਆਇਆ ਸਿੰਘ ਜੀ ਹੋਤੀ ਮਰਦਾਨ

34 ਨੰਬਰ ਸਿੱਖ ਰਜਮੈਂਟ ਵਿੱਚ ਸੂਬੇਦਾਰ ਮੇਜਰ ਜਵਾਲਾ ਸਿੰਘ ਜੀ ਪਿੰਡ ਲਉਕੇ ਜਿਲ੍ਹਾ ਅੰਮ੍ਰਿਤਸਰ, ਬਾਬਾ ਆਇਆ ਸਿੰਘ ਜੀ ਦੇ ਪ੍ਰੇਮੀ ਸਨ। ਹਮੇਸ਼ਾਂ ਬਾਬਾ ਆਇਆ ਸਿੰਘ ਜੀ ਦੇ ਦਰਸ਼ਨਾਂ ਲਈ ਹੋਤੀ ਮਰਦਾਨ ਸੰਤਾਂ ਦੇ ਡੇਰੇ ਜਾਇਆ ਕਰਦੇ ਸਨ। ਉਨ੍ਹਾਂ ਨੇ ਮਹਾਂਪੁਰਸ਼ਾਂ ਨੂੰ ਬੇਨਤੀ ਕੀਤੀ ਕਿ ਮਹਾਰਾਜ ਜੀ ਇੱਥੇ ਅਸੀਂ ਆਪ ਜੀ ਦੇ ਦਰਸ਼ਨ ਕਰਕੇ ਆਪਣੇ ਮਨ ਦੀ ਪਿਆਸ ਬੁਝਾ ਲੈਂਦੇ ਹਾਂ। ਜਦੋਂ ਪਲਟਨ ਦੀ ਇਥੋਂ ਬਦਲੀ ਹੋ ਗਈ ਫਿਰ ਕਿਵੇਂ ਕਰਾਂਗੇ ? ਮਹਾਂਪੁਰਸ਼ ਪ੍ਰੇਮੀ ਦਾ ਪ੍ਰੇਮ ਦੇਖ ਕੇ ਕਹਿਣ ਲੱਗੇ, ਉਪਰਾਮ ਕਿਉ ਹੋਣਾਂ ਹੈ ਤੇਰੀ ਪਲਟਨ ਵਿੱਚ ਰੰਗਰੂਟ ਤੇਰਾ ਹੀ ਸਰਨਾਮੀਆਂ ਜੋ ਜਿਲ੍ਹਾ ਹੁਸ਼ਿਆਰਪੁਰ, ਹਲਕਾ ਮਾਹਿਲਪੁਰ ਲੰਗੇਰੀ ਨੱਗਰ ਦਾ ਹੈ, ਜਿਸ ਦਾ ਜਨਮ ਬ੍ਰਹਮ ਗਿਆਨੀ ਬਾਬਾ ਕਾਹਨ ਦਾਸ, ਮੰਡੇਰਾ ਵਾਲਿਆਂ ਦੇ ਬਚਨ ਨਾਲ ਹੋਇਆ ਹੈ। ਸਰਦਾਰ ਨਾਰਾਇਣ ਸਿੰਘ ਜੀ ਅਤੇ ਮਾਤਾ ਰਾਜ ਕੌਰ ਜੀ ਦਾ ਹੋਣਹਾਰ ਸਪੁੱਤਰ ਹੈ। ਸਾਡਾ ਹੀ ਰੂਪ ਹੈ। ਜਦੋਂ ਹੁਣ ਐਤਵਾਰ ਵਾਲੇ ਦਿਨ ਆਏ ਤਾਂ ਉਸ ਨੂੰ ਨਾਲ ਲੈ ਕੇ ਸਾਡੇ ਪਾਸ ਆਉਣਾਂ। ਉਸ ਦੀ ਅਮਾਨਤ ਸਾਡੇ ਪਾਸ ਹੈ। ਅਸਾਂ ਉਸ ਨੂੰ ਸੌਂਪ ਦੇਣੀ ਹੈ।ਇਹ ਅੰਤਰਯਾਮਤਾ ਭਰੇ ਬਚਨ ਸੂਬੇਦਾਰ ਜੀ ਨੂੰ ਜਦੋਂ ਮਹਾਂਪੁਰਸ਼ਾਂ ਨੇ ਦੱਸੇ, ਹੈਰਾਨ ਹੋ ਗਿਆ।ਮੇਰਾ ਹੀ ਰੰਗਰੂਟ ਹੈ ਜਿਸ ਦੀ ਮਹਾਂਪੁਰਸ਼ ਉਸਤਤ ਕਰਦੇ ਹਨ। ਇਤਨਾਂ ਮਹਾਨ ਪੁਰਸ਼ ਹੈ। ਸੂਬੇਦਾਰ ਮੇਜਰ ਆਪਣੀ ਪਲਟਨ ਵਿੱਚ ਆ ਗਿਆ।

ਮਿਲਟਰੀ ਦਾ ਕਾਨੂੰਨ ਹੈ ਕਿ ਰਹਿਰਾਸ ਤੋਂ ਬਾਅਦ ਬਿਗਲ ਵੱਜਦਾ ਹੈ ਤੇ ਸਾਰੀ ਰਜਮੈਂਟ ਦੀ ਗਿਣਤੀ ਕੀਤੀ ਜਾਂਦੀ ਹੈ ਕਿ ਕੋਈ ਜਵਾਨ ਗੈਰ ਹਾਜ਼ਰ ਨਾ ਹੋਵੇ ਅਤੇ ਦੂਜੇ ਦਿਨ ਦੇ ਪ੍ਰੋਗਰਾਮ ਸੁਣਾਏ ਜਾਂਦੇ ਹਨ। ਬਾਅਦ ਵਿੱਚ ਹੌਲਦਾਰ ਮੇਜਰ ਕੰਪਨੀ ਦੇ ਚੰਗੇ ਮਾੜੇ ਜਵਾਨ ਦੀ ਰਿਪੋਰਟ ਰੈਜਮੈਂਟ ਦੇ ਸੂਬੇਦਾਰ ਮੇਜਰ ਨੂੰ ਕਰਦਾ ਹੈ। ਜਦੋਂ ਸੂਬੇਦਾਰ ਮੇਜਰ ਰਾਤ ਨੂੰ ਰਜਮੈਂਟ ਵਿੱਚ ਗਏ ਤਾਂ ਉਨ੍ਹਾਂ ਨੇ ਸਿਪਾਹੀ ਜਵਾਲਾ ਸਿੰਘ ਜੀ ਨੂੰ ਕੋਲ ਬੁਲਾਇਆ। ਉਨ੍ਹਾਂ ਨੇ ਪੂਰੀ ਵਿਧੀ ਨਾਲ ਸਲੂਟ ਮਾਰ ਕੇ ਫਤਹਿ ਬੁਲਾਈ। ਸਲੂਟ ਮਾਰ ਕੇ ਫਤਹਿ ਬੁਲਾਉਣ ਦਾ ਸਿੱਖ ਯੂਨਿਟਾਂ ਨੂੰ ਉਚੇਚਾ ਹੁਕਮ ਸੀ।

ਸੂਬੇਦਾਰ ਮੇਜਰ ਜੀ ਨੇ ਸਿਪਾਹੀ ਜਵਾਲਾ ਸਿੰਘ ਜੀ ਨੂੰ ਪਾਸ ਬੁਲਾ ਕੇ ਸੰਤ ਬਾਬਾ ਆਇਆ ਸਿੰਘ ਜੀ ਦਾ ਉਚੇਚਾ ਹੁਕਮ ਸੁਣਾਇਆ ਅਤੇ ਅੰਤਰਯਾਮਤਾ ਨਾਲ ਦੱਸੇ ਬਚਨ ਵੀ ਸੁਣਾਏ। ਹੈਰਾਨ ਸਨ ਕਿ ਮੈਂ ਤਾਂ ਮਹਾਂਪੁਰਸ਼ਾਂ ਦੇ ਕਦੇ ਦਰਸ਼ਨ ਵੀ ਨਹੀਂ ਕੀਤੇ ਉਹ ਮੈਨੂੰ ਕਿਵੇਂ ਜਾਣਦੇ ਹਨ ਅਤੇ ਮੇਰੇ ਬਾਰੇ ਬਾਕੀ ਬਚਨਾਂ ਦਾ ਕਿਵੇਂ ਪਤਾ ਹੈ ? ਸੂਬੇਦਾਰ ਮੇਜਰ ਜੀ ਨੇ ਕਿਹਾ ਕਿ ਉਹ ਤ੍ਰੈਕਾਲ ਦਰਸ਼ੀ ਮਹਾਂਪੁਰਸ਼ ਹਨ। ਭੂਤ, ਭਵਿੱਖ, ਵਰਤਮਾਨ ਸਭ ਨੂੰ ਜਾਨਣ ਵਾਲੇ ਹਨ। ਉਨ੍ਹਾਂ ਤੁਸਾਂ ਨੂੰ ਵੀ ਬੁਲਾਇਆ ਹੈ ਅਤੇ ਅਮਾਨਤ ਦੇਣ ਬਾਰੇ ਵੀ ਕਿਹਾ ਹੈ। ਤੁਹਾਡੇ ਕਰਮ ਜਾਗਣ ਵਾਲੇ ਹਨ ਮੇਰੇ ਨਾਲ ਚੱਲੋ। ਕਹਿਣ ਲੱਗੇ ਕਿ ਮੈਂ ਅੱਗੇ ਕਦੇ ਉਨ੍ਹਾਂ ਮਹਾਂਪੁਰਸ਼ਾਂ ਨੂੰ ਮਿਲਿਆ ਨਹੀਂ ਕਿਵੇ ਉਨ੍ਹਾਂ ਪਾਸ ਜਾਂਵਾਗਾ, ਸੋਝੀ ਨਹੀ। ਸੂਬੇਦਾਰ ਮੇਜਰ ਨੇ ਕਿਹਾ ਤੂੰ ਉਨ੍ਹਾਂ ਨੂੰ ਬੇਸ਼ੱਕ ਨਹੀਂ ਜਾਣਦਾ ਉਹ ਤੈਨੂੰ ਜਾਣਦੇ ਹਨ। ਉਨ੍ਹਾਂ ਤੇਰਾ ਮਾਤਾ-ਪਿਤਾ, ਨੱਗਰ ਇਲਾਕੇ, ਜਿਲ੍ਹੇ ਅਤੇ ਜਿੰਨਾਂ ਮਹਾਂਪੁਰਸ਼ਾਂ ਦੇ ਬਚਨਾਂ ਨਾਲ ਤੇਰਾ ਅਤੇ ਤੇਰੇ ਭਰਾਵਾਂ ਦਾ ਜਨਮ ਹੋਇਆ ਹੈ ਸਾਰੇ ਪਤੇ ਦੱਸ ਦਿੱਤੇ ਹਨ, ਫਿਰ ਤੈਨੂੰ ਕਿਵੇਂ ਸ਼ੱਕ ਹੈ ? ਮੈਨੂੰ ਇਹ ਨਹੀਂ ਪਤਾ ਫਿਰ ਬਾਬਾ ਕਾਹਨ ਜੀ ਨੇ ਜੋ ਕਿਹਾ ਸੀ ਤੇਰੇ

ਮਾਤਾ ਤਾਂਈ ਤੇਰੇ ਤਿੰਨ ਪੁੱਤਰ ਹੋਣਗੇ। ਇੱਕ ਸਾਡਾ ਹੋਵੇਗਾ ਉਹ ਸਮਾਂ ਆ ਗਿਆ ਹੈ। ਹੁਣ ਮੈਨੂੰ ਪੂਰਾ ਪੂਰਾ ਯਕੀਨ ਹੈ ਤੁਸੀਂ ਮਹਾਂਪੁਰਸ਼ਾਂ ਨੂੰ ਮਿਲਦਿਆਂ ਹੀ ਉਨ੍ਹਾਂ ਬਾਰੇ ਤੇ ਆਪਣੇ ਬਾਰੇ ਤੇ ਪ੍ਰਭੂ ਬਾਰੇ ਜਾਣ ਹੀ ਜਾਵੋਗੇ। ਤੁਹਾਡਾ ਜੀਵਨ ਸਿਪਾਹੀ ਤੋਂ ਸੰਤ ਵਿੱਚ ਤਬਦੀਲ ਹੋ ਜਾਵੇਗਾ। ਭਾਵ ਤੁਸੀਂ ਸਿਪਾਹੀ ਤਾਂ ਅੱਗੇ ਹੀ ਹੋ ਹੁਣ ਸੰਤ-ਸਿਪਾਹੀ ਬਣ ਜਾਉਗੇ। ਇਹ ਬਚਨ ਜਦੋਂ ਸੂਬੇਦਾਰ ਮੇਜਰ ਨੇ ਸੁਣਾਏ। ਉਸ ਵੇਲੇ ਤਦਨੰਤਰ ਸਿਪਾਹੀ ਜਵਾਲਾ ਸਿੰਘ ਜੀ ਦੇ ਪੁਰਾਣੇ ਸੰਸਕਾਰ ਉਦੇ ਹੋ ਗਏ ਤੇ ਸ਼੍ਰੀ ਮਾਨ ਸੰਤ ਬਾਬਾ ਆਇਆ ਸਿੰਘ ਜੀ ਦੇ ਦਰਸ਼ਨਾਂ ਦੀ ਲਾਲਸਾ ਜਾਗ ਉਠੀ। ਪ੍ਰੇਮ ਨਾਲ ਹਿਰਦਾ ਗਦ-ਗਦ ਹੋ ਗਿਆ। ਮਨ ਦੀ ਅਵੱਸਥਾ ਦਰਸ਼ਨਾਂ ਲਈ ਉਤਸਕ ਅਤੇ ਬਿਹਬਲ ਹੋ ਗਈ। ਘਿਘਿਆ ਕਰਕੇ ਸੂਬੇਦਾਰ ਮੇਜਰ ਜੀ ਨੂੰ ਬੇਨਤੀ ਕਰਨ ਲੱਗੇ ਮੈਂ ਤੁਹਾਡਾ ਆਗਿਆਕਾਰ ਸਿਪਾਹੀ ਹਾਂ। ਆਪ ਦਾ ਕਦੇ ਹੁਕਮ ਨਹੀ ਮੋੜਿਆ। ਜਿੱਥੇ ਆਪ ਮੈਨੂੰ ਸੰਸਾਰਕ, ਵਿਵਹਾਰਕ, ਸਮਾਜਿਕ, ਰਾਜਨੀਤਕ, ਦੇਸ਼ ਭਗਤੀ, ਸੂਰਬੀਰਤਾ ਕੁਰਬਾਨੀ ਦੀ ਸੇਧ ਦੇ ਰਹੇ ਹੋ, ਉਥੇ ਮੇਰਾ ਪਰਲੋਕ ਸਵਾਰਨ ਲਈ ਰੂਹਾਨੀ ਮੰਜ਼ਿਲ ਦੇ ਮੁਰਸ਼ਦ ਪਾਸ ਲਿਜਾਣ ਲਈ ਮੁਹਾਣੇ ਬਣੇ ਹੋ। ਸਾਹਿਬ ਮੈਂ ਤੁਹਾਡਾ ਸਿਪਾਹੀ। ਆਪ ਦੇ ਮਿਠ ਬੋਲੇ, ਮੇਰਾ ਭਲਾ ਕਰਨ ਵਾਲੇ ਪਿਆਰੇ ਬਚਨਾਂ ਤੋਂ ਮਸ਼ਕੂਰ ਹਾਂ ਅਤੇ ਆਪ ਦਾ ਧੰਨਵਾਦੀ ਅਤੇ ਵਡਭਾਗਾ ਵੀ ਹਾਂ, ਜੋ ਆਪ ਜੀ ਦੀ ਬਖਸ਼ਿਸ਼ ਔਰ ਪ੍ਰੇਮ ਦਾ ਸਦਕਾ ਮੈਂ ਰੂਹਾਨੀਅਤ ਦੇ ਪੁੰਜ ਅੰਤਰਯਾਮੀ, ਦਇਆਲੂ ਅਤੇ ਦਾਤਾ ਮਹਾਂਪੁਰਸ਼ਾਂ ਦੀ ਸ਼ਰਣ ਉਨ੍ਹਾਂ ਦੈਵੀ ਕਟਾਖ ਨੂੰ ਲੈਣ ਲਈ ਮਹਾਂਪੁਰਸ਼ਾਂ ਦੀ ਮਿਹਰ ਦਾ ਸਦਕਾ ਅਤੇ ਆਪ ਜੀ ਦੀ ਬਦੌਲਤ ਜਾ ਰਿਹਾ ਹਾਂ। ਗੁਰੂ ਕਿਰਪਾ ਕਰੇ ਲਾਜ ਰਹਿ ਆਵੇ। ਮਹਾਂਪੁਰਸ਼ ਕਿਰਪਾ ਕਰਕੇ ਨਾਮ ਦਾ ਭੰਡਾਰ ਬਖਸ਼ਿਸ਼ ਕਰ ਦੇਣ। ਉਨ੍ਹਾਂ ਦੇ ਦਰਬਾਰ ਵਿੱਚੋਂ ਖਾਲੀ ਨਾਂ ਮੁੜਾਂ। ਮਾਤਾ-ਪਿਤਾ ਅਤੇ ਨੱਗਰ ਦੇ ਨਾਮ ਨੂੰ ਉਚਾ ਕਰਨ ਵਾਲਾ ਅਤੇ ਆਪ ਜੀ ਔਰ ਪਲਟਨ ਦੇ ਨਾਮ ਨੂੰ ਰੌਸ਼ਨ ਕਰਨ ਵਾਲਾ ਸਿਪਾਹੀ ਬਣਾਂ। ਤੁਹਾਡੀ ਵਿਚੋਲਗੀ ਦੀ ਗੁਰੂ ਬਾਬਾ ਜੀ ਲਾਜ ਰੱਖਣ। ਸਾਡੀ ਦੋਹਾਂ ਦੀ ਲਾਜ ਪ੍ਰਭੂ ਦੇ ਦਰਬਾਰ ਰਹਿ ਆਵੇ। ਮੇਜਰ ਸਾਹਿਬ ਨੇ ਕਿਹਾ ਕਿ ਤੂੰ ਮੇਰਾ ਆਗਿਆਕਾਰ ਸਿਪਾਹੀ ਹੈ। ਮਹਾਂਪੁਰਸ਼ਾਂ ਦੇ ਬਚਨਾਂ ਤੋਂ ਮੈਂ ਤੁਹਾਨੂੰ ਹੁਣ ਸਿਪਾਹੀ ਨਹੀਂ, ਸੰਤ ਸਿਪਾਹੀ ਸਮਝ ਰਿਹਾ ਹਾਂ। ਸਮਾਂ ਸਤਿਕਾਰ ਲੈਣ ਦਾ ਆ ਗਿਆ ਹੈ।ਤੁਹਾਡੇ ਕਰਮ ਪਰਬਲ ਹਨ। ਮਹਾਂਪੁਰਸ਼ਾਂ ਵੱਲੋਂ ਆਪ ਲਈ ਸੱਦਾ ਪੱਤਰ ਆਇਆ ਹੈ ਹੇ ਸਿਪਾਹੀ ਬਖਸ਼ਿਸ਼ ਅਵੱਸ਼ ਹੈ, ਭਾਵੇ ਅੱਗੇ ਮੈਂ ਤੇਰਾ ਸਾਹਿਬ ਸਾਂ ਤੁਸਾਂ ਨੇ ਬਖਸ਼ਿਸ਼ ਲੈ ਕੇ ਮੈਨੂੰ ਭੁੱਲ ਨਾ ਜਾਣਾਂ ਸਾਡਾ ਦੋਹਾਂ ਦਾ ਨਾਮ ਇੱਕੋ ਹੈ। ਲਾਜ ਨਿਭਾਉਣੀ। ਮੇਜਰ ਸਾਹਿਬ ਦੇ ਪ੍ਰੇਮ ਅਤੇ ਬੈਰਾਗਮਈ ਬਚਨ ਸੁਣ ਕੇ ਸਿਪਾਹੀ ਜਵਾਲਾ ਸਿੰਘ ਦੇ ਨੇਤਰਾਂ ਵਿਚੋਂ ਅੱਥਰੂਆਂ ਦੀ ਧਾਰਾ ਬਹਿ ਤੁਰੀ। ਉਹ ਮੇਜਰ ਸਾਹਿਬ ਦੇ ਚਰਨਾਂ ਤੇ ਝੁਕ ਗਏ ਅਤੇ ਕਿਹਾ ਸਾਹਿਬ ਮੈਂ ਤੁਹਾਡਾ ਸਿਪਾਹੀ ਹਾਂ। ਫੌਜ ਦੀ ਭਰਤੀ ਵੇਲੇ ਮੈਂ ਦੇਸ਼ ਪ੍ਰਤੀ ਅਤੇ ਫੌਜ ਪ੍ਰਤੀ ਜੋ ਪ੍ਰਣ ਲਏ ਹਨ, ਉਨ੍ਹਾਂ ਅਨੁਸਾਰ ਤੁਹਾਡੇ ਬਚਨਾਂ ਉਪਰ ਜੀਵਨ ਦੀ ਬਾਜੀ ਲਾ ਦਿੱਤੀ ਹੈ। ਜਿੱਧਰ ਵੀ ਹੁਕਮ ਕਰੋਗੇ ਸਰਬੰਸ ਵਾਰ ਕੇ ਵੀ ਬਚਨ ਨਿਭਾਵਾਂਗਾ। ਮੇਜਰ ਸਾਹਿਬ ਜੀ ਨੇ ਸਿਪਾਹੀ ਜਵਾਲਾ ਸਿੰਘ ਨੂੰ ਪ੍ਰੇਮ ਨਾਲ ਗਲਵੱਕੜੀ ਵਿੱਚ ਲੈ ਲਿਆ ਅਤੇ ਕਿਹਾ ਕਿ ਸਿਪਾਹੀ ਨਾਤੇ ਤੁਸੀਂ ਮੇਰੇ ਪੁੱਤਰ ਹੋ । ਪਰ ਮਹਾਂਪੁਰਸ਼ਾਂ ਦੇ ਬਚਨਾਂ ਨੇ ਤੇਰੇ ਪ੍ਰਤੀ ਮੇਰੇ ਹਿਰਦੇ ਤੇ ਅਮਿੱਟ ਛਾਪ ਲਾ ਦਿੱਤੀ ਹੈ। ਮੈਨੂੰ ਭਰੋਸਾ ਹੈ ਕਿ ਜੋ ਬਚਨ ਬਾਬਾ ਆਇਆ ਸਿੰਘ ਜੀ ਨੇ ਕਿਹਾ ਹੈ ਉਹ ਵੇਲਾ ਆ ਗਿਆ ਹੈ ਉਨ੍ਹਾਂ ਦੀ ਜੋਤ ਤੁਹਾਡੇ ਹਿਰਦੇ ਵਿੱਚ ਨਿਵਾਸ ਕਰੇਗੀ। ਮੈਂ ਆਪਣੀ ਪਲਟਨ ਸਮੇਤ ਵਡਭਾਗਾ ਹੋ ਜਾਵਾਂਗਾ। ਸੰਨ 1911 ਦਿਨ ਐਤਵਾਰ, ਪ੍ਰੇਮ ਭੇਟਾ, ਫਲ, ਸਿਰੋਪਾ ਤੇ ਕੁਝ ਨਗਦੀ ਲੈ ਕੇ ਸਿਪਾਹੀ ਜਵਾਲਾ ਸਿੰਘ ਜੀ ਮੇਜਰ ਸਰਦਾਰ ਜਵਾਲਾ ਸਿੰਘ ਜੀ ਨਾਲ ਪਲਟਨ ਦੇ ਫੌਜੀ ਜਵਾਨਾਂ ਸਮੇਤ ਹੋਤੀ ਮਰਦਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਜਥਾ ਸ਼ਕਤ ਭੇਟ ਅਰਪਨ ਕਰਨ ਤੋਂ ਉਪਰੰਤ ਬਾਬਾ ਜੀ ਆਇਆ ਸਿੰਘ ਜੀ ਦੇ ਦਰਸ਼ਨਾਂ ਲਈ ਆ ਗਏ ਅਤੇ ਮਨ ਵਿੱਚ ਸ਼ਬਦ ਪੜ੍ਹਦੇ ਸਨ।

**ਸਲੋਕੁ** ॥ ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ ॥

ਖੋਲ੍ਹਿ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ ॥ ੧ ॥ (ਛੰਤ ਪੰਨਾਂ 703)

**ਮਹਲਾ ੪** ॥ ਅਖੀ ਪ੍ਰੇਮਿ ਕਸਾਈਆ ਹਰਿ ਹਰਿ ਨਾਮ ਪਿਖੰਨਿ॥

ਜੇ ਕਰਿ ਦੂਜਾ ਦੇਖਦੇ ਜਨ ਨਾਨਕਿ ਕਢਿ ਦਿਚੰਨਿ॥ (ਪੰਨਾਂ 1318)

**ਆਸਾ ਮਹਲਾ ੫**

ਚਰਨ ਕਮਲ ਕੀ ਆਸ ਪਿਆਰੇ ॥ ਜਮਕੰਕਰ ਨਸਿ ਗਏ ਵਿਚਾਰੇ ॥੧॥ ਤੂ ਚਿਤਿ ਆਵਹਿ ਤੇਰੀ ਮਇਆ ॥ ਸਿਮਰਤ ਨਾਮ ਸਗਲ ਰੋਗ ਖਇਆ ॥੧॥ ਰਹਾਉ ॥ ਅਨਿਕ ਦੂਖ ਦੇਵਹਿ ਅਵਰਾ ਕਉ ॥ ਪਹੁਚਿ ਨ ਸਾਕਹਿ ਜਨ ਤੇਰੇ ਕਉ ॥੨॥ ਦਰਸ ਤੇਰੇ ਕੀ ਪਿਆਸ ਮਨਿ ਲਾਗੀ ॥ ਸਹਜ ਅਨੰਦ ਬਸੈ ਬੈਰਾਗੀ ॥੩॥ ਨਾਨਕ ਕੀ ਅਰਦਾਸਿ ਸੁਣੀਜੈ ॥ ਕੇਵਲ ਨਾਮੁ ਰਿਦੇ ਮਹਿ ਦੀਜੈ ॥੪॥੨੬॥੭੭॥ (**ਪੰਨਾਂ ੩੮੯**)

ਬਾਬਾ ਜੀ ਨੂੰ ਮੇਜਰ ਸਾਹਿਬ ਸਿਪਾਹੀ ਬਾਬਾ ਜਵਾਲਾ ਸਿੰਘ ਸਮੂਹ ਜਵਾਨਾਂ ਨੇ ਪ੍ਰੇਮ ਭੇਟਾ ਰੱਖ ਕੇ ਨਮਸ਼ਕਾਰਾਂ ਕੀਤੀਆਂ। ਕਿਉਕਿ ਸ਼ਾਸ਼ਤਰ ਦੀ ਆਗਿਆ ਹੈ।

"ਰਿਤੇ ਪਾਨ ਦਰਸੈ ਨਹੀਂ ਭੂਪ ਭਿਖਕ ਗੁਰਦੇਵ"

**ਸ਼ੇਖ ਸ਼ਾਅਦੀ ਕਹਿੰਦੇ ਹਨ:-** ਬਰਗੇ ਸਬਜ਼ ਤੁਹਫਾਏ ਦਰਵੇਸ਼ ਅਸਤ,

ਗਰ ਕਬੂਲ ਉਫਤਦ ਜ਼ਹੇ ਇਜੋ ਸ਼ਰਫ॥

ਅਰਥਾਤ ਫਕੀਰਾਂ ਦੀ ਸੁਗਾਤ ਤਾਂ ਕੇਵਲ ਹਰੇ ਪੱਤੇ ਹੀ ਹਨ, ਜੇ ਦਰ ਤੇ ਕਬੂਲ ਪ੍ਰਵਾਨ ਹੋਏ ਤਾਂ ਇਸੇ ਵਿੱਚ ਹੀ ਮਹਾਨਤਾ ਸਮਝਾਂਗਾ।

ਮਹਾਂਪੁਰਸ਼ਾਂ ਦੀ ਆਗਿਆ ਨਾਲ ਸਾਰੀਆਂ ਸੰਗਤਾਂ ਆਸਣਾਂ ਤੇ ਬੈਠ ਗਈਆਂ। ਸਭ ਦੀ ਸੁੱਖ ਸਾਂਦ ਪੁੱਛੀ। ਲੰਗਰ ਪਾਣੀ ਆਦਿਕ ਛਕਾਏ। ਪ੍ਰਸ਼ਾਦ ਦੇ ਗਹਿਰੇ ਗੱਫੇ ਦਿੱਤੇ। ਸੂਬੇਦਾਰ ਮੇਜਰ ਸਾਹਿਬ ਜੀ ਨੂੰ ਪੁੱਛਿਆ ਤੇਰਾ ਸਿਰਨਾਮੀਆ ਰੰਗਰੂਟ ਸਿਪਾਹੀ ਜਵਾਲਾ ਸਿੰਘ ਜੀ ਕਿੱਥੇ ਹਨ ? ਸੂਬੇਦਾਰ ਜੀ ਨੇ ਇਨ੍ਹਾਂ ਨੂੰ ਖੜ੍ਹੇ ਹੋਣ ਲਈ ਕਿਹਾ। ਸਿਪਾਹੀ ਬਾਬਾ ਜਵਾਲਾ ਸਿੰਘ ਜੀ ਗਲ ਵਿੱਚ ਪੱਲਾ ਪਾ ਕੇ ਖੜ੍ਹ ਗਏ। ਬਾਬਾ ਜੀ ਨੇ ਪੁੱਛਿਆ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਹੈ? ਉਸੇ ਵੇਲੇ ਬਾਬਾ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ ਸਿੱਖ ਰਜਮੈਂਟਾ ਦਾ ਦਸਤੂਰ ਹੈ ਕਿ ਭਰਤੀ ਹੋਣ ਤੋਂ ਪਹਿਲਾਂ ਅੰਮ੍ਰਿਤਧਾਰੀ ਹੋਵੇ ਤਾਂ ਠੀਕ ਹੈ ਨਹੀਂ ਤਾਂ ਲਾਜ਼ਮੀ ਅੰਮ੍ਰਿਤ ਛਕਣਾ ਪੈਂਦਾ ਹੈ। ਦਾਸ ਆਪ ਜੀ ਦੀ ਕ੍ਰਿਪਾ ਤੋਂ ਅੰਮ੍ਰਿਤਧਾਰੀ ਹੈ। ਸਾਡੀਆਂ ਸਾਰੀਆਂ ਰਜਮੈਂਟਾਂ ਵੀ ਅੰਮ੍ਰਿਤਧਾਰੀ ਹਨ। ਮਹਾਂਪੁਰਸ਼ ਮਹਾਨ ਪ੍ਰਸੰਨ ਹੋਏ ਖਾਲਸੇ ਵਿੱਚ ਸਭੇ ਬਰਕਤਾਂ ਹਨ। ਇੱਕ ਫੁਟ ਨੇ ਯੋਧੇ ਖਾਲਸੇ ਨੂੰ ਅੰਗਰੇਜ਼ਾਂ ਦੇ ਗੁਲਾਮ ਕਰਵਾ ਦਿੱਤਾ ਕਿ ਗੁਰੂ ਕਿਰਪਾ ਕਰੇਗਾ ਗੁਲਾਮੀ ਦਾ ਤਉਕ ਖਾਲਸੇ ਦੇ ਗਲੋਂ ਲਹੇਗਾ। ਸਾਡੇ ਬਜ਼ੁਰਗ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਤੇ ਬਾਬਾ ਮਹਾਰਾਜ ਸਿੰਘ ਜੀ ਨੇ ਖਾਲਸਾ ਰਾਜ ਨੂੰ ਕਾਇਮ ਰੱਖਣ ਲਈ ਸ਼ਹੀਦੀਆਂ ਦਿੱਤੀਆਂ। ਪ੍ਰਭੂ ਆਪਣੇ ਭਾਣੇ ਨੂੰ ਆਪ ਜਾਣਦੇ ਹਨ

ਫਿਰ ਗੁਰ ਦੀਖਿਅਤ ਹੋ, ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਨਾਮ ਤੇ ਬਾਣੀ ਦੀ ਦਾਤ ਪ੍ਰਾਪਤ ਹੋ ਚੁੱਕੀ ਹੈ ਆਪ ਨਿੱਤਨੇਮੀ ਪ੍ਰੇਮੀ ਹੋ। ਆਪ ਦੀ ਪਿਛਲੀ ਕਮਾਈ ਵੀ ਬਹੁਤ ਹੈ। ਤੁਹਾਡੇ ਮਾਤਾ ਪਿਤਾ ਵੀ ਨਾਮ ਅਭਿਆਸੀ ਸਾਧੂ ਸੇਵੀ ਸਨ, ਸਾਧੂ ਸੇਵੀ ਸਨ। ਮਹਾਂਪੁਰਸ਼ਾਂ ਦੇ ਬਚਨਾਂ ਨਾਲ ਜੀਵਨ ਧਾਰ ਕੇ ਆਏ ਹੋ। ਤੁਹਾਡਾ ਦੀਵਾ ਬੱਤੀ ਘਿਉ ਤਿਆਰ ਹੈ। ਸਿਰਫ ਤੀਲੀ ਲਾਵਣ ਦੀ ਦੇਰੀ ਹੈ। ਅੱਜ ਵਿਧਾਤਾ ਨੇ ਸਮਾਂ ਦਿੱਤਾ ਹੈ। ਆਤਮਾ, ਤਿੰਨਾਂ ਦੇਹਾਂ, ਪੰਜਾਂ ਕੋਸ਼ਾਂ ਤੋਂ ਨਿਆਰਾ ਹੈ। ਸਭ ਦਾ ਸਾਖੀ ਇਹ ਸਤ ਚਿੱਤ ਅਨੰਦ ਸਰੂਪ ਹੈ। ਸ਼ਬਦ ਸੁਰਤ ਦੇ ਮਿਲਾਪ ਤੋਂ ਅਸੀਂ ਇਸ ਨੂੰ ਪ੍ਰਤੱਖ ਕਰ ਸਕਦੇ ਹਾਂ।ਗੁਰੂ ਕ੍ਰਿਪਾ ਨਾਲ ਸ਼ਬਦ ਦੇ ਮਾਰਗ ਨੂੰ ਸਮਝ ਸਕਦੇ ਹਾਂ। ਇੰਨ੍ਹਾਂ ਗੁਣਾਂ ਦੁਆਰਾ ਸਾਨੂੰ ਅੰਤਰੀਵੀ ਮਾਰਗ ਵਿੱਚ ਸਹਾਇਤਾ ਮਿਲਦੀ ਹੈ।

"ਤੁਲਸੀ ਇਸ ਸੰਸਾਰ ਮਹਿ ਪਾਂਚ ਰਤਨ ਹੈ ਸਾਰ,

ਮਿੱਠਾ ਬੋਲਣ, ਨਿਵ ਚਲਣ, ਦਇਆ, ਦਾਨ, ਉਪਕਾਰ ॥

"ਮਿੱਠਾ ਬੋਲਣ, ਨਿਵ ਚਲਣ, ਹੱਥੋਂ ਭੀ ਕਿਛੁ ਦੇਇ॥

ਰੱਬ ਤਿਨ੍ਹਾਂ ਦੀ ਬੁੱਕਲੀਂ ਜੰਗਲ ਕਿਆ ਢੂੰਢੇਹਿ॥

ਤੁਸਾਂ ਨੇ ਅੰਮ੍ਰਿਤ ਸੰਸਕਾਰ ਕਰ ਹੀ ਲਿਆ ਹੈ। ਜਦੋਂ ਪੰਜ ਪਿਆਰੇ ਬਾਣੀ ਬਾਣੇ ਦੀ ਦਾਤ ਬਖਸ਼ਦੇ ਹਨ, ਸਾਥ ਹੀ ਮੂਲ ਮੰਤਰ ਤੇ ਗੁਰਮੰਤਰ ਦੀ ਦਾਤ ਬਖਸ਼ਦੇ ਹਨ, ਇਹ ਹੀ ਨਾਮ ਸੰਸਕਾਰ ਹੈ। ਜਦੋਂ ਰਹਿਤਾਂ ਕੁਰਹਿਤਾਂ ਦਾ ਵਿਚਾਰ ਦਿੰਦੇ ਹਨ, ਉਹ ਧਰਮ ਸੰਸਕਾਰ ਹੈ। ਜਦੋਂ ਅਸੀਂ ਮਹਾਤਮਾ ਤੋਂ ਬ੍ਰਹਮ ਵਿੱਦਿਆ ਦੀ ਦਾਤ ਪ੍ਰਾਪਤ ਕਰਕੇ ਦ੍ਰਿੜ ਹੋ ਕੇ ਦੂਸਰਿਆਂ ਨੂੰ ਦ੍ਰਿੜ ਹੋਣ ਦਾ ਉਪਦੇਸ਼ ਦਿੰਦੇ ਹਾਂ ਇਹ ਗਿਆਨ ਸੰਸਕਾਰ ਹੈ। ਜਦੋਂ ਅਸੀਂ ਕਥਨੀ ਤੇ ਕਰਣੀ ਦੇ ਮਾਲਿਕ ਹੋ ਜਾਈਏ, ਬੰਧਨਾਂ ਤੋਂ ਰਹਿਤ ਅਵੱਸਥਾ ਪ੍ਰਾਪਤ ਕਰ ਲੈਂਦੇ ਹਾਂ, ਅਵਿੱਦਿਆ ਤਤ ਕਾਰਜ ਦੀ ਨਵਿਰਤੀ ਤੇ ਬ੍ਰਹਮ ਦੀ ਪ੍ਰਾਪਤੀ ਕਰ ਲੈਂਦੇ ਹਾਂ, ਫਿਰ ਮੁਕਤ ਹੋ ਜਾਂਦੇ ਹਾਂ। ਫਿਰ ਸੰਸਕਾਰਾਂ ਦੀ ਅਵਧੀ ਖਤਮ ਹੋ ਜਾਂਦੀ ਹੈ ਫਿਰ ਜੀਵਨ ਮੁਕਤ ਅਵੱਸਥਾ ਪ੍ਰਾਰਬਧ ਤੀਕ ਮਾਣਦੇ ਹਾਂ। ਸਰੀਰ ਤਿਆਗਣ ਤੋਂ ਬਾਅਦ ਬਿਦੇਹ ਮੁਕਤ ਹੋ ਜਾਂਦੇ ਹਾਂ।

ਇਸ ਅਵੱਸਥਾ ਨੂੰ ਪ੍ਰਾਪਤ ਕਰਨ ਲਈ ਅੰਤਹਕਰਣ ਦੇ ਦੋਸ਼ ਮਲ, ਵਿਕਸ਼ੇਪ, ਆਵਰਣ, ਕਰਮ, ਉਪਾਸ਼ਨਾਂ, ਗਿਆਨ ਤੋਂ ਨਵਿਰਤ ਹੋ ਜਾਂਦੇ ਹਨ। ਜਦੋਂ ਅਸੀਂ ਸਰਵਣ ਮੰਨਣ ਨਿਧਿਆਸਣ, ਤਤ ਤ੍ਵੰ ਦਾ ਸੋਧਨ ਵੀਚਾਰ ਕਰ ਲੈਂਦੇ ਹਾਂ ਤੇ ਚਾਰ ਸਾਧਨ ਇਹ ਹਨ: ਵਿਵੇਕ, ਬੈਰਾਗ, ਖਟ ਸੰਪਤੀ, (ਸਮ, ਦਮ, ਸ਼ਰਧਾ, ਸਮਾਧਾਨ, ਉਪਰਾਮਤਾ, ਤਿਤਿਕਸ਼ਾ), ਮੋਕਸ਼ ਇੱਛਾ ਇੰਨ੍ਹਾਂ ਅੱਠਾਂ ਸਾਧਨਾਂ ਨੂੰ ਧਾਰਨ ਵਾਲੇ ਦਾ ਨਾਮ ਜਗਿਆਸੂ ਹੈ। ਪ੍ਰੇਮੀ, ਜਿਸ ਵਕਤ ਮਹਾਂਪੁਰਸ਼ਾਂ ਦੀ ਸ਼ਰਣ ਵਿੱਚ ਆ ਜਾਵੇ ਉਹ ਤਿੰਨਾਂ ਤਾਪਾਂ ਤੋਂ ਅਧਿਆਤਮ, ਅਧਿਭੂਤਕ ਅਤੇ ਅਧਿਦੈਵਕ ਆਦਿਕ ਤੋਂ ਮੁਕਤ ਹੋ ਜਾਂਦਾ ਹੈ। ਆਧੀ, ਬਿਆਧੀ, ਉਪਾਧੀ ਖਤਮ ਹੋ ਜਾਂਦੀ ਹੈ। ਜਾਗ੍ਰਤ, ਸੁਪਨ, ਸੁਖੋਪਤ, ਸਥੂਲ, ਸੂਖਮ, ਕਾਰਣ ਤਿੰਨਾਂ ਦੇਹਾਂ ਦਾ ਜੋ ਸਾਖੀ ਚੇਤਨ ਉਸ ਨੂੰ ਪ੍ਰਾਪਤ ਕਰਨ ਲਈ ਤੁਰੀਆ ਪਦ ਦੀ ਪ੍ਰਾਪਤੀ ਦਾ ਯਤਨ ਕਰਦਾ ਹੈ, ਤਿੰਨਾਂ ਦੇਹਾਂ ਦੇ ਅਭਿਮਾਨੀ ਵਿਸ਼ਵ, ਤੈਜਸ, ਪਰਾਗ, ਜੀਵ ਜਿੰਨ੍ਹਾਂ ਦੀ ਸੰਗਿਆ ਹੈ।ਵਿਰਾਟ, ਹਿਰਨਗਰਭ, ਅਬਿਆਕ੍ਰਿਤ, ਈਸ਼ਰ ਜਿੰਨਾਂ ਦੀ ਸੰਗਿਆ ਹੈ। ਇੰਨਾਂ ਦੇ ਪ੍ਰਕਾਸ਼ਕ ਸਾਖੀ ਬ੍ਰਹਮ ਨੂੰ ਪ੍ਰਾਪਤ ਕਰ ਲੈਂਦਾ ਹੈ। ਕਿਰਿਆਮਾਨ, ਸੰਚਿਤ ਕਰਮ, ਗਿਆਨ ਅਗਨੀ ਦੁਆਰਾ ਦਗਧ ਕਰ ਦਿੰਦਾ ਹੈ। ਪ੍ਰਾਰਬਧ ਰੂਪੀ ਕਰਮ ਭੋਗਣ ਤੋਂ ਬਾਅਦ ਗਿਆਨੀ ਦਾ ਪੁਨਰ ਜਨਮ ਨਹੀਂ ਹੁੰਦਾ ਕਿਉਂਕਿ ਉਸ ਨੇ ਮਨੋ ਨਾਸ਼ ਵਾਸ਼ਨਾ ਖਤਮ ਕਰ ਲਈਆਂ ਹਨ। ਕਰੁਣਾ,

ਮੈਤ੍ਰੀ, ਮੁੱਦਤਾ, ਉਪੇਖਿਆ ਆਦਿਕ ਸ਼ੁੱਭ ਗੁਣਾਂ ਤੋਂ ਆਪਣੇ ਆਪ ਮਨ ਦੇ ਸੰਕਲਪ ਤੇ ਵਾਸ਼ਨਾਵਾਂ ਖਤਮ ਹੋ ਜਾਂਦੀਆਂ ਹਨ। ਵਿਰਤੀਆਂ ਦੇ ਨਿਰੋਧਨ ਵਾਸਤੇ 1.ਅਧਿਆਤਮ ਵਿੱਦਿਆਧਿਗਮ, 2. ਸਾਧੂ ਸੰਗਮ, 3. ਵਾਸ਼ਨਾ ਸੰਪਰੀ ਤਿਆਗ,4. ਪ੍ਰਾਣ ਸਪੰਦ ਨਿਰੋਧਨ ਆਦਿ ਚਾਰ ਉਪਾਇ ਕਹੇ ਹਨ ਫਿਰ ਮਨੋ ਨਾਸ਼ ਅਤੇ ਵਾਸ਼ਨਾਂ ਖੈ ਹੋ ਜਾਣ ਤੋਂ ਤਤੂ ਦਾ ਗਿਆਨ ਆਪਣੇ ਆਪ ਹੀ ਪ੍ਰਾਪਤ ਹੋ ਜਾਂਦਾ ਹੈ।

1. ਪ੍ਰਮਾਰਥ ਵਿੱਚ ਕਿੰਨਾਂ ਚੀਜ਼ਾਂ ਦੀ ਲੋੜ ਹੈ ?

2. ਮਾਲਕ ਦੇ ਮਿਲਣ ਦੀ ਕਿਹੜੀ ਜੁਗਤੀ ਹੈ ਤੇ ਉਸਦੇ ਕਿਹੜੇ ਸਾਧਨ ਹਨ ?

3. ਉਸ ਰਸਤੇ ਜਾਣ ਲਈ ਕਿਹੜੀਆਂ ਕਿਹੜੀਆਂ ਜ਼ਰੂਰਤਾਂ ਹਨ ?

4. ਕਿਹੜੇ ਗੁਣਾਂ ਨੂੰ ਧਾਰਨ ਕਰਕੇ ਕਮਾਈ ਵਿੱਚ ਸਫਲ ਹੋ ਸਕਦੇ ਹਨ ?

(ਪ੍ਰਮਾਰਥ ਵਿੱਚ ਇੰਨਾਂ ਚੀਜ਼ਾਂ ਦੀ ਲੋੜ ਹੈ )

1) ਸਤਿਗੁਰ 2)ਸੱਚਾ ਸ਼ਬਦ 3)ਸਤਿਸੰਗ

2) ਸ਼ਬਦ ਸੁਰਤ ਦਾ ਅਭਿਆਸ

3) ਖਿਮਾ ਆਦਿਕ ਗੁਣਾਂ ਨੂੰ ਧਾਰਨ ਕਰਨਾਂ

4) ਸਤ ਨੂੰ ਅੰਦਰ ਧਾਰਨ ਕਰਨਾਂ।

**ਸਿਮਰਨ :-** 1)ਲਸਾਨੀ:- ਜੋ ਜ਼ੁਬਾਨ ਨਾਲ ਕੀਤਾ ਜਾਂਦਾ ਹੈ।

2) ਕਲਬੀ:- ਇਹ ਦਿਲ ਪੁਰ ਜ਼ਰਬ ਲਗਾ ਕੇ ਕੀਤਾ ਜਾਂਦਾ ਹੈ।

3) ਰੂਹੀ:- ਜੋ ਤਵੱਜੋਂ ਨੂੰ ਤੀਸਰੇ ਤਿਲ ਪੁਰ ਇਕੱਤਰ ਕਰਕੇ ਕੀਤਾ ਜਾਂਦਾ ਹੈ।

4) ਸਿਰੀ :-ਅੰਤਰਮੁਖ ਰਾਜ ਨੂੰ ਪਾਉਣ ਵਾਲਾ ਜਿਸ ਨੂੰ ਕਲਮਾਏ ਹਕੀਕਤ ਜਾਂ ਲਾਹੂਤ ਵੀ ਕਿਹਾ ਜਾਂਦਾ ਹੈ।

5)ਸਿਰੀ ਅਤੇ ਖਫ਼ੀ:- ਜੋ ਗੁਪਤ ਤਰੀਕਾ ਇਸ ਨੂੰ ਕਲਮਾਏ ਹਾਹੂਤ ਕਿਹਾ ਜਾਂਦਾ ਹੈ। ਸਿਰੀ ਅਤੇ ਖਫ਼ੀ ਇਲਮੇ ਸੀਨਾ ਹਨ ਜੋ ਮਹਾਂਪੁਰਸ਼ਾਂ ਪਾਸੋਂ ਸਮਝੇ ਜਾਂਦੇ ਹਨ। ਇਹ ਸਿਮਰਨ ਕਿਸੇ ਹੱਦ ਤੱਕ ਤਦ ਫਲਦੇ ਹਨ ਜਦੋਂ ਸੁਰਤ ਜਾਂ ਤਵੱਜੋਂ ਨਾਲ ਹੋਵੇ।ਇਕ ਮਹਾਤਮਾਂ ਨੇ ਫੁਰਮਾਇਆ ਹੈ:

ਜ਼ਿਕਰੇ ਜ਼ਬਾਨ ਲਕ ਲਕ, ਜ਼ਿਕਰੇ ਕਲਬ ਸਮ ਸਮ ਜ਼ਿਕਰੇ ਰੂਹੀ ਰਾਹਤੈ ਜਾ॥

**ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥ ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ ॥**

ਗਉੜੀ ਮਹਲਾ ੫ (ਪੰਨਾਂ 263)

**ਮਨ ਦੀ ਚੰਚਲਤਾ ਤਿੰਨ ਦੁਆਰ ਹਨ ਅੱਖਾਂ, ਮੂੰਹ ਤੇ ਕੰਨ।**

ਭਗਤ ਕਬੀਰ ਜੀ ਨੇ ਕਿਹਾ ਹੈ:-

ਤਨ ਥਿਰ ਮਨ ਥਿਰ ਬਚਨ ਥਿਰ ਨਿਰਤ ਥਿਰ ਹੋਇ॥

ਕਹੇ ਕਬੀਰ ਇਸ ਪਲਕ ਕੋ ਕਲਪ ਨ ਪਾਵਹਿ ਕੋਇ॥

## ਧਿਆਨ :-

(1) **ਸ਼ੁਗਲਿ ਆਫ਼ਤਾਬੀ :-** ਇਸ ਵਿੱਚ ਨਜ਼ਰ ਨੂੰ ਚੜ੍ਹਦੇ ਸੂਰਜ ਟਿਕਾਣਾਂ ਹੁੰਦਾ ਹੈ ਜੋ ਸਰਦੀ ਦੀ ਰੁੱਤ ਵਿੱਚ ਕੀਤਾ ਜਾਂਦਾ ਹੈ। ਹਿੰਦੂਆਂ ਦਾ ਇਹ ਤ੍ਰਾਟਕ ਧਿਆਨ ਹੈ।

(2) **ਸ਼ੁਗਲਿ ਮਈਅਤ ਜਾਂ ਸ਼ੁਗਲਿ ਮਨਸੂਰੀ :-** ਇਸ ਵਿੱਚ ਜ਼ਮੀਨ ਪੁਰ ਚਿੱਤ ਲੇਟ ਕੇ ਅਰਥਾਤ ਪਿੱਠ ਪਰਨੇ ਲੰਮੇ ਪੈ ਕੇ ਮੂੰਹ ਉਤਾਂਹ ਕਰਕੇ ਤੇ ਜਿਸਮ ਢਿੱਲਾ ਛੱਡ ਕੇ ਅੰਤਰੀਵ ਨਜ਼ਰ ਨੂੰ ਦੋਹਾਂ ਭਰਵੱਟਿਆਂ ਦੇ ਪਿਛਾਂਹ ਜਮਾਉਣਾਂ ਪੈਂਦਾ ਹੈ। ਇਸ ਨੂੰ ਹਿੰਦੂਆਂ ਵਿੱਚ ਸ਼ਵ ਆਸਣ ਕਹਿੰਦੇ ਹਨ।

(3) **ਸ਼ੁਗਲਿ ਬਰਜ਼ਖ਼ਿ ਅਕਬਰ :-** ਇਸ ਵਿੱਚ ਹਬਸੇ ਦਮ (ਪ੍ਰਾਣਾਯਾਮ) ਕਰਕੇ ਤੀਸਰੇ ਤਿਲ ਪੁਰ ਨਿਰਤ ਨੂੰ ਇਕਾਗਰ ਕਰਨਾਂ ਹੁੰਦਾ ਹੈ। ਇਹ ਤ੍ਰਿਕੁਟੀ ਦੇ ਧਿਆਨ ਦੇ ਬਰਾਬਰ ਹੈ ਤੇ ਪਦਮ ਆਸਣ ਪੁਰ ਬੈਠ ਕੇ ਕੀਤਾ ਜਾਂਦਾ ਹੈ।

(4) **ਸ਼ੁਗਲਿ ਬਰਜ਼ਖ਼ਿ ਕਬੀਰ :-** ਇਸ ਵਿੱਚ ਨਿਰਤ ਨੂੰ ਅੰਦਰ ਤੇ ਬਾਹਰ ਮੁਰਸ਼ਦ ਦੇ ਸਰੂਪ ਪੁਰ ਟਿਕਾਇਆ ਜਾਂਦਾ ਹੈ। ਇਸ ਨਾਲ ਪ੍ਰਮਾਰਥ ਦੇ ਅਲੌਕਿਕ ਲਾਭ ਪ੍ਰਾਪਤ ਹੁੰਦੇ ਹਨ ਤੇ ਗੁਪਤ ਭੇਦ ਖੁੱਲਦੇ ਹਨ।

(5) **ਸ਼ੁਗਲਿ ਇਸਮਿ ਜ਼ਾਤ:-** ਇਸ ਵਿੱਚ ਕਲਬਿ ਸ੍ਨੋਬਰੀ ਵਿੱਚ ਧਿਆਨ ਜਮਾਂਉਦੇ ਹਨ। ਜਿਸ ਦੇ ਕਰਕੇ ਸਾਧਿਕ ਆਪਣੇ ਆਪ ਵਿੱਚ ਜ਼ਜ਼ਬ ਹੁੰਦਾ ਹੈ

(6) **ਸ਼ੁਗਲਿ ਆਇਨਾ:-** ਇਸ ਵਿੱਚ ਨਜ਼ਰ ਨੂੰ ਇੱਕ ਸ਼ੀਸ਼ੇ ਦੇ ਸਾਹਮਣੇ ਰੱਖ ਕੇ ਉਸ ਵਿੱਚ ਅੱਖ ਦੀ ਪੁਤਲੀ ਨੂੰ ਇੱਕ ਟਕ ਦੇਖਦਾ ਹੁੰਦਾ ਹੈ। ਇਸ ਦੇ ਨਾਲ ਅੱਖਾਂ ਦੀਆਂ ਪੁਤਲੀਆਂ ਅੰਤਰਮੁਖ ਉਲਟਦੀਆਂ ਹਨ ਅਤੇ ਨੁਕਤਾ ਸੁਫੈਦਾ ਜਾਂ ਤੀਸਰੇ ਤਿਲ ਪਰ ਰਸਾਈ ਹੁੰਦੀ ਹੈ।

(7) **ਸ਼ੁਗਲੇ ਨੀਮ ਖਾਬੀ:-** ਇਸ ਵਿੱਚ ਅੱਖਾਂ ਨੂੰ ਲਗਾਤਾਰ ਖੁੱਲ੍ਹੇ ਰੱਖਣ ਦਾ ਸਾਧਨ ਕਰਨਾਂ ਹੁੰਦਾ ਹੈ ਤਾਂ ਜੋ ਨੀਂਦਰ ਦਾ ਜ਼ੋਰ ਨਾ ਪੈ ਸਕੇ। ਇਸ ਦੇ ਕਰਨ ਨਾਲ ਨੀਂਦਰ ਵਿੱਚ ਵੀ ਅੱਧੀ ਜਾਗਰਣ ਦੀ ਅਵਸਥਾ ਰਹਿੰਦੀ ਹੈ।

(8) **ਸ਼ੁਗਲਿ ਬਸਾਤ:-** ਇਸ ਵਿੱਚ ਨੁਕਤਾਇ ਸੁਫੈਦਾ ਪੁਰ ਅੰਦਰਲੇ ਸਰੂਪ ਤੇ ਨਿਰਤ ਨੂੰ ਟਿਕਾਣਾਂ ਹੁੰਦਾ ਹੈ।

(9) **ਸ਼ੁਗਲਿ ਮੁਕਾਮਨ ਮਹਮੂਦਨ ਸੁਲਤਾਨਨ ਨਸੀਰਾ:-** ਇਸ ਵਿਚ ਨਜ਼ਰ ਨੂੰ ਨੱਕ ਦੇ ਅਗਲੇ ਸਿਰੇ ਤੇ ਜਮਾ ਕੇ ਹੌਲੀ ਹੌਲੀ ਨਜ਼ਰ ਨੂੰ ਨੱਕ ਦੀ ਜੜ੍ਹ ਤੱਕ ਲੈ ਜਾਣਾ ਹੁੰਦਾ ਹੈ। ਫਿਰ ਤਵੱਜੋਂ ਨੂੰ ਅੰਤਰਮੁਖ ਕਰਕੇ, ਸੂਖਮ ਦੇਸ ਵਿੱਚ ਪ੍ਰਵੇਸ਼ ਕਰਨਾ ਹੁੰਦਾ ਹੈ। ਇਸ ਨੂੰ ਯੋਗੀ ਜਨ ਤਰਾਕਟ ਕਰਮ ਜਾਂ ਚਾਚਰੀ ਮੁੱਦਰਾ ਕਰਕੇ ਆਖਦੇ ਹਨ। ਗੀਤਾ ਵਿੱਚ ਇਸ ਦਾ ਜ਼ਿਕਰ ਆਇਆ ਹੈ।

## ਧਿਆਨ ਯੋਗ ਵਿੱਚ ਤਿੰਨ ਤਰ੍ਹਾਂ ਦੇ ਧਿਆਨ ਕੀਤੇ ਜਾਂਦੇ ਹਨ:

(1)ਗੁਰੂ ਦੇ ਸਰੂਪ ਦਾ ਅਸਥੂਲ ਧਿਆਨ (2) ਅੰਤਰ ਵਿੱਚ ਰੂਹ ਦੇ ਅਸਥਾਨ ਪੁਰ ਨਿਰਤ ਨੂੰ ਟਿਕਾਣ ਕਰਕੇ ਅੰਦਰ ਦੀਵੇ ਦੀ ਜੋਤ ਨਿਆਈ ਪ੍ਰਕਾਸ਼ ਹੁੰਦਾ ਹੈ। ਇਹ ਸੂਖਮ ਧਿਆਨ ਹੈ।(3) ਸ਼ਸਮਾਲ ਚੱਕਰ ਦੇ ਉਪਰ ਜਿਸ ਨੂੰ ਦੇਵਾਂ ਤੇ ਪਿੱਤਰਾਂ ਦਾ ਮਾਰਗ ਆਖਦੇ ਹਨ, ਨੂਰੀ ਸਰੂਪ ਗੁਰੂ ਦਾ ਆ ਜਾਂਦਾ ਹੈ ਜੋ ਸੂਖਮ ਕਾਰਣ ਤੇ ਉਸ ਤੋਂ ਪਰੇ ਸਿੱਖ ਦੇ ਨਾਲ ਰਹਿੰਦਾ ਹੈ। ਇਹ ਸਿੱਖ ਨੂੰ ਮਾਲਿਕ ਵਿੱਚ ਜਾ ਅਭੇਦ ਕਰਦਾ ਹੈ। ਸ਼ੰਮਸ਼ ਤਬਰੇਜ਼ ਸਾਹਿਬ ਫੁਰਮਾਂਉਦੇ ਹਨ: ਮੈਂ ਤੂੰ ਹੋ ਗਿਆ ਤੇ ਤੂੰ ਵਿੱਚ ਮੈਂ ਬਣ ਗਿਆ ਤੇ ਮੇਰੀ ਜ਼ਾਨ ਬਣ ਗਿਆ ਤਾਂ ਜੋ ਹੁਣ ਕੋਈ ਇਹ ਨਾ ਆਖ ਸਕੇ ਕਿ ਮੈਂ ਤੇ ਤੂੰ ਹੁਣ ਦੋ ਹਾਂ।

ਜਦੋਂ ਧਿਆਨ ਪੂਰਾ ਹੋ ਜਾਏ ਤਾਂ ਉਪਾਸ਼ਕ, ਉਪਾਸਯ ਤੇ ਉਪਾਸ਼ਨਾ ਦੀ ਜੋ ਤ੍ਰਿਪੁਟੀ ਹੈ, ਨਹੀ ਰਹਿੰਦੀ। ਪੂਜਯ ਤੇ ਪੂਜਾਰੀ ਮਿਲ ਕੇ ਇਕੋ ਹੋ ਰਹਿੰਦੇ ਹਨ। ਉਸ ਦਾ ਸੁੰਦਰ ਮੁੱਖੜਾ ਸ਼ੁੱਧ ਪਵਿੱਤਰ ਅੱਖਾਂ ਨਾਲ ਦੇਖਿਆ ਜਾਂਦਾ ਹੈ। ਉਸ ਨੂੰ ਸੁੱਧ ਹੋ ਕੇ ਸ਼ੌਕ ਤੇ ਜ਼ੌਕ ਨਾਲ ਦੇਖੋ।ਜਿਸ ਤਰਾਂ ਮੁਸਲਮਾਨ ਈਦ ਦੇ ਚੰਨ ਵੱਲ ਤੱਕਦੇ ਹਨ। ਸੱਚੇ ਮਾਲਕ ਸਰੂਪ ਸਤਿਗੁਰ ਦਾ ਨੂਰੀ ਸਰੂਪ ਦਾ ਦੇਖਣਾਂ ਹਰ ਅੱਖ ਦਾ ਕੰਮ ਨਹੀਂ ਕਿਸੇ ਵਿਰਲੇ ਵਡਭਾਗੀ ਨੂੰ ਪ੍ਰਾਪਤ ਹੁੰਦਾ ਹੈ। ਪ੍ਰੰਤੂ ਇਹ ਜੀਵ ਬਾਹਰ ਦੀਆਂ ਆਵਾਜ਼ਾਂ ਸੁਣ ਰਿਹਾ ਹੈ। ਰੂਹਾਨੀ ਆਵਾਜ਼ ਨਹੀਂ ਸੁਣਦਾ। ਅਫ਼ਸੋਸ ਤੂੰ ਜਿਸਮ ਦੀ ਕੈਦ ਵਿੱਚ ਬੱਧਾ ਪਿਆ ਹੈ ਉਹ ਰਹਿਮਾਨ ਦੀ ਪਾਕ ਆਵਾਜ਼ ਨੂੰ ਨਹੀਂ ਸੁਣਦਾ ਹੈ।

**ਪ੍ਰੇਮ:** Love is the divine law, It will win where reason despairs.

ਪ੍ਰੇਮ ਇੱਕ ਇਲਾਹੀ ਕਾਨੂੰਨ ਜਿਥੇ ਸਭ ਉਕਤੀਆਂ ਜੁਗਤੀਆਂ ਹਾਰ ਜਾਂਦੀਆਂ ਹਨ ਉਥੇ ਇਹ ਬਾਜ਼ੀ ਲੈ ਜਾਂਦਾ ਹੈ

God is love and love is God.

ਜੋ ਮਾਲਿਕ ਪ੍ਰੇਮ ਹੈ ਤੇ ਪ੍ਰੇਮ ਹੀ ਮਾਲਿਕ ਹੈ।

ਸ਼ੰਮਸ਼ ਤਬਰੇਜ਼ ਸਾਹਿਬ ਲਿਖਦੇ ਹਨ ਕੁਫ਼ਰ ਤੇ ਇਸਲਾਮ ਹੁਣ ਜ਼ਾਹਿਰ ਹੋਏ ਹਨ। ਪਰ ਇਸ਼ਕ ਤੇ ਮਾਲਕ ਅਜ਼ਲ ਤੋਂ ਵੀ ਪਹਿਲਾਂ ਸੀ। ਸੋ ਜੇਕਰ ਕੋਈ ਕਾਫਰ ਇਸ਼ਕ ਨਾਲ ਵੀ ਕੁੱਠਿਆ ਜਾਏ ਤਾਂ ਤੂੰ ਉਸ ਨੂੰ ਕਾਫ਼ਿਰਾਂ ਵਿੱਚ ਨਾਂ ਜਾਣੀ।

"ਇਸ਼ਕ ਕਿਆ ਸ਼ੈਅ ਹੈ, ਕਿਸੇ ਕਾਮਲ ਸੇ ਪੂਛਾ ਚਾਹੀਏ।

ਕਿਸ ਤਰ੍ਹਾਂ ਜਾਤਾ ਹੈ ਦਿਲ, ਬੇਦਿਲ ਸੇ ਪੂਛਾ ਚਾਹੀਏ॥

ਪ੍ਰੇਮ ਸਾਰੇ ਦਰਦਾਂ ਦਾ ਮੁਕੰਮਲ ਇਲਾਜ਼ ਹੈ। ਮੌਲਾਨਾ ਰੂਮ ਸਾਹਿਬ ਫੁਰਮਾਂਉਦੇ ਹਨ: ਕਿ ਮੇਰੀ ਮੁਹੱਬਤ ਤੇ ਜਨੂੰਨ ਤੂੰ ਖੁਸ਼ ਰਹੋ ਕਿਉ ਜੋ ਮੇਰੀਆਂ ਸਭ ਬੀਮਾਰੀਆਂ ਦਾ ਇਕ ਤੂੰ ਹੀ ਤਬੀਬ ਹੈ। ਉਸ ਇਕੋ ਮਾਲਿਕ ਦਾ ਸਭ ਦੀ ਜਾਤ ਵਿੱਚ ਜਲਵਾ ਪ੍ਰਗਟ ਹੋ ਰਿਹਾ ਹੈ। ਦੇਖ ਤਾਂ ਸਹੀ ਇਹ ਇਨਸਾਨ ਕਿਥੇ ਹੈ। ਇਸ ਦੇ ਅੰਦਰ ਤਾਂ ਉਸ ਦੀ ਜਾਤ ਦਾ ਜ਼ਹੂਰ ਹੋ ਰਿਹਾ ਹੈ।

ਭਗਵਾਨ ਕ੍ਰਿਸ਼ਨ ਜੀ ਫੁਰਮਾਂਉਦੇ ਹਨ ਕਿ ਜੋ ਇਨਸਾਨ ਮੇਰਾ ਜਲਵਾ ਹਰੇਕ ਹਸਤੀ ਦੇ ਵਿੱਚ ਚਮਕਦਾ ਦੇਖਦਾ ਹੈ ਤੇ ਉਨ੍ਹਾਂ ਅੱਡੋ ਅੱਡ ਹਸਤੀਆਂ ਵਿੱਚ ਫਰਕ ਨਹੀਂ ਸਮਝਦਾ। ਉਹ ਹਕੀਕਤ ਨੂੰ ਵੇਖਣ ਵਾਲਾ ਹੈ। ਮੈਂ ਉਸ ਨੂੰ ਕਦੇ ਨਹੀ ਭੁਲਾਂਉਦਾ।

"You have heard that it hath when win said thou salt love thy neighbour and hate the enemy what I say unto you love you & anemies and prey for them that prosecute you.

ਅੰਜ਼ੀਲ ਵਿੱਚ ਹਜ਼ਰਤ ਮਸੀਹ ਜੀ ਫੁਰਮਾਂਉਦੇ ਹਨ ਕਿ ਹੇ ਲੋਕੋ ਤੁਸਾਂ ਸੁਣਿਆ ਹੈ ਜੋ ਅੱਗੇ ਵੀ ਕਿਹਾ ਜਾ ਚੁੱਕਾ ਹੈ ਕਿ ਤੁਸੀਂ ਆਪਣੇ ਗੁਆਢੀ ਨਾਲ ਪਿਆਰ ਕਰੋ ਤੇ ਦੁਸ਼ਮਣ ਨਾਲ ਨਫਰਤ। ਪਰ ਮੈਂ ਤੁਹਾਨੂੰ ਇਹ ਕਹਿੰਦਾ ਹਾਂ ਕਿ ਤੁਸੀ ਆਪਣੇ ਦੁਸ਼ਮਣਾਂ ਨਾਲ ਪਿਆਰ ਕਰੋ ਤੇ ਉਨ੍ਹਾਂ ਲਈ ਦੁਆ ਕਰੋ ਜਿਹੜੇ ਤੁਹਾਨੂੰ ਤੰਗ ਨਾ ਕਰਨ।

ਮਲਾਰ ਮਹਲਾ ੧ ॥

ਪ੍ਰਿਅ ਸਿਉ ਪ੍ਰੀਤਿ ਨ ਉਲਟੈ ਕਬਹੂ ਜੋ ਤੈ ਭਾਵੈ ਸਾਈ ॥ ੨ ॥

ਨੀਦ ਗਈ ਹਉਮੈ ਤਨਿ ਥਾਕੀ ਸਚ ਮਤਿ ਰਿਦੈ ਸਮਾਈ ॥ ੩ ॥ (ਪੰਨਾਂ 1274)

ਆਸ਼ਕੀ ਕਿਸ ਨੂੰ ਆਖਦੇ ਹਨ ? ਕਹ ਦਿਉ ਆਪਣੇ ਪ੍ਰੀਤਮ ਦਾ ਬੰਦਾ ਬਣ ਜਾਣਾਂ ਤੇ ਦਿਲ ਨੂੰ ਉਸ ਦੇ ਹੱਥ ਦੇ ਕੇ ਆਪ ਹੈਰਾਨ ਫਿਰਨਾਂ।

ਪ੍ਰੇਮ ਦੀ ਬਾਬਤ ਜੇਕਰ ਤੁਸੀਂ ਕੁਝ ਜਾਨਣਾਂ ਚਾਹੋ ਤਾਂ ਤੁਸੀਂ ਪ੍ਰੇਮ ਤੋਂ ਹੀ ਪੁੱਛੋ ਕਿਸੀ ਹੋਰ ਤੋਂ ਨਾਂ ਪੁੱਛਣਾਂ। ਉਹ ਕੁੱਝ ਉਤਰ ਨਹੀ ਦੇਵੇਗਾ। ਪ੍ਰੇਮ ਖੁਸ਼ ਬਿਆਨੀ ਜਾਣਦਾ ਹੈ। ਸੋਹਣੀ ਤਰ੍ਹਾਂ ਸਮਝਾ ਦੇਵੇਗਾ ਕਿ ਉਹ ਕੀ ਕੁੱਝ ਹੈ।

ਸੱਚਾ ਪ੍ਰੇਮ ਕਿਸ ਨੂੰ ਕਹਿੰਦੇ ਹਨ ਕਿ ਇਹ ਅਖਤਿਆਰ ਜਾਂ ਖੁਦੀ ਦੇ ਤਿਆਗ ਕਰਨ ਦਾ ਨਾਮ ਹੈ। ਜਦ ਤੱਕ ਇਸ ਤੋਂ ਛੁਟਕਾਰਾ ਨਹੀਂ ਹੁੰਦਾ ਪ੍ਰੇਮ ਦੇ ਰਸਤੇ ਕੁਛ ਬਣਦਾ ਬਣਾਂਦਾ ਨਹੀ। ਦਿਲ ਨੂੰ ਸਭ ਚਿੰਤਾਂ ਤੇ ਵਿਸ਼ਿਆਂ ਤੋਂ ਛੁਡਾ ਕੇ, ਸ਼ੀਸ਼ੇ ਵਾਂਗ ਸਾਫ ਕਰੋ ਤੇ ਸਾਦੇ ਬਣ ਜਾਉ। ਜਦ ਤੱਕ ਦਿਲ ਉਤੇ ਹਿਰਸ ਹਵਾ ਦੇ ਨਕਸ਼ ਨਿਗਾਰ ਬਾਕੀ ਹਨ, ਪ੍ਰੇਮ ਦਾ ਚਿਹਰਾ ਦਿਖਾਈ ਨਹੀਂ ਦੇਵੇਗਾ। ਪ੍ਰੇਮ ਤੋਂ ਸਾਹਿਬ ਦਿਲ ਮਰਦ ਦੀ ਜਾਨ ਨੂੰ ਜ਼ਿੰਦਗੀ ਮਿਲਦੀ ਹੈ। ਜੇਕਰ ਸੱਚਾ ਪ੍ਰੇਮ ਨਹੀਂ ਤਾਂ ਲਾਲਚ ਹੈ।

"ਪ੍ਰੇਮ ਪ੍ਰੇਮ ਸਭ ਕਹੈ ਪ੍ਰੇਮ ਨਾ ਚੀਨਹਿ ਕੋਇ।

ਆਠ ਪਹਿਰ ਭੀਨਾ ਰਹੇ ਪ੍ਰੇਮ ਕਹਾਵੇ ਸੋਇ"

ਆਇਆ ਪ੍ਰੇਮ ਕਹਾਂ ਗਇਆ, ਦੇਖਾ ਥਾ ਸਭ ਕੋਇ।

ਛਿਨ ਰੋਵੈ ਛਿਨ ਮਹਿ ਹਸੇ,ਯਿਹ ਤੋ ਪ੍ਰੇਮ ਨਾ ਹੋਇ॥(ਕਬੀਰ ਸਾਹਿਬ)

**ਸਲੋਕ ਮ ੪**

ਮੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਅਠੇ ਪਹਿਰ ਲਗੰਨਿ॥

ਜਨ ਨਾਨਕ ਕਿਰਪਾ ਧਾਰਿ ਪ੍ਰਭ ਸਤਿਗੁਰ ਸੁਖਿ ਵਸੰਨਿ॥੧॥ (ਪੰਨਾਂ 301)

ਮਾਲਕ ਦਾ ਪ੍ਰੇਮ ਇਕ ਮੁਹਤਾਜ ਨੂੰ ਭੀ ਇਤਨੀ ਉਚੀ ਨਜ਼ਰ ਬਖਸ਼ਦਾ ਹੈ ਕਿ ਉਹ ਤਖਤ ਤੇ ਤਾਜਾਂ ਵਾਲਿਆਂ ਨੂੰ ਇਕ ਕੱਖ ਦੇ ਬਰਾਬਰ ਨਹੀ ਜਾਣਦਾ। ਪ੍ਰੇਮੀ ਆਪਣੇ ਜਿਗਰ ਦੇ ਖੂਨ ਨਾਲ ਅਤਲਸ ਤੇ ਕਾਮਖਾਬਾਂ ਬੁਣ ਕੇ ਆਪਣੇ ਪ੍ਰੀਤਮ ਦੇ ਚਰਨਾਂ ਦੇ ਹੇਠਾਂ ਵਿਛਾਂਉਦਾ ਹੈ। ਪ੍ਰੇਮ ਹੀ ਮਾਲਕ ਦੀ ਦਰਗਾਹ ਵਿੱਚ ਪਹੁੰਚਾ ਸਕਦਾ ਹੈ ਇਸ ਦਾ ਹਾਸਲ ਕਰਨਾਂ ਹੀ ਸੱਚਾ ਮਿਅਰਾਜ਼ (ਚੜ੍ਹਾਈ) ਹੈ। ਜੇਕਰ ਪ੍ਰੇਮ ਦੀ ਚੜ੍ਹਾਈ ਦੀ ਅਸਲੀ ਕਹਾਣੀ ਪੜ੍ਹਨੀ ਹੋਵੇ ਤਾਂ ਕਿਸੇ ਸੱਚੇ ਪ੍ਰੇਮੀ ਦੇ ਚਿਹਰੇ ਨੂੰ ਦੇਖੋ। ਉਸ ਦੇ ਚਿਹਰੇ ਤੋਂ ਪ੍ਰੇਮ ਦੀ ਝਲਕ ਦਿਸੇਗੀ।

ਪ੍ਰੇਮ ਵਿੱਚ ਜਿਗਰ ਦਾ ਖੂਨ ਪੀਣ ਦੇ ਅੰਦਰ ਖੁਸ਼ੀ ਦੀਆਂ ਗੁਲਜ਼ਾਰਾਂ ਖਿੜਦੀਆਂ ਹਨ। ਪ੍ਰੇਮੀ ਹਮੇਸ਼ਾਂ ਮਾਲਕ ਦੇ ਇਸ਼ਕ ਵਿੱਚ ਲੱਗੇ ਰਹਿੰਦੇ ਹਨ। ਇਸ ਰਸਤੇ ਵਿੱਚ ਕਈ ਮਨਸੂਰ ਆਪਣੀ ਜਾਨ ਗਵਾਉਣ ਵਾਲੇ ਦੁਨੀਆਂ ਦੀਆਂ ਮਾਣ ਵਡਿਆਈਆਂ ਨੂੰ ਲੱਤ ਮਾਰ ਕੇ ਸੂਲੀ ਤੇ ਜਾ ਚੜ੍ਹਦੇ ਹਨ।

ਇਹ ਇਸ਼ਕ ਇਲਾਹੀ ਦੀ ਦੌਲਤ ਕਿਵੇਂ ਮਿਲ ਸਕਦੀ ਹੈ ? ਮੁਰਸ਼ਦ ਦੀ ਹਦਾਇਤ ਤੋਂ ਬਿਨਾਂ ਇਸ ਦਾ ਮਿਲਣਾਂ ਅਸੰਭਵ ਹੈ। ਇਹ ਕਿਸੇ ਵੱਡੇ ਦਿਲ ਵਾਲੇ ਨੂੰ ਮਾਲਕ ਦੀ ਮਿਹਰ ਕਰਕੇ ਪ੍ਰਾਪਤ ਹੁੰਦਾ ਹੈ। ਪ੍ਰੇਮ ਦੀ ਪਛਾਣ ਕੀ ਹੈ ? ਜਿਸ ਨੂੰ ਤੁਸੀ ਗ਼ਮਾਂ ਵਿੱਚ ਆਤੁਰ ਤੇ ਨਿੰਮੋਝੋਣਾ ਦੇਖੋ ਸਮਝ ਲਉ ਕਿ ਉਹ ਆਸ਼ਕੀ ਤੋਂ ਕੋਰਾ ਹੈ ਤੇ ਪ੍ਰੇਮ ਦੀ ਵਿਲਾਇਤ ਵਿੱਚ ਚਲਣ ਵਾਲਾ ਬੰਦਾ ਨਹੀਂ ।

ਜੇਕਰ ਸਾਰਾ ਸੰਸਾਰ ਵੀ ਕੰਡਿਆਂ ਨਾਲ ਭਰ ਜਾਏ ਤਾਂ ਭੀ ਪ੍ਰੇਮੀ ਦਾ ਦਿਲ ਫਿਰ ਵੀ ਪ੍ਰੀਤਮ ਦੀ ਯਾਦ ਕਰਕੇ ਸਦਾ ਗੁਲ ਤੇ ਗੁਲਜ਼ਾਰ ਦੀ ਤਰ੍ਹਾਂ ਖਿੜਿਆ ਰਹਿੰਦਾ ਹੈ। ਉਸ ਨੂੰ ਤੁਸੀਂ ਕਦੇ ਇਕੱਲਾ ਨਾ ਸਮਝੋ ਕਿਉ ਜੋ ਉਸਦਾ ਪ੍ਰੀਤਮ ਹਰ ਵੇਲੇ ਉਸ ਦੀ ਬੁੱਕਲ ਵਿੱਚ ਛੁਪਿਆ ਰਹਿੰਦਾ ਹੈ।

"ਪੜ੍ਹਾਂ ਨਿਵਾਜ਼ ਕਿ ਤੈਂ ਵਲ ਦੇਖਾਂ ਮੈਨੂੰ ਕਾਬਾ ਗਿਓਈ। (ਬੁਲ੍ਹਾ ਸ਼ਾਹ)

ਜ਼ਾਹਦਾਂ ਦੀ ਨਿਵਾਜ਼ ਸਜਦੇ ਕਰਨ ਵਿੱਚ ਹੁੰਦੀ ਹੈ ਤੇ ਆਸ਼ਕਾਂ ਦੀ ਨਮਾਜ਼ ਜਿਸਮ ਨੂੰ ਭੁੱਲ ਜਾਣ ਵਿੱਚ ਹੁੰਦੀ ਹੈ।

ਜ਼ਾਹਦਾਂ ਦਾ ਵਜੂ ਹੱਥ ਪੈਰ ਮੂੰਹ ਧੋ ਕੇ ਹੁੰਦਾ ਹੈ ਅਤੇ ਪ੍ਰੇਮ ਦਾ ਵਜੂ ਦੁਨੀਆਂ ਵੱਲੋਂ ਹੱਥ ਧੋਣਾਂ ਹੈ।

ਜਦ ਤੀਕ ਦੁਨੀਆਂ ਵਲੋਂ ਹੱਥ ਨਾਂ ਧੋ ਲਵੇ, ਤੂੰ ਮਾਲਕ ਨੂੰ ਯਾਦ ਨਾ ਕਰ, ਕਿਉਂ ਜੋ ਸ਼ਰੀਅਤ ਅੰਦਰ ਵਜੂ ਕਰਨ ਤੋਂ ਬਿਨ੍ਹਾਂ ਨਮਾਜ਼ ਜਾਇਜ਼ ਨਹੀਂ ਗਿਣੀ ਜਾਂਦੀ।

ਐਸੇ ਸੁੰਦਰ ਉਪਦੇਸ਼ ਬਾਬਾ ਜੀ ਨੇ ਸਿਪਾਹੀ ਨੂੰ ਸੁਣਾਂ ਕੇ ਪ੍ਰੇਮ ਦੀ ਦ੍ਰਿਸ਼ਟੀ ਨਾਲ ਤੱਕਿਆ। ਪ੍ਰੇਮੀ ਪ੍ਰੇਮ ਦੇ ਨਾਲ ਆਪਣੇ ਹਿਰਦੇ ਦੇ ਪਿਆਲੇ ਨੂੰ ਭਰ ਚੁੱਕਿਆ ਸੀ। ਪ੍ਰੇਮ ਦੇ ਅੱਥਰੂਆਂ ਦੀ ਧਾਰਾ ਅੱਖਾਂ ਵਿਚੋਂ ਬਹਿ ਤੁਰੀ।ਉਨ੍ਹਾਂ ਦਾ ਸੀਸ ਬਾਬਾ ਜੀ ਦੇ ਪਾਵਨ ਚਰਨਾਂ ਤੇ ਟਿਕ ਗਿਆ। ਨੇਤਰ ਮਾਨੋਂ ਗੰਗਾ ਜਮੁਨਾ ਦੀ ਧਾਰਾ ਬਣ ਗਏ। ਪ੍ਰੇਮ ਦੇ ਆਂਸੂਆਂ ਨਾਲ ਮਹਾਂਪੁਰਖਾਂ ਦੇ ਚਰਨਾਂ ਨੂੰ ਧੋ ਦਿੱਤਾ। ਚਰਨ ਹੀ ਨਹੀ ਧੋਤੇ ਹਿਰਦਾ ਧੋਤਾ ਗਿਆ। ਹਿਰਦਾ ਸਾਫ਼ ਸੁਥਰਾ ਸਵੱਛ ਹੋ ਗਿਆ। ਚਰਨਾਂ ਦੀ ਛੂਹ ਮਸਤਕ ਨੂੰ ਪ੍ਰਾਪਤ ਹੋਈ। ਹਿਰਦੇ ਵਿੱਚ ਪ੍ਰੀਤਮ ਦੀ ਮਨ ਮੋਹਣੀ ਸੂਰਤ ਦੀ ਕਾਂਗ ਜਾਗ ਉੱਠੀ। ਉਨ੍ਹਾਂ ਦੀ ਰਸਨਾ ਤੇ ਆਪ ਮੁਹਾਰਾ ਜਾਪ ਸ਼ੁਰੂ ਹੋ ਗਿਆ। ਉਨ੍ਹਾਂ ਦੀਆਂ ਰੁਦਰ ਵਿਸ਼ਨੂੰ ਗ੍ਰੰਥੀਆਂ ਖੁੱਲ ਗਈਆਂ। ਹਿਰਦੇ ਵਿਚੋਂ ਮਿੱਠੀ ਮਿੱਠੀ ਠੰਢਕ ਸ਼ੁਰੂ ਹੋ ਗਈ। ਜੋਤੀ ਦਾ ਉਜਾਲਾ ਹੋ ਗਿਆ। ਛੇ ਮੂਧੇ ਚੱਕਰ ਸਿੱਧੇ ਹੋ ਗਏ। ਪੰਖੜੀਆਂ ਖਿੜ ਗਈਆਂ। ਸਾਖੀ ਦੇਵਤੇ ਪ੍ਰਗਟ ਹੋ ਗਏ। ਅਨਾਹਦ ਦੀਆਂ ਧੁਨੀਆਂ ਸੁਣਾਈ ਦੇਣ ਲੱਗੀਆਂ। ਸਾਰੇ ਰੋਮ ਜ਼ੁਬਾਨਾਂ ਬਣ ਗਏ। ਹਰ ਰੋਮ ਸ਼ਬਦ ਵਿੱਚ ਬਦਲ ਗਿਆ। ਸਾਰੇ ਬ੍ਰਹਮੰਡਾਂ ਖੰਡਾਂ ਦਾ ਪਸਾਰਾ ਭਾਸਣ ਲੱਗ ਪਿਆ। ਅੰਦਰ ਇਕੋ ਨਿਰੰਕਾਰ ਦੇ ਪ੍ਰਕਾਸ਼ ਦਾ ਅਨੁਭਵ ਕਰਨ ਲੱਗੇ। ਸਾਰੇ ਪਾਸਿਉਂ ਖੁਸ਼ਬੋ ਹੀ ਖੁਸ਼ਬੋ ਪ੍ਰਤੀਤ ਹੋਣ ਲੱਗੀ। ਬਾਬਾ ਆਇਆ ਸਿੰਘ ਜੀ ਸਰਗੁਣ ਨਿਰਗੁਣ ਵਿੱਚ ਲੀਨ ਹੋ ਗਏ। ਸਾਰੇ ਪ੍ਰਕਾਸ਼ ਹੀ ਪ੍ਰਕਾਸ਼ ਹੋ ਗਿਆ। ਐਸੇ ਕ੍ਰਿਸ਼ਮੇ ਨੂੰ ਦਿਖਾਉਣ ਤੋਂ ਬਾਅਦ ਉਹ ਸਰਗੁਣ ਸਰੂਪ ਵਿੱਚ ਪ੍ਰਗਟ ਹੋ ਗਏ।ਅੱਜ ਸਿਪਾਹੀ ਜਵਾਲਾ ਸਿੰਘ ਜੀ ਨੂੰ ਸੰਤ ਬਣਾ ਦਿੱਤਾ। ਚਰਨਾਂ ਤੋਂ ਚੁੱਕ ਕੇ ਛਾਤੀ ਨਾਲ ਲਾ ਲਿਆ ਤੇ ਪੁੱਛਿਆ: ਦੱਸ ਹੁਣ ਤੂੰ ਸਾਨੂੰ ਜਾਣਦਾ ਹੈ ਕਿ ਨਹੀਂ? ਸੰਤ ਜਵਾਲਾ ਸਿੰਘ ਜੀ ਬੈਰਾਗ ਵਿੱਚ ਰੋ ਰਹੇ ਹਨ ਅਤੇ ਕਿਹਾ ਆਪ ਜੀ ਦੀ ਕ੍ਰਿਪਾ ਸਦਕਾ ਮੈਨੂੰ ਸਰੂਪ ਦੀ ਲੱਖਤਾ ਹੋ ਗਈ ਹੈ। ਮੈਂ ਆਪ ਦਾ ਸ਼ੁਕਰ ਗੁਜ਼ਾਰ ਹਾਂ। ਮੈਂ ਅਨੁਭਵ ਕੀਤਾ ਹੈ ਕਿ ਚਿਰੋਕਲੇ ਜਨਮਾਂ ਤੋਂ ਆਪ ਜੀ ਦਾ ਸੇਵਕ ਹਾਂ। ਤੁਸੀਂ ਮੇਰੇ ਮੁਰਸ਼ਦ ਹੋ। ਕਹਿ ਕੇ ਖਾਮੋਸ਼ ਹੋ ਗਏ। ਬਾਬਾ ਜੀ ਨੇ ਸਿਪਾਹੀ ਨੂੰ ਸੰਤ ਬਣਾ ਕੇ ਆਪਣੇ ਨਾਲ ਅਭੇਦ ਕਰ ਲਿਆ।

॥ ਮਹਲਾ ੨॥ ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥

ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥੨॥

## ਬਾਬਾ ਜੀ ਵਲੋਂ ਪੰਜ ਵਚਨਾਂ ਦੀ ਬਖਸ਼ਿਸ਼ :

1) ਸਵਾਸ ਸਵਾਸ ਸਿਮਰਨ ਕਰਨਾਂ

2) ਹੰਕਾਰ ਬਿਰਤੀ ਕਦੇ ਗ੍ਰਹਿਣ ਨਾ ਕਰਨੀ

3) ਸੰਸਾਰ ਤੋਂ ਨਿਰਲੇਪ ਮਹਾਂਪੁਰਖਾਂ ਦੀ ਸੰਗਤ ਕਰਨੀਂ

4) ਕਿਸੇ ਅੱਗੇ ਹੱਥ ਨਹੀ ਅੱਡਣੇ

5) ਇਕਾਂਤ ਵਾਸ ਕਰਨਾਂ ।

ਸੰਤ ਜਵਾਲਾ ਸਿੰਘ ਜੀ ਨੇ ਇਹ ਵਚਨ ਪ੍ਰੇਮ ਨਾਲ ਸੁਣੇ ਤੇ ਸਾਰੀ ਜ਼ਿੰਦਗੀ ਇੰਨ੍ਹਾਂ ਤੇ ਪੂਰਾ ਪੂਰਾ ਪਹਿਰਾ ਦਿੱਤਾ।

## ਕਬਿੱਤ ਭਾਈ ਗੁਰਦਾਸ ਜੀ

ਦਰਸ਼ਨ ਦੇਖਤ ਹੀ, ਸੁਧ ਕੀ ਨਾ ਸੁਧ ਰਹੀ, ਬੁਧਿ ਕੀ ਨ ਬੁਧਿ ਰਹੀ,ਮਤਿ ਮਹਿ ਨ ਮਤਿ ਹੈ। ਸੁਰਤਿ ਮੈ ਨ ਸੁਰਤਿ ਔ, ਧਯਾਨੁ ਮੈਂ ਨ ਧਯਾਨ ਰਹਯੋ, ਗਯਾਨ ਮੈ ਨ ਗਯਾਨ ਰਹਯੋ,ਗਤਿ ਮੈ ਨ ਗਤਿ ਹੈ। ਧੀਰਜ ਕੋ ਧੀਰਜ, ਗਰਬ ਕਉ ਗਰਬ ਗਯੋ, ਰਤਿ ਮੈ ਨ ਰਤਿ ਰਹੀ, ਪਤਿ ਰਤਿ ਪਤਿ ਹੈ। ਅਦਭੁਤ ਪਰਮਦਭੁਤ ਬਿਸਮੈ ਬਿਸਮ ਅਸਚਰਜੈ ਅਸਚਰਜ, ਅਤਿ ਅਤਿ ਹੈ॥੨੫॥ (ਅੰ:ਕੀਰਤਨ ਪੰਨਾਂ 557)

(ਨਾਮ)

ਯਥਾ :- ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ ॥ ੪੦ ॥ (1357)

ਤਥਾ :- ਸੋਰਠਿ ਮਃ ੫ ॥ ਜੇਤੀ ਸਮਗ੍ਰੀ ਦੇਖਹੁ ਰੇ ਨਰ ਤੇਤੀ ਹੀ ਛਡਿ ਜਾਨੀ ॥

ਰਾਮ ਨਾਮ ਸੰਗਿ ਕਰਿ ਬਿਉਹਾਰਾ ਪਾਵਹਿ ਪਦੁ ਨਿਰਬਾਨੀ ॥੧॥(614)

ਬਿਲਾਵਲ ਮਹਲਾ ੪॥ ਬੋਲਹੁ ਭਈਆ ਰਾਮ ਨਾਮੁ ਪਤਿਤ ਪਾਵਨੋ ॥ (ਪੰਨਾਂ 800)

ਧਨਾਸਰੀ ਮਹਲਾ ੧ ਘਰੁ ੩ ੧ੴ ਸਤਿਗੁਰ ਪ੍ਰਸਾਦਿ॥ (ਪੰਨਾਂ 662)

ਕਾਲੁ ਨਾਹੀ ਜੋਗ ਨਾਹੀ ਨਾਹੀ ਸਤ ਕਾ ਢਬ॥ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ॥੧॥

ਸੋਰਠਿ ਮਹਲਾ ੫ ॥ਖੋਜਤ ਖੋਜਤ ਖੋਜਿ ਬੀਚਾਰਿਓ ਰਾਮ ਨਾਮੁ ਤਤੁ ਸਾਰਾ॥

ਕਿਲਬਿਖ ਕਾਟੇ ਨਿਮਖ ਅਧਾਰਿਆ ਗੁਰਮੁਖਿ ਪਾਰਿ ਉਤਾਰਾ॥੧॥ਹਰਿ ਰਸੁ ਪੀਵਹੁ ਪੁਰਖ ਗਿਆਨੀ॥ਸੁਣਿ ਸੁਣਿ ਮਹਾ ਤ੍ਰਿਪਤਿ ਮਨੁ ਪਾਵੈ ਸਾਧੂ ਅੰਮ੍ਰਿਤ ਬਾਨੀ॥ਰਹਾਉ॥ (ਪੰਨਾਂ 611)

ਮੂਲ ਮੰਤਰ:

੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਮੂਲ ਮੰਤਰ ਵਿੱਚ ਏਕੇ ਦਾ ਵਿਚਾਰ:-

ਪਹਿਲਾ ਕਾਰਣ - ਏਕਾ ਇਸ ਕਰਕੇ ਲਿਖਿਆ ਹੈ ਜੋ ਸਾਡਾ ਇਕ ਅਦਵੈਤ ਸਿਧਾਂਤ ਹੈ। ਅਸੀਂ ਫਿਰਕੇਦਾਰੀ ਤੋਂ ਰਹਿਤ ਹਾਂ। ਯਥਾ :-

ਨਾਨਕ ਕਲਿ ਵਿਚਿ ਆਇਆ, ਰਬੁ ਫਕੀਰੁ ਇਕੋ ਪਹਿਚਾਨਾ।

(ਭਾਈ ਗੁਰਦਾਸ ਜੀ ਵਾਰ ਪਹਿਲੀ,ਪਉੜੀ 35)

## (ਨਾਮ ਦੀ ਕਲਾ)

ਸਿਧ ਪੁਛਣ ਸੁਣ ਬਾਲਿਆ ਕੌਣ ਸ਼ਕਤਿ ਤੁਹਿ ਏਥੇ ਲਿਆਈ?

ਉੱਤਰ : ਹਉ ਜਪਿਆ ਪ੍ਰਮੇਸਰੋ ਭਾਉ ਭਗਤਿ ਸੰਗ ਤਾੜੀ ਲਾਈ॥ (ਭਾਈ ਗੁਰਦਾਸ ਜੀ (ਵਾਰ ਦੂਸਰੀ)

**ਦੂਜਾ ਕਾਰਣ:** ਅਸੀਂ ਇਕ ਦੇ ਉਪਾਸ਼ਕ ਹਾਂ। ਉਪਦੇਸ਼ ਵੀ ਇੱਕ ਦਾ ਕਰਦੇ ਹਾਂ

ਏਕੋ ਜਪਿ ਏਕੋ ਸਾਲਾਹਿ॥ਏਕੁ ਸਿਮਰਿ ਏਕੋ ਮਨ ਆਹਿ॥

ਏਕਸ ਕੇ ਗੁਨ ਗਾਉ ਅਨੰਤ॥ਮਨਿ ਤਨਿ ਜਾਪਿ ਏਕ ਭਗਵੰਤ॥

ਏਕੋ ਏਕੁ ਏਕੁ ਹਰਿ ਆਪਿ॥ ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ॥

ਅਨਿਕ ਬਿਸਥਾਰ ਏਕ ਤੇ ਭਏ॥ਏਕੁ ਅਰਾਧਿ ਪਰਾਛਤ ਗਏ॥

ਮਨਿ ਤਨ ਅੰਤਰਿ ਏਕੁ ਪ੍ਰਭੁ ਰਾਤਾ॥ਗੁਰ ਪ੍ਰਸਾਦਿ ਨਾਨਕ ਇਕੁ ਜਾਤਾ॥੮॥੧੯॥

(ਸੁਖਮਨੀ ਸਾਹਿਬ ਅਸਟਪਦੀ 19)

ਤਥਾ :- ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ॥

**ਤੀਸਰਾ ਕਾਰਣ:** ਵੇਦ ਵਿੱਚ ਸ਼ੁਰਤੀ ਕਥਨ ਕਰਦੀ ਹੈ (ਏਕੋ ਹੰ ਬਹੁ ਸਯਾਮ ਬਹੁ ਪ੍ਰਜਾਯੇਯ ਅਹੰ ਕਹੀਏ)ਮੈਂ ਇਕ ਸੇ ਬਹੁਤ ਪ੍ਰਜਾ ਰੂਪ ਹੋ ਜਾਂਵਾ ਇਸ ਲਈ ਸ਼ੁਰਤੀ ਅਨੁਸਾਰ ਮੂਲਮੰਤਰ ਤੋਂ ਅੱਗੇ ਏਕਾ ਰੱਖ ਦਿੱਤਾ। ਇਸੀ ਕਾਰਣ ਸੇ ਇਹ ਮੰਤਰ ਵੇਦਾਂ ਅਨੁਸਾਰ ਹੈ। ਤੈਤ੍ਰੀ ਉਪਨਿਸ਼ਦ ਦੀ ਸਿਖਿਆਵਲੀ ਮੇਂ ਵੀ ਇਸੀ ਸ਼ੁਰਤੀ ਦਾ ਤਾਤਪਰਜ ਹੈ।

"ਤਦ ਈਖਸ਼ਤ ਬਹੁਤ ਸਯਾਮ ਪ੍ਰਜਾਯੇਯ ॥

ਜਦ ਜੀਵਾਂ ਦੇ ਕਰਮ ਫਲ ਦੇਣੇ ਕੋ ਉਦਬੁਦ ਹੋਏ ਤਦ = ਕਹੀਏ ਤਬ ਉਸ ਬ੍ਰਹਮ ਨੇ ਈਖਸ਼ਤ ਵਿਚਾਰ ਕੀਤਾ ਕਿ ਤੋ ਮੈਂ ਬਹੁਤ ਰੂਪ ਸੇ ਪ੍ਰ = ਭਲੀ ਪ੍ਰਕਾਰ ਜਾਯੇਯ = ਉਤਪੰਨ ਸਯਾਮ ਹੋ ਜਾਵਾਂ।

**ਚੌਥਾ ਕਾਰਣ:** ਵੇਦ ਵਿਖੇ ਜੋ ਓਂ ਸ਼ਬਦ ਹੈ ਇਹ ਪ੍ਰਮਾਤਮਾ ਦਾ ਤਟੱਸਟ ਲਕਸ਼ਣ ਹੈ। ਕਿਉਂਕਿ ਓਂ ਸ਼ਬਦ ਦਾ ਅਰਥ ਹੈ ਉਤਪਤੀ ਪਾਲਣਾ ਕਰਨਾਂ ਲੈਤਾ ਕਰਨਾਂ ।

**ਦੋਹਰਾ:** ਅਕਾਰ ਉਕਾਰ ਮਕਾਰ ਪੁਨ ਅਰਧ ਬਿੰਦੁ ਪਹਿਚਾਨ।

ਚਾਰੋਂ ਕੇ ਸਮੁਦਾਇ ਜੋ, ਓਅੰਕਾਰ (ੳਂ) ਅਰਥ ਪਹਿਚਾਨ।

"ਕਦਾਚਿਤ ਕਤ੍ਵੇ ਸਤਿ, ਅਨ ਵਯਾਵਰਤ ਕਤਿਯੰ, ਤਤੱਸ਼ਟ ਲਕਸ਼ਨਤ੍ਵੰ ॥"

ਵਸਤੂ ਵਿਖੇ ਜੋ ਕਦੀ ਹੋਵੇ ਤੇ ਕਦੀ ਨਾ ਹੋਵੇ ਅਤੇ ਅਨ ਦੂਜਿਆਂ ਤੋਂ ਵਯਾਵਰਤ = ਭਿੰਨ ਕਰਕੇ ਵਿਖਾਵੇ, ਉਸ ਨੂੰ ਤਤੱਸ਼ਟ ਆਖਦੇ ਹਨ।

ਯਥਾ:- ਕਿਸੇ ਪ੍ਰਦੇਸੀ ਨੇ ਆ ਕੇ ਪੁੱਛਿਆ ਕਿ ਅਮਕੀ ਧਰਮਸ਼ਾਲਾ ਜਾਣਾ ਹੈ ਤੂੰ ਦੱਸ ਕਿੱਥੇ ਹੈ ਉਸ ਨੇ ਕਿਹਾ ਉਹ ਜਿੱਥੇ ਕਾਂ ਬੈਠਾ ਹੈ। ਉਹ ਹੀ ਧਰਮਸ਼ਾਲਾ ਹੈ। ਹੁਣ ਵਿਚਾਰੋ ਕਾਂ ਧਰਮਸ਼ਾਲਾ ਨੂੰ ਤਾਂ ਦੱਸ ਗਿਆ ਪਰ ਧਰਮਸ਼ਾਲਾ ਦਾ ਰੂਪ ਨਹੀਂ। ਇਸੀ ਤੇ ਸਮਝੋ ਕਿ ਕਾਂ ਧਰਮਸ਼ਾਲਾ ਦਾ ਤੱਤਸ਼ਟ ਲਖਸ਼ਣ ਹੈ।ਚੂਨੇ ਗਚ ਹੋਣਾ ਇਹ ਧਰਮਸ਼ਾਲਾ ਦਾ ਸਰੂਪ ਲਖਸ਼ਣ ਹੈ । ਇਹ ਹੈ ਦ੍ਰਿਸ਼ਟਾਂਤ ਇਸੀ ਪ੍ਰਕਾਰ ਸੇ ੳਂ ਸ਼ਬਦ ਇਹ ਪ੍ਰਮਾਤਮਾ ਦਾ ਤੱਤਸ਼ਟ ਲਖਸ਼ਨ ਹੈ।

ਯਥਾ :- ਉਤਪਤਿ ਇਸਥਿਤ ਲੈ ਕਾਰਨਤ੍ਵੰ, ਈਸ਼੍ਵਰ ਅਸਹਿ ਤਤੱਸ਼ਟ ਲਖਸਨਤ੍ਵੰ॥

ਸੰਸਾਰ ਦੀ ਉਤਪਤੀ ਪਾਲਣਾਂ ਲੈਤਾ ਕਰਨ ਦਾ ਕਾਰਨ ਜਿਸ ਵਿੱਚ ਹੈ, ਉਹੀ ਈਸ਼੍ਵਰ ਦਾ ਤਤੱਸ਼ਟ ਲਕਸ਼ਣ ਹੈ। ਵੇਦ ਵਿੱਚ ਓਅੰ ਨੂੰ ਪ੍ਰਮਾਤਮਾ ਦਾ ਤਤੱਸ਼ਟ ਲਖਸ਼ਣ ਕੀਤਾ ਹੈ। ਪ੍ਰੰਤੂ ਸਰੂਪ ਲਖਸ਼ਣ ਨਹੀਂ। ਕਥਨ ਕੀਤਾ ਹੈ ਮੂਲਮੰਤਰ ਵਿੱਚ ਇੱਕ ਪ੍ਰਮਾਤਮਾ ਦਾ ਸਰੂਪ ਲਕਸ਼ਣ ਕਥਨ ਕੀਤਾ ਹੈ।ਓਅੰ ਤਟੱਸ਼ਥ ਲਖਸ਼ਣ ਕਥਨ ਕੀਤਾ ਹੈ। ਇਸੇ ਲਈ ਮੂਲਮੰਤਰ ਵੇਦ ਤੋਂ ਵਿਸ਼ੇਸ਼ ਹੈ।

"ਸਰੂਪ ਭੂਤਤ੍ਵੇ ਸਤ ਅਨਵਯਾਵਰਤ ਕਤ੍ਵੰ "

ਸਰੂਪ ਲਖਸਨਤ੍ਵੰ = ਅਰਥ :- ਜੋ ਵਸਤੂ ਤਤ ਸਰੂਪ ਹੋ ਕੇ ਤਿਸ ਨੂੰ ਅਨ ਹੋਰ =ਵਸਤੂਆਂ ਤੋਂ ਵਯਾਵਰਤ= ਭਿੰਨ ਕਰਕੇ ਜਾਣਾਵੇ ਉਸ ਨੂੰ ਸਰੂਪ ਲਕਸ਼ਣ ਕਹਿੰਦੇ ਹਨ। ਪ੍ਰਮਾਤਮਾ ਦਾ ਸਰੂਪ ਲਕਸ਼ਣ ਇਹ ਹੈ।

"ਸਤ ਚਿਤ ਅਨੰਦ ਰੂਪਤ੍ਵੰ

ਈਸ਼੍ਵਰੰ ਅਸਹਿ ਸਰੂਪ ਲਖਸਨਤ੍ਵੰ ਸਤ ਚਿਤ ਅਨੰਦ ਰੂਪ ਏਹੀ ਬ੍ਰਹਮ ਦਾ ਸਰੂਪ ਲਖਸ਼ਨ ਹੈ ॥

ਪੰਜਵਾਂ ਕਾਰਣ:- ਵੇਦ ਮੱਤ ਅਨੁਸਾਰ ਇਸਤਰੀ ਅਤੇ ਸ਼ੂਦਰ ਜਾਤਿ ਨੂੰ ਬੇਦ ਮਤ ਪੜ੍ਹਨ ਦੀ ਆਗਿਆ ਨਹੀਂ ਹੈ। ਪ੍ਰੰਤੂ ਇਸਤਰੀ ਔਰ ਸ਼ੂਦਰ ਦੇ ਉਧਾਰ ਲਈ ਇਸ ਏਕੇ ਨੂੰ ਪੜ੍ਹਦੇ ਦੇ ਤੌਰ ਤੇ ਵਰਤਿਆ ਹੈ। ਅਰਥਾਤ ਇਸ ਏਕੇ ਨੂੰ ਉਚਾਰਣ ਕਰਕੇ ਫਿਰ ਬਾਣੀ ਦਾ ਪਾਠ ਕਰ ਲੈਣ ਤੇ ਈਸ਼ਵਰ ਦੀ ਆਗਿਆ ਵੀ ਬਣੀ ਰਹਿੰਦੀ ਹੈ ਤੇ ਇਸਤਰੀ ਤੇ ਸ਼ੂਦਰ ਜਾਤਿ ਦਾ ਵੀ ਉਧਾਰ ਹੋ ਜਾਂਦਾ ਹੈ।

ਯਥਾ :- ਵੇਦ, ਨੁਖਾ ਨੂੰ ਆਪਣੇ ਸਹੁਰੇ ਨਾਲ ਗੱਲ ਕਥਨ ਕਰਨ ਦੀ ਆਗਿਆ ਨਹੀਂ ਦਿੰਦੇ। ਨੁਖਾ ਦਾ ਸਹੁਰੇ ਨਾਲ ਬੋਲਣਾ ਵਿਵਰਜਤ ਹੈ।ਪਰ ਜੇ ਕਦੀ ਮੁਸੀਬਤ ਦਾ ਵਕ਼ਤ ਹੋਵੇ। ਇਸਤਰੀ ਕੋਲ ਉਸ ਦਾ ਪਤੀ, ਦੇਵਰ ਜਾਂ ਨਨਾਣ ਵੀ ਨਾਂ ਹੋਵੇ ਤਾਂ ਉਹ ਘੁੰਡ ਕੱਢ ਕੇ ਆਪਣੇ ਸਹੁਰੇ ਨਾਲ ਗੱਲ ਕਰ ਸਕਦੀ ਹੈ। ਇਸ ਵਿੱਚ ਕੋਈ ਦੋਸ਼ ਨਹੀਂ। ਇਸੀ ਤਰਾਂ ਪਹਿਲੇ ਏਕੇ ਉਚਾਰ ਫਿਰ ਸਤਿਨਾਮ ਮੰਤਰ ਦਾ ਉਚਾਰਣ ਕਰੇ ਤਾਂ ਕੋਈ ਪਾਪ ਨਹੀਂ। ਨਾਮ ਜਪਣ ਦਾ ਅਧਿਕਾਰ ਸਾਰਿਆਂ ਨੂੰ ਹੈ। ਤਥਾ :-

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥ ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥੪॥੩॥੫੦॥ (ਪੰਨਾ ੭੪੭) ਤਥਾ :-

ਖਤ੍ਰੀ ਬ੍ਰਾਹਮਣ ਸੂਦ ਵੈਸ ਸਭ ਏਕੈ ਨਾਮਿ ਤਰਾਨਥ ॥ ਗੁਰੁ ਨਾਨਕੁ ਉਪਦੇਸੁ ਕਹਤੁ ਹੈ ਜੋ ਸੁਨੈ ਸੋ ਪਾਰਿ ਪਰਾਨਥ ॥ ੪ ॥ ( ਪੰਨਾ 1001) ॥

ਖਤ੍ਰੀ ਬ੍ਰਹਾਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ ॥(ਪੰਨਾ 300)

ਬਿਲਾਵਲੁ ਮਹਲਾ ਚਉਥਾ ॥ਖਤ੍ਰੀ ਬ੍ਰਹਮਣੁ ਸੂਦੁ ਵੈਸੁ ਕੋ ਜਾਪੈ ਹਰਿ ਮੰਤ੍ਰੁ ਜਪੈਨੀ ॥ ਗੁਰੁ ਸਤਿਗੁਰੁ ਪਾਰਬ੍ਰਹਮੁ ਕਰਿ ਪੂਜਹੁ ਨਿਤ ਸੇਵਹੁ ਦਿਨਸੁ ਸਭ ਰੈਨੀ ॥ ੧ ॥ (ਪੰਨਾਂ 800)

(ਮੰਤਰ ਨਿਰਣਯ) 1. ਸੱਤਾਂ ਨਾਮਾਂ ਵਾਲਾ ਹੈ ?

2. ਦਸਾਂ ਨਾਮਾਂ ਵਾਲਾ ਹੈ ?

3. ਬਾਰਾਂ ਨਾਮਾਂ ਵਾਲਾ ਹੈ ?

4. ਸੋਲਾਂ ਨਾਮਾਂ ਵਾਲਾ ਹੈ ?

1.

| 1 | 2 | 3 | 4 | 5 | 6 | 7 |
|---|---|---|---|---|---|---|
| ਕਰਤਾ | ਪੁਰਖੁ | ਨਿਰਭਉ | ਨਿਰਵੈਰੁ | ਅਕਾਲ ਮੂਰਤਿ | ਅਜੂਨੀ | ਸੈਭੰ |

2.

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਸਤਿ | ਨਾਮੁ | ਕਰਤਾ | ਪੁਰਖੁ | ਨਿਰਭਉ | ਨਿਰਵੈਰੁ | ਅਕਾਲ | ਮੂਰਤਿ | ਅਜੂਨੀ | ਸੈਭੰ |

3.

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਸਤਿ | ਨਾਮੁ | ਕਰਤਾ | ਪੁਰਖੁ | ਨਿਰਭਉ | ਨਿਰਵੈਰੁ | ਅਕਾਲ | ਮੂਰਤਿ | ਅਜੂਨੀ | ਸੈਭੰ | ਗੁਰ | ਪ੍ਰਸਾਦਿ |

4.

| 1 | 2 | 3 | 4 | = | 1 | 2 | 3 | 4 |
|---|---|---|---|---|---|---|---|---|
| ਓ | ਅੰ | ਕਾ | ਰ | | ਅਕਾਰ | ਉਕਾਰ | ਮਕਾਰ | ਅਰਧਬਿੰਦ |

| 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|
| ਸਤਿ | ਨਾਮੁ | ਕਰਤਾ | ਪੁਰਖੁ | ਨਿਰਭਉ | ਨਿਰਵੈਰੁ | ਅਕਾਲ | ਮੂਰਤਿ | ਅਜੂਨੀ | ਸੈਭੰ | ਗੁਰ | ਪ੍ਰਸਾਦਿ |

**5.ਪੰਜਾਂ ਅੱਖਰਾਂ ਵਾਲਾ**

| 1 | 2 | 3 | 4 | 5 |
|---|---|---|---|---|
| ੧ਓ | ਸ | ਤਿ | ਨਾ | ਮੁ |

**ਸੋਲਾਂ ਅੱਖਰਾਂ :-** ਉਪਨਿਸ਼ਦਾ ਅਨੁਸਾਰ ਮੰਤਰਾਂ ਦਾ ਨਿਰਣੈ :

| 1 | 2 | 3 | 4 | 5 | 6 | 7 | 8 |
|---|---|---|---|---|---|---|---|
| ਹਰੇ | ਰਾਮ | ਹਰੇ | ਰਾਮ | ਰਾਮ | ਰਾਮ | ਹਰੇ | ਹਰੇ |
| 1 | 2 | 3 | 4 | 5 | 6 | 7 | 8 |
| ਹਰੇ | ਕ੍ਰਿਸ਼ਨ | ਹਰੇ | ਕ੍ਰਿਸ਼ਨ | ਕ੍ਰਿਸ਼ਨ | ਕ੍ਰਿਸ਼ਨ | ਹਰੇ | ਹਰੇ |

(ਕ੍ਰਿਸ਼ਨ ਯਜੁਰ ਵੇਦੀਯ ਕਲੀ ਸੰਤ ਰੇਣ ਉਪਨਿਸ਼ਦ)

**ਪੰਜ ਅੱਖਰਾ :-** ਓ ਨਮੋ ਸ਼ਿਵਾ, ਪਰਮੇਸ਼੍ਵਰ

ਪ੍ਰਸ਼ਨ :- ਕਈ ਲੋਕ ਓਅੰ ਪੜ੍ਹਦੇ ਹਨ, ਕਈ ਓਅੰਕਾਰ ਪੜ੍ਹਦੇ ਹਨ ?

ਉੱਤਰ:- ੧ਓ ਪੜ੍ਹਨਾਂ ਚਾਹੀਦਾ ਹੈ। (ਇਕ ਓਅੰਕਾਰ ਉਚਾਰਨਾਂ ਹੈ)

**ਯਥਾ**

**ਰਾਮਕਲੀ ਮਹਲਾ ੧ ਦਖਣੀ ਓਅੰਕਾਰੁ ੧ਓ ਸਤਿਗੁਰ ਪ੍ਰਸਾਦਿ ॥ ਓਅੰਕਾਰਿ ਬ੍ਰਹਮਾ ਉਤਪਤਿ॥ ਓਅੰਕਾਰੁ ਕੀਆ ਜਿਨਿ ਚਿਤਿ॥ ਓਅੰਕਾਰਿ ਸੈਲ ਜੁਗ ਭਏ ॥ ਓਅੰਕਾਰਿ ਬੇਦ ਨਿਰਮਏ ॥ ਓਅੰਕਾਰਿ ਸਬਦਿ ਉਧਰੇ ॥ ਓਅੰਕਾਰਿ ਗੁਰਮੁਖਿ ਤਰੇ ॥ਓਨਮ ਅਖਰ ਸੁਣਹੁ ਬੀਚਾਰੁ ॥ ਓਨਮ ਅਖਰੁ ਤ੍ਰਿਭਵਣ ਸਾਰੁ॥੧॥(ਪੰਨਾਂ 929)**

ਤਥਾ: ਏਕਾ ਏਕੰਕਾਰ ਲਿਖਿ ਦਿਖਾਲਿਆ॥ਊੜਾ ਓਅੰਕਾਰ ਪਾਸਿ ਬਹਾਲਿਆ ॥

ਸਤਿਨਾਮੁ ਕਰਤਾਰ ਨਿਰਭਉ ਭਾਲਿਆ॥ਨਿਰਵੈਰਹੁ ਜੈਕਾਰੁ ਅਜੂਨਿ ਅਕਾਲਿਆ ॥

ਸਚ ਨੀਸਾਣੁ ਅਪਾਰੁ ਜੋਤਿ ਉਜਾਲਿਆ॥(ਭਾਈ ਗੁਰਦਾਸ ਜੀ ਵਾਰ ਤੀਸਰੀ ਪਉੜੀ 15)

**(ਸੱਤਾਂ ਅੱਖਰਾਂ ਵਾਲਾ):**

| 1 | 2 | 3 | 4 | 5 | 6 | 7 |
|---|---|---|---|---|---|---|
| ਸ | ਤਿ | ਗੁ | ਰ | ਪ੍ਰ | ਸਾ | ਦਿ |

**(ਦਸਾਂ ਅੱਖਰਾਂ ਵਾਲਾ):**

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ੧ | ਓ | ਸ | ਤਿ | ਗੁ | ਰ | ਪ | ਰ | ਸਾ | ਦਿ |

(ਬਾਰਾਂ ਅੱਖਰਾਂ ਵਾਲਾ):

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ੧ | ਓ | ਸ | ਤਿ | ਨਾ | ਮੁ | ਗੁ | ਰ | ਪ | ਰ | ਸਾ | ਦਿ |

(ਸੋਲਾਂ ਅੱਖਰਾਂ ਵਾਲਾ):

| 1 | 2 | 3 | 4 | 5 | 6 | 7 | 8 | 9 | 10 | 11 | 12 | 13 |
|---|---|---|---|---|---|---|---|---|---|---|---|---|
| ੧ਓ | ਸ | ਤਿ | ਨਾ | ਮੁ | ਕ | ਰ | ਤਾ | ਪੁ | ਰ | ਖੁ | ਗੁ | ਰ |
| 14 | 15 | 16 | | | | | | | | | | |
| ਪ੍ਰ | ਸਾ | ਦਿ | | | | | | | | | | |

24 ਅੱਖਰਾ:- (ਗਾਇਤ੍ਰੀ ਮੰਤਰ)

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਸ | ਤਿ | ਨਾ | ਮੁ | ਕ | ਰ | ਤਾ | ਪੁ | ਰ | ਖੁ | ਨਿ | ਰ |
| 13 | 14 | 15 | 16 | 17 | 18 | 19 | 20 | 21 | 22 | 23 | 24 |
| ਭ | ਉ | ਨਿ | ਰ | ਵੈ | ਰੁ | ਅ | ਕਾ | ਲ | ਮੂ | ਰ | ਤਿ |

ਦਸਮ ਪਾਤਸ਼ਾਹ ਜੀ ਵਲੋਂ :- 24 ਅੱਖਰੀ ਗਾਇਤ੍ਰੀ

**ਚਾਚਰੀ ਛੰਦ:** ਗੁਬਿੰਦੇ ਮੁਕੰਦੇ ਉਦਾਰੇ ਅਪਾਰੇ॥ ਹਰੀਅੰ ਕਰੀਅੰ ਨ੍ਰਿਨਾਮੇ ਅਕਾਮੇ॥

(ਸੱਤ) ਅੱਖਰਾਂ ਵਾਲਾ:

ਓਂ ਵਿਸ਼ਨਵੇ ਨਮਃ

ਓਂ ਗੋਬਿਦਾਯ ਨਮਃ

ਓਂ ਓਪੇਂਦ੍ਰਾਯ ਨਮਃ

ਓਂ ਅਚੁਤਾਯ ਨਮਃ

ਓਂ ਕੇਸ੍ਵਾਯ ਨਮਃ

(ਇਹ ਮੰਤਰ ਮਹਾਂ ਨਰਾਇਣ ਉਪਨਿਸ਼ਦ ਸੱਤਵੇਂ ਅਧਿਆਇ ਵਿਚੋਂ ਹਨ (ਪੰਨਾਂ 379)

**(ਦਸ ਅੱਖਰਾ):** ਓਂ ਜਾਨਕੀ ਵਲਭਾ ਨਮਹ

(ਵਾ) ਸ੍ਰੀ ਮਤੇ ਨਾਰਾਯਿਣਾਯ ਨਮ ః

**ਬਾਰਾਂ ਅੱਖਰਾ:** ਓਂ ਨਮੋ ਭਗਵਤੇ ਵਾਸੁਦੇਵਾਯ ਨਮ ః

**ਸੋਲਾਂ ਅੱਖਰਾ:** ਓਂ ਨਮੋ ਭਗਵਤੇ ਰੁਕਮਣੀ ਵਲਭਾ ਸ੍ਵਾਹਾ ॥

### (ਸਨਾਤਨੀ ਚੌਵੀ ਅੱਖਰੀ ਗਾਇਤ੍ਰੀ)

1 2 3 4 5 6 7 8 9 10 11 12 13 14 15

ਓਂ ਭੂਰ ਭ੍ਵਾ ਸ੍ਵਾ ਤਤ ਸ੍ਵੀ ਤੂਰ ਵ੍ਰੇਣਯਮ ਭ੍ਰਗੋ ਦੇਵਸਯ

16 17 18 19 20 21 22 23 24

ਧੀ ਮਹੀ ਧਯੋ ਯੁਨਾ ਪ੍ਰਚੋਦਯਾਤ੍ਰ

### (ਪੰਝੀ ਅੱਖਰਾ)

| | | | | | | | | | | | | |
|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 |
| ੧ਓ | ਸ | ਤਿ | ਨਾ | ਮੁ | ਕ | ਰ | ਤਾ | ਪੁ | ਰ | ਖੁ | ਨਿ | ਰ |
| 14 | 15 | 16 | 17 | 18 | 19 | 20 | 21 | 22 | 23 | 24 | 25 | |
| ਭ | ਉ | ਨਿ | ਰ | ਵੈ | ਰੁ | ਅ | ਕਾ | ਲ | ਮੂ | ਰ | ਤਿ | |

### (ਤੀਹ ਅੱਖਰਾ)

| | | | | | | | | | | | | |
|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 |
| ੧ਓ | ਸ | ਤਿ | ਨਾ | ਮੁ | ਕ | ਰ | ਤਾ | ਪੁ | ਰ | ਖੁ | ਨਿ | ਰ |
| 14 | 15 | 16 | 17 | 18 | 19 | 20 | 21 | 22 | 23 | 24 | 25 | |
| ਭ | ਉ | ਨਿ | ਰ | ਵੈ | ਰੁ | ਅ | ਕਾ | ਲ | ਮੂ | ਰ | ਤਿ | |

| | | | | |
|---|---|---|---|---|
| 26 | 27 | 28 | 29 | 30 |
| ਅ | ਜੂ | ਨੀ | ਸੈ | ਭੰ |

(ਚੌਂਤੀ ਅੱਖਰਾ)

| | | | | | | | | | | | | |
|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 |
| ਸ | ਤਿ | ਨਾ | ਮੁ | ਕ | ਰ | ਤਾ | ਪੁ | ਰ | ਖੁ | ਨਿ | ਰ | ਭ |
| 14 | 15 | 16 | 17 | 18 | 19 | 20 | 21 | 22 | 23 | 24 | 25 | 26 |
| ਉ | ਨਿ | ਰ | ਵੈ | ਰੁ | ਅ | ਕਾ | ਲ | ਮੂ | ਰ | ਤਿ | ਅ | ਜੂ |
| 27 | 28 | 29 | 30 | 31 | 32 | 33 | 34 | | | | | |
| ਨੀ | ਸੈ | ਭੰ | ਗੁ | ਰ | ਪ੍ਰ | ਸਾ | ਦਿ | | | | | |

(ਛੱਤੀ ਅੱਖਰਾ)

| | | | | | | | | | | | | |
|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 |
| ੴ | ਸ | ਤਿ | ਨਾ | ਮੁ | ਕ | ਰ | ਤਾ | ਪੁ | ਰ | ਖੁ | ਨਿ | ਰ |
| 14 | 15 | 16 | 17 | 18 | 19 | 20 | 21 | 22 | 23 | 24 | 25 | 26 |
| ਭ | ਉ | ਨਿ | ਰ | ਵੈ | ਰੁ | ਅ | ਕਾ | ਲ | ਮੂ | ਰ | ਤਿ | ਅ |
| 27 | 28 | 29 | 30 | 31 | 32 | 33 | 34 | 35 | 36 | | | |
| ਜੂ | ਨੀ | ਸੈ | ਭੰ | ਗੁ | ਰ | ਪ | ਰ | ਸਾ | ਦਿ | | | |

(38 ਅੱਖਰਾ)

| | | | | | | | | | | | | |
|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 |
| ੴ | ਸ | ਤਿ | ਨਾ | ਮੁ | ਕ | ਰ | ਤਾ | ਪੁ | ਰ | ਖੁ | ਨਿ | ਰ |
| 14 | 15 | 16 | 17 | 18 | 19 | 20 | 21 | 22 | 23 | 24 | 25 | 26 |
| ਭ | ਉ | ਨਿ | ਰ | ਵੈ | ਰੁ | ਅ | ਕਾ | ਲ | ਮੂ | ਰ | ਤਿ | ਅ |
| 27 | 28 | 29 | 30 | 31 | 32 | 33 | 34 | 35 | 36 | 37 | 38 | |
| ਜੂ | ਨੀ | ਸੈ | ਭੰ | ਗੁ | ਰ | ਪ | ਰ | ਸਾ | ਦਿ | ਜ | ਪੁ | |

ਸਨਾਤਨੀ ਮੱਤ ਦੇ ਮੰਤ੍ਰ ਕੋਈ ਕਿਸੇ ਉਪਨਿਸ਼ਦ ਦੇ ਵਿੱਚ ਹੈ ਤੇ ਕੋਈ ਕਿਸੇ ਵਿੱਚ। ਪ੍ਰੰਤੂ ਭਾਈ ਦਇਆ ਸਿੰਘ ਜੀ ਨੇ ਜੋ ਅਨੰਦਪੁਰ ਸਾਹਿਬ ਸੰਗਤਾਂ ਨੂੰ ਸਰਵਣ ਕਰਵਾਏ ਸੋ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਪਾਏ ਜਾਂਦੇ ਹਨ (ਸੂਰਜ ਪ੍ਰਕਾਸ਼ ਦੀ ਪੰਜਵੀ ਰੁੱਤ ਵਿੱਚ ਦਰਜ਼ ਹਨ) ਇਹ ਮੰਤਰ ਵਿਆਕਰਣ, ਵੇਦਾਂਤ, ਜੋਤਿਸ਼ ਪਿੰਗਲ ਦੇ ਵੀ ਅਨੁਸਾਰ ਹਨ। ਕਾਵਯ ਗ੍ਰੰਥ ਵਿੱਚ ਉਲੇਖਾ ਅਲੰਕਾਰ, ਬੀਪਸਾ ਅਲੰਕਾਰ ਮੰਡੂਕ, ਪੁਲਤ ਨਿਆਂ ਇਤਿਆਦਿਕ ਬਹੁਤ ਅਲੰਕਾਰ ਲਿਖੇ ਹਨ। ਜਿਹੜੀ ਇੱਕ ਚੀਜ਼ ਬਹੁਤ ਵਾਰ ਵਰਤੀ ਜਾਵੇ ਉਸ ਨੂੰ ਉਲੇਖਾ ਅਲੰਕਾਰ ਕਹਿੰਦੇ ਹਨ। ਇਸ ਤਰਾਂ (ੴ ਸਤਿਨਾਮੁ ਕਰਤਾ ਪੁਰਖੁ) ਮੰਗਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੰਨਣ ਵੇਲੇ ਸਭ ਰਾਗਾਂ ਵਿੱਚ ਸੈਂਕੜੇ ਵਾਰੀ ਲਿਖਿਆ ਹੈ ਇਸ ਲਈ ਇਹ ਮੰਤਰ ਕਾਵਯ ਸ਼ਾਸ਼ਤਰ ਨੀਤੀ ਅਨੁਸਾਰ ਹੈ। ਬਹੁਤ ਅਲੰਕਾਰ ਗਰਬ ਗੰਜਨੀ ਟੀਕੇ ਵਿੱਚ ਕਵੀ ਸੰਤੋਖ ਸਿੰਘ ਜੀ ਨੇ ਲਿਖੇ ਹਨ। ਵੇਦਾਂਤ ਸ਼ਾਸ਼ਤਰ ਵਿੱਚ ਤਤੱਸ਼ਟ ਲਖਸ਼ਣ ਤੇ ਸਰੂਪ ਲਖਸ਼ਣ ਦਾ ਵਰਨਣ ਕੀਤਾ ਹੈ। ਇਸ ਮੰਤਰ ਵਿਖੇ ਸਤਿ ਉਹ ਅਕਾਲ ਪੁਰਖ ਸਤਿ ਹੈ।ਇਹ ਸਰੂਪ ਲਖਸ਼ਣ ਹੈ। ਨਾਮ ਕਰਤਾ ਨਾਮ ਰੂਪ ਪਰਪੰਚ ਦਾ ਕਰਤਾ ਹੈ ਇਹ ਤਤੱਸ਼ਟ ਲਖਸ਼ਣ ਹੈ। ਇਸ ਰੀਤੀ ਨਾਲ ਇਹ ਮੰਤਰ ਵੇਦਾਂਤ ਸ਼ਾਸ਼ਤਰ ਦੇ ਅਨੁਸਾਰ ਭੀ ਹੈ ਵਿਆਕਰਣ ਵਿੱਚ ਅਵ ਰੱਖਣੇ ਧਾਤੂ ਕਰਕੇ ਓਂ ਸਿੱਧ ਹੁੰਦਾ ਹੈ। ਇਸ ਲਈ ਇਸ ਮੰਤਰ ਵਿਚ ਪਹਿਲੇ ਓਅੰ ਸ਼ਬਦ ਰੱਖਿਆ ਹੈ। ਅਵ ਰੱਖਣੇ ਧਾਤੂ ਦਾ ਅਰਥ ਰੱਖਿਆ ਹੈ ਅਤੇ ਓਅੰ ਸ਼ਬਦ ਦਾ ਅਰਥ ਭੀ ਰੱਖਿਆ ਹੈ। ਇਹ ਮੰਤ੍ਰ ਵਿਆਕਰਣ ਅਨੁਸਾਰ ਹੈ।ਦੂਜਾ ਵਿਆਕਰਣ ਅਨੁਸਾਰ ਇਸ ਵਿੱਚ ਵਿਭਗਤੀਆਂ ਹਨ ।ਪ੍ਰਿਥਮਾ ਨੂੰ ਦੁਤੀਆ ਕਰਕੇ ਤ੍ਰਿਤੀਆ ਜਾਨ ।ਤਾਂਹੀ ਵਾਸਤੇ ਚਤੁਰਥੀ ਤੇ ਸੇ ਪੰਚਮ ਮਾਨ। ਕਾ ਕੀ ਕੇ ਖਸ਼ਟੀ ਅਹੈ ਵਿਖੇ ਸਪਤਮੀ ਜਾਨ॥ ਇਸ ਮੂਲਮੰਤ੍ਰ ਵਿੱਚ ਵੀ ਵਿਭਗਤੀਆਂ ਹਨ। ਸਤਿ ਅਕਾਲ ਪੁਰਖੁ ਸਤਿ ਹੈ ਇਹ ਪਹਿਲੀ ਵਿਭਗਤੀ ਹੈ। ਨਾਮ ਰੂਪ ਪਰਪੰਚ ਕਾ ਕਰਤਾ ਇਹ ਛੇਵੀਂ ਵਿਭਗਤੀ ਹੈ। ਪੁਰਖ ਪੂੰ ਨਰਕਾਂ ਤੋਂ ਰੱਖਿਆ ਕਰਨੇ ਵਾਲਾ ਇਹ ਪੰਜਵੀਂ ਵਿਭਕਤੀ ਹੈ।

ਯਥਾ :- ਰਾਮਾ - ਰਾਮੰ - ਰਾਮੇਣ - ਰਾਮੇਤ।

ਰਾਮ ਹੈ, ਰਾਮ ਨੂੰ, ਰਾਮ ਕਰਕੇ, ਰਾਮ ਤਾਂਈ।

ਰਾਮਾਇ - ਰਾਮੱਸਿਆ - ਰਾਮਾ ਸ਼ੂ ॥

ਰਾਮ ਸੇ, ਰਾਮ ਕੀ, ਰਾਮ ਵਿਖੇ।

ਯਥਾ :- ਆਦਿ ਗੁਰ ਏ ਨਮਹ ॥

ਆਦਿ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਤਾਂਈ ਨਮਸਕਾਰ ਹੋਵੇ, ਇਹ ਚੌਥੀ ਵਿਭਕਤੀ ਹੈ।

ਤਥਾ :- ਸਾਗਰੰ ਸੰਸਾਰਸ੍ਯ ਗੁਰ ਪਰਸਾਦੀ ਤਰਹਿ ਕੇ = ਸੰਸਾਰ ਸਾਗਰ ਨੂੰ ਗੁਰਾਂ ਦੀ ਕਿਰਪਾ ਦੁਆਰਾ ਤਰੀਦਾ ਹੈ ਦੂਜੀ ਵਿਭਗਤੀ ਹੈ ।

ਜੋਤਿਸ਼ ਗ੍ਰੰਥ ਵਿੱਚ ਗਣਿੱਤ ਵਿੱਦਿਆ ਦਾ ਹਿਸਾਬ ਹੈ। ਗਿਣਤੀ ਕਰਨ ਨਾਲ ਹੀ ਸਭ ਗੱਲਾਂ ਦਾ ਪਤਾ ਲੱਗਦਾ ਹੈ। ਦੂਜਾ ਜੋਤਿਸ਼ ਪੜ੍ਹਨ ਨਾਲ ਤ੍ਰਿਕਾਲਦਰਸ਼ੀ ਹੋਈਦਾ ਹੈ। ਇਸ ਲਈ ਅਸੀਂ ਏਕਾ ਪਹਿਲੇ ਹੀ ਰੱਖਿਆ ਹੈ, ਕਿਉਂਕਿ ਗਿਣਤੀ ਪਹਿਲੇ ਏਕੇ ਤੋਂ ਹੀ ਚੱਲਦੀ ਹੈ। ਏਕਾ ਲਿਖਣ ਕਰਕੇ ਇਹ ਮੰਤਰ ਜੋਤਿਸ਼ ਦੇ ਅਨੁਸਾਰ ਹੈ। ਦੂਜਾ ਵਿਧੀ ਸਹਿਤ ਇਸ ਮੰਤਰ ਦਾ ਸਵਾ ਲੱਖ ਪਾਠ ਕਰਨ ਵਾਲੇ ਨੂੰ ਤਿੰਨਾਂ ਲੋਕਾਂ

ਦੀ ਗਿਆਤ ਹੋ ਜਾਂਦੀ ਹੈ। ਇਸ ਲਈ ਭੀ ਜੋਤਿਸ਼ ਦੇ ਮੁਤਾਬਕ ਹੈ। ਪਿੰਗਲ ਗ੍ਰੰਥ ਵਿੱਚ ਸੱਤ ਗਣ ਲਿਖੇ ਹਨ: ਅਗਣ,ਇਗਣ, ਸਗਣ, ਯਗਣ, ਉਗਣ, ਨੁਗਣ, ਭਗਣ। ਪਹਿਲਾ ਇੱਕ ਅੱਖਰ ਦੀਰਘ ਹੋਵੇ ਉਪਰੰਤ ਦੋ ਅੱਖਰ ਲਘੂ ਹੋਣ ਉਸ ਨੂੰ ਭਗਣ ਗਣ ਕਹਿੰਦੇ ਹਨ। ਓਂ ਦੀਰਘ ਹੈ ਸ-ਤਿ ਦੋ ਅੱਖਰ ਲਘੂ ਹਨ ਇਕ ਭਗਣ ਗਣ ਜਿਸ ਗ੍ਰੰਥ ਦੇ ਆਦਿ ਵਿੱਚ ਹੋਵੇ ਉਸ ਦਾ ਅਦਬ ਸਤਿਕਾਰ ਚੰਗਾ ਹੁੰਦਾ ਹੈ। ਪ੍ਰੰਤੂ ਇਸ ਦੇ ਆਦਿ ਵਿੱਚ ਦੋ ਭਗਣ ਗਣ ਰੱਖੇ ਹਨ ਇਸ ਕਰਕੇ ਸਭ ਗਰੰਥਾਂ ਨਾਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਸਤਿਕਾਰ, ਪੂਜਾ ਵਗੈਰਾ ਸਭ ਤੋਂ ਵੱਧ ਹੋ ਰਹੀ ਹੈ। ਚੰਦੋਏ ਉਪਰ ਲੱਗਦੇ ਹਨ। ਸੋਨੇ ਦੇ ਛੱਬੇ ਟੰਗੇ ਜਾਂਦੇ ਹਨ। ਤੁਲਾਈਆਂ ਗਲੀਚੇ ਵਗੈਰਾ ਵਿਛਾਏ ਜਾਂਦੇ ਹਨ। ਸਿਰਾਣੇ ਤੇ ਬੇ-ਕੀਮਤੀ ਰੁਮਾਲ ਚੜ੍ਹਦੇ ਹਨ।

## (ਨੋਟ)

ਸਤਿ ਬਾਰੇ ਤੱਤੇ ਦੀ ਸਿਹਾਰੀ ਬਹੁਤ ਲੋਕ ਸ਼ੰਕਾ ਕਰਦੇ ਹਨ ਕਿ ਕਿਸ ਤਰਾਂ ਪੜ੍ਹਨੀ ਚਾਹੀਦੀ ਹੈ? ਉਨ੍ਹਾਂ ਨੂੰ ਇਹ ਸਮਝ ਹੋਣੀ ਚਾਹੀਦੀ ਹੈ ਕਿ ਤੱਤੇ (ਤਿ)ਵਾਲੀ ਜਿਹੜੀ ਸਿਹਾਰੀ ਹੈ ਗੁਰੂ ਗ੍ਰੰਥ ਸਾਹਿਬ ਜੀ ਨੇ ਇੱਕ ਹੀ ਖੀਸਾ, ਸੰਧੀ ਰੱਖੀ ਹੈ। ਜਿਵੇਂ ਕੁੜਤੇ ਦਾ ਖੀਸਾ ਕੁੜਤੇ ਨਾਲ ਕੋਈ ਸਬੰਧ ਨਹੀਂ ਰੱਖਦਾ ਸਗੋਂ ਉਸ ਖੀਸੇ ਵਿੱਚ ਰੁਪਏ ਮੋਹਰਾਂ ਆਦਿ ਅਮੋਲਕ ਚੀਜਾਂ ਆਦਿ ਪਾਈਆਂ ਜਾਂਦੀਆਂ ਹਨ। ਇਸੇ ਤਰਾਂ ਇੰਨ੍ਹਾਂ ਅੱਖਰਾਂ ਨਾਲ ਸਿਹਾਰੀ ਅਤੇ ਔਂਕੁੜ ਬਗੈਰਾ ਜੋ ਮਾਤਰਾ ਹਨ ਇਹ ਅਮੋਲਕ ਵਸਤੂ ਹੈ। ਤੱਤੇ (ਤ) ਨੂੰ ਸਿਹਾਰੀ ਨਾਂ ਹੁੰਦੀ ਤਾਂ, ਸਤ  ਨਿੰਬੂ ਦਾ, ਮਲੱਠੀ ਦਾ ਸਤ, ਸੰਤਰੇ ਦਾ ਸਤ, ਕੇਲੇ ਦਾ ਇਤਿ ਆਦਿ ਪਦਾਰਥਾਂ ਦੇ ਸਤ ਦਾ ਅਰਥ ਹੋ ਜਾਣਾ ਸੀ। ਸਿਹਾਰੀ ਵਿੱਚ ਈੜੀ(ੲ) ਦੀ ਆਵਾਜ਼ ਹੈ ਈੜੀ(ੲ) ਈਸ਼ਵਰ ਦਾ ਵਾਚਕ ਹੈ। ਇਸ ਤੇ ਇਹ ਅਰਥ ਸਿੱਧ ਹੋ ਰਿਹਾ ਹੈ ਕਿ ਉਹ ਈਸ਼ਵਰ ਸਤਿ ਹੈ। ਪੁਨਾਂ ਸਿੱਧਾਂ ਨੇ ਤਿੰਨ ਪ੍ਰਸ਼ਨ ਕੀਤੇ ਸਨ ਗੁਰੂ ਜੀ ਨੇ ਕਿਹਾ ਸਭ ਮੰਤਰਾਂ ਵਿਚੋਂ ਇਹ ਸ਼੍ਰੋਮਣੀ ਮੰਤਰ ਹੈ ਅਤੇ ਕਾਗਜ਼ ਉਤੇ ਏਕਾ ਲਿਖ ਦੇਵੇ ਤਾਂ ਜੰਤਰ ਦਾ ਕੰਮ ਦਿੰਦਾ ਹੈ। ਧਾਗਾ ਵੱਟ ਕੇ ਮੰਤਰ ਪੜ੍ਹ ਦੇਵੇ ਤਾਂ ਤੰਤਰ ਦਾ ਕੰਮ ਦਿੰਦਾ ਹੈ। ਇਸ ਲਈ ਉਨ੍ਹਾਂ ਦੇ ਤਿੰਨ ਪ੍ਰਸ਼ਨ ਸਨ। ਇਸ ਵਿੱਚ ਮੰਤਰ, ਜੰਤਰ, ਤੰਤਰ ਕਿਹੜਾ ਹੈ। ਸੋ ਉੱਤਰ ਦਿੱਤੇ ਗਏ ਹਨ।

"ਪੁਨਾ ਨਿਸ਼ਕਾਮੀਆਂ ਨੂੰ ਫਲ ਦਿੰਦਾ ਹੈ ਕਿ ਸਕਾਮੀਆਂ ਨੂੰ"

ਗੁਰੂ ਉੱਤਰ :- ਸੋ ਸਕਾਮੀ ਪੁਰਸ਼ ਜਿਹੜੀ ਕਾਮਨਾਂ ਧਾਰ ਕੇ ਇਸ ਮੰਤਰ ਦਾ ਪਾਠ ਪਵਿੱਤਰ ਹੋ ਕੇ ਕਰਦਾ ਹੈ ਉਸ ਦੀਆਂ ਸਭ ਕਾਮਨਾਂ ਪੂਰੀਆਂ ਹੋ ਜਾਂਦੀਆਂ ਹਨ ਅਤੇ ਕਾਮਨਾਂ ਤੋਂ ਰਹਿਤ ਹੋ ਕੇ ਜੋ ਪੁਰਸ਼ ਗੁਰਪ੍ਰਸਾਦਿ ਸਤਿਗੁਰਾਂ ਦੀ ਕ੍ਰਿਪਾ ਦੁਆਰਾ ਸਤਿਨਾਮ ਮੰਤਰ ਜਪਣਾ ਕਰਦਾ ਹੈ ਉਹ ਨਿਰਭਉ, ਨਿਰਵੈਰ, ਅਕਾਲ ਮੂਰਤਿ ਅਜੂਨੀ ਸੈਭੰ ਰੂਪ ਹੋ ਜਾਂਦਾ ਹੈ॥

ਪ੍ਰਸ਼ਨ: ਆਪ ਜੀ ਦਾ ਮੰਤਰ ਸਿਵਾ ਦੇ ਮੰਤਰ ਜੇਹਾ ਹੋਵੇਗਾ ਜਿਵੇਂ ਸ਼ਿਵ ਜੀ ਦੇ ਮੰਤਰ ਫਲ ਤਾਂ ਦਿੰਦੇ ਹਨ ਪਰੰਤੂ ਉਨ੍ਹਾਂ ਦਾ ਅਰਥ ਕੋਈ ਨਹੀ ਸਿੱਧ ਹੁੰਦਾ।

ਯਥਾ  :- ਅਨ ਮਿਲ ਅੱਖਰ ਅਰਥ ਨਾ ਜਾਪੂ। ਪ੍ਰਗਟ ਪ੍ਰਤਾਪ ਮਹੇਸ਼ ਪ੍ਰਤਾਪੂ ॥

ਤਿਵੇਂ ਆਪ ਜੀ ਦਾ ਮੰਤਰ ਭੀ ਨਿਰਾਰਥ ਹੋਵੇਗਾ। ਗੁਰੂ ਸਾਹਿਬ ਆਖਦੇ ਹਨ ਇਸ ਮੰਤਰ ਦੇ ਅਰਥਾਂ ਦਾ ਕੋਈ ਓੜਕ ਨਹੀ।

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਉਹ ਇੱਕ ਅਦੁੱਤੀ ਬ੍ਰਹਮ ਹੈ ਯਥਾ :- ਏਕ ਮੇਵਾ ਦੁਤੀਅੰ ਬ੍ਰਹਮ

ਉਹ ਤ੍ਰੈਕਾਲ ਅਬਾਧ ਭਾਵ ਭੂਤ, ਭਵਿੱਖਤ, ਵਰਤਮਾਨ ਤਿੰਨਾਂ ਕਾਲਾਂ ਵਿੱਚ ਸਤਿ ਹੈ। ਸੰਸਾਰ ਦੇ ਰਚਨਹਾਰਾ ਹੈ। ਪੁਰਖ ਕੇਵਲ ਪਰਮਾਤਮਾ ਹੀ ਹੈ, ਸਭ ਇਸਤਰੀਆਂ ਹੀ ਹਨ। ਉਹ ਪਰਮੇਸ਼ਰ ਡਰ ਤੋਂ ਰਹਿਤ ਹੈ, ਉਸ ਨੂੰ ਕਿਸੇ ਦਾ ਭੈ ਨਹੀਂ, ਵੈਰ ਤੋਂ ਰਹਿਤ ਹੈ, ਕਿਸੇ ਨਾਲ ਵੈਰ ਨਹੀਂ, ਉਸ ਦੀ ਮੂਰਤੀ ਕਾਲ ਤੋਂ ਰਹਿਤ ਹੈ, ਜੂਨੀਆਂ ਤੋਂ ਰਹਿਤ ਹੈ। ਚੁਰਾਸੀ ਲੱਖ ਜੂਨ ਵਿਚੋਂ ਕਿਸੇ ਜੂਨ ਵਿੱਚ ਨਹੀਂ ਆਂਉਦਾ। ਸੁਤੇ ਪ੍ਰਕਾਸ਼ ਰੂਪ ਹੈ ਅਗਿਆਨ ਰੂਪ ਹਨੇਰੇ ਵਿੱਚ ਰੂ ਪ੍ਰਕਾਸ਼ ਕਰਨ ਵਾਲਾ ਹੈ। ਗੁਰ-ਸਾਰਿਆਂ ਤੋਂ ਵੱਡਾ ਹੈ ਪ੍ਰਸਾਦਿ ਮੰਦਰ ਦੀ ਨਿਆਂਈ ਸਾਰਿਆਂ ਦਾ ਅਧਿਸ਼ਠਾਨ ਰੂਪ ਹੈ ਪ੍ਰਮਾਤਮਾ ਦੇ ਪੰਜ ਮੰਦਰ ਸਾਰਿਆਂ ਤੋਂ ਵੱਡੇ ਹਨ 1.ਬੈਕੁੰਠ, 2. ਸੱਚਖੰਡ, 3. ਸੰਸਾਰ, 4. ਮਨੁੱਖਾ ਦੇਹ, 5. ਸਤਿਸੰਗ ।

## (ਨਾਮ ਮਹਾਤਮ)

ਇਹ ਮੰਤ੍ਰ ਮਹਾ ਸਤਿਨਾਮ ਅਹੈ ॥ ਨਿਜ ਜੀਹ ਜਪੈ ਜੋ ਅਰੋਗ ਚਹੈ ॥

ਤਿੰਨ ਤਾਪ ਕਹਾਂ ਇਸ ਤੇ ਜੋ ਰਹੈ ॥ ਤੀਨਹੁ ਤਾਪ ਕੋ ਖਾਪਦ ਅਹੈ ॥

ਮੁਖ ਧੰਨ ਜਪੈ ਸਤਿਨਾਮ ਸਦਾ ॥ ਫਿਰ ਸੰਕਟ ਹੋਣ ਨ ਦੇਤ ਕਦਾ ॥

ਬਡ ਭਰੇ ਲਿਵ ਲਾਗਤ ਹੈ ॥ ਦੁਖ ਲੋਕ ਪ੍ਰਲੋਕ ਨਸਾਵਤ ਹੈ॥

ਕਹਿ ਸਿੱਖਨ ਸਾਥ ਬਿਕਾਰ ਤਜੋ ॥ ਸਤਿਨਾਮੁ ਭਜੋ ਸਤਿਨਾਮੁ ਭਜੋ ॥

ਇਹ ਮੰਤਰ ਅਤੀ ਵਿਆਪਤੀ ਅਤੇ ਗੌਰਵਤਾ ਆਦਿਕ ਦੋਸ਼ਾਂ ਤੋਂ ਰਹਿਤ ਹੈ।

(1)ਲਖਸ਼ ਵਿਰਤਤ੍ਵੇ ਸਤਿ, ਅਲਖਸ਼ ਵਿਰਤਤ੍ਵੰ ਅਤੀ ਬਿਆਪਤੀ ਤ੍ਵੰ

ਜੋ ਲਖ ਵਿੱਚ ਵਰਤ ਕੇ ਅਲੱਖ ਵਿੱਚ ਵਰਤ ਜਾਵੇ ਉਸ ਨੂੰ ਅਤੀ ਬਿਆਪਤੀ ਆਖਦੇ ਹਨ।

(2) ਅਬਿਆਪਤੀ ਲਕਸ਼ਣ: -ਲਖਛਈਕ ਦੇਸ਼ ਵਰਤਤ੍ਵੰ ਅਬਿਆਪਤੀ

ਲਕਸ਼ ਕੇ ਇਕ ਦੇਸ਼ ਮੇਂ ਵਰਤੇ ਸੋ ਅਬਿਆਪਤੀ ਕਹੀਏ ਹੈ ਯਥਾ:-ਕਪਲਤ੍ਵੰ ਗੋਅਤ੍ਵੰ - ਕਪਲਾ ਗਊ ਹੈ ।

(3)ਅਸੰਭਵ ਦੋਸ਼ ਲਕਸ਼ਣ :-ਲਖਛ ਮਾਤ੍ਰ ਆਵਰਤਤ੍ਵੰ ਅਸੰਭਵਤ੍ਵੰ :-

ਲਕਸ਼ ਮਾਤਰ ਮੇਂ ਵਰਤੇ ਹੀ ਨਾ ਸੋ ਅਸੰਭਵ ਕਹੀਏ ਹੈ।

ਏਕ ਸੁਫੱਤ੍ਵੰ : ਏਕ ਸੁੰਮ ਵਾਲੀ ਗਊ ਹੋਵੇ ਹੈ ਸੋ ਹੁੰਦੀ ਨਹੀਂ ।

ਗੌਰਵਤਾ ਦੋਸ਼ : ਸ੍ਵਲਪ ਵਰਣਪਦ ਸਿਧੇ ਅਧਿਕ ਪਦ ਵਰਨ ਪ੍ਰਵੇਸ਼ਣਮ ਗੌਰਵਤਾ:-

ਜੋ ਅਰਥ ਥੋੜੇ ਪਦ ਵਰਣੋਂ ਸੇ ਸਿੱਧ ਹੋਵੇ ਉਸ ਨੂੰ ਅਧਿਕ ਪਦ ਵਰਣੋਂ ਸੇ ਸਿੱਧ ਕਰਨਾ ਗੌਰਵਤਾ ਦੋਸ਼ ਹੈ।

## ਨਿਆਇਕ ਮਤ ਵਾਲਿਆਂ ਦੇ ਚਾਰ ਅਭਾਵ :-

**1. ਪ੍ਰਾਗਾਭਾਵ:**- ਘਟ ਦੀ ਉਤਪਤੀ ਤੋਂ ਪਹਿਲਾਂ ਜੋ ਕਪਾਲਾ ਵਿਖੇ ਘਟ ਕਾ ਅਭਾਵ ਹੈ ਉਸ ਦਾ ਨਾਮ ਪ੍ਰਾਗਾਭਾਵ ਹੈ।

**2. ਪ੍ਰਧੁੰਸਾ ਭਾਵ:**- ਘਟ ਉਤਪੰਨ ਹੋ ਕੇ ਧੂੰਸ ਹੋ ਗਿਆ ਭਾਵ ਨਾਸ਼, ਉਸ ਤੋਂ ਉਤਪੰਨ ਹੋਇਆ ਜੋ ਘਟ ਦਾ ਅਭਾਵ ਹੈ ਉਸ ਦਾ ਨਾਮ ਪ੍ਰਧੁੰਸਾਭਾਵ ਹੈ, ਧੁੰਸ ਜਨ ਅਭਾਵ ਹੋ ਗਿਆ ਭਾਵ ਧੁੰਸ ਤੋਂ ਉਤਪੰਨ ਹੋਇਆ ਜੋ ਅਭਾਵ ਹੈ ਉਸ ਨੂੰ ਉਹ ਨਿੱਤ ਮੰਨਦੇ ਹਨ।

**3. ਅੰਨਿਉ ਅੰਨ ਭਾਵ:**- ਘਟ ਦਾ ਪਟ ਮੇਂ ਅਭਾਵ, ਪਟ ਦਾ ਘਟ ਮੇਂ ਅਭਾਵ, ਇਸ ਦਾ ਨਾਮ ਅਨਿਉ ਅਨ ਭਾਵ ਹੈ। ਘਟ ਵਿੱਚ ਪਟ ਨਹੀ ਰਹਿੰਦਾ, ਪਟ ਵਿੱਚ ਘਟ ਨਹੀਂ ਰਹਿੰਦਾ ਏਹੀ ਉਨ੍ਹਾਂ ਦਾ ਪ੍ਰਸਪਰ ਅਭਾਵ ਹੈ।

**4. ਅਤਿਅੰਤਾ ਅਭਾਵ:**- ਜੈਸੇ ਬੰਝਿਆਂ ਦੇ ਪੁੱਤਰ ਦਾ ਅਤਿਅੰਤ ਅਭਾਵ ਹੈ।

**ਛੇ ਜੋਤੀ :**- ਸੂਰਜ, ਚੰਦ੍ਰਮਾ, ਤਾਰੇ, ਬਿਜਲੀ, ਅਗਨੀ, ਬਾਣੀ ਸਭ ਦਾ ਪ੍ਰਕਾਸ਼ਕ ਹੈ।

ਅਨੁਬੰਧ:- ਅਨੁ = ਨਿਰੰਤਰ ਜੋ ਗ੍ਰੰਥ ਦੇ ਅੰਦਰ ਗ੍ਰੰਥ ਕਰਤਾ ਨੇ ਬੰਧ ਨਿਯਮ ਗੁੰਥਨ ਕੀਤੇ ਹੋਣ ਉਸ ਦਾ ਨਾਮ ਅਨੁਬੰਧ ਹੈ।

**1. ਅਧਿਕਾਰੀ ਅਨੁਬੰਧ:-** ਗੁਰਪ੍ਰਸਾਦਿ ਸਤਿਨਾਮ ਜਪੁ -ਗੁਰਾਂ ਦੀ ਕ੍ਰਿਪਾ ਵਾਲਾ ਹੀ ਅਧਿਕਾਰੀ ਪੁਰਸ਼ ਹੈ। ਉਹ ਹੀ ਸਤਿਨਾਮ ਮੰਤਰ ਨੂੰ ਜਪ ਸਕਦਾ ਹੈ।

**2. ਵਿਸ਼ੇ ਅਨੁਬੰਧ:-** ਕਰਤਾ ਪੁਰਖ, ਕਰਤਾ = ਕਰਤਾ ਭੋਗਤਾ ਜੀਵ, ਪੁਰਖ = ਪ੍ਰਮਾਤਮਾ ਇੰਨ੍ਹਾਂ ਦੋਹਾਂ ਦੀ ਜੋ ਏਕਤਾ ਹੈ ਭਾਵ ਜੀਵ ਈਸ਼ਵਰ ਦੀ ਅਭੇਦਤਾ ਕਰਣੀ ਹੀ ਇਸ ਮੰਤਰ ਦਾ ਵਿਸ਼ੇ ਹੈ।

**3. ਪ੍ਰਯੋਜਨ ਅਨੁਬੰਧ:-** ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ, ਇਹ ਪ੍ਰਯੋਜਨ ਅਨੁਬੰਧ ਹੈ।

**4. ਸਬੰਧ ਅਨੁਬੰਧ:-** ਇਸ ਮੰਤਰ ਦਾ ਤੇ ਬ੍ਰਹਮ ਦਾ ਪ੍ਰਤੀਪਾਦਕ ਪ੍ਰਤਿਪਾਦਯ ਭਾਵ ਸਬੰਧ ਹੈ। ਮੰਤਰ ਪ੍ਰਤੀਪਾਦਕ ਭਾਵ ਕਥਨ ਕਰਨ ਵਾਲਾ ਹੈ ਤੇ ਬ੍ਰਹਮ ਪ੍ਰਤਿਪਾਦਯ ਭਾਵ ਕਥਨ ਕਰਨ ਯੋਗ ਹੈ। ਮੰਤਰ ਦਾ ਤੇ ਗਿਆਨ ਦਾ ਜਨਯ ਜਨਕ ਭਾਵ ਸਬੰਧ ਹੈ। ਮੰਤਰ ਜਨਕ ਭਾਵ ਉਤਪਤ ਕਰਨ ਵਾਲਾ ਹੈ ਗਿਆਨ ਜਨਯ ਭਾਵ ਉਤਪਤ ਹੋਣ ਯੋਗ ਹੈ।

**ਪ੍ਰਣੰਮਾਬਾਦ :-** ਪੂਰਬ ਰੂਪ ਪਰੀ ਤਿਆਗੇਣ ਰੂਪੰਤ੍ਰ ਅਪੱਤੀ ਪ੍ਰਨਾਮਾਂ: ਜਿਵੇਂ ਦੁੱਧ ਆਪਣੇ ਪਹਿਲੇ ਰੂਪ ਨੂੰ ਛੱਡ ਕੇ ਦੂਜਾ ਦਹੀਂ ਦਾ ਰੂਪ ਪ੍ਰਾਪਤ ਕਰ ਲੈਂਦਾ ਹੈ ਉਹ ਫਿਰ ਦੁੱਧ ਨਹੀਂ ਬਣ ਸਕਦਾ ਉਸ ਨੂੰ ਪ੍ਰਣੱਮ

ਆਖਦੇ ਹਨ ਜਿਵੇਂ ਪੁੱਤਰ ਜੰਮਣ ਕਰਕੇ ਮਾਤਾ ਪਿਤਾ ਪ੍ਰਣਮ ਜਾਂਦੇ ਹਨ ਉਹ ਵਾਹਿਗੁਰੂ ਪ੍ਰਨੱਮਣ ਤੋਂ ਰਹਿਤ ਹੈ।

ਵਾਹਿਗੁਰੂ – ਵਾਹਿ = ਨਾਮ ਅਸਚਰਜ ਦਾ ਹੈ

ਗੁਰੂ = ਗੋ ਤਮ ਨਾਮ ਅਗਿਆਨ ਅਨਿਤ ਰੂ ਪ੍ਰਕਾਸ਼ ਕੀਆ ਜਿਨਿ ਚਿਤਿ॥

ਯਥਾ: ਗਕਾਰਸਤੂ ਅੰਧਕਾਰਾ ਸਯਾਤ ਰਕਾਰਸਤਨ ਨਿਰੋਧਕ:

ਅੰਧਕਾਰ ਵਿਨਾਸ਼ਤ੍ਵਾਤ ਗੁਰਰਿਤਯਭਿ ਧੀਯਤੇ॥

ਬਾਣੀ ਮੁਖੋਂ ਉਚਾਰੀਅਹ ਹੋਇ ਰੁਸ਼ਨਾਈ ਮਿਟੇ ਅੰਧਿਆਰਾ।(ਪਹਿਲੀ ਵਾਰ ਭਾਈ ਗੁਰਦਾਸ ਜੀ ਪਉੜੀ 39)

ਚੇਤਨ ਸਰੂਪ ਸਾਰਿਆਂ ਦਾ ਗੁਰੂ ਪੁਜਨੀਕ ਹੈ। ਸਭ ਸ੍ਰਿਸ਼ਟੀ ਅੰਦਰ ਗੁਰੂ ਰੂਪ ਹੈ। ਆਪ ਹੈ ਸਿਵ ਸੰਹਿਤਾਂ ਵਿੱਚ ਗੁ ਨਾਮ ਹਨੇਰੇ ਦਾ ਹੈ ਅਤੇ ਸਿਆਮ ਬੇਦ ਦੀਆਂ ਰਿਚਾਂ ਵਿੱਚ ਰੰ ਨਾਮ ਚੇਤਨ ਦਾ ਹੈ ਪ੍ਰਕਾਸ਼ਕ ਦਾ ਹੈ ਅਗਿਆਨ ਦੇ ਹਨੇਰੇ ਨੂੰ ਗਿਆਨ ਦੇ ਪ੍ਰਕਾਸ਼ ਨਾਲ ਦੂਰ ਕਰਨ ਵਾਲਾ ਹੈ। ਗੁਰ ਨਾਮ ਵੱਡੇ ਦਾ ਹੈ। ਵੱਡਾ ਹੈ ਭਾਵ ਮੁੰਢ ਰੂਪ ਹੈ। ਗੁਰ ਸ਼ਬਦ ਗ੍ਰੀ ਧਾਤੂ ਤੋਂ ਪੈਦਾ ਹੋਇਆ ਹੈ। ਗਿਰ ਨਾਮ ਨਿਗਲਣ ਦਾ ਹੈ ਜਿਹੜਾ ਅਗਿਆਨ ਆਦਿਕਾਂ ਨੂੰ ਨਿਗਲ ਜਾਵੇ ਉਸ ਨੂੰ ਗੁਰੂ ਕਹੀਦਾ ਹੈ।

ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ॥ (ਵਾਰ ਭਾਈ ਸੱਤਾ ਬਲਵੰਡ ਜੀ ਕੀ ਪੰਨਾਂ 968)

**ਗਿਰ ਨਾਮ ਬਾਣੀ ਦਾ ਹੈ** :ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥ (ਪੰਨਾਂ 982)

**ਗਿਰ ਨਾਮ ਭਾਰੀ ਹੈ** :- ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥ (ਪੰਨਾਂ 750)

**ਗਿਰ ਨਾਮ ਅਚੱਲ ਹੈ**, ਗਿਰ ਨਾਮ ਪ੍ਰਕਾਸ਼ ਦਾ ਹੈ। ਸਾਰਿਆਂ ਅੰਦਰ ਪ੍ਰਕਾਸ਼ ਰੂਪ ਹੈ।ਗਿਰ ਨਾਮ ਪਹਾੜ ਦਾ ਹੈ। ਗੁਰ ਚੇਤਨ ਸਰੂਪ ਅਚੱਲ ਸਰੂਪ ਪੂਜਨੀਕ ਗੁਰਬਾਣੀ ਦੁਆਰਾ ਅਗਿਆਨ ਮੇਟ ਕੇ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਆਸੁਰੀ ਸੰਪਦਾ ਨੂੰ ਨਿਗਲਣ ਵਾਲਾ ਸਭ ਤੋਂ ਭਾਰੀ ਵੱਡਾ ਪਹਾੜ ਦੀ ਨਿਆਈ ਅਚੱਲ ਹੈ।

## ਤਿੰਨ ਤਰਾਂ ਦਾ ਜਾਪ:

**1) ਵਾਚਕ:-** ਜੋ ਅੱਖਰਾਂ ਵਿੱਚ ਕੀਤਾ ਜਾਵੇ ਅਤੇ ਸਰੋਤੇ ਦੀ ਸਮਝ ਵਿੱਚ ਆ ਜਾਵੇ।

**2) ਉਪਾਸੂ:-** ਜੋ ਹੋਠਾਂ ਅੰਦਰ ਹੌਲੀ ਹੌਲੀ ਕੀਤਾ ਜਾਵੇ ਤੇ ਕੋਲ ਬੈਠਣ ਵਾਲੇ ਨੂੰ ਨਾਂ ਸੁਣੇ।

**3) ਮਾਨਸ:-** ਜੋ ਮਨ ਕਰਕੇ ਚਿੰਤਨ ਕੀਤਾ ਜਾਵੇ।

ਜਾਪ ਕਰਨ ਲਈ ਜ਼ਰੂਰੀ ਬਚਨ:-

ਪਵਿੱਤਰ ਮਨ ਤਨ ਮੌਣ ਬਾਣੀ, ਸੰਤੋਖ ਹਾਜ਼ਰ ਜਾਨਿ॥

ਇਕਾਂਤ ਹੰ ਕਾਮ ਤਿਆਗ ਨਿਸਚਾ, ਅਭਿਆਸ ਠਾਨਿ॥

1) ਮਨ ਦੀ ਇਕਾਗਰਤਾ (2)ਸਰੀਰ ਦੀ ਪਵਿੱਤਰਤਾ (3)ਬਾਣੀ ਦੀ ਮੌਨਤਾ-ਬਹੁਤਾ ਬੋਲਣ ਵਲੋਂ (4) ਸੰਤੋਖ ਰੱਖਣਾ ਯਥਾ ਲਾਭ ਸੰਤੁਸ਼ਟ (5) ਅਕਾਲ ਪੁਰਖ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਜਾਨਣਾਂ (6) ਇਕਾਂਤ ਦੇਸ਼ ਜਾਪ ਕਰਨਾ (7) ਹੰਗਤਾਂ ਤੇ ਆਪਾ ਭਾਵ ਤਿਆਗ ਕੇ ਗੁਰੂ ਚਰਨਾਂ ਵਿਚ ਬੈਠਾ ਜਾਣਕੇ ਜਾਪ ਕਰਨਾ।(8) ਇਸ਼ਟ ਦੇਵ ਸਤਿਗੁਰੂ ਜੀ ਵਿੱਚ ਨਿਸਚਾ ਰੱਖਣਾਂ (9) ਕਾਮਨਾ ਤੋਂ ਰਹਿਤ ਚਿਰੰਕਾਲ ਤਕ ਅਭਿਆਸ ਕਰਨਾ।

ਯਥਾ :- ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ॥

ਓਨ੍ਹੀ ਮੰਦੈ ਪੈਰੁ ਨਾ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥(ਪੰਨਾਂ 467)

**(ਜਾਪ ਦੇ ਅੰਗ)**

(1) ਇਸ਼ਟ :- ਅਕਾਲ ਪੁਰਖ

(2) ਰਿਸ਼ੀ :- ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ

(3) ਸ਼ਕਤੀ :- ਪ੍ਰਗਟ ਕਰਵਾਉਣ ਵਾਲੇ ਸ੍ਰੀ ਗੁਰੂ ਅੰਗਦ ਦੇਵ ਜੀ

(4) ਛੰਤ :- ਆਸਾ ਤੇ ਗੂਜਰੀ ਦੇ ਛੰਤਾਂ ਦੀ ਚਾਲ ਅੰਦਰ (ਪੁਰਾਤਨ ਜਨਮ ਸਾਖੀ)

(5) ਕੀਲਿਕ :- ਸ੍ਰੀ ਗੁਰੂ ਅਰਜਨ ਦੇਵ ਜੀ ਜਿਨ੍ਹਾਂ ਸਰੂਪ ਤਿਆਰ ਕੀਤਾ ਹੈ ।

(6) ਬੀਜ :- ੴ (ਇਕ ਓਅੰਕਾਰ)।

## (ਜਾਪ ਦੀਆਂ ਚਾਰ ਕਿਸਮਾਂ) :-

**(1) ਬੈਖਰੀ :-** ਜਿਸ ਵਿੱਚ ਜ਼ੁਬਾਨ ਲਾਲ

**(2) ਮਧਮਾ :-** ਜਿਸ ਵਿਚ ਮਨ ਨਾਲ ਕੰਠ ਚੱਕਰ ਪੁਰ

**(3) ਪਸ਼ਿਅੰਤੀ :-** ਜਿਸ ਵਿਚ ਮਨ ਨਾਲ ਹਿਰਦੇ ਚੱਕਰ ਪੁਰ

**(4) ਪਰਾ :-** ਜਿਸ ਵਿੱਚ ਮਨ ਦੀਆਂ ਸੁਖਮ ਬਿਰਤੀਆਂ ਨਾਲ ਨਾਭੀ ਚੱਕਰ ਉਪਰ ਜਾਪ ਕਰਨਾਂ ਹੁੰਦਾ ਹੈ। ਇਸ ਕਿਸਮ ਦੇ ਨਾਮ ਨਾਲ ਕੁਝ ਸੁਖ ਤੇ ਸ਼ਾਂਤੀ ਆਂਵਦੀ ਹੈ ਪਰ ਪੂਰੀ ਨਹੀ, ਕਿਉਂ ਜੋ ਇਹ ਸਭ ਮੁਕਾਮ ਸ਼ਿਵ ਨੇਤਰ ਤੋਂ ਹੇਠਾਂ ਹਨ ਦੂਸਰਾ ਅਗਮ ਅਗੋਚਰ ਜਾਂ ਗੁਪਤ ਨਾਮ ਜੋ ਖੁਦ ਹਰ ਤੋਂ ਨਿਕਲਦਾ ਹੈ ਉਸ ਦਾ ਰੂਪ ਹੈ ਇਸ ਨੂੰ ਪਰਾ ਵਿੱਦਿਆ ਜਾਂ ਧੁਨਆਤਮਿਕ ਕਿਹਾ ਹੈ ਜਿਸ ਵਿਚ ਕੇਵਲ ਪਰਾ ਪੂਰਬਲੇ

ਨਾਮ ਦੀ ਧੁਨੀ ਸੁਣੀ ਜਾ ਸਕਦੀ ਹੈ। ਉਹ ਅੱਖਰਾਂ ਕਰਕੇ ਬਿਆਨ ਨਹੀਂ ਹੋ ਸਕਦਾ ਜੋ ਜਿਹਵਾ ਤੋਂ ਬਿਨਾਂ ਹਿਰਦੇ ਅੰਦਰ ਜਪਦਾ ਹੈ ਕੇਵਲ ਉਹ ਨਾਮ ਨੂੰ ਜਾਣਦਾ ਹੈ। ਖੰਡਾਂ ਬ੍ਰਹਮੰਡਾਂ ਦੇ ਬਨਾਉਣ ਵਾਲਾ ਹੈ। ਯਥਾ:-

ਮਲਾਰ ਮਹਲਾ ਪਹਿਲਾ॥ਬਿਨੁ ਜਿਹਵਾ ਜੋ ਜਪੈ ਹਿਆਇ ॥ ਕੋਈ ਜਾਣੈ ਕੈਸਾ ਨਾਉ॥2॥(ਪੰਨਾਂ 1256)

ਧੁਨ ਆਤਮਿਕ ਨਾਮ ਦੀ ਧੁਨ ਹੈ ਤਾਂ ਆਦਮੀ ਅੰਦਰ ਇਸ ਦੀ ਸਮਝ ਨਹੀਂ ਆਉਂਦੀ ਜਦ ਤਕ ਕੋਈ ਨਾਮ ਦਾ ਭੇਦੀ ਨਾ ਮਿਲੇ ਅਸੀ ਇਸ ਤੋਂ ਬਿਨਾਂ ਆਪਣੀ ਉਮਰ ਬਿਅਰਥ ਗਵਾ ਜਾਂਦੇ ਹਾਂ ਨਾਮ ਵਰਣ ਹੈ ਤੇ ਨਾਮੀ ਧੁਨ ਆਤਮਕ ਹੈ ਲਫਜ਼ਾਂ ਤੋਂ ਚਲਕੇ ਉਸ ਨੂੰ ਜਾਣਿਆ ਜਾਂਦਾ ਹੈ ਬਰਨਆਤਮਕ ਨਾਮ ਦਾ ਜਾਪ ਜਿਹਬਾ ਤੋਂ ਸ਼ੁਰੂ ਹੁੰਦਾ ਹੈ ਜੋ ਪ੍ਰਮਾਰਥ ਦੀ ਪਹਿਲੀ ਪਉੜੀ ਹੈ। ਭਗਤ ਰਵਿਦਾਸ ਜੀ ਇਸ ਬਾਰੇ ਵਰਨਣ ਕਰਦੇ ਹਨ।

ਭੈਰਉ ਬਾਣੀ ਰਵਿਦਾਸ ਜੀਉ ਕੀ ਘਰੁ ੨ ੴ ਸਤਿਗੁਰ ਪ੍ਰਸਾਦਿ ॥

ਬਿਨੁ ਦੇਖੇ ਉਪਜੈ ਨਹੀ ਆਸਾ ॥ ਜੋ ਦੀਸੈ ਸੋ ਹੋਇ ਬਿਨਾਸਾ ॥

ਬਰਨ ਸਹਿਤ ਜੋ ਜਾਪੈ ਨਾਮੁ ॥ ਸੋ ਜੋਗੀ ਕੇਵਲ ਨਿਹਕਾਮੁ ॥ ੧ ॥ (ਪੰਨਾਂ 1167)

ਅਸਥੂਲ ਨਾਮ ਇੱਕ ਪੁਤਲੀ ਦੀ ਨਿਆਈਂ ਹੈ ਜੋ ਦਿਸਣ ਵਿੱਚ ਤਾਂ ਆਸਰੇ ਤੋਂ ਹੀਣ ਮਲੂਮ ਹੁੰਦੀ ਹੈ ਪਰ ਉਸ ਦੇ ਪਿੱਛੇ ਇੱਕ ਅਦ੍ਰਿਸ਼ਟ ਤਾਰ ਹੈ ਜੋ ਨਚਾਵਣ ਵਾਲੇ ਦੇ ਹੱਥ ਹੁੰਦੀ ਹੈ। ਇਸੀ ਤਰ੍ਹਾਂ ਨਾਮ ਨਾਮੀ ਦਾ ਸਬੰਧ ਹੈ ਵਾਹਿਗੁਰੂ ਦੇ ਅੱਖਰੀ ਨਾਮ ਤੋਂ ਵਾਹਿਗੁਰੂ ਜੋ ਚੀਜ਼ ਹੈ ਉਸ ਨੂੰ ਪਕੜਨਾਂ ਹੈ। ਬਰਨ ਮਨ ਨੂੰ ਇਕਾਗਰ ਕਰਨ ਲਈ ਚਾਹੀਦਾ ਹੈ ਪਰ ਧੁਨ ਤੋਂ ਬਿਨਾਂ ਸੁਰਤ ਦੇਹ ਨੂੰ ਛੱਡ ਕੇ ਉਪਰਲੇ ਮੰਡਲਾਂ ਵਿੱਚ ਨਹੀਂ ਚੜ੍ਹ ਸਕਦੀ। ਬਰਨ ਬੋਲਣ ਵਾਲੀ ਜ਼ੁਬਾਨ ਵਿੱਚ ਹੈ ਪਰ ਧੁਨ ਆਤਮਿਕ ਬੋਲਣ ਵਿੱਚ ਨਾ ਆ ਸਕਣ ਵਾਲੀ ਜ਼ੁਬਾਨ ਵਿੱਚ ਹੈ। ਜੋ ਸਾਰੇ ਜਹਾਨ ਲਈ ਇੱਕੋ ਹੈ। ਸੰਤਾਂ ਦਾ ਉਪਦੇਸ਼ ਸਭ ਨੂੰ ਸਾਂਝਾ ਹੈ। ਖੱਤਰੀ ਬ੍ਰਾਹਮਣ ਸੂਦ ਵੈਸ ਕਿਆ-ਚਾਰੇ ਵਰਨਾਂ ਨੂੰ ਇੱਕ ਨਾਮ ਦਾ ਉਪਦੇਸ਼ ਹੈ ਜੋ ਘਟ ਘਟ ਹੋ ਰਿਹਾ ਹੈ। ਯਥਾ:-

ਸੂਹੀ ਮਹਲਾ ਪੰਜਵਾ ॥ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥

ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥ ੪ ॥ ੩ ॥ ੫੦ ॥ (ਪੰਨਾਂ 747)

ਜਨਮ ਸਾਖੀ (ਸਫ਼ਾ 174) ਵਿੱਚ ਮੀਆਂ ਮਿੱਠੇ ਦੀ ਸਾਖੀ ਆਈ ਹੈ ਜਿਸ ਵਿੱਚ ਨਾਮ ਤੇ ਚਾਨਣ ਪਾਇਆ ਗਿਆ ਹੈ। ਮਿਠਨ ਕੋਟ ਵਿੱਚ ਇੱਕ ਫਕੀਰ ਮੀਆਂ ਮਿਠਾ ਜੀ ਸਨ। ਜਿਸ ਨੂੰ ਗੁਰ ਨਾਨਕ ਸਾਹਿਬ ਜੀ ਮਿਲੇ ਤੇ ਹੋਰ ਹੋਰ ਵਿਸ਼ਿਆਂ ਪੁਰ ਚਰਚਾ ਹੋਈ। ਗੁਰ ਨਾਨਕ ਸਾਹਿਬ ਜੀ ਨੇ ਕਹਿਆ ਕਿ ਮੀਆਂ ਮਿੱਠਾ ਸੱਚੇ ਨਾਮ ਬਿਨਾਂ ਮਨੁਖ ਬੰਧਨਾ ਵਿੱਚ ਪੈਂਦਾ ਹੈ ਤੇ ਨਾਮ ਬਿਨਾਂ ਉਸ ਦਾ ਛੁਟਕਾਰਾ ਨਹੀਂ। ਮੀਆਂ ਮਿੱਠੇ ਦੇ ਪੁੱਛਣ ਪਰ ਕਿ ਨਾਮ ਕੀ ਹੈ ਗੁਰੂ ਸਾਹਿਬ ਨੇ ਜਬਾਬ ਦਿੱਤਾ, ਮੀਆਂ ਮਿੱਠਿਆ ਉਸ ਨਾਮ ਦੀ ਕੀਮਤ ਕਦੇ ਕਿਸ ਪਾਈ ਹੈ। ਇਹ ਸਮਝਣ ਦੀ ਗੱਲ ਨਹੀਂ ਅਨੁਭਵ ਕਰਨ ਦੀ ਗੱਲ ਹੈ। ਮੀਆਂ ਮਿੱਠੇ ਨੇ ਬੇਨਤੀ ਕੀਤੀ ਮਹਾਰਾਜ ਜਿਵੇਂ ਹੋ ਸਕੇ ਤਾਂ ਮੈਨੂੰ ਇਹ ਗੁਪਤ ਵਸਤੂ ਦੱਸੋ ਤਾਂ ਬਾਬੇ ਨੇ ਆਖਿਆ ਮੀਆਂ ਮਿੱਠਿਆ ਕੰਨ ਧਰ ਕੇ ਸੁਣ ਤੈਨੂੰ ਕੁਝ ਸੁਣੀਂਦਾ ਹੈ ! ਮੀਆਂ ਮਿੱਠੇ ਨੇ ਉੱਤਰ ਦਿੱਤਾ ਜੀ ਨਹੀਂ ਤਾਂ ਬਾਬੇ ਨੇ ਮੀਆਂ ਮਿੱਠੇ ਦੀ ਬਾਂਹ ਪਕੜੀ ਉਸ ਨੂੰ ਇੱਕ ਪਾਸੇ ਲੈ ਗਏ ਤੇ ਦ੍ਰਿਸ਼ਟੀ ਦੇ ਕੇ ਪੁੱਛਣ ਲੱਗੇ ਮੀਆਂ ਮਿੱਠਿਆ ਹੁਣ ਤੈਨੂੰ ਕੁਝ ਸੁਣੀਂਦਾ ਹੈ ? ਤਾਂ ਮੀਆਂ ਮਿੱਠੇ ਨੇ ਕਿਹਾ ਹੇ ਦੀਨਾ ਨਾਥ ਪਤਿਤ ਉਧਾਰਣ ਮੈਨੂੰ

ਤਾਂ ਇੰਝ ਨਜ਼ਰ ਆਂਵਦਾ ਹੈ ਜੋ ਮੇਰੇ ਰੋਮ ਰੋਮ ਵਿੱਚ ਅਟੁਟ ਲਹਿਰਾਂ ਵਾਹਿਗੁਰੂ ਦੇ ਨਾਮ ਦੀਆਂ ਵਗ ਰਹੀਆਂ ਹਨ। ਇਸ ਸਾਖੀ ਤੋਂ ਪਤਾ ਲੱਗਦਾ ਹੈ ਕਿ ਨਾਮ ਅਕਹਿ ਵਸਤੂ ਹੈ ਜਿਸ ਵਿੱਚ ਝਰਨਾਹਟ ਹੈ ਜੋ ਅਨੁਭਵ ਦੀ ਚੀਜ਼ ਹੈ।

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥ (ਰਾਮਕਲੀ ਮ ੧ ਪੰਨਾਂ 941)

ਇਸ ਲਈ ਸੰਤ ਕਹਿੰਦੇ ਹਨ ਕਿ ਰੱਬ ਇੱਕ ਹੈ ਤੇ ਉਸ ਦੇ ਮਿਲਣ ਦਾ ਰਾਹ ਵੀ ਇੱਕ ਹੈ। ਇਹ ਐਸਾ ਸਾਧਨ ਹੈ ਜੋ ਕਿਸੇ ਕੌਮੀਅਤ ਜਾਂ ਮਜ਼ਬ ਵਿੱਚ ਦਖਲ ਨਹੀਂ ਦਿੰਦਾ। ਕਿਸੇ ਵੀ ਕੌਮ ਜਾਂ ਮਜ਼ਬ ਦਾ ਇਨਸਾਨ ਹੋਵੇ ਇਸ ਨੂੰ ਬਿਨਾਂ ਰੋਕ ਟੋਕ ਦੇ ਕਰ ਸਕਦਾ ਹੈ। ਇਹ ਨਾਮ ਰਸਤਾ ਸਭਨਾਂ ਦੇ ਘਟ ਅੰਦਰ ਹੈ। ਜੋ ਅੰਦਰ ਜਾਏ ਉਹ ਉਸ ਪਰ ਚੱਲ ਕੇ ਮਾਲਕ ਨਾਲ ਇੱਕ ਮਿੱਕ ਹੋ ਸਕਦਾ ਹੈ ਪਰ ਇਸ ਗੱਲ ਦੀ ਸਮਝ ਤਦ ਹੀ ਆਂਵਦੀ ਹੈ ਜਦ ਇਸ ਨਾਮ ਨਾਲ ਸਾਂਝ ਪੈ ਜਾਏ। ਹਰੇਕ ਇਨਸਾਨ ਕਿਸੀ ਨਾ ਕਿਸੀ ਖਿਆਲਾਂ ਨਾਲ ਉਮਰਾਂ ਤੋਂ ਬੱਧਾ ਪਿਆ ਹੈ।ਉਹ ਨਵਾਂ ਖਿਆਲ ਛੇਤੀ ਨਹੀਂ ਲੈ ਸਕਦਾ। ਕਿਸੇ ਕਮਾਈ ਵਾਲੇ ਮਹਾਂਪੁਰਖ ਦਾ ਸਤਿਸੰਗ ਕਰਦੇ ਕਰਦੇ ਇਸ ਦੀ ਸਮਝ ਆਵਣ ਲੱਗ ਜਾਂਦੀ ਹੈ। ਯਥਾ:

ਰਾਗ ਸਾਰਗ ਮਹਲਾ ੧

ਹਿਰਦੈ ਨਾਮੁ ਸਦਾ ਧੁਨਿ ਨਿਹਚਲ ਘਟੈ ਨ ਕੀਮਤਿ ਪਾਈ ॥

ਬਿਨੁ ਨਾਵੈ ਸਭੁ ਕੋਈ ਨਿਰਧਨੁ ਸਤਿਗੁਰਿ ਬੂਝ ਬੁਝਾਈ ॥ ੪ ॥ (ਪੰਨਾਂ 1232)

ਕਾਇਆ ਰੂਪੀ ਨਗਰੀ ਵਿੱਚ ਜਦ ਸੁਰਤ ਸਿਮਟ ਕੇ ਉਪਰ ਨੂੰ ਚੜ੍ਹਦੀ ਹੈ ਤੇ ਅਸ਼ਟ ਦਲ ਕਵਲ ਅੱਖਾਂ ਦੇ ਪਿੱਛੇ ਹੋ ਜਾਂਦੀ ਹੈ ਤਾਂ ਨਾਮ ਨੂੰ ਸੁਣਦੀ ਹੈ। ਯਥਾ:

ਰਾਮਕਲੀ ਮਹਲਾ ੩ ॥ ਕਾਇਆ ਨਗਰੀ ਮਹਿ ਮੰਗਣਿ ਚੜਹਿ ਜੋਗੀ ਤਾ ਨਾਮੁ ਪਲੈ ਪਾਈ ॥੩॥
(ਪੰਨਾਂ 908)

ਇਸ ਵਿੱਚ ਸੁਰੀਲੀ ਤੇ ਮਨ ਨੂੰ ਮੋਹਣ ਵਾਲੀ ਧੁਨੀ ਹੈ ਜਿਸ ਨੂੰ ਸੁਣ ਕੇ ਸੁਰਤ ਆਤਮਕ ਮੰਡਲਾਂ ਵੱਲ ਖਿੱਚੀ ਜਾਂਦੀ ਹੈ ਜਿਸ ਤਰ੍ਹਾਂ ਲੋਹੇ ਦੀ ਸੂਈ ਕਿਮ ਨਾਤੀਸ ਵੱਲ ਖਿੱਚੀ ਜਾਂਦੀ ਹੈ ਕਿਉਂ ਜੋ ਸਾਡੀ ਸੁਰਤ ਨਾਮ ਤੇ ਮਾਲਕ ਇੱਕੋ ਜੌਹਰ ਦੇ ਹਨ । ਨਾਮ ਦੀ ਕਸ਼ਿਸ਼ ਨਾਲ ਰੂਹ ਜਿਸਮ ਰੂਪੀ ਕਬਰ ਨੂੰ ਛੱਡ ਕੇ ਬਾਹਰ ਆ ਜਾਂਦੀ ਹੈ। ਯਥਾ:

ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ॥

ਬਿਨੁ ਨਾਵੈ ਜੀਵਣ ਨਾ ਥੀਐ ਮੇਰੇ ਸਤਿਗੁਰੁ ਨਾਮ ਦ੍ਰਿੜਾਇ॥੧॥(ਪੰਨਾਂ 40)

ਜੇ ਤੈਨੂੰ ਉਨ੍ਹਾਂ ਰਾਗਾਂ ਦਾ ਥੋੜਾ ਜਿਹਾ ਹਾਲ ਦੱਸਾਂ ਤਾਂ ਜਿਸਮ ਰੂਪੀ ਕਬਰਾਂ ਤੋਂ ਰੂਹਾਂ ਉਠ ਖੜੀਆਂ ਹੋਣ। (ਮੌਲਾਨਾਂ ਰੂਮ) ਇਹ ਨਾਮ ਆਪਣੇ ਆਪ ਪ੍ਰਗਟ ਹੈ ਕਿਸੀ ਨਾ ਕਿਸੀ ਉਚਾਰਣ ਕਰਕੇ ਬਾਹਰ ਤੋਂ ਬਿਰਤੀਆਂ ਹਟਾ ਕੇ ਅੰਤਰਮੁਖ ਕਰਨਾ ਪੈਂਦਾ ਹੈ। ਤਦ ਇਹ ਧੁਨਕਾਰ ਆਪਣੇ ਆਪ ਸੁਣਾਈ ਦਿੰਦੀ ਹੈ। ਨਾਮ ਸੁਣ ਕੇ ਬੇਖੁਦੀ ਮਸਤੀ ਆ ਜਾਂਦੀ ਹੈ।

ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ ॥ (ਮਹਲਾ ੧ ਪੰਨਾਂ 946)

**ਨਾਮ ਧਿਆਵਣ ਦਾ ਸਮਾਂ:-** ਨਾਮ ਕਿਸੀ ਵਕਤ ਵੀ ਜਪਿਆ ਜਾ ਸਕਦਾ ਹੈ ਪਰ ਅੰਮ੍ਰਿਤ ਵੇਲਾ ਖਾਸ ਕਰਕੇ ਫਲਦਾਇਕ ਹੈ।

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥ (ਜਪੁਜੀ ਸਾਹਿਬ)

ਸਲੋਕੁ॥ ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥

ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥੧॥(ਗਉੜੀ ਮਹਲਾ ੫) (ਪੰਨਾਂ 255)

**ਨਾਮ ਦੀ ਧੁਨੀ ਸੁਣਾਈ ਕਿਉਂ ਨਹੀ ਦਿੰਦੀ:-** ਮਨ ਲਹਿਰਾਂ ਵਿੱਚ ਰੁੜ ਰਿਹਾ ਹੈ ਇਸ ਦੇ ਅੰਦਰ ਵਿਕਾਰਾਂ ਦੀਆਂ ਮੈਲ਼ਾਂ ਭਰੀਆਂ ਹੋਈਆਂ ਹਨ।ਜਿਸ ਕਰਕੇ ਸਾਡਾ ਖਿਆਲ ਫੈਲਾਉ ਵਿੱਚ ਹੈ। ਇਸ ਕਰਕੇ ਨਾਮ ਦੀ ਧੁਨੀ ਨੂੰ ਸੁਰਤ ਪਕੜ ਨਹੀਂ ਸਕਦੀ। ਯਥਾ:

ਸਾਰੰਗ ਵਾਰ ਮਹਲਾ ੩ (ਪੰਨਾਂ 1247)

ਜਿਚਰੁ ਇਹੁ ਮਨੁ ਲਹਰੀ ਵਿਚਿ ਹੈ ਹਉਮੈ ਬਹੁਤੁ ਅਹੰਕਾਰੁ ॥ ਸਬਦੈ ਸਾਦੁ ਨ ਆਵਈ ਨਾਮਿ ਨ ਲਗੈ ਪਿਆਰੁ ॥

**(ਅਸਲੀ ਨਾਮ ਗੁਪਤ ਤੇ ਅਲੱਭ ਹੈ):-** ਸੱਚਾ ਨਾਮ ਗੁਪਤ ਸਭ ਦੇ ਅੰਦਰ ਭਰਪੂਰ ਹੋ ਰਿਹਾ ਹੈ ਇਸ ਨੂੰ ਪ੍ਰਗਟ ਕਰਨ ਲਈ ਨਾਮ ਦੀ ਪੂਰਨ ਕਮਾਈ ਵਾਲੇ ਤੋਂ ਜੀਅ ਦਾਨ ਪ੍ਰਾਪਤ ਕਰਨ ਦੀ ਲੋੜ ਹੈ। ਯਥਾ:

ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ ॥

ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ ॥ ੨ ॥ (ਪੰਨਾਂ 1334)

**(ਨਾਮ ਮਾਲਕ ਨਾਲ ਮਿਲਾਉਣ ਦੀ ਡੋਰੀ ਹੈ):-** ਨਾਮ ਦੀ ਧਾਰਾ ਸਭ ਬ੍ਰਹਮੰਡਾਂ ਦੇ ਅੰਦਰ ਪਰੀਪੂਰਨ ਹੋ ਕੇ ਸੰਭਾਲ ਕਰ ਰਹੀ ਹੈ। ਇਹ ਸਰੀਰ ਵੀ ਬ੍ਰਹਮੰਡ ਦਾ ਛੋਟਾ ਜਿਹਾ ਨਮੂਨਾ ਹੈ। ਇਸ ਦੇ ਅੰਦਰ ਵੀ ਬਿਰਾਜਮਾਨ ਹੋ ਕੇ ਸੰਭਾਲ ਕਰ ਰਹੀ ਹੈ। ਇਸੀ ਧਾਰਾ ਦੇ ਨਾਲ ਸਾਡੀ ਮਾਲਕ ਦੇ ਨਾਲ ਤਾਰ ਬੱਝੀ ਪਈ ਹੈ ਜੋ ਕਦੇ ਤੋੜਨ ਨਾਲ ਵੀ ਟੁੱਟ ਨਹੀਂ ਸਕਦੀ । ਇਹ ਦਿਮਾਗ ਦੀ ਤਰਫੋਂ ਸਰੀਰ ਦੇ ਹੇਠਲੇ ਹਿੱਸੇ ਤੱਕ ਜਾ ਰਹੀ ਹੈ ਜਿਸ ਤਰ੍ਹਾਂ ਮੱਛੀ ਪਾਣੀ ਦੀ ਧਾਰ ਦੇ ਆਸਰੇ ਉਪਰ ਚੜ੍ਹ ਜਾਂਦੀ ਹੈ ਇਸ ਤਰ੍ਹਾਂ ਸੁਰਤ ਨਾਮ ਦੀ ਡੋਰ ਪਕੜ ਕੇ ਨਾਮ ਦੇ ਭੰਡਾਰ ਤੱਕ ਪਹੁੰਚ ਸਕਦੀ ਹੈ। ਇਸ ਲਈ ਇਸ ਨਾਮ ਦੇ ਸਾਧਨ ਨੂੰ ਉਲਟਾ ਮਾਰਗ ਕਰਕੇ ਵੀ ਕਿਹਾ ਹੈ। ਇਸ ਤੋਂ ਛੁੱਟ ਸਭ ਸਾਧਨ ਪ੍ਰਵਿਰਤੀ ਦੇ ਮਾਰਗ ਹਨ।

ਗਉੜੀ ਮਹਲਾ ੫ ॥

ਨਾਮ ਸੰਗਿ ਜਿਸੁ ਕਾ ਮਨੁ ਮਾਨਿਆ॥ਨਾਨਕ ਤਿਨਹਿ ਨਿਰੰਜਨੁ ਜਾਨਿਆ॥੩॥ (ਪੰਨਾਂ 281)

## ਨਾਮ ਟੋਹਣੀ ਹੈ:

ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ॥

ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਆਧਾਰਾ॥(ਤਿਲੰਗ ਨਾਮਦੇਵ ਜੀ ਪੰਨਾਂ 727)

**ਕਲਯੁਗ ਵਿੱਚ ਨਾਮ ਦਾ ਸਾਧਨ ਪ੍ਰਵਾਨ ਹੈ** :- ਜਦ ਇਨਸਾਨ ਦੇ ਗੁਣ ਨਾਸ ਹੋ ਜਾਂਦੇ ਹਨ ਤੇ ਔਗੁਣ ਪਰਬਲ ਕਰਮਾ ਧਰਮਾਂ ਦੀ ਵਾਹ ਨਹੀਂ ਲੱਗਦੀ ਤਾਂ ਘੋਰ ਕਲਯੁਗ ਵਿੱਚ ਪੂਰੇ ਗੁਰੂ ਨਾਮ ਦਾ ਪ੍ਰਚਾਰ ਕਰਦੇ ਹਨ ਦੇਸ ਵਿੱਚ ਉਪੱਦਰ ਵੱਧ ਜਾਂਦੇ ਹਨ ਤੇ ਜੁਗ ਗਰਦੀ ਵਾਪਰਦੀ ਹੈ। ਮਨੁੱਖ ਬੁੱਧੀ ਤੋਂ ਹੀਣ ਹੋ ਜਾਂਦਾ ਹੈ। ਅਜਿਹੇ ਸਮਿਆਂ ਵਿੱਚ ਬਿਨਾਂ ਨਾਮ ਤੋਂ ਹੋਰ ਕੋਈ ਸੁਖੈਨ ਤੇ ਛੇਤੀ ਅਸਰ ਕਰਨ ਵਾਲਾ ਸਾਧਨ ਨਹੀਂ ਹੈ। ਕਰਮ ਧਰਮ ਇਸ ਯੁੱਗ ਵਿੱਚ ਫਲਦਾਈ ਨਹੀਂ ਹੁੰਦੇ ਇਹ ਉਨ੍ਹਾਂ ਯੁੱਗਾਂ ਦਾ ਧਰਮ ਹੈ।

ਮਾਰੂ ਮਹਲਾ ੫ ॥ ਕਲਜੁਗ ਮਹਿ ਕੀਰਤਨੁ ਪਰਧਾਨਾ॥ਗੁਰਮੁਖਿ ਜਪੀਐ ਲਾਇ ਧਿਆਨਾ॥(ਪੰਨਾਂ 1075)

ਗਉੜੀ ਰਵਿਦਾਸ ਜੀ

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥

ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥੧॥(ਪੰਨਾਂ 346)

ਬਸੰਤ ਮਹਲਾ ੫ ॥

ਅਬ ਕਲੂ ਆਇਓ ਰੇ॥ਇਕੁ ਨਾਮੁ ਬੋਵਹੁ ਬੋਵਹੁ॥

ਅਨ ਰੂਤਿ ਨਾਹੀ ਨਾਹੀ॥ਮਤੁ ਭਰਮਿ ਭੂਲਹੁ ਭੂਲਹੁ॥(ਪੰਨਾਂ 1185)

**(ਪ੍ਰਮੇਸ਼ਰ ਦਾ ਨਾਂ):-** ਮਨ ਰੂਪੀ ਲੋਹਾ ਵਾਸ਼ਨਾ ਰੂਪੀ ਰੇਤੀ ਦਾ ਰੇਤਿਆ, ਮਾਇਆ ਰੂਪੀ ਰੇਤ ਵਿੱਚ ਰਲਿਆ ਹੈ। ਇਸ ਨੂੰ ਇਕੱਠਾ ਕਰਨ ਵਾਸਤੇ ਗੁਰ ਸ਼ਬਦ ਚੁੰਭਕ ਪੱਥਰ ਹੈ। ਨਾਮ ਤੋਂ ਬਿਨਾਂ ਮਨ ਦੀ ਇਕਾਗਰਤਾ ਨਹੀਂ ਹੁੰਦੀ। ਸੁੱਧੀ ਦੇਣ ਵਾਲਾ ਪ੍ਰਮੇਸ਼ਰ ਦਾ ਨਾਮ ਹੈ।

(1)ਨਾਮੁ ਦਾ ਸਰੂਪ (2) ਨਾਮੁ ਦਾ ਕਾਰਣ (3)ਨਾਮੁ ਦਾ ਅਭਿਆਸ (4)ਨਾਮੁ ਦੀ ਅਉਧੀ (5)ਨਾਮੁ ਦਾ ਫਲ ।

**ਨਾਮੁ ਦੋ ਪ੍ਰਕਾਰ ਦਾ ਹੈ** :-ਬਰਨ ਆਤਮਕ ਤੇ ਧੁਨ ਆਤਮਕ। ਜੋ ਅੱਖਾਂ ਨਾਲ ਦੇਖਿਆ ਜਾਏ ਤੇ ਰਸਨਾਂ ਨਾਲ ਜਪਿਆ ਜਾਏ ਉਸ ਨੂੰ ਬਰਨ ਆਤਮਕ ਕਹਿੰਦੇ ਹਨ।

ਅਖਰੀ ਨਾਮੁ ਅਖਰੀ ਸਾਲਾਹ ॥(ਪੰਨਾਂ 4)

ਕੰਨਾਂ ਦੀ ਪਵਿੱਤਰਤਾ ਨਾਮ, ਕੀਰਤਨ, ਨਾਮ ਸਬੰਧੀ ਕਥਾ ਸੁਣਨੀ। ਕੰਨਾਂ ਦੀ ਪਵਿੱਤਰਤਾ ਧੁਨ ਆਤਮਕ ਹੁੰਦੀ ਹੈ ਜਾਂ ਸ਼ਬਦ ਦੀ ਧੁਨ ਸੁਣਨੀ।

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥੩॥ ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ ॥ (ਪੰਨਾਂ 879)

(2) ਨਾਮ ਦਾ ਕਾਰਣ :- ਜਮਾਂ ਦਾ, ਨਰਕਾਂ, ਚੌਰਾਸੀ ਦੇ ਚੱਕਰ ਦਾ, ਮਾਤਾ ਦੇ ਗਰਭ ਵਿੱਚ ਆਉਣ ਦੇ ਦੁੱਖ ਦਾ ਭੈ ਧਾਰਣ ਕਰੇ ਤਾਂ ਨਾਮੁ ਅੰਦਰ ਵੱਸਦਾ ਹੈ।

ਭੈ ਪਇਐ ਮਨੁ ਵਸਿ ਹੋਆ (ਪੰਨਾ 645)

(3) ਅਭਿਆਸ :- ਪਹਿਲੇ ਰਸਨਾਂ ਨਾਲ ਜਪਣਾ, ਫਿਰ ਸੁਆਸਾਂ ਨਾਲ, ਫਿਰ ਸੁਰਤੀ ਨਾਲ ।

ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥ (ਪੰਨਾਂ 1291)

(4) ਨਾਮ ਦੀ ਅਉਧੀ:- ਜੰਗਲ ਦੇ ਜਾਨਵਰ ਪਸ਼ੂ ਪੰਛੀ ਧਰਤੀ ਆਕਾਸ਼ ਆਦਿਕ ਪੰਜੇ ਤੱਤ, ਸਾਰੇ ਨਾਮ ਜਪਦੇ ਪ੍ਰਤੀਤ ਹੋਣੇ।

ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭੁ ਹਰਿ ਹਰਿ ਨਾਮੁ ਧਿਆਵੈ ਰਾਮ॥ (ਪੰਨਾਂ 540)

(5) ਨਾਮ ਦਾ ਫਲ:- ਨਾਮੁ ਜਪਣ ਵਾਲੇ ਨਾਮੀ ਦਾ ਰੂਪ ਬਣ ਜਾਂਦੇ ਹਨ।

ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ॥੩॥(ਪੰਨਾਂ 667)

ਨਾਮ ਜਪਣ ਦਾ ਵਿਚਾਰ:- (1) ਰਸਨਾਂ ਦੁਆਰਾ ਨਾਮ ਜਪਣਾ (2) ਆਂਉਦੇ ਜਾਂਦੇ ਸੁਆਸ ਨਾਲ ਅਭਿਆਸ ਕਰਨਾਂ ਫਿਰ ਸੁਰਤ ਕੰਮ ਕਰਦੀ ਹੈ। (3) ਸੁਰਤੀ ਨਾਲ ਸਿਮਰਨ ਹੋਣਾ ਇਸ ਤੋਂ ਅੱਗੇ ਤ੍ਰਿਕੁਟੀ ਤੋਂ ਉਪਰ ਜਾ ਕੇ ਕਰਣਾਂ ਵੀ ਨਹੀਂ ਪੈਂਦਾ। (4) ਚਸ਼ਮੇ ਚੋਂ ਜਲ ਵਹਿਣ ਦੀ ਤਰ੍ਹਾਂ ਆਪੇ ਹੀ ਸੁਣਾਈ ਦੇਣ ਲੱਗ ਜਾਂਦਾ ਹੈ। ਕੇਵਲ ਖਿਆਲ ਰੋਕਣ ਦੀ ਲੋੜ ਹੈ। (5)ਅੱਗੇ ਜਾ ਕੇ ਜਿਤਨੇ ਵੀ ਰੋਮ ਹਨ ਉਹ ਸਾਰੇ ਜਿਹਵਾ ਬਣ ਜਾਂਦੇ ਹਨ। ਹਰੇਕ ਰੋਮ ਵਿਚੋਂ ਵਾਹਿਗੁਰੂ ਦੀ ਆਵਾਜ਼ ਆਂਉਦੀ ਹੈ। (6) ਇਸ ਤੋਂ ਅੱਗੇ ਜਾ ਕੇ ਸਾਰੇ ਤੱਤਾਂ ਵਿਚੋਂ ਗੁਰ ਸ਼ਬਦ ਹੀ ਸੁਣਾਈ ਦਿੰਦਾ ਹੈ। ਇਹ ਸਾਰੀਆਂ ਵਿਧੀਆਂ ਨਾਮ ਅਭਿਆਸੀ ਮਹਾਂਪੁਰਸ਼ਾਂ ਤੋਂ ਹੀ ਸਮਝੀਆ ਜਾ ਸਕਦੀਆਂ ਹਨ।

ਭੇਦੀ ਲੀਨਾ ਸਾਥਿ ਕਰ ਦੀਨੀ ਵਸਤ ਲਖਾਇ।

ਕੋਟ ਜਨਮ ਕਾ ਪਥ ਥਾ ਖਿਨ ਮਹਿ ਪਹੁੰਚੇ ਜਾਇ॥(ਕਬੀਰ ਸਾਹਿਬ)

ਜਪੁ = ਜਪੁ - ਧਾ - ਜਪਣਾ, ਮਨ ਵਿੱਚ ਕਹਿਣਾਂ, ਸੰਗਿਆ- ਮੰਤ੍ਰ ਪਾਠ।

ਜਪ ਹੀਨ ਤਪ ਹੀਨ ਕੁਲ ਹੀਨ ਕ੍ਰਮ ਹੀਨ (ਗਉੜੀ ਨਾਮਦੇਵ ਜੀ (ਪੰਨਾਂ 345)

ਉਹ ਮੰਤਰ ਅਥਵਾ ਵਾਕ ਜਿਸ ਦਾ ਜਾਪ ਕੀਤਾ ਜਾਏ:

ਜਪਿ ਜਗਦੀਸੁ ਜਪਉ ਮਨ ਮਾਹਾ ॥ ਜੈਤਸਰੀ ਮਃ ੪(ਪੰਨਾਂ 699)

ਜਪੁ - ਜਪਣੇ ਜੋਗ,

ਜਪੁ- ਜਪੁ ਨਾਮਕ ਗੁਰਬਾਣੀ ਜੋ ਸਿੱਖਾਂ ਦੇ ਨਿੱਤਨੇਮ ਦਾ ਮੂਲ ਹੈ।

## (ਮੰਤਰ ਦੇ ਜਾਪ ਦਾ ਫਲ)

ਸੁਨ ਕਲਗੀਧਰ ਉਚਰਯੋ ਨੀਕੋ    ਜਾਨਹੁ ਪਰਮ ਮੰਤਰ ਜਪੁ ਜੀ ਕੋ

ਅਹੈ ਮਾਨਸੀ ਪੰਚੀ ਅਛਰ    ਬਾਂਛਤ ਦੇ ਸਿਮਰਯੋ ਜਿਨ ਰਿਦ ਧਰਿ॥24॥

ਤਿਸ ਕੋ ਅਰਥ ਕਰਯੋ ਗੁਰ ਦਯਾਲ    ਹਿਤ ਸਿਖਨ ਕੇ ਕਰਨ ਨਿਹਾਲ

ਬਰਨ ਪਚੀਸ ਅਜਪਾ ਜਪੈ    ਕੈ ਰਸਨਾ ਰਸ ਤੇ ਮਨ ਰਪੈ॥25॥

ਤਿਸ ਤੇ ਦੂਖਨ ਦੁਖ ਰੁਜ ਤੀਨ    ਬਾਤ ਪਿਤ ਕਫ ਕਰਤਾ ਹੀਨ

ਮੁਕਤਿ ਜੁਗਤਿ ਉਤਮ ਪਦ ਪਾਵੈ    ਸੁਖੀ ਹੋਇ ਨਹਿਂ ਅਵਗਤਿ ਜਾਵੈ॥26॥

ਜੇ ਭੋਜਨ ਪਰ ਕਰਹਿ ਉਚਾਰਨਿ    ਵਧੈ ਰਿਧਿ ਹੋਇ ਅੰਨ ਬਿਕਾਰ ਨ

ਸੁਖ ਸੋਂ ਪਚੈ ਨ ਰੁਜ ਉਪਜਾਵੈ    ਕਾਲ ਰਹਿਤ ਹੁਇ ਦੋਖ ਮਿਟਾਵੈ॥27॥

ਦਰਬ ਲਾਭ ਮਹਿ ਧਰਮ ਮਝਾਰਾ    ਬੀਜ ਉਦਾਸੀ ਕੇ ਸੁਖੁ ਕਾਰਾ

ਇਸਤਰੀ ਬਯਾਹਨਿ ਸੁਤ ਉਪਜੰਤੇ    ਦੇਸ ਬਿਦੇਸਨ ਕੋ ਗਮਨੰਤੇ॥28॥

ਜੁਧਨ ਚਢਨਿ ਮਹਿ ਸ਼ਸਤ੍ਰ ਪ੍ਰਹਾਰਨਿ    ਹੋਨਿ ਅਰੂਢਣ ਬਾਜੀ ਬਾਰਨ॥29॥

ਸਦਨ ਪ੍ਰਵੇਸ਼ਨ ਬਾਹਰਿ ਜਾਨਿ। ਇਤਿਆਦਿ ਜੇ ਕਾਜ ਮਹਾਨ॥

ਮਸਤਕ ਨੰਮ੍ਰਿ ਕਰਹਿ ਗੁਰੁ ਆਗੇ। ਦ੍ਰਿੜ ਪ੍ਰਤੀਤ ਕਰ ਸਿਮਰਨ ਲਾਗੇ॥30॥

ਦੇ ਦਸਵੰਧ ਗੁਰੂ ਕੋ ਸਿਖ। ਕਰਨ ਕਰਾਹ ਕਰਹਿ ਸੋ ਭਵਿਖ॥

ਦਾਨ ਦੇਨ ਲੇਨੇ ਮਹਿ ਪ੍ਰਾਹਿ । ਅਤਿ ਸੁਭਾਵ ਕੀ ਪਲਟਨ ਮਾਂਹਿ॥31॥

ਭੂਤ ਕਿ ਪ੍ਰੇਤ ਡਾਕਣੀ ਡੀਠ । ਸਹਿਤ ਪ੍ਰਤੀਤ ਪਠਹਿ ਦਿਢ ਨੀਠ॥32॥

ਦਸਵੇਂ ਪਾਤਸਾਹੁ ਗੁਰ ਸਾਚੇ। ਲਿਖਵਾਏ ਸ੍ਰੀ ਵਚਨ ਉਬਾਚੇ॥

ਆਗੈ ਲਾਗੇ ਲਿਖਨ ਲਿਖਾਰੀ। ਜਿਮ ਮਹਿਮਾ ਬਿਧ ਸਹਿਤ ਉਚਾਰੀ॥33

ਦੋਹਰਾ:- ਚਲਨ ਸਮੈ ਸੰਗ੍ਰਹਣੁ ਮਹਿਂ    ਦਾਨ ਦੇਨ ਔ ਲੇਨਿ।

ਅਤਿ ਸੁਭਾਵ ਕੀ ਪਲਟ ਮਹਿ    ਭੂਤ ਡਾਕਣੀ ਸੇਨੁ॥

ਮਨ ਜੀਤਨ ਰਨ ਮਹਿ ਧਰਾ, ਰਾਜ ਕਾਜ ਸੁਖ ਵਾਹਿ।

ਮਿਲਨੇ ਗਿਲਨੇ ਬੰਧ ਮਹਿ ਰਾਜ ਜੋਗ ਉਤਸਾਹਿ॥35॥

ਇਨ ਕਾਰਜ ਕੀ ਅਟਕੁ ਮਹਿ ਪੰਚ ਪਚੀਸਾ ਜਾਪ।

ਛੱਤੀ ਅਠੱਤੀ ਜਾਪ ਕਰ ਲਾਖ ਅਰਧ ਤੇ ਲਾਖ॥36॥

ਬਰਣ ਪਚੀਸ ਕੈ ਅਥਵਾ ਛੱਤੀ ਹੋਇ

ਜਪ ਹਜ਼ਾਰ ਸਮ ਵਰਣ ਕੇ ਪਾਠ ਕਰੇ ਨਰ ਜੋਇ ॥37॥

ਕਰੈ ਹੋਮ ਗੁਰਮੰਤ੍ਰ ਕੇ ਸਕਲ ਬਿਘਨ ਦੇ ਖਾਪ॥

ਕਾਰਜ ਹੋਇ ਬੰਧਨ ਤੁਟੈ ਸ੍ਰੀ ਮੁਖ ਗੁਰ ਪ੍ਰਤਾਪੁ॥38 ॥

ਗਿਆਨੀ ਧਿਆਨੀ ਜੋਗ ਧਰਿ ਕਰਮੀ ਸੁਕ੍ਰਿਤ ਮਧ॥

ਉਤਨਾ ਹੀ ਲਿਖਿਆ ਸਹੀ ਜੇ ਗੁਰ ਸਰਧਾ ਸਿਧ।39॥

ਗੁਰ ਪ੍ਰਸਾਦਿ ਲਗ ਮੁਕਤਿ ਮਯ ਪੰਚ ਗਿਆਨ ਕੇ ਜੋਗ ॥

ਹ੍ਰਿਦੇ ਸੋਧਨ ਸੰਗ੍ਰਹਿ ਮਹਿ ਪੱਚੀ ਲਗ ਸੰਜੋਗ॥40॥

ਪ੍ਰਥਮ ਮਹਾਤਮ ਮੰਤ੍ਰ ਇਹ ਚਾਰ ਪਦਾਰਥ ਦਾਇ॥ 41॥

ਦੋਹਰਾ:- ਅੱਖਰ ਛਤੀਸ ਪੰਚ ਪੁਨ ਪੱਚੀ ਤਤ ਸੁਜਾਨ ।

ਗੁਰ ਪ੍ਰਸਾਦਿ ਪਢਿ ਅਗ੍ਰ, ਲਖਹੁ ਸਿਖ ਬੁਧਵਾਨਿ॥42॥

ਅਰ ਲਿਖਬੇ ਮੇਂ ਬਰਨ ਅਠ ਪਾਂਚ ਪ੍ਰਾਣ ਕੇ ਮਾਝ।

ਪੱਚੀ ਸਭ ਵਿਵਹਾਰ ਮੇਂ ਛਤੀਸ ਲਖ ਗੁਣ ਸਾਂਝ॥43॥

ਛਤੀਸ ਲਾਖ ਅਹੁਤ ਦੇ ਮੁਕਤ ਹੋਇ ਤਤਕਾਲ।

ਜਪ ਤੇ ਆਤਮ ਸੁਧ ਹੋਇ ਮਾਰਜਨ ਦੂਖਨ ਟਾਲ ॥44॥ (ਗੁਰ ਪ੍ਰਤਾਪ ਸੂਰਜ)

## ਅਧਿਆਇ 3

ਸੰਨ 1911 ਦਿਨ ਐਤਵਾਰ ਬਾਬਾ ਜੀ ਆਇਆ ਸਿੰਘ ਵਲੋਂ ਗੁਰਮਤਿ ਅਨੁਸਾਰ ਸੰਪਰਦਾਇਕ ਔਰ ਸਿਮਰਨ ਬਾਰੇ ਟਕਸਾਲੀ ਵਿਚਾਰ ਸਮਝਾ ਕਰਕੇ ਸੰਤ ਜਵਾਲਾ ਸਿੰਘ ਜੀ ਦੇ ਸੀਸ ਤੇ ਅਜਿਹਾ ਹੱਥ ਫੇਰਿਆ ਕਿ ਸੰਤ ਜਵਾਲਾ ਸਿੰਘ ਜੀ ਨੂੰ ਪੰਜਾਂ ਕੋਸ਼ਾਂ ਦੇ ਪਰਦਿਆਂ ਤੇ ਅਵਰਣ ਆਦਿ ਔਰ ਭਰਮ ਬਿਰਤੀਆਂ ਨੂੰ ਦੂਰ ਕਰਕੇ ਬ੍ਰਹਮ ਵਿੱਦਿਆ ਵਿੱਚ ਲੀਨ ਕਰ ਦਿੱਤਾ। ਜਿਸ ਤਰ੍ਹਾਂ ਫੁਰਮਾਣ ਹੈ:-

ਸਮਰਥ ਗੁਰੂ ਸਿਰਿ ਹਥੁ ਧਰ੍ਹਉ ॥ ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ ਜਿਸੁ ਦੇਖਿ ਚਰੰਨ ਅਘੰਨ ਹਰ੍ਹਉ ॥ ਨਿਸਿ ਬਾਸੁਰ ਏਕ ਸਮਾਨ ਧਿਆਨ ਸੁ ਨਾਮ ਸੁਨੇ ਸੁਤੁ ਭਾਨ ਡਰ੍ਹਉ ॥ ਭਨਿ ਦਾਸ ਸੁ ਆਸ ਜਗਤ੍ਰ ਗੁਰੂ ਕੀ ਪਾਰਸੁ ਭੇਟਿ ਪਰਸੁ ਕਰ੍ਹਉ ॥ਰਾਮਦਾਸੁ ਗੁਰੂ ਹਰਿ ਸਤਿ ਕੀਯਉ ਸਮਰਥ ਗੁਰੂ ਸਿਰਿ ਹਥੁ ਧਰ੍ਹਉ ॥ ੭ ॥ ੧੧ ॥(ਪੰਨਾਂ 1400)

ਸੰਤ ਜਵਾਲਾ ਸਿੰਘ ਜੀ ਆਪਣੇ ਮਹਾਂਪੁਰਖਾਂ ਦੀ ਆਗਿਆ ਮੰਨ ਕੇ ਸਿਮਰਨ ਲਈ ਨਦੀ ਕਿਨਾਰੇ ਆ ਗਏ। ਪ੍ਰਭੂ ਦੇ ਧਿਆਨ ਵਿੱਚ ਜੁਟੇ ਰਹੇ। ਸੂਬੇਦਾਰ ਮੇਜਰ ਨੇ ਜਦੋਂ ਸ਼ਾਮ ਨੂੰ ਜਾਣ ਦੀ ਆਗਿਆ ਮੰਗੀ। ਸਾਰੇ ਫੌਜੀ ਸਿੰਘਾਂ ਵਿੱਚ ਸੰਤ ਜਵਾਲਾ ਸਿੰਘ ਜੀ ਨਹੀਂ ਸਨ। ਭਾਲ ਕਰਨ ਤੋਂ ਬਾਦ ਨਦੀ ਕਿਨਾਰੇ ਸਿਮਰਨ ਵਿੱਚ ਲੀਨ ਹੋਏ ਮਿਲੇ। ਮਹਾਂਪੁਰਸ਼ਾਂ ਪਾਸ ਆਵਣ ਲਈ ਸੂਚਨਾਂ ਦਿੱਤੀ। ਬਾਬਾ ਜੀ ਨੇ ਸੂਬੇਦਾਰ ਮੇਜਰ ਜੀ ਨਾਲ ਜਾਣ ਦੀ ਆਗਿਆ ਕੀਤੀ। ਬੇਨਤੀ ਕੀਤੀ ਮਹਾਂਪੁਰਖੋ, ਫੌਜ ਵਿੱਚ ਆਪ ਜੀ ਨੇ ਆਪਣੇ ਬਖਸ਼ੇ ਹੋਏ ਬਚਨ ਨਿਭਾਉਣ ਦਾ ਬਲ ਬਖਸ਼ਿਸ਼ ਕਰਨਾਂ। ਖਾਸ ਕਰਕੇ ਇਕਾਂਤ ਰਹਿਣ ਦਾ।ਸੋ ਬਾਬਾ ਜੀ ਨੇ ਮੇਜਰ ਸਾਹਿਬ ਨੂੰ ਆਗਿਆ ਕੀਤੀ ਤੇ ਕਿਹਾ ਆਪ ਜੀ ਨੇ ਕਰਨਲ ਸਾਹਿਬ ਨੂੰ ਬੇਨਤੀ ਕਰਕੇ ਲਾਈਨ ਵਿੱਚ ਹਾਜ਼ਰ ਹੋਣ ਤੋਂ ਮੁਆਫ਼ੀ ਦੁਆ ਦੇਣੀ। ਸੂਬੇਦਾਰ ਜੀ ਨੇ ਬੇਨਤੀ ਕੀਤੀ ਕਿ ਆਪ ਜੀ ਦੇ ਬਚਨਾਂ ਦਾ ਪਾਲਣ ਕੀਤਾ ਜਾਵੇਗਾ। ਤਾਂ ਜੋ ਸੰਤ ਜਵਾਲਾ ਸਿੰਘ ਜੀ ਨੂੰ ਸਿਮਰਨ ਵਿੱਚ ਕੋਈ ਰੁਕਾਵਟ ਨਾ ਆਵੇ। ਸਾਰੀ ਸੰਗਤ ਨੇ ਬਾਬਾ ਜੀ ਨੂੰ ਨਮਸਕਾਰ ਕੀਤੀ ਤੇ ਸੂਬੇਦਾਰ ਮੇਜਰ ਸਮੇਤ ਸਾਰੇ ਫੌਜੀ ਸਿੰਘ ਵਾਪਸ ਰਾਵਲਪਿੰਡੀ ਆ ਗਏ।

**ਪਲਟਨ ਦੀ ਜਿੰਦਗੀ:** ਜਨਵਰੀ 1912 ਈਸਵੀ ਨੂੰ ਸੰਤਾਂ ਦੀ ਪਲਟਨ ਰਾਵਲਪਿੰਡੀ ਤੋਂ ਬਦਲ ਕੇ ਪਿਸ਼ਾਵਰ ਚਲੀ ਗਈ ਅਤੇ (ਪੰਜ ਤੀਰਥੀ) ਨਾਮ ਨਾਲ ਪਾਂਡਵਾ ਦਾ ਸਰੋਵਰ ਸੀ ਸਾਥ ਹੀ ਘਣਾ ਜੰਗਲ ਸੀ। ਸਿਮਰਨ ਲਈ ਬੜੀ ਇਕਾਂਤ ਜਗ੍ਹਾਂ ਸੀ। ਸੂਬੇਦਾਰ ਮੇਜਰ ਜੀ ਨੇ ਸੀ.ਓ. ਪਾਸੋਂ ਡਿਊਟੀ ਮੁਆਫ ਕਰਵਾ ਦਿੱਤੀ। ਬਲਕਿ ਪਰੇਡ ਵਿੱਚ ਸ਼ਾਮਲ ਹੋਣ ਤੋਂ ਵੀ ਸੁਤੰਤਰਤਾ ਦੇ ਦਿੱਤੀ। ਸੰਤ ਜੀ ਹੁਣ ਪਲਟਨ ਦੇ ਗੁਰਦੁਆਰੇ ਵਿੱਚ ਹੀ ਨਿਵਾਸ ਕਰਦੇ ਸਨ। ਭਜਨ ਸਿਮਰਨ ਲਈ ਵੀ ਬਹੁਤ ਸਮਾਂ ਮਿਲ ਜਾਂਦਾ ਸੀ। ਰਾਤ ਨੂੰ ਸਾਰੀ ਸਾਰੀ ਰਾਤ ਸਰੋਵਰ ਵਿੱਚ ਖੜ੍ਹਕੇ ਗਲ ਗਲ ਪਾਣੀ ਵਿਚ ਸਾਧਨ ਕਰਦੇ ਸਨ, ਸਰਦੀਆਂ ਦੇ ਚਾਰ ਮਹੀਨੇ ਜਦੋਂ ਇਸ ਇਲਾਕੇ ਵਿਚ ਸਰਦੀ ਵੀ ਬਹੁਤ ਹੁੰਦੀ ਹੈ ਸਾਧਨ ਕਰਦੇ ਸਨ ਗੁਰਦੁਆਰੇ ਵਿਚ ਸਵੇਰੇ ਸ਼ਾਮ ਦਾ ਪੂਰਾ ਪੂਰਾ ਨਿੱਤਨੇਮ ਕਥਾ ਕੀਰਤਨ ਸੰਗਤ ਪੰਗਤ ਦੀ ਮਰਿਯਾਦਾ ਨੂੰ ਵੀ ਵਿਧੀ ਪੂਰਵਕ ਕਰਨ ਕਰਵਾਉਣ ਲਈ ਤਤਪਰ ਰਹਿੰਦੇ ਸਨ। ਸਾਰੇ ਗੁਰਪੁਰਬ ਮਨਾਉਣੇ। ਬਿਅਸਨਾਂ ਦਾ ਤਿਆਗ ਕਰਵਾਉਣਾਂ, ਅੰਮ੍ਰਿਤ ਸੰਚਾਰ ਕਰਵਾਉਣਾਂ ,ਆਪ ਦਾ ਮੁੱਖ ਧਰਮ ਸੀ।

ਇੱਕ ਦਿਨ ਦੀ ਵਾਰਤਾ ਹੈ ਕਿ ਆਪ ਸਰੋਵਰ'ਚ ਖੜ ਕੇ ਤਪ ਕਰ ਰਹੇ ਸਨ ਕਿ ਇੱਕ ਡਾਕੂ ਪਠਾਣ ਨੇ ਆ ਕੇ ਪੁੱਛਿਆ ਤੁਮ ਕੌਨ ਹੋ। ਸੰਤਾਂ ਨੇ ਉਤਰ ਦਿੱਤਾ ਹਰੀ ਸਿੰਘ ਨਲੂਆ।ਉਹ ਪਠਾਣ ਠਠੰਬਰ ਗਿਆ, ਡਾਕੂ ਨੇ ਕਿਹਾ ਕਿ ਉਹ ਤਾਂ ਮਰ ਚੁੱਕਾ ਹੈ। ਸੰਤਾਂ ਨੇ ਜਵਾਬ ਦਿੱਤਾ ਕਿ ਉਸ ਦੇ ਭਰਾ ਅਜੇ ਵੀ ਪੰਜਾਬ ਵਿੱਚ ਜਿਊਂਦੇ ਹਨ। ਇਤਨਾਂ ਸੁਣ ਕੇ ਹੀ ਡਾਕੂ ਉਥੋਂ ਪਤਰਾ ਵਾਚ ਗਿਆ। ਸੁਭਾ ਸ਼ਾਮ ਆਪ ਸਤਿਸੰਗ ਵਿੱਚ ਲੀਨ ਰਹਿੰਦੇ ਸਨ । ਨਿੰਦਾ ਚੁਗਲੀ ਵਾਧੂ ਬਚਨ ਤੋਂ ਸੰਕੋਚ ਰੱਖਦੇ ਸਨ। ਅਧਿਆਤਮ ਦੀ ਵਿਚਾਰ ਲਈ ਹਮੇਸ਼ਾਂ ਧਾਰਮਿਕ ਗ੍ਰੰਥ ਪੜ੍ਹਦੇ ਸੁਣਦੇ ਰਹਿੰਦੇ ਸਨ। ਖਾਸ ਕਰਕੇ ਉਹ ਪੁਸਤਕ ਜਿਸ ਨੂੰ ਪੜ੍ਹ ਕੇ ਨਾਮ ਕਮਾਈ ਦੀ ਵੱਧ ਤੋਂ ਵੱਧ ਪ੍ਰੇਰਨਾਂ ਮਿਲੇ। ਬੜੀ ਰੁਚੀ ਨਾਲ ਪੜ੍ਹਦੇ ਸਨ। ਲੰਮਾਂ ਸਮਾਂ ਨਾਮ ਦਾ

www.archive.org/details/namdhari



ਅਭਿਆਸ ਕਰਦਿਆਂ ਉਨ੍ਹਾਂ ਦੀ ਵਿਰਤੀ ਸਿਮਰਨ ਵਿੱਚ ਪ੍ਰਪੱਕ ਹੋ ਗਈ। ਮਹਾਂਪੁਰਸ਼ਾਂ ਪਾਸੋਂ ਵਿਸ਼ੇਸ ਹਦਾਇਤਾਂ ਮਿਲਦੀਆਂ ਸਨ।

**ਕਾਇਕ ਕਰਮ:** (1) ਮੰਜਨ ਅਰਥਾਤ ਦਾਤਨ ਕਰਨਾ (2) ਇਸ਼ਨਾਨ (3) ਆਸਨ (4) ਸ਼ੁਭ ਮਾਰਗ ਯਾਤਰਾ (5) ਸਤਿਗੁਰ ਅਥਵਾ ਸੰਤਨ ਸੇਵਾ ।

**ਵਾਚਕ ਕਰਮ:** (1) ਜਾਪ ਅਥਵਾ ਕਿਸੀ ਮੰਤਰ ਅਥਵਾ ਬਾਣੀ ਦਾ ਪਾਠ ਕਰਨਾ (2) ਨਾਮ ਸਿਮਰਨ (3) ਸਤਿ ਬਚਨ ਅਥਵਾ ਸੱਚ ਬੋਲਣਾ (4) ਕੀਰਤਨ ਅਥਵਾ ਬਾਣੀ ਅਥਵਾ ਪ੍ਰਮਾਤਮਾ ਦਾ ਮੰਗਲ ਗਾਇਨ ਕਰਨਾ (5) ਮ੍ਰਿਦ ਬਚਨ ਅਥਵਾ ਮਿੱਠਾ ਬਚਨ ਬੋਲਣਾਂ।

**ਮਾਨਸ ਕਰਮ:** (1) ਦਇਆ ਅਰਥਾਤ ਸਭ ਜੀਵੋਂ ਕੋ ਤਨ ਮਨ ਧਨ ਔਰ ਬਾਣੀ ਕਰਕੇ ਸੁਖ ਦੇਣਾਂ।

(2) ਬ੍ਰਹਮਚਰਜ ਅਰਥਾਤ ਮਲਨ ਸੰਕਲਪ ਧਾਰ ਕਰ ਇਸਤਰੀ ਦੀ ਵਾਰਤਾ ਨਾ ਸੁਨਣੀ, ਨਾ ਸਿਮਰਨ ਕਰਨਾਂ, ਨਾ ਕੀਰਤਨ ਕਰਨਾ, ਨਾ ਚਿਤਵਨ ਕਰਨਾਂ, ਨਾ ਇਕਾਂਤ ਹੋ ਕਰ ਬਾਤ ਕਰਨਾਂ, ਨਾ ਉਸ ਕੇ ਮਿਲਨੇ ਕਾ ਸੰਕਲਪ ਕਰਨਾ, ਨਾ ਉਸ ਕੇ ਮਿਲਨੇ ਕਾ ਯਤਨ ਕਰਨਾ, ਨਾ ਉਸ ਸੇ ਮਿਲਨਾ, ਅਸ਼ਟ ਪ੍ਰਕਾਰ ਦੇ ਕਾਮ ਤੋਂ ਬਚਨਾਂ ਬ੍ਰਹਮਚਰਜ ਦਾ ਪਾਲਣਾ ਕਰਨਾਂ।

"ਮੈਥਨ ਅਸ਼ਟ ਪ੍ਰਕਾਰ ਜੋ ਨਾਥ ਕਹਿਓ ਸ਼੍ਰੁਤਿ ਮਾਹਿ।ਇਨ ਤੇ ਬਿਪਰੀਤ ਜੋ ਬ੍ਰਹਮਚਰਜ ਕਹ ਤਾਂਹਿ॥"

"ਸਰਵਣ ਸਿਮਰਨ ਕੀਰਤਨ ਚਿਤਵਨ ਬਾਤ ਇਕੰਤ।ਦ੍ਰਿੜ ਸੰਕਲਪ ਪ੍ਰਯਤਨ ਤਨ ਪ੍ਰਾਪਤ ਅਸਟ ਕਹੰਤ॥"

**ਅੰਤਸ਼ਕਰਣ ਦੀ ਸੁੱਧੀ ਲਈ ਕਰਮ:-** (1) ਦਇਆ ਅਰਥਾਤ ਸਭ ਜੀਵੋਂ ਕੋ ਤਨ ਮਨ ਧਨ ਔਰ ਬਾਣੀ ਕਰਕੇ ਸੁਖ ਦੇਣਾ (2) ਸਤਿ ਬਚਨ ਅਰਥਾਤ ਸਚ ਬੋਲਣਾਂ (3) ਬ੍ਰਹਮਚਰਜ ਅਰਥਾਤ ਇਸਤਰੀ ਦਾ ਤਿਆਗ (4) ਧੀਰਜ ਅਰਥਾਤ ਸੁਖ ਔਰ ਦੁਖੋਂ ਕੋ ਸਹਾਰਨਾ (5) ਸੰਤੋਖ, ਯਥਾ ਲਾਭ ਸੰਤੁਸ਼ਟ ਰਹਿਣਾਂ (6) ਮਿਤ੍ਰਤਾ ਅਰਥਾਤ ਸਭ ਕੋ ਆਪਣੇ ਸਮਾਨ ਜਾਣ ਕਰ ਮਿੱਠਾ ਬਚਨ ਬੋਲਣਾਂ (7) ਸੁਹਿਰਦਤਾ ਅਰਥਾਤ ਸਰਬ ਕੋ ਆਪਣਾ ਆਤਮਾ ਨਿਸਚੇ ਕਰਕੇ ਸੁਖੁ ਦੇਣਾਂ (8) ਉਪਰਾਮਤਾ, ਅਰਥਾਤ ਅਗਿਆਨੀ ਭੇਦਵਾਦੀ, ਵਿਸ਼ਈ, ਬਿਵਹਾਰੀ ਮਿਥਿਆਵਾਦੀ ਔਰ ਮੂਢ ਦੀ ਸੰਗਤ ਤੋਂ ਦੂਰ ਰਹਿਣਾਂ। (9) ਬੈਰਾਗ, ਕਿਸੀ ਸਾਥ ਮੋਹ ਅਥਵਾ ਸਬੰਧ ਨਾ ਰੱਖਣੇਂ (10) ਧਿਆਨ, ਅਰਥਾਤ ਮਨ ਕੋ ਪ੍ਰਮਾਤਮਾ ਕੇ ਸਰੂਪ ਵਿਖੇ ਇਸਥਿਤ ਕਰਨਾ (11) ਇਕਾਂਤ ਸੇਵਨ, ਅਰਥਾਤ ਸਰਬ ਪੁਰਸ਼ੋਂ ਸੇ ਭਿੰਨ ਹੋ ਕਰਕੇ ਇਕੱਲੇ ਅਸਥਾਨ ਪਰ ਨਿਵਾਸ ਕਰਕੇ ਮਨ ਕੋ ਸਰਬ ਭੂਤ ਔਰ ਭਵਿੱਖਤ ਚਿੰਤਾ ਸੇ ਰਹਿਤ ਕਰਨਾ। ਇਕਾਗਰ ਹੋ ਕੇ ਸਤਿ ਸਰੂਪ ਪ੍ਰਮਾਤਮਾ ਦਾ ਧਿਆਨ ਕਰਨਾ। (12) ਸਤਿ ਸ਼ਾਸਤਰ ਚਿੰਤਨ, ਅਰਥਾਤ ਜਿਨ ਸ਼ਾਸਤਰੋਂ ਵਿਖੇ ਸਤਿ ਅਸੱਤਿ ਕਾ ਵਿਵੇਕ ਹੈ ਉਨ ਸ਼ਾਸਤਰੋਂ ਕੋ ਇਕਾਂਤ ਦੇਸ਼ ਵਿਖੇ ਬੁਧ ਸਹਿਤ ਵਿਚਾਰਨਾ। (13) ਸਤਿਸੰਗ ਅਰਥਾਤ ਸਤਿ ਪੁਰਖ ਕੇ ਸਮੀਪ ਨਿਰਮਾਨਤਾ, ਪ੍ਰੇਮ, ਸ਼ਰਧਾ ਭਗਤੀ, ਨਿਰਮਾਣਤਾ ਔਰ ਸਤਤਾ ਸਹਿਤ ਜਾਨਾ ਪਰ ਉਨਕੇ ਯਥਾਰਥ ਬਚਨੋਂ ਕੋ ਸਰਵਣ ਕਰਕੇ ਆਪਣੇ ਮਨ ਵਿਖੇ ਵਸਾਨਾਂ ਔਰ ਇਕਾਂਤ ਦੇਸ਼ ਵਿਖੇ ਉਨ ਬਚਨੋਂ ਕੋ ਸਿਮਰਨ ਕਰਕੇ ਮੰਨਣ ਕਰਨਾਂ ਔਰ ਫਿਰ ਮੰਨਣ ਕੀਏ ਬਚਨੋਂ ਕੋ ਆਪਣੀ ਬਿਰਤੀ ਕੇ ਸਾਥ ਐਸਾ ਤਦਾਕਾਰ ਕਰਨਾ ਜੋ ਬਿਰਤੀ ਔਰ ਬਚਨ ਏਕ ਰੂਪ ਹੋ ਜਾਵੇ ਅਰਥ ਯਿਹ ਬਚਨੋਂ ਕਾ ਤਾਤਪਰਜ ਜੋ ਕੇਵਲ ਸੁਧ ਵਸਤੂ ਹੈ ਉਸ ਕੇ ਸਾਥ ਬਿਰਤੀ ਕੋ ਅਭੇਦ ਕਰਨਾ (14) ਸਤ ਸੰਕਲਪ ਅਰਥਾਤ ਆਪਣੇ ਸੰਕਲਪ ਕੋ ਨਿਰੰਤਰ ਹੀ ਸ਼ੁੱਧ,

ਨਿਰਮਲ, ਨਿਸ਼ਕਪਟ, ਨਿਰਮਾਣ ਔਰ ਸਤਿਗੁਣੀ ਰੱਖਣਾਂ। ਰਜੋ ਗੁਣ ਔਰ ਤਮੋ ਗੁਣ ਕਾ ਪ੍ਰਤੀ ਤਿਆਗ ਕਰਕੇ ਕੇਵਲ ਸ਼ੁੱਧ ਸਤੋ ਗੁਣੀ ਕਾਮਨਾ ਸਹਿਤ ਸਤਿ ਮਾਰਗ ਵਿਖੇ ਪ੍ਰਵਿਰਤ ਕਰਨਾ।

### ਸਤਿਗੁਰ ਕੀ ਸੰਗਤ ਵਿਚ ਵਰਤਣ ਯੋਗ ਸੁਭਾਵ:-

1. ਸੇਵਾ ਅਰਥਾਤ ਤਨ ਮਨ ਧਨ ਬਾਣੀ ਕੋ ਅਰਪਣਾ।

2. ਆਸਤਿਕ ਭਾਵਨਾ ਅਰਥਾਤ ਬਚਨ ਕੋ ਸਤਿ ਮਾਨਣਾ।

3.ਨਿਰਮਾਣਤਾ ਅਰਥਾਤ ਕੁਲ ਅਭਿਮਾਨ,ਜੁਬਾ ਅਭਿਮਾਨ, ਸੁੰਦਰਤਾ ਅਭਿਮਾਨ,ਵਿੱਦਿਆ ਅਭਿਮਾਨ, ਵਰਨ ਆਸ਼ਰਮ ਅਭਿਮਾਨ, ਤਨ ਅਭਿਮਾਨ,ਅਰ ਪ੍ਰਭਤਾ ਅਭਿਮਾਨ ਸੇ ਰਹਿਤ ਹੋ ਕਰ ਸਤਿਗੁਰ ਕਾ ਸੰਗ ਕਰਨਾ।

4. ਮੌਨਤਾ ਅਰਥਾਤ ਸਤਿਗੁਰ ਕੇ ਸਮੀਪ ਅਰਥ ਕੇ ਬਿਨਾਂ ਨਾ ਬੋਲਣਾ, ਬਾਣੀ ਕੋ ਨਿਰੋਧ ਕਰਕੇ ਉਨ ਕੇ ਉਪਦੇਸ਼ ਕੋ ਸਰਵਨ ਕਰਨਾ।

5. ਨਿਰਦੋਸ਼ ਦ੍ਰਿਸ਼ਟ ਅਰਥਾਤ ਸਤਿਗੁਰੂ ਕੇ ਕਿਸੀ ਵੀ ਕਰਮ ਪਰ ਗਿਲਾਨਤਾ ਨਾ ਕਰਨੀ।

6. ਸਿਮਰਤੀ ਅਰਥਾਤ ਸਤਿਗੁਰ ਕੇ ਬਚਨ ਕੋ ਯਾਦ ਕਰਨਾ।

7. ਸਾਵਧਾਨਤਾ ਅਰਥਾਤ ਆਲਸ ਔਰ ਵਿਖੇਪਤਾ ਸੇ ਰਹਿਤ ਹੋ ਕਰ ਸਤਿਸੰਗ ਕਰਨੀ ਉਪਦੇਸ਼ ਸੁਨਣਾ ਔਰ ਸੇਵਾ ਕਰਨੀ।

8. ਤਤਿਕਸ਼ਾ ਅਰਥਾਤ ਮਾਨ ਅਪਮਾਨ, ਨਿੰਦਿਆ ਉਸਤਤਿ, ਖੁਧਯਾ ਤ੍ਰਿਖਾ, ਦੁਖ ਸੁਖ ਕੋ ਸਹਾਰਨਾ।

9. ਸੁਸ਼ੀਲਤਾ ਅਰਥਾਤ ਸਦਾ ਕੋਮਲ ਬਚਨ ਬੋਲਣਾਂ ਔਰ ਧੀਰਜ ਸਹਿਤ ਸਰਵ ਕ੍ਰਿਆ ਕੋ ਕਰਨਾ।

10. ਮੋਖ ਇੱਛਾ ਅਰਥਾਤ ਸਦਾ ਹੀ ਇਹ ਇੱਛਾ ਰੱਖਣੀ ਜੋ ਕਬ ਮੇਰੇ ਸਰਵ ਦੁੱਖ ਨਵਿਰਤ ਹੋਂਗੇ ਔਰ ਪਰਮਾਨੰਦ ਦੀ ਪ੍ਰਾਪਤੀ ਹੋਵੇਗੀ।

### (2) ਸਤਿ ਸ਼ਾਸਤਰ ਚਿੰਤਨ ਸਮੇ ਸੁਭਾਵ:-

1. ਸ਼ਰਧਾ ਅਰਥਾਤ ਸ਼ਾਸਤਰ ਕੇ ਬਚਨੋਂ ਪਰ ਸਤ ਪ੍ਰਤੀਤ ਕਰਨੀ।

2. ਇਕਾਗਰਤਾ ਅਰਥਾਤ ਚਿਤ ਕੋ ਦੂਸਰੀ ਔਰ ਸੇ ਨਿਰੋਧ ਕਰਕੇ ਸ਼ਾਸਤਰ ਕੇ ਚਿੰਤਨ ਵਿਖੇ ਲਗਾਨਾ।

3. ਅਰਥ ਗ੍ਰਾਹਕ ਬੁੱਧੀ ਅਰਥਾਤ ਸ਼ਾਸਤਰ ਕੇ ਅਰਥੋਂ ਕੋ ਬੁੱਧੀ ਮੇਂ ਧਾਰਨ ਕਰਨਾ।

4. ਏਕਾਂਤ ਦੇਸ਼ ਸੇਵਨ ਅਰਥਾਤ ਇਕਾਂਤ ਬੈਠ ਕਰ ਸ਼ਾਸਤਰ ਕਾ ਵਿਚਾਰ ਕਰਨਾ।

5. ਪ੍ਰੇਮ ਅਰਥਾਤ ਚਿੱਤ ਕੋ ਸ਼ਾਸਤਰ ਕੇ ਬਚਨੋਂ ਮੇਂ ਪ੍ਰੀਤ ਸਹਿਤ ਲਗਾਉਣਾ।

6. ਸਾਵਧਾਨਤਾ ਅਰਥਾਤ ਆਲਸ ਨੀਂਦ ਵਿਖੇਪਤਾ ਔਰ ਬਿਸਿਮਰਤੀ ਸੇ ਰਹਿਤ ਹੋਕਰ ਸ਼ਾਸਤਰ ਕੋ ਬਿਚਾਰਨਾ ਔਰ ਉਸ ਕੇ ਅਰਥ ਕੋ ਮਨ ਮਹਿ ਧਾਰਨਾ।

## (3)ਆਤਮ ਅਭਿਆਸ ਸਮੇਂ ਸੁਭਾਵ:-

1. ਆਸਣ ਸਰੀਰ ਕੋ ਏਕ ਬੈਠਕ ਪਰ ਜਮਾਨਾ।

2. ਵਿਵੇਕ ਅਰਥਾਤ ਨਿੱਤ ਅਨਿੱਤ ਕਾ ਵਿਚਾਰ ਕਰਨਾ ਆਤਮਾ ਕੋ ਨਿਤ ਨਿਸਚੈ ਕਰਨਾ ਔਰ ਦੇਹ ਕੋ ਅਨਿੱਤ ਪ੍ਰਤੀਤ ਕਰਨਾ।

3. ਵੈਰਾਗ ਅਰਥਾਤ ਅਨਿੱਤ ਕਾ ਤਿਆਗ ਕਰਨਾ।

4. ਸਮ ਅਰਥਾਤ ਸਰਬ ਅਨਾਤਮ ਵਾਸ਼ਨਾਉਂ ਸੇ ਮਨ ਕੋ ਨਿਰੋਧ ਕਰਨਾ।

5. ਦਮ ਅਰਥਾਤ ਇੰਦ੍ਰੀਓਂ ਕੋ ਵਿਸ਼ੇ ਸੇ ਉਪਰਾਮ ਕਰਨਾ।

6. ਧਾਰਨਾ ਅਰਥਾਤ ਬਾਰੰਬਾਰ ਨਿਤ ਆਤਮ ਕਾ ਚਿੰਤਨ ਕਰਨਾ।

7. ਅਹੰਗ੍ਰਹ ਧਿਆਨ ਅਰਥਾਤ ਯਿਹ ਧਾਰਣਾਂ ਗ੍ਰਹਿਣ ਕਰਨੀ ਜੋ ਮੈਂ ਸਤਿ ਹੂੰ ਚੇਤੰਨ ਹੂੰ ਅਖੰਡ ਹੂੰ ਨਿਰਬਿਕਾਰ ਹੂੰ, ਅਵਿਅਕਤ ਹੂੰ, ਬ੍ਰਹਮ ਹੂੰ।

8. ਸਮਾਧੀ ਅਰਥਾਤ ਇਸ ਪ੍ਰਕਾਰ ਚਿੰਤਨ ਕਰਤੇ-ਕਰਤੇ ਜਬ ਪਰਮਾਨੰਦ ਸਰੂਪ ਮੇਂ ਚਿੱਤ ਐਸਾ ਲਿਵਲੀਨ ਹੋ ਜਾਵੇ ਜੋ ਕੋਈ ਫੁਰਨਾਂ ਨਾ ਉਠੇ ਕੇਵਲ ਅਖੰਡਾਕਾਰ ਹੋ ਕਰ ਇਸਥਤ ਰਹੇ ਸੋ ਸਮਾਧ ਹੈ। ਆਤਮ ਅਭਿਆਸ ਕਾ ਪਰਮ ਫਲ ਹੈ।

## ਗ੍ਰਿਸਤ ਵਿਖੇ ਯੇ ਸੁਭਾਵ:-

1. ਨਿਰਹੰਕਾਰਤਾ ਅਰਥਾਤ ਹੰਕਾਰ ਸੇ ਰਹਿਤ ਰਹਿਣਾਂ, ਆਪ ਕੋ ਕਿਸੀ ਮਾਇਕ ਪਦਾਰਥ ਵਾ ਮਾਨ ਕੇ ਸਾਥ ਨਾ ਮਿਲਣਾਂ।

2. ਨਿਰਮਮਤਾ ਅਰਥਾਤ ਕਿਸੀ ਪਦਾਰਥ ਕੋ ਆਪਣਾ ਨਾ ਮੰਨਣਾਂ।

3. ਉਦਾਸੀਨਤਾ ਅਰਥਾਤ ਸਰਬ ਗ੍ਰਿਹਸਥ ਕੇ ਵਿਵਹਾਰੋਂ ਪਦਾਰਥੋਂ ਔਰ ਸਬੰਧੀਉਂ ਸੇ ਉਦਾਸ ਰਹਿਣਾਂ।

4. ਧੀਰਜ, ਅਰਥਾਤ ਦੁਖ ਨਿਰਧਨਤਾ ਔਰ ਮਾਨ ਔਰ ਸਬੰਧੀਓਂ ਕੇ ਵਿਯੋਗ ਸਮੇਂ ਬੁੱਧ ਕੋ ਅਸਥਿਰ ਕਰਨਾ।

5. ਉਦਾਰਤਾ ਅਰਥਾਤ ਆਪਣੇ ਧਨ ਔਰ ਦੂਸਰੇ ਪਦਾਰਥੋਂ ਸੇ ਅਭਿਆਗਤੋਂ ਅੰਗਹੀਨੋਂ ਮਹਾਤਮਾਉਂ ਖੁਧਿਆਰਥੀਉਂ ਵਿਦਿਆਰਥੀਉਂ ਨਿਰਧਨੋਂ ਵਿਦਿਆਵਾਨੋਂ ਸੰਤੋਂ ਬ੍ਰਾਹਮਣੋਂ ਕੀ ਯਥਾ ਅਧਿਕਾਰ ਸੇਵਾ ਕਰਨੀ। ਆਪਣੀ ਸਮੱਗਰੀ ਕੋ ਸਭ ਸੇ ਮਿਲ ਕਰ ਵਰਤਣਾਂ। ਕ੍ਰਿਪਨਤਾ ਕੋ ਤਿਆਗ ਕਰ ਜੀਤੇ ਜੀਅ ਆਪਣੇ ਧਨ ਕੋ ਆਪਣੇ ਹਾਥ ਸੇ ਦੇਣਾ ਔਰ ਜਸ ਕੀਰਤ ਕਾ ਲਾਭ ਲੈਣਾਂ।

6. ਆਰਜਵ ਅਰਥਾਤ ਆਪਣੇ ਆਚਾਰ ਔਰ ਕਰਮ ਕੋ ਸੁੱਧ ਔਰ ਨਿਰਦੋਖ ਰੱਖਣਾਂ।

7. ਮਿੱਤਰਤਾ ਅਰਥਾਤ ਸਰਬ ਸਬੰਧੀਉਂ ਕੇ ਸਾਥ ਯਥਾ ਅਧਿਕਾਰ ਕੋਮਲ ਔਰ ਮੀਠੇ ਸੁਭਾਵ ਸੇ ਵਰਤਣਾਂ।

8. ਸਤਿ ਵਿੱਦਿਆ ਪ੍ਰਚਾਰ ਅਰਥਾਤ ਆਪਣੇ ਬੇਟਾ, ਬੇਟੀ, ਇਸਤਰੀ, ਛੋਟੇ ਭਾਈ ਔਰ ਦੂਸਰੇ ਸਬੰਧੀਉਂ ਕੋ ਸਤਿ ਵਿੱਦਿਆ ਸੁਨਾਉਣਾਂ ਔਰ ਪੜ੍ਹਾਨਾਂ ਵਾ ਪ੍ਰੇਰਨਾਂ ਕਰਕੇ ਲਗਾਨਾ।

9. ਧਰਮ ਅਰਥਾਤ ਸਤਿ ਬਚਨ, ਸਤਿ ਸੰਕਲਪ ਅਰ ਸਤਿ ਕਰਮ ਕੋ ਇਸਥਾਪਨ ਕਰਨਾ।

10. ਅਹਿੰਸਾ ਅਰਥਾਤ ਸਰਬ ਜੀਵੋਂ ਕੋ ਤਨ ਮਨ ਧਨ ਔਰ ਬਾਣੀ ਕਰਕੇ ਸੁੱਖ ਦੇਣਾਂ।

11. ਸ਼ਾਂਤੀ ਅਰਥਾਤ ਕ੍ਰੋਧ ਸੇ ਰਹਿਤ ਹੋ ਕਰਕੇ ਚਿੱਤ ਕੋ ਸਦਾ ਠੰਢਾ ਰੱਖਣਾਂ।

12. ਉਪਰਾਮਤਾ ਅਰਥਾਤ ਲੌਕਿਕ ਰੀਤ ਪ੍ਰੀਤ ਔਰ ਮਿੱਤਰਤਾ ਸੇ ਰਹਿਤ ਹੋਣਾਂ ਔਰ ਨਿਰੰਤਰ ਸਬੰਧੀਉਂ ਕੇ ਮੱਧ ਨਾਂ ਬੈਠਣਾਂ ਕਿੰਤੂ ਇਕਾਂਤ ਦੇਸ ਵਿਖੇ ਆਪਣੇ ਕਾਲ ਕੋ ਬਤੀਤ ਕਰਨਾਂ। ਸਮੇਂ ਅਨੁਸਾਰ ਘਰ ਜਾਣਾ ਜਿਸ ਸੇ ਸੁਖ ਵਿਸ਼ਰਾਮ ਬਣਾ ਰਹੇ।

13. ਵਿਚਾਰ ਅਰਥਾਤ ਗ੍ਰਿਸਤ ਕੇ ਸਭ ਕਾਮੋਂ ਕੋ ਵਿਚਾਰ ਸਹਿਤ ਕਰਨਾ।

14. ਸੰਤੋਖ ਅਰਥਾਤ ਜਿਹਵਾ ਕੇ ਰਸ ਔਰ ਉਪਸਥ ਇੰਦਰੀ ਕੇ ਰਸ ਕੋ ਜਿਤਨਾ ਹੋ ਸਕੇ ਘਟਾਉਣੇਂ ਕੇਵਲ ਉਦਰ ਪੂਰਨ ਔਰ ਸੰਤਾਨ ਉਤਪਤੀ ਦੇ ਨਮਿੱਤ ਇਨ ਉਭੈ ਇੰਦ੍ਰੇ ਕੋ ਪ੍ਰਵਿਰਤ ਕਰਨਾ। ਇਸੀ ਪ੍ਰਕਾਰ ਦੂਸਰੇ ਇੰਦ੍ਰੇ ਕੇ ਵਿਸ਼ੇ ਮੇਂ ਭੀ ਆਪਣੇ ਮਨ ਕੋ ਨਾ ਲਗਾਨਾ ਅਲਪ ਵਸਤੂ ਸੇ ਕਾਮ ਚਲਾ ਕਰ ਪ੍ਰਸੰਨ ਚਿੱਤ ਰਹਿਣਾਂ ਜਿਤਨਾ ਹੋ ਸਕੇ ਆਪਣੀ ਇੱਛਾ ਕੋ ਘਟਾਉਣਾ। ਸਧਾਰਨ ਸੁੱਧ ਆਹਾਰ, ਸਾਧਾਰਨ ਬਸਤਰ, ਸੂਖਮ ਸਮੱਗਰੀ ਔਰ ਨਿਵਾਸ ਅਨੁਸਾਰ ਅਸਥਾਨ ਰੱਖਣਾਂ।

## (5)ਵਿਵਹਾਰ ਸਿੱਧੀ ਲਈ ਸੁਭਾਵ:-

1. ਧਰਮ ਅਰਥਾਤ ਪੂਰਾ ਬੋਲਣਾਂ, ਪੂਰਾ ਤੋਲਣਾਂ, ਪੂਰਾ ਲਿਖਣਾਂ, ਵੱਢੀ ਨਾ ਲੈਣਾਂ।

2. ਨਿਸ਼ਕਪਟਾ ਅਰਥਾਤ ਧੋਖਾ ਫਰੇਬ ਚੁਗਲੀ ਔਰ ਠੱਗੀ ਸੇ ਰਹਿਤ ਰਹਿਣਾਂ।

3. ਉਪਕਾਰ ਅਰਥਾਤ ਦੂਸਰੇ ਦੇ ਕਾਰਜ ਸਿੱਧ ਕਰਨ ਨਮਿੱਤ ਤਨ ਮਨ ਧਨ ਲਗਾਨਾਂ।

4. ਗੰਭੀਰਤਾ ਅਰਥਾਤ ਸਰਬ ਸਮੇਂ ਧੀਰਜ ਸਹਿਤ ਰਹਿਣਾਂ ਔਰ ਬੁੱਧੀ ਕੋ ਅਸਥਿਰ ਰੱਖਣਾਂ।

5. ਪਰਾਵਰ ਦ੍ਰਿਸ਼ਟ ਅਰਥਾਤ ਵਿਵਹਾਰ ਕਰਨਾ ਔਰ ਉਸ ਕੇ ਆਦਿ ਅੰਤ ਕੋ ਸੋਚਣਾਂ ਵਿਚਾਰ ਸਹਿਤ ਸਾਰੇ ਕਾਰਜੋਂ ਕੋ ਕਰਨਾਂ।

6. ਸੰਤੋਖ ਅਰਥਾਤ ਵਿਵਹਾਰ ਕੋ ਨਾ ਬੜ੍ਹਾਨਾ ਅਲਪ ਵਿਵਹਾਰ ਸੇ ਅਪਨਾ ਕਾਮ ਚਲਾਨਾਂ।

7. ਨੇਮ ਅਰਥਾਤ ਸਮੇਂ ਅਨੁਸਾਰ ਆਪਣਾ ਵਿਵਹਾਰ ਕਰਨਾ ਔਰ ਫਿਰ ਉਪਰਾਮੀ ਹੋ ਜਾਣਾ, ਸਾਰਾ ਕਾਲ ਵਿਵਹਾਰ ਵਿਖੇ ਬਤੀਤ ਨਾ ਕਰਨਾ।

8. ਨਿਆਇ ਅਰਥਾਤ ਸਵਾਰਥ ਪ੍ਰੀਤੀ ਕੋ ਤਿਆਗ ਕਰ ਸਰਬ ਕਾਰਜੋਂ ਕੋ ਨਿਆਇ ਸਹਿਤ ਪੂਰਾ ਕਰਨਾ। ਸਰਬ ਆਤਮ ਜਗਿਆਸੀਉਂ ਕੋ ਉਚਿਤ ਹੈ ਜੋ ਉਪਰ ਲਿਖੇ ਸਾਧਨੋਂ ਔਰ ਸੁਭਾਵੋਂ ਕੋ ਭਲੀ ਪ੍ਰਕਾਰ ਕਮਾਵੇ ਜਾਂਤੇ ਸਰੀਰ ਕੇ ਹੋਤੇ ਹੀ ਪਰਮਾਨੰਦ ਕੀ ਪ੍ਰਾਪਤੀ ਹੋਵੇ। ਇਨ ਸੁਭਾਵੋਂ ਕੋ ਬਰਤਨੇਂ ਮੇ ਧੀਰਜ, ਸਥਿਰਤਾ ਔਰ ਪੁਰਸ਼ਾਰਥ ਉਪਯੋਗੀ ਹੈ। ਜਬ ਤਕ ਪ੍ਰਾਣ ਕਾ ਸੰਯੋਗ ਰਹੇ। ਤਬ ਇਨ ਉਤਮ ਸੁਭਾਵੋਂ ਕੋ ਸੇਵਨ ਕਰਤਾ ਰਹੇ। ਕਾਹੇ ਤੇ ਜੀਵਨ ਮੁਕਤੀ ਕਾ ਵਿਲੱਖਣ ਅਨੰਦ ਇਨ ਹੀ ਸੁਭਾਵੋਂ ਕੇ ਵਰਤਨੇਂ ਮੇਂ ਹੈ।

## ਮਨ ਕਾ ਸਰੂਪ ਕਿਆ ਹੈ :-

ਇਸ ਕੇ ਬਾਰੇ ਮੇਂ ਸ਼ਾਸਤਰੋਂ ਮੇਂ ਅਨੇਕ ਬਾਤੇਂ ਬਤਾਈ ਹੈ।

ਪ੍ਰਮਾਣ ਵਿਪਰਜਯ ਵਿਕਲਪ ਨਿੰਦ੍ਰਾ ਸਿਮਰਤੇਯ ॥ (ਜੋਗ 01/6)

ਪ੍ਰਮਾਣ, ਵਿਪਰਜਯ (ਮਿਥਿਆ ਗਿਆਨ), ਵਿਕਲਪ (ਕਲਪਨਾ), ਨਿੰਦ੍ਰਾ ਔਰ ਸਿਮ੍ਰਤੀ ਚਿਤ (ਮਨ) ਕੀ ਪਾਂਚ ਬਿਰਤੀਆਂ ਬਤਲਾਈ ਹੈ। ਇਨ ਕੇ ਨਿਰੋਧ ਕਾ ਨਾਮ ਯੋਗ ਹੈ।

**ਯੋਗਸ਼ਚਿਤ ਵਿਰਤੀ ਨਿਰੋਧਾ** (ਜੋਗ 01/2)

ਕਿਸੀ ਮਹਾਤਮਾ ਨੇ ਚਿੱਤ ਕੀ ਕਸ਼ਿਪਤ, ਬਿਖਸ਼ਿਪਤ ਮੂੜ, ਇਕਾਗਰ, ਨਿਰੁਧ, ਪਾਂਚ ਅਵਸਥਾ ਬਤਲਾਈ ਹੈ ਔਰ ਕਿਸੀ ਨੇ ਸੰਕਲਪ ਕੋ ਹੀ ਇਸ ਕਾ ਸਰੂਪ ਕਹਾ ਹੈ। ਅਪਨੇ ਅਪਨੇ ਸਿਧਾਤੋਂ ਕੇ ਅਨੁਸਾਰ ਸਭ ਕੀ ਮਾਨਯਤਾ ਠੀਕ ਹੈ। ਅਤਾ ਸਰੂਪ ਸੇ ਯਹ ਕਹਾ ਜਾ ਸਕਤਾ ਹੈ ਕਿ ਸੰਕਲਪੋਂ ਕਾ ਅਧਾਰ ਅਰਥਾਤ ਸੰਕਲਪ ਜਿਸ ਮੇਂ ਉਤਪੰਨ ਹੋਤੇ ਹੈ ਉਸ ਕਾ ਨਾਮ ਮਨ ਹੈ। ਸੰਕਲਪੋਂ ਕਾ ਅਧਾਰ ਹੋਣੇਂ ਕੇ ਕਾਰਨ ਮਨ ਸੰਕਲਪ ਰੂਪ ਵੀ ਕਹਾ ਜਾ ਸਕਤਾ ਹੈ। ਅਬ ਬਿਚਾਰਣੀਯ ਵਿਸ਼ੇ ਯਹ ਹੈ ਕਿ ਸੰਕਲਪੋਂ ਕਾ ਨਿਰੋਧ ਕਿਸ ਸਹਿਜ ਔਰ ਸੁਗਮ ਉਪਾਯ ਸੇ ਕੀਆ ਜਾ ਸਕਤਾ ਹੈ। ਕਿੰਤੂ ਇਸ ਮੇਂ ਪੂਰਣ ਯਹ ਜਾਣ ਲੇਨੇ ਕੀ ਆਵੱਸ਼ਕਤਾ ਹੈ ਕਿ ਸੰਕਲਪੋਂ ਕੇ ਵਾਰ-ਵਾਰ ਉਠਨੇ ਤਥਾ ਸਾਧਨ ਕੇ ਲੀਏ ਰੁਚੀ ਨਾ ਹੋਨੇ ਮੇਂ ਪ੍ਰਧਾਨ ਹੇਤੂ ਕੌਨ ਸੇ ਹੈ ? ਇਸਕੇ ਸਾਥ ਹੀ ਸਾਧਨ ਕਾਲ ਮੇਂ ਉਪਸਥਿਤ ਹੋਨੇ ਵਾਲੇ ਬਿਘਨੋਂ ਕੀ ਭੀ ਸਮਝ ਲੇਨਾ ਨਿਤਾਂਤ ਅਵੱਸ਼ਕਤਾ ਹੈ। ਉਹ ਹਨ:-

(9 ਵਿਕਸ਼ੇਪ) ਰੋਗ, ਅਕਰਮਣਤਾ, ਸ਼ੰਸ਼ਯ ਪ੍ਰਮਾਦ (ਬਿਅਰਥ ਚੇਸ਼ਟਾ, ਆਲਸ, ਬੈਰਾਗ ਕਾ ਅਭਾਵ, ਭਰਮ ਚਿੱਤ ਭੂਮੀ ਕੀ ਆਪ੍ਰਾਪਤੀ, ਚਿੱਤ ਕਾ ਵਿਸ਼ੇਸ਼ ਸਮੇਂ ਤੱਕ ਸਥਿਰ ਨਾ ਰਹਿਣਾਂ। ਯੇਹ 9 ਚਿੱਤ ਵਿਖਛੇਪ ਹੈ। ਦੁਖ, ਰੋਗ, ਅੰਗੋਂ ਕਾ ਫਟਕਨਾ, ਸਵਾਸੋਂ ਕਾ ਆਉਣਾ ਜਾਣਾਂ ਇਹ ਸਭੀ ਵਿਕਸ਼ੇਪੋਂ ਕੇ ਸਾਥ ਰਹਿਣੇ ਵਾਲੇ ਹੈ। ਇੰਨ੍ਹਾਂ ਵਿੱਚ ਛੇ ਪ੍ਰਧਾਨ ਹਨ। ਅੰਤਹਕਰਣੋਂ ਮੇ ਅਨੇਕ ਸੰਕਲਪੋਂ ਉਤਪੰਨ ਹੋਨੇਂ ਮੇ

ਪੂਰਬਲੇ ਸੰਚਿਤ ਔਰ ਪ੍ਰਾਰਬਧ ਕਰਮੋਂ ਕਾ ਸੰਸਕਾਰ ਤਥਾ ਬੁਰੀ ਆਦਤ ਔਰ ਵਿਸ਼ੇ ਕੀ ਆਸ਼ਕਤੀ ਤਥਾ ਸਾਧਨ ਕੀ ਓਰ ਰੁਚੀ ਨਾ ਹੋਨੇ ਮੇਂ ਪੂਰਬ ਕ੍ਰਿਤ ਪਾਪ ਕਰਮੋਂ ਕਾ ਸਮੁਦਾਇ ਏਵੰ ਸੰਸੇ ਭਰਮ ਔਰ ਅਸ਼ਰਧਾ ਪ੍ਰਧਾਨ ਹੇਤੂ ਹੈ।

ਆਸ਼ਕਤੀ ਕੇ ਨਾਸ਼ ਕੇ ਲੀਏ ਇਸ ਸੰਸਾਰ ਕੇ ਅਨਿੱਤ ਨਾਸ਼ਵਾਨ ਔਰ ਛਿਨ ਭੰਗਰ ਸੰਪੂਰਨ ਪਦਾਰਥੋਂ ਔਰ ਵਿਸ਼ੇ ਭੋਗ ਮੇਂ ਦੋਸ਼ ਔਰ ਦੁਖੋਂ ਕਾ ਬਾਰੰ ਬਾਰ ਵਿਚਾਰ ਕਰ ਉਨ ਮੇਂ ਬੈਰਾਗ ਏਵੰ ਉਨ ਕਾ ਯਥੋਚਿੱਤ ਤਿਆਗ ਕਰਨਾ ਚਾਹੀਏ।

ਪ੍ਰਾਰਬਧ ਕਰਮ ਖਯ ਤੋ ਪ੍ਰਾਯ: ਭੋਗ ਸੇ ਹੀ ਹੋਤਾ ਹੈ ਔਰ ਸੰਚਿਤ ਕਰਮੋਂ ਕਾ ਯਾਨੀ ਸੰਪੂਰਨ ਪਾਪੋਂ ਕਾ ਨਾਸ਼ ਨਿਸ਼ਕਾਮ ਭਾਵ ਸੇ, ਦੁਖੀ ਮਨੁੱਖੋਂ ਕੀ ਸੇਵਾ ਤਥਾ ਈਸ਼ਵਰ ਕੇ ਨਾਮ ਜਪਣੇ ਸੇ ਹੋਤਾ ਹੈ। ਬੁਰੀ ਆਦਤ, ਸੰਸੈ ਭਰਮ ਔਰ ਅਸ਼ਰਧਾ ਕੇ ਨਾਸ ਕੇ ਲੀਏ ਸਤਿ ਪੁਰਖੋ ਕਾ ਸੰਗ ਅਤੇ ਸਤਿ ਸ਼ਾਸਤਰੋਂ ਕਾ ਵਿਚਾਰ ਹੀ ਵਿਸ਼ੇਸ਼ ਲਾਭ ਪ੍ਰਦ ਹੈ। ਨਿਰਸੰਦੇਹ ਮਨ ਚੰਚਲ ਔਰ ਕਠਿਨਤਾ ਸੇ ਵਸ ਹੋਤਾ ਹੈ। ਪਰ ਅਭਿਆਸ ਔਰ ਵੈਰਾਗ ਸੇ ਯਹ ਬਸ ਮੇਂ ਹੋਤਾ ਹੈ।

(ਅਭਿਆਸ ਬੈਰਾਗਯਾ ਭਯਾ ਤਨ ਨਿਰੋਧ ঃ) (ਯੋਗ 1/12)

ਅਭਿਆਸ ਔਰ ਬੈਰਾਗ ਸੇ ਉਸ ਕਾ ਨਿਰੋਧ ਹੋਤਾ ਹੈ। ਕਪਲ ਦੇਵ ਨੇ ਵੀ ਅਭਿਆਸ ਔਰ ਵੈਰਾਗ ਕੋ ਚਿੱਤ ਕੇ ਨਿਰੋਧ ਕਾ ਸਾਧਨ ਬਤਲਾਇਆ ਹੈ। (ਬੈਰਾਗਾਂਭਯਾਸਾਤ)

"ਮਨ ਫੁਰਨਾ ਸੇ ਰਹਿਤ ਕਰ, ਜੌਨੇ ਬਿਧ ਸੇ ਹੋਇ। ਚਹੈ ਭਗਤਿ, ਚਹੈ ਯੋਗ ਸੇ, ਚਹੈ ਗਿਆਨ ਸੇ ਖੋਇ॥

ਉਪਰੋਕਤ ਕਥਨ ਸੇ ਯਹੀ ਸਿੱਧ ਹੋਤਾ ਹੈ ਕਿ ਅਭਿਆਸ ਤੇ ਬੈਰਾਗ ਹੀ ਚਿੱਤ ਕੇ ਨਿਰੋਧ ਕਾ ਉਤਮ ਉਪਾਏ ਹੈ। ਇਸ ਲੀਏ ਮਨ ਕੇ ਨਿਰੋਧ ਅਰਥ ਕਟਿਬਧ ਹੋ ਕਰ ਅਭਿਆਸ ਕਰਨਾ ਚਾਹੀਏ। ਇਸ ਪ੍ਰਸੰਗ ਪਰ ਅਭਿਆਸ ਔਰ ਬੈਰਾਗ ਕਾ ਸਰੂਪ ਸਮਝ ਲੈਣਾਂ ਚਾਹੀਏ। ਤ੍ਰਿਗੁਣ ਆਤਮਿਕ ਔਰ ਸਮੱਸਤ ਪਦਾਰਥੋਂ ਕੀ ਤ੍ਰਿਸ਼ਨਾ ਔਰ ਆਸ਼ਕਤੀ ਅਤਿਅੰਤਕ ਆਭਾਵ ਕਾ ਨਾਮ ਬੈਰਾਗ ਹੈ।

"ਤਤ੍ਰ ਸਿਥਤੋ ਯਤਨੋਂ ਅਭਿਆਸਾ (ਯੋਗ 1/13)

ਅਰਥਾਤ ਪ੍ਰਮਾਤਮਾ ਮੇ ਸਥਿਤੀ ਕੇ ਲੀਏ ਕਰਨ ਕਰਨ ਕਾ ਨਾਮ ਅਭਿਆਸ ਹੈ। ਵਹ ਅਭਿਆਸ ਨਿਰੰਤਰ ਦੀਰਘ ਕਾਲ ਤੱਕ ਆਦਰ ਪੂਰਬਕ ਕੀਆ ਹੂਆ ਦ੍ਰਿੜ ਭੂਮਿ ਸਥਿਤੀ ਵਾਲਾ ਹੋਤਾ ਹੈ।

ਸਥਿਰ ਨਾ ਰਹਿਣੇ ਵਾਲਾ ਯੇ ਚੰਚਲ ਮਨ ਜਿਸ ਜਿਸ ਕਾਰਣ ਸੇ ਸੰਸਾਰਕ ਪਦਾਰਥੋਂ ਮੇਂ ਵਿਚਰਤਾ ਹੈ, ਉਸ ਸੇ ਰੋਕ ਕਰ ਵਾਰ ਵਾਰ ਪ੍ਰਮਾਤਮਾ ਮੇਂ ਹੀ ਨਿਰੋਧ ਕਰੇਂ। ਸਮੱਸਤ ਬਿਘਨੋਂ ਕੇ ਨਾਸ਼ ਏਵੰ ਮਨ ਕੀ ਸਥਿਰਤਾ ਕੇ ਲੀਏ ਸਭ ਸੇ ਉਤਮ ਔਰ ਸਹਿਜ ਉਪਾਏ ਈਸ਼ਵਰ ਕੇ ਨਾਮ ਕਾ ਜਪ ਔਰ ਉਸ ਕੇ ਸਰੂਪ ਕਾ ਚਿੰਤਨ ਹੀ ਹੈ।

"ਈਸ਼ਵਰ ਪ੍ਰਣੀਧਾਨਾਤਵਾ (ਯੋਗ 1/13)

ਈਸ਼ਵਰ ਕੀ ਭਗਤੀ ਸੇ ਚਿਤ ਕੀ ਬਿਰਤੀ ਕਾ ਨਿਰੋਧ ਹੋਤਾ ਹੈ।

"ਤਸਿਆ ਵਾਚਕਾ ਪ੍ਰਣਵਾ, ਅਰਥਾਤ ਈਸ਼ਵਰ ਕਾ ਨਾਮ ਓਅੰਕਾਰ ਹੈ। ਉਸ ਈਸ਼ਵਰ ਕਾ ਨਾਮ ਜਪ ਔਰ ਉਸ ਕੇ ਸਰੂਪ ਕਾ ਚਿੰਤਨ ਕਰਨਾ ਚਾਹੀਏ। ਉਸ ਸੇ ਸਮੱਸਤ ਬਿਘਨੋਂ ਕਾ ਆਭਾਵ ਔਰ ਆਤਮਾ ਕਾ ਸਾਖਿਆਤਕਾਰ ਹੋ ਜਾਤਾ ਹੈ। ਜੋ ਪੁਰਸ਼ ਅਨੰਨ ਚਿੱਤ ਸੇ ਸਥਿਤ ਹੂਆ ਨਿਰੰਤਰ ਸਿਮਰਨ ਕਰਤਾ ਹੈ। ਉਸ ਨਿਰੰਤਰ ਮੁਝ ਮੇਂ ਯੁਕਤ ਹੁਏ ਯੋਗੀ ਕੇ ਲੀਏ ਸੁਲਭ ਹੂੰ, ਇਸ ਲੀਏ ਈਸ਼ਵਰ ਕਾ ਨਾਮ ਜਪ ਔਰ ਉਸ ਸਰੂਪ ਕਾ ਚਿੰਤਨ ਨਿੱਤ ਨਿਰੰਤਰ ਹੀ ਨਿਸ਼ਕਾਮ ਭਾਵ ਸੇ ਕਰਨਾ ਚਾਹੀਏ।

## ਅਧਿਆਇ 4

## ਮਨ ਕੇ ਬਸ ਕਰਨ ਲਈ ਪ੍ਰਧਾਨ ਯੁਗਤੀਆਂ :-

1. ਮਨ ਜਹਾਂ ਜਾਏ ਉਸ ਕੋ ਆਪਣੇ ਅਧੀਨ ਕਰਕੇ ਪ੍ਰਮਾਤਮਾਂ ਮੇਂ ਲਗਾਨੇ ਕੀ ਅਪੇਕਛਾ ਕਰੇਂ। ਮਨ ਯਹਾਂ-ਯਹਾਂ ਜਾਏ ਵਹੀਂ ਪ੍ਰਮਾਤਮਾ ਕੇ ਸਰੂਪ ਕਾ ਚਿੰਤਨ ਕਰੇ। ਯਹ ਸਹਜ ਔਰ ਸੁਗਮ ਉਪਾਏ ਹੈ ਅਤਾਏਵ ਚਿੱਤ ਬਿਰਤੀਉਂ ਕਾ ਨਿਰੋਧ ਕਰਨੇ ਕੇ ਲੀਏ ਇਸ ਯੁਗਤੀ ਕੋ ਕਾਮ ਮੇਂ ਲਾਨੇ ਕੋ ਕੋਸ਼ਿਸ਼ ਕਰਨੀ ਚਾਹੀਏ। ਈਸ਼ਵਰ ਸਭ ਜਗ੍ਹਾਂ ਵਿਆਪਕ ਹੈ। ਆਪਣੀ ਸਮਝ ਕੇ ਅਨੁਸਾਰ ਸ੍ਰਧਾ ਔਰ ਪ੍ਰੇਮ ਸੇ ਉਸ ਪ੍ਰੇਮ ਕਾ ਸਰਬੱਤ੍ਰ ਚਿੰਤਨ ਕਰਨੇ ਸੇ ਹੀ ਚਿਤ ਕੀ ਬਿਰਤੀਉਂ ਕਾ ਨਿਰੋਧ ਹੋ ਜਾਤਾ ਹੈ।

2. ਗੁਰ ਕੀ ਮੂਰਤ ਕੋ ਸਨਮੁਖ ਰੱਖ ਕੇ ਪ੍ਰੇਮ ਭਗਵਾਨ ਕੇ ਮੁਖਾਰ ਬਿੰਦ ਪਰ ਨੇਤਰੋਂ ਕੀ ਵ੍ਰਿਤੀ ਕੋ ਸਥਿਰ ਕਰਕੇ ਆਪਣੇ ਉੱਪਰ ਭਗਵਾਨ ਕੀ ਅਪਾਰ ਦਇਆ ਔਰ ਪ੍ਰੇਮ ਅਨੁਭਵ ਕਰਤਾ ਹੂਆ ਅਨੰਦਮਯ ਪ੍ਰਮੇਸ਼ਰ ਕੇ ਮੁੱਖ ਕਮਲ ਪਰ ਮਨ ਰੂਪੀ ਭੰਵਰ ਕੋ ਸਥਿਰ ਕਰਨੇ ਸੇ ਭੀ ਚਿੱਤ ਕੀ ਬਿਰਤੀਆਂ ਇਕਾਗਰ ਹੋ ਕਰ ਨਿਰੋਧ ਹੋ ਸਕਤੀ ਹੈ।

3. ਪ੍ਰਾਤਾਕਾਲ ਸੂਰਜ ਕੇ ਸਨਮੁਖ ਖੜੇ ਹੋ ਕਰ ਨੇਤਰ ਮੁੰਦ ਕਰ ਸੂਰਜ ਕੀ ਔਰ ਦੇਖਨੇ ਸੇ ਏਕ ਮਹਾਨ ਪ੍ਰਕਾਸ਼ ਕਾ ਪੁੰਜ ਸਰਬੱਤ੍ਰ ਸਮ ਭਾਵ ਪ੍ਰਤੀਤ ਹੋਤਾ ਹੈ ਉਸ ਕੋ ਲਕਸ਼ ਕਰਕੇ ਉਸ ਸੇ ਹਜ਼ਾਰਾਂ ਹਜ਼ਾਰਾਂ ਗੁਣਾਂ ਅਧਿਕ ਏਕ ਪ੍ਰਕਾਸ਼ ਕਾ ਪੁੰਜ ਆਕਾਸ਼ ਕੀ ਤਰ੍ਹਾਂ ਸਰਬਤ੍ਰ ਸਮਾਨ ਭਾਵ ਸੇ ਪਰੀਪੂਰਨ ਹੋ ਰਿਹਾ ਹੈ। ਉਸ ਕੇ ਅਤਿਰਿਕਤ ਔਰ ਕੁਝ ਭੀ ਨਹੀਂ ਹੈ। ਵਹੀ ਪ੍ਰਮਾਤਮਾ ਕਾ ਤੇਜੋਮਈ ਸਰੂਪ ਹੈ। ਇਸ ਪ੍ਰਕਾਰ ਸਮਝ ਕਰ ਸੰਪੂਰਨ ਸੰਸਾਰ ਕੋ ਭੁੱਲ ਕਰ ਤੇਜੋਮਯ ਪ੍ਰਮਾਤਮਾਂ ਕੇ ਸਰੂਪ ਮੇਂ ਚਿੱਤ ਕੀ ਬਿਰਤੀਆਂ ਲਗਾਨੇ ਸੇ ਭੀ ਸਥਿਰ ਹੋ ਜਾਤਾ ਹੈ।

4. ਪਵਿੱਤਰ ਮਹਾਂਪੁਰਸ਼ਾਂ ਕੇ ਚਰਿੱਤਰਾਂ ਕੀ ਓਰ ਲਕਸ਼ ਜਾਨੇ ਸੇ ਸੁਭਾਵਿਕ ਹੀ ਬੈਰਾਗ ਕੀ ਪ੍ਰਾਪਤੀ ਹੋਤੀ ਹੈ। ਇਸੀ ਲਈ ਜੋ ਬੀਤਰਾਗ ਮੁਨੀ ਹੈ ਸੰਸਾਰ ਮੇਂ ਜਿਨਕੀ ਆਸ਼ਕਤੀ ਬਿਲਕੁਲ ਨਹੀਂ ਹੈ ਐਸੇ ਗਿਆਨੀ ਮਹਾਤਮਾਂਉ ਕੇ ਧਿਆਨ ਕਰਨੇ ਸੇ ਭੀ ਬੈਰਾਗ ਹੋ ਕਰ ਚਿੱਤ ਕੀ ਬਿਰਤੀਆਂ ਕਾ ਨਿਰੋਧ ਹੋ ਸਕਤਾ ਹੈ ਚਿਤ ਕੀ ਵਿਰਤੀਓਂ ਕੇ ਨਿਰੋਧ ਕਰਨੇ ਕਾ ਯਹ ਭੀ ਸਰਲ ਉਪਾਏ ਹੈ।

"ਬੀਤ ਰਾਗ ਬਿਸਿਅੰ ਵਾ ਚਿਤਮ (ਯੋ: 1(3)

ਅਥਵਾ ਬੀਤ ਰਾਗ ਪੁਰਸ਼ੋਂ ਕੇ ਚਿੰਤਨ ਸੇ ਚਿੱਤ ਸਥਿਰ ਹੋਤਾ ਹੈ।

5. ਹਿਰਦੇ ਮੇਂ ਇੱਕ ਸੁਖਮਨਾ ਨਾਮ ਕੀ ਨਾੜੀ ਹੈ। ਉਸ ਮੇਂ ਪਰਮਾਨੰਦ ਬਿਰਾਜਮਾਨ ਹੈ। ਪ੍ਰਮਾਤਮਾ ਵਿਗਿਆਨ ਅਨੰਦ ਸਵਰੂਪ ਹੈ। ਉਸੀ ਨਾੜੀ ਕਾ ਸਰੀਰ ਕੀ ਸੰਪੂਰਨ ਨਾੜੀਉਂ ਸੇ ਸਬੰਧ ਹੈ। ਇਸ ਲੀਏ ਉਸ ਕੇ ਬੰਦ ਹੋ ਜਾਣੇ ਸੇ ਸਾਰੀਆਂ ਨਾੜੀਆਂ ਬੰਦ ਹੋ ਜਾਤੀ ਹੈ ਉਸ ਨਾੜੀ ਦੀ ਚਾਲ ਸਾਧਾਰਣ ਤਥਾ ਇੱਕ ਮਿੰਟ ਮੇਂ 75 ਜਾਂ 80 ਵਾਰ ਸਮਝੀ ਜਾਤੀ ਹੈ।ਉਸੀ ਨਾੜੀ ਕੀ ਚਾਲ ਪਰ ਹਮਾਰੇ ਹਾਥੋਂ ਕੀ ਓਰ ਮਸਤਕ ਕੀ ਨਾੜੀਆਂ ਟਕਰਾਤੀ ਹੈ, ਉਸ ਕੀ ਪ੍ਰਤਯੇਕ ਚਾਲ ਕੇ ਸਾਥ ਓਅੰਕਾਰ ਕਾ ਜਪੁ ਕਰਤੇ ਹੁਏ ਬਿਗਿਆਨਾਨੰਦ ਘਨ ਪ੍ਰਮਾਤਮਾਂ ਕੀ ਭਾਵਨਾ ਉਸ ਨਾੜੀ ਮੇਂ ਕੀ ਜਾਏ ਤੋ ਚਿੱਤ ਬਿਰਤੀਆਂ ਸਥਿਰ ਹੋ ਕਰ, ਪ੍ਰਮਾਤਮਾਂ ਕੀ ਪ੍ਰਾਪਤੀ ਹੋ ਸਕਦੀ ਹੈ। ਯਹ ਸਾਧਨ ਕੁਛ ਕਠਨ ਅਵੱਸ਼ ਹੈ। ਪ੍ਰੰਤੂ ਸ਼ਬਦ ਰਹਿਤ ਜਹਾਂ ਵਿਸ਼ੇਸ਼ ਬਾਧਾ ਦੇਨੇ ਵਾਲੇ ਸ਼ਬਦ ਨਾ ਸੁਣਾਈ ਦੇ, ਐਸੇ ਇਕਾਂਤ ਅਸਥਾਨ ਮੇਂ ਇਕਾਂਕੀ ਰਹਿ ਕਰ ਪ੍ਰਯਤਨ ਕੀਆ ਜਾਏ ਤੋ ਸਿੱਧ ਹੋ ਸਕਤਾ ਹੈ।

"ਬਿਸ਼ੋਕਾ ਵਾ ਜਯੋਤੀਸ਼ ਮਯੀ (ਯੋ: 1/36) ਅਥਵਾ ਸ਼ੋਕ ਰਹਿਤ ਪ੍ਰਕਾਸ਼ ਮਯ ਚਿਤ ਕੀ ਅਵਸਥਾ ਵਿਸ਼ੇਸ਼ ਭੀ ਮਨ ਸਥਿਰ ਕਰਨੇ ਵਾਲੀ ਹੋਤੀ ਹੈ ਯਹ ਅਵਸਥਾ ਉਪਰਯੁਕਤ ਪ੍ਰਕਾਰ ਸੇ ਸੁਖਮਨਾ ਨਾੜੀ ਮੇਂ ਧਿਆਨ ਲਗਾਨੇ ਸੇ ਹੋਤੀ ਹੈ।

6. ਜਹਾਂ ਪਰ  ਬਾਧਾ ਪਹੁੰਚਾਨੇ ਵਾਲੀ ਧ੍ਵਨੀ ਸੁਣਾਈ ਨਾ ਦੇਵੇ ਐਸੇ ਇਕਾਂਤ ਔਰ ਪਵਿੱਤਰ ਅਸਥਾਨ ਮੇਂ ਅਕੇਲਾ ਸਵੱਸਤਿਕ ਆਦਿ ਕਿਸੀ ਆਸਣ ਸੇ ਸੁਖ ਪੂਰਵਕ ਬੈਠ ਕਰ ਦੋਨੋਂ ਉਂਗਲੀਉਂ ਸੇ ਦੋਨੋਂ ਕਾਨੋਂ ਕੇ ਛਿਦਰੋਂ ਕੋ ਬੰਦ ਕਰ ਆਪਣੇ ਭੀਤਰ ਆਪਣੇ ਆਪ ਹੀ ਅਨਹਦ ਸ਼ਬਦ ਸੁਨਣੇਂ ਮੇਂ ਧਿਆਨ ਲਗਾਏ। ਪ੍ਰਥਮ ਤੋਂ ਉਸ ਕੋ ਅਨੇਕ ਪ੍ਰਕਾਰ ਕੇ ਸ਼ਬਦ ਸੁਣਾਈ ਦੇਂਗੇ। ਆਗੇ ਚਲ ਕਰ ਜੇਬ ਕੀ ਘੜੀ ਕੇ ਖਟਕੇ ਕੇ ਸਮਾਨ ਸੂਖਮ ਸ਼ਬਦ ਸੁਣਾਈ ਦੇਂਗੇ। ਉਸ ਕੀ ਸੰਖਿਆਂ ਏਕ ਮਿੰਟ ਮੇ 75 ਜਾਂ 80 ਹੋ ਸਕਤੀ ਹੈ। ਉਸ ਸ਼ਬਦ ਮੇ ਓਅੰਕਾਰ ਕੀ ਭਾਵਨਾਂ ਕਰਨੇ ਸੇ ਭਾਵਨਾ ਕੇ ਅਨੁਸਾਰ ਹੀ ਧ੍ਵਨੀ ਸੁਨਾਈ ਦੇਗੀ। ਉਸ ਸ਼ਬਦ ਮੇਂ ਬ੍ਰਹਮ ਕੀ ਭਾਵਨਾ ਕਰਨੇ ਸੇ  ਚਿੱਤ ਕੀ ਵਿਰਤੀਆਂ ਕਾ ਨਿਰੋਧ ਹੋ ਕਰ ਮਨੁੱਖ ਕੋ ਵਿਗਿਆਨਾਨੰਦ ਘਨ ਪ੍ਰਮਾਤਮਾਂ ਕੀ ਪ੍ਰਾਪਤੀ ਹੋ ਜਾਤੀ ਹੈ। ਯਹ ਸਾਧਨ ਦੇਖਨੇ ਮੇਂ ਕੁਛ ਕਠਿਨ ਸਾ ਪ੍ਰਤੀਤ ਹੋਤਾ ਹੈ ਪ੍ਰੰਤੂ ਰਾਤਰੀ ਕੇ ਮੱਧ ਜਾਂ ਊਸ਼ਾਕਾਲ ਮੇਂ ਤਤਪਰ ਹੋ ਕਰ ਸਾਧਨ ਕਰਨੇ ਸੇ ਕੋਈ ਵਿਸ਼ੇਸ਼ ਦੁਰਗਮ ਨਹੀਂ।

7. ਭੰਵਰ ਕੀ ਗੁੰਜਾਰ ਕੀ ਤਰਹ ਏਕਤਾਰ ਓਅੰਕਾਰ ਕੀ ਧ੍ਵਨੀ ਕਰਤੇ ਹੁਏ ਉਨਮੇਂ ਪਰਮੇਸ਼ਰ ਕੇ ਸਵਰੂਪ ਕੀ ਭਾਵਨਾ ਕਰਨੇ ਸੇ ਚਿੱਤ ਕੀ ਬਿਰਤੀਆਂ ਪ੍ਰਮਾਤਮਾਂ ਮੇਂ ਸਥਿਰ ਹੋ ਸਕਤੀ ਹੈ।

8. ਜਿਸ ਸਰੂਪ ਮੇਂ ਆਪਣੀ ਸ਼ਰਧਾ ਔਰ ਪ੍ਰੇਮ ਹੈ ਉਸ ਕਾ ਧਿਆਨ ਕਰਨੇ ਸੇ ਭੀ ਚਿੱਤ ਕੀ ਬਿਰਤੀਆਂ ਰੁਕ ਜਾਤ ਹੈ।

"ਯਥਾਭਿਮਤਧਿਆਨਾਤ ਵਾ

ਜਿਸ ਦਾ ਜੋ ਅਭੀਸ਼ਟ ਹੈ ਉਸੀ ਮੇਂ ਧਿਆਨ ਲਗਾਨੇ ਸੇ ਭੀ ਚਿੱਤ ਕੀ ਇਕਾਗਰਤਾ ਹੋ ਕਰ ਬਿਰਤੀਆਂ ਕਾ ਨਿਰੋਧ ਹੋ ਸਕਤਾ ਹੈ।

9. ਓਅੰਕਾਰ ਕਾ ਸਿਮਰਨ ਕਰਤੇ ਹੁਏ ਸਵਾਸ ਕੋ ਬਾਹਰ ਨਿਕਾਲਤੇ ਹੁਏ ਉਸੇ ਯਥਾ ਸ਼ਕਤ ਸੁੱਖ ਪੂਰਬਕ ਬਾਹਰ ਹੀ ਬਾਰੰਬਾਰ ਸਥਿਰ ਕਰਨੇ ਔਰ ਉਸ ਮੇਂ ਪ੍ਰਮੇਸ਼ਰ ਕੀ ਭਾਵਨਾਂ ਕਰਨੇ ਸੇ ਚਿੱਤ ਕੀ

ਬਿਰਤੀਆਂ ਕਾ ਨਿਰੋਧ ਹੋਤਾ ਹੈ। ਪ੍ਰਾਣੋਂ ਕੋ ਬਾਹਰ ਫੈਂਕਨੇ ਔਰ ਠਹਿਰਾਨੇ ਸੇ ਚਿਤ ਕੀ ਵਿਰਤੀਓਂ ਕਾ ਨਿਰੋਧ ਹੋਤਾ ਹੈ।

10. ਪਵਿੱਤਰ ਇਕਾਂਤ ਸਥਾਨ ਮੇਂ ਸੁਖ ਪੂਰਬਕ ਆਸਣ ਮੇਂ ਬੈਠ ਕਰ ਨੇਤਰੋਂ ਕੋ ਬੰਦ ਕਰਕੇ ਔਰ ਸੰਪੂਰਣ ਇੰਦਰੀਉਂ ਕੀ ਬਿਰਤੀਉਂ ਕੋ ਵਿਸ਼ਿਉਂ ਸੇ ਰੋਕ ਕਰ ਸੰਪੂਰਨ ਕਾਮਨਾਉਂ ਔਰ ਸੰਕਲਪੋਂ ਕਾ ਤਿਆਗ ਕਰਕੇ ਵਿਗਿਆਨਨੰਦ ਘਣ ਪ੍ਰਮਾਤਮਾ ਕਾ ਚਿੰਤਨ ਕਰਨਾ ਚਾਹੀਏ।ਕੋਈ ਸਫੁਰਨਾਂ ਚਿਤ ਮੇਂ ਹੋ ਉਸੀ ਸਮੇਂ ਉਸ ਕਾ ਤਿਆਗ ਕਰ ਦੇਨਾ ਚਾਹੀਏ ਅਰਥਾਤ ਬੈਰਾਗ ਯੁਕਤ ਚਿੱਤ ਸੇ ਸੰਸਾਰ ਔਰ ਸਰੀਰ ਕੋ ਇਸ ਪ੍ਰਕਾਰ ਬਿਸਿਮਰਣ ਕਰ ਦੇਣਾ ਚਾਹੀਏ। ਮਾਨੋਂ ਵੇ ਹੈ ਹੀ ਨਹੀਂ। ਇਸ ਪ੍ਰਕਾਰ ਕਰਨ ਨਾਲ ਹੀ ਵੈਰਾਗ ਰੂਪੀ ਸ਼ਾਸ਼ਤਰ ਦੁਆਰਾ ਸੰਸਾਰ ਬਿਰਛ ਕੋ ਕਾਟਨਾ ਹੈ। ਪ੍ਰੰਤੂ ਖਿਆਲ ਰੱਖਣਾਂ ਚਾਹੀਏ ਸਰੀਰ ਔਰ ਸੰਸਾਰ ਕੇ ਬਿਸਿਮਰਨ ਕਰਨੇ ਵਾਲੀ ਬਿਰਤੀਆਂ ਪ੍ਰਕਿਰਤੀ ਮੇਂ ਲੈਅ ਹੋ ਕਰ ਉਸੇ ਨਿੰਦ੍ਰਾ ਆਨੇ ਕਾ ਡਰ ਰਹਿਤਾ ਹੈ। ਇਸ ਲੀਏ ਸਰੀਰ ਔਰ ਸੰਸਾਰ ਕਾ ਬਿਸਿਮਰਨ ਕਰਨੇ ਕੇ ਸਾਥ ਸਾਥ ਵਿਗਿਆਨਾਂ ਨੰਦ ਘਨ ਪ੍ਰਮਾਤਮਾ ਕਾ ਧਿਆਨ ਕਰਨਾ ਚਾਹੀਏ ਔਰ ਦ੍ਰਿੜਤਾ ਕੇ ਸਾਥ ਉਸ ਮੇਂ ਸਥਿਤ ਰਹਿਨਾ ਚਾਹੀਏ। ਯਹੀ ਪ੍ਰਮਾਤਮਾ ਕੇ ਸਵਰੂਪ ਕੀ ਸਰਣ ਹੈ। ਇਸ ਪ੍ਰਕਾਰ ਅਭਿਆਸ ਕਰਨੇ ਸੇ ਪ੍ਰਮਾਤਮਾ ਕੇ ਸਰੂਪ ਮੇਂ ਸਥਿਰ ਸਥਿਤੀ ਹੋ ਜਾਤੀ ਹੈ।

11. ਵਿਵੇਕੀ ਬੁੱਧੀ ਕੇ ਦੁਆਰਾ ਸਾਮ, ਦਾਮ, ਦੰਡ ਔਰ ਭੇਦ ਨੀਤੀ ਸੇ ਮਨ ਕੋ ਸਮਝਾਨੇ ਸੇ ਭੀ ਪ੍ਰਮਾਤਮਾ ਮੇਂ ਚਿਤ ਕੀ ਏਕਾਗ੍ਰਤਾ ਔਰ ਸਥਿਰ ਸਥਿਤੀ ਹੋ ਕਰ ਪ੍ਰਮਾਤਮਾ ਦੀ ਪ੍ਰਾਪਤੀ ਹੋ ਸਕਤੀ ਹੈ ਯਿਹ ਭੀ ਪ੍ਰਮਾਤਮਾ ਕੀ ਪ੍ਰਾਪਤੀ ਕਾ ਇੱਕ ਉੱਤਮ ਉਪਾਇ ਹੈ।

(ਕ) ਮਨ ਕੋ ਮਿੱਤਰ ਸਮਝ ਕਰ ਪ੍ਰੇਮ ਸੇ ਸਮਝਾਨੇ ਕਾ ਨਾਮ ਸਾਮ ਹੈ।

(ਖ) ਮਨ ਕੋ ਲੋਭ ਦੇ ਕਰ ਸਮਝਾਨੇ ਕਾ ਨਾਮ ਦਾਮ ਹੈ।

(ਗ) ਭਯ ਦਿਖਲਾ ਕਰ ਸਮਝਾਨੇ ਦਾ ਨਾਮ ਦੰਡ ਨੀਤੀ ਹੈ।

(ਘ)ਅਪਨੇ ਉਦੇਸ਼ ਕੀ ਸਿੱਧੀ ਕੀ ਲੀਏ ਦੋ ਮਿੱਤਰੋਂ ਜਾਂ ਸਬੰਧੀਉਂ ਮੇਂ ਪ੍ਰਸਪਰ ਦੋਸ਼ ਦਿਖਲਾ ਕਰ ਉਨ ਮੇਂ ਸੇ ਲੜਾਈ ਉਤਪੰਨ ਕਰਾ ਦੇਨੇ ਕਾ ਨਾਮ ਭੇਦ ਨੀਤੀ ਹੈ। ਵਿਸ਼ੇ ਭੋਗੋਂ ਕੋ ਲੈ ਕਰ ਮਨ ਔਰ ਇੰਦਰੀਆਂ ਕੀ ਜੋ ਪ੍ਰਸਪਰ ਪ੍ਰੀਤ ਹੈ ਉਸੇ ਤੋੜਨੇ ਕੇ ਲੀਏ ਇਸ ਭੇਦ ਰੀਤੀ ਸੇ ਭੀ ਕਾਮ ਲੇਨਾ ਚਾਹੀਏ।

"ਮਨ ਲੋਭੀ ਮਨ ਲਾਲਚੀ, ਮਨ ਚੰਚਲ ਚੋਰ,

ਮਨ ਕੇ ਮਤੇ ਨਾ ਚਾਲੀਏ ਪਲਕ ਪਲਕ ਮਨ ਔਰ॥

ਜੋ ਪੁਰਸ਼ ਸੰਪੂਰਨ ਭੂਤੋਂ ਮੇਂ ਸਭ ਕੇ ਆਤਮਾ ਰੂਪ ਮੁਝ ਵਾਸਦੇਵ ਕੋ ਬਿਆਪਕ ਦੇਖਤਾ ਹੈ ਔਰ ਸੰਪੂਰਣ ਭੂਤੋਂ ਕੋ ਵਾਸੁਦੇਵ ਅੰਤਰਗਤ ਦੇਖਤਾ ਹੈ ਉਸ ਕੇ ਲੀਏ ਮੈਂ ਆਦ੍ਰਿਸ਼ ਨਹੀਂ ਹੋਤਾ ਹੂੰ ਔਰ ਵਹਿ ਮੇਰੇ ਲੀਏ ਅਦ੍ਰਿਸ਼ ਨਹੀ ਹੋਤਾ ਹੈ। ਇਸ ਪ੍ਰਕਾਰ ਮਨ ਕੋ ਸਮਝਾ ਕਰ ਨਿੱਤ ਨਿਰੰਤਰ ਭਗਵਾਨ ਕੇ ਚਿੰਤਨ ਮਹਿ ਲਗਾਨੇ ਸੇ ਵਹਿ ਸਥਿਰ ਹੋ ਜਾਤਾ ਹੈ ਔਰ ਸਾਧਕ ਕੋ ਪ੍ਰਮਾਤਮਾਂ ਕੀ ਪ੍ਰਾਪਤੀ ਹੋ ਜਾਤੀ ਹੈ। ਅਗਨੀ ਹੋਤਰ ਕ੍ਰਿਆ ਜਗ ਕੀ ਅਪੇਕਸ਼ਾ ਜਪੁ ਜਗ ਦਸ ਗੁਣਾਂ ਸ਼੍ਰੇਸ਼ਟ ਹੈ। ਉਪਾਸੂ ਜਗ ਸੌ ਗੁਣਾ ਸ਼੍ਰੇਸ਼ਟ ਹੈ ਔਰ ਮਾਨਸ

ਜਪ ਹਜ਼ਾਰ ਗੁਣਾਂ ਸ਼੍ਰੇਸ਼ਟ ਹੈ। ਇਸ ਲੀਏ ਮਾਨਸਕ ਜਪ ਹੀ ਸਭ ਸੇ ਸ਼੍ਰੇਸ਼ਟ ਹੈ। ਮਾਨਸਿਕ ਜਪ ਸ਼ਰਧਾ ਪੂਰਵਕ ਨਿੱਤ ਨਿਰੰਤਰ ਕੀਆ ਜਾਏ ਤੋ ਵਹ ਔਰ ਵਿਸ਼ੇਸ਼ ਲਾਭ ਪ੍ਰਦ ਹੋ ਜਾਤਾ ਹੈ। ਵਹੀ ਜਪੁ ਨਿਸ਼ਕਾਮ ਪ੍ਰੇਮ ਭਾਵ ਸੇ ਕੀਆ ਜਾਏ ਫਿਰ ਉਸ ਕੀ ਮਹਿਮਾ ਕੋਈ ਵਰਨਣ ਨਹੀਂ ਕਰ ਸਕਤਾ। ਸ਼ਰਧਾ ਪੂਰਬਕ ਕੀਏ ਜਪੁ ਸੇ ਭੀ ਈਸ਼ਵਰ ਸ਼ਾਖਯਾਤ ਹੋ ਜਾਤਾ ਹੈ। ਜੇ ਜਾਪ ਕੇ ਸਾਥ ਈਸ਼ਵਰ ਕੇ ਸਵਰੂਪ ਦਾ ਚਿੰਤਨ ਕੀਆ ਜਾਏ, ਤੋ ਪ੍ਰਾਪਤੀ ਔਰ ਭੀ ਸ਼ੀਘਰ ਹੋ ਸਕਤੀ ਹੈ। ਖੋੜਸ ਨਾਮ ਵਾਲੇ ਮੰਤਰ ਕਾ ਸਾਢੇ ਤੀਨ ਕਰੋੜ ਜਪੁ ਕਰਨੇ ਸੇ ਪ੍ਰਮਾਤਮਾਂ ਕੀ ਪ੍ਰਾਪਤੀ ਹੋ ਜਾਤੀ ਹੈ। ਉਂਝ ਸ਼ਾਸ਼ਤਰੋਂ ਮੇਂ ਖਾਸ ਜਾਪ ਮੇਂ ਗਿਣਤੀ ਕਾ ਵਿਧਾਨ ਨਹੀ ਕੀਆ ਹੈ। ਜੋ ਪੁਰਸ਼ ਓਅੰਕਾਰ ਇਸ ਏਕ ਅਕਸ਼ਰ ਰੂਪ ਬ੍ਰਹਮ ਕਾ ਉਚਾਰਣ ਕਰਤਾ ਹੂਆ ਔਰ ਉਸ ਕੇ ਅਰਥ ਕਾ ਚਿੰਤਨ ਕਰਤਾ ਹੂਆ ਸਰੀਰ ਤਿਆਗ ਕਰ ਜਾਤਾ ਹੈ, ਉਹ ਪਰਮ ਗਤੀ ਕੋ ਪ੍ਰਾਪਤ ਹੋਤਾ ਹੈ।

**ਪੁਨਹਚਰਣ :-** ਮੰਤਰੋਂ ਕੀ ਸਿੱਧੀ ਕਰਨੇ ਹਿੱਤ ਜਪ ਕ੍ਰਿਆ ਯਥਾ :ਅਨਿਕ ਪੁਨਹਚਰਨ ਕਰਤ ਨਹੀ ਤਰੈ ॥ ਪੁਨਹਚਰਣ ਸੰ- ਪੁਰਸ਼ ਸਾਹਮਣੇ ਆਚਰਣ ਅਰਥਾਤ ਗੁਰੋਂ ਸੇ ਪ੍ਰਾਪਤ ਕੀਏ ਮੰਤਰ ਕਾ ਦੇਵਤਾ ਕੇ ਸਨਮੁਖ ਬੈਠ ਸਿੱਧੀ ਕਰਨੇ ਯੋਗ ਜਪ ਰੂਪ ਕਰਮ ਪੁਨਹਚਰਣ ਹੈ। ਤਿਸ ਜਪ ਕੇ ਪ੍ਰਕਾਰ ਮੰਤਰ ਗ੍ਰੰਥੋਂ ਮੇਂ ਬਹੁਤ ਲਿਖੇ ਹੈ। ਸਰਬ ਪ੍ਰਕਾਰੋਂ ਸੇ ਪਹਿਲੇ ਮੰਤਰ ਸਿੱਧੀ ਵਾਲਾ ਪਵਿੱਤਰ ਮਨ ਕਰ ਗੁਰੂ ਕੀ ਆਗਿਆ ਸੇ ਪੁਨਹ ਚਰਣ ਕਰੇ। ਪੁਨਹ ਚਰਣ ਅਰਥਾਤ ਜਪ ਕਿਰਿਆ ਬਿਨਾਂ ਮੰਤਰ ਐਸਾ ਹੋਤਾ ਹੈ ਜੈਸਾ ਜੀਵ ਹੀਨ ਸਰੀਰ ਹੋਤਾ ਹੈ ਜਾਂ ਤੇ ਮੰਤਰ ਸਿੱਧੀ ਕੇ ਹੇਤ ਫਲ ਕੀ ਇੱਛਾ ਵਾਲਾ ਪੁਨਹ ਚਰਨ ਆਪ ਕਰੇ, ਆਪ ਨਾ ਹੋ ਸਕੇ ਤਬ ਆਪਣੇ ਗੁਰੂ ਸੇ ਅਥਵਾ ਸ਼੍ਰੇਸ਼ਟ ਪੁਰਸ਼ ਸੇ ਕਰਾਵੇ। ਪੁਨਹ ਚਰਨ ਕੇ ਵਾਸਤੇ ਥਾਨ ਅਰਥਾਤ ਦੇਸ਼ ਉਤਮ ਤੀਰਥ ਨਦੀਉਂ ਕੇ ਸੰਗਮ ਬਨ ਉੱਤਮ ਬਾਗ ਜਾਂ ਯਹਾਂ ਚਿੱਤ ਪ੍ਰਸੰਨ ਹੋਵੇ ਵਹਾਂ ਕਰੇ। ਵਾਯੂ ਸੰਹਿਤਾ ਮੇਂ ਲਿਖਾ ਹੈ ਸੂਰਜ, ਚੰਦ, ਦੀਪਕ, ਜਲ, ਗੁਰ, ਬ੍ਰਾਹਮਣ, ਗਊ ਇਨ ਕੇ ਸਾਹਮਣੇ ਜਪੁ ਕਰਨਾ ਸ਼੍ਰੇਸ਼ਟ ਹੈ। ਯਾਂ ਤੇ ਜਪੁ ਸਮੇਂ ਸੂਰਜ ਆਦਿ ਮੇਂ ਕੋਈ ਸਨਮੁਖ ਅਵੱਸ਼ ਚਾਹੀਏ। ਬਹੁਤੇ ਹੋਵੇ ਬਹੁਤ ਹੀ ਲਾਭ ਹੈ। ਆਨ ਥਾਨ ਮੇਂ ਲਿਖਾ ਹੈ ਐਸੇ ਧਰਮ ਵਾਲੇ ਦੇਸੋਂ ਕਾਲੋਂ ਮੇ ਬੈਠ ਕਰ ਜਪੀ ਜਨ ਜਪ ਕਰੇ। ਜਹਾਂ ਕਾਹੂੰ ਮਲੇਛ ਕਾ, ਦੁਸ਼ਟ ਕਾ, ਸਿੰਘ ਕਾ, ਸਰਪ ਕਾ ਡਰ ਨਾ ਹੋਵੇ ਜਹਾਂ ਡਰ ਹੋਵੇ ਤਹਾਂ ਬਿਨ੍ਹਾਂ ਸੰਜਮ ਕੀਏ ਨਾ ਬੈਠੇ। ਜਪੀ ਪੁਰਸ਼ ਭੋਜਨ ਜਪ ਕੇ ਸਮੇਂ ਚਾਵਲ, ਮੂੰਗੀ, ਜੌਂ, ਬਾਥੂ, ਆਦਿਕ ਦਾ ਕਰੇ। ਲਵਣ ਸੇਂਧਾ ਵਾ ਸਮੁੰਦਰ ਕਾ ਵਰਤੇ, ਦੁੱਧ, ਦਹੀਂ,ਘ੍ਰਿਤ, ਕੇਲਾ, ਆਂਵਲੇ ਆਦਿ ਉਤਮ ਵਸਤ ਖਾਵੇ। ਜੋ ਗ੍ਰੰਥੋਂ ਮੇਂ ਹਵਨ ਯੋਗ ਕਹੀ ਹੈ ਜਪ ਸਮੇਂ ਕਾਂਸੀ ਕੇ ਬਰਤਨੋਂ ਮੇ ਨਾਂ ਖਾਵੇ, ਮਾਸ ਨਾ ਖਾਵੇ, ਗਾਜਰ ਹਰਹਰ ਮਸੂਰ ਚਨੇ ਕੋਦਾ ਇਹ ਅੰਨ ਨਾ ਖਾਵੇ। ਜਪ ਸਮੇਂ ਕੇਸ ਰੱਖੇ। ਸਰੀਰ ਨੂੰ ਤੇਲ ਨਾ ਮਲੇ, ਦੇਵਤਾ ਨੂੰ ਨਿਵੇਦਨ ਕੀਤੇ ਬਿਨਾਂ ਭੋਜਨ ਨਾ ਕਰੇ।ਬਿਨਾਂ ਸੰਕਲਪ ਜਪ ਨਾ ਕਰੇ। ਜਪ ਸਮੇਂ ਜਪੀ ਪ੍ਰਾਇਆ ਅੰਨ ਨਾ ਖਾਵੇ। ਖਾਣੇ ਸੇ ਅੱਧਾ ਜਪ ਦਾ ਫਲ ਅੰਨ ਦਾਤਾ ਨੂੰ ਹੋਵੇਗਾ। ਯਾਂ ਤੇ ਜਪ ਸਮੇਂ ਨਿਯਮ ਸੇ ਕਿਸੀ ਦਾ ਨਿਉਂਦਾ ਨਾ ਖਾਵੇ। ਜਪੀ ਧਨ ਹੀਣ ਹੋਵੇ ਤਾਂ ਭਿਖਿਆ ਦਾ ਅੰਨ ਖਾਵੇ।ਉਸ ਦਾ ਦੋਖ ਨਹੀਂ ਭਿੱਖਿਆ ਵੀ ਉਨ੍ਹਾਂ ਦੀ ਹੀ ਲਏ ਜਿਹੜੇ ਉੱਤਮ ਕਿਰਿਆ ਵਾਲੇ ਕੁਲੀਨ ਪੁਰਸ਼ ਹੋਣ ਧਰਮੀ ਹੋਵੇ। ਧਨੀ ਜਪੀ ਵੀ ਅਗਨ ਬਿਨ੍ਹਾਂ ਕਾਹੂੰ ਕੀ ਆਨ ਵਸਤੂ ਗ੍ਰਹਿਣ ਨਾ ਕਰੇ।ਕਾਹੇ ਤੇ ਆਨ ਕਾ ਅੰਨ ਖਾਣੇ ਨਾਲ ਜਿਹਬਾ ਦਗਧ ਹੁੰਦੀ ਹੈ।ਦਾਨ ਲੈਣ ਨਾਲ ਹੱਥ ਦਗਧ ਹੁੰਦੇ ਹਨ। ਪਰਾਈ ਇਸਤਰੀ ਕੇ ਪ੍ਰੇਮ ਸੇ ਮਨ ਦਗਧ ਹੁੰਦਾ ਹੈ। ਐਸੇ ਭਏ ਪੁਰਸ਼ ਦੀ ਜਪ ਕਿਰਿਆ ਨਾਲ ਮੰਤਰ ਸਿੱਧੀ ਕਾਹੂੰ ਰੀਤ ਸੇ ਨਹੀਂ ਹੋ ਸਕੇਗੀ ਜਪ ਸਮੇਂ ਆਨ ਸਾਥ ਬੋਲਨੇ ਕਾ ਅਤਿ ਸੰਜਮ ਰੱਖੇ। ਕੋਈ ਅਵੱਸ਼ਕਾਰ ਭਏ ਬੋਲੇ ਤਬ ਮੁੱਖ ਕੇ ਓਅੰ ਕਾ ਉਚਾਰ ਕਰ ਜਪ ਕਰੇ ਆਨ ਕਾ ਸ਼ਬਦ ਸੁਨੇ ਪਿੱਛੇ ਜਪੀ ਇੱਕ ਪ੍ਰਾਣਾਯਾਮ ਕਰ ਜਪ ਕਰੇ। ਕਾਹੂੰ ਸਾਥ ਬਹੁਤ ਵਾਰ ਬੋਲਣੇ ਕਾ ਕਾਮ ਪੜੇ ਤਬ ਜਲ ਕਾ ਆਚਮਨ ਕਰਕੇ ਜਪ ਕਰੇ। ਛੀਕਨੇ ਪਿੱਛੇ ਭੀ ਐਸੇ ਹੀ ਕਰੇ। ਜਪ ਸਮੇਂ ਬਿਸ਼ਟਾ ਮੂਤਰ ਆਦਿ ਕਾ ਨਿਰੋਧ ਅਰਥਾਤ

ਰੋਕੇ ਨਹੀਂ। ਸ਼ੀਘਰ ਹੀ ਦੋਨੋਂ ਕੇ ਨਵਿਰਤ ਕਰਕੇ ਜਪ ਕਰੇ। ਨਾ ਨਵਿਰਤ ਕੀਏ ਤਲੇ ਕੀ ਵਾਯੂ ਨਿਕਸਨੇ ਪੀਛੇ ਜਪੀ ਕੀ ਕਰੀ ਸੰਪੂਰਨ ਜਪ ਕਿਰਿਆ ਵਿਅਰਥ ਹੋ ਜਾਵੇਗੀ। ਜਪ ਸਮੇਂ ਮੈਲਾ ਬਸਤਰ ਨਹੀ ਪਹਿਨੇ। ਮੈਲੇ ਦੰਦ ਨਹੀਂ ਰੱਖੇ। ਜੋ ਰੱਖੇ ਹੈ ਤਿਸ ਕੀ ਜਪ ਕਿਰਿਆ ਕੇ ਫਲ ਕੋ ਗੁਪਤੀ ਮੋ ਅਵਾਹਨ ਕੀਆ ਦੇਵਤਾ ਨਾਸ ਕਰ ਦੇਵੇਂ ਹੈ ਯਾਂਤੇ ਜਪ ਸਮੇਂ ਥੁੱਕਣਾਂ ਅਵਾਸੀ ਲੈਣੀ ਆਲਸ ਨ੍ਰਿਦਾਂ ਰੱਖਣੀ, ਗੁਦਾ ਲਿੰਗ ਨੂੰ ਖੁਰਕ ਕਰਨੀ ਸਰਬਥਾ ਨਾ ਕਰੇ। ਜਪ ਸਮੇਂ ਗੁਰ ਕੇ ਮੰਤਰ ਕੋ ਦੇਵਤਾ ਕੋ ਏਕ ਰੂਪ ਮਾਨ ਕੇ ਪ੍ਰਾਤਾਕਾਲ ਸੇ ਮਧਿਆਨ ਸਮੇਂ ਪ੍ਰਯੰਤ ਜਪ ਕਰੇ। ਜੇਤੀ ਮੰਤਰ ਕੇ ਜਾਪ ਕੀ ਸੰਖਿਆ ਪ੍ਰਥਮ ਦਿਨ ਤੋਂ ਆਰੰਭ ਕਰੀ ਹੋਵੇ। ਤੇਤੀ ਨੇਮ ਸੇ ਦਿਨ ਦਿਨ ਮੇਂ ਪੂਰਨ ਕਰੇ। ਪੂਰਨ ਨਾਂ ਕਰੇ ਤੋਂ ਨੇਮ ਭੰਗ ਹੋਤਾ ਹੈ। ਕਲਯੁਗ ਮੋਂ ਪੁਸਤਕ ਮੇਂ ਲਿਖੀ ਜਪ ਸੰਖਿਆਂ ਸੇ ਚੌਗਣਾ ਜਪ ਕਰਨੇ ਸੇ ਮੰਤਰ ਦੀ ਸਿੱਧੀ ਹੁੰਦੀ ਹੈ। ਜਾਂ ਤੇ ਜਹਾਂ ਜੇਤੀ ਸੰਖਿਆ ਲਿਖੀ ਹੈ ਉਸ ਤੇ ਚੌਗਣੀ ਕਰੇ। ਕਾਹੇ ਤੇ ਕੁਲਾਰਣਵ ਮੇਂ ਲਿਖਾ ਹੈ ਕਿ ਨਯੂਨ ਅਧਿਕ ਜਪ ਫਲ ਨਹੀਂ ਦੇਤਾ ਜਿਸ ਜੁਗ ਮੋ ਜੇਤਾ ਕਿਹਾ ਉਤਨਾਂ ਕਰਨੇ ਸੇ ਹੀ ਫਲ ਸਿੱਧੀ ਹੁੰਦੀ ਹੈ। ਜਾਂ ਤੇ ਕਲੀ ਮੈਂ ਚੌਗੁਣਾਂ ਕਰੇ ਜਪ ਸਮੇਂ ਦੁਆਦਸ ਧਰਮ ਮੰਤਰ ਸਿੱਧੀ ਕੇ ਹੇਤੂ ਹੈ। ਸੋ ਅਵੱਸ਼ ਕਰਨੇ ਚਾਹੀਏ। ਧਰਮ ਇਹ ਹੈ।

(1) ਭੂਮੀ ਸਿਹਜਾ (2) ਬ੍ਰਹਮਚਰਜ ਅਰਥਾਤ ਅਸ਼ਟ ਮੈਥਨ ਕਾ ਤਿਆਗ (3) ਮੌਨ (4)ਪ੍ਰਤੀ ਦਿਨ ਤ੍ਰਿਕਾਲ ਇਸ਼ਨਾਨ (5) ਗੁਰੂ ਕੀ ਸੇਵਾ (6) ਤੁਛ ਕਾਮੋਂ ਕਾ ਤਿਆਗ ਜੈਸਾ ਨਿੰਦਾ ਆਦਿਕ (7)ਨਿਤਯ ਪੂਜਾ (8) ਨਿੱਤ ਦਾਨ (9) ਦੇਵਤਾ ਕੀ ਉਸਤਤਿ ਕਰਨੀ (10) ਨਮਿੱਤ ਦੁਆਰਾ ਪ੍ਰਾਪਤ ਭਇਆ ਅਚਰਨ ਜੈਸੇ ਪਰਬੋਂ ਕਾ ਅਰਚਨ (11) ਗੁਰੂ ਔਰ ਦੇਵਤਾ ਮੇ ਨਿਸਚਾ (12) ਜਪ ਕਰਮ ਮੇਂ ਚਿੱਤ ਕੀ ਅਸਥਿਰਤਾ॥ ਮੰਤਰ ਸਿੱਧੀ ਕੇ ਹੇਤੂ ਇਨ੍ਹਾਂ ਧਰਮਾਂ ਕੋ ਕਰਤਾ ਜਪੀ ਜਪ ਸਮੇਂ ਇਸਤ੍ਰੀ ਸ਼ੂਦਰ ਪਤਿਤ ਜਨੇਊ ਅੰਮ੍ਰਿਤ ਸੰਸਕਾਰ ਰਹਿਤ ਨਾਸਤਕ ਏਤੇ ਜੀਵੋਂ ਸਾਥ ਬੋਲਣਾਂ ਜੂਠੇ ਮੁੱਖ ਬੋਲਣਾ, ਛਲ ਕਾ ਬਚਨ ਕਹਿਣਾਂ, ਇੰਨ੍ਹਾਂ ਸਭ ਕੋ ਵਰਜੇਂ। ਜਪ ਹੋਮ ਅਰਚਨ ਸਮੇਂ ਸੱਚੀ ਬਾਣੀ ਕਾ ਭੀ ਸੰਕੋਚ ਕਰੇ। ਤੰਤਰ ਮੇਂ ਲਿਖਾ ਹੈ ਬ੍ਰਹਮਚਰਜ ਪੂਰਾ ਰੱਖੇ। ਰਿਤੂ ਕਾਲ ਸੇ ਬਿਨ੍ਹਾਂ ਆਪਣੀ ਇਸਤਰੀ ਸਾਥ ਭੀ ਮੇਲ ਨਾ ਕਰੇ। ਨਾ ਤਿਸ ਕਾ ਬਚਨ ਸੁਣੇ। ਪੁਰਸ਼ ਚਰਨ ਕਾਲ ਮੋਂ ਜੇਕਰ ਮਰੇ ਸਬੰਧੀ ਕਾ ਸੂਤਕ ਹੋ ਜਾਵੇ ਤੋ ਭੀ ਜਿਸ ਜਪ ਕਾ ਸੰਕਲਪ ਕੀਆ ਗਿਆ ਹੈ ਤਿਸ ਕੋ ਨਾ ਛੋਡੇ। ਯੋਗਨੀ ਹ੍ਰਿਦਯ ਤੰਤਰੋਂ ਮੇਂ ਲਿਖਾ ਹੈ ਕੁਸ਼ਾ ਕੀ ਸਿਹਜਾ ਪੈ ਸੋਵੈ। ਪਵਿੱਤਰ ਬਸਤਰ ਰੱਖੇ, ਹਰ ਰੋਜ ਸਿਹਜਾ ਕੋ ਧੋ ਲੇਵੇ ਅਰਥਾਤ ਕੁਸ਼ਾ ਕੇ ਆਸਣ ਕੋ ਧੋ ਲੇਵੇ। ਆਸਣ ਪੈ ਇਕੱਲਾ ਸੋਂਵੇ। ਝੂਠ ਬੋਲਣਾਂ, ਛਲ ਕਾ ਬਚਨ ਕਰਨਾ ਤਿਆਗੇ। ਗੀਤ ਵਾਜੇ ਦੇਖਣਾ ਸੁਣਨਾ ਤਿਆਗੇ। ਬਟਨਾ ਮਲਨਾ, ਅਤਰ ਲਗਾਉਣਾਂ, ਪੁਹਪ ਪਹਿਨਣ, ਗਰਮ ਜਲ ਸੇ ਇਸ਼ਨਾਨ ਕਰਨਾਂ ਤਿਆਗੇ। ਆਨ ਦੇਵ ਕੀ ਪੂਜਾ ਕਰਨੀ ਤਿਆਗੇ। ਏਕ ਬਸਤਰ ਧਾਰ ਕੇ ਬਹੁਤ ਬਸਤਰ ਲੱਦ ਹੋ ਕੇ ਜਪ ਨਾ ਕਰੇ। ਸਿਰ ਕਾ, ਊਪਰ ਕਾ, ਲਕ ਕਾ, ਬਸਤਰ ਪਹਿਨ ਕਰ ਜਪ ਕਰੇ। ਬੈਸਪਾਯਨ ਸੰਹਿਤਾ ਮੇਂ ਲਿਖਾ ਹੈ, ਪਤਿਤ ਚੰਡਾਲ ਦਰਸ਼ਨ ਸੇ ਔਰ ਤਿਸ ਕੇ ਬਚਨ ਸੁਨਣੇ ਸੇ, ਛੀਂਕਨੇ ਸੇ, ਤਲੇ ਕੀ ਵਾਯੂ ਨਿਕਸਨੇ ਸੇ, ਜੰਭਾਈ ਕੇ ਆਵਨੇ ਸੇ ਜਪ ਕਰਨਾ ਛੱਡ ਦੇਵੇ। ਸੂਰਜ ਕਾ ਵਾ ਅਗਨਿ ਕਾ ਦਰਸ਼ਨ ਕਰਕੇ ਅਥਵਾ ਪ੍ਰਾਣਾਯਾਮ ਕਰਕੇ ਸ਼ੇਸ਼ ਰਹਿਤਾ ਜਪ ਕਰੇ ਆਨ ਤੰਤਰੋਂ ਮੇ ਲਿਖਾ ਹੈ ਮਨ ਕਾ ਨਿਗ੍ਰਹਿ, ਸਰੀਰ ਕੀ ਸ਼ੁੱਧੀ, ਬਾਣੀ ਕੀ ਮੌਨ, ਮੰਤਰ ਕੇ ਅਰਥ ਕਾ ਚਿੰਤਨ, ਚਿੱਤ ਕੀ ਸਾਵਧਾਨਤਾ, ਜਪ ਮੇਂ ਪ੍ਰੇਮ, ਯੇ ਖਟ ਜਪ ਰੂਪ ਸੰਪਦਾ ਕੇ ਕਾਰਣ ਹੈ। ਖੁਲੀ ਕੇਸੀਂ ਹਰ ਰੋਜ ਪਹਿਰਨੇ ਕੀ ਪਗੜ੍ਹੀ ਰੱਖ ਕੇ ਕੁੜਤੀ ਪਹਿਨ ਕੇ, ਨੰਗਾ ਹੋ ਕੇ, ਮੈਲਾ ਹੋ ਕਰ, ਜੂਠੀਂ ਹੱਥੀਂ, ਅਸ਼ੁੱਧ ਹੂਆ, ਬੋਲਤਾ ਹੂਆ ਜਪ ਨਾ ਕਰੇ।ਖੜਾ ਹੋ ਕੇ, ਲੰਮਾ ਪੈ ਕੇ, ਚਲਤਾ ਹੂਆ, ਖਾਤਾ ਹੂਆ, ਖੁੱਲੇ ਹਾਥ ਕਰ, ਸਿਰ ਕੋ ਬਹੁਤ ਬਸਤਰ ਸੇ ਢਕ ਕੇ ਚਿੰਤਾਤੁਰ ਹੂਆ ਖੋਭ ਵਾਲਾ ਹੋ ਕੇ, ਖੁਧਿਆ ਯੁਕਤ ਭਇਆ ਜਪ ਨਾ ਕਰੇ। ਗਲੀ ਮੇਂ, ਮੈਲੇ ਥਾਨ ਮੇਂ, ਅੰਧੇਰੇ ਥਾਨ ਮੇਂ ਬੈਠ ਕਰਕੇ, ਜੁੱਤੀ ਪਹਿਨ ਕੇ, ਖਾਟ ਪਰ ਬੈਠ

ਕਰ, ਪੈਰ ਪਸਾਰ ਕੇ ਜਪ ਨਾ ਕਰੇ। ਬਿੱਲੀ, ਕੁੱਕੜ, ਕੁੱਤਾ, ਕੂੰਜ, ਬਾਂਦਰ, ਇਨ ਕੋ ਦੇਖ ਕਰ ਆਚਮਨ ਕਰਕੇ ਜਪੇ, ਕੁਸਾ ਫੂਲ ਅਰਘ ਕਾ ਜਲ ਦੇਵਤਾ ਕੇ ਦਹਿਨੇ ਹਾਥ ਮੇਂ ਅਰਪਨ ਕਰੇ। ਜਪ ਕੇ ਆਦਿ ਅੰਤ ਮੇਂ ਤੀਨ ਤੀਨ ਪ੍ਰਾਣਾਯਾਮ ਕਰੇ। ਦੇਵੀ ਕਾ ਜਾਪ ਕਰਤਾ ਹੂਆ ਦੁਰਗਾ ਕੇ ਬਾਮੇ ਹਾਥ ਮੇ ਸੁਗੰਧੀ ਅਛਤ ਸਹਿਤ ਕੁਸ਼ਾ ਸੇ ਜਲ ਸ਼ਹਿਦ ਅਰਪਨ ਕਰੇ। ਦਿਨ ਦਿਨ ਮੇਂ ਜਪ ਕੀ ਸਮਾਪਤੀ ਸਮੇਂ ਜਪ ਸੰਖਿਆ ਕੇ ਦਸਮੇਂ ਹਿੱਸੇ ਸੇ ਹੋਮ ਕਰੇ। ਹੋਮ ਸੰਖਿਆ ਕੇ ਦਸਮੇਂ ਹਿੱਸੇ ਤੇ ਤਰਪਨ ਔਰ ਮਾਰਜਨ ਕਰੇ। ਪ੍ਰਤੀ ਦਿਨ ਉਤਮੋਂ ਕੋ ਭੋਜਨ ਕਰਾਵੇ ਅਥਵਾ ਸਮੱਗਰ ਜਪ ਪੂਰਨ ਹੁਏ ਤੇ ਹੋਮ ਆਦਿ ਕਰੇ। ਜੇਕਰ ਦ੍ਰਬ ਕੀ ਨਯੂਨਤਾ ਸੇ ਹੋਮ ਤਰਪਣ ਆਦਿਕ ਨਾ ਕਰ ਸਕੇ। ਤਬ ਹੋਮ ਕੀ ਸੰਖਿਆ ਸੇ ਔਰ ਤਰਪਣ ਮਾਰਜਨ ਕੀ ਸੰਖਿਆਂ ਸੇ ਦੂਣਾ ਦੂਣਾ ਜਪ ਕਰੇ।ਸਨਤ ਕੁਮਾਰ ਸੰਹਿਤਾ ਮੋਂ ਲਿਖਾ ਹੈ ਹੋਮ ਕੇ ਅਭਾਵ ਮੋਂ ਬ੍ਰਾਹਮਣ ਚੌਦਾ ਗੁਣ ਜਪ ਕਰੇ ਛਤਰੀ ਖਟ ਗੁਣਾ ਕਰੇ ਬੈਸ ਆਠ ਗੁਣਾ ਕਰੇ ਸ਼ੂਦਰ ਜਿਸ ਵਰਣ ਕੇ ਪੁਰਸ਼ ਕੇ ਆਸ਼੍ਰਿਤ ਹੋਵੇ ਉਸ ਵਰਣ ਵਾਲੇਂ ਪੁਰਖ ਕੀ ਸੰਖਯਾ ਕੇ ਤੁਲ ਜਪ ਕਰੇ ਸ਼ੂਦਰ ਸੁਤੰਤਰ ਹੋਵੇ ਤਬ ਦਸ ਗੁਣਾ ਜਪ ਕਰੇ ।ਸ਼ੂਦਰ ਕੇ ਤੁਲ ਹੀ ਸਭ ਵਰਨੋਂ ਕੀ ਇਸਤ੍ਰੀਆਂ ਜਪ ਹੋਮ ਆਦਿ ਕਰੇ। ਗੁਰਮਤ ਕੇ ਕਲਪਅੰਗ ਮੁਕਤ ਮਾਰਗ ਨਾਮ ਵਾਲੇ ਸ਼ਰਧਾਪੂਰਨ ਪੁਸਤਕ ਮੈਂ ਜਪ ਕੇ ਪਾਠ ਕੀ ਵਿਧੀ ਕੇ ਪੀਛੇ ਲਿਖਾ ਹੈ। ਜਪ ਸਮੇਂ ਬ੍ਰਾਹਮਣ ਏਕ ਭਾਗ ਮਾਤਰ ਪ੍ਰਸ਼ਾਦ ਭੇਟ ਰੱਖੇ। ਮੂਰਖ ਬ੍ਰਾਹਮਣ ਦੋ ਭਾਗ ਭੇਟ ਪ੍ਰਸ਼ਾਦ ਰੱਖੇ, ਖੱਤਰੀ ਤੀਨ ਭਾਗ ਭੇਟ ਰੱਖੇ।ਬੈਸ ਸਾਢੇ ਤੀਨ ਭਾਗ ਭੇਟ ਰਖੇ, ਸ਼ੂਦਰ ਚਾਰ ਭਾਗ ਰਖੇ ਪਾਠ ਕੀ ਸਮਾਪਤੀ ਕਰਕੇ ਉਸ ਪ੍ਰਸ਼ਾਦ ਕੋ ਵਰਤਾਏ ਦੇਵੇਂ। ਓਅੰਕਾਰ ਮੰਤਰ ਕੋ ਲੱਖ ਵਾਰ ਯੁਗਤ ਸਿਉਂ ਜਪੇ। ਜੋ ਚਾਹੇ ਸੋ ਪ੍ਰਾਪਤ ਹੋਵੇ। ਪੁਨਾ

ਬ੍ਰਹਮ ਕਮਲ ਪੁਤੁ ਮੀਨ ਬਿਆਸਾ ਤਪੁ ਤਾਪਨ ਪੂਜ ਕਰਾਵੈਗੋ॥ ਪੰਨਾਂ 1309

ਸੋ ਬ੍ਰਹਮਾ ਕਮਲ ਕਾ ਪੁੱਤਰ ਹੈ ਬਿਆਸ ਰਿਸ਼ੀ ਮੀਨ ਮੱਛੀ ਸੇ ਉਤਪਨ ਹੂਈ ਮਛੋਦਰੀ ਕੰਨਿਆ ਕਾ ਪੁੱਤਰ ਹੈ। ਯਾਂਤੇ ਉਨਕਾ ਉਤਮ ਥਾਨੋਂ ਸੇ ਜਨਮ ਨਹੀਂ ਤੌ ਭੀ ਤਪ ਕੇ ਤਪਨੇ ਨੇ ਵਹੁ ਪੂਜਯ ਕੀਏ ਹੈ। ਐਸੇ ਤਪ ਤਾਪਨ ਸਭ ਕੋ ਪੂਜਯ ਕਰੇਂ ਹੈ ਮੀਨ ਪਦ ਕੀ ਈਹਾਂ ਮਛੋਦਰੀ ਮੀਨਜ ਮੇ ਜਹਤ ਲਖਣਾ ਹੈ ਜੈਸੇ **ਥਨ ਚੋਖਤਾ ਮਾਖਨੁ ਘੂਟਲਾ ॥੨॥(ਪੰਨਾਂ 874)** ਪਾਠ ਮੇਂ ਦੂਧ ਮੇਂ ਮਾਖੁਨ ਪਦ ਕੀ ਅਜਹਤ ਲੱਖਣਾ ਹੈ।

ੴਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ਜਪੁ ॥

ਇਸ ਮੰਤਰ ਕਾ ਪਾਠ ਸਵਾ ਲੱਖ ਵਿਧੀ ਸੰਜੁਗਤ ਕਰੇ। ਜੋ ਚਾਹੇ ਸੋ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਸੰਕਲਪ ਸੰਪੂਰਨ ਕਰੇ। ਇਸੀ ਪ੍ਰਕਾਰ ਜਿਸ ਜਿਸ ਸ਼ਬਦ ਸਲੋਕ ਕਾ ਜਾਪ ਕਰਨਾ ਹੋਵੇ ਸ਼ਰਧਾ ਪੂਰਕ ਕੀ ਪੁਸਤਕ ਮੇਂ ਦੇਖ ਕਰ ਕਰੇ। ਮ੍ਰਿਤ ਕਾ ਚੌਂਕਾ ਲਗਾਵੇ, ਉਪਰ ਕੁਛਾ ਵਿਛਾਵੇ, ਸਵੇਤ ਲੋਈ ਕਾ ਆਸਣ ਵਿਛਾਵੇ ਊਪਰ ਪਦਮ ਆਸਣ ਕਰ ਬੈਠੇ। ਮੂਤਰ ਉਤਾਰੇ ਚੁਲੀ ਕਰੈ, ਚਰਨ ਧੋ ਕੇ ਬੈਠੇ। ਨਿੱਤਨੇਮ ਸੇ ਜਪੇ ਧੂਫ਼ ਦੀਪ ਨਈਵੇਦ ਪੁਸ਼ਪ ਜਲ ਪਾਤਰ ਆਗੇ ਰੱਖੇ।ਭੋਜਨ ਕਿਸੀ ਕੇ ਹਾਥ ਕਾ ਨਾ ਖਾਵੇ। ਗੁਰੋਂ ਕਾ ਧਿਆਨ ਧਾਰੇ। ਸਦਾ ਐਸੇ ਕਰਤਾ ਪਾਠ ਪੂਰਨ ਕਰੇ।

**ਧੂਪ :–** ਸੰ- ਸੁਗੰਧੀ ਵਾਲੀ ਵਸਤੂਆਂ ਕਾ ਧੂੰਆਂ ॥

**ਦੋਹਾ:–** ਉਤਮ ਗੰਧ ਪ੍ਰਭਾ ਵਸੈ ਧੂ ਧੋਵਤ ਸਭ ਦੋਖਾ।

ਜਨੇ ਪਰਮਾਨੰਦ ਕੋ ਧੂਪ ਕਹਤ ਤਗ ਘੋਖਾ॥

(1)ਧੂਪ ਦੇਵਨ ਕਾ ਭਿੰਨ ਭਿੰਨ ਹੈ।

1) ਕਾਲਾ ਅਗਰ 2.ਮੁਸ਼ਕਪੂਰ 3.ਚੰਦਨ 4. ਸਿਲਕ ਇਨ ਕਾ ਧੂਪ ਭਗਵਤੀ ਕੋ ਪ੍ਰਿਯ ਹੈ।

2) ਭੈਸੀਆ ਗੁੱਗਲ 2. ਮੁਸ਼ਕਪੂਰ 3. ਨਖਨਾਮ ਔਖਧੀ 4. ਅਗਰ 5. ਸਿੱਲਕ 6.ਦੇਵਦਾਰੂ ਇਨ ਚੀਜੋਂ ਕਾ ਧੂਪ ਵਿਸ਼ਨੂੰ ਕੋ ਪ੍ਰਿਯ ਹੈ।

3) ਮੋਥਾਂ 2. ਗੁੱਗਲ 3. ਕੁਠ 4. ਕਪੂਰ 5. ਸਫੈਦ ਚੰਦਨ 6. ਦੇਵਦਾਰੂ 7. ਜਟਾਂਮਾਸੀ 8. ਜੈਫਲ 9. ਨੇਤਰ ਬਾਲਾ 10. ਮੁਰਾ 11. ਮਾਂਸੀ 12.ਉਸੀਰ 13.ਕੇਸਰ 14.ਲੈਚੀ 15. ਭੋਜ ਪੱਤਰ 16.ਤੇਜ ਪੱਤਰ ਇਨ ਕੁੱਟੀ ਛਾਣੀ ਘੀਉ ਮੇਂ ਭਿਗੋਈ ਚੀਜ਼ੋਂ ਕਾ ਖੋੜਸਾਂਗ ਧੂਪ ਗੋਬਿੰਦ ਕੋ ਪ੍ਰਿਯ ਹੈ।

4) ਗੁੱਗਲ 2. ਚੰਦਨ 3.ਤੇਜ ਪੱਤਰ 4. ਕੁਠ 5. ਅਗਰ 6.ਕੁੰਕਮ 7. ਜੈਫਲ 8. ਕਪੂਰ 9.ਜਟਾ ਮਾਸੀ 10.ਨੇਤਰ ਬਾਲਾ 11. ਤ੍ਰੱਕ 12. ਉਸ਼ੀਰ ਇਨ ਵਸਤੂਆਂ ਕਾ ਬਣਾਇਆ ਦਵਾ ਦਸਾਂਗ ਧੂਪ ਵਿਸ਼ਨੂੰ ਕੋ ਅਤਿ ਪ੍ਰਿਯ ਹੈ।

5) ਗੁੱਗਲ 2. ਕੁਠ 3. ਅਗਰ 4.ਗੁੱਗਲ 5. ਸ਼ੁਕਲ ਚੰਦਨ 6. ਨੇਤਰਬਾਲਾ 7. ਤੇਜਪਤ੍ਰ 8. ਤ੍ਰੱਕ 9. ਜਯਫਲ 10. ਕੇਸਰ ਇਨ ਕੁੱਟੀ ਛਾਣੀ ਘਿਉ ਮੇਂ ਭਿਗੋਈ ਚੀਜ਼ੋਂ ਕਾ ਦਸਾਂਗ ਧੂਪ ਹੈ।

6) ਗੁੱਗਲ 2.ਅਗਰ 3.ਤੇਜ ਪੱਤਰ 4.ਸ਼ੁਕਲ ਚੰਦਨ 5.ਕਪੂਰ 6.ਨੇਤਰਬਾਲਾ 7.ਕੇਸਰ 8. ਕੁਠ ਅਜਿਹੀ ਚੀਜ਼ੋਂ ਅਸਟਾਂਗ ਕਾ ਧੂਪ ਗੋਬਿੰਦ ਕੋ ਪ੍ਰਿਯ ਹੈ।

7) ਚੰਦਨ 2. ਕੇਸਰ 3.ਕਪੂਰ 4.ਗੁੱਗਲ 5.ਅਗਰ ਇਨ ਪਾਂਚੋਂ ਕਾ ਘ੍ਰਿਤ ਭਿਗੋਯਾ ਪੰਚਾਂਗ ਧੂਪ ਹੈ। ਪੂਰਬ ਕਹੇ ਵਿਸ਼ਨੂੰ ਕੇ ਪਿਆਰੇ ਹੈ।ਧੂਪ ਹੀ ਗੁਰੂ ਗ੍ਰੰਥ ਸਾਹਿਬ ਜੀ ਕੋ ਦੇਨੇ, ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਨਾਨਕ ਜੀ ਨਾਰਾਇਣ ਕੇ ਸਰੀਰ ਹੈ।

8) ਮਿਸ਼ਰੀ 2. ਘ੍ਰਿਤ 3.ਸਹਿਤ 4.ਗੁੱਗਲ 5.ਅਗਰ 6.ਚੰਦਨ ਯਹ ਖੜੰਗ ਧੂਪ ਸਰਬ ਦੇਵਨ ਕੋ ਪ੍ਰਿਯ ਹੈ। ਧੂਪ ਉਨ ਵਸਤੂਆਂ ਕਾ ਦੇਨਾਂ ਜੋ ਨਾਕ ਔਰ ਨੇਤਰੋਂ ਕੇ ਛਿਦ੍ਰੋਂ ਕੋ ਸੁਖਦਾਈ ਹੋਵੇ। ਸ਼੍ਰੇਸ਼ਟ ਗੰਧ ਵਾਲੀ ਹੋਵੇ। ਦੁਖਦਾਈ ਦੁਰਗੰਧ ਵਾਲੀਓਂ ਕਾ ਨਹੀਂ ਦੇਣਾਂ। ਧੂਪ ਜਿਸ ਕੋ ਦੇਣਾ ਉਸ ਕੇ ਨੀਚੇ ਭਾਗ ਸੇ ਦੇਣਾਂ ਤਬੀ ਨਾਕ ਮੇਂ ਪ੍ਰਾਪਤ ਹੋਵੇਗਾ।ਧੂਪ ਸਮੇਂ ਧੂਪਦਾਨੀ ਅਨਾਮ ਮਧਯਮਾ ਉਗਲੀਉਂ ਕੀ ਵਿਚਲੀ ਗਾਂਠੋ ਪੈ ਰੱਖ ਕਰ ਊਪਰ ਸੇ ਅੰਗੂਠੇ ਕੇ ਅਗ੍ਰ ਭਾਗ ਸੇ ਦਬਾ ਕੇ ਦਾਹਿਨੇ ਹਾਥ ਮੇ ਪਕੜਨੀ। ਵਾਮੇ ਹਾਥ ਮੇਂ ਘੰਟਾ ਪਕੜ ਕੇ ਵਜਾਉਣਾਂ। ਮੁਖ ਸੇ ਜੈ ਜੈ ਸ਼ਬਦ ਕਹਿਣਾ। ਧੂਪਦਾਨੀ ਉਠਾਨੇ ਸਮੇਂ ਸੰਖ ਜਲ ਸੇ ਪੂਜ ਲੈਣੀਂ। ਪੂਜਾ ਸਮੇਂ ਗੰਧ ਪੁਸ਼ਪ ਭੂਖਨ ਪੂਜ ਕੇ ਸਾਹਮਣੇ ਰੱਖਣੇ। ਧੂਪ ਵਾਮੇ ਪਾਸੇ ਸੇ ਦੇਣਾਂ। ਸਾਹਮਣੇ ਤਥਾ ਦਾਏਂ ਪਾਸੇ ਸੇ ਨਹੀਂ ਦੇਣਾਂ। ਏਵੰ ਦੀਪਕ ਆਰਤੀ ਦਾਹਨੇ ਪਾਸੇ ਸੇ ਆਰੰਭ ਕਰਕੇ ਕਰਨੀ।ਨੈਵੇਦਯ ਅਰਥਾਤ ਭੋਗ ਕੀ ਵਸਤ ਦਾਹਨੇ ਪਾਸੇ ਰੱਖਣੀ ਸਾਹਮਣੇ ਔਰ ਪੀਠ ਪੀਛੇ ਨਹੀਂ ਰੱਖਣੀ। ਬਾਮ ਦੱਖਣ ਪਾਸੇ ਈਹਾਂ ਦੇਵਤੇ ਕੇ ਲੇਨੇ ਪੂਜਨੇ ਵਾਲੇ ਕੇ ਨਹੀ ਲੇਨੇਂ। ਵਿਸ਼ਨੂੰ ਕੇ ਧੂਪ ਮੇਂ ਮੀਠਾ ਨਹੀ ਮਿਲਾਨਾ ਔਰ ਬਹੁਤ ਵਸਤੂ ਹੈ ਜਿਨ ਕਾ ਵਰਜਨ ਹੈ। ਧੂਪ ਅਤਰ ਔਰ ਮਾਲਾ ਨਿਵੇਦਨ ਕੇ ਪੀਛੇ ਦੇਣਾਂ। ਇਨ ਮੇਂ ਬਿਨਾਂ ਦੇਨੇ ਕਾ ਨਿਖੇਧ ਹੈ ।

ਧੂਪ ਦੀਪ ਸੇਵਾ ਗੋਪਾਲ ॥ (ਪੰਨਾਂ 866) ਧੂਪ ਦੀਪ ਘ੍ਰਿਤ ਸਾਜਿ ਆਰਤੀ ॥ (ਪੰਨਾਂ 695)

ਜੋਗੀ ਕੋ ਉਚਿਤ ਹੈ ਸਦਾ ਇਕਾਂਤ ਮੇਂ ਬਾਸ ਕਰੇ ਕਿਸੀ ਕੇ ਸੰਗ ਨਾ ਰਹੇ। ਆਪਣੇ ਮਨ ਔਰ ਆਤਮਾ ਕੋ ਬਸ ਮੇਂ ਰੱਖੇ। ਕਿਸੀ ਬਾਤ ਕੀ ਆਸ਼ਾ ਨਾ ਰੱਖੇ। ਕਿਸੀ ਵਸਤੂ ਕਾ ਸੰਗ੍ਰਹਿ ਨਾ ਕਰੇ। ਇਸ ਪ੍ਰਕਾਰ ਸਦਾ ਆਤਮਾ ਕੋ ਪ੍ਰਮਾਤਮਾ ਮੇਂ ਲਗਾਇਆ ਕਰੇ।

ਜੋਗ ਸਾਧਨ ਕੇ ਲੀਏ ਸੁੰਦਰ ਪਵਿੱਤਰ ਭੂਮੀ ਮੇਂ ਨਾ ਬਹੁਤਾ ਉਚਾ ਨਾ ਬਹੁਤਾ ਨੀਚਾ ਕੁਸ਼ਾ ਕਾ ਆਸਣ ਬਿਛਾਵੇ। ਉਸ ਪਰ ਮ੍ਰਿਗ ਚਰਮ ਔਰ ਮ੍ਰਿਗ ਚਰਮ ਉੂਪਰ ਬਸਤਰ ਬਿਛਾਵੇਂ।

ਉਸ ਆਸਣ ਪਰ ਬੈਠ ਕਰ ਚੜ੍ਹਦੇ ਸੂਰਜ ਵੱਲ ਜਾਂ ਧਰੂ ਕੀ ਦਿਸ਼ਾ ਚਿਹਰਾ ਕਰਕੇ ਮਨ ਕੋ ਇਕਾਗਰ ਕਰ ਚਿੱਤ ਕੋ ਰੋਕ ਇੰਦ੍ਰੀਆਂ ਕੀ ਕ੍ਰਿਆ ਸੇ ਰਹਿਤ ਹੋ ਕਰ ਆਪਣੀ ਆਤਮਾ ਕੀ ਸ਼ੁੱਧੀ ਕੇ ਲੀਏ ਜੋਗ ਸਾਧਨ ਕਰੇ।

ਸਭ ਦੇਹ ਸਿਰ ਗਰੀਵਾ ਕੋ ਸਿੱਧਾ ਰੱਖੇ। ਇਧਰ ਉਧਰ ਨਾ ਹਿਲਾਵੇ। ਆਪਣੀ ਨਾਸਕਾਂ ਕੇ ਅਗਰ ਭਾਵ ਕੋ ਦੇਖਤਾ ਰਹੇ। ਤਥਾ ਕਿਸੀ ਔਰ ਦ੍ਰਿਸ਼ਟੀ ਨਾ ਦੇਖੇ।

ਮਨ ਕੋ ਸ਼ਾਂਤ ਕਰੇ ਨਿਰਭਯ ਹੋ ਬ੍ਰਹਮਚਰਜ ਮੇਂ ਸਥਿਤ ਰਹੇ, ਪ੍ਰਮਾਤਮਾ ਮੇਂ ਚਿਤ ਲਗਾਵੇ, ਮਨ ਕੋ ਰੋਕੇ ਔਰ ਪ੍ਰਭੂ ਪਰਾਇਣ ਹੋ ਕੇ ਯੋਗ ਸਾਧਨ ਕਰੇ।

ਆਤਮਾ ਕੋ ਬਸ ਰਖਣੇ ਵਾਲਾ ਜੋ ਜੋਗੀ ਇਸ ਪ੍ਰਕਾਰ ਸਦਾ ਆਪਣੀ ਆਤਮਾ ਨੂੰ ਜੋਗ ਮੇ ਤਤਪਰ ਰੱਖੇਗਾ। ਉਹ ਪਰਮਾਤਮਾ ਰੂਪ ਪ੍ਰਭੂ ਮੇਂ ਸਥਿਤ ਸ਼ਾਂਤੀ ਮੋਕਸ਼ ਕੋ ਪਾਏਗਾ।

ਜੋ ਬਹੁਤ ਭੋਜਨ ਕਰਤਾ ਹੈ ਉਸ ਕਾ ਜੋਗ ਸਿੱਧ ਨਹੀ ਹੋਤਾ ਔਰ ਨਿਰਹਾਰ ਰਹਿਨੇ ਵਾਲੇ ਕਾ ਭੀ ਯੋਗ ਸਿੱਧ ਨਹੀ ਹੋਤਾ। ਬਹੁਤਾ ਸੌਣੇ ਵਾਲੇ ਤੇ ਬਹੁਤ ਜਾਗਨੇ ਵਾਲੇ ਦਾ ਵੀ ਯੋਗ ਸਿੱਧ ਨਹੀ ਹੋਤਾ।

ਜੋ ਮਨੁੱਖ ਅਹਾਰ ਔਰ ਵਿਹਾਰ ਪ੍ਰਮਾਣ ਸੇ ਕਰਤਾ ਹੂਆ ਕਰਮ ਭੀ ਪ੍ਰਮਾਣ ਸੇ ਕਰਤਾ । ਜੋ ਪ੍ਰਮਾਣ ਸੇ ਹੀ ਜਾਗਤਾ ਸੋਤਾ ਹੈ ਉਸ ਕਾ ਯੋਗ ਦੁੱਖੋਂ ਕੋ ਦੂਰ ਕਰਨੇ ਵਾਲਾ ਹੈ। ਜੋ ਜਬ ਆਪਣੀ ਆਤਮਾ ਹੀ ਮੇਂ ਅਪਣੀ ਚਿੱਤ ਬਿਰਤੀਆਂ ਨੂੰ ਰੋਕ ਲੇਤਾ ਹੈ ਉਹ ਸੰਪੂਰਣ ਵਾਸ਼ਨਾਵਾਂ ਕੋ ਛੋਡ ਕਰ ਨਿਸਪ੍ਰੀਹਾ ਹੋ ਜਾਤਾ ਹੈ। ਤਬ ਵੋਹ ਜੁਗਤ ਅਰਥਾਤ ਸਿੱਧ ਜੋਗੀ ਕਹਿਲਾਤਾ ਹੈ।

ਜਿਸ ਨੇ ਆਪਣਾ ਚਿੱਤ ਵਸ ਮੇਂ ਕਰ ਰੱਖਾ ਹੈ ਔਰ ਜੋ ਸਦੈਵ ਜੋਗਾ ਅਭਿਆਸ ਮੇਂ ਤਤਪਰ ਰਹਿਤਾ ਹੈ ਉਸ ਯੋਗੀ ਕਾ ਮਨ ਨਿਰਬਾਤ ਮੇਂ ਅਰਥਾਤ ਯਹਾਂ ਵਾਯੂ ਨਹੀਂ ਲਗਤੀ ਹੈ। ਐਸੇ ਅਸਥਾਨ ਮੇਂ ਰੱਖੇ ਦੀਪਕ ਕੀ ਭਾਂਤੀ ਨਿਸਚਲ ਹੋ ਜਾਤਾ ਹੈ।

## ਸੰਸਕਾਰ:–

1. ਉਤਮ ਸੰਸਕਾਰ :– ਜਿੰਨ੍ਹਾਂ ਕਰਕੇ ਕਰਤਾਰ ਦੀ ਰਚਨਾਂ ਵਿਰੁੱਧ ਕੁੱਝ ਨਾ ਕੀਤਾ ਜਾਵੇ ਔਰ ਜੋ ਧਾਰਮਿਕ ਚਿੰਨ ਧਾਰੇ ਜਾਣ ਉਹ ਸਰੀਰ ਤਥਾ ਦੇਸ਼ ਦੀ ਰੱਖਿਆ ਕਾ ਕਾਰਣ ਹੋਵੇ। ਅੰਮ੍ਰਿਤ ਸੰਸਕਾਰ ਸਮੇਂ ਸਿੱਖ ਕੱਛ ਕ੍ਰਿਪਾਨ ਧਾਰਦੇ ਹਨ।

2. ਮੱਧਮ ਸੰਸਕਾਰ:-ਜਿਨ੍ਹਾਂ ਦੁਆਰਾ ਵਾਹਿਗੁਰੂ ਕੀ ਰਚਨਾ ਬੁਰੀ ਸ਼ਕਲ ਵਿੱਚ ਕੀਤੀ ਜਾਏ ਤੇ ਐਸੇ ਚਿੰਨ ਧਾਰੇ ਜਾਣ ਜਿਸ ਨਾਲ ਸਰੀਰ ਤੇ ਦੇਸ਼ ਨੂੰ ਕੋਈ ਲਾਭ ਨਾ ਪਹੁੰਚੇ। ਜੈਸੇ ਜਟਾ ਭਸਮ ਜਨੇਊ ਕੰਠੀ ਆਦਿਕ ਲੋਕ ਧਾਰਨ ਕਰਦੇ ਹਨ।

3.ਨਿਸ਼ਿਧ ਸੰਸਕਾਰ:- ਜਿਨ੍ਹਾਂ ਕਰਕੇ ਸਿਰਜਨਹਾਰ ਦੀ ਰਚਨਾ ਖੰਡਿਤ ਕੀਤੀ ਜਾਵੇ ਔਰ ਦੇਹ ਤਥਾ ਦੇਸ਼ ਦਾ ਕੋਈ ਹਿੱਤ ਨਹੀਂ ਹੋ ਸਕੇ ਜੈਸੇ ਜੋਗੀਆਂ ਦਾ ਕਰਣਵੇਧ ਸੁੰਨਤ, ਮੁੰਡਨ ਆਦਿਕ।

ਗੁਰ :- ਇਹ ਸ਼ਬਦ ਗ੍ਰੀ ਧਾਤੂ ਤੋਂ ਬਣਿਆ ਹੈ ਇਸ ਦਾ ਅਰਥ ਹੈ ਨਿਗਲਣਾ ਅਤੇ ਸਮਝਾਉਣਾਂ। ਜੋ ਅਗਿਆਨ ਨੂੰ ਖਾ ਜਾਂਦਾ ਹੈ ਤੇ ਗਿਆਨ ਨੂੰ ਸਮਝਾਂਉਦਾ ਹੈ ਉਹ ਗੁਰੂ ਹੈ।

## ਚਾਰ ਪ੍ਰਕਾਰ ਦੇ ਗੁਰੂ ਹਨ:-

1) ਭ੍ਰਿੰਗੀ ਗੁਰੂ:- ਭ੍ਰਿੰਗੀ ਖਾਸ ਜਾਤੀ ਦੇ ਕੀੜੇ ਨੂੰ ਆਪ ਜਿਹਾ ਕਰ ਲੈਂਦਾ ਹੈ ਪਰ ਹਰੇਕ ਕ੍ਰਿਮ ਨੂੰ ਨਹੀਂ।

2) ਪਾਰਸ ਗੁਰੂ:- ਪਾਰਸ ਲੋਹੇ ਨੂੰ ਸੋਨਾ ਕਰਦਾ ਪਰ ਪਾਰਸ ਰੂਪ ਕਿਸੇ ਨੂੰ ਨਹੀਂ ਦੇ ਸਕਦਾ।

3) ਬਾਵਨ ਚੰਦਨ ਗੁਰੂ:- ਖਾਸ ਰੁੱਤ ਵਿੱਚ ਪਾਸ ਦੇ ਬ੍ਰਿਛਾਂ ਨੂੰ ਸੁਗੰਧੀ ਵਾਲਾ ਕਰ ਦਿੰਦਾ ਹੈ ਪਰ ਸਾਰੀਆਂ ਰੁੱਤਾਂ ਵਿੱਚ ਨਹੀਂ ਅਤੇ ਬਾਂਸ ਨੂੰ ਕਿਸੇ ਰੁੱਤ ਵਿੱਚ ਵੀ ਸੁਗੰਧੀ ਵਾਲਾ ਨਹੀਂ ਕਰਦਾ।

4) ਦੀਪਕ ਗੁਰੂ :- ਆਪਣੇ ਤੁਲ ਹੀ ਦੂਸਰੇ ਦੀਪਕ ਨੂੰ ਜੋਤਿ ਵਾਲਾ ਕਰ ਦਿੰਦਾ ਹੈ।

(ਸਿੱਖ): - ਜੋ ਸ਼ਾਸਨ ਉਪਦੇਸ਼ ਯੋਗ ਹੋਵੇ ਚੇਲਾ ਸ਼ਗਿਰਦ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਨੁਗਾਮੀ ਜਿਸ ਨੇ ਸਤਿਗੁਰੂ ਨਾਨਕ ਦੇਵ ਜੀ ਦਾ ਸਿੱਖ ਧਰਮ ਧਾਰਣ ਕੀਤਾ ਹੋਵੇ। ਜੋ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਧਰਮ ਗ੍ਰੰਥ ਮੰਨਦਾ ਹੈ ਤੇ ਦਸ ਸਤਿਗੁਰਾਂ ਨੂੰ ਇੱਕ ਰੂਪ ਜਾਣਦਾ ਹੈ।

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ (ਪੰਨਾਂ 305)

ਸਿੱਖ ਧਰਮ :- ਮਨੁੱਖਾ ਜੀਵਨ ਦੇ ਮਨੋਰਥ ਦੀ ਸਿੱਧੀ ਲਈ ਜੋ ਮਹਾਂਪੁਰਖਾਂ ਨੇ ਰਸਤਾ ਦੱਸਿਆ ਹੈ ਉਸ ਨੂੰ ਧਰਮ ਕਹਿੰਦੇ ਹਨ। ਧਰਮ ਦੇ ਅਨੇਕ ਰਸਤਿਆਂ ਵਿਚੋਂ ਇਕ ਸ਼੍ਰੋਮਣੀ ਰਸਤਾ ਉਹ ਹੈ ਜੋ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੱਕ ਦਸ ਗੁਰੂਆਂ ਨੇ ਦੱਸਿਆ ਹੈ। ਇਸ ਦਾ ਨਾਮ ਸਿੱਖ ਧਰਮ ਹੈ। ਇਸ ਧਰਮ ਦੇ ਮੋਟੇ ਮੋਟੇ ਨਿਯਮ ਇਹ ਹਨ। ਧਰਮ ਦਾ ਮੁੱਖ ਮਨੋਰਥ ਸਵਰਗ ਆਦਿਕ ਲੋਕਾਂ ਦੀ ਪ੍ਰਾਪਤੀ ਨਹੀਂ ਸਗੋਂ ਪਰਮਪਤੀ ਵਾਹਿਗੁਰੂ ਨਾਲ ਅਖੰਡ ਲਿਵ ਜੋੜ ਕੇ ਇਕ ਮਿਕ ਹੋ ਜਾਣਾਂ ਜਿਸ ਬਿਨ੍ਹਾ ਆਵਾ-ਗਵਣ ਦੀ ਸਮਾਪਤੀ ਨਹੀਂ ਹੁੰਦੀ।

### ਵਾਹਿਗੁਰੂ ਦਾ ਰੂਪ ਇਹ ਹੈ :-

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਅਰਥਾਤ ਵਾਹਿਗੁਰੂ ਇੱਕ ਅਦੁੱਤੀ ਹੈ ਅਤੇ ਸਦਾ ਅਵਿਨਾਸ਼ੀ ਹੈ ਸਭ ਦੇ ਰਚਨ ਵਾਲਾ ਉਹ ਆਪ ਹੀ ਹੈ ਅਤੇ ਆਪਣੀ ਰਚਨਾਂ ਦੇ ਅੰਦਰ ਸਮਾਇਆ ਹੋਇਆ ਹੈ। ਦੇਵਤਿਆਂ ਵਾਂਗ ਕਦੇ ਕਿਸੇ ਤੋਂ ਭੈਅ ਨਹੀਂ ਕਰਦਾ ਜਾਂ ਵੈਰੀਆਂ ਨੂੰ ਡਰਾਂਉਦਾ ਨਹੀਂ। ਨਿਤ ਅਨੰਦ ਰੂਪ ਹੈ। ਜਨਮ ਮਰਨ ਵਿੱਚ ਨਹੀਂ ਆਂਉਦਾ ਉਹ ਸਭ ਦਾ ਕਰਤਾ ਹੈ ਉਸ ਦਾ ਕੋਈ ਕਰਤਾ ਨਹੀ। ਉਸ ਮਹਾਂ ਜੋਤ ਦੀ ਕ੍ਰਿਪਾ ਨਾਲ ਸਭ ਕੁਝ ਪ੍ਰਾਪਤ ਹੋ ਸਕਦਾ ਹੈ। ਵਾਹਿਗੁਰੂ ਨੂੰ ਪਹੁੰਚਣ ਲਈ ਗੁਰੂ ਦੀ ਲੋੜ ਹੈ। ਇਹ ਗੁਰੂ ਦਸ ਸਤਿਗੁਰੂ ਹਨ ਅਤੇ ਉਨ੍ਹਾਂ ਦਾ ਸਮੁੱਚਾ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ।

ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ ॥ (ਮਲਾਰ ਮਹਲਾ ੪) (ਪੰਨਾਂ 1264)

ਜੋ ਗੁਰਮੁੱਖ ਪਿਆਰੇ ਜੀ ਦੇ ਸ਼ਬਦ ਦਾ ਭਾਵ ਤੇ ਧਰਮ ਦੇ ਗੁੱਝੇ ਭਾਵ ਦੱਸਦੇ ਹਨ ਉਹ ਸਨਮਾਨਯੋਗ ਉਪਕਾਰੀ ਸੱਜਣ ਮੰਨੇ ਜਾਂਦੇ ਹਨ। ਮਹਾਂਪੁਰਖਾਂ ਦੀ ਸੰਗਤ ਨਾਲ ਅਸੀਂ ਆਪਣਾਂ ਉੱਚਾ ਆਚਰਣ ਬਣਾਉਣਾਂ ਹੈ। ਇਹ ਆਚਰਣ ਦੋ ਤਰਾਂ ਦਾ ਹੈ। (1) ਸ਼ਖਸ਼ੀ (2) ਕੌਮੀ ਪੰਥਕ।

## ਸ਼ਖਸ਼ੀ ਆਚਰਣ ਦੇ ਮੋਟੇ ਮੋਟੇ ਨੇਮ ਹਨ: –

(1) ਵਾਹਿਗੁਰੂ ਨਾਲ ਲਿਵ ਜੋੜ ਕੇ ਸਿਮਰਨ ਕਰਨਾਂ (2)ਗੁਰਬਾਣੀ ਦਾ ਪਾਠ ਸਿਧਾਂਤ ਵਿਚਾਰ ਨਾਲ ਨਿੱਤ ਕਰਨਾ।(3) ਮਨੁੱਖ ਮਾਤਰ ਨੂੰ ਆਪਣੇ ਭਾਈ ਜਾਣ ਕੇ ਜਾਤ ਪਾਤ ਅਤੇ ਦੇਸ਼ ਦਾ ਭੇਦ ਤਿਆਗ ਕੇ ਪ੍ਰੇਮ ਕਰਨਾ ਤੇ ਨਿਸ਼ਕਾਮ ਸੇਵਾ ਕਰਨੀ (4) ਗ੍ਰਿਹਸਤ ਵਿੱਚ ਰਹਿ ਕੇ ਧਰਮ ਦੀ ਕਮਾਈ ਨਾਲ ਨਿਰਬਾਹ ਕਰਨਾ (5) ਅਵਿੱਦਿਆ ਮੂਲਕ ਛੂਤ ਛਾਤ ਜੰਤਰਾਂ ਮੰਤਰਾਂ, ਮੂਰਤੀ ਪੂਜਾ ਤੇ ਅਨ ਮਤਾਂ ਦੇ ਕਰਮ ਜਾਲ ਨੂੰ ਛੱਡ ਕੇ ਗੁਰਮਤਿ ਤੇ ਚਲਣਾਂ।

## ਪੰਥਕ ਆਚਰਣ ਲਈ ਜ਼ਰੂਰੀ ਹੈ:–

(1) ਜਥੇਬੰਦੀ ਦੇ ਨਿਯਮਾਂ ਵਿੱਚ ਆ ਕੇ ਸਿੱਖ ਧਰਮ ਦੀ ਰਹਿਤ ਤੇ ਪੱਕਿਆਂ ਰਹਿਣਾਂ (2) ਪੰਥ ਨੂੰ ਗੁਰੂ ਦਾ ਰੂਪ ਜਾਣ ਕੇ ਤਨ ਮਨ ਧਨ ਨਾਲ ਸਹਾਇਤਾ ਕਰਨੀ (3) ਜਗਤ ਵਿੱਚ ਗੁਰਮਤਿ ਦਾ ਪ੍ਰਚਾਰ ਕਰਨਾਂ (4) ਗੁਰ ਨਾਨਕ ਪੰਥੀ ਭਾਵੇਂ ਕਿਸੇ ਭੇਖ ਵਿੱਚ ਹੋਣ ਉਨ੍ਹਾਂ ਨੂੰ ਸਿੱਖ ਧਰਮ ਦਾ ਅੰਗ ਜਾਣਕੇ ਸਨੇਹ ਕਰਨਾਂ ਤੇ ਹਰ ਵੇਲੇ ਸਭਸ ਦਾ ਭਲਾ ਲੋਚਣਾਂ (5) ਗੁਰਦੁਆਰਿਆਂ ਤੇ ਧਰਮ ਅਸਥਾਨਾਂ ਦੀ ਮਰਿਯਾਦਾ ਸਤਿਗੁਰਾਂ ਦੇ ਹੁਕਮ ਅਨੁਸਾਰ ਕਾਇਮ ਰੱਖਣੀ ।

ਮੈ ਬਧੀ ਸਚੁ ਧਰਮ ਸਾਲ ਹੈ॥ਗੁਰਸਿਖਾ ਲਹਿਦਾ ਭਾਲ ਕੈ॥

ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ॥10॥

(ਸਿਰੀਰਾਗ ਮਹਲਾ ੫ ਪੰਨਾਂ 73)

ਧਰਮਸਾਲ ਹੈ ਮਾਨਸਰ ਗੁਰਸਿਖ ਵਾਹੁ ॥

ਰਤਨ ਪਦਾਰਥ ਗੁਰ ਸਬਦ ਕਰ ਕੀਰਤਨ ਖਾਹੁ ॥( ਭਾ: ਗੁਰਦਾਸ ਜੀ)

## ਭਾਈ ਗੁਰਦਾਸ ਜੀ ਕਬਿੱਤ

ਬਾਹਰ ਕੀ ਅਗਨਿ ਬੁਝਤ ਜਲ ਸਰਿਤਾ ਕੈ, ਨਾਉ ਮੇਂ ਜੋ ਆਗ ਲਾਗੈ ਕੈਸੇ ਕੈ ਬੁਝਾਈਐ।

ਬਾਹਰ ਸੇ ਭਾਗ ਓਟ ਲੀਜੀਅਤ ਕੋਟ ਗੜ੍ਹ, ਗੜ੍ਹ ਮੇਂ ਜੋ ਲੂਟ ਲੀਜੈ ਕਹੋ ਕਤ ਜਾਈਐ।

ਚੋਰਨ ਕੇ ਤ੍ਰਾਸ ਜਾਇ ਸਰਨ ਗਹੇ ਨਰਿੰਦ, ਮਾਰੇ ਮਹੀਪਤਿ ਜੀਉ ਕੈਸੇ ਕੈ ਬਚਾਈਐ।

ਮਾਯਾ ਡਰ ਡਰਪਤ ਹਾਰ ਗੁਰਦਵਾਰੈ ਜਾਵੈ,ਤਹਾਂ ਜੋ ਬਿਆਪੈ ਮਾਯਾ ਕਹਾਂ ਠਹਿਰਾਈਐ।

## ਸਿੱਖੀ ਦਾ ਨਾਤਾ

ਨਹੀ ਦਦਸਾਰ ਪਿਤਾ ਪਿਤਾਮਾ ਪਰ ਪਿਤਾਮਾ ਸੁਜਨ ਕੁਟੰਬ ਸੁਤ ਬਾਂਧਵ ਨਾ ਭ੍ਰਾਤਾ ਹੈ।

ਨਹੀ ਨਨਸਾਰ ਮਾਤਾ ਪਰ ਮਾਤਾ ਬ੍ਰਿਧ ਮਾਤਾ ਮਾਮੁ ਮਾਮੀ ਮਾਸੀ ਮੌਸਾ ਬਿਬਿਧ ਵਿਖਯਾਤਾ ਹੈ।

ਨਹੀ ਸਸੁਰਾਰ ਸਾਸ ਸਸੁਰਾ ਔ ਸਾਰੋ ਸਾਰੀ ਨਹੀ ਬਿਰਤੀਸੁਰ ਔਂ ਜਾਚਕ ਨ ਦਾਤਾ ਹੈ।

ਅਸਨ ਬਸਨ ਧਨ ਧਾਮ ਕਾਹੂ ਮੇਂ ਨ ਦੇਖਯੋ ਜੈਸੋ ਗੁਰਸਿਖ ਸਾਧ ਸੰਗਤਿ ਕੋ ਨਾਤਾ ਹੈ।

## ਅਭਿਆਸ ਦੀ ਸੰਖੇਪ ਮਰਿਯਾਦਾ

(1) ਪਹਿਲਾਂ ਬੈਖਰੀ ਬਾਣੀਂ ਦੁਆਰਾ ਤ੍ਰਿਕੁਟੀ ਵਿੱਚ ਧਿਆਨ ਰੱਖ ਕੇ ਇਤਨਾ ਜ਼ਬਰਦਸਤ ਅਭਿਆਸ ਕਰੇ ਕਿ ਬੈਖਰੀ ਬਾਣੀ ਥੱਕ ਕੇ ਰਹਿ ਜਾਏ ਆਪਣੇ ਆਪ ਕੰਠ ਵਿੱਚ ਮਧਿਮਾ ਬਾਣੀ ਦੁਆਰਾ ਜਾਪ ਸ਼ੁਰੂ ਹੋ ਜਾਵੇ।ਫਿਰ ਮਧਮਾ ਬਾਣੀ ਦਾ ਇਤਨਾ ਪ੍ਰਬਲ ਜਾਪ ਕਰੇ ਕਿ ਮਧਮਾ ਬਾਣੀ ਵੀ ਰਹਿ ਜਾਏ ਆਪਣੇ ਆਪ ਜਾਪ ਪਸ਼ਯੰਤੀ ਬਾਣੀ ਹਿਰਦੇ ਦੇ ਜਾਪ ਨੂੰ ਛੱਡ ਕੇ ਪਰਾ ਬਾਣੀ ਵਿੱਚ ਜੋ ਨਾਭੀ ਦੀ ਬਾਣੀ ਹੈ ਤਿਸ ਵਿੱਚ ਜਾਪ ਚਲਿਆ ਜਾਂਦਾ ਹੈ। ਨਾਭੀ ਵਿੱਚ ਜੋ ਕੁੰਡਲਨੀ ਹੈ ਤਿਸ ਨੂੰ ਗੁਰੂ ਦਾ ਸ਼ਬਦ ਸੁਲਝਾ ਦਿੰਦਾ ਹੈ। ਇਸ ਜਾਪ ਸਹਿਤ ਜੋ ਤ੍ਰਿਕੁਟੀ ਦਾ ਧਿਆਨ ਹੈ ਜਿਸ ਤ੍ਰਿਕੁਟੀ ਨੂੰ ਮਹਾਂਪੁਰਖਾਂ ਨੇ ਭਰਵੱਟਿਆਂ ਦੇ ਵਿੱਚ ਜੋ ਮੱਧ ਅਸਥਾਨ ਹੈ, ਮੰਨਿਆ ਹੈ। ਇਸ ਜਾਪ ਦੇ ਧਿਆਨ ਦੁਆਰਾ ਤ੍ਰਿਕੁਟੀ ਦਾ ਦਰਵਾਜ਼ਾ ਖੁੱਲ ਜਾਂਦਾ ਹੈ। ਇਸ ਢੰਗ ਨਾਲ ਅਵਸਥਾ ਬਣੀ ਹੋਈ ਤੇ ਸਮਾਧੀ ਲੱਗੀ ਹੋਈ ਕਦੇ ਟੁੱਟਦੀ ਨਹੀਂ।

(2) ਵਾਹਿਗੁਰੂ ਮੰਤਰ ਜਾਂ ੧ਓ ਦਾ ਸਵਾਸਾਂ ਨਾਲ ਸਿਮਰਨ ਕਰਨਾ ਮੰਨਿਆ ਹੈ। ਇਸ ਦੀ ਜੁਗਤੀ, ਧਿਆਨ ਤ੍ਰਿਕੁਟੀ ਵਿੱਚ ਰੱਖਣਾ ਹੈ ਜਦੋਂ ਸਵਾਸ ਨੀਚੇ ਨੂੰ ਜਾਵੇ ਤਾਂ ਵਾਹਿ ਸ਼ਬਦ ਨੂੰ ਸਵਾਸ ਨਾਲ ਮਿਲਾ ਕੇ ਹਿਰਦੇ ਵਿੱਚ ਦੀ ਸਵਾਸ ਨਾਭੀ ਤੀਕ ਲੈ ਜਾਵੇ। ਫਿਰ ਗੁ ਸ਼ਬਦ ਨੂੰ ਹਿਰਦੇ ਵਿਚੋਂ ਚੁੱਕ ਕੇ ਰੂ ਸ਼ਬਦ ਨੂੰ ਤ੍ਰਿਕੁਟੀ ਰਾਹੀਂ ਦਸਮੇਂ ਦੁਆਰ ਤੀਕ ਲੈ ਜਾਵੇ। ਇਸ ਢੰਗ ਨਾਲ ਵੀ ਤ੍ਰਿਕੁਟੀ ਖੁੱਲ ਜਾਂਦੀ ਹੈ। ਇਸੇ ਤਰ੍ਹਾਂ ੧ਓ ਦਾ ਜਾਪ ਵੀ ਕਰ ਲਵੇ। ਤਾਂ ਭੀ ਤ੍ਰਿਕੁਟੀ ਖੁੱਲ ਜਾਂਦੀ ਹੈ। ਜੋਗ ਅਭਿਆਸ ਕਰਨ ਨਾਲ ਮਨ ਦਸਮ ਦੁਆਰ ਚਲਿਆ ਜਾਂਦਾ ਹੈ। ਪਰ ਕਠਿਨ ਜੋਗ ਕਲਯੁਗ ਦਾ ਸਾਧਨ ਨਹੀਂ ।

## ਤ੍ਰਿਕੁਟੀ ਖੁਲਣ ਤੋਂ ਬਾਅਦ ਅਵੱਸਥਾ

ਤ੍ਰਿਕੁਟੀ ਖੁੱਲਣ ਤੋਂ ਬਾਅਦ ਕੁਝ ਪ੍ਰਕਾਸ਼ ਮਲੂਮ ਕਰਦਾ ਹੈ ਪਹਿਲਾਂ ਕੁੱਝ ਲਾਲ ਰੰਗ ਦਾ ਫਿਰ ਸਫੈਦ ਰੰਗ ਦਾ ਤੇ ਉਸ ਤੋਂ ਬਾਅਦ ਐਸਾ ਪ੍ਰਕਾਸ਼ ਨਿਸਚੇ ਕਰਦਾ ਹੈ ਜਿਸ ਪ੍ਰਕਾਸ਼ ਦੇ ਸਾਹਮਣੇ ਅਨੇਕਾਂ ਸੂਰਜ ਚੰਦ੍ਰਮਾਂ ਦਾ ਪ੍ਰਕਾਸ਼ ਵੀ ਮੱਧਮ ਹੁੰਦਾ ਹੈ।ਪਰ ਇਹ ਪ੍ਰਕਾਸ਼ ਸੂਰਜ ਦੇ ਪ੍ਰਕਾਸ਼ ਵਾਂਗ ਤੀਖਣ ਨਹੀਂ ਹੁੰਦਾ। ਉਹ ਮਿੱਠਾ ਮਿੱਠਾ ਅੰਮ੍ਰਿਤ ਮਈ ਹੁੰਦਾ ਹੈ। ਇਸ ਤੋਂ ਉਪਰੰਤ ਦਸਮ ਦੁਆਰ ਦੇ ਮਿੱਠੇ ਮਿੱਠੇ ਵਾਜੇ ਸੁਣਾਈ ਦਿੰਦੇ ਹਨ ਜਿਸ ਨੂੰ ਪੰਚ ਸ਼ਬਦ ਕਹਿੰਦੇ ਹਨ।

॥ ਪੰਚ ਸ਼ਬਦ: ਤੱਤ ਤਾਂਤੀ ਵਿਤ ਚਰਮ ਕਾ ਘਨ ਕਾਂਸੀ ਕੋ ਜਾਨ ॥

ਆਦਿ ਦੀ ਆਵਾਜ਼, ਸੁਖਰ ਸਵਾਸਾਂ ਨਾਲ ਵੱਜਣ ਵਾਲੇ ਬੀਨ ਬੰਸਰੀ ਆਦਿ ਦੀ ਆਵਾਜ਼, ਪੰਜ ਪ੍ਰਕਾਰ ਦੀ ਮੰਨੀ ਹੈ। ਪਰ ਜੋਗੀ ਜਨ ਤੇ ਮਹਾਂਪੁਰਖ ਤਿੰਨਾਂ ਵਾਜਿਆਂ ਨੂੰ ਦਸ ਪ੍ਰਕਾਰ ਦਾ ਭੀ ਮੰਨਦੇ ਹਨ:-

ਪ੍ਰਿਥਮ ਭੰਵਰ ਗੁੰਜਾਰ ਸੰਖ ਧੁਨ ਦੁਤੀ ਕਹਿਜੈ। ਤ੍ਰਿਤੀ ਬਜੈ ਮ੍ਰਿਦੰਗ ਚਤੁਰਥ ਤਾਲ ਸੁਨਿਜੈ॥

ਪੰਚਮ ਘੰਟਾ ਨਾਦਿ ਖਸਟ ਬੀਨਾ ਧੁਨ ਹੋਈ। ਸਪਤਮ ਵਾਜੇ ਭੇਰਿ ਅਸ੍ਰਮੰ ਦੁੰਦਭਿ ਸੋਈ॥

ਨਵਮੈ ਗਰਜ ਸਮੁੰਦਰ ਕੀ ਦਸਮ ਮੇਘ ਘੋਖਹਿ ਗੁਨੈ॥ਸੁੰਦ੍ਰ ਅਨਹਦ ਸਬਦ ਕੋ ਦਸ ਪ੍ਰਕਾਰ ਜੋਗੀ ਸੁਨੈ॥

ਪੰਚ ਸ਼ਬਦ ਅਨਾਹਦਿ ਵੀ ਇੰਨ੍ਹਾ ਦੇ ਅੰਤਰਗਤਿ ਹੈ।

## ਨਾਦ ਸ਼ਬਦ ਦੀ ਵਿਚਾਰ

ਨਾਦ ਦਾ ਅਰਥ ਧੁਨੀ ਆਵਾਜ਼ ਸ਼ਬਦ ਆਦਿ। ਨਾਦ ਦੋ ਤਰ੍ਹਾਂ ਦਾ ਹੈ:- (1)ਆਹਤ (2) ਅਨਾਹਤਿ।

1. ਆਹਤ : ਜੋ ਕਿਸੇ ਮੇਲ ਜਾਂ ਚੋਟ ਆਦਿਕ ਤੋਂ ਪੈਦਾ ਹੁੰਦਾ ਹੈ। ਅੱਗੇ ਆਹਤ ਸ਼ਬਦ ਵੀ ਤਿੰਨ ਪ੍ਰਕਾਰ ਦਾ ਹੈ:- (1) ਪ੍ਰਾਣੀ ਭਵ (2) ਆਪ੍ਰਾਣੀ ਭਵ (3) ਉਭੈ ਸੰਭਵ॥ ਫੂਕ ਮਾਰਨ ਵਾਲੇ ਸਾਜਾਂ ਦੀ ਆਵਾਜ਼।

2.ਅਨਾਹਤਿ: -ਉਹ ਸ਼ਬਦ ਹਨ ਜਿੰਨ੍ਹਾਂ ਨੂੰ ਗੁਰਬਾਣੀ ਦੁਆਰਾ ਦਰਸਾਇਆ ਗਿਆ ਹੈ।

ਪ੍ਰਭ ਕੈ ਸਿਮਰਨਿ ਅਨਹਦਿ ਝੁਨਕਾਰ ॥ (ਸੁਖਮਨੀ ਸਾਹਿਬ)

ਇਹ ਗੁਰੂ ਦੇ ਸ਼ਬਦ ਦਾ ਅਭਿਆਸ ਕਰਨ ਤੋਂ ਇਕਾਗਰਤਾ ਦਾ ਸੁਤੇ ਪ੍ਰਕਾਸ਼ ਜਾਂ ਅਨੁਭਵੀ ਸ਼ਬਦ ਹੈ ਜੋ ਨਾਮ ਅਭਿਆਸ ਦੀ ਮਹਾਨਤਾ ਤੋਂ ਪੈਦਾ ਹੁੰਦਾ ਹੈ। ਇਹ ਅਨੁਭਵ ਕਰਦਾ ਹੈ ਸੁਧੋਹੰ, ਬੁਧੋਹੰ, ਨਿਰਬਿਕਾਰੋਹੰ। ਇੱਥੇ ਦੁਨੀਆਵੀ ਨਾਦਾਂ ਦਾ ਵਰਨਣ ਨਹੀਂ।

ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ ॥੨॥(ਪੰਨਾਂ 654) ਤਥਾ

ਜੂਠ ਨਾ ਰਾਗੀਂ ਜੂਠ ਨ ਵੇਦੀਂ (ਪੰਨਾਂ 1240)

ਇਨ੍ਹਾਂ ਨਾਦਾਂ ਦੇ ਸੁਨਣੇ ਕਰਕੇ ਵਿਸ਼ੇ ਵਿਕਾਰਾਂ ਦੀ ਜੂਠ ਨਹੀ ਜਾਂਦੀ। ਦੋਵੇਂ ਮਤਿ ਫੋਕਟ ਧਰਮੀ ਹੈ।

ਗੁਰੂ ਮਤਿ :- ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰ॥੨॥(ਪੰਨਾਂ 21)

ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ ॥(21)॥

ਹਠ ਜੋਗੀ ਦਸ ਵਾਜੇ ਕੈਸੇ ਸੁਣਦੇ ਹਨ :-

ਜੋਗੀ ਜਨਾਂ ਨੂੰ ਅਨਾਹਦ ਸ਼ਬਦ ਉਸ ਵਕਤ ਹੁੰਦਾ ਹੈ ਜਦੋਂ ਜੋਗੀ ਪ੍ਰਾਣਾਯਾਮ ਦੁਆਰਾ ਪ੍ਰਾਣ ਰੋਕਦੇ ਰੋਕਦੇ ਅਨਾਹਦ ਚੱਕਰ ਤੀਕ ਪੁੱਜ ਜਾਂਦੇ ਹਨ। ਉਥੇ ਹੁੰਦੇ ਹੋਏ ਬ੍ਰਹਮ ਗ੍ਰੰਥੀ ਨੂੰ ਚੀਰ ਅਗਾਂਹ ਤੁਰਦੇ ਹਨ। ਤਦ ਨਾਦ ਦਾ ਆਰੰਭ ਹੁੰਦਾ ਹੈ। ਇਹ ਪਹਿਲਾ ਦਰਜਾ ਹੈ ਇਥੇ ਗਹਿਣਿਆਂ ਦੀ ਝੁਣਕਾਰ ਸੁਣਾਈ ਦਿੰਦੀ ਹੈ। ਜਦੋਂ ਜੋਗੀ ਵਿਸੁਧ ਚੱਕਰ ਵਿੱਚ ਪੁੱਜ ਕੇ ਵਿਸ਼ਨੂੰ ਗ੍ਰੰਥੀ ਨੂੰ ਚੀਰ ਕੇ ਅਤੀ ਸ਼ੂਨ (ਸੰਘ) ਵਿਚਲੇ ਪੁਲਾੜ ਵਿੱਚ ਜਾਂਦਾ ਹੈ ਤਾਂ ਦੂਸਰਾ ਦਰਜਾ ਹਾਸਿਲ ਹੁੰਦਾ ਹੈ। ਇਹ ਸਥਾਨ ਮਾਇਆ ਰਹਿਤ ਹੈ। ਇਥੇ ਪੁੱਜ ਕੇ ਆਤਮਾ ਮਾਇਆ ਅਤੀਤ ਹੋ ਜਾਂਦਾ ਹੈ ਤੇ ਇਥੇ ਭੇਰੀ ਦੀ ਆਵਾਜ਼ ਸੁਣਾਈ ਦਿੰਦੀ ਹੈ ਜਦੋਂ ਭਰਵੱਟਿਆਂ ਦੇ ਵਿਚ ਪੁਜਦਾ ਹੈ ਤਾਂ ਤੀਜਾ ਦਰਜਾ ਪ੍ਰਾਪਤ ਹੁੰਦਾ ਹੈ ਇਥੇ ਢੋਲ ਦੀ ਅਵਾਜ਼ ਸੁਣਾਈ ਦਿੰਦੀ ਹੈ। ਜਦੋਂ ਪ੍ਰਾਣ ਆਗਿਆ ਚੱਕਰ ਵਿਚਦੀ ਰੁਦ੍ਰ ਗ੍ਰੰਥੀ ਨੂੰ ਚੀਰ ਕੇ ਅਗਾਂਹ ਸਥਾਨ ਵਿੱਚ ਪੁੱਜਦੇ ਹਨ ਤਾਂ ਚੌਥਾ ਦਰਜਾ ਆ ਜਾਂਦਾ ਹੈ। ਇਥੇ ਬੀਣਾਂ ਦੀ ਆਵਾਜ਼ ਸੁਣਾਈ ਦਿੰਦੀ ਹੈ। ਅਸਲ ਗੱਲ ਇਹ ਹੈ ਕਿ ਨਾਦ ਕੇਵਲ ਮਨ ਰੂਪੀ ਹਰਨ ਨੂੰ ਪਕੜਨ ਵਾਸਤੇ ਹੈ, ਨਹੀਂ ਤਾਂ ਜੋ ਕੁੱਝ ਵੀ ਆਵਾਜ਼ ਦੀ ਸ਼ਕਲ ਵਿੱਚ ਸੁਣਾਈ ਦਿੰਦਾ ਹੈ। ਉਹ ਸਭ ਮਾਇਆ ਦਾ ਹੀ ਸਰੂਪ ਹੈ। ਗੁਰਮਤਿ ਵਿੱਚ ਨਾਮ ਦੀ ਮਸਤੀ ਦੇਹ ਅਭਿਆਸ ਨੂੰ ਤਿਆਗ ਕੇ ਸੂਖਮ ਸ਼ਰੀਰ ਸਘਟਨ ਭਾਵ ਦਾ ਅੰਤਭਾਵ ਤਿਆਗਣ ਕਰਕੇ ਤੇ ਕਾਰਣ ਸ਼ਰੀਰ ਦਾ ਅਨੰਦ ਲੰਘ ਕੇ ਜਾਗ੍ਰਿਤ ਸੁਪਨ ਸੁਖੋਪਤੀ ਦੀ ਅਵੱਸਥਾ ਤੋਂ ਉਪਰ ਉਠ ਕੇ ਤੁਰੀਆ ਅਵੱਸਥਾ ਵਿੱਚ ਮਸਤੀ ਦਾ ਆਨੰਦ ਮਾਨਣਾਂ ਗੁਰਮਤਿ ਹੈ। ਨਾਮ ਦਾ ਐਸਾ ਸਿਮਰਨ ਬਣ ਜਾਵੇ।

"ਕਛੂ ਆਂਡਾ ਸੇਵਦਾ ਜਲ ਬਾਹਰ ਧਿਆਨ ਧਰੰਦਾ।

ਕੂੰਜ ਕਰੇਂਦੀ ਸਿਮਰਣੋ ਪੂਰਨ ਬਚਾ ਹੋਇ ਉਡੰਦਾ।(ਭਾਈ ਗੁਰਦਾਸ ਜੀ)

ਐਸੀ ਤੁਰੀਆ ਅਵੱਸਥਾ ਦਾ ਅਨੰਦ ਮਾਨਣ ਵਾਲੇ ਮਹਾਂਪੁਰਖ ਬੇਦੀ ਬੰਸ ਵਿਚੋਂ ਬਾਬਾ ਕਾਹਨ ਦਾਸ ਜੀ ਪੇਸ਼ਾਵਰ ਵਾਲੇ ਸਨ। ਜਿਨ੍ਹਾਂ ਨੂੰ ਗਿਆਨ ਦੀ ਗੂੜ੍ਹ ਅਵੱਸਥਾ ਪ੍ਰਾਪਤ ਸੀ । ਆਪਣੇ ਆਤਮਾ ਅਨੰਦ ਵਿੱਚ ਲੀਨ ਰਹਿੰਦੇ ਸਨ। ਬਾਬਾ ਆਇਆ ਸਿੰਘ ਜੀ ਨੇ ਇਨ੍ਹਾਂ ਦੀ ਆਪਣੇ ਮੁਖੋਂ ਉਸਤਤਿ ਕੀਤੀ ਸੀ। ਸੁਣਨ ਉਪਰੰਤ ਬਾਬਾ ਜਵਾਲਾ ਸਿੰਘ ਜੀ ਨੂੰ ਇਨ੍ਹਾਂ ਦੇ ਦਰਸ਼ਨਾਂ ਦੀ ਜਗਿਆਸਾ ਉਤਪੰਨ ਹੋ ਗਈ ਸੀ ।

## ਖਟ ਚਕਰਾਂ ਦਾ ਵਿਚਾਰ :-

ਉਲਟਤ ਪਵਨ ਚਕ੍ਰ ਖਟੁ ਭੇਦੇ (ਪੰਨਾ 333)

(1) ਮੂਲਾਧਾਰ: - ਗੁਦਾ ਮੰਡਲ ਦਾ ਚੱਕਰ ਹੈ ਜਿਸ ਵਿੱਚ ਮੁਧੇ ਮੁੱਖ ਚਾਰ ਪੰਖੜੀ ਵਾਲਾ ਪੀਲਾ ਕਵਲ ਹੈ।

(2) ਸ੍ਵਾਧਿਸ਼ਠਾਨ ਚੱਕਰ:- ਲਿੰਗ ਦੇ ਮੂਲ ਵਿੱਚ ਹੈ ਜਿਸ ਵਿੱਚ ਲਾਲ ਰੰਗ ਦਾ ਉਰਧ ਮੁੱਖ ਛੇ ਦਲ ਕੰਵਲ ਹੈ।

(3) ਮਣੀਪੂਰਕ ਚੱਕਰ :- ਨਾਭੀ ਦੇ ਮੂਲ ਵਿੱਚ ਹੈ ਜੋ ਨੀਲੇ ਰੰਗ ਦਾ ਉਰਧ ਮੁੱਖ ਦਸ ਪੰਖੜੀਆਂ ਦਾ ਕੰਵਲ ਹੈ।

(4) ਅਨਾਹਦ ਚੱਕਰ :- ਬਾਰਾਂ ਦਲਾਂ ਦਾ ਸਵਰਣ ਰੰਗ ਦਾ ਕੰਵਲ ਹਿਰਦੇ ਵਿੱਚ ਹੈ।

(5) ਵਿਸ਼ੁਧ ਚੱਕਰ:- ਲਾਲ ਰੰਗ ਦਾ ਉਰਧ ਮੁੱਖ 16 ਦਲਾਂ ਦਾ ਕੰਵਲ ਕੰਠ ਵਿੱਚ ਹੈ।

(6) ਆਗਿਆ ਚੱਕਰ:- ਭੌਹਾਂ ਦੇ ਮੱਧ ਦੋ ਪੰਖੜੀਆਂ ਦਾ ਉਰਧ ਮੁੱਖ ਚਿੱਟਾ ਕਮਲ ਹੈ।

**ਛੇਆਂ ਚੱਕਰਾਂ ਦੇ ਦੇਵਤੇ:-**

| | | | |
|---|---|---|---|
| 1. ਮੂਲਾਧਾਰ | ਦੇਵਤਾ ਗਣੇਸ਼ | 2. ਸ੍ਵਾਧਿਸ਼ਠਾਨ | ਦੇਵਤਾ ਬ੍ਰਹਮਾ |
| 3.ਮਣੀਪੂਰਕ | ਦੇਵਤਾ ਵਿਸ਼ਨੂੰ | 4. ਅਨਾਹਤ | ਦੇਵਤਾ ਸ਼ਿਵਜੀ |
| 5.ਵਿਸੁਧ | ਦੇਵਤਾ ਜੀਵ | 6. ਤ੍ਰਿਕੁਟੀ | ਦੇਵਤਾ ਗੁਰੂ |

ਇਨ੍ਹਾਂ ਛੇਆਂ ਚੱਕਰਾਂ ਤੋਂ ਛੁੱਟ ਜੋਗੀ ਇੱਕ ਸੱਤਵਾਂ ਚੱਕਰ ਵੀ ਮੰਨਦੇ ਹਨ ਜਿਸ ਨੂੰ ਜਯੋਤੀ ਰੂਪ ਦਾ ਸਿੰਘਾਸਣ ਕਹਿੰਦੇ ਹਨ। ਇਹ ਹਜ਼ਾਰ ਪੰਖੜੀ ਦਾ ਸਫੈਲ ਕੰਵਲ ਹੈ।

(ਸਵੈਯਾ) ਜੈਸੇ ਅਠਸਠ ਤੀਰਥ ਪਰਸ ਕੀਓ ਜੁਗ ਚਾਰ ਚਰੇ ਕੈਲਾਸ ਰਹਿਓ॥

ਜੈਸੇ ਕੋਟ ਜਨਮ ਤਪ ਉਰਧ ਮੁਖੀ ਬੈਸੰਤਰ ਮੇਂ ਤਨ ਦਾਹਿ ਦੀਓ॥

ਜੈਸੇ ਲਾਖ ਬਾਰ ਕੁਰਛੇਤਰ ਮੇਂ ਅਸਮੇਧ ਜਗ ਅਭੰਗ ਠਇਓ॥

ਮੁਖ ਅੰਮ੍ਰਿਤ ਨਾਮ ਵਿਸ਼ੇਸ਼ ਇਤੀ ਜਿਨ ਏਕ ਵਾਰ ਸ੍ਰੀ ਵਾਹਿਗੁਰੂ ਕਹਿਓ॥(ਭਾ:ਗੁਰਦਾਸ ਜੀ)

ਚੌਪਈ :- ਨਿਰਗੁਣ ਨਾਮ ਤੇ ਬਧ ਹੈ ਐਸੇ॥ ਸੋ ਅਬ ਅਰਥ ਬਖਾਨੋ ਐਸੇ ॥

ਵਾਹਿ ਨਾਮ ਅਸਚਰਜ ਕੋ ਹੋਈ ॥ ਅਸਚਰਜ ਤੇ ਪਰ ਉਕਤ ਨਾ ਕੋਈ ॥

ਗੋ = ਤਮ ਨਾਮ ਅਗਿਆਨ ਅਨਿਤ ॥ ਰੂ = ਪ੍ਰਕਾਸ਼ ਕੀਓ ਜਿਨ ਚਿਤ ॥

ਇਓ ਸ੍ਰੀ ਨਾਨਕ ਨਾਮ ਬਨਾਯੋ ॥ ਸੁਨ ਸਭ ਸੰਤਨ ਸੁਖੁ ਪਾਯੋ ॥

ਦੋਹਰਾ :- ਪੁਨ ਸਰਗੁਨ ਕੇ ਨਾਮ ਸੇ ਅਧਿਕ ਜਾਨ ਮਨ ਮਾਹਿ ॥

ਜਹ ਸਿਮਰਤ ਕਲ ਕਾਲ ਕੇ ਕਲਮਲ ਅਖਲ ਨਸਾਹਿ ॥

ਚੌਪਈ :- ਵਾਵਾ ਵਾਸਦੇਵ ਤੇ ਲੀਨੋ॥ ਹਰਿ ਬਿਸ਼ਨ ਤੇ ਹਾਹਾ ਚੀਨੋ॥

ਗਗਾ ਗੋਬਿੰਦ ਤੇ ਲਿਯ ਜਾਨੋ॥ ਰਾਰਾ ਰਾਮਚੰਦ ਮਨ ਮਾਨੋ॥

ਚਤੁਰ ਬਰਨ ਕੇ ਏਕ ਬਨਾਯੋ॥ ਫਲ ਦਾਇਕ ਇਹ ਅਧਿਕ ਸੁਹਾਯੋ॥

ਚਤੁਰ ਨਾਮ ਸਿਮਰਨਿ ਕਿਯ ਏਕੂ॥ ਉਰਧਾਰੈ ਜਿਸ ਹੋਤਿ ਬਿਬੇਕੂ॥

ਦੋਹਰਾ :- ਬੀਜ ਮੰਤ੍ਰ ਬਰ ਨਾਮ ਹੈ ਰਿਧਿਨ ਸਿਧਨ ਧਾਮ॥

ਮੋਖ ਪਰਮ ਸੁਖ ਦੇਤ ਹੈ ਸਿਮਰਤ ਆਠੋ ਜਾਮ ॥

ਚੌਪਈ:- ਅਖਰ ਮਧੁਰ ਮਨੋਹਰ ਚਾਰ॥ ਚਾਰ ਬੇਦ ਕੇ ਜਾਨਹੁ ਸਾਰ॥

ਚਾਰ ਆਸ਼੍ਰਮ ਕੇ ਸੁਖ ਚਾਰ॥ ਚਾਰ ਮੁਕਤਿ ਕੇ ਇਹ ਦਰ ਚਾਰ॥

ਚਾਰ ਉਪਦੇਸ਼ ਚਕੋਂ ਕੇ ਚਾਰ॥ਚਾਰ ਅਵਸਥਾ ਕੈ ਸੁਖ ਚਾਰ॥ (ਭਾਈ ਸੰਤੋਖ ਸਿੰਘ ਜੀ)

ਇਹ ਨਾਮ ਮੰਤਰ (ਗੁਰਮੰਤਰ) ਹੰਕਾਰ ਰੋਗ ਦਾ ਦਾਰੂ ਹੈ।

ਚਾਰ ਅਵੱਸਥਾ: ਭਗਤੀ, ਯੋਗ, ਬੈਰਾਗ, ਗਿਆਨ।

ਦੂਸਰੀਆਂ ਅਵੱਸਥਾ: ਜਾਗਰਿਤ, ਸੁਪਨ, ਸੁਖੋਪਿਤ, ਤੁਰੀਆ।

ਚਾਰ ਮੁਕਤੀਆਂ: ਸਲੋਕ, ਸਮੀਪ, ਸਰੂਪ, ਸਜੁਜ।

## ਅੱਠ ਗੁਣ ਜਾਪ ਵਿੱਚ ਗੁਣਕਾਰੀ ਹਨ :-

(1)ਸਰੀਰ ਦੀ ਸੁੱਧੀ (2) ਗੱਲਾਂ ਤੋਂ ਚੁੱਪ (3) ਜਪ ਦੇ ਅਰਥ ਦੀ ਵੀਚਾਰ (4) ਮਨ ਦੀ ਸਾਵਧਾਨਤਾ (5) ਜਪ ਵਿੱਚ ਸ਼ਰਧਾ ਤੇ ਸ਼ੁਧ ਬੁੱਧੀ (6) ਧੀਰਜ ਤੇ ਸੰਤੋਖ ਸਹਿਤ ਦੇਰ ਤੱਕ ਜਪਨ ਨੂੰ ਲੱਗੇ ਰਹਿਣਾਂ (7) ਸਤਿ ਸੰਗ ਕਰਨਾ (8) ਜਾਪ ਦੇ ਤਾਤਪਰਜ ਪਰ ਪਹਿਰਾ ਦੇਣਾਂ ਭਾਵ ਅਮਲ ਕਰਨਾ।

## ਅੱਠ ਔਗੁਣ ਵਿਘਨਕਾਰੀ ਹਨ:-

(1) ਸਰੀਰ ਦੀ ਮਲੀਨਤਾ (2) ਭੁਖ ਤੋਂ ਵੱਧ ਖਾਣਾਂ (3) ਨਿੰਦ੍ਰਾਂ ਤੋਂ ਵੱਧ ਸੌਣਾ (4) ਕ੍ਰੋਧੀ ਹੋਣਾਂ ਕੁੜਦੇ ਰਹਿਣਾ (5) ਵਿਖੇਪਤਾ ਭਾਵ ਮਨ ਦੀ ਚੰਚਲਤਾ (6) ਲਯਤਾ ਭਾਵ ਪਾਠ ਕਰਕੇ ਆਲਸੀ ਹੋ ਜਾਣਾ ਇਸ ਨੂੰ ਯੋਗੀ ਜਨ ਤੰਦ੍ਰਾ ਨਿੰਦ੍ਰਾ ਆਖਦੇ ਹਨ (7) ਹੁੜਤਾ ਭਾਵ ਪਾਠ ਤੋਂ ਉਠਦੇ, ਸਹਿਤ ਕਲੇਸ਼ ਵਾਲੇ ਕੰਮ ਕਰਨੇ (8) ਕਠੋਰਤਾ ਭਾਵ ਪਾਠ ਕਰਦੇ ਜਦੋਂ ਸਮਾਂ ਪਾ ਕੇ ਜਪ ਦੇ ਉਛਾਲੇ ਦੁਆਰਾ ਜੇਕਰ ਸੁਖਮਤਾ ਭਾਵ ਆਵੇ ਤਾਂ ਸੁਖਮਤਾ ਵਿੱਚ ਨਾ ਟਿਕਣਾ।

ਦੋਹਰਾ॥ ਰਾਮ ਰਾਮ ਸਭ ਕੋ ਕਹੈ ਦਸਰਿਤ ਕਹੈ ਨਾ ਕੋਇ॥

ਏਕ ਵਾਰ ਦਸਰਿਤ ਕਹੈ ਕੋਟਿ ਧਰਮ ਫਲ ਹੋਇ॥

## ਦਸ ਵਿਘਨ ਜੋ ਸਨਾਤਨ ਗ੍ਰੰਥਾਂ ਵਿੱਚ ਲਿਖੇ ਹਨ :-

(ਚੌਪਈ) ਸੰਤਨ ਕੀ ਨਿੰਦਾ ਹੈ ਜੋਈ॥ ਪ੍ਰਿਥਮ ਬਿਘਨ ਪਛਾਨੋ ਸੋਈ ॥

ਨਾਮ ਮਹਾਤਮ ਨਾਸਤਕ ਪਾਸ॥ ਕਹਨਾ ਦੂਸਰ ਬਿਘਨ ਪ੍ਰਕਾਸ਼ ॥

ਸ਼ਾਸ਼ਤਰ ਤੇ ਸ਼ਰਧਾ ਹੋਇ ਨਾਂਹੀ॥ ਤੀਸਰ ਵਿਘਨ ਪਛਾਨੋ ਸੋਈ॥

ਸੁਰਤੀ ਵਾਕ ਮਹਿ ਨਹਿ ਵਿਸ਼ਵਾਸ਼॥ ਬਿਘਨ ਚਤੁਰਥ ਕੀਨ ਪ੍ਰਕਾਸ਼॥

ਗੁਰੂ ਵਾਕ ਤੇ ਸ਼ਰਧਾ ਹੀਨ॥ ਪੰਚਮ ਬਿਘਨ ਏਹੀ ਤੁਮ ਚੀਨ॥

ਬਿਸ਼ਨ ਸਿਵ ਮਹਿ ਭੇਦ ਨਿਹਾਰੇ॥ ਬਿਘਨ ਖਸਟਮੋਂ ਇਹ ਨਿਰਧਾਰੇ॥

ਨਾਮ ਵਿਖੇ ਰੌਚਕ ਭ੍ਰਮ ਜੋਈ॥ ਸਪਤਮ ਬਿਘਨ ਪਛਾਨੋ ਸੋਈ ॥

ਨਾਮ ਓਟ ਅਸੁਭ ਆਚਰਨਾ॥ ਅਸ਼ਟਮ ਬਿਘਨ ਹਿਰਦੇ ਮਹਿ ਧਰਨਾ॥

ਨਾਮ ਓਟ ਕਰੇ ਸ਼ੁਭ ਤਿਆਗਾ॥ ਨਵਮੋਂ ਬਿਘਨ ਯਹੀ ਵਡਭਾਗਾ॥

ਔਰ ਧਰਮ ਨਾਮ ਸਮ ਜਾਨੇ॥ ਦਸਮੋਂ ਬਿਘਨ ਯਹੀ ਪਛਾਨੇ॥

ਗਉੜੀ ਮਹਲਾ ੫ ॥ ਤੁਮ ਹਰਿ ਸੇਤੀ ਰਾਤੇ ਸੰਤਹੁ ॥ ਨਿਬਾਹਿ ਲੇਹੁ ਮੋ ਕਉ ਪੁਰਖ ਬਿਧਾਤੇ ਓੜਿ ਪਹੁਚਾਵਹੁ ਦਾਤੇ ॥ ੧ ॥ ਰਹਾਉ ॥ ਤੁਮਰਾ ਮਰਮੁ ਤੁਮਾ ਹੀ ਜਾਨਿਆ ਤੁਮ ਪੂਰਨ ਪੁਰਖ ਬਿਧਾਤੇ ॥ ਰਾਖਹੁ ਸਰਣਿ ਅਨਾਥ ਦੀਨ ਕਉ ਕਰਹੁ ਹਮਾਰੀ ਗਾਤੇ ॥ ੧ ॥ ਤਰਣ ਸਾਗਰ ਬੋਹਿਥ ਚਰਣ ਤੁਮਾਰੇ ਤੁਮ ਜਾਨਹੁ ਅਪੁਨੀ ਭਾਤੇ ॥ ਕਰਿ ਕਿਰਪਾ ਜਿਸੁ ਰਾਖਹੁ ਸੰਗੇ ਤੇ ਤੇ ਪਾਰਿ ਪਰਾਤੇ ॥ ੨ ॥ ਈਤ ਊਤ ਪ੍ਰਭ ਤੁਮ ਸਮਰਥਾ ਸਭੁ ਕਿਛੁ ਤੁਮਰੈ ਹਾਥੇ ॥ ਐਸਾ ਨਿਧਾਨੁ ਦੇਹੁ ਮੋ ਕਉ ਹਰਿ ਜਨ ਚਲੈ ਹਮਾਰੈ ਸਾਥੇ ॥ ੩ ॥ ਨਿਰਗੁਨੀਆਰੇ ਕਉ ਗੁਨੁ ਕੀਜੈ ਹਰਿ ਨਾਮੁ ਮੇਰਾ ਮਨੁ ਜਾਪੇ ॥ ਸੰਤ ਪ੍ਰਸਾਦਿ ਨਾਨਕ ਹਰਿ ਭੇਟੇ ਮਨ ਤਨ ਸੀਤਲ ਧ੍ਰਾਪੇ ॥ ੪ ॥ ੧੪ ॥ ੧੩੫ ॥

## ਅਧਿਆਇ ਪੰਜਵਾ

## ਬਾਬਾ ਕਾਹਨ ਦਾਸ ਜੀ ਪਾਸ ਪੇਸ਼ਾਵਰ

ਬਾਬਾ ਕਾਹਨ ਦਾਸ ਜੀ ਅਲਮਸਤ ਫਕੀਰ ਸਨ। ਸੰਸਾਰੀ ਲੋਕ ਕਾਮਨਾ ਨਾਲ ਭਰੇ ਹੋਏ ਆਪਣੀਆਂ ਕਾਮਨਾਵਾਂ ਦੀ ਪੂਰਤੀ ਲਈ ਮਹਾਂਪੁਰਖਾਂ ਪਾਸ ਜਾਂਦੇ ਹਨ। ਉਹ ਆਪਣਾ ਗਿਆਨ ਰੂਪੀ ਧੰਨ ਬਚਾਉਣ ਲਈ ਕਈ ਵਾਰ ਅਲਮਸਤ ਕ੍ਰਿਆ ਧਾਰਣ ਕਰ ਲੈਂਦੇ ਹਨ ਜਾਂ ਖਾਮੋਸ਼ ਹੋ ਜਾਣਾਂ ਜਾਂ ਅਸਤ ਬਿਅਸਤ ਬਚਨ ਬੋਲੀ ਜਾਣੇਂ। ਇੱਟਾਂ ਵੱਟੇ ਮਾਰਨੇ ਜਾਂ ਧੂਣੇ ਦੀ ਲੱਕੜ ਹੀ ਚਲਾ ਕੇ ਮਾਰਨੀ ਭਾਵ ਇਸ ਪ੍ਰਕਾਰ ਦੀ ਕ੍ਰਿਆ ਧਾਰਨੀ, ਭਾਵ ਲੋਕ ਸਾਡੇ ਪਾਸ ਨਾ ਆਉਣ। ਉਂਝ ਉਨ੍ਹਾਂ ਦੀ ਆਪਣੀ ਮੌਜ ਹੁੰਦੀ ਹੈ।ਜਿਹੜਾ ਵੀ ਉਨ੍ਹਾਂ ਦੀਆਂ ਕਸਵੱਟੀਆਂ ਵਿਚੋਂ ਪੂਰਾ ਉਤਰ ਗਿਆ ਖਾਲੀ ਨਹੀਂ ਸੀ ਰਹਿੰਦਾ। ਬਾਬਾ ਜਵਾਲਾ ਸਿੰਘ ਜੀ ਉਨ੍ਹਾਂ ਪਾਸ ਗਏ। ਬਾਬਾ ਕਾਹਨ ਦਾਸ ਜੀ ਨੇ ਆਪਣੀ ਬਿਰਤੀ ਮੁਤਾਬਕ ਸਾਰੇ ਹੀ ਚੋਜ਼ ਖੇਡੇ ਬਲਕਿ ਸੰਤਾਂ ਦੇ ਧੂਣੇ

ਦੀ ਲੱਕੜ ਵਗਾਹ ਮਾਰੀ। ਜੋ ਮੱਥੇ ਤੇ ਜਾ ਵੱਜੀ ਮੱਥੇ ਨੂੰ ਲਥ ਪਥ ਕਰ ਗਈ। ਸੰਤ ਲਹੂ ਲੁਹਾਣ ਹੋ ਗਏ ਪਰੰਤੂ ਬਿਦੇਹ ਅਵੱਸਥਾ ਵਿੱਚ ਦੁੱਖ ਦੀ ਨਾ ਪ੍ਰਵਾਹ ਕਰਦੇ ਹੋਏ ਬਾਬਾ ਕਾਹਨ ਜੀ ਨੂੰ ਜੱਫੀ ਪਾ ਲਈ ਅਤੇ ਕਿਹਾ ਕਿ ਸੰਤ ਜੀ ਆਪ ਜੀ ਰੋੜਾਂ ਦੇ ਕਬੂਤਰਾਂ ਨੂੰ ਉਡਾਉਣ ਗਿੱਝੇ ਹੋ ਪ੍ਰੰਤੂ ਠਠਿਆਰਾਂ ਦੇ ਕਬੂਤਰਾਂ ਨੂੰ ਨਹੀਂ ਉਡਾ ਸਕਦੇ। ਜੰਗਲੀ ਕਬੂਤਰ ਥੋੜੇ ਖੜਕੇ ਤੋਂ ਹੀ ਉਡ ਜਾਂਦੇ ਹਨ ਠਠਿਆਰਾਂ ਦੇ ਕਬੂਤਰ ਹਰ ਵੇਲੇ ਭਾਂਡੇ ਥੌੜਿਆਂ ਦੀ ਠਕ ਠਕ ਸੁਣਦੇ ਰਹਿੰਦੇ ਹਨ। ਉਨਾਂ ਨੂੰ ਪਤਾ ਹੀ ਹੈ ਕਿ ਇਥੇ ਤਾਂ ਰੋਜ਼ ਹੀ ਠਕ ਠਕ ਹੁੰਦੀ ਰਹਿੰਦੀ ਹੈ। ਇਸ ਪ੍ਰਕਾਰ ਮਹਾਂਪੁਰਸ਼ਾਂ ਦੀ ਪ੍ਰੀਖਿਆ ਵਿੱਚ ਪੂਰੇ ਉਤਰੇ। ਸਤ ਸਤਿਸੰਗੀਆਂ ਨੂੰ ਪਤਾ ਹੀ ਹੁੰਦਾ ਹੈ ਕਿ ਮਹਾਂਪੁਰਖਾਂ ਦੀਆਂ ਕਸਵੱਟੀਆਂ ਜਗਿਆਸੂਆਂ ਦੀ ਮੁਕੰਮਲ ਅਵੱਸਥਾ ਦਾ ਪਰਚਾ ਹੁੰਦੀਆਂ ਹਨ। ਜਿਸ ਵਿਦਿਆਰਥੀ ਨੇ ਉਚ ਪਦਵੀ ਪ੍ਰਾਪਤ ਕਰਨੀ ਹੁੰਦੀ ਹੈ ਉਹ ਪ੍ਰੀਖਿਆ ਹੱਸ ਕੇ ਦਿੰਦਾ ਹੈ ਘਬਰਾਂਉਦਾ ਨਹੀਂ ਜਿਹੜੇ ਪ੍ਰੀਖਿਆ ਖੇਤਰਾਂ ਵਿਚੋਂ ਪੂਰੇ ਉਤਰੇ ਹਨ ਉਹ ਹਰ ਜਗਾਂ ਪੂਰੇ ਹਨ। ਬਾਬਾ ਆਇਆ ਸਿੰਘ ਜੀ ਦੀ ਪ੍ਰੀਖਿਆ ਦਾ ਪਰਖਿਆ ਜਗਿਆਸੂ ਕਿਵੇਂ ਫੇਲ ਹੋ ਸਕਦਾ ਹੈ। ਬਾਬਾ ਕਾਹਨ ਦਾਸ ਜੀ ਨੇ ਕਰੜੀ ਪ੍ਰੀਖਿਆ ਲਈ। ਬਾਬਾ ਜਵਾਲਾ ਸਿੰਘ ਜੀ ਇਸ ਕਸਵੱਟੀ ਵਿੱਚ ਪੂਰੇ ਉਤਰੇ ਅਤੇ ਬਾਬਾ ਆਇਆ ਸਿੰਘ ਜੀ ਤੇ ਕਾਹਨ ਦਾਸ ਜੀ ਦੀ ਆਸ਼ੀਰਵਾਦ ਦੇ ਪਾਤਰ ਬਣੇ। ਹੁਣ ਬਾਬਾ ਜਵਾਲਾ ਸਿੰਘ ਜੀ ਬਿਦੇਹ ਸਨ।

(ਭਾਈ ਗੁਰਦਾਸ ਜੀ ਵਾਰ 3 ਪਉੜੀ 18) ਅੰ:ਕੀਰਤਨ (ਪੰਨਾਂ 633)

ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ ।ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।

ਗੋਲਾ ਮੁਲ ਖਰੀਦੁ ਕਾਰੇ ਜੋਵਣਾ । ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।

ਪੀਹਣਿ ਹੋਇ ਜਦੀਦ ਪਾਣੀ ਢੋਵਣਾ। ਪਖੇ ਦੀ ਤਾਗੀਦ ਪਗ ਮਲਿ ਧੋਵਣਾ।

ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ। ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।

ਚੰਦ ਮੁਮਾਰਖ ਈਦ ਪੁਗ ਖਲੋਵਣਾ॥18॥

## ਬ੍ਰਹਮ ਗਿਆਨ ਦੀਆਂ ਸੱਤ ਭੂਮਿਕਾਵਾਂ

(1) ਸ਼ੁਭ ਇੱਛਾ:- ਮੈਂ ਆਗਿਆ ਵਿੱਚ ਬੱਧਾ ਹੋਇਆ ਹਾਂ ਮਹਾਂਪੁਰਖਾਂ ਦੀ ਸੰਗਤ ਕਰਕੇ ਪੁੱਛਾਂ, ਅਗਿਆਨ ਕਿਵੇਂ ਦੂਰ ਹੁੰਦਾ ਹੈ। ਐਸੀ ਭਾਵਨਾ ਨੂੰ ਸ਼ੁੱਭ ਇੱਛਾ ਕਹਿੰਦੇ ਹਨ।

(2) ਸੁ ਵਿਚਾਰਨਾ:- ਮਹਾਂਪੁਰਸ਼ਾਂ ਦੇ ਬਚਨਾਂ ਦੀ ਵਿਚਾਰ ਲੈ ਕੇ ਸ਼ੁੱਭ ਗੁਣ ਧਾਰਨੇ। ਅਸ਼ੁਭ ਤਿਆਗ ਦੇਣੇ ਸੋ ਵਿਚਾਰਨਾ ਹੈ।

(3) ਤਨੂੰ ਮਾਨਸਾ:- ਇਕਾਂਤ ਵਿੱਚ ਬੈਠ ਕੇ ਮਨ ਦੇ ਸੰਸਕਾਰਾਂ ਨੂੰ ਸੂਖਮ ਕਰਨਾ ਜਪ ਤਪ ਦੁਆਰਾ ਮਨ ਦੀ ਹਉਮੈ ਨੂੰ ਨਵਿਰਤ ਕਰਨਾ। ਤਨੂੰ ਮਾਨਸਾ ਭੂਮਿਕਾ ਕਹੀਏ ਹੈ।

(4) **ਸਤਵਾਪਤਿ :-** ਆਤਮ ਗਿਆਨ ਦਾ ਪ੍ਰਾਪਤ ਹੋਣਾ ਸਾਰੇ ਸੰਸਾਰ ਨੂੰ ਅਸੱਤ ਜੜ ਦੁਖ ਰੂਪ ਨਿਸਚੇ ਕਰਨਾ। ਦ੍ਰਿਸ਼ਮਾਨ ਨੂੰ ਸੁਪਨੇ ਦੀ ਨਿਆਈ ਮਿਥਿਆ ਜਾਣਨਾ। ਸਤਵਾਪਤਿ ਭੂਮਿਕਾ ਹੈ।

(5) **ਅਸੰਸਕਤਿ:-** ਜਿਵੇਂ ਇਨਸਾਨ ਸਖੋਪਤੀ ਦੀ ਅਵਸਥਾ ਵਿੱਚ ਅਨੰਦ ਦੇ ਭਾਨ ਵਿੱਚ ਹੁੰਦਾ ਹੈ। ਬਾਹਰ ਦੇ ਦੁਖ ਸੁਖ ਦਾ ਅਨੁਭਵ ਨਹੀਂ। ਇਸ ਭੂਮਿਕਾ ਵਾਲੇ ਦੇ ਸਾਰੇ ਸੰਸੇ ਨਵਿਰਤ ਹੋ ਜਾਂਦੇ ਹਨ। ਵਿਵਹਾਰ ਦੀ ਕਲਪਨਾ ਖਤਮ ਹੋ ਜਾਂਦੀ ਹੈ। ਖਾਣ ਪੀਣ ਹਾਜ਼ਤ ਕਿਰਿਆ ਭੁਖ ਪਿਆਸ ਨੀਂਦ ਲੈਣੀ ਜਾਗਣਾਂ, ਹਰਖ ਸੋਗ ਦਵੰਦਾਵਾਦ ਤੋਂ ਉਪਰ ਉਠ ਜਾਂਦਾ ਹੈ।ਇਸ ਭੂਮਿਕਾ ਨੂੰ ਅਸੰਸਕਤਿ ਕਹਿੰਦੇ ਹਨ।

(6) **ਪਦਾਰਥ ਭਾਵਨੀ:-** ਪ੍ਰਮਾਤਮਾ ਮੇਰੇ ਤੋਂ ਵੱਖਰਾ ਨਹੀਂ ਆਪਣੇ ਮੂਲ ਨੂੰ ਪਛਾਣਦਾ ਹੈ। ਸ਼ਰੀਰ ਦੀ ਕਿਰਿਆ ਭੁੱਲ ਜਾਂਦੀ ਹੈ। ਭੋਜਨ ਛਕਾ ਦਿੱਤਾ ਛਕ ਲਿਆ ਨਾ ਮਿਲਿਆ ਫਿਰ ਵੀ ਤ੍ਰਿਪਤ ਰਹਿਣਾਂ। ਕਿਸੇ ਪ੍ਰਕਾਰ ਦਾ ਸੰਕਲਪ ਨਹੀਂ ਉਠਦਾ। ਸੰਸਾਰਿਕ ਵਿਵਹਾਰਾਂ ਤੋਂ ਨਿਰਲੇਪ ਹੋ ਜਾਂਦਾ ਹੈ। ਭੂਮਿਕਾ ਨੂੰ ਪਦਾਰਥ ਭਾਵਨੀ ਕਹਿੰਦੇ ਹਨ।

(7) **ਤੁਰੀਆ:-** ਸਭ ਜਗ੍ਹਾਂ ਵਾਹਿਗੁਰੂ ਨਜ਼ਰ ਆਂਉਦਾ ਹੈ। ਆਪਣੇ ਆਪ ਨੂੰ ਸਭ ਦਾ ਸਾਖੀ ਤੇ ਨਿਰਾਲਾ ਕੂਟੱਸਥ ਅਥਵਾ ਵੱਖਰਾ ਜਾਣਦਾ ਹੈ ਤਾਂ ਗਿਆਨ ਦ੍ਰਿੜ ਹੁੰਦਾ ਹੈ। ਇਹ ਗਿਆਨ ਦੀ ਸੱਤਵੀਂ ਭੂਮਿਕਾ ਜਿਸ ਨੂੰ ਤੁਰੀਆ ਕਹਿੰਦੇ ਹਨ।ਬ੍ਰਹਮ ਗਿਆਨੀ ਸਦਾ ਆਪਣੇ ਨਿਜ ਅਨੰਦ ਆਤਮਾ ਪਦ ਬ੍ਰਹਮਾਨੰਦ ਵਿੱਚ ਲੀਨ ਰਹਿੰਦਾ ਹੈ।

(ਭਾਈ ਗੁਰਦਾਸ ਜੀ ਵਾਰ 4 ਪਉੜੀ 17)

ਗੁਰ ਸਿਖੀ ਗੁਰਸਿਖ ਸੁਣ ਅੰਦਰਿ ਸਿਆਣਾ ਬਾਹਰਿ ਭੋਲਾ।

ਸਬਦ ਸੁਰਤਿ ਸਾਵਧਾਨ ਹੋਇ ਵਿਣੁ ਗੁਰ ਸਬਦ ਨ ਸੁਣਈ ਬੋਲਾ।

ਸਤਿਗੁਰ ਦਰਸਨੁ ਦੇਖਣਾ ਸਾਧ ਸੰਗਤਿ ਵਿਣੁ ਅੰਨ੍ਹਾ ਖੋਲਾ।

ਵਾਹਿਗੁਰੂ ਗੁਰੁ ਸਬਦੁ ਲੈ ਪਿਰਮ ਪਿਆਲਾ ਚੁਪਿ ਚਬੋਲਾ।

ਪੈਰੀ ਪੈ ਪਾਖਾਕ ਹੋਇ ਚਰਣਿ ਧੋਇ ਚਰਣੋਦਕ ਝੋਲਾ।

ਚਰਣ ਕਵਲ ਚਿਤੁ ਭਵਰੁ ਕਰਿ ਭਵਜਲ ਅੰਦਰਿ ਰਹੈ ਨਿਰੋਲਾ।

ਜੀਵਣਿ ਮੁਕਤਿ ਸਚਾਵਾ ਚੋਲਾ॥17॥

ਬਾਬਾ ਕਾਹਨ ਦਾਸ ਜੀ ਪਾਸ ਆਪ ਜੀ ਇੱਕ ਮਹੀਨਾ ਅਲਮਸਤ ਕਿਰਿਆ ਵਿੱਚ ਰਹੇ। ਬਾਬਾ ਜੀ ਆਪ ਵੀ ਦਿਗੰਬਰ ਸਨ ਸੰਤਾਂ ਨੂੰ ਵੀ ਦਿਗੰਬਰ ਬਣਾ ਦਿੱਤਾ ।ਇੱਧਰ ਬਾਬਾ ਆਇਆ ਸਿੰਘ ਜੀ ਪਾਸ ਸੰਤ ਬਾਬਾ ਜਵਾਲਾ ਸਿੰਘ ਜੀ ਦੀ ਅਲਮਸਤੀ ਬਾਰੇ ਸੱਜਣਾਂ ਨੇ ਬੇਨਤੀ ਕੀਤੀ । ਬਾਬਾ ਆਇਆ ਸਿੰਘ ਜੀ ਆਪ ਬਸਤਰ ਲੈ ਕੇ ਸੰਤ ਜਵਾਲਾ ਸਿੰਘ ਜੀ ਵੱਲ ਚਲ ਪਏ। ਉਧਰ ਬਾਬਾ ਕਾਹਨ ਜੀ ਨੇ ਕਿਹਾ ਜਵਾਲਾ ਸਿੰਘ ਤੁਮ ਭਾਗ ਜਾਉ ਤੁਮਾਰੇ ਮੁਰਸ਼ਦ ਆ ਰਹੇ ਹਨ। ਵੋਹ ਡਾਢੇ ਹਨ। ਇਧਰੋਂ ਸੰਤ ਜਵਾਲਾ ਸਿੰਘ ਜੀ ਚੱਲ ਪਏ

ਉਧਰ ਬਾਬਾ ਆਇਆ ਸਿੰਘ ਜੀ ਆ ਗਏ। ਆਪਣੇ ਮੁਰਸ਼ਦ ਨੂੰ ਨਮਸਕਾਰ ਕੀਤੀ ਮਹਾਂਪੁਰਖਾਂ ਨੇ ਬਸਤਰ ਪਹਿਨਾਏ । ਮਰਿਯਾਦਾ ਵਿੱਚ ਰਹਿਣ ਦਾ ਉਪਦੇਸ਼ ਦਿੱਤਾ ਤੇ ਕਿਹਾ ਆਪ ਤੋਂ ਬੇਅੰਤ ਸੰਗਤ ਵਰੋਸਾਣੀ ਹੈ। ਮੁਰਸ਼ਦ ਤੋਂ ਖਿਮਾ ਮੰਗਦਿਆਂ ਸਦੀਵੀ ਕਾਲ ਤੋਂ ਮਰਿਯਾਦਾ ਨੂੰ ਸਦਾ ਅੰਗ ਸੰਗ ਨਿਭਾਇਆ। ਮਸਤ ਰੂਹਾਂ ਆਪਣੇ ਆਨੰਦ ਵਿੱਚ ਰਹਿੰਦੀਆਂ ਹਨ। ਇੰਨਾ ਤੋਂ ਵਿਰਲੇ ਸੱਜਣ ਹੀ ਲਾਹਾ ਲੈਂਦੇ ਹਨ।ਉਨਾਂ ਨੂੰ ਪ੍ਰਭੂ ਦਾ ਇਸੇ ਤਰਾਂ ਹੁਕਮ ਹੁੰਦਾ ਹੋਏਗਾ।ਪ੍ਰੰਤੂ ਜਿੰਨਾਂ ਮਹਾਪੁਰਸ਼ਾਂ ਨੇ ਦੁਨੀਆ ਦਾ ਭਲਾ ਕਰਨਾ ਹੁੰਦਾ ਹੈ ਉਨਾਂ ਨੂੰ ਜੀਵਨ ਮੁਕਤਿ ਤੇ ਬਿਦੇਹ ਅਵੱਸਥਾ ਪਾ ਕੇ ਵੀ ਮਰਿਯਾਦਾ ਵਿੱਚ ਰਹਿਣਾ ਪੈਂਦਾ ਹੈ। ਜੇ ਉਹ ਮਰਿਯਾਦਾ ਤਿਆਗ ਦੇਣ ਉਨਾਂ ਦੇ ਜਗਿਆਸੂ ਜਿੰਨਾਂ ਦੀ ਅਵਸਥਾ ਕੱਚੀ ਹੁੰਦੀ ਹੈ ਮਹਾਂਪੁਰਖਾਂ ਦੀ ਅੰਤਰੀਵੀ ਬਿਰਤੀ ਨੂੰ ਨਾਂ ਸਮਝਦੇ ਹੋਏ ਬਾਹਰੀ ਕਿਰਿਆ ਦੀ ਨਕਲ ਕਰਕੇ ਪੰਥ ਭ੍ਰਸ਼ਟ ਹੋ ਜਾਣਗੇ।ਇਸ ਲਈ ਮਰਿਯਾਦਾ ਪੁਰਸ਼ੋਤਮ ਮਹਾਂਪੁਰਖ ਮੰਜ਼ਲ ਤਹਿ ਕਰ ਲੈਣ ਤੋਂ ਬਾਅਦ ਵੀ ਜਗਿਆਸੂਆਂ ਦੇ ਹਿੱਤਾਂ ਨੂੰ ਸਨਮੁੱਖ ਰੱਖ ਕੇ ਮਰਿਯਾਦਾ ਵਿੱਚ ਰਹਿੰਦੇ ਹਨ। ਕਦੇ ਵੀ ਉਲੰਘਣਾ ਨਹੀ ਕਰਦੇ ।

## ਅਧਿਆਇ 6

## ਤਿੰਨ ਤਰਾਂ ਦੇ ਮਹਾਂਪੁਰਸ਼

1) **ਮਸਤਾਨੇ:-** ਸਿਮਰਨ ਕਰਕੇ ਆਪਣੇ ਆਪ ਨੂੰ ਵਾਹਿਗੁਰੂ ਨਾਲ ਅਭੇਦ ਕਰ ਲੈਂਦੇ ਹਨ। ਸਰੀਰ ਦੀ ਕਿਰਿਆ ਤੋਂ ਅੰਦਰੋ ਬਾਹਰੋਂ ਅਲਮਸਤ ਹੋ ਜਾਂਦੇ ਹਨ ਆਪਣਾ ਭੇਦ ਕਿਸੇ ਨੂੰ ਵੀ ਨਹੀ ਦਿੰਦੇ। ਰਮਜ਼ ਮਾਰਦੇ ਹਨ ਰਾਜ ਨਹੀਂ ਦੱਸਦੇ। ਉਨਾਂ ਦੀ ਰਮਜ਼ ਵਿਰਲੇ ਹੀ ਸਮਝਦੇ ਹਨ। ਆਮ ਲੋਕਾਂ ਨੂੰ ਸਿੱਖਿਆ ਦੇਣ ਦੀ ਉਨਾਂ ਕੋਲ ਵਿਹਲ ਨਹੀਂ। ਆਤਮਾ ਚਿੰਤਨ ਵਿੱਚ ਮਸਤ ਹਨ।ਕੋਈ ਵਿਰਲਾ ਸੱਜਣ ਹੀ ਲਾਭ ਲੈਂਦਾ ਹੈ ਆਮ ਲੋਕ ਨਹੀਂ ਲਾਭ ਲੈ ਸਕਦੇ।

2) **ਦੀਵਾਨੇ:-** ਆਪ ਭਾਂਵੇ ਮਸਤ ਰਹਿੰਦੇ ਹਨ ਪ੍ਰੰਤੂ ਵਾਹਿਗੁਰੂ ਦੇ ਪ੍ਰੇਮੀਆਂ ਨੂੰ ਕਈ ਵਾਰ ਐਸੀ ਰਮਜ਼ ਸਮਝਾਉਂਦੇ ਹਨ ਕਿ ਉਹ ਉਹਨਾਂ ਦੇ ਜੀਵਨ ਲਈ ਗਿਆਨ ਦਾ ਸਰੋਤ ਹੁੰਦੀ ਹੈ। ਸ਼ਰਧਾਲੂਆਂ ਦਾ ਭਲਾ ਕਰ ਦਿੰਦੀ ਹੈ। ਉਨਾਂ ਦੀ ਪਾਰਖੂ ਦ੍ਰਿਸ਼ਟੀ ਵਿੱਚ ਪੂਰੇ ਉਤਰੇ ਜਗਿਆਸੂ ਉਨ੍ਹਾਂ ਦੀ ਆਸ਼ੀਰਵਾਦ ਪ੍ਰਾਪਤ ਕਰਕੇ ਰੱਬੀ ਰੰਗਣ ਵਿੱਚ ਰੰਗੇ ਜਾਂਦੇ ਹਨ।

3) **ਦਾਨੇ:-** ਉਹ ਮਰਿਯਾਦਾ ਪੁਰਸ਼ੋਤਮ ਮਹਾਂਪੁਰਖ ਜਿੰਨਾਂ ਦੀ ਅੰਦਰਲੀ ਤੇ ਬਾਹਰਲੀ ਕਿਰਿਆ ਇਤਨੀ ਸਵੱਛ ਹੁੰਦੀ ਹੈ ਔਰ ਬਚਨ ਹਰੇਕ ਨੂੰ ਸਮਝ ਆ ਜਾਣ ਵਾਲੇ ਕਲਿਆਣਕਾਰੀ ਹੁੰਦੇ ਹਨ ਜਿੰਨਾਂ ਨੂੰ ਸੁਣਨ ਤੇ ਧਾਰਨ ਨਾਲ ਲੋਕ ਬਦੀਆਂ ਤਿਆਗ ਕਰਦੇ ਹਨ। ਸੱਚ ਦੇ ਰਸਤੇ ਤੇ ਚਲਦੇ ਹਨ ਉਹ ਹਮੇਸ਼ਾਂ ਹੀ ਜਨ ਕਲਿਆਣ ਦੀ ਗੱਲ ਕਰਦੇ ਹਨ।ਉਹ ਸਰੀਰਕ ਖੁਰਾਕ ਲੰਗਰ ਅਤੇ ਮਨ ਦੀ ਖੁਰਾਕ ਨਾਮ ਤੇ ਗਿਆਨ ਰੂਪੀ ਭੋਜਨ ਬਖਸ਼ ਕੇ ਕਿਤਨੇ ਜੀਵਾਂ ਦਾ ਪਾਰ ਉਤਾਰਾ ਕਰਦੇ ਹਨ ਇਸ ਦੀ ਗਿਣਤੀ ਨਹੀਂ ਹੋ ਸਕਦੀ । ਹਮੇਸ਼ਾਂ ਜਨ ਸਮਦਾਯ ਦਾ ਕਲਿਆਣ ਹੀ ਕਰਦੇ ਹਨ।

**ਸੰਤ:-** ਸਮੇਂ ਅੰਤ ਪਰ ਹੋਤ ਸਹਾਈ॥ਤਾ ਤੇ ਸੰਖਯਾ ਸੰਤ ਬਤਾਈ॥(ਚਉਬੀਸ ਅਵਤਾਰ ੯ (ਦਸਮ ਗ੍ਰੰਥ)

ਸਲੋਕ ਮਃ ੫ ॥ ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥

ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ੧ ॥ (ਪੰਨਾਂ 319)

ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ ॥ ( ਪੰਨਾਂ 917)

ਸੰਤਨ ਕੀ ਸੁਣਿ ਸਾਚੀ ਸਾਖੀ॥ਸੋ ਬੋਲਹਿ ਜੋ ਪੇਖਹਿ ਆਖੀ॥(ਪੰਨਾਂ894)

ਸਾਧ ਨਾਮ ਨਿਰਮਲ ਤਾ ਕੇ ਕਰਮ ॥(ਪੰਨਾਂ 296)

ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ ਹਰਨਾਖਸੁ ਨਖ ਬਿਦਰਿਓ ॥੩॥ (ਪੰਨਾਂ 856)

ਕਿਆ ਅਪਰਾਧੁ ਸੰਤ ਹੈ ਕੀਨ੍ਹਾ ॥ (ਪੰਨਾਂ 871)

## ਸੰਤਾਂ ਦੀ ਲੋੜ :-

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥ (ਪੰਨਾਂ 295)

## ਸੰਤਾਂ ਦਾ ਕਰਮ :-

ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥ ੧੬੪ ॥ (ਪੰਨਾਂ 1373)

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥(ਪੰਨਾਂ 306)

ਸੋਈ ਸੰਤੁ ਜਿ ਭਾਵੈ ਰਾਮ ॥ ਸੰਤ ਗੋਬਿੰਦ ਕੈ ਏਕੈ ਕਾਮ ॥ ੧ ॥ (ਪੰਨਾਂ 867)

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥ ੧੨ ॥ (ਪੰਨਾ 1411)

ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥ ੧ ॥(ਪੰਨਾਂ 517)

ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥ (ਪੰਨਾਂ 1427)

ਇਸ ਕਲਯੁਗ ਵਿੱਚ ਬਿਅੰਤ ਨਾਮ ਰਸੀਏ ਮਹਾਂਪੁਰਖ ਹੋਏ ਹਨ। ਅੱਗੇ ਵੀ ਹੋਵਣਗੇ। ਸੰਤ ਜਵਾਲਾ ਸਿੰਘ ਜੀ ਉਨਾਂ ਸਾਰੇ ਹੀ ਸ਼੍ਰੋਮਣੀ ਸੰਤਾ ਵਿੱਚੋਂ ਇੱਕ ਸਨ। ਜਿਨ੍ਹਾ ਦਾ ਨਾਮ ਅੱਜ ਵੀ ਹਰ ਰਸਨਾ ਤੇ ਵੱਸ ਰਿਹਾ ਹੈ।

(ਭਾਈ ਗੁਰਦਾਸ ਜੀ ਵਾਰ 35 ਪਉੜੀ 2)

ਕਾਂਉ ਕਪੂਰ ਨਾ ਚਖਈ ਦੁਰਗੰਧਿ ਸੁਖਾਵੈ।ਹਾਥੀ ਨੀਰਿ ਨੁਵਾਲੀਐ ਸਿਰਿ ਛਾਰੁ ਉਡਾਵੈ।

ਤੁੰਮੇ ਅੰਮ੍ਰਿਤ ਸਿੰਜੀਐ ਕਉੜਤੁ ਨ ਜਾਵੈ।ਸਿਮਲੁ ਰੁਖੁ ਸਰੇਵੀਐ ਫਲਿ ਹਥਿ ਨ ਆਵੈ।

ਨਿੰਦਕੁ ਨਾਮ ਵਿਹੂਣੀਆ ਸਤਿਸੰਗ ਨ ਭਾਵੈ।ਅੰਨਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ॥2॥

ਫੌਜ ਵਿੱਚ ਗੁਰਮਤਿ ਦਾ ਪ੍ਰਚਾਰ, ਅੰਮ੍ਰਿਤ ਸੰਚਾਰ ਹੋਣ ਤੋਂ ਸੰਤ ਜਵਾਲਾ ਸਿੰਘ ਜੀ ਦਾ ਸਤਿਕਾਰ ਬਹੁਤ ਵਧ ਗਿਆ ਸੀ। ਜਿਥੇ ਉਹ ਆਪ ਨਾਮ ਦੀ ਕਮਾਈ ਕਰਦੇ ਉਥੇ ਸਮੂਹ ਫੌਜੀਆਂ ਨੂੰ ਸ਼ਬਦ ਸੁਰਤ ਨਾਮ ਵਿੱਚ ਜੁੜਨੇ ਤੋਂ ਪਹਿਲਾਂ ਅਹਾਰ, ਬਿਵਹਾਰ, ਆਚਾਰ ਦੀ ਸੁੱਧੀ ਦਾ ਉਪਦੇਸ਼ ਦਿੰਦੇ ਸਨ। ਪੰਜ ਕਕਾਰਾਂ ਦੀ ਰਹਿਤ ਵਿੱਚ ਦ੍ਰਿੜ ਰਹਿਣ, ਮਾਸ ਅੰਡਾ, ਸ਼ਰਾਬ (ਸਾਰੇ ਅਮਲ) ਤੰਮਾਕੂ, ਰੋਮਾਂ ਦੀ ਬੇਅਦਬੀ, ਪਰ ਇਸਤਰੀ ਦੀ ਕੁਸੰਗਤ ਚੋਰੀ ਨਿੰਦਿਆ ਝੂਠੀ ਤੋਹਮਤ ਈਰਖਾ ਘਿਰਨਾ ਤੋਂ ਰਹਿਤ ਹੋਣ ਲਈ ਫੌਜੀਆਂ ਨੂੰ ਪ੍ਰੇਰਦੇ ਹੀ ਨਹੀਂ ਬਲਕਿ ਸਾਰੀ ਦੀ ਸਾਰੀ ਪਲਟਨ ਉਨ੍ਹਾਂ ਦੇ ਬਚਨਾਂ ਦਾ ਪਾਲਣ ਕਰਦੀ ਹੋਈ ਨਿੱਤਨੇਮੀ ਪ੍ਰੇਮੀ ਬਣ ਗਈ ਸੀ। ਉਹ ਸੰਤ ਬਾਬਾ ਜਵਾਲਾ ਸਿੰਘ ਜੀ ਨੂੰ ਇਕ ਬਹੁਤ ਹੀ ਨੇਕ ਦਿਲ ਮਹਾਂਪੁਰਸ਼ ਸਮਝਦੇ ਹੋਏ ਉਨ੍ਹਾਂ ਦੇ ਬਚਨਾਂ ਦਾ ਪਾਲਣ ਕਰਦੇ ਹੋਏ, ਪੂਰਨ ਗੁਰਸਿੱਖ ਬੇ ਐਬ ਜੀਵਨ ਵਾਲੇ ਬਣ ਗਏ ਸਨ। ਉਹਨਾਂ ਤੋਂ ਹਮੇਸ਼ਾਂ ਇਹੋ ਸਿੱਖਿਆ ਮਿਲਦੀ ਸੀ।

## ਤਨਖਾਹਨਾਮਾ ਭਾਈ ਨੰਦ ਲਾਲ ਜੀ

॥ਦੋਹਰਾ॥ ਨੰਦ ਲਾਲ ਤੁਮ ਬਚ ਸੁਨੋ ਸਿਖ ਕਰਮ ਹਨ ਇਹ॥

ਨਾਮ ਦਾਨ ਇਸ੍ਨਾਨ ਬਿਨ ਕਰੈ ਨ ਇਨਿ ਸਿਉ ਨੇਹ॥

॥ਚੌਪਈ॥ ਪ੍ਰਾਤਕਾਲ ਸਤਸੰਗ ਨ ਜਾਵੈ॥ ਤਨਖਾਹਦਾਰ ਵਹ ਵਡਾ ਕਹਾਵੈ॥

ਨਿਰਧਨ ਦੇਖ ਨ ਪਾਸ ਬਹਾਵੈ ॥ ਸੋ ਤਨਖਾਹੀ ਮੂਲ ਕਹਾਵੈ ॥

॥ਦੋਹਰਾ॥ ਜੋ ਪ੍ਰਸਾਦ ਕੋ ਬਾਂਟ ਹੈ, ਮਨ ਮੇ ਧਾਰੇ ਲੋਭ॥

ਕਿਸ ਥੋੜਾ ਕਿਸ ਅਗਲਾ ਸਦਾ ਰਹੇ ਤਿਸ ਸੋਗ॥

॥ਚੌਪਈ॥ ਕੜਾਹ ਕਰਨ ਕੀ ਬਿਧਿ ਸੁਨ ਲੀਜੈ ਤੀਨ ਭਾਗ ਕੋ ਸਮਸਰ ਕੀਜੈ॥

ਲੇਪਨ ਆਗੈ ਬਹੁਕਰ ਦੀਜੈ ਮਾਂਜਨ ਕਰ ਭਾਂਜਨ ਧੋਵੀਜੈ॥

ਕਰ ਇਸਨਾਨ ਪਵਿਤ੍ਰ ਹ੍ਵੈ ਬਹੈ ਵਾਹਿਗੁਰੂ ਬਿਨ ਅਵਰ ਨ ਕਹੈ॥

ਕਰ ਤਿਆਰ ਚੌਕੀ ਪਰ ਧਰੈ ਚਾਰ ਓਰ ਕੀਰਤਨ ਬਹਿ ਕਰੈ॥

ਲਗੇ ਦਿਵਾਨ ਮੂਲ ਨ ਜਾਵੈ ਰਹਿਤ ਬਿਨਾ ਪ੍ਰਸਾਦਿ ਬ੍ਰਤਾਵੈ॥

ਸੂਹਾ ਪਹਿਰ ਲਏ ਨਸਵਾਰ ਗੋਬਿੰਦ ਸਿੰਘ ਹੋਇ ਸੁ ਖਵਾਰ॥

ਮਾਇ ਭੈਣ ਜੋ ਆਵੈ ਸੰਗਤਿ ਦ੍ਰਿਸ਼ਟਿ ਬੁਰੀ ਦੇਖੇ ਤਿਸ ਪੰਗਤ॥

ਸਿੱਖ ਹੋਇ ਜੋ ਕਰੇ ਕਰੋਧ ਕੰਨਿਆ ਮੂਲ ਨ ਦੇਵੈ ਸੋਧ॥

ਧੀਅ ਭੈਣ ਕਾ ਪੈਸਾ ਖਾਇ ਗੋਬਿੰਦ ਸਿੰਘ ਧੱਕੇ ਯਮ ਲਾਇ॥

ਮਾਲ ਅਤਿਥਿ ਕਾ ਬਲ ਕਰ ਛਲੈ । ਜਪ ਤਪ ਤਾਂ ਕੋ ਕਛੁ ਨਹਿ ਫਲੈ॥

॥ਦੋਹਰਾ॥ ਕੰਘਾ ਦੋਨੋ ਵਕਤ ਕਰ ਪਾਗ ਚੁਨੈ ਕਰ ਬਾਂਧਈ।
ਦਾਤਨ ਨੀਤ ਕਰੇਇ ਨਾ ਦੁਖ ਪਾਵੈ ਲਾਲ ਜੀ।
ਦਸਵੰਧ ਗੁਰੂ ਨਹਿ ਦੇਵਈ ਝੂਠ ਬੋਲ ਜੋ ਖਾਇ ।
ਕਹੈ ਗੋਬਿੰਦ ਸਿੰਘ ਲਾਲ ਜੀ ਤਿਸ ਕਾ ਕਛੁ ਨ ਬਿਸਾਹਿ।

॥ਚੌਪਈ॥ ਠੰਡੇ ਪਾਣੀ ਜੋ ਨਹਿ ਨ੍ਹਾਵੈ ਬਿਨ ਜਪ ਪੜ੍ਹੇ ਪ੍ਰਸਾਦਿ ਜੁ ਪਾਵੈ।
ਬਿਨ ਰਹਰਾਸਿ ਸਮਾਂ ਜੋ ਖੋਵੈ ਕੀਰਤਨ ਪੜ੍ਹੇ ਬਿਨਾ ਜੋ ਸੋਵੈ।
ਚੁਗਲੀ ਕਰ ਜੋ ਕਾਜ ਬਿਗਾਰੈ ਧ੍ਰਿਗ ਤਿਸ ਜਨਮ ਜੁ ਧਰਮ ਬਿਸਾਰੈ।
ਕਰੈ ਬਚਨ ਜੋ ਪਾਲੈ ਨਾਹੀ ਗੋਬਿੰਦ ਸਿੰਘ ਤਿਸ ਠੌਰ ਨ ਆਹੀ।
ਲੈ ਤੁਰਕ ਤੇ ਮਾਸ ਜੋ ਖਾਵੈ ਬਿਨਿ ਗੁਰ ਸਬਦਿ ਬਚਨ ਸੁ ਗਾਵੈ॥
ਅਰਦਾਸ ਬਿਨਾਂ ਜੋ ਕਾਜ ਸਿਧਾਵੈ ਭੇਟ ਕੀਏ ਬਿਨ ਕਛੁ ਮੁਖ ਪਾਵੈ।
ਤਿਆਗੀ ਵਸਤ ਗ੍ਰਹਿਣ ਜੋ ਕਰੈ ਬਿਨ ਤ੍ਰਿਅ ਅਪਨੀ ਸੇਜ ਜੁ ਧਰੈ।
ਅਤਿਥਿ ਦੇਖ ਨਹਿ ਦੇਵੈ ਦਾਨ ਸੋ ਨਹਿ ਪਾਵੈ ਦਰਗਹਿ ਮਾਨ।
ਕਥਾ ਕੀਰਤਨ ਮਨ ਨਹਿ ਲਾਵੈ ਸੰਤ ਸਿਖ ਕਉ ਬੁਰਾ ਅਲਾਵੈ।
ਨਿੰਦਾ ਜੁਆ ਹਿਰੈ ਜੁ ਮਾਲ ਮਹਾਂ ਦੁਖਾਵੈ ਤਿਸ ਕੋ ਕਾਲ।

॥ਦੋਹਰਾ॥ ਗੋਲਕ ਰਾਖੈ ਨਾਹਿ ਜੋ ਛਲ ਕਾ ਕਰੇ ਵਪਾਰ।
ਕਹੈ ਗੋਬਿੰਦ ਸਿੰਘ ਲਾਲ ਜੀ! ਭੋਗੇ ਨਰਕ ਹਜ਼ਾਰ।

॥ਚੌਪਈ॥ ਵਾਹਿਗੁਰੂ ਬਿਨ ਕਹੇ ਜੁ ਪਾਵੇ ਵੇਸ਼ਯਾ ਦੁਵਾਰੇ ਸਿਖ ਜੁ ਜਾਵੈ।
ਪਰ ਇਸਤ੍ਰੀ ਸਿਉ ਨੇਹ ਲਗਾਵੇ ਗੋਬਿੰਦ ਸਿੰਘ ਵਹ ਸਿਖ ਨ ਭਾਵੈ।
ਖ਼ਾਲਸਾ ਸੋਇ ਜੁ ਨਿੰਦਾ ਤਿਆਗੇ। ਖ਼ਾਲਸਾ ਸੋਇ ਲੜੇ ਹ੍ਵੈ ਆਗੇ।
ਖ਼ਾਲਸਾ ਸੋ ਪਰ ਦ੍ਰਿਸ਼ਟਿ ਤਿਆਗੇ।ਖ਼ਾਲਸਾ ਸੋਇ ਨਾਮ ਰਤਿ ਲਾਗੇ।
ਖ਼ਾਲਸਾ ਸੋਇ ਗੁਰੂ ਹਿਤ ਲਾਵੈ।ਖ਼ਾਲਸਾ ਸੋਇ ਸਾਰ ਮੁਹਿ ਖਾਵੈ।
ਖ਼ਾਲਸਾ ਸੋ ਨਿਰਧਨ ਕੋ ਪਾਲੈ। ਖ਼ਾਲਸਾ ਸੋਇ ਦੁਸ਼ਟ ਕਉ ਗਾਲੈ।

ਖ਼ਾਲਸਾ ਸੋਇ ਜੁ ਚੜ੍ਹੇ ਤੁਰੰਗ। ਖ਼ਾਲਸਾ ਸੋਇ ਕਰੈ ਨਿਤ ਜੰਗ।

॥ਦੋਹਰਾ॥ ਖ਼ਲਕ ਖ਼ਾਲਿਕ ਕੀ ਜਾਨ ਕੈ ਖ਼ਲਕ ਦੁਖਾਵੈ ਨਾਹਿ,

ਖ਼ਲਕ ਦੁਖੈ ਜੋ ਨੰਦ ਜੀ ਖ਼ਾਲਿਕ ਕੋਪੈ ਤਾਹਿ।

(ਪ੍ਰਸ਼ਨ ਉਤਰ ਭਾਈ ਨੰਦ ਲਾਲ ਜੀ ਦਾ)

ਗੁਰਸਿਖ ਰਹਿਤ ਸੁਨਹੁ ਹੇ ਮੀਤ। ਪਰਭਾਤੇ ਉਠ ਕਰ ਹਿਤ ਚਿਤ।

ਵਾਹਿਗੁਰੂ ਗੁਰੁ ਮੰਤ੍ਰ ਸੁ ਜਾਪ ਕਰ ਇਸਨਾਨ ਪੜ੍ਹੈ ਜਪੁ ਜਾਪੁ।

ਸੰਧਿਆ ਸਮੈਂ ਸੁਨੈ ਰਹਿਰਾਸ। ਕੀਰਤਨ ਕਥਾ ਸੁਨੈ ਹਰਿ ਯਾਸ।

ਇਨ ਮੈ ਨੇਮ ਜੁ ਏਕ ਕਰਾਇ। ਸੋ ਸਿਖ ਅਮਰਾਪੁਰੀ ਮਹਿ ਜਾਇ।

(ਅੰ:ਕੀਰਤਨ ਪੰਨਾਂ 1015-20)

॥ਦੋਹਰਾ॥ ਤੀਨ ਰੂਪ ਹੈ ਮੋਹਿ ਕੇ ਸੁਣੋ ਨੰਦ ਚਿਤ ਲਾਇ॥

ਨਿਰਗੁਨ ਸਰਗੁਨ ਗੁਰ ਸ਼ਬਦ ਕਹੋ ਤੋਹਿ ਸਮਝਾਇ॥

॥ਚੌਪਈ॥ ਸ਼ਬਦ ਸੁਣੇ ਗੁਰ ਹਿਤ ਚਿਤ ਲਾਇ।ਗਯਾਨ ਸ਼ਬਦ ਗੁਰ ਸੁਣੇ ਸੁਣਾਇ।

ਵਿਸਵਾਸ਼ ਪ੍ਰੀਤ ਗੁਰ ਸ਼ਬਦ ਸੁ ਧਰੇ।ਗੁਰ ਕਾ ਦਰਸ਼ਨ ਨਿਤ ਉਠ ਕਰੇ।

ਗੁਰਸਿੱਖ ਸੇਵ ਕਰੇ ਚਿਤ ਲਾਇ। ਆਪਾ ਮਨ ਕਾ ਸਗਲ ਮਿਟਾਇ।

॥ਦੋਹਰਾ॥ ਐਸੇ ਗੁਰ ਸਿਖ ਸੇਵਕੀ ਮਹਿਮਾ ਪਹੁੰਚੇ ਆਇ।

ਸੁਣ ਨੰਦ ਚਿਤ ਦੇਇ ਕੈ ਮੁਕਤ ਬੈਕੁੰਠੇ ਪਾਇ॥

## (ਕੇਸ ਰਖਣੇ ਪਰਮ ਧਰਮ ਹੈ)

॥ਦੋਹਰਾ॥ ਸ੍ਰੀ ਕਲਗੀਧਰ ਗੁਰ ਪਿਤਾ ਛਾਪ ਦਈ ਸਿਰ ਕੇਸ॥

ਧਰੀ ਖਾਲਸਾ ਪੰਥ ਨੇ ਤਾਤੇ ਭਯੋ ਸੁ ਭੇਸ ॥

॥ਚੌਪਈ॥ ਰਹਿਣੀ ਰਹੈ ਸੋਈ ਸਿਖ ਮੇਰਾ। ਓਹੁ ਠਾਕੁਰੁ ਮੈ ਉਸ ਕਾ ਚੇਰਾ।

ਰਹਿਤ ਬਿਨਾਂ ਨਹਿ ਸਿਖ ਕਹਾਵੈ। ਰਹਿਤ ਬਿਨਾਂ ਦਰ ਚੋਟਾਂ ਖਾਵੈ।

ਰਹਿਤ ਬਿਨ ਸੁਖ ਕਬਹੁੰ ਨ ਲਹੇ। ਤਾਂ ਤੇ ਰਹਿਤ ਸੁ ਦ੍ਰਿੜ ਕਰ ਰਹੈ।

(ਰਹਿਤਨਾਮਾ) (ਅੰ:ਕੀਰਤਨ ਪੰਨਾਂ 1015)

## (ਕੇਸ ਕਛ)

ਰਾਮ ਲਛਮਨ ਜੁ ਸੋ ਬੋਲ ਕਹਿਓ ਕੁਲ ਪੂਜ ਆਯੋ ਹੈ ਪ੍ਰਭਾਤ ਹੋਤੇ ਜਨਕ ਕੇ ਜਾਇ ਹੋ ॥

ਜੋ ਕਹੋ ਤੋ ਰਾਜਾ ਦਸਰਥ ਜੁ ਪੈ ਪਹੁੰਚਾਊ ਨਹੀਂ ਸੰਗ ਚਲੋ ਤੁਮੈ ਕੌਤਕ ਚਖਾਏ ਹੋ ॥

ਛੋਟੀ ਸੀ ਕਛੌਟੀ ਕਟ ਧਨ ਹੂੰ ਨ ਮੋਟੀ ਕਰ ਚੋਟੀ ਧਰ ਕਹਯੋ ਕੈਹ ਹੋਹੂੰ ਤੋ ਚਢਾਯੋ ਹੋ ॥

ਰਾਜਾ ਤੇ ਜਨਮ ਰਿਖ ਰਾਜ ਤੇ ਮੈਂ ਪਾਇਯੋ ਗੁਨ ਐਸੇ ਸ਼ਿਵ ਕੇ ਧਨੁਖ ਹੂੰ ਤੇ ਗੁਨ ਪਾਇ ਹੋ॥
(ਹਨੂਮਾਨ ਨਾਟਕ)

(ਕ੍ਰਿਪਾਨ) ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰ ਤੀਰ ॥

ਸੈਫ ਸਰੋਹੀ ਸੈਹਥੀ ਏਹੀ ਹਮਾਰੇ ਪੀਰ ॥ (ਦਸਮ ਗ੍ਰੰਥ)

(ਕੰਘਾ)॥ਦੋਹਰਾ॥ ਕੰਘਾ ਦੋਨੋ ਵਕਤ ਕਰ ਪਾਗ ਚੁਨੈ ਕਰ ਬਾਂਧਈ।

ਦਾਤਨ ਨੀਤ ਕਰੇਇ ਨਾ ਦੁਖ ਪਾਵੈ ਲਾਲ ਜੀ।

(ਕੜਾ) ਸਰਬ ਲੋਹ ਕੀ ਰੱਛਾ ਹਮਨੈ ॥

(ਜੋ ਗੁਰਸਿਖੀ ਤੋਂ ਗਿਰੇਗਾ ਉਸ ਦਾ ਲੋਕ ਪ੍ਰਲੋਕ ਵਿਗੜੇਗਾ)

(ਚੌਪਈ) ਜੋ ਅਪਨੇ ਗੁਰ ਤੇ ਮੁਖ ਫਿਰ ਹੈ, ਇਹਾਂ ਉਹਾਂ ਤਿਨਕੇ ਗ੍ਰਿਹ ਗਿਰ ਹੈ ॥

ਇਹਾਂ ਉਪਬਾਸ ਨਾਂ ਸੁਰਪੁਰ ਬਾਸਾ ਸਭ ਬਾਤਨ ਤੇ ਰਹੈ ਉਦਾਸਾ ॥

ਦੁਖ ਭੁਖ ਤਿਨ ਕੋ ਰਹ ਲਾਗੀ ॥ ਸੰਤ ਸੇਵ ਤੇ ਜੋ ਹੈ ਤਿਆਗੀ ॥

ਜਗਤ ਵਿਖੈ ਕੋਊ ਕਾਂਮ ਨ ਸਰਹੀ॥ ਅੰਤਹਿ ਕੁੰਡ ਨਰਕ ਮਹਿ ਪਰਹੀ॥

ਗੁਰ ਪਗ ਤੇ ਜੋ ਬੇਮੁਖ ਸਿਧਾਰੇ ਇਹਾਂ ਊਹਾਂ ਤਿਨ ਕੇ ਮੁਖ ਕਾਰੇ ॥

ਪੁਤ੍ਰ ਪੌਤਰ ਤਿਨਕੇ ਨਹਿੰ ਫਿਰੈ॥ ਦੁਖ ਦੇ ਮਾਤ ਪਿਤਾ ਕੋ ਮਰੈਂ ॥

ਗੁਰ ਦੋਖੀ ਸਗ ਕੀ ਮ੍ਰਿਤ ਪਾਵੈ ॥ ਨਰਕ ਕੁੰਡ ਡਾਰੇ ਪਛੁਤਾਵੈ ॥

ਜੇ ਗੁਰ ਚਰਨਨ ਰਤ ਹ੍ਵੈ ਹੈ, ਤਿਨ ਕੇ ਕਸ਼ਟ ਨ ਦੇਖਨ ਪੈ ਹੈ ॥

ਰਿਧ ਸਿਧ ਤਿਨਕੇ ਗ੍ਰਿਹ ਮਾਹੀ ॥ ਪਾਪ ਤਾਪ ਛ੍ਵੈ ਸਕੈ ਨ ਛਾਹੀ॥ (ਦਸਮ ਗਰੰਥ)

ਗੁਰਮਤਿ ਦੀਆਂ ਇਨ੍ਹਾਂ ਵੀਚਾਰਾਂ ਤੋਂ ਪ੍ਰਭਾਵਤ ਹੋਏ ਨੌਜਵਾਨ ਸੰਤ ਜਵਾਲਾ ਸਿੰਘ ਜੀ ਦੇ ਬਚਨਾਂ ਦੀ ਉਡੀਕ ਕਰਦੇ ਰਹਿੰਦੇ ਸਨ। ਹਰ ਵਖਤ ਉਨ੍ਹਾਂ ਦੇ ਪਾਸ ਇਸੇ ਤਰਾਂ ਜਵਾਨਾਂ ਦੀ ਭੀੜ ਰਹਿੰਦੀ ਸੀ। ਨਿੰਦਕਾਂ ਨੂੰ ਇਹ ਗੱਲ ਚੰਗੀ ਨਾ ਲੱਗੀ। ਉਨ੍ਹਾਂ ਸੀ.ਓ. ਪਾਸ ਸੰਤ ਜਵਾਲਾ ਸਿੰਘ ਜੀ ਵਿਰੁੱਧ ਸ਼ਿਕਾਇਤ ਕੀਤੀ ਕਿ ਸੰਤ ਜਵਾਲਾ ਸਿੰਘ ਜੀ ਨੇ ਫੌਜ ਦੇ ਸਾਰੇ ਨੌਜਵਾਨਾਂ ਨੂੰ ਪੁੱਠੇ ਪਾਸੇ ਪਾ ਦਿੱਤਾ ਹੈ। ਕਰਨਲ ਸਾਹਿਬ ਨੇ ਕਿਹਾ ਕਿ ਮੈਂ ਉਨ੍ਹਾਂ ਵਿੱਚ ਕੋਈ ਹੁਕਮ ਵਿਰੋਧੀ ਕਾਰਵਾਈ ਨਹੀਂ ਦੇਖੀ ਹੈ। ਨਿੰਦਕਾਂ ਨੇ ਕਿਹਾ ਸਾਹਿਬ ਤੁਹਾਨੂੰ ਵਿਖਾ ਦੇਵਾਂਗੇ। ਸੀ.ਓ. ਨੇ ਕਿਹਾ ਠੀਕ ਹੈ ਚੁਗਲਖੋਰਾਂ ਨੇ ਅੰਦਰ ਬਾਹਰ ਜਵਾਨਾਂ ਨੂੰ ਸੰਤ ਜਵਾਲਾ ਸਿੰਘ ਜੀ ਵੱਲ ਆਂਉਦਿਆਂ ਜਾਂਦਿਆ ਵੇਖਿਆ ਉਨ੍ਹਾਂ ਨੂੰ ਸ਼ੱਕ ਪੈ ਗਈ। ਚੁਗਲਖੋਰ ਸਹੀ ਹੀ ਆਖਦੇ ਹਨ ਇਸ ਤਰ੍ਹਾਂ ਕਿਸੇ ਵੇਲੇ ਵੀ ਫੌਜ ਵਿਚ ਬਗ਼ਾਵਤ ਹੋ ਸਕਦੀ ਹੈ। ਸੂਬੇਦਾਰ ਮੇਜਰ ਸੰਤਾਂ ਦਾ ਸ਼ਰਧਾਲੂ ਸੀ। ਉਸ ਨੇ ਸੰਤ ਜਵਾਲਾ ਸਿੰਘ ਬਾਰੇ ਦੱਸਿਆ ਕਿ ਉਹ ਇਕ ਭਜਨੀਕ ਵਿਅਕਤੀ ਹਨ। ਪਵਿੱਤਰ ਪੁਰਸ਼ ਹੋਣ ਕਾਰਨ ਹਰ ਸੱਜਣ ਉਨ੍ਹਾਂ ਨਾਲ ਪਿਆਰ ਕਰਦਾ ਹੈ। ਉਨ੍ਹਾਂ ਦੀ ਸੰਗਤ ਤੋਂ ਉਨ੍ਹਾਂ ਦੇ ਜੀਵਨ ਪਲਟ ਗਏ ਹਨ। ਮਨ ਪਵਿੱਤਰ ਹੋ ਗਏ ਹਨ। ਫਿਰ ਕਰਨਲ ਸਾਹਿਬ ਨੇ ਕਿਹਾ ਮੇਰੀ ਤਸੱਲੀ ਕਰਾਉ। ਸ਼ਾਮ ਨੂੰ ਗੁਰਦੁਆਰੇ ਦੀਵਾਨ ਦੀ ਸਮਾਪਤੀ ਤੋਂ ਸੂਬੇਦਾਰ ਮੇਜਰ ਨੇ ਬੇਨਤੀ ਕੀਤੀ ਕਿ ਚੁਗਲਬਾਜਾਂ ਨੇ ਆਪ ਵਿਰੁੱਧ ਚੁਗਲੀਆਂ ਕਰਕੇ ਸਾਹਿਬ ਦੇ ਕੰਨ ਭਰੇ ਹਨ। ਉਹ ਆਪ ਤੋਂ ਤਸੱਲੀ ਚਾਹੁੰਦਾ ਹੈ। ਇੱਧਰ ਉਸ ਨੇ ਸੰਤਾਂ ਨੂੰ ਬੁਲਾਇਆ ਇਕ ਕਾਗਜ਼ ਤੇ ਇਹ ਸ਼ਬਦ ਲਿਖ ਕੇ ਲਿਫਾਫੇ ਵਿੱਚ ਬੰਦ ਕਰ ਦਿੱਤਾ। ਜਦੋਂ ਸੰਤ ਜੀ ਗਏ, ਕਹਿਣ ਲੱਗੇ ਤੁਸਾਂ ਕਾਗਜ਼ ਤੇ ਇਹ ਸ਼ਬਦ ਲਿਖੇ ਹਨ **Jwala Singh Is a good man.** ਸਾਹਿਬ ਜਾਣ ਗਏ, ਪੂਰਨ ਮਹਾਂਪੁਰਖ ਹਨ। ਫਿਰ **Child** ਸ਼ਬਦ ਦੇ ਅਰਥ ਪੁੱਛੇ। ਮਹਾਂਪੁਰਸ਼ਾਂ ਨੇ ਦੱਸਿਆ ਕਿ ਇਸ ਦਾ ਅਰਥ ਬੱਚਾ ਹੈ। ਪ੍ਰੰਤੂ ਅੰਤਰੀਵੀ ਭਾਵ ਇਸ ਦਾ ਗੰਭੀਰ ਹੈ। **C** ਤੋਂ **Character, H** ਤੋਂ **Health, I** ਤੋਂ **Individual** ਇੰਡੀਵਿਜੂਅਲ, **L** ਤੋਂ **love, D** ਤੋਂ **Dicipline** ਪੰਜ ਅੱਖਰਾਂ ਦੀ ਯੁਦੀ ਯੁਦੀ ਵੀਚਾਰ ਸੁਣ ਕੇ ਸਾਹਿਬ ਬਹੁਤ ਹੀ ਪ੍ਰਭਾਵਿਤ ਹੋਇਆ ਕਿ ਮਹਾਂਪੁਰਸ਼ ਅੰਤਰਜਾਮੀ ਪੁਰਖ ਹਨ। ਨਿੰਦਕਾਂ ਨੂੰ ਝਾੜਾਂ ਪਾਈਆਂ ਆਪ ਸਦਾ ਲਈ ਮਹਾਂਪੁਰਖਾਂ ਦਾ ਸ਼ਰਧਾਲੂ ਬਣ ਗਿਆ।

## ਅਧਿਆਇ- 7 (ਫੌਜ ਵਿਚੋਂ ਉਪਰਾਮਤਾ)

ਮਾਰੂ ਮਹਲਾ ੫॥ ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ॥ ੧ ॥ਆਵਣ ਜਾਣੁ ਰਹਿਓ ॥ ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥ ੧ ॥ ਰਹਾਉ ॥ ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ ॥ ਜਿਸ ਕੀ ਅਟਕ ਤਿਸ ਤੇ ਛੁਟੀ ਤਉ ਕਹਾ ਕਰੈ ਕੋਟਵਾਰ ॥ ੨ ॥ ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ ॥ ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ ॥ ੩ ॥ ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ ॥ ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ ॥ ੪ ॥ ੫ ॥ ੧੪ ॥ (ਪੰਨਾ ੧੦੦੨)

ਜਦੋਂ ਤੋਂ ਆਪ ਜੀ ਤੇ ਸੰਤ ਬਾਬਾ ਆਇਆ ਸਿੰਘ ਜੀ ਦੀ ਕ੍ਰਿਪਾ ਹੋਈ ਸੀ ਫੌਜ ਵਿੱਚ ਮਨ ਉਪਰਾਮ ਸੀ। ਪਰਾਏ ਅਧੀਨ ਸਿਮਰਨ ਵਿੱਚ ਕਈ ਰੁਕਾਵਟਾਂ ਹੁੰਦੀਆਂ ਹਨ। ਦੂਸਰਾ ਆਪ ਬਾਬਾ ਆਇਆ ਸਿੰਘ ਜੀ ਦੀ ਸ਼ਰਨ ਪ੍ਰਾਪਤ ਕਰਨ ਤੋਂ ਦੁਨਿਆਵੀ ਝੂਠੀ ਨੌਕਰੀ ਤੋਂ ਵੀ ਉਪਰਾਮ ਸਨ। ਸੱਚੇ ਮਹਾਂਪੁਰਸ਼ਾਂ ਦੀ ਸ਼ਰਣ ਮਿਲਣ ਤੋਂ ਉਹ ਪੇਟ ਵਾਸਤੇ ਕਿਸੇ ਮਨੁੱਖ ਦੀ ਖਿਦਮਤ ਕਰਨੀ ਪਸੰਦ ਨਹੀਂ ਸੀ ਕਰਦੇ। ਸੁਤੰਤਰ ਹੋ ਕੇ ਪ੍ਰਭੂ ਸਿਮਰਨ ਦਾ ਅਭਿਆਸ ਕਰਕੇ ਪਿਆਰੇ ਦੇ ਪਿਆਰ ਵਿੱਚ ਰੰਗੇ ਹੋਣਾ ਚਾਹੁੰਦੇ ਸਨ। ਅਖੀਰ ਉਨ੍ਹਾਂ ਨੇ ਫੌਜ ਵਿਚੋਂ ਨਾਮ ਕਟਵਾਉਣੇ ਦਾ ਫੈਸਲਾ ਕਰ ਲਿਆ। ਜਦੋਂ ਹੋਰ ਫੌਜੀਆਂ ਨੂੰ ਪਤਾ ਲੱਗਾ ਉਹ ਵੀ ਸਾਰੇ ਨਾਮ ਕਟਵਾਉਣ ਲਈ ਤਿਆਰ ਹੋ ਗਏ। ਇਸ ਗੱਲ ਦੀ ਖਬਰ ਕਰਨਲ ਸਾਹਿਬ ਨੂੰ ਹੋਈ। ਉਹ ਬੜੇ ਚਿੰਤਾਤੁਰ ਸਨ ਉਨ੍ਹਾ ਨੇ ਸੂਬੇਦਾਰ ਮੇਜਰ ਨਾਲ ਵਿਚਾਰ ਕੀਤੀ। ਸੂਬੇਦਾਰ ਨੇ ਕਿਹਾ ਕਿ ਆਪ ਹੋਤੀ ਮਰਦਾਨ ਬਾਬਾ ਆਇਆ ਸਿੰਘ ਜੀ ਨੂੰ ਬੇਨਤੀ ਕਰੋ। ਇਸ ਰਾਏ ਨੂੰ ਕਰਨਲ ਸਾਹਿਬ ਨੇ ਮੰਨ ਲਿਆ। ਸਾਰੀ ਹਕੀਕਤ ਹੋਤੀ ਮਰਦਾਨ ਜਾ ਕੇ ਬਾਬਾ ਆਇਆ ਸਿੰਘ ਜੀ ਨੂੰ ਦੱਸੀ। ਉਨ੍ਹਾ ਸੰਤ ਜਵਾਲਾ ਸਿੰਘ ਤੇ ਸਮੂਹ ਫੌਜੀਆਂ ਨੂੰ ਦੇਸ਼ ਸੇਵਾ ਕਰਨ ਦੀ ਪ੍ਰੇਰਨਾਂ ਦਿੱਤੀ ਅਤੇ ਧਰਮ ਦੀ ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾਂ ਹੀ ਸਾਡੇ ਬਜ਼ੁਰਗਾਂ ਦਾ ਸਿਧਾਂਤ ਹੈ। ਤੁਹਾਨੂੰ ਹੋਰ ਗੁਰਮੁਖ ਮਹਾਂਪੁਰਖਾਂ ਦੀ ਸੰਗਤ ਮਿਲੇਗੀ। ਆਪ ਨੂੰ ਲਾਹਾ ਹੋਵੇਗਾ ਤੇ ਤੁਹਾਡੀ ਸੰਗਤ ਨਾਲ ਬਿਅੰਤ ਫੌਜੀ ਸਿੰਘਾਂ ਦਾ ਕਲਿਆਣ ਹੋਵੇਗਾ। ਇਸ ਲਈ ਇਸ ਵਖਤ ਫੌਜੀ ਨੌਕਰੀ ਦਾ ਤਿਆਗ ਨਾ ਕਰੋ। ਮਹਾਂਪੁਰਖਾਂ ਦੇ ਬਚਨਾਂ ਅੱਗੇ ਕੀ ਜ਼ੋਰ ਹੈ। ਮਹਾਂਪੁਰਖਾਂ ਦੀ ਆਗਿਆ ਮੰਨ ਕੇ ਸੀਸ ਝੁਕਾਇਆ। ਹੁਕਮ ਨੂੰ ਖਿੜੇ ਮੱਥੇ ਪ੍ਰਵਾਣ ਕੀਤਾ। ਕਰਨਲ ਸਾਹਿਬ ਪ੍ਰਸੰਨ ਚਿੱਤ ਹੋ ਗਏ ਸਾਰੇ ਫੌਜੀਆਂ ਸਮੇਤ ਛਾਉਣੀ ਆ ਗਏ।

## 1914 ਈਸਵੀ ਦੀ ਵਿਸ਼ਵ ਜੰਗ

ਸਲੋਕ ਕਬੀਰ॥ ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਓ ॥

ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥ ੧ ॥

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥

ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥ ੨ ॥ ੨ ॥ (ਪੰਨਾਂ 1105)

ਜਰਮਨੀ ਦੇ ਚਾਂਸਲਰ ਬਿਸਮਾਰਕ ਨੇ ਫਰਾਂਸ ਨੂੰ ਮਿਤਰ ਹੀਣ ਬਣਾਉਣ ਦਾ ਯਤਨ ਕੀਤਾ ਇਸੇ ਉਦੇਸ਼ ਦੀ ਪੂਰਤੀ ਲਈ ਉਸ ਨੇ ਇਟਲੀ ਅਤੇ ਆਸਟਰੀਆ ਨੂੰ ਆਪਣੇ ਨਾਲ ਮਿਲਾ ਕੇ 1882 ਈਸਵੀ ਵਿੱਚ ਤਿੰਨ ਪੱਖੀ ਮੰਡਲ ਦੀ ਸਥਾਪਨਾ ਕੀਤੀ। ਆਪਣੀ ਸੰਕਟ ਮਈ ਸਥਿਤੀ ਨੂੰ ਵੇਖਦਿਆਂ ਹੋਇਆਂ ਫਰਾਂਸ ਨੇ ਵੀ ਆਪਣੇ ਮਿੱਤਰ ਲੱਭਣ ਦਾ ਯਤਨ ਕੀਤਾ। ਜਰਮਨੀ ਦਾ ਆਸਟਰੀਆ ਵੱਲ ਝੁਕਾਅ ਹੋਣ ਦੇ ਕਾਰਨ ਰੂਸ ਅਤੇ ਜਰਮਨੀ ਵਿੱਚ ਵਿਰੋਧ ਉਤਪੰਨ ਹੋ ਗਿਆ। ਇਸ ਫਰਾਂਸ ਨੇ 1894 ਵਿੱਚ ਰੂਸ ਨਾਲ ਸੰਧੀ ਕਰ ਲਈ। ਇੰਗਲੈਂਡ ਨੂੰ ਅਜਿਹੇ ਹਾਲਤਾਂ ਵਿੱਚ ਦੂਸਰੇ ਦੇਸ਼ਾਂ ਨਾਲ ਦੋਸਤਾਨਾ ਸਬੰਧ ਕਾਇਮ ਕਰਨੇ ਪਏ। ਜਦ ਜਰਮਨੀ ਨਾਲ ਉਹ ਮਿੱਤਰਤਾ ਪੈਦਾ ਕਰਨ ਵਿੱਚ ਅਸਫਲ ਰਿਹਾ ਤਾਂ ਉਸ ਨੇ 1902 ਵਿੱਚ ਜਾਪਾਨ ਨਾਲ ਸੰਧੀ ਕਰ ਲਈ। ਇਸ ਤੋਂ ਬਾਅਦ ਉਸ ਨੇ 1904 ਵਿੱਚ ਫਰਾਂਸ ਨਾਲ ਸਮਝੌਤਾ ਕਰ ਲਿਆ।1908 ਈਸਵੀ ਵਿਚ ਰੂਸ ਨਾਲ ਇਸ ਤਰ੍ਹਾਂ ਇੰਗਲੈਂਡ ਰੂਸ ਅਤੇ ਫਰਾਂਸ ਨੇ ਮਿਲਕੇ ਤਿੰਨ ਰਾਸ਼ਟਰੀ

ਸਮਝੌਤਾ (Triple Entente) ਕੀਤਾ। ਇਸ ਤਰ੍ਹਾਂ ਯੂਰਪ ਦੋ ਧੜਿਆਂ ਵਿੱਚ ਵੰਡਿਆ ਗਿਆ ਜਿਸ ਨਾਲ ਈਰਖਾ ਤੇ ਦਵੈਸ਼ ਦੀ ਭਾਵਨਾ ਪੈਦਾ ਹੋ ਚੁੱਕੀ ਸੀ।

ਪੂਰਬ ਵਿੱਚ ਵੀ ਇਹ ਦੇਸ਼ ਆਪਣੇ ਪ੍ਰਭਾਵ ਦਾ ਵਿਸਥਾਰ ਕਰਨ ਲਈ ਯਤਨਸ਼ੀਲ ਸਨ। ਜਰਮਨੀ ਦੇ ਬਾਦਸ਼ਾਹ ਵਿਲੀਅਮ ਕੈਸਰ ਇਕ ਬਹੁਤ ਚਾਹਵਾਨ ਵਿਅਕਤੀ ਸੀ ਉਹ ਜਰਮਨੀ ਨੂੰ ਸੰਸਾਰ ਦੀ ਪਹਿਲੀ ਸ਼ਕਤੀ ਦੀ ਸ੍ਰੇਣੀਂ ਬਣਾਉਣਾ ਚਾਹੁੰਦਾ ਸੀ। ਇਸ ਤਰ੍ਹਾਂ ਦੀ ਹਾਲਤ ਨੇ ਯੁੱਧ ਦਾ ਵਾਤਾਵਰਣ ਤਿਆਰ ਕਰ ਦਿੱਤਾ। ਜਿਸ ਦਾ ਪ੍ਰਗਟਾਵਾ 1914 ਈਸਵੀ ਨੂੰ ਪਹਿਲੇ ਮਹਾਂ ਯੁੱਧ ਦੇ ਰੂਪ ਵਿੱਚ ਹੋਇਆ। ਇਹ ਯੁੱਧ ਕੋਈ ਚਾਰ ਸਾਲ ਤੱਕ ਚਲਦਾ ਰਿਹਾ ਅਤੇ ਇਸ ਵਿੱਚ ਲਗਭਗ ਯੂਰਪ ਦੇ ਸਾਰੇ ਦੇਸ਼ਾਂ ਨੇ ਹਿੱਸਾ ਲਿਆ। ਅਜਿਹਾ ਯੁੱਧ ਸੰਸਾਰ ਵਿੱਚ ਪਹਿਲੇ ਕਦੇ ਵੀ ਨਹੀਂ ਲੜਿਆ ਗਿਆ। ਇਸ ਯੁੱਧ ਵਿੱਚ ਭਾਰਤੀ ਫੌਜਾਂ ਨੂੰ ਸ਼ਾਮਲ ਹੋਣਾ ਪਿਆ।ਜਿਆਦਾ ਕਰਕੇ ਸਿੱਖ ਬੇੜੇ ਫੌਜ ਵਿੱਚ ਸ਼ਾਮਲ ਕੀਤੇ ਗਏ। ਇਸੇ ਕਰਕੇ 35 ਸਿੱਖ ਰਜਮੈਂਟ ਨੂੰ ਵੀ ਲੜਾਈ ਵਿਚ ਸ਼ਾਮਲ ਕਰਨ ਵਾਸਤੇ ਪਸ਼ੌਰ ਤੋਂ ਰਾਵਲਪਿੰਡੀ ਨੂੰ ਮਾਰਚ ਕਰਨਾ ਪਿਆ। ਸੰਤ ਜਵਾਲਾ ਸਿੰਘ ਜੀ ਦਾ ਅਦਬ ਇਕ ਸਾਧੂ ਰੂਹ ਵਜੋਂ ਸਾਰੇ ਕਰਦੇ ਸਨ ਜਿਸ ਕਰਕੇ ਸਾਰੀ 35 ਸਿਖ ਰਜਮੈਂਟ ਜੰਗ ਵਿੱਚ ਚਲੀ ਗਈ ਪਰ ਸੰਤ ਜਵਾਲਾ ਸਿੰਘ ਜੀ ਨੂੰ ਛਾਉਣੀ ਵਿੱਚ ਹੀ ਰਹਿਣ ਦਿੱਤਾ। ਰਾਵਲਪਿੰਡੀ ਸਿੱਖ ਰੰਗਰੂਟਾਂ ਦੀ ਸਿਖਲਾਈ ਦਾ ਕੇਂਦਰ ਸੀ ਜਦੋਂ ਹੋਰ ਭਰਤੀ ਦੀ ਲੋੜ ਪੈਂਦੀ ਸੀ ਤਾਂ ਰਾਵਲਪਿੰਡੀ ਤੋਂ ਹੀ ਟਰੇਂਡ ਨੌਜਵਾਨਾਂ ਦੇ ਜਥੇ ਯੁੱਧ ਵਿੱਚ ਭੇਜੇ ਜਾਂਦੇ ਸਨ। 1915 ਈਸਵੀ ਪਹਿਲੇ ਮਹੀਨੇ ਦੀ ਪਹਿਲੀ ਤਾਰੀਖ ਸੰਤ ਜਵਾਲਾ ਸਿੰਘ ਜੀ ਦਾ ਨਾਮ ਵੀ ਲੜਾਈ ਵਿੱਚ ਜਾਣ ਵਾਲੇ 200 ਸਿੰਘਾਂ ਦੇ ਜੱਥੇ ਵਿੱਚ ਪਾ ਦਿੱਤਾ ਗਿਆ ਇਹ ਜਥਾ ਸੰਤਾਂ ਸਮੇਤ ਰਾਵਲਪਿੰਡੀ ਤੋਂ ਬੰਬਈ ਬੰਦਰਗਾਹ ਤੇ ਪਹੁੰਚ ਗਿਆ।ਪੰਜ ਛੇ ਦਿਨਾਂ ਪਿਛੋਂ ਜੰਗੀ ਸਮਾਨ ਤੇ ਰਾਸ਼ਨ ਦਾ ਭਰਿਆ ਜ਼ਹਾਜ਼ ਆਇਆ ਜਿਸ ਵਿੱਚ ਸਾਰਾ ਜਥਾ ਰਵਾਨਾ ਹੋ ਗਿਆ। ਇਸ ਜਹਾਜ਼ ਨੂੰ ਫਰਾਂਸ ਵਿੱਚ ਮਾਰਸ਼ਲ ਬੰਦਰਗਾਹ ਪਹੁੰਚਦਿਆਂ ਕੋਈ 20 ਕੁ ਦਿਨ ਲੱਗੇ ਤੇ ਜਥੇ ਨੂੰ ਸ਼ਹਿਰ ਦੇ ਰੈਸਟ ਕੈਂਪ ਵਿੱਚ ਭੇਜ ਦਿੱਤਾ ਗਿਆ। ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਥੇ ਵੀ ਸੰਤਾਂ ਨੇ ਪੰਜਾਬ ਵਾਂਗ ਸਵੇਰ ਦਾ ਨਿੱਤਨੇਮ ਤੇ ਸ਼ਾਮ ਦੇ ਨਿੱਤਨੇਮ ਤੋਂ ਬਾਅਦ ਦੀਵਾਨ ਸਜਾਉਣੇ ਨਾਂ ਛੱਡੇ। ਰਾਤ ਦੇ ਲਗਭਗ ਸਾਢੇ ਨੌਂ ਵਜੇ ਤੱਕ ਦੀਵਾਨ ਸਜਦਾ ਸੀ ਇਥੇ ਸਰਦੀ ਲੋਹੜੇ ਦੀ ਸੀ। ਫਿਰ ਵੀ ਸੰਤ ਜੀ ਸਿਰਫ਼ ਇੱਕ ਖਾਕੀ ਰੰਗ ਦੀ ਚਾਦਰ ਲੈ ਕੇ ਇਕਾਂਤ ਕਿਸੇ ਜੰਗਲ ਵਿੱਚ ਨਿਕਲ ਜਾਂਦੇ ਸਨ ਅਤੇ ਸਾਰੀ ਸਾਰੀ ਰਾਤ ਚੌਂਕੜਾ ਮਾਰੀ ਤਪ ਸਾਧਨਾਂ ਵਿਚ ਬਤੀਤ ਕਰਦੇ ਸਨ। ਅੰਮ੍ਰਿਤ ਵੇਲੇ ਸਭ ਦੇ ਜਾਗਣ ਤੋਂ ਪਹਿਲਾਂ ਆਪਣੇ ਆਸਣ ਤੇ ਆ ਜਾਂਦੇ ਸਨ ਤੇ ਫੌਜੀ ਡਸਿਪਲਨ ਵਿੱਚ ਆਪਣੇ ਆਪ ਨੂੰ ਤਾਇਨਾਤ ਕਰ ਲੈਂਦੇ ਸਨ।

## ਅਧਿਆਇ- 8

# ਹੋਰ ਸੰਤਾਂ ਨਾਲ ਮਿਲਾਪ

ਆਪ ਜੀ ਨੂੰ ਸੰਤ ਮਿਹਰ ਸਿੰਘ ਜੀ ਨਿੱਝਰਾਂ ਦੀ ਪੰਡੋਰੀ, ਸੰਤ ਭਗਤ ਸਿੰਘ ਜੀ ਚੋਲਾ, ਸੰਤ ਮੱਘਰ ਸਿੰਘ ਜੀ ਰਾਮਗੜ੍ਹ, ਸੰਤ ਨਿਰੰਜਨ ਸਿੰਘ ਜੀ ਮੋਹੀ ਇਸੇ ਵਿਸ਼ਵ ਯੁੱਧ ਦੌਰਾਨ ਮਿਲੇ। ਮਾਰਸ਼ਲ ਸ਼ਹਿਰ ਦਾ ਰੈਸਟ ਕੈਂਪ ਬਹੁਤ ਵੱਡਾ ਸੀ । ਕੈਂਪ ਨੂੰ ਲੜਾਈ ਵਿੱਚ ਜ਼ਖਮੀ ਹੋਣ ਵਾਲੇ ਜਵਾਨਾਂ ਦੀ ਸੇਵਾ ਸੰਭਾਲ ਲਈ ਵਰਤਿਆ ਜਾਂਦਾ ਸੀ। ਸੰਤ ਭਗਤ ਸਿੰਘ 25 ਨੰਬਰ ਪੰਜਾਬੀ ਪਲਟਨ ਵਿੱਚ ਸ਼ਾਮਲ ਹੋ ਕੇ ਲੜਾਈ ਵਿੱਚ ਗਏ ਸਨ। ਜ਼ਖਮੀ ਹੋਣ ਤੋਂ ਇਸ ਕੈਂਪ ਵਿੱਚ ਲਿਆਂਦੇ ਗਏ। ਇਥੇ ਸੰਤ ਜਵਾਲਾ ਸਿੰਘ ਜੀ ਦੀ ਤਪੱਸਿਆ ਬਾਰੇ ਵਿਚਾਰ ਚੱਲੀ। ਸੰਤ ਭਗਤ ਸਿੰਘ ਜੀ ਵੀ ਬਾਬਾ ਆਇਆ ਸਿੰਘ ਜੀ ਦੇ ਸੇਵਕ ਸਨ। ਆਪਣੇ

ਗੁਰਭਾਈ ਨੂੰ ਮਿਲਣ ਦੀ ਤੀਬਰ ਇੱਛਾ ਪੈਦਾ ਹੋ ਗਈ। ਕੁਝ ਤੰਦਰੁਸਤ ਹੋਣ ਤੇ ਉਹ ਸੰਤ ਬਾਬਾ ਜਵਾਲਾ ਸਿੰਘ ਜੀ ਨੂੰ ਮਿਲੇ। ਇਹ ਮਿਲਾਪ ਸਦੀਵੀ ਕਾਲ ਗੂੜਾ ਹੋ ਗਿਆ।ਸਤਿਸੰਗ ਦੇ ਹੋਰ ਅਨੰਦ ਬਣਦੇ ਰਹੇ।

ਇਕ ਦਿਨ ਦਜ਼ਲਾ ਦਰਿਆ ਦੇ ਦੂਸਰੇ ਪਾਸੇ ਕੇਸਰੀ ਨਿਸ਼ਾਨ ਨੂੰ ਝੂਲਦਿਆਂ ਹੋਇਆਂ ਸੰਤ ਮੱਘਰ ਸਿੰਘ ਜੀ ਅਤੇ ਸੰਤ ਨਿਰੰਜਨ ਸਿੰਘ ਜੀ ਮੋਹੀ ਨੇ ਦੇਖਿਆ। ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨਾਂ ਦੀ ਇੱਛਾ ਨੂੰ ਮੁੱਖ ਰੱਖ ਕੇ ਇਥੇ ਦਰਸ਼ਨ ਦੀ ਇਛਾ ਮੁਖ ਰੱਖਕੇ ਦਰਿਆ ਪਾਰ ਕਰਕੇ ਆਏ। ਇਹ ਨਿਸ਼ਾਨ 47 ਸਿੱਖ ਰਜਮੈਂਟ ਵਲੋਂ ਸੀ। ਆਪ ਦੋਹਾਂ ਮਹਾਂਪੁਰਖਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕੀਤੇ ਕਥਾ ਕੀਰਤਨ ਦਾ ਆਨੰਦ ਮਾਣਿਆ। ਇਥੇ ਹੀ ਸੰਤ ਜਵਾਲਾ ਸਿੰਘ ਜੀ ਨਾਲ ਮਿਲਾਪ ਹੋਇਆ। ਇਹ ਦੋਨੋ ਮਹਾਂਪੁਰਖ ਵੀ ਹੋਤੀ ਮਰਦਾਨ ਡੇਰੇ ਦੇ ਸੇਵਕ ਸਨ। 47 ਸਿਖ ਰਜਮੈਂਟ ਯੋਰੋਸ਼ਲਮ ਤੋਂ ਮਿਸਰ ਦੇ ਮਸ਼ਹੂਰ ਸ਼ਹਿਰ ਸਿਕੰਦਰੀਆ ਚਲੇ ਗਈ। ਕੁਝ ਮਹੀਨਿਆਂ ਬਾਅਦ ਦਮਸ਼ਕ ਹੁੰਦੀ ਹੋਈ ਫਰਾਂਸ ਦੀ ਰਾਜਧਾਨੀ ਪੈਰਿਸ ਚਲੀ ਗਈ। ਇਥੇ ਸੰਤ ਜਵਾਲਾ ਸਿੰਘ ਜੀ ਨੂੰ ਬਾਬਾ ਮਿਹਰ ਸਿੰਘ ਜੀ ਜੋ ਪੂਰਨ ਯੋਗੀ ਸਨ ਅਤੇ ਬਾਬਾ ਆਇਆ ਸਿੰਘ ਜੀ ਦੇ ਅਨਿੰਨ ਸੇਵਕ ਸਨ, ਮਿਲਾਪ ਹੋਇਆ ਅਤੇ ਹਿਰਦੇ ਗਦ ਗਦ ਹੋ ਗਏ। ਇਸ ਸਮੇਂ ਦੌਰਾਨ ਆਪ ਜੀ ਨੇ ਬਾਬਾ ਮਿਹਰ ਸਿੰਘ ਜੀ ਤੋਂ ਯੋਗ ਕਿਰਿਆ ਦਾ ਅਭਿਆਸ ਸਿੱਖਿਆ। ਬਾਬਾ ਮਿਹਰ ਸਿੰਘ ਜੀ 93 ਨੰਬਰ ਬਰਮਾ ਇਨਫੈਨਟਰੀ ਵਿੱਚ ਨੌਕਰੀ ਕਰਦੇ ਸਨ। ਪੈਰਿਸ ਵਿੱਚ 9-10 ਦਿਨ ਇਕੱਠੇ ਰਹਿਣ ਦਾ ਮੌਕਾ ਮਿਲਿਆ ਬਰਫ਼ ਬੜੀ ਪੈਂਦੀ ਸੀ। ਸਰਦੀ ਸਿਖਰਾਂ ਤੇ ਸੀ। ਪ੍ਰੰਤੂ ਮਹਾਂਪੁਰਖਾਂ ਦੀ ਸਾਧਨਾ ਵਿੱਚ ਰਾਈ ਮਾਤਰ ਵੀ ਤਬਦੀਲੀ ਨਾ ਆਈ। ਮਹਾਂਪੁਰਖਾਂ ਦੀ ਤਪੱਸਿਆ ਦਾ ਪ੍ਰਭਾਵ ਅੰਗਰੇਜ਼ਾਂ ਦੇ ਮਨਾਂ ਤੇ ਵੀ ਪਿਆ। ਉਹ ਵੀ ਗੁਰੂ ਨਾਨਕ ਦੇਵ ਜੀ ਦੇ ਘਰ ਦੇ ਸਾਧਕ ਬਣ ਗਏ ਤੇ ਮਹਾਂਪੁਰਸ਼ਾਂ ਨੂੰ ਪਾਦਰੀ ਕਹਿ ਕੇ ਯਾਦ ਕਰ ਲੱਗ ਪਏ।

॥ਸਲੋਕੁ॥ ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ ॥

ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟੇ ਨਿਤ ਨੀਤ ॥ ੧ ॥( ਪੰਨਾਂ 258)

ਸੰਤ ਬਾਬਾ ਜਵਾਲਾ ਸਿੰਘ ਜੀ ਵੀ ਕੋਤਲਮਾਰੇ ਮੋਰਚੇ ਵਿੱਚ ਆਪਣੇ ਜੱਥੇ ਸਮੇਤ ਗਏ ਸਨ। ਮਹਾਂਪੁਰਸ਼ ਜਿੱਥੇ ਵੀ ਜਾਣ, ਮਹਾਂਪੁਰਸ਼ਾਂ ਵਾਲੇ ਕਾਰਜ ਹੁੰਦੇ ਸਨ। ਲੜਾਈਆਂ ਨਿਰਾਂ ਹਥਿਆਰ ਜਾਂ ਬਾਹੂ ਬਲ ਨਾਲ ਨਹੀਂ ਲੜੀਆਂ ਜਾਂਦੀਆਂ ਪ੍ਰਮੇਸਰ ਦੀ ਓਟ ਵੀ ਬੜੀ ਸ਼ੈ ਹੈ। ਯੋਰਸੁਲਮ ਵਿੱਚ 47 ਸਿੱਖ ਰਜਮੈਂਟ ਵਲੋਂ ਲੜਾਈ ਦੀ ਜਿੱਤ ਵਾਸਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਅਕਾਲੀ ਬਾਣੀ ਦਾ ਅਖੰਡ ਪਾਠ ਵਿਧੀ ਪੂਰਬਕ ਪ੍ਰਾਰੰਭ ਕੀਤਾ ਗਿਆ। ਜੰਗ ਹੋਣ ਕਰਕੇ ਬਲੈਕ ਆਊਟ ਸੀ ।ਰਾਤ ਨੂੰ ਅਖੰਡ ਪਾਠ ਕਰਨ ਲਈ ਦੀਵੇ ਜਗਾਏ ਜਾਂਦੇ ਸਨ।ਇਹ ਰਿਪੋਰਟ (ਸ਼ਿਕਾਇਤ) ਪਲਟਨ ਦੇ ਸੀ.ਓ. ਪਾਸ ਪੁਜ ਗਈ ਉਸ ਨੇ ਕਿਹਾ ਰਾਤ ਨੂੰ ਜੋਤਾਂ ਨਹੀਂ ਜਗਣੀਆਂ ਚਾਹੀਦੀਆਂ, ਖਤਰੇ ਵਾਲੀ ਗੱਲ ਹੈ। ਅਖੀਰ ਲੈਫਟੀਨੈਂਟ ਜਰਨਲ ਕੋਲ ਵੀ ਸ਼ਿਕਾਇਤ ਪੁੱਜੀ।ਇੱਧਰ ਮਹਾਂਪੁਰਸ਼ਾਂ ਨੇ ਲਾਈਟ ਬੰਦ ਨਾ ਹੋਣ ਦਿੱਤੀ । ਇਤਨੇ ਨੂੰ ਜਰਨਲ ਸਟਾਫ ਸਮੇਤ ਪੁੱਜ ਗਿਆ। ਸੰਤਾਂ ਨੂੰ ਬੁਲਾਇਆ ਮਹਾਂਪੁਰਸ਼ਾਂ ਨੇ ਕਿਹਾ ਕਿ ਅਸੀਂ ਤਾਂ ਇਹ ਸਭ ਕੁਝ ਜੰਗ ਦੀ ਜਿੱਤ ਵਾਸਤੇ ਹੀ ਕਰ ਰਹੇ ਹਾਂ। ਤੁਹਾਨੂੰ ਨਹੀਂ ਮਨਜ਼ੂਰ ਤਾਂ ਬਾਣੀ ਦਾ ਪਾਠ ਬੰਦ ਕਰ ਦਿਉ। ਕੁਝ ਸੋਚਣ ਤੋਂ ਬਾਅਦ ਜਰਨਲ ਸਾਹਿਬ ਨੇ ਕਿਹਾ ਕਿ ਸਾਨੂੰ ਤਾਂ ਜਿੱਤ ਚਾਹੀਦੀ ਹੈ। ਮਹਾਂਪੁਰਸ਼ਾਂ ਨੇ ਕਿਹਾ ਇਸੇ ਤਰ੍ਹਾ ਰੌਸ਼ਨੀ ਜਾਗਣ ਦਿਉ। ਇਧਰ ਪਾਠ ਦਾ ਭੋਗ ਪਿਆ ਉਧਰ ਜਿੱਤ ਦੇ ਨਗਾਰੇ ਵੱਜ ਗਏ। ਸਾਰੇ ਅਫਸਰਾਂ ਨੇ ਮਹਾਂਪੁਰਸ਼ਾਂ ਦਾ ਧੰਨਵਾਦ ਕੀਤਾ ਪ੍ਰਸ਼ਾਦ ਵੰਡੇ। ਜਿੱਤ ਪ੍ਰਭੂ ਦੀ ਬਖਸ਼ਿਸ਼ ਹੈ।

ਪੱਛਮੀ ਲੋਕ ਤਕਰੀਬਨ ਮਾਸ ਸ਼ਰਾਬ ਦੇ ਆਦੀ ਹਨ। ਮਹਾਂਪੁਰਸ਼ਾਂ ਦੀ ਸੰਗਤ ਕਰਕੇ ਤਕਰੀਬਨ ਸਿੱਖ ਪਲਟਨਾਂ ਅੰਮ੍ਰਿਤਧਾਰੀ ਹੋ ਗਈਆਂ ਸਨ। ਮਾਸਾਹਾਰੀ ਅਫਸਰਾਂ ਨੇ ਸ਼ਿਕਾਇਤਾਂ ਕੀਤੀਆਂ ਕਿ ਇਹ ਸ਼ਾਕਾਹਾਰੀ ਮਾਸਾਹਾਰੀਆਂ ਨਾਲ ਮੁਕਾਬਲਾ ਕਿਵੇਂ ਕਰਨਗੇ। ਜਰਨਲ ਸਾਹਿਬ ਨੇ ਸੰਤਾਂ ਨੂੰ ਇਸ ਪ੍ਰਸ਼ਨ ਦਾ ਉਤਰ ਪੁੱਛਿਆ ।

ਮਹਾਂਪੁਰਸ਼ਾਂ ਨੇ ਦੱਸਿਆ ਕਿ ਮਾਸ ਅੰਡਾ ਸ਼ਰਾਬ ਤੰਮਾਕੂ ਇਨਸਾਨ ਦੇ ਜਤ ਸਤ ਦਾ ਨਾਸ ਕਰਨ ਵਾਲੇ ਹਨ। ਬਿਕਾਰੀ ਆਦਮੀ ਦੀ ਆਤਮਾ ਦੁਰਬਲ ਹੁੰਦੀ ਹੈ ਜਦੋਂ ਇਨਸਾਨ ਆਹਾਰ ਸ਼ੁੱਧ ਖਾਂਦਾ ਹੈ ਬਿਰਤੀ ਸਤੋ ਗੁਣ ਹੋ ਕੇ ਸਿਮਰਨ ਵਿੱਚ ਜੁੜਦੀ ਹੈ। ਨਾਮ ਦੇ ਅਭਿਆਸ ਤੋਂ ਆਤਮਾ ਬਲਵਾਨ ਹੋ ਕੇ ਨਿਰਭੈਤਾ ਨੂੰ ਪ੍ਰਾਪਤ ਕਰਦੀ ਹੈ। ਨਿਰਭੈ ਆਦਮੀ ਇੱਜ਼ਤ ਨੂੰ ਪ੍ਰਾਪਤ ਕਰਦਾ ਹੈ, ਤਾਂ ਜਰਨਲ ਸਾਹਿਬ ਨੇ 47 ਸਿੱਖ ਰਜਮੈਂਟ ਦੇ ਸੀ.ਓ. ਨੂੰ ਹੁਕਮ ਦਿੱਤਾ ਕਿ ਪਾਦਰੀ ਸਾਹਿਬ ਜੋ ਕਹਿੰਦੇ ਹਨ ਪ੍ਰਤੱਖ ਕਰਵਾਇਆ ਜਾਏ। ਸੋ ਇੱਕ ਪਾਸੇ ਮਹਾਂਪੁਰਸ਼ਾਂ ਦੇ ਨਾਮ ਅਭਿਆਸੀ ਅੰਮ੍ਰਿਤਧਾਰੀ ਸ਼ਾਕਾਹਾਰੀ, ਦੂਸਰੇ ਪਾਸੇ ਮਾਸਾਹਾਰੀ ਜਵਾਨ ਮੋਰਚੇ ਲਾ ਕੇ ਆ ਗਏ। ਮੁਕਾਬਲਾ ਹੋਇਆ ਗੁਰੂ ਕਿਰਪਾ ਨਾਲ ਨਾਮ ਅਭਿਆਸੀ ਸ਼ਾਕਾਹਾਰੀਆਂ ਦੀ ਜਿੱਤ ਹੋਈ। ਜਰਨਲ ਸਾਹਿਬ ਨੂੰ ਯਕੀਨ ਹੋ ਗਿਆ ਕਿ ਜਿੱਤ ਸ਼ਰਾਬ ਮਾਸ ਦੀ ਨਹੀਂ ਬਲ ਕਿ ਨਾਮ ਅਭਿਆਸ ਵਿੱਚ ਰੰਗ ਰੱਤੜੇ ਪ੍ਰੇਮੀਆਂ ਦੇ ਆਤਮਾ ਬਲ ਵਿੱਚ ਹੈ। ਜਰਨਲ ਸਾਹਿਬ ਨੇ ਪਾਦਰੀ ਸਾਹਿਬ ਸੰਤ ਜਵਾਲਾ ਸਿੰਘ ਜੀ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਆਪ ਜੈਸੇ ਪਾਦਰੀਆਂ ਦੀ ਕ੍ਰਿਪਾ ਨਾਲ ਸਾਡੀ ਸ਼ਾਨਦਾਰ ਜਿੱਤ ਹੋਈ ਹੈ।

**(ਸਵੈਯਾ) ਕ੍ਰਿਸ਼ਨਾਵਤਾਰ**

ਧੰਨ ਜੀਓ ਤਿਹ ਕੋ ਜਗ ਮੈ , ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ ॥

ਦੇਹ ਅਨਿੱਤ ਨ ਨਿੱਤ ਰਹੈ , ਜਸੁ ਨਾਵ ਚੜੈ ਭਵ ਸਾਗਰ ਤਾਰੈ ॥

ਧੀਰਜ ਧਾਮ ਬਨਾਇ ਇਹੈ ਤਨ , ਬੁਧਿ ਸੁ ਦੀਪਕ ਜਿਉ ਉਜੀਆਰੈ ॥

ਗਿਆਨਹਿ ਕੀ ਬਢਨੀ ਮਨਹੁ ਹਾਥ ਲੈ, ਕਾਤਰਤਾ ਕੁਤਬਾਰ ਬੁਹਾਰੈ॥੨੪੯੨॥੫੧੪॥

(ਅੰ:ਕੀਰਤਨ 299)

(ਅਕਾਲ ਉਸਤਤਿ)

ਆਸੁਰੀ ਬਿਹੰਡਣ ਦੁਸ਼ਟ ਨਿਕੰਦਣ, ਪੁਸਟ ਉਦੰਡਣ ਰੂਪ ਅਤੇ ॥

ਚੰਡਾਸੁਰ ਚੰਡਣ, ਮੁੰਡ ਬਿਹੰਡਣ, ਧੂਮ੍ਰ ਬਿਧੁੰਸਣ ਮਹਖ ਮਤੇ ॥

ਦਾਨਵ ਪ੍ਰਹਾਰਨ ਨਰਕ ਨਿਵਾਰਨ, ਅਧਮ ਉਧਾਰਨ ਉਰਧ ਅਧੇ ॥

ਜੈ ਜੈ ਹੋਸੀ ਮਹਖਾਸੁਰਿ ਮਰਦਨ ,ਰੰਮਕ ਪ੍ਰਦਨ ਆਦਿ ਬ੍ਰਿਤੇ ॥2॥21॥(ਅੰ: ਕੀਰਤਨ 298)

## ਦੇਸ਼ ਪਰਤਣਾਂ

1915 ਈਸਵੀ ਵਿੱਚ ਪਹਿਲੀ ਵਿਸ਼ਵ ਜੰਗ ਕੁਝ ਅਹਦਿਨਾਮਿਆ ਕਰਕੇ ਕੁਝ ਦਿਨਾਂ ਲਈ ਰੁਕ ਗਈ। ਭਾਰਤੀ ਫੌਜਾਂ ਨੂੰ ਦੇਸ਼ ਪਰਤਣ ਦੇ ਹੁਕਮ ਹੋ ਗਏ। ਜੰਗ ਮੁੱਕਣ ਤੇ ਸਾਰੇ ਫੌਜੀਆਂ ਨੇ ਜਸ਼ਨ ਮਨਾਏ। ਦੀਪਮਾਲਾ ਕੀਤੀਆਂ। ਆਪੋ ਆਪਣੇ ਧਰਮ ਅਸਥਾਨਾਂ ਤੇ ਖੁਸ਼ੀਆਂ ਕੀਤੀਆਂ, ਪ੍ਰਸ਼ਾਦ ਵੰਡੇ। ਅਕਾਲ ਪੁਰਖ ਦਾ ਧੰਨਵਾਦ ਕੀਤਾ ਅਤੇ ਤਿਆਰੀਆਂ ਹੋਈਆਂ ਸੰਤਾਂ ਵਾਲਾ ਬੇੜਾ ਵੀ ਫਰਾਂਸ ਦੀ ਮਾਰਸ਼ਲ ਬੰਦਰਗਾਹ ਤੇ ਲਿਆਂਦਾ ਗਿਆ। ਸੰਤ ਪਲਟਨ ਸਮੇਤ 15 ਨਵੰਬਰ 1916 ਈ: ਨੂੰ ਜਹਾਜ਼ ਚੜ੍ਹ ਗਏ। ਇਸੇ ਜਹਾਜ਼ ਵਿੱਚ ਸੰਤ ਮਿਹਰ ਸਿੰਘ ਜੀ ਦੀ ਪਲਟਨ ਸੀ । ਦੋਹਾਂ ਗੁਰਭਾਈਆਂ ਨੇ ਸਫ਼ਰ ਦੀ ਨਿਰਵਿਘਨਤਾ ਲਈ ਜਹਾਜ਼ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰ ਦਿੱਤੇ। ਪਹਿਲੇ ਪਾਠ ਦਾ ਭੋਗ ਪਿਆ ਤੇ ਦੂਸਰੇ ਪਾਠ ਦਾ ਆਰੰਭ ਕਰ ਦਿੱਤਾ। ਚੌਥੇ ਦਿਨ ਸਮੁੰਦਰ ਵਿੱਚ ਤੂਫਾਨ ਆ ਗਿਆ। ਜਹਾਜ਼ ਡੱਕੇ ਡੋਲੇ ਖਾਣ ਲੱਗ ਪਿਆ। ਸਾਰੇ ਉਦਾਸ ਹੋ ਗਏ ਮਹਾਂਪੁਰਸ਼ਾਂ ਨੂੰ ਬੇਨਤੀ ਕੀਤੀ। ਮਹਾਂਪੁਰਸ਼ਾਂ ਨੇ ਫੁਰਮਾਇਆ ਵਾਹਿਗੁਰੂ ਭਲੀ ਕਰਨਗੇ। ਪਾਠ ਇਸੇ ਲਈ ਜਾਰੀ ਕੀਤੇ ਹਨ ਕਿ ਇਹ ਜਹਾਜ਼ ਸਹੀ ਸਲਾਮਤ ਹਿੰਦੁਸਤਾਨ ਪੁੱਜ ਜਾਵੇ। ਸਾਰੇ ਮਹਾਂਪੁਰਸ਼ਾਂ ਦੇ ਕਰਿਸ਼ਮਿਆਂ ਤੋਂ ਵਾਕਿਫ ਸਨ ਦੋ ਦਿਨ ਜਹਾਜ਼ ਡੱਕੇ ਡੋਲੇ ਖਾਂਦਾ ਰਿਹਾ। ਉਪਰੰਤ ਕਰਤਾਰ ਦੀ ਕ੍ਰਿਪਾ ਨਾਲ ਸੰਕਟ ਟਲ ਗਿਆ। ਸਾਰੇ ਹੀ ਫੌਜੀਆਂ ਦੇ ਮਨਾਂ ਵਿੱਚ ਸੰਤਾਂ ਲਈ ਹੋਰ ਵੀ ਸ਼ਰਧਾ ਵਧ ਗਈ। ਤਕਰੀਬਨ 1 ਜਨਵਰੀ 1917 ਈਸਵੀ ਨੂੰ ਜਹਾਜ਼ ਬੰਬਈ ਬੰਦਰਗਾਹ ਤੇ ਸਹੀ ਸਲਾਮਤ ਪੁੱਜ ਗਿਆ । ਇੱਥੇ ਪਹੁੰਚ ਕੇ ਸਾਰੇ ਜਵਾਨ ਆਪੋ ਆਪਣੀ ਪਲਟਨਾਂ ਵਿੱਚ ਆ ਗਏ। ਮਹਾਂਪੁਰਸ਼ ਵੀ 35 ਸਿੱਖ ਰਜਮੈਂਟ ਪਸ਼ੌਰ ਛਾਉਣੀ ਵਿੱਚ ਪਹੁੰਚ ਗਏ। ਮਹਾਂਪੁਰਸ਼ ਇਰਾਦੇ ਦੇ ਦ੍ਰਿੜ ਹੁੰਦੇ ਹਨ ।ਪ੍ਰਭੂ ਦੀ ਬੰਦਗੀ ਨਾਲ ਹਰ ਥਾਂ ਇਕਬਾਲ ਪ੍ਰਾਪਤ ਕਰਦੇ ਹਨ।

**ਧਨਾਸਰੀ ਮਹਲਾ ੫ ਘਰੁ ੮ ਦੁਪਦੇ ੧ੴ ਸਤਿਗੁਰ ਪ੍ਰਸਾਦਿ**

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮਾਲੇ ॥

ਇਹ ਲੋਕਿ ਪਰਲੋਕਿ ਸੰਗ ਸਹਾਈ ਜਤ ਕਤ ਮੋਹਿ ਰਖਵਾਲੇ ॥ ੧ ॥ (ਪੰਨਾਂ 679)

## ਅਧਿਆਇ 9

# ਹੋਤੀ ਮਰਦਾਨ ਜਾਣਾਂ ਤੇ ਨੌਕਰੀ ਤਿਆਗ

ਨਗਰਵਾ ਹਮੇਂ ਨ ਭਾਵੈ ॥ ਸਾਂਈ ਕੀ ਨਗਰੀ ਅਤਿ ਸੁੰਦਰ

ਜਹਾਂ ਕੋਈ ਆਵੇ ਨਾ ਜਾਵੇ ॥ ਚਾਂਦ ਸੂਰਜ ਜਹਾਂ ਪਉਣ ਨ ਪਾਣੀ

ਕੋਈ ਸੰਦੇਸ਼ ਪਹੁੰਚਾਵੈ ॥ ਦਰਦ ਇਹ ਸਾਂਈ ਕੋ ਸੁਨਾਵੈ ॥ (ਭਗਤ ਕਬੀਰ ਜੀ)

ਸੰਤ ਜਵਾਲਾ ਸਿੰਘ ਜੀ ਦਾ ਮਨ ਮਹਾਂਪੁਰਸ਼ਾਂ ਦੇ ਦਰਸ਼ਨਾਂ ਲਈ ਬਿਹਬਲ ਹੋ ਉਠਿਆ। ਸਾਰੇ ਫੌਜੀਆਂ ਨੂੰ ਛੁੱਟੀਆਂ ਹੋਈਆਂ ਉਹ ਆਪੋ ਆਪਣੇ ਪਰਿਵਾਰਾਂ ਨੂੰ ਮਿਲਣ ਗਏ ਪਰੰਤੂ ਸੰਤ ਜਵਾਲਾ ਸਿੰਘ ਸਾਰੇ ਬੰਧਨ ਤੋੜ ਕੇ ਇਕ ਨਾਲ ਜੋੜਨ ਵਾਲੇ ਮੁਰਸ਼ਦ ਬਾਬਾ ਆਇਆ ਸਿੰਘ ਜੀ ਪਾਸ ਆ ਗਏ। ਆਪਣੀ ਤਨਖਾਹ ਭੇਟ ਚੜ੍ਹਾਈ। ਮਹਾਂਪੁਰਸ਼ਾਂ ਨੇ ਕਿਹਾ ਕਿ ਇਹ ਮਾਇਆ ਆਪਣੇ ਮਾਤਾ ਪਿਤਾ ਨੂੰ ਦਿਉ। ਸੰਤਾਂ ਨੇ ਕਿਹਾ ਕਿ ਹੁਣ ਤਾਂ ਮੇਰੇ ਮਾਤਾ ਪਿਤਾ ਆਪ ਹੀ ਹੋ। ਸੱਤ ਦਿਨ ਮਹਾਂਪੁਰਸ਼ਾਂ ਦੀ ਅਰਦਲ ਵਿਚ ਸੇਵਾ ਕਰਕੇ ਖੁਸ਼ੀਆਂ ਪ੍ਰਾਪਤ ਕੀਤੀਆਂ ਅਤੇ ਫੌਜ ਵਿੱਚੋਂ ਨਾਮ ਕਟਵਾਉਣ ਲਈ ਅਰਜ਼ ਕੀਤੀ। ਮਹਾਂਪੁਰਸ਼ਾਂ ਨੇ ਬੇਨਤੀ ਪ੍ਰਵਾਨ ਕਰ ਲਈ ਅਤੇ ਕਿਹਾ ਕਿ ਤੁਹਾਡਾ ਸਮਾਂ ਸੰਗਤ ਦੀ ਸੇਵਾ ਕਰਨ ਦਾ ਆ ਗਿਆ ਹੈ।ਆਪ ਸੁਤੰਤਰ ਹੋ, ਬਸ ਮੁਰਸ਼ਦ ਦੀ ਆਗਿਆ ਦਰਗਾਹੀ ਹੁਕਮ ਸੀ ਕਿ ਆਪ ਆਪਣੀ ਪਲਟਨ ਵਿੱਚ ਆ ਗਏ ਤੇ ਸੂਬੇਦਾਰ ਮੇਜਰ ਜੀ ਪਾਸ ਨਾਮ ਕਟਾਉਣ ਲਈ ਅਰਜ਼ੀ ਦਿੱਤੀ। ਸੂਬੇਦਾਰ ਮੇਜਰ ਨੇ ਬੜੇ ਲਾਲਚ ਦਿੱਤੇ ਪਰੰਤੂ ਆਪ ਨੇ ਸਾਰੇ ਪ੍ਰਲੋਭਨ ਤਿਆਗ ਦਿੱਤੇ ਨਾਮ ਕਟਵਾ ਕੇ ਫੌਜ ਦੇ ਗੁਰਦੁਆਰੇ ਵਿੱਚ ਅਖੰਡ ਪਾਠ ਕਰਵਾ ਕੇ ਲੰਗਰ ਦੀਵਾਨ ਅੰਮ੍ਰਿਤ ਸੰਚਾਰ ਕਰਵਾਏ। ਸਾਰੇ ਫੌਜੀ ਵੀਰਾਂ ਨੂੰ ਗੁਰਮਤਿ ਮਰਯਾਦਾ ਤੇ ਚੱਲਣ ਦਾ ਉਪਦੇਸ਼ ਦਿੱਤਾ। ਵਿਛੋੜਾ ਬਹੁਤ ਅਸਹਿ ਤੇ ਅਕਹਿ ਸੀ। ਸਾਰੇ ਫੌਜੀ, ਸੰਤਾਂ ਨੂੰ ਗਲਵੱਕੜੀਆਂ ਪਾ ਪਾ ਕੇ ਮਿਲੇ ਤੇ ਬਹੁਤ ਹੀ ਵਿਰਲਾਪ ਕਰਦੇ ਸਨ। ਮਹਾਂਪੁਰਸ਼ਾਂ ਨੇ ਸਭ ਨੂੰ ਧੀਰਜ ਦਿੱਤੀ ਅਤੇ ਕਿਹਾ ਕਿ ਗੁਰਮਤਿ ਦੇ ਸਿਧਾਂਤਾ ਤੇ ਅਮਲ ਕਰਨਾ, ਗੁਰਬਾਣੀ ਪੜਨੀ,ਨਾਮ ਦੀ ਕਮਾਈ, ਸਤਸੰਗ ਕਰਨਾ, ਕੀਰਤਨ ਕਰਨਾ ਕਰਤਾਰ ਭਲਾ ਕਰੇਗਾ। ਬੈਂਡ ਵਾਜਿਆਂ ਨਾਲ ਸੰਤਾਂ ਨੂੰ ਵਿਦਾਇਗੀ ਦਿੱਤੀ। ਵੱਡੇ ਤੋਂ ਵੱਡੇ ਅਫਸਰਾਂ ਨੇ ਖਿਮਾਂ ਮੰਗੀ ਤੇ ਕਿਹਾ ਕਿ ਆਪ ਮਹਾਂਪੁਰਸ਼ਾਂ ਸੀ, ਨੌਕਰੀ ਕਰਕੇ ਅਸੀਂ ਆਪਦਾ ਸਤਿਕਾਰ ਪੂਰੇ ਤਰੀਕੇ ਨਾਲ ਨਿਭਾ ਨਹੀਂ ਸਕੇ। ਮਹਾਂਪੁਰਸ਼ਾਂ ਨੇ ਕਿਹਾ ਕਿ ਪ੍ਰੇਮ ਵਿੱਚ ਦੋਖ ਦ੍ਰਿਸ਼ਟੀ ਨਹੀਂ ਹੁੰਦੀ। ਸਾਰਿਆਂ ਦੇ ਨੇਤਰ ਸਜਲ ਸਨ। ਪਰੰਤੂ ਮਹਾਂਪੁਰਸ਼ਾਂ ਦੇ ਸੰਕਲਪ ਅੱਗੇ ਕੋਈ ਵੀ ਕੁਝ ਨਹੀਂ ਸੀ ਕਰ ਸਕਦਾ। ਆਪ ਜੀ ਨੇ ਖੁਸ਼ੀ-ਖੁਸ਼ੀ ਸਭ ਤੋਂ ਵਿਦਾਇਗੀ ਲਈ ਅਤੇ ਕਿਹਾ ਕਿ ਮੈਂ ਆਪ ਦਾ ਛੋਟਾ ਵੀਰ ਸਾਂ ਤੁਸੀਂ ਭਾਂਵੇ ਮੈਨੂੰ ਮਹਾਂਪੁਰਸ਼ ਜਾਣਦੇ, ਸਤਿਕਾਰ ਪਿਆਰ ਬਖਸ਼ਦੇ ਰਹੇ ਹੋ। ਸੇਵਾ ਵਿੱਚ ਕੋਈ ਤਰੁੱਟੀ ਰਹਿ ਗਈ ਹੋਵੇ ਜਾਂ ਸਾਡੇ ਵੱਲੋਂ ਕਿਸੇ ਵੀ ਵੀਰ ਦਾ ਦਿਲ ਦੁਖਿਆ ਹੋਵੇ ਖਿਮਾਂ ਕਰਨੀ। ਮੈਂ ਅੱਗੇ ਵੀ ਆਪ ਜੀ ਦਾ ਦਾਸ ਸੀ ਹੁਣ ਵੀ ਰਹਾਂਗਾ। ਅਰਦਾਸ ਕਰਨੀ ਕਿ ਬਾਬਾ ਆਇਆ ਸਿੰਘ ਜੀ ਨਾਲ ਸਾਡੀ ਪ੍ਰੀਤ ਨਿਭ ਜਾਵੇ। ਅੱਗੇ ਫੌਜੀ ਵੀਰਾਂ ਦੇ ਨਾਮ ਨੂੰ ਉਨ੍ਹਾ ਦੀ ਆਗਿਆ ਮੰਨ ਕੇ ਸਾਰੇ ਸੰਸਾਰ ਤੇ ਰੌਸ਼ਨ ਕਰ ਸਕਾਂ।ਕਿ ਇੱਕ ਫੌਜੀ ਜਵਾਨ ਜਵਾਲਾ ਸਿੰਘ ਨੇ ਕਿਸ ਤਰ੍ਹਾਂ ਮਹਾਂਪੁਰਸ਼ਾਂ ਤੋਂ ਅਗੰਮੀ ਬਖਸ਼ਿਸ਼ ਪ੍ਰਾਪਤ ਕੀਤੀ ਹੈ ਮੈਂ ਤੁਹਾਡਾ ਹਾਂ ਤੁਸੀਂ ਮੇਰੇ ਹੋ ਆਪਣੇ ਦੀ ਲਾਜ ਨਿਭਾਉਣੇ ਦੀ ਅਰਦਾਸ ਕਰਿਉ ਤੁਹਾਡਾ ਸਦਾ ਰਿਣੀ ਰਹਾਂਗਾ। ਮਹਾਂਪੁਰਸ਼ਾਂ ਦੇ ਨਿਮਰਤਾ ਭਰੇ ਵਾਕ ਸਾਰਿਆਂ ਦੇ ਹਿਰਦਿਆਂ ਨੂੰ ਸਾਬਣ ਵਾਂਗੂ ਚੀਰ ਕੇ ਰੱਖ ਗਏ। ਪਰ ਕਾਦਰ ਦੀ ਕੁਦਰਤ ਅੱਗੇ ਬੇਵੱਸ ਸਨ। ਕਈਆਂ ਨੇ ਸੰਤਾਂ ਨਾਲ ਹੀ ਫੌਜ ਵਿੱਚੋਂ ਨਾਮ ਕਟਵਾ ਕੇ ਹੋਤੀ ਮਰਦਾਨ ਸੰਤਾਂ ਨਾਲ ਰਹਿਣ ਦੀ ਪ੍ਰਤੱਗਿਆ ਕਰ ਲਈ।

ਗਉੜੀ ਮਾਝ ਮਹਲਾ ੪

ਮੈ ਹਰਿ ਨਾਮੈ ਹਰਿ ਬਿਰਹੁ ਲਗਾਈ ਜੀਉ ॥ ਮੇਰਾ ਹਰਿ ਪ੍ਰਭੁ ਮਿਤੁ ਮਿਲੈ ਸੁਖੁ ਪਾਈ ਜੀਉ ॥ ਹਰਿ ਪ੍ਰਭੁ ਦੇਖਿ ਜੀਵਾ ਮੇਰੀ ਮਾਈ ਜੀਉ ॥ ਮੇਰਾ ਨਾਮੁ ਸਖਾ ਹਰਿ ਭਾਈ ਜੀਉ ॥ ੧ ॥ ਗੁਣ ਗਾਵਹੁ ਸੰਤ ਜੀਉ ਮੇਰੇ ਹਰਿ ਪ੍ਰਭ ਕੇਰੇ ਜੀਉ ॥ ਜਪਿ ਗੁਰਮੁਖਿ ਨਾਮੁ ਜੀਉ ਭਾਗ ਵਡੇਰੇ ਜੀਉ ॥ ਹਰਿ ਹਰਿ ਨਾਮੁ ਜੀਉ ਪ੍ਰਾਨ ਹਰਿ ਮੇਰੇ ਜੀਉ ॥

ਫਿਰਿ ਬਹੁੜਿ ਨ ਭਵਜਲ ਫੇਰੇ ਜੀਉ ॥ ੨ ॥ ਕਿਉ ਹਰਿ ਪ੍ਰਭ ਵੇਖਾ ਮੇਰੈ ਮਨਿ ਤਨਿ ਚਾਉ ਜੀਉ ॥ ਹਰਿ ਮੇਲਹੁ ਸੰਤ ਜੀਉ ਮਨਿ ਲਗਾ ਭਾਉ ਜੀਉ ॥ ਗੁਰ ਸਬਦੀ ਪਾਈਐ ਹਰਿ ਪ੍ਰੀਤਮ ਰਾਉ ਜੀਉ ॥ ਵਡਭਾਗੀ ਜਪਿ ਨਾਉ ਜੀਉ ॥ ੩ ॥ ਮੇਰੈ ਮਨਿ ਤਨਿ ਵਡੜੀ ਗੋਵਿੰਦ ਪ੍ਰਭ ਆਸਾ ਜੀਉ ॥ ਹਰਿ ਮੇਲਹੁ ਸੰਤ ਜੀਉ ਗੋਵਿਦ ਪ੍ਰਭ ਪਾਸਾ ਜੀਉ ॥ ਸਤਿਗੁਰ ਮਤਿ ਨਾਮੁ ਸਦਾ ਪਰਗਾਸਾ ਜੀਉ ॥ ਜਨ ਨਾਨਕ ਪੂਰਿਅੜੀ ਮਨਿ ਆਸਾ ਜੀਉ ॥ ੪ ॥ ੫ ॥ ੩੧ ॥ ੬੯ ॥ (ਪੰਨਾ ੧੭੫)

<u>ਹਾਫਜ਼ ਸਾਹਿਬ ਫੁਰਮਾਂਉਦੇ ਹਨ</u> ਕਿ ਤੂੰ ਤਰ ਅੱਖਾਂ ਤੋਂ ਹੰਝੂਆਂ ਦੇ ਮੋਤੀ ਵਰਸਾ ਸ਼ਾਇਦ ਇਹ ਵਸਲ (ਮਿਲਾਪ) ਰੂਪੀ ਰਾਜ ਹੰਸ, ਇਨ੍ਹਾਂ ਮੋਤੀਆਂ ਨੂੰ ਦੇਖ ਕੇ ਤੇਰੇ ਪਿਆਰ ਦੇ ਜਾਲ ਵਿੱਚ ਆ ਫਸਣ ਦਾ ਇਰਾਦਾ ਕਰੇ।

<u>ਮੌਲਵੀ ਰੂਮ ਸਾਹਿਬ ਫੁਰਮਾਂਉਦੇ ਹਨ</u> ! ਕਾਸ਼ ! ਮੈਂ ਪ੍ਰਮਾਤਮਾ ਦੀ ਪ੍ਰਾਪਤੀ ਲਈ ਇੰਨਾਂ ਰੋਂਦਾ ਕਿ ਹੰਝੂਆਂ ਦਾ ਦਰਿਆ ਵਗ ਜਾਂਦਾ ਤੇ ਮੇਰਾ ਹਰ ਹੰਝੂ ਪ੍ਰਮਾਰਥ ਦਾ ਮੋਤੀ ਬਣ ਜਾਂਦਾ।ਮੈਂ ਉਨ੍ਹਾਂ ਮੋਤੀਆਂ ਨੂੰ ਪ੍ਰੀਤਮ ਪਰ ਕੁਰਬਾਨ ਕਰ ਦਿੰਦਾ।

ਸੋ ਸੰਤ ਮਹਾਂਪੁਰਸ਼ਾਂ ਨੇ ਜਨਵਰੀ ਦੇ ਆਦਿ ਵਿੱਚ 1917 ਈਸਵੀ ਨੂੰ ਨਾਮ ਕਟਵਾ ਕੇ ਹੋਤੀ ਮਰਦਾਨ ਸੰਤ ਬਾਬਾ ਆਇਆ ਸਿੰਘ ਜੀ ਦੀ ਸ਼ਰਣ ਗ੍ਰਹਿਣ ਕਰ ਲਈ ਸੀ ਅਤੇ ਆਪ ਜੀ 1917 ਤੋਂ 1918 ਈਸਵੀ ਤੱਕ ਹੋਤੀ ਮਰਦਾਨ ਗੁਰੂ ਨਾਨਕ ਦੇ ਦਰਬਾਰ ਮਹਾਂਪੁਰਸ਼ਾਂ ਦੀ ਅਰਦਲ ਵਿੱਚ ਰਹਿ ਕੇ ਹੁਕਮੀ ਸੇਵਾ ਉਸ ਵਕਤ ਤੀਕ ਕਰਦੇ ਰਹੇ ਜਦ ਤਕ ਮਹਾਂਪੁਰਸ਼ਾਂ ਨੇ ਪ੍ਰਵਾਨਗੀ ਦੇ ਹੁਕਮ ਨਾ ਦਿੱਤੇ। (ਬਿਰਹੇ ਵਿੱਚ ਕੁਠੇ)

### ਕਬਿੱਤ ਭਾਈ ਗੁਰਦਾਸ ਜੀ (ਅੰ:ਕੀਰਤਨ ਪੰਨਾਂ 634)

ਗੁਰਸਿੱਖ ਸਾਧ ਸੰਗਿ ਰੰਗ ਮੈਂ ਰੰਗੀਲੇ ਭਏ ਬਾਰਨੀ ਬਿਗੰਧ ਗੰਗ ਸੰਗ ਮਿਲੇ ਗੰਗ ਹੈ॥

ਸੁਰਸਰੀ ਸੰਗਮ ਹ੍ਵੈ ਪ੍ਰਬਲ ਪ੍ਰਵਾਹਿ ਲਿਵ ਸਾਗਰ ਅਥਾਹ ਸਤਿਗੁਰ ਸੰਗ ਸੰਗ ਹੈ॥

ਚਰਨ ਕਮਲ ਮਕਰੰਦ ਨਿਹਚਲ ਚਿਤ ਦਰਸਨ ਸੋਭਾ ਨਿਧ ਲਹਰ ਤਰੰਗ ਹੈ॥

ਅਨਹਦ ਸਬਦ ਕੈ ਸਰਬ ਨਿਧਾਨ ਦਾਨੁ ਗਯਾਨ ਅੰਸ ਹੰਸ ਗਤਿ ਸੁਮਤਿ ਸ੍ਰਬੰਗ ਹੈ ॥54॥88॥

ਚੰਦਨ ਬ੍ਰਿਛ ਦੇ ਪਾਸ ਰਹਿਣ ਕਰਕੇ ਢਾਕ ਪਲਾਸ ਆਦਿਕ ਵੀ ਚੰਦਨ ਬਣ ਜਾਂਦੇ ਹਨ। ਸੰਗਤ ਦਾ ਅਸਰ ਬੜਾ ਜਬਰਦਸਤ ਹੈ। ਉਹ ਦਰੱਖਤ ਹੀ ਭਲਾ ਹੈ ਜਿਸ ਦਾ ਵਾਸਾ ਚੰਦਨ ਨਾਲ ਆ ਜਾਏ।

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਉ ਢਾਕ ਪਲਾਸ ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥੧੧॥(ਸਲੋਕ ਭਗਤ ਕਬੀਰ ਜੀ ਪੰਨਾਂ 1365)

ਸੰਨ 1917 ਤੋਂ ਲੈ ਕੇ ਆਪ ਜੀ ਬਾਬਾ ਆਇਆ ਸਿੰਘ ਜੀ ਦੀ ਹਜੂਰੀ ਸੇਵਾ ਅਤੇ ਲੰਗਰ ਵਿੱਚ ਹਰ ਪੱਖੋਂ ਕੁਸ਼ਲਤਾ ਨਾਲ ਸੇਵਾ ਨਿਭਾਉਂਦੇ ਹੋਏ ਆਪਣਾ ਰੋਜਾਨਾਂ ਦਾ ਨਿੱਤਨੇਮ ਸਿਮਰਨ ਪੂਰੀ ਵਿਧੀ ਨਾਲ ਨਿਭਾਉਂਦੇ ਸਨ। ਆਪ ਜੀ ਨੇ ਸਦਾ ਇੰਨ੍ਹਾਂ ਵਾਕਾਂ ਨੂੰ ਹਿਰਦੇ ਵਿੱਚ ਧਾਰਨ ਕਰ ਰੱਖਿਆ ਸੀ।

www.archive.org/details/namdhari



॥ਦੋਹਰਾ॥ ਮਿਠਾ ਬੋਲਣ ਨਿਵ ਚਲਣ ਹਥਹੁ ਭੀ ਕਿਛ ਦੇਇ॥

ਰਬ ਤਿਨਾਂ ਦੀ ਬੁਕਲੀ ਜੰਗਲ ਕਿਆ ਢੂੰਢੇਇ ॥

ਆਪ ਜੀ ਦੇ ਮਨ ਵਿੱਚ ਪਿਆਰੇ ਨੂੰ ਮਿਲਣ ਦੀ ਬੜੀ ਤੀਬਰ ਤਾਂਘ ਸੀ। ਖਾਣ ਪੀਣ ਦਾ ਵੀ ਸੰਜਮ, ਯੋਗ ਸਾਧਨ ਦੁਆਰਾ ਸਰੀਰ ਵੀ ਕ੍ਰਿਛ ਹੋ ਚੁੱਕਾ ਸੀ। ਵਾਹਿਗੁਰੂ ਦੇ ਪਿਆਰ ਦੀ ਲਗਨ ਡਾਢੀ ਸੀ।

## ਮਹਾਤਮਾਂ ਚਰਨ ਦਾਸ ਜੀ ਕਥਨ ਕਰਦੇ ਹਨ:-

"ਗਦ ਗਦ ਬਾਣੀ ਕੰਠ ਮੇਂ ਆਸੂ ਟਪਕੇ ਨੈਨ। ਵਹ ਤੋ ਬਿਰਹਨ ਸਿਸਕਤੀ ਤੜਫਤ ਹੈ ਦਿਨ ਰੈਨ॥

ਹਾਇ ਹਾਇ ਹਰਿ ਕਬਿ ਮਿਲੇ ਛਾਤੀ ਫਾਟੀ ਜਾਇ॥ ਐਸਾ ਦਿਨ ਕਬ ਹੋਇਗਾ ਦਰਸ਼ਨ ਕਰੂ ਅਘਾਇ॥

## ਮੀਰਾਂ ਬਾਈ ਨੇ ਵੀ ਆਪਣੇ ਬਿਰਹੇ ਦਾ ਹਾਲ ਇਸ ਤਰ੍ਹਾ ਦੱਸਿਆ ਹੈ:-

(ਨਾ ਤੋ ਨਾਮ ਕਉ ਜੀ ਮੋਸੂ ਤਨਕ ਨਾ ਤੋੜਿਓ ਜਾਇ)

ਪਾਨਾ ਜਿਉ ਪੀਲੀ ਪੜੀ ਰੇ ਲੋਗ ਕਹੇ ਪਿੰਡ ਰੋਗ॥ਛਾਣੇ ਲਾਘਣ ਮੇ ਕਿਆ ਰੇ ਰਾਮ ਮਿਲਨ ਕੇ ਜੋਗ॥

ਬਾਬਲ ਵੈਦ ਬੁਲਾਇਆ ਰੇ ਪਕੜਿ ਦਿਖਾਈ ਮ੍ਹਾਰੀ ਬਾਂਹ॥ਮੂਰਖ ਵੈਦ ਮਰਮ ਨਹ ਜਾਣੇ ਕਰਕ ਕਰੇਜੇ ਮਾਂਹ॥

ਜਾ ਵੈਦਾ ਘਰ ਆਪਣੇ ਰੇ ਮ੍ਹਾਰੋ ਨਾਮ ਨ ਲੇਹ॥ ਮੈਂ ਤੋ ਦਾਝੀ ਬਿਰਹ ਕੀ ਤੂ ਕਾਹੇ ਕੋ ਦਾਰੂ ਦੇਹ॥

ਮਾਂਸ ਗਲ ਗਲ ਛੀਜਿਆ ਰੇ ਕਰਕ ਰਹੀਆ ਗਲ ਆਹ॥ ਆਂਗਲੀਆਂ ਕੀ ਮੂੰਧੜੀ ਮਾਰੇ ਆਵਣਿ ਲਾਗੀ ਬਾਹ॥

ਰਹਿ ਰਹਿ ਪਾਪੀ ਪਪੀਹੜਾ ਰੇ ਪਿਵ ਕਉ ਨਾਮ ਨ ਲੇਹ॥ ਜੇ ਕੋਈ ਬਿਰਹਨ ਸਾਮ੍ਹਲੇ ਤਉ ਪਿਵ ਕਾਰਨ ਜਿਵ ਦੇਹ॥

ਖਿਨ ਮੰਦਿਰ ਖਿਨ ਆਂਗਨੇ ਰੇ ਖਿਨ ਠਾੜ੍ਹੀ ਹੋਇ॥ ਘਾਇਲ ਜਿਉ ਘੂਮੋ ਖੜੀ ਮ੍ਹਾਰੀ ਬ੍ਰਿਥਾ ਨਾ ਬੂਝੈ ਕੋਇ॥

ਕਾੜ੍ਹ ਕਲੇਜਾ ਮੈਂ ਧਰੂੰ ਰੇ ਕਾਗਾ ਤੂੰ ਲੇ ਜਾਹਿ॥ਜਹ ਦੇਸਾਂ ਮ੍ਹਾਰੋ ਪਿਰ ਬਸੇ ਰੇ ਵੈ ਦੇਖੇ ਤੂ ਖਾਹਿ॥

ਮ੍ਹਾਰੇ ਨਾਤੋ ਨਾਮ ਕੋ ਰੇ ਅਉਰ ਨ ਨਾਤੋ ਕੋਇ॥ਮੀਰਾਂ ਬਿਆਕੁਲ ਬਿਰਹਨੀ ਰੇ ਹਰਿ ਦਰਸ਼ਨ ਦੀਜੋ ਮੋਹਿ॥

"ਚਿਤ ਚੜੀ ਮੇਰੇ ਮਾਧਰੂ, ਮੂਰਤ ਉਰ ਵਿਚ ਆਨ ਅੜੀ॥ਕਬ ਕੀ ਠਾੜ੍ਹੀ ਪੰਥ ਨਿਹਾਰੂੰ ਆਪਨੇ ਭਵਨ ਖੜੀ।

ਕੈਸੇ ਪ੍ਰਾਣ ਪੀਆ ਵਿਚ ਰਾਖੂੰ ਜੀਵਨ ਮੂਲ ਜੜੀ॥ਮੀਰਾ ਗਿਰਧਰ ਹਾਥ ਬਿਕਾਨੀ ਲੋਗ ਕਹੇ ਬਿਗੜੀ॥

"ਬਿਰਹਨ ਬੈਠੀ ਰੰਗ ਮਹਲ ਮਹਿ ਮੋਤੀਅਨ ਕੀ ਲੜ ਪੋਵੈ॥ਇਕ ਬਿਰਹਨ ਹਮ ਐਸੀ ਦੇਖੀ ਅੰਸੂਅਨ ਮਾਲਾ ਪੋਵੈ॥

ਤਾਰਾ ਗਿਣ ਗਿਣ ਰੈਣਿ ਬਿਹਾਣੀ ਸੁਖ ਕੀ ਘੜੀ ਕਬ ਆਵੈ।ਮੀਰਾਂ ਕੇ ਪ੍ਰਭ ਗਿਰਧਰ ਨਾਗਰ ਮਿਲਕੇ ਵਿਛੜ ਨ ਜਾਵੈ

"ਜਬ ਸੇ ਤੁਮ ਬਿਛਰੇ ਮੇਰੇ ਪ੍ਰਭ ਜੀ ਕਬਹੂ ਨ ਪਾਇਓ ਚੈਨ।ਸਬਦ ਸੁਨਤ ਮੇਰੀ ਛਤੀਆਂ ਕੰਪੈ ਮੀਠੇ ਲਗੇ ਤੁਮ ਬੈਣ।

ਏਕ ਟਕਟਕੀ ਪੰਥ ਨਿਹਾਰੂੰ ਭਈ ਛਿਮਾਹੀ ਰੈਣ॥ ਬਿਰਹਾ ਬ੍ਰਿਥਾ ਕਾਸ ਕਹੂੰ ਸਜਨੀ ਕਰਵਤ ਵਹ ਗਹੀ ਐਣ॥

ਮੀਰਾਂ ਕੇ ਪ੍ਰਭ ਕਬ ਮਿਲੋਗੇ ਦੁਖ ਮੇਟਨ ਸੁਖ ਦੈਨ॥

## ਸ਼ਾਹ ਹੁਸੈਨ ਵਲੋ:-

ਮਾਸ ਝੜੇ ਝੜ ਪਿੰਜਰ ਹੋਇਆ ਕਣ ਕਣ ਹੋਈਆਂ ਹੱਡੀਆਂ॥

ਇਸ਼ਕ ਛੁਪਾਇਆ ਛੁਪਦਾ ਨਾਂਹੀ ਬਿਰਹੁ ਤਣਾਵਾਂ ਗੱਡੀਆਂ ॥

ਰਾਂਝਾਂ ਜੋਗੀ ਮੈਂ ਜੁਗਿਆਣੀ ਕਮਲੀ ਕਰ ਕਰ ਸਦੀਆਂ ॥

ਕਹੈ ਹੁਸੈਨ ਫਕੀਰ ਸਾਂਈ ਦਾ ਦਾਮਨ ਤੇਰੇ ਲੱਗੀਆਂ ॥

## ਬੁੱਲੇ ਸ਼ਾਹ ਵਲੋਂ:-

ਅਬ ਲਗਨ ਲਗੀ ਕਿਆ ਕਰੀਏ, ਨਾ ਜੀ ਸਕੀਏ ਨਾ ਮਰੀਏ।

ਤੁਮ ਸੁਨੋ ਹਮਾਰੇ ਬੈਨਾ, ਮੁਹਿ ਰਾਤ ਦਿਨੇ ਨਹੀਂ ਚੈਨਾ।

ਹੁਣ ਪੀਆ ਬਿਨ ਪਲਕ ਨਾ ਸਰੀਏ, ਅਬ ਲਗਨ ਲਗੀ ਕਿਆ ਕਰੀਏ।

ਏਹ ਅਗਨਿ ਬਿਰਹੁੰ ਦੀ ਜਾਰੇ , ਕੋਈ ਹਮਰੀ ਤਪਤ ਨਿਵਾਰੇ।

ਬਿਨ ਦਰਸਨ ਕੈਸੇ ਤਰੀਏ , ਅਬ ਲਗਨ ਲਗੀ ਕਿਆ ਕਰੀਏ।

ਬੁਲਾ ਬਣੀ ਮੁਸੀਬਤ ਭਾਰੀ ,ਤੁਮ ਕਰੋ ਹਮਾਰੀ ਕਾਰੀ ।

ਏਹ ਅਜਰ ਕੈਸੇ ਜਰੀਏ, ਅਬ ਲਗਨ ਲਗੀ ਕਿਆ ਕਰੀਏ।

## ਹਾਫਿਜ ਸਾਹਿਬ ਜੀ ਵਿਛੋੜੇ ਦੇ ਤਜਰਬੇ ਦਾ ਕਿਸ ਢੰਗ ਨਾਲ ਬਿਆਨ ਕਰਦੇ ਹਨ:-

ਐ ਲੋਕੋ ਮੇਰੇ ਜਿਹਾ ਰੱਬ ਕਰੇ ਕੋਈ ਬਿਰਹੋਂ ਦੇ ਹੱਥੋਂ ਤੜਪ ਤੜਪ ਕੇ ਬੇਹਾਲ ਨਾ ਹੋਵੇ। ਮੇਰੀ ਸਾਰੀ ਉਮਰ ਹੀ ਵਿਛੋੜੇ ਦੇ ਸਦਮੇ ਵਿੱਚ ਲੰਘ ਗਈ। ਹਾਇ ਜੇ ਵਿਛੋੜਾ ਕਿਤੇ ਮੇਰੇ ਹੱਥ ਚੜ ਜਾਂਦਾ ਤਾਂ ਉਸ ਨੂੰ ਮਾਲਕ ਦੇ ਵਿਛੋੜੇ ਵਿੱਚ ਫਸਾ ਦਿੰਦਾ। ਫਿਰ ਉਸ ਨੂੰ ਵੀ ਮੇਰੇ ਵਿਛੋੜੇ ਦੀ ਸਾਰ ਹੁੰਦੀ। ਉਸ ਦੀਆਂ ਅੱਖਾਂ ਵਿੱਚੋਂ ਵੀ ਮੇਰੀ ਤਰ੍ਹਾਂ ਹੰਝੂਆਂ ਦੀ ਜਗ੍ਹਾਂ ਸੋਜ ਗੁਦਾਜ਼ ਕਰਕੇ ਖੂਨ ਨਿਕਲਦਾ ਪਰ ਅਫਸੋਸ ਮੈਂ ਗ਼ਮ ਮੁਜੱਸਮ (ਦੇਹਧਾਰੀ) ਕਿੱਥੇ ਤੇ ਵਿਛੋੜਾ ਕਿੱਥੇ ਸ਼ਾਇਦ ਮੇਰੀ ਮਾਂ ਨੇ ਮੈਨੂੰ ਬਿਰਹ ਲਈ ਹੀ ਜਨਮ ਦਿੱਤਾ ਸੀ ਹੇ ਮਾਲਕ ਤੇਰੇ ਹੀ ਇਸ਼ਕ ਕਰਕੇ ਮੈ ਬੁਲਬੁਲ ਦੀ ਤਰ੍ਹਾਂ ਰਾਤ ਦਿਨ ਖੂਨੀ ਹੰਝੂ ਰੁਲਾਣ ਵਾਲੇ ਵਿਛੋੜੇ ਭਰੇ ਗੀਤ

ਗਾਂਉਦਾ ਹਾਂ। ਫੇਰ ਫੁਰਮਾਉਂਦੇ ਹਨ ਕਿ ਵਿਛੋੜੇ ਦੀ ਹਾਲਤ ਬਿਆਨ ਕਰਨ ਦੀ ਕਲਮ ਨੂੰ ਤਾਕਤ ਨਹੀਂ ਹੁੰਦੀ ਤੇ ਮੈਂ ਤੁਹਾਨੂੰ ਖੋਲ ਕੇ ਇਸ ਦਾ ਹਾਲ ਦੱਸਾਂ। ਫ਼ਰਾਕ ਦੇ ਅਥਾਹ ਸਮੁੰਦਰ ਦੀਆਂ ਲਹਿਰਾਂ ਮਾਲਕ ਦੇ ਮਿਲਣ ਦੇ ਸ਼ੌਕ ਵਾਲਿਆਂ ਦੇ ਸਿਰੋਂ ਲੰਘ ਗਈਆਂ ਤੇ ਇਸੇ ਤਰ੍ਹਾਂ ਗੋਤੇ ਖਾਂਦਿਆ ਉਨ੍ਹਾਂ ਦੀਆਂ ਆਯੂ ਰੂਪੀ ਬੇੜੀਆਂ ਡੁੱਬ ਗਈਆਂ। ਜਦ ਅਸਮਾਨ ਨੇ ਮੇਰੇ ਦਿਲ ਦਿਮਾਗ ਨੂੰ ਮਾਲਕ ਦੇ ਇਸ਼ਕ ਦੀ ਕੈਦ ਵਿੱਚ ਫਸਿਆ ਦੇਖਿਆ ਮੇਰੇ ਸਬਰ ਦੀ ਗਰਦਨ ਵਿੱਚ ਬਿਰਹੇ ਦੀ ਰੱਸੀ ਬੰਨ ਦਿੱਤੀ। ਜਿਸ ਨਾਲ ਆਦਮੀ ਨਾ ਜਿਉਂ ਸਕੇ ਅਤੇ ਨਾ ਮਰ ਸਕੇ। ਹੇ ਰੱਬਾ ਫ਼ਰਾਕ ਤੇ ਹਿਜਰ ਨੂੰ ਦੁਨੀਆਂ ਵਿੱਚ ਕੌਣ ਲਿਆਇਆ ਇਸ ਹਿਜਰ (ਵਿਛੋੜੇ) ਦਾ ਮੂੰਹ ਕਾਲਾ ਹੋਵੇ ਤੇ ਫ਼ਰਾਕ ਦਾ ਖਾਨਾ ਖਰਾਬ ਹੋਵੇ :- ਬਿਰਹੇ ਵਿੱਚ ਤਾਂਘਾਂ ਦੇ ਕਾਰਣ ਨੀਂਦ ਚੈਨ ਤੇ ਸਬਰ ਸਭ ਉਡ ਜਾਂਦੇ ਹਨ ਮੇਰੇ ਦਿਲ ਵਿੱਚ ਇਤਨਾ ਜੋਸ਼ ਦਾ ਦਰਦ ਹੈ ਜੇਕਰ ਮੂੰਹੋਂ ਆਖਾਂ ਤਾਂ ਜ਼ਬਾਨ ਸੜਦੀ ਹੈ ਜੇਕਰ ਚੁੱਪ ਕਰਦਾਂ ਹਾਂ ਤਾ ਡਰ ਹੈ ਮੇਰੀਆਂ ਹੱਡੀਆਂ ਦਾ ਮਗਜ਼ ਸੜ ਜਾਏਗਾ।

## ਮੌਲਵੀ ਰੂਮ ਸਾਹਿਬ ਕਹਿੰਦੇ ਹਨ:-

ਹੇ ਇਨਸਾਨ ਜੇਕਰ ਤੂੰ ਰੱਬ ਦੇ ਘਰ (ਕਾਬੇ) ਪਹੁੰਚਣਾ ਹੈ ਤਾਂ ਤੂੰ ਤਰੀਂ ਅਰਥਾਤ ਹੰਝੂਆਂ ਦੇ ਸਮੁੰਦਰ ਦੇ ਰਸਤੇ ਜਾ, ਤਾਂ ਪਹੁੰਚੇਗਾ ਖੁਸ਼ਕ ਨਮਾਜਾਂ, ਖੁਸ਼ਕ ਮਾਲਾ, ਖੁਸ਼ਕ ਪਾਠ ਨਾ ਹੰਝੂ ਕਿਰੇ ਤੇ ਨਾਂ ਦਿਲ ਬਿਲਕੇ ਇਕ ਤਰ੍ਹਾ ਦੀ ਖੁਸ਼ਕੀ (ਥਲ) ਦੇ ਰਸਤੇ ਮੱਕੇ ਨੂੰ ਜਾਣਾ ਹੈ।ਲੋਕ ਤਰੀ ਦੇ ਤਰੀ ਜਲਦੀ ਮੱਕੇ ਪਹੁੰਚ ਜਾਂਦੇ ਹਨ।ਕਿ ਰਬਾਬ ਕੀ ਕਹਿੰਦੀ ਹੈ ? ਉਹ ਅੱਖਾਂ ਦੇ ਹੰਝੂਆਂ ਤੇ ਜਿਗਰ ਦੇ ਕਬਾਬ ਦਾ ਜ਼ਿਕਰ ਕਰਦੀ ਹੈ।

**ਸੰਮਸ਼ ਤਬਰੇਜ਼ ਕਹਿੰਦੇ ਹਨ** :-ਕਿ ਉਹ ਅੱਖ ਜੋ ਪ੍ਰੀਤਮ ਦੇ ਇਸ਼ਕ ਅੰਦਰ ਰੋ ਰਹੀ ਹੈ। ਉਸ ਨੂੰ ਇੱਕ ਦਿਨ ਉਸ ਦੇ ਸੰਦੇਸ਼ ਦੀ ਖੁਸ਼ਖਬਰੀ ਆਵੇਗੀ। ਇਸ਼ਕ ਅੰਦਰ ਰੋਣਾ ਪੌੜੀ ਦਾ ਕੰਮ ਦੇਵੇਗਾ।ਜਦ ਤੁਸੀਂ ਪਲਕਾਂ ਦੀ ਪੌੜੀ ਚੜ੍ਹੋਗੇ ਤੁਸੀਂ ਅਚਨਚੇਤ ਹੀ ਗਗਨ ਦੀ ਛੱਤ ਪੁਰ ਸਿਮਟ ਕੇ ਆ ਜਾਵੋਗੇ।ਉਸ ਪ੍ਰੀਤਮ ਦੀ ਮਿਹਰ ਦਾ ਜਾਲ ਹੈ ਜੋ ਇਕ ਸਿਰੇ ਤੋਂ ਲੈ ਕੇ ਦੂਸਰੇ ਸਿਰੇ ਤੱਕ ਹੈ ਕੋਈ ਇਸ ਤੋਂ ਖਾਲੀ ਨਹੀਂ।

ਮੌਲਵੀ ਰੂਮ ਸਾਹਿਬ ਜੀ ਇਯ ਦੀ ਜਰੂਰਤ ਬਾਬਤ ਫੁਰਮਾਂਦੇ ਹਨ ਤੁਸੀਂ ਦਾਈਆਂ ਵਲ ਵੇਖੋ, ਜੋ ਬੱਚੇ ਨੂੰ ਦੁਧ ਪਿਲਾਂਦੀਆਂ ਹਨ ਉਨ੍ਹਾਂ ਦਾ ਇਹ ਅਸੂਲ ਹੈ ਕਿ ਜਦ ਤਕ ਬੱਚਾ ਨਾ ਰੋਏ ਉਹ ਬੱਚੇ ਨੂੰ ਬਹੁਤ ਘੱਟ ਦੁਧ ਦਿਆ ਕਰਦੀਆਂ ਹਨ, ਕਿਉਂਕਿ ਜਦ ਤਕ ਬੱਚਾ ਨਾ ਰੋਇ ਦੁਧ ਜੋਸ਼ ਨਹੀਂ ਮਾਰਦਾ, ਇਸੀ ਤਰ੍ਹਾਂ ਜਦ ਤੀਕ ਬੰਦਾ ਰੋ ਰੋ ਕੇ ਦੁਆ ਨਹੀ ਮੰਗਦਾ, ਮਾਲਕ ਦੀ ਰਹਿਮਤ ਦਾ ਦਰਿਆ ਵੀ ਜੋਸ਼ ਵਿਚ ਨਹੀਂ ਆਂਵਦਾ, ਉਹ ਫੁਰਮਾਂਦੇ ਹਨ ਕਿ ਰੋਣਾਂ ਬੱਦਲ ਦੀ ਤਰਾਂ ਹੈ ਤੇ ਸੋਜ਼ ਗੁਦਾਜ਼ ਦੀ ਜਲਨ ਤੇ ਤਪਸ਼ ਬੱਦਲਾਂ ਦੇ ਆਵਣ ਤੇ ਵਰਸਣ ਦਾ ਕਾਰਨ ਬਣਦੀ ਹੈ ਤੇ ਇਸੀ ਤਰ੍ਹਾਂ ਦੁਨੀਆਂ ਕਾਇਮ ਰਹਿੰਦੀ ਹੈ ਇਸੀ ਤਰ੍ਹਾਂ ਬਿਰਹਾ ਫਰਾਕ ਤੇ ਸੋਜ਼ ਗੁਦਾਜ਼ ਦੀ ਜਲਨ ਤੇ ਤਪਸ਼ ਕਰਕੇ ਮਾਲਕ ਦੀ ਰਹਿਮਤ ਭਰੀ ਮੇਹਰ ਦਾ ਬੱਦਲ ਜੋਸ਼ ਵਿਚ ਆ ਕੇ ਵਰਦਾ ਹੈ ਤੇ ਜੀਵ ਦੀ ਜਿੰਦਗੀ ਨੂੰ ਨਿਹਾਲ ਕਰਦਾ ਹੈ।ਇਹ ਦਿਲ ਦਾ ਸੋਜ਼ ਤੇ ਅੱਖਾਂ ਦਾ ਰੋਣਾਂ ਦੋ ਥੰਮ ਹਨ, ਜਿਨ੍ਹਾਂ ਦੇ ਸਹਾਰੇ ਸਾਡੀ ਅੰਦਰਲੀ ਰਸਾਈ ਹੈ।

ਬਿਰਹ ਦੀਆਂ ਝੜੀਆਂ ਤੇ ਦਿਲ ਧੜਕਣੀਆਂ ਮਾਲਕ ਦੇ ਆਵਣ ਦੀਆਂ ਨਿਸ਼ਾਨੀਆਂ ਹਨ। ਰਾਬਿਆ ਬਸਰੀ ਪਾਸੋਂ ਪੁਛਿਆ ਗਿਆ ਤੂੰ ਨਿਮਾਜ਼ ਕਦ ਪੜ੍ਹਦੀ ਹੈ, ਰੱਬ ਦੇ ਆ ਜਾਣ ਤੋਂ ਮਗਰੋਂ ਜਾਂ ਉਸ ਦੇ ਆਵਣ ਤੋਂ ਪਹਿਲਾਂ ? ਕਹਿਣ ਲੱਗੀ ਪਹਿਲਾਂ ਰੱਬ ਆਵਦਾਂ ਹੈ ਤਾਂ ਮੈਂ ਨਿਮਾਜ਼ ਪੜ੍ਹਦੀ ਹਾਂ, ਲੋਕਾਂ ਨੇ ਪੁਛਿਆ ਤੈਨੂੰ ਰੱਬ ਦੇ ਆ ਜਾਣ ਦਾ ਕਿਵੇਂ ਪਤਾ ਲੱਗਦਾ ਹੈ ? ਫੁਰਮਾਇਆ ਕਿ ਜਦ ਉਸ ਦੀ ਯਾਦ ਦੀਆਂ ਤਾਂਘਾ ਵਿਚ ਬਿਹਬਲਤਾ ਤੇ ਬੇਇਖਤਿਆਰੀ ਪੈਦਾ ਹੋ ਜਾਂਦੀ ਹੈ ਤਾਂ ਹੰਝੂ ਅਪਣੇ ਆਪ ਚਲਦੇ ਹਨ। ਇਸ

ਹਾਲਤ ਦੇ ਪੈਦਾ ਕਰਨ ਵਾਲਾ ਉਹ ਆਪ ਹੁੰਦਾ ਹੈ ਜਿਸ ਕਰਕੇ ਉਹ ਮੇਰੀ ਰੂਹ ਨੂੰ ਕੁਸਕਾ ਮਾਰਦਾ ਹੈ ਤੇ ਖਿਚਾਂ ਧੂਹਾਂ ਪਾਂਦਾ ਹੈ। ਇਹ ਸਭ ਉਸ ਦੇ ਆਵਣ ਦੀਆਂ ਨਿਸ਼ਾਨੀਆਂ ਹਨ ਤਦ ਮੈਂ ਉਸ ਦੀ ਨਮਾਜ਼ ਪੜ੍ਹਦੀ ਹਾਂ, ਸਚੀ ਨਮਾਜ਼ ਇਹੋ ਹੀ ਹੈ ਕਿ ਰੂਹ ਉਸ ਦੀ ਯਾਦ ਦੀ ਮਸਤੀ ਵਿਚ ਝੂਮ ਉਠੇ ਐਸੀ ਇਕ ਮਾਲਾ ਫੇਰੀ ਹੋਈ ਇਕੋ ਦਮ ਵਿਚ ਹਜ਼ਾਰਾਂ ਮਾਲਾ ਦਾ ਅਸਰ ਰੱਖਦੀ ਹੈ। ਇਹ ਮਾਲਾ ਦਿਲੀ ਸੋਜ਼ ਗੁਦਾਜ਼ ਨਾਲ ਫੇਰੀ ਜਾਂਦੀ ਹੈ। ਇਕੋ ਵਾਰੀ ਪ੍ਰੀਤਮ ਦਾ ਨਾਮ ਲਵੋ ਐਸੇ ਦਿਲੀ ਪਿਆਰ ਨੂੰ ਜੋ ਲੂੰ ਲੂੰ ਦੀ ਜ਼ਬਾਨ ਬੋਲ ਉਠੇ, ਜੋ ਕੁਛ ਨਿਕਲੇ ਜਿਗਰ ਤੋਂ ਨਿਕਲੇ,ਤਨ ਬਦਨ ਦੀ ਸੁਧ ਨਾ ਰਹੇ, ਪ੍ਰੀਤਮ ਦੇ ਮਸਤਾਨਾ ਵਾਰ ਸਜਦੇ ਸਚੀ ਨਮਾਜ਼ ਹੈ ਤੇ ਦਿਲੀ ਦਰਦ ਭਰੇ ਸੋਜ਼ ਗੁਦਾਜ਼ ਆਸ਼ਕਾਂ ਦਾ ਸਚਾ ਕੁਰਾਨ ਹੈ ਜੋ ਉਹ ਪੜ੍ਹਦੇ ਹਨ। ਉਹ ਮਸਤੀ ਵਿਚ ਨੈਨ ਛਹਬਰ ਲਾਈ ਰੱਖਦੇ ਹਨ, ਤਨ ਬਦਨ ਦੀ ਸੁਧ ਨਹੀ ਰਹਿੰਦੀ, ਬਿਰਹ ਵਿਚ ਇਨਸਾਨ ਅਪਣੇ ਅੰਦਰ ਦੱਬੇ ਹੋਏ ਕੁਸੰਸਕਾਰਾਂ ਨੂੰ ਗਰਮ ਗਰਮ ਹੰਝੂਆਂ ਦੇ ਪਾਣੀ ਨਾਲ ਧੋਈ ਜਾਂਦਾ ਹੈ ਤੇ ਮਾਲਕ ਦੀ ਯਾਦ ਉਸ ਦੀ ਥਾਂ ਆ ਵਸਦੀ ਹੈ।

ਧੋਬੀ ਧੋਵੈ ਬਿਰਹ ਬਿਰਾਤਾ ॥ ਹਰਿ ਚਰਨ ਮੇਰਾ ਮਨੁ ਰਾਤਾ ॥ ੨ ॥( ਬਸੰਤ ਨਾਮਦੇਵ ਜੀ 1196)

ਸੰਤ ਬਾਬਾ ਆਇਆ ਸਿੰਘ ਜੀ ਨੇ ਸੰਤ ਜਵਾਲਾ ਸਿੰਘ ਜੀ ਦੇ ਸਰੀਰ ਕ੍ਰਿਛ ਹੋਣ ਦਾ ਕਾਰਣ ਪੁੱਛਿਆ, ਦੱਸਿਆ ਕਿ ਮੈਂ ਹਠ ਯੋਗ ਸਾਧਨ ਕਰਦਾ ਰਿਹਾ ਹਾਂ। ਮਹਾਂਪੁਰਸ਼ਾਂ ਦੇ ਪੁੱਛਣ ਤੇ ਸਾਰੇ ਅੰਗ ਦੱਸੇ :- ਯਮ, ਨਿਯਮ, ਆਸਣ, ਪ੍ਰਾਣਾਯਾਮ, ਪ੍ਰਤਿਆਹਾਰ, ਧਾਰਨਾ, ਧਿਆਨ, ਸਮਾਧੀ। ਇਹ ਜੋਗ ਦੇ ਅੱਠ ਅੰਗ ਹਨ। ਇਨ੍ਹਾਂ ਨੂੰ ਸਿੱਧ ਕਰਨ ਲਈ ਹੋਰ ਸਾਧਨ ਵੀ ਹਨ। ਧੋਤੀ, ਨੇਤੀ, ਨਿਉਲੀ, ਵਸਤੀ, ਤ੍ਰਾਟਕ, ਭਸਰਾ,ਕੁੰਡਲਨੀ, ਭਾਠਾ ਉਪਰੰਤ ਨਾਮ, ਧਯਾਨ, ਗਿਆਨ, ਨਿਰਮਲ ਯੁਗਤੀ, ਨਿਰਵੈਰ, ਕੀਰਤਨ, ਚੱਕਰ ਆਦਿਕ ਬੇਅੰਤ ਪ੍ਰਕਾਰ ਦੀ ਕਿਰਿਆ ਹੈ। ਬਾਬਾ ਆਇਆ ਸਿੰਘ ਜੀ ਨੇ ਹਠ ਯੋਗ ਛੁਡਾ ਕੇ ਸਹਿਜ ਜੋਗ ਦਾ ਉਪਦੇਸ਼ ਦਿੱਤਾ। ਸੋ ਇਸ ਪ੍ਰਕਾਰ ਹੈ:-

## ਭਗਤੀ ਜੋਗ ਦੇ ਵੀ ਅੱਠ ਅੰਗ ਹਨ।

(1) ਯਮ:- ਮਨ ਨੂੰ ਨੀਵਾਂ ਰੱਖਣਾਂ ਤੇ ਕਦੇ ਗੁਣਾਂ ਦਾ ਹੰਕਾਰ ਨਾ ਕਰਨਾ।

(2) ਨਿਯਮ:- ਰੋਜ਼ ਕਥਾ ਕੀਰਤਨ ਸੁਨਣਾ, ਬਾਣੀ ਪੜ੍ਹਨੀ, ਨਾਮ ਅਭਿਆਸ ਕਰਨਾ।

(3) ਇਕਾਂਤ ਦੇਸ:- ਸਰਬੱਤ ਵਿੱਚ ਵਾਹਿਗੁਰੂ ਨੂੰ ਵੇਖਦਿਆਂ ਹੋਇਆਂ ਉਸ ਦੀ ਹੋਂਦ ਨੂੰ ਮੰਨਣਾ ਅਤੇ ਮਨ ਨੂੰ ਇਕਾਗਰ ਕਰਨਾ ਹੀ ਇਕਾਂਤ ਹੈ।

(4) ਆਸਣ:- ਅਕਾਲ ਪੁਰਖ ਵਿੱਚ ਬਿਰਤੀ ਟਿਕਾ ਕੇ ਨਿਰਲੇਪ ਰਹਿਣਾ ਔਰ ਉਸ ਵਿੱਚ ਇਸਥਿਤ ਹੋਣਾਂ । ਮਨ ਨੂੰ ਨਿਸਚਲ ਕਰਨਾ।

(5) ਪ੍ਰਾਣਾਯਾਮ:- ਗੁਰਾਂ ਦੇ ਬਚਨਾਂ ਨੂੰ ਸੁਣ ਕੇ ਧਾਰਨਾ ਪੂਰਕ ਹੈ। ਗੁਰਾਂ ਦੇ ਬਚਨਾਂ ਨੂੰ ਮੰਨਣਾ, ਗ੍ਰਹਿਣ ਕਰਨਾਂ, ਉਨ੍ਹਾਂ ਅਨੁਸਾਰ ਜੀਵਨ ਬਣਾਉਣਾਂ ਕੁੰਭਕ ਹੈ। ਬਚਨਾਂ ਤੇ ਖਿਲੋਣਾਂ ਹੀ ਕੁੰਭਕ ਹੈ। ਅਸ਼ੁੱਭ ਔਗੁਣਾਂ ਨੂੰ ਤਿਆਗਣਾਂ ਰੇਚਕ ਹੈ।

(6) ਧਿਆਨ:- ਸੰਕਲਪਾਂ ਤੋਂ ਰਹਿਤ ਹੋ ਕੇ ਸ਼ਬਦ ਦੇ ਅਰਥ ਵਿਚ ਜੁੜਨਾਂ ਹੀ ਧਿਆਨ ਹੈ।

(7) ਧਾਰਨਾ :- ਗੁਰੂ ਸ਼ਬਦ ਨਾਲ ਮਨ ਨੂੰ ਰੋਕਣਾਂ ਜਦੋਂ ਮਨ ਪ੍ਰਪੱਕ ਹੋ ਜਾਵੇ ਉਸ ਨੂੰ ਧਾਰਨਾ ਵਿਰਤੀ ਕਹਿੰਦੇ ਹਨ।

(8) ਸਮਾਧੀ:- ਜਦੋਂ ਨਾਮ ਦਾ ਅਭਿਆਸ ਕਰਦਿਆਂ ਆਵ੍ਰਤਾ ਪ੍ਰਾਪਤ ਹੋ ਜਾਵੇ। ਮਨ ਨਾਮ ਨਾਮੀ ਵਿੱਚ ਲੀਨ ਹੋ ਜਾਏ ਉਸ ਅਵੱਸਥਾ ਨੂੰ ਸਮਾਧੀ ਕਥਨ ਕਰਦੇ ਹਨ।

ਇਸ ਤਰ੍ਹਾਂ ਬਾਬਾ ਆਇਆ ਸਿੰਘ ਜੀ ਮਹਾਰਾਜ ਨੇ ਭਗਤੀ ਜੋਗ, ਸਹਿਜ ਜੋਗ, ਗੁਰਮਤਿ ਜੋਗ ਦਾ ਸੁਖੈਨ ਹੀ ਵਿਚਾਰ ਬਖਸ਼ਿਸ਼ ਕੀਤਾ ਅਤੇ ਇਸ ਤਰ੍ਹਾਂ ਇਨ੍ਹਾਂ ਗੁਣਾਂ ਵਿੱਚ ਵਰਤਦਿਆਂ ਨਾਮ ਅਭਿਆਸ ਕਰਨ ਦੀ ਆਗਿਆ ਬਖਸ਼ਿਸ਼ ਕੀਤੀ।

### (ਵਾਰ 12 ਭਾਈ ਗੁਰਦਾਸ ਜੀ ॥ਪਉੜੀ 2) (ਅੰ:ਕੀਰਤਨ ਪੰਨਾਂ 625)

ਕੁਰਬਾਣੀ ਤਿਨਾ ਗੁਰਸਿਖਾ ਪਿਛਲ ਰਾਤੀ ਉਠਿ ਬਹੰਦੇ।

ਕੁਰਬਾਣੀ ਤਿਨਾ ਗੁਰਸਿਖਾ ਅੰਮ੍ਰਿਤੁ ਵੇਲੈ ਸਰਿ ਨਾਵੰਦੇ।

ਕੁਰਬਾਣੀ ਤਿਨਾ ਗੁਰਸਿਖਾ ਹੁਇ ਇਕ ਮਨਿ ਗੁਰ ਜਾਪੁ ਜਪੰਦੇ।

ਕੁਰਬਾਣੀ ਤਿਨਾ ਗੁਰਸਿਖਾਂ ਸਾਧ ਸੰਗਤਿ ਚਲਿ ਜਾਇ ਜੁੜੰਦੇ।

ਕੁਰਬਾਣੀ ਤਿਨਾ ਗੁਰਸਿਖਾ ਗੁਰਬਾਣੀ ਨਿਤਿ ਗਾਇ ਸੁਣੰਦੇ।

ਕੁਰਬਾਣੀ ਤਿਨਾ ਗੁਰਸਿਖਾ ਮਨ ਮੇਲੀ ਕਰਿ ਮੇਲਿ ਮਿਲੰਦੇ।

ਕੁਰਬਾਣੀ ਤਿਨਾ ਗੁਰਸਿਖਾ ਭਾਇ ਭਗਤਿ ਗੁਰਪੁਰਬ ਕਰੰਦੇ।

ਗੁਰ ਸੇਵਾ ਫਲੁ ਸੁਫਲੁ ਫਲੰਦੇ॥2॥

ਭਾਈ ਗੁਰਦਾਸ ਜੀ ਦੇ ਬਚਨਾਂ ਅਨੁਸਾਰ ਬਾਬਾ ਜਵਾਲਾ ਸਿੰਘ ਜੀ ਨੇ ਸੇਵਾ ਸਿਮਰਨ ਸਤਿਸੰਗਤਿ ਕਰਦਿਆਂ ਸਮੇਂ ਨੂੰ ਸਫਲ ਬਣਾਇਆ ਔਰ ਮਹਾਂਪੁਰਸ਼ਾਂ ਦੀਆਂ ਬੇਅੰਤ ਅਸੀਸਾਂ ਪ੍ਰਾਪਤ ਕੀਤੀਆਂ।

### (ਸੰਪ੍ਰਦਾਈ ਅੰਤਰੀਵੀ ਵਿਚਾਰ) ਰਾਮਕਲੀ ਬਾਣੀ ਬੇਣੀ ਜੀਉ ਕੀ- ੧ੴ ਸਤਿਗੁਰ ਪ੍ਰਸਾਦਿ

ਉਥਾਨਿਕਾ :- ਭਗਤ ਬੇਣੀ ਜੀ ਪਾਸ ਬੇਨਤੀ ਕੀਤੀ ਕਿ ਪ੍ਰਮੇਸ਼ਰ ਦੀ ਪ੍ਰਾਪਤੀ ਦਾ ਰਸਤਾ ਕਿਹੜਾ ਹੈ। ਉੱਤਰ:- ਉਸ ਦੀ ਪ੍ਰਾਪਤੀ ਦੇ ਦੋ ਰਸਤੇ ਹਨ। ਇਕ ਹਠ ਜੋਗ ਤੇ ਦੂਸਰਾ ਭਗਤੀ ਜੋਗ। ਫਿਰ ਸੇਵਕ ਨੇ ਬੇਨਤੀ ਕੀਤੀ ਕਿ ਦੇਵ ਸਥਾਨੈ ਕਿਆ ਨੀਸਾਣੀ॥

ਦੇਵ ਸਥਾਨੈ- ਦਸਮ ਦੁਆਰ ਦੀ ਕੀ ਨਿਸ਼ਾਨੀ ਹੈ ? ਉਤਰ :- ਤਹਿ ਬਾਜੇ ਸਬਦ ਅਨਾਹਦ ਬਾਣੀ॥

ਤਹਿ = ਤਿਸ ਦਸਮ ਦੁਆਰ ਵਿੱਚ ਅਨਾਹਦਿ = ਇਕ ਰਸ ਬਾਜੇ ਸ਼ਬਦ = ਤੱਤ ਤਾਂਤੀ ਆਦਿਕ ਵਾਜੇ ਵੱਜ ਰਹੇ ਹਨ। ਇਹ ਉਥੋਂ ਦੀ ਬਾਣੀ = ਖੇ ਹੈ।

ਵਾ = ਬੇਦ ਬਾਣੀ ਇਸ ਨੂੰ ਕਥਨ ਕਰਦੀ ਹੈ ਹੁਣ ਆਦਿ ਤੋਂ ਅਰਥ ਸ਼ੁਰੂ ਕਰਨਾ ਹੈ–

ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ॥ ਇੜਾ – ਖੱਬੀ ਸੁਰ, ਪਿੰਗੁਲਾ – ਸੱਜੀ ਸੁਰ, ਖੱਬੀ ਸੁਰ ਚੰਦ੍ਰਮਾ ਦੀ, ਸੱਜੀ ਸੁਰ ਸੂਰਜ ਦੀ, ਸੁਖਮਨਾ – ਸਮ ਸੁਰ, ਇਹ ਤਿੰਨੇ ਸੁਰਾਂ ਇਕ ਦਸਮ ਦੁਆਰ ਰੂਪੀ ਠਾਈ= ਜਗਾਂ ਵਿੱਚ ਵਸ ਰਹੀਆਂ ਹਨ ਪਰ ਤਿੰਨੇ ਸੁਰਾਂ ਗੰਗਾ ਜਮੁਨਾ ਸੁਰੱਸਤੀ ਰੂਪ ਹਨ।

ਬੇਣੀ ਸੰਗਮੁ ਤਹਿ ਪਿਰਾਗ ਮਨੁ ਮਜਨੁ ਕਰਹਿ ਤਿਥਾਈ॥੧॥ ਜਿਥੇ ਗੰਗਾ ਜਮੁਨਾ ਸੁਰੱਸਤੀ, ਰੂਪ ਜੋ ਤਿੰਨ ਸੁਰਾਂ ਹਨ। ਇੜਾ ਪਿੰਗੁਲਾ ਸੁਖਮਨਾ, ਇਨ੍ਹਾਂ ਦਾ ਮੇਲ ਦਸਮ ਦੁਆਰ ਵਿਚ ਹੁੰਦਾ ਹੈ, ਇਸ ਕਰਕੇ ਦਸਮ ਦੁਆਰ ਹੀ ਇਕ ਪਰਾਗਰਾਜ ਤੀਰਥ ਹੈ ਜੋ ਜੋਗਾਨੰਦ ਰੂਪੀ ਅੰਮ੍ਰਿਤ ਨਾਲ ਪੂਰਨ ਹੈ, ਮਨ ਮਜਨੁ ਕਰੇ ਤਿਥਾਈ = ਤਿਸ ਦਸਮ ਦੁਆਰ ਰੂਪੀ ਪਰਾਗਰਾਜ ਤੀਰਥ ਪਰ ਜੋਗਾਨੰਦ ਰੂਪੀ ਅੰਮ੍ਰਿਤ ਵਿਚ ਮਨ ਕਰਕੇ ਮਜਨੁ = ਇਸ਼ਨਾਨ ਕਰੇ ॥੧॥ਸੰਤਹੁ ਤਹਾ ਨਿਰੰਜਨ ਰਾਮੁ ਹੈ॥ ਗੁਰ ਗਮਿ ਚੀਨੈ ਬਿਰਲਾ ਕੋਇ॥ ਫਿਰ ਸੰਤ ਜੀ ਦਸਮ ਦੁਆਰ ਵਿਚ ਨਿਰੰਜਨ ਰਾਮ ਇਸਥਿਤ ਹੈ।ਪਰ ਗਿਆਨ ਗਮਿ ਗੁਰਾਂ ਦੁਆਰੈ ਕੋਈ ਵਿਰਲਾ ਹੀ ਉਸ ਨੂੰ ਚੀਨੈ ਭਾਵ ਜਾਣਦਾ ਹੈ। ਤਹਾਂ ਨਿਰੰਜਨੁ ਰਮਈਆ ਹੋਇ॥੧॥ਰਹਾਉ॥ ਤਿਸ ਦਸਮ ਦੁਆਰ ਵਿੱਚ ਪਹੁੰਚਣ ਵਾਲਾ ਪੁਰਖ ਨਿਰੰਜਨ ਰਮਈਆ ਦਾ ਰੂਪ ਹੀ ਹੋ ਜਾਂਦਾ ਹੈ॥੧॥ ਦੇਵ ਸਥਾਨੈ ਕਿਆ ਨੀਸਾਣੀ॥ ਤਹ ਬਾਜੇ ਸਬਦ ਅਨਾਹਦ ਬਾਣੀ॥ ਇਨ੍ਹਾਂ ਤੁਕਾਂ ਦਾ ਅਰਥ ਪਹਿਲਾਂ ਹੋ ਚੁੱਕਾ ਹੈ।

ਤਹ ਚੰਦੁ ਨ ਸੂਰਜੁ ਪਉਣ ਨ ਪਾਣੀ॥ ਸਾਖੀ ਜਾਗੀ ਗੁਰਮੁਖਿ ਜਾਣੀ॥੨॥ ਤਿਸ ਦਸਮ ਦੁਆਰ ਵਿੱਚ ਸੂਰਜ ਚੰਦ੍ਰਮਾ ਦੀ ਕਲਪਨਾ ਨਹੀਂ ਅਤੇ ਪਉਣ ਪਾਣੀ ਦੀ ਕਲਪਨਾ ਭੀ ਨਹੀਂ ਹੈ। ਮੁੱਖ ਗੁਰਾਂ ਦੀ ਸਾਖੀ = ਸਿੱਖਿਆ ਦੁਆਰਾ ਜਿੰਨਾਂ ਦੀ ਵਿਰਤੀ ਜਾਗੀ ਹੈ। ਉਨ੍ਹਾਂ ਨੇ ਦਸਮ ਦੁਆਰ ਦੀ ਜਾਗੀ ਭਾਵ ਜਗਾਂ ਜਾਣੀ ਹੈ। ਉਪਜੈ ਗਿਆਨੁ ਦੁਰਮਤਿ ਛੀਜੈ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ॥ਦਸਮ ਦੁਆਰ ਵਿੱਚ ਸੁਆਸਾਂ ਦੇ ਚੜ੍ਹਾਉਣ ਦਾ ਗਿਆਨ ਉਤਪੰਨ ਹੋਣ ਨਾਲ ਦੁਰਮਤਿ=ਖੋਟੀ ਬੁੱਧੀ ਛੀਜੈ ਭਾਵ ਨਾਸ ਹੋ ਜਾਂਦੀ ਹੈ ਤੇ ਗਗਨੰਤਰ = ਗਗਨ ਅੰਤਰ ਦਸਮ ਦੁਆਰ ਵਿੱਚ ਜੋਗਾਨੰਦ ਰੂਪੀ ਅੰਮ੍ਰਿਤ ਰਸ ਹੈ ਉਸ ਦੇ ਲੈਣ ਵਿੱਚ ਭਿੱਜ ਜਾਂਦਾ ਹੈ।

ਏਸੁ ਕਲਾ ਜੋ ਜਾਣੈ ਭੇਉ॥ਭੇਟੈ ਤਾਸੁ ਪਰਮ ਗੁਰਦੇਉ॥੩॥ ਜੋ ਪੁਰਸ਼ ਇਸ ਹੱਠ ਜੋਗ ਕਲਾ ਜੁਗਤੀ ਦਾ ਭੇਦ ਜਾਣਦਾ ਹੈ ਤਿਸ ਨੂੰ ਪਰਮ ਉਤਕ੍ਰਿਸ਼ਟ ਵੱਡਾ ਗੁਰੁ + ਦੇਉ ਪੂਜ ਪ੍ਰਕਾਸ਼ ਰੂਪ ਪ੍ਰਮਾਤਮਾ ਭੇਟੈ= ਭਾਵ ਮਿਲਦਾ ਹੈ।॥ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ॥ ਅਗਮ ਅਪਾਰਾ = ਖੌਫ਼ ਤੋਂ ਰਹਿਤ, ਬਿਅੰਤ ਗੁਣਾਂ ਵਾਲਾ ਜੋ ਪਰਮ ਪੁਰਖ ਪ੍ਰਮਾਤਮਾ ਹੈ, ਤਿਸ ਦੇ ਰਹਿਣੇ ਦੀ ਘਾਟੀ = ਜਗ੍ਹਾਂ ਦਸਮ ਦੁਆਰ ਹੈ॥

ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ॥੪॥ ਸਾਰੀਆਂ ਜੂਨੀਆਂ ਤੋਂ ਉਪਰ ਹਾਟੁ = ਮਨੁਖ ਦੇਹਿ ਰੂਪੀ ਹੱਟ ਦੇ ਉਪਰ ਆਲਾ = ਦਸਮ ਦੁਆਰ ਰੂਪੀ ਆਲੇ ਵਿੱਚ ਯੋਗ ਨੰਦ ਰੂਪੀ ਥਾਤੀ = ਥੈਲੀ ਹੈ। ਜਾਗਤੁ ਰਹੈ ਸੁ ਕਬਹੁ ਨ ਸੋਵੈ॥ਤੀਨਿ ਤਿਲੋਕ ਸਮਾਧਿ ਪਲੋਵੈ॥ ਜੋ ਪੁਰਖ ਯੋਗਾ ਅਭਿਆਸ ਵਿੱਚ (ਸਾਵਧਾਨ) ਜਾਗਦਾ ਰਹਿੰਦਾ ਹੈ ਉਹ ਕਦੇ ਵੀ ਸੌਂਦਾ ਨਹੀ ਅਤੇ – ਤਿਲੋਕ = ਤਿੰਨ ਰੂਪੀ ਸੰਸਾਰ ਵਿੱਚ

ਇੜਾ ਪਿੰਗਲਾ ਸੁਖਮਨਾ ਤਿੰਨੇ ਸੁਰਾਂ ਦੁਆਰਾ ਪ੍ਰਾਣਾਂ ਦੇ ਚਾੜ੍ਹਨ, ਉਤਾਰਨ, ਠਹਿਰਾਵਣ ਦੀ ਕਿਰਿਆ ਨੂੰ ਸਮਾਧੀ ਵਿੱਚ ਇਸਥਿਤ ਹੋ ਕੇ ਪਲੋਵੈ = ਅਭਾਵ ਕਰਦਾ ਹੈ ਅਥਵਾ ਤੀਨ = ਤਿੰਨ ਸੁਰਾਂ ਜੋ ਇੜਾ ਪਿੰਗਲਾ ਸੁਖਮਨਾਂ ਇਨ੍ਹਾਂ ਤਿ= ਤਿੰਨਾਂ ਦਾ ਜੋ ਲੋਕ= ਦੇਖਣਾ ਹੈ ਉਸ ਨੂੰ ਸਮਾਧੀ ਵਿੱਚ ਇਸਥਿਤ ਹੋ ਕੇ ਪਲੋਵੈ = ਅਭਾਵ ਕਰ ਦਿੰਦਾ ਹੈ।

ਬੀਜ ਮੰਤ੍ਰੁ ਲੈ ਹਿਰਦੈ ਰਹੈ॥ ਮਨੂਆ ਉਲਟਿ ਸੁੰਨ ਮਹਿ ਗਹੈ॥੫॥ ਸਭ ਮੰਤਰਾਂ ਦਾ ਬੀਜ ਕਾਰਣ ਰੂਪ ਮੰਤਰ ਜੋ ਓਅੰ ਸੋਹੰ ਹੈ ਉਸ ਨੂੰ ਹਿਰਦੇ ਵਿੱਚ ਲੈ ਕੇ ਇਸਥਿਤ ਰਹਿੰਦਾ ਹੈ। ਸੰਸਾਰ ਵਲੋਂ ਮਨ ਨੂੰ ਉਲਟਾ ਕੇ ਸੁੰਨ = ਅਫੁਰ ਦਸਮ ਦੁਆਰ ਵਿੱਚ ਗਹੈ = ਗੁੰਥਨ ਭਾਵ ਤਦਾਕਾਰ ਕਰਦਾ ਹੈ।॥ ਜਾਗਤੁ ਰਹੈ ਨ ਅਲੀਆ ਭਾਖੈ॥ ਪਾਚਉ ਇੰਦ੍ਰੀ ਬਸਿ ਕਰਿ ਰਾਖੈ॥ ਜੋ ਹਠ ਯੋਗ ਦੀ ਕਿਰਿਆ ਵਿੱਚ ਜਾਗਦਾ ਰਹਿੰਦਾ ਹੈ ਉਹ ਪਦਾਰਥਾਂ ਦੀ ਪ੍ਰਾਪਤੀ ਵਾਸਤੇ ਕਦੇ ਵੀ ਅਲੀਆ = ਝੂਠ ਨ ਭਾਖੈ = ਨਹੀ ਬੋਲਦਾ। ਪੰਜ ਗਿਆਨ ਇੰਦਰੀਆਂ ਨੂੰ ਆਪੋ ਆਪਣੇ ਵਿਸ਼ਿਆ ਵਲੋਂ ਵੱਸ ਕਰਕੇ ਰੱਖਦਾ ਹੈ।

ਗੁਰ ਕੀ ਸਾਖੀ ਰਾਖੈ ਚੀਤਿ॥ ਗੁਰਾਂ ਦੀ ਸਾਖੀ ਕਹੀ ਗੱਲ ਚਿੱਤ ਵਿੱਚ ਯਾਦ ਰੱਖਦਾ ਹੈ ਅਤੇ ਮਨੁ ਤਨੁ ਅਰਪੈ ਕ੍ਰਿਸਨ ਪਰੀਤਿ॥੬॥ ਆਪਣੇ ਮਨ ਤਨ ਨੂੰ ਕ੍ਰਿਸ਼ਨ = ਪ੍ਰਮਾਤਮਾ ਦੀ ਪ੍ਰੀਤੀ ਵਿੱਚ ਅਰਪਨ ਕਰਦਾ ਹੈ।॥ ਕਰ ਪਲਵ ਸਾਖਾ ਬੀਚਾਰੇ॥ ਅਪਨਾ ਜਨਮੁ ਨ ਜੂਐ ਹਾਰੇ॥ ਫਿਰ ਦਸਮ ਦੁਆਰ ਰੂਪੀ ਕੰਵਲ ਫੁੱਲ ਦੇ ਮਾਸ ਦੀਆਂ ਬੋਟੀਆਂ ਰੂਪੀ ਪਲਵ = ਪੱਤਿਆਂ ਦਾ ਤੇ ਨਾੜੀਆਂ ਰੂਪੀ ਸਾਖਾਂ = ਟਾਹਣੀਆਂ ਦਾ ਵੀਚਾਰ ਕਰਦਾ ਹੈ। ਉਹ ਆਪਣੇ ਮਨੁੱਖਾ ਜਨਮ ਨੂੰ ਸੰਸਾਰ ਰੂਪੀ ਜੂਏ ਵਿੱਚ ਹਾਰਦਾ ਨਹੀ ਹੈ।

ਅਸੁਰ ਨਦੀ ਕਾ ਬੰਧੈ ਮੂਲੁ॥ ਪਛਿਮ ਫੇਰਿ ਚੜਾਵੈ ਸੂਰੁ॥ ਅਸੁਰ ਨਦੀ = ਅਪਾਨ ਵਾਯੂ ਦੀ ਧਾਰਾ ਦਾ ਸਥਾਨ ਜੋ ਮੂਲਾ ਚੱਕਰ ਹੈ ਗੁਦਾ ਵਿੱਚ ਉਸ ਨੂੰ ਖੱਬੇ ਪੈਰ ਦੀ ਅੱਡੀ ਦੇ ਕੇ ਜੋ ਪੁਰਸ਼ ਬੰਧੈ ਰੋਕਦਾ ਹੈ ਅਤੇ ਪਛਿਮ ਭਾਵ ਪਿੱਠ ਪਿੱਛੇ ਦੀ ਪਰੀਤਤ ਨਾਮੀ ਨਾੜੀ ਹੈ ਤਿਸ ਰਸਤੇ ਪ੍ਰਾਣਾਂ ਨੂੰ ਫੇਰ ਕੇ ਸੂਰਜ ਸੁਰ ਦੁਆਰਾ ਦਸਮ ਦੁਆਰ ਵਿੱਚ ਜਰੈ ਭਾਵ ਚੜ੍ਹਾਉਂਦਾ ਹੈ ਅਤੇ ਅਜਰੁ ਜਰੈ ਸੁ ਨਿਝਰੁ ਝਰੈ॥ਜਗੰਨਾਥ ਸਿਉ ਗੋਸਟਿ ਕਰੈ॥੭॥ ਅਜਰੁ = ਪ੍ਰਾਣਾਂ ਨੂੰ ਚੰਗੀ ਤਰਾਂ ਦਸਮ ਦੁਆਰ ਵਿੱਚ ਜਰੈ ਜੜਦਾ ਹੈ, ਭਾਵ ਚਾੜ੍ਹਦਾ ਹੈ ਸੁ ਨਿਝਰ ਉਸ ਨੂੰ ਇਕ ਰਸ ਜੋਗਾਨੰਦ ਰੂਪੀ ਅੰਮ੍ਰਿਤ ਝਰਦਾ ਹੈ ਅਤੇ ਉਹ ਪੁਰਸ਼ - ਸਾਰੇ ਜਗਤ ਦੇ ਮਾਲਕ ਪ੍ਰਮਾਤਮਾ ਨਾਲ ਗੋਸਟਿ = ਚਰਚਾ ਭਾਵ ਬਚਨ ਬਿਲਾਸ ਕਰਦਾ ਹੈ।॥ ਚਉਮੁਖ ਦੀਵਾ ਜੋਤਿ ਦੁਆਰ॥ਪਲੂ ਅਨਤ ਮੂਲੁ ਬਿਚਕਾਰਿ॥ ਜੋਤੀ ਪ੍ਰਮਾਤਮਾ ਦੀ ਪ੍ਰਾਪਤੀ ਦਾ ਦਸਮ ਦੁਆਰ ਇੱਕ ਚੌਮੁਖੀਆ ਦੀਵਾ ਹੈ। ਮਾਸ ਦੀਆਂ ਬੋਟੀਆਂ ਰੂਪੀ ਪਲੂ = ਪੱਤੇ ਅਨਤ = ਬਿਅੰਤ ਹਨ ਤੇ ਮੂਲ ਰੂਪ ਡੋਡੀ ਵਿਚਕਾਰ ਹੈ। ਵਾ :- ਪੱਤਿਆਂ ਨੂੰ ਅਨਤ =ਲਾਂਭੇ ਕਰਕੇ ਮੂਲ ਰੂਪ ਡੋਡੀ ਨੂੰ ਵਿਚਕਾਰ ਹੀ ਨਿਸ਼ਚੇ ਕਰਦਾ ਹੈ।

ਸਰਬ ਕਲਾ ਲੇ ਆਪੇ ਰਹੈ॥ ਮਨੁ ਮਾਣਕੁ ਰਤਨਾ ਮਹਿ ਗੁਹੈ॥੮॥ ਸਾਰੀਆਂ ਸ਼ਕਤੀਆਂ ਲੈ ਕੇ ਆਪ ਹੀ ਪ੍ਰਮਾਤਮਾ ਮੂਲ ਰੂਪ ਡੋਡੀ ਵਿੱਚ ਇਸਥਿਤ ਹੋ ਰਿਹਾ ਹੈ। ਮਨ ਨੂੰ ਮਾਣਕ ਦੀ ਤਰ੍ਹਾਂ ਸ਼ੁੱਧ ਕਰਕੇ ਰਤਨਾ = ਸਵਾਸਾਂ ਵਿੱਚ ਗੁੰਦੇ ਭਾਵ ਦਸਮ ਦੁਆਰ ਵਿੱਚ ਸਵਾਸ ਚੜ੍ਹਾਉਣ ਵੇਲੇ ਮਨ ਨੂੰ ਨਾਲ ਹੀ ਇਸਥਿਤ ਕਰੇ।॥ ਮਸਤਕਿ ਪਦਮੁ ਦੁਆਲੈ ਮਣੀ॥ਮਾਹਿ ਨਿਰੰਜਨੁ ਤ੍ਰਿਭਵਣ ਧਣੀ॥ ਜਿਸ ਮਸਤਕਿ = ਸ਼੍ਰੋਮਣੀ ਦਸਮ ਦੁਆਰ ਰੂਪੀ ਪਦਮੁ=ਮਣੀਆਂ ਹਨ ਇਸ ਦਸਮ ਦੁਆਰ ਦੇ ਮਾਹਿ= ਵਿੱਚ ਤਿੰਨਾਂ ਭਵਨਾਂ ਦਾ ਮਾਲਕ ਨਿਰੰਜਨ ਮਾਇਆ ਰੂਪੀ ਅੰਜਨ ਸੁਰਮੇ ਕਾਲਕ ਤੋਂ ਰਹਿਤ ਪ੍ਰਮਾਤਮਾ ਆਪ ਇਸਥਿਤ ਹੈ ॥ ਪੰਚ ਸਬਦ ਨਿਰਮਾਇਲ ਬਾਜੇ॥ ਦਸਮ ਦੁਆਰ ਵਿੱਚ ਨਿਰਮਾਇਲ ਭਾਵ ਸ਼ੁੱਧ ਪੰਜ ਸ਼ਬਦ ਵੱਜ ਰਹੇ ਹਨ। ਯਥਾ

ਤਤ ਤੰਤੀ ਵਿਤ ਚਰਮ ਕਾ, ਘਨ ਕਾਂਸੀ ਕੋ ਜਾਨ॥ ਨਾਦ ਸ਼ਬਦ ਘਟ ਕਾ ਕਹਿਉ ਸੁਖਰ ਸਬਦ ਪਹਿਚਾਨ॥

## ਪੰਜਾਂ ਸ਼ਬਦਾਂ ਦਾ ਨਿਰਨਾ

ਤਤ ਸ਼ਬਦ:- ਤਾਰ ਤੇ ਤੰਤ ਦੇ ਵਾਜੇ ਸਿਤਾਰ ਰਬਾਬ ਆਦਿਕ ਤੋਂ ਜੋ ਉਠਦਾ ਹੈ।

ਵਿਤ ਸ਼ਬਦ:- ਚੰਮ ਨਾਲ ਮੜ੍ਹੇ ਹੋਏ ਵਾਜੇ = ਮ੍ਰਿਦੰਗ ਢੋਲਕ ਭੇਰੀ ਆਦਿਕ ਤੋਂ ਨਿਕਲਦਾ ਹੈ।

ਘਨ ਸ਼ਬਦ:- ਧਾਤੂ ਦੇ ਬਣੇ ਹੋਏ =ਘੜਿਆਲ ਛੈਣੇਂ ਆਦਿਕ ਤੋਂ ਜੋ ਆਵਾਜ਼ ਉਤਪੰਨ ਹੁੰਦੀ ਹੈ।

ਨਾਦ ਸ਼ਬਦ:-ਘੜਾ ਆਦਿਕ ਜਿਨ੍ਹਾਂ ਦੇ ਪੁਲਾੜ ਚੋਂ ਹੱਥ ਮਾਰਨ ਤੇ ਸੁਰ ਨਿਕਲਦੀ ਹੈ।

ਸੁਖਰ ਸ਼ਬਦ:- ਫੂਕ ਨਾਲ ਵਜਾਉਣ ਵਾਲੇ ਵਾਜੇ ਮੁਰਲੀ, ਸੰਖ, ਨਫੀਰੀ ਆਦਿਕਾਂ ਤੋਂ ਨਿਕਲਦਾ ਹੈ।

॥ਢੁਲਕੇ ਚਵਰ ਸੰਖ ਘਨ ਗਾਜੇ॥ ਦਸਮ ਦੁਆਰ ਵਿਚ ਚਵਰ= ਚੌਰ ਢੁਲਕੇ= ਝੁਲਦਾ ਹੈ ਸੰਖਾਂ ਦੇ ਵੱਜਣੇ ਅਤੇ ਘਨ= ਬੱਦਲਾਂ ਦੇ ਗੱਜਣੇ ਜੈਸੀ ਧੁਨ ਹੋ ਰਹੀ ਹੈ ਵਾ ਘਨ= ਬਹੁਤੇ ਸੰਖ ਵੱਜਦੇ ਹਨ।॥ ਦਲਿ ਮਲਿ ਦੈਤਹੁ ਗੁਰਮੁਖ ਗਿਆਨੁ॥ ਇਸੀ ਰੀਤੀ ਨਾਲ ਜਿਸ ਨੇ ਪ੍ਰਾਣਾਂ ਰੂਪੀ ਦੈਤਾਂ ਦੇ ਦਲ ਨੂੰ ਸਮਾਧੀ ਵਿੱਚ ਲੀਨ ਹੋ ਕੇ ਮਲ ਦਿੱਤਾ ਹੈ ਉਸ ਗੁਰਮੁਖ ਅਧਿਕਾਰੀ ਨੂੰ ਬ੍ਰਹਮ ਗਿਆਨ ਪ੍ਰਾਪਤ ਹੁੰਦਾ ਹੈ। ਇਸ ਤੁਕ ਦਾ ਅਰਥ ਕਈ ਗਿਆਨੀ ਇਸ ਤਰ੍ਹਾਂ ਭੀ ਲਗਾਂਵਦੇ ਹਨ। ਜਿਸ ਨੇ ਦੈਤਹੁ = ਪ੍ਰਾਣਾਂ ਨੂੰ ਦਲ ਮਲਿਆ ਹੈ ਉਸ ਗੁਰਮੁਖ ਨੂੰ ਪ੍ਰਮੇਸ਼ਰ ਦੀ ਪ੍ਰਾਪਤੀ ਦਾ ਗਿਆਨ ਹੋ ਜਾਂਦਾ ਹੈ। ॥ਬੇਣੀ ਜਾਚੈ ਤੇਰਾ ਨਾਮੁ॥੯॥੧॥ ਬੇਣੀ ਜੀ ਕਹਿੰਦੇ ਹਨ ਕਿ ਹੇ ਅਕਾਲ ਪੁਰਖ ਮੈਂ ਤਾਂ ਸਿਰਫ ਤੇਰਾ ਨਾਮ ਹੀ ਜਪਣਾ ਮੰਗਦਾ ਹਾਂ। ਕਿਉਂਕਿ ਜੋਗ ਮਾਰਗ ਬਹੁਤ ਕਠਿਨ ਹੈ। ਕਲਯੁਗੀ ਜੀਵਾਂ ਪਾਸੋਂ ਹੋਣਾ ਮੁਸ਼ਕਲ ਹੈ।

ਇਸ ਕਰਕੇ ਇਸ ਸ਼ਬਦ ਦਾ ਦੂਸਰਾ ਅਰਥ ਭਗਤੀ ਯੁਗ ਵਿੱਚ ਮੁਖ ਸਤਿਸੰਗ ਹੈ ਇਸ ਲਈ ਹਰ ਇਕ ਗੁਰਸਿੱਖ ਨੂੰ ਚਾਹੀਦਾ ਹੈ ਪਹਿਲੇ ਅੰਮ੍ਰਿਤ ਵੇਲੇ ਉਠ ਕੇ ਸਤਿਸੰਗਤ ਕਰੇ। ਦੂਜਾ ਅਰਥ ਸਿਖ ਨੇ ਬੇਨਤੀ ਕੀਤੀ :- ਦੇਵ ਸਥਾਨੈ = ਸਤਸੰਗ ਦੀ ਨਿਸ਼ਾਨੀ ਕੀ ਹੈ? ਉੱਤਰ :- ॥ਤਹਿ ਬਾਜੇ ਸਬਦ ਅਨਾਹਦ ਬਾਣੀ॥ ਤਿਸ ਸਤਿਸੰਗ ਵਿੱਚ ਪ੍ਰਤੱਖ ਵਾਜੇ ਵੱਜਦੇ ਹਨ। ਸ੍ਰੀ ਆਸਾ ਜੀ ਦੀ ਵਾਰ ਤੇ ਕੀਰਤਨ ਹੁੰਦੇ ਹਨ।ਹਰੀ ਜਸ ਗਾਂਉਦੇ ਹਨ। ਜੋਟੀਆਂ ਦੇ ਸ਼ਬਦ ਪੜ੍ਹੀਦੇ ਹਨ। ਅਨਹਦ = ਇੱਕ ਰਸ ਨਿੱਤਨੇਮ ਬਾਣੀ ਦੇ ਸ਼ਬਦ ਉਚਾਰਦੇ ਹਨ।

॥ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ॥ ਇੜਾ =ਗੰਗਾ = ਭਗਤੀ, ਪਿੰਗਲਾ= ਜਮੁਨਾ= ਕਰਮ ਕਥਾ, ਸੁਖਮਨਾ =ਸੁਰਸਤੀ= ਬ੍ਰਹਮ ਵਿੱਦਿਆ। ਇੜਾ ਚੋਂ ਗੰਗਾ, ਗੰਗਾ ਚੋਂ ਭਗਤੀ ਦਾ ਗ੍ਰਹਿਣ ਕਰਨਾ ਹੈ। ਜੈਸੇ ਗੰਗਾ ਦਾ ਜਲ ਉਜਲ ਤੈਸੇ ਭਗਤੀ ਕਰਨ ਵਾਲੇ ਦਾ ਹਿਰਦਾ ਉਜਲ ਹੁੰਦਾ ਹੈ ਅਤੇ ਜਿਸ ਤਰ੍ਹਾਂ ਗੰਗਾ ਭਗਵੰਤ ਚਰਨਾਂ ਵਿਚੋਂ ਪ੍ਰਾਪਤ ਹੁੰਦੀ ਹੈ।ਤੈਸੇ ਭਗਤੀ ਪ੍ਰਮੇਸ਼ਰ ਦੇ ਚਰਨਾਂ ਵਿਚੋਂ ਪ੍ਰਾਪਤ ਹੁੰਦੀ ਹੈ। ਪਿੰਗਲਾ ਵਿਚੋਂ ਜਮੁਨਾ ਅਤੇ ਜਮੁਨਾ'ਚੋਂ ਕਰਮ ਕਥਾ ਦਾ ਗ੍ਰਹਿਣ ਕਰਨਾ, ਜੈਸੇ ਜਮਨਾ ਦਾ ਜਲ ਕਾਲਾ ਹੁੰਦਾ ਹੈ ਤੈਸੇ ਕਰਮ ਕਾਂਡੀ ਦਾ ਹਿਰਦਾ ਵੀ ਕਾਲਾ ਰਹਿੰਦਾ ਹੈ ਅਤੇ ਜਮੁਨਾ ਸੂਰਜ ਤੋਂ ਜਿਵੇ ਉਤਪਤ ਹੋਈ ਹੈ ਤਿਵੇਂ ਕਰਮ ਕਾਂਡ ਸੂਰਜ ਉਦੇ ਹੋਣ ਨਾਲ ਸ਼ੁਰੂ ਕੀਤੇ ਜਾਂਦੇ ਹਨ। ਸੁਖਮਨਾ =ਸੁਰਸਤੀ ਤੇ ਸੁਰੱਸਤੀ ਚੋਂ ਬ੍ਰਹਮ ਵਿਦਿਆ ਦਾ ਗ੍ਰਹਿਣ ਕਰਨਾ ਜੈਸੇ ਸੁਰਸਤੀ ਦਾ ਜਲ ਲਾਲ ਹੁੰਦਾ ਹੈ ਤੇ

ਬ੍ਰਹਮਾ ਤੋਂ ਉਤਪਤ ਹੋਈ ਹੈ ਤੈਸੇ ਬ੍ਰਹਮ ਵਿਦਿਆ ਦਾ ਚਿਹਰਾ ਵੀ ਲਾਲੀ ਤੇ ਹੁੰਦਾ ਹੈ ਤੇ ਬ੍ਰਹਮ ਦੀ ਉਪਾਸ਼ਨਾ ਕਰਨ ਨਾਲ ਇਹ ਬ੍ਰਹਮ ਵਿਦਿਆ ਉਤਪੰਨ ਹੁੰਦੀ ਹੈ, ਹੁਣ ਅਰਥ ਸਮਝੋ ਇੜਾ ਪਿੰਗੁਲਾ ਅਉਰ ਸੁਖਮਨਾ ਭਗਤੀ, ਕਰਮ ਕਥਾ ਤੇ ਬ੍ਰਹਮ ਵਿੱਦਿਆ ਇਹ ਤਿੰਨੇ ਨਦੀਆਂ ਇਕ ਸਤਿਸੰਗ ਰੂਪੀ ਜਗ੍ਹਾਂ ਵਿੱਚ ਵਸ ਰਹੀਆਂ ਹਨ। ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ॥ ਜਿਥੇ ਤ੍ਰਿਬੈਣੀ ਦਾ ਸਬੰਧ ਹੁੰਦਾ ਹੈ। ਤਿੱਥੇ ਹੀ ਪ੍ਰਯਾਗ ਰਾਜ ਹੁੰਦਾ ਹੈ।ਇਸ ਤਰਫ ਸਤਿਸੰਗ ਵਿੱਚ ਭਗਤੀ, ਕਰਮ ਕਥਾ ਬ੍ਰਹਮ ਵਿੱਦਿਆ ਰੂਪੀ ਤਿੰਨ ਨਦੀਆਂ ਚਲਦੀਆਂ ਹਨ। ਇਸ ਕਰਕੇ ਸਤਿਸੰਗ ਹੀ ਇਕ ਪ੍ਰਯਾਗ ਰਾਜ ਤੀਰਥ ਹੈ। ਨਾਮ ਜਲ ਨਾਲ ਪੂਰਤ, ਮਨ ਕਰਕੇ ਉਸ ਵਿੱਚ ਇਸ਼ਨਾਨ ਕਰੇ।

ਸੰਤਹੁ ਤਹਾਂ ਨਿਰੰਜਨ ਰਾਮੁ ਹੈ ॥ ਹੇ ਸੰਤ ਜੀ ਤਿਸ ਸਤਿਸੰਗ ਵਿੱਚ ਨਿਰੰਜਨ ਰਾਮ = ਅਕਾਲ ਪੁਰਖ ਇਸਥਿਤ ਹੈ। ॥ਗੁਰ ਗਮਿ ਚੀਨੈ ਬਿਰਲਾ ਕੋਇ॥ ਤਹਾਂ ਨਿਰੰਜਨੁ ਰਮਈਆ ਹੋਇ॥ਰਹਾਉ॥ਗਿਆਨ ਜਾਗ੍ਰਤ ਵਿੱਚ ਜਾਗਦਿਆਂ ਰਹਿਣ ਨਾਲ ਜਿਨ੍ਹਾਂ ਗੁਰਾਂ ਦੀ ਪਹੁੰਚ ਹੈ ਉਨਾਂ ਗੁਰਾਂ ਦੁਆਰਾ ਕੋਈ ਵਿਰਲਾ ਹੀ ਪੁਰਸ਼ ਪ੍ਰਮੇਸ਼ਰ ਨੂੰ ਚੀਨੈ ਭਾਵ ਜਾਣਦਾ ਹੈ ਤਿਸ ਸਤਿਸੰਗ ਵਿੱਚ ਜਾਣ ਵਾਲਾ ਪੁਰਸ਼ ਨਿਰੰਜਨੁ ਰਮਈਏ ਦਾ ਸਰੂਪ ਹੋ ਜਾਂਦਾ ਹੈ।॥ ਤਹਿ ਚੰਦੁ ਨ ਸੂਰਜੁ ਪਉਣੁ ਨ ਪਾਣੀ ॥ਤਿਸ ਸਤਿਸੰਗ ਵਿੱਚ ਚੰਦ ਨਾ ਸੂਰਜ ਹਰਖ ਸੋਗ ਨਹੀਂ ਅਤੇ ਚੰਦ = ਸਤੋ ਗੁਣ ਦੀ ਪ੍ਰਧਾਨਤਾ ਹੈ। ਸੂਰਜ ਤਮੋ ਗੁਣ ਨਹੀਂ ਅਤੇ ਚੰਦ੍ਰਮਾ ਸੂਰਜ ਦੇ ਵਰਤਾਂ ਦਾ ਕੋਈ ਉਪਦੇਸ਼ ਨਹੀਂ। ਪਉਣ = ਰਜੋ ਗੁਣ, ਪਾਣੀ= ਸਤੋ ਗੁਣ, ਤੇ ਤਮੋ ਗੁਣ ਇਨ੍ਹਾ ਤਿੰਨਾਂ ਗੁਣਾਂ ਦੀ ਕ੍ਰਿਆ ਸਤਿਸੰਗ ਵਿੱਚ ਕੋਈ ਨਹੀ ।ਸਾਖੀ ਜਾਗੀ ਗੁਰਮੁਖਿ ਜਾਣੀ॥੨॥ :-ਮੁਖ ਗੁਰਾਂ ਦੀ ਸਾਖੀ ਸਿੱਖਿਆ ਦੁਆਰਾ ਜਿਸ ਦੀ ਬਿਰਤੀ ਜਾਗੀ ਹੈ ਉਸ ਲੈ ਸਤਿਸੰਗ ਦੀ ਮਹਿਮਾ ਜਾਣੀ ਹੈ।॥

ਉਪਜੈ ਗਿਆਨੁ ਦੁਰਮਤਿ ਛੀਜੈ॥ ਅੰਮ੍ਰਿਤ ਰਸਿ ਗਗਨੰਤਰ ਭੀਜੈ॥ ਬ੍ਰਹਮ ਗਿਆਨ ਉਤਪੰਨ ਹੋਣ ਨਾਲ ਦੁਰਮਤਿ-ਕੁਬੁਧੀ (ਖੋਟੀ ਬੁੱਧੀ) ਨਾਸ ਹੋ ਜਾਂਦੀ ਹੈ। ਗਗਨ = ਚੇਤੰਨ ਦੇਵ ਰੂਪੀ ਅੰਮ੍ਰਿਤ ਰਸ ਅੰਦਰ ਭਿੱਜ ਜਾਂਦਾ ਹੈ।॥ਏਸੁ ਕਲਾ ਜੋ ਜਾਣਹਿ ਭੇਉ॥ ਭੇਟੈ ਤਾਸੁ ਪਰਮ ਗੁਰਦੇਉ॥= ਇਹ ਸੰਤ ਸਮਾਗਮ ਰੂਪੀ ਕਲਾ ਸ਼ਕਤੀ ਜਾਂ ਯੁਗਤੀ ਦਾ ਭੇਦ ਜਿਹੜਾ ਜਾਣਦਾ ਹੈ। ਤਿਸ ਨੂੰ ਪਰਮ ਗੁਰਦੇਉ =ਅਕਾਲ ਪੁਰਖ ਭੇਟਹਿ ਭਾਵ ਮਿਲਦਾ ਹੈ।॥ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ॥= ਦਸਾਂ ਦੀ ਪ੍ਰਾਪਤੀ ਅਤੇ ਦਸਾਂ ਦੀ ਨਵਿਰਤੀ ਦਾ ਦੁਆਰਾ ਜੋ ਸਤਿਸੰਗ ਹੈ ਇਹੀ ਅਗਮ ਅਪਾਰ ਪਰਮ ਪੁਰਖ ਪ੍ਰਮਾਤਮਾਂ ਦੇ ਰਹਿਣੇ ਦੀ ਘਾਟੀ ਭਾਵ ਜਗ੍ਹਾਂ ਹੈ। ਨੋਟ: ਪੰਜ- ਸਤਿ, ਸੰਤੋਖ, ਧੀਰਜ, ਧਰਮ, ਵੀਚਾਰ ਅਤੇ ਪੰਜਾਂ ਤੱਤਾਂ ਦੀ ਰਹਿਣੀ- ਅਸੰਗਤਾ, ਸਮਤਾ, ਪ੍ਰਕਾਸ਼ਤਾ, ਸੀਤਲਤਾ, ਧੀਰਜਤਾ ਇਨ੍ਹਾਂ ਦਸਾਂ ਦੀ ਪ੍ਰਾਪਤੀ ਦੁਆਰਾ ਹੈ ਅਤੇ ਪੰਜ- ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਅਤੇ ਪੰਜ ਵਿਸ਼ੇ -ਸ਼ਬਦ, ਸਪਰਸ਼, ਰੂਪ, ਰਸ, ਗੰਧ, ਇਨ੍ਹਾਂ ਦਸਾਂ ਦੀ ਨਵਿਰਤੀ ਦਾ ਦੁਆਰਾ ਹੈ।

ਊਪਰ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ॥੪॥:- ਸਾਰੀਆਂ ਪ੍ਰਿਥਵੀਆਂ ਦੇ ਉਪਰ ਹਾਟੁ ਭਾਰਤ ਖੰਡ ਦੀ ਭੂਮੀ ਉਸ ਭਾਰਤ ਖੰਡ ਦੀ ਭੂਮੀ ਰੂਪੀ ਹਟ ਦੇ ਊਪਰ ਆਲਾ= ਸਤਸੰਗ ਹੈ ਉਸ ਸਤਸੰਗ ਰੂਪੀ ਆਲੇ ਦੇ ਵਿੱਚ ਬ੍ਰਹਮਾਂਨੰਦ ਸਰੂਪੀ ਥੈਲੀ ਹੈ।॥ਜਾਗਤੁ ਰਹੈ ਸੁ ਕਬਹੁ ਨ ਸੋਵੈ॥ਤੀਨਿ ਤਿਲੋਕ ਸਮਾਧਿ ਪਲੋਵੈ॥ ਜੋ ਸਤਿਸੰਗ ਨੂੰ ਪਾ ਕੇ ਭਗਤੀ ਸਿਮਰਨ ਵਿੱਚ ਜਾਗਦਾ ਰਹਿੰਦਾ ਹੈ। ਉਹ ਅਵਿੱਦਿਆ ਦੀ ਨੀਂਦ ਵਿੱਚ ਕਦੀ ਸੌਂਦਾ ਨਹੀਂ।ਪੁਨਾ ਉਹ ਤਿੰਨ ਗੁਣ ਰਜੋ ਤਮੋ ਸਮੋ ਅਤੇ ਤਿ+ਲੋਕ ਤਿੰਨ ਲੋਕ ਦੇਵ ਲੋਕ, ਮਾਤ ਲੋਕ, ਪਾਤਾਲ ਲੋਕ, ਇਨ੍ਹਾਂ ਸਭਨਾਂ ਨੂੰ ਸਮਾਧੀ ਵਿੱਚ ਲੀਨ ਹੋ ਕੇ ਪਲੋਵੈ = ਅਭਾਵ ਕਰਦਾ ਹੈ। ॥ਬੀਜ

ਮੰਤ੍ਰ ਲੈ ਹਿਰਦੈ ਰਹੈ॥ ਮਨੂਆ ਉਲਟਿ ਸੁੰਨ ਮਹਿ ਗੁਹੈ॥੫॥ ਸਭ ਮੰਤਰਾਂ ਦਾ ਬੀਜ ਕਾਰਣ ਰੂਪ ਮੰਤਰ ਜੋ ਸਤਿਨਾਮ ਹੈ ਤਿਸ ਨੂੰ ਲੈ ਕੇ ਹਿਰਦੇ ਵਿੱਚ ਇਸਥਿਤ ਰਹਿੰਦਾ ਅਤੇ ਸੰਸਾਰ ਵਲੋਂ ਮਨ ਉਲਟਾ ਕੇ ਸੁੰਨ=ਅਫੁਰ ਪ੍ਰਮਾਤਮਾ ਵਿੱਚ ਗਹੈ = ਗੁੰਥਨ ਭਾਵ ਜੋ ਜੋੜਨਾਂ ਕਰਦਾ ਹੈ।= ॥ਜਾਗਤੁ ਰਹੈ ਨ ਅਲੀਆ ਭਾਖੈ॥ ਪਾਚਉ ਇੰਦ੍ਰੀ ਬਸਿ ਕਰਿ ਰਾਖੈ॥ਗਿਆਨ ਜਾਗ੍ਰਤ ਵਿੱਚ ਜਾਗਦਿਆਂ ਰਹਿਣ ਨਾਲ ਅਲੀਆ= ਇੰਦ੍ਰੀਆਂ ਵਿਸ਼ਿਆਂ ਨੂੰ ਨਹੀਂ ਭਖਦੀਆਂ ਭਾਵ ਵਿਸ਼ਿਆਂ ਨੂੰ ਦੇਖ ਕੇ ਜੋਸ਼ ਵਿੱਚ ਨਹੀਂ ਆਂਉਦੀਆਂ ਇਸ ਲਈ ਜੀਵ ਨੂੰ ਚਾਹੀਦਾ ਹੈ ਪੰਜਾਂ ਗਿਆਨ ਇੰਦ੍ਰੀਆਂ ਨੂੰ ਵਿਸ਼ਿਆਂ ਵੱਲ ਵਸੀਕਾਰ ਰੱਖਣਾਂ ਕਰੇ।॥ਗੁਰ ਕੀ ਸਾਖੀ ਰਾਖੈ ਚੀਤਿ॥ ਮਨੁ ਤਨੁ ਅਰਪੈ ਕ੍ਰਿਸਨ ਪਰੀਤਿ॥੬॥ ਗੁਰਾਂ ਦੀ ਸਿੱਖਿਆ ਨੂੰ ਚਿੱਤ ਵਿੱਚ ਯਾਦ ਰੱਖੇ ਤੇ ਆਪਣੇ ਮਨ ਤਨ ਨੂੰ ਕ੍ਰਿਸ਼ਨ ਪ੍ਰਮਾਤਮਾ ਦੀ ਪ੍ਰੀਤੀ ਵਿੱਚ ਅਰਪਨ ਕਰੇ।=॥ਕਰ ਪਲਵ ਸਾਖਾ ਬੀਚਾਰੇ॥ ਅਪਨਾ ਜਨਮ ਨ ਜੂਐ ਹਾਰੇ॥ ਗੁਰਾਂ ਦੀ ਸਾਖੀ = ਸਿੱਖਿਆ ਦਾ ਵਿਚਾਰ ਕਰਨਾ ਹੀ ਪਲਵ= ਜਹਾਜ਼ ਕਰੇ, ਸੰਸਾਰ ਸਮੁੰਦਰ ਤੋਂ ਪਾਰ ਹੋ ਜਾਣ ਵਾਸਤੇ ਆਪਣਾ ਅਮੋਲਕ ਮਨੁੱਖਾ ਜਨਮ ਸੰਸਾਰ ਜੂਏ ਵਿੱਚ ਨਾ ਹਾਰੇ।=॥ਅਸੁਰ ਨਦੀ ਕਾ ਬੰਧੈ ਮੂਲੁ॥ਪਛਿਮ ਫੇਰਿ ਚੜਾਵੈ ਸੂਰੁ॥ਅਸੁਰ ਨਦੀ = ਅਸੁਰੀ ਸੰਪ੍ਰਦਾ ਦਾ ਮੂਲ ਕਾਰਣ ਜੋ ਅਗਿਆਨ ਹੈ ਉਸ ਨੂੰ ਬੰਧੈ= ਬੰਧਨਾਂ ਕਰੇ ਪਛਿਮ = ਭਾਵ ਸੰਸਾਰ ਵਲੋਂ ਮਨ ਨੂੰ ਫੇਰ ਕੇ ਸੂਰਜ ਦੀ ਤਰ੍ਹਾਂ ਪ੍ਰਕਾਸ਼ ਰੂਪ ਪ੍ਰਮਾਤਮਾ ਵਿੱਚ ਚੜ੍ਹਾਵੇ= ਲਾਵੇ । ਅਜਰੁ ਜਰੈ ਸੁ ਨਿਝਰੁ ਝਰੈ॥ਜਗੰਨਾਥ ਸਿਉ ਗੋਸਟਿ ਕਰੈ॥੭॥ ਅਜਰੁ = ਕਾਮ ਆਦਿਕਾਂ ਨੂੰ ਜਰੈ = ਸਾੜੇ ਭਾਵ ਰੋਕੇ ਤਾਂ ਨਿਝਰੁ ਇਕ ਰਸ ਸੁ= ਸ਼੍ਰੇਸਟ ਬ੍ਰਹਮਾਨੰਦ ਝਰੈ= ਭਾਵ ਪ੍ਰਾਪਤ ਹੁੰਦਾ ਹੈ ਤਾਂ ਉਸ ਸਾਰੇ ਜਗਤ ਦੇ ਪ੍ਰਮਾਤਮਾ ਨਾਲ ਗੋਸਟਿ = ਸੰਭਾਖਨ ਕਰਦਾ ਹੈ।

॥ ਚਉਮੁਖ ਦੀਵਾ ਜੋਤਿ ਦੁਆਰ॥ਪਲੂ ਅਨਤ ਮੂਲੁ ਬਿਚਕਾਰਿ॥ ਜੋਤਿ = ਅਕਾਲ ਪੁਰਖ ਦੀ ਪ੍ਰਾਪਤੀ ਸਤਿਸੰਗ ਰੂਪ ਦਰਵਾਜ਼ਾ ਹੀ ਇਕ ਚੌਮੁਖੀਆ ਦੀਵਾ ਹੈ ਪੰਜਾਂ ਕੋਸ਼ਾਂ ਰੂਪੀ ਪਲੂ =ਪੱਤੇ ਅਨਤ –ਲਾਂਭੇ ਕਰੇ। ਮੂਲੁ= ਅਧਿਸ਼ਠਾਨ ਰੂਪ ਪ੍ਰਮਾਤਮਾ ਨੂੰ ਰਿਦੇ ਦੇ ਵਿਚਕਾਰ ਨਿਸ਼ਚੇ ਕਰੇ। ॥ਸਰਬ ਕਲਾ ਲੇ ਆਪੇ ਰਹੈ॥ ਮਨੁ ਮਾਣਕੁ ਰਤਨਾ ਮਹਿ ਗੁਹੈ॥੮॥ ਸਾਰੀਆਂ ਕਲਾਂ ਸ਼ਕਤੀਆਂ ਨੂੰ ਲੈ ਕੇ ਆਪ ਪ੍ਰਮਾਤਮਾ ਸਤ ਸੰਗ ਹੋ ਰਿਹਾ ਹੈ ਮਨ ਨੂੰ ਮਾਣਕ ਵਾਗੂੰ ਸ਼ੁੱਧ ਕਰਕੇ ਸ਼ੁੱਭ ਗੁਣਾਂ ਰੂਪੀ ਰਤਨਾਂ ਵਿੱਚ ਗੁੰਦਣਾਂ ਕਰੇ।

॥ਮਸਤਕਿ ਪਦਮੁ ਦੁਆਲੈ ਮਣੀ॥ ਮਾਹਿ ਨਿਰੰਜਨੁ ਤ੍ਰਿਭਵਣ ਧਣੀ॥ ਜਿਸ ਮਸਤਕ ਸ਼੍ਰੋਮਣੀ ਸਤਿਸੰਗ ਰੂਪੀ ਪਦਮੁ= ਕਵਲ ਫੁੱਲ ਦੇ ਆਲੇ ਦੁਆਲੇ ਕਰੁਣਾ, ਮੈਤਰੀ, ਮੁੱਦਤਾ, ਰੂਪ ਮਣੀਆਂ ਹਨ। ਤਿਸ ਸਤਿਸੰਗ ਦੇ ਵਿੱਚ ਤਿੰਨਾਂ ਭਵਨਾਂ ਦਾ ਧਣੀ ਮਾਲਕ ਨਿਰੰਜਨ ਪ੍ਰਮਾਤਮਾ ਹੈ। ॥ਪੰਚ ਸਬਦ ਨਿਰਮਾਇਲ ਬਾਜੇ॥ ਢੁਲਕੇ ਚਵਰ ਸੰਖ ਘਨ ਗਾਜੇ॥ ਸਤਸੰਗ ਵਿੱਚ ਪੰਚ= ਸ਼੍ਰੇਸਟ ਸੁਧੋਹੰ, ਬੁਧੋਹੰ, ਨਿਰਵਿਕਾਰੋਹੰ ਆਦਿ ਵਾਜੇ ਵੱਜ ਰਹੇ ਹਨ।ਵਾ :- ਪੰਚ = ਸ੍ਰੇਸ਼ਟ ਨਾਮਾਂ ਰੂਪੀ ਸ਼ਬਦ ਨਿਰਮਾਇਲ ਸ਼ੁਧ ਵਜ ਰਹੇ ਹਨ ਵਾ :- ਮਹਾਂਵਾਕਾਂ ਰੂਪੀ ਨਿਰਮਾਇਲ =ਸ਼੍ਰੇਸ਼ਟ ਸ਼ਬਦ ਵੱਜ ਰਹੇ ਹਨ। ਪ੍ਰਤੱਖ ਚੌਰ ਔਰ ਜਸ ਰੂਪੀ ਚੌਰ ਝੁਲ ਰਿਹਾ ਹੈ। ਸੰਖ= ਅਸੰਖ ਪ੍ਰਮਾਤਮਾ ਘਨ= ਇਕ ਰਸ ਗਾਜੇ ਭਾਵ ਪ੍ਰਗਟ ਹੋ ਰਿਹਾ ਹੈ।

॥ਦਲਿ ਮਲਿ ਦੈਤਹੁ ਗੁਰਮੁਖਿ ਗਿਆਨੁ॥ ਸਤਸੰਗ ਦੁਆਰਾ ਜਿਸ ਨੇ ਕਾਮ ਆਦਿਕ ਦੈਤਾਂ ਨੂੰ ਦਲ ਮਲਿਆ ਹੈ ਭਾਵ ਮਲੀਆ ਮੇਟ ਕਰ ਦਿੱਤਾ ਹੈ। ਉਸ ਗੁਰਮੁਖ ਨੂੰ ਬ੍ਰਹਮਗਿਆਨ ਦੀ ਪ੍ਰਾਪਤੀ ਹੋਈ ਹੈ।॥ ਬੇਣੀ ਜਾਚੈ ਤੇਰਾ ਨਾਮੁ॥੯॥੧॥(ਪੰਨਾਂ 974) ਬੇਣੀ ਭਗਤ ਜੀ ਕਹਿੰਦੇ ਹਨ ਹੇ ਅਕਾਲਪੁਰਖ ਮੈਂ ਤਾਂ ਸਿਰਫ ਆਪ ਜੀ ਦਾ ਨਾਮ ਜਪਣਾਂ ਹੀ ਮੰਗਦਾ ਹਾਂ। ਕ੍ਰਿਪਾ ਕਰਕੇ ਮੈਨੂੰ ਹਮੇਸ਼ਾਂ ਲਈ ਨਾਮ ਸਿਮਰਨ ਦੀ ਦਾਤ ਬਖਸ਼ੀ ਰੱਖਣਾਂ।

ਕਿਰਤਮ ਨਾਮ ਕਥੇ ਤੇਰੇ ਜਿਹਬਾ॥ ਸਤਿਨਾਮੁ ਤੇਰਾ ਪਰਾ ਪੂਰਬਲਾ॥(ਪੰਨਾਂ 1083)

## ਕਿਰਤਮ ਨਾਮ ਚਾਰ ਪ੍ਰਕਾਰ ਦੇ ਹਨ:-

(1) ਰਿਛਸ (2) ਜਦ ਰਿਛਸ (3)ਕਿਰਿਆ ਪ੍ਰਯੁਕਤ (4) ਗੁਣ ਪ੍ਰਯੁਕਤ ।

(1) ਰਿਛਸ :- ਜੋ ਨਾਮ ਮਾਂ-ਬਾਪ ਦਾ ਰੱਖਿਆ ਹੁੰਦਾ ਹੈ ਉਸ ਨੂੰ ਰਿਛਸ ਆਖਦੇ ਹਨ।

(2) ਜਦ ਰਿਛਸ:- ਜਿਵੇਂ ਰਾਮ ਚੰਦਰ ਜੀ ਦਾ ਰਾਘਵ ਨਾਮ ਪਿਆ ਹੈ।ਏਹ ਜਾਤੀ ਸਬੰਧ ਕਰਕੇ ਜੋ ਨਾਮ ਜਾਤੀ ਸਬੰਧ ਕਰਕੇ ਪੈ ਜਾਵੇ ਉਸ ਨੂੰ ਜਦ ਰਿਛਸ ਕਹਿੰਦੇ ਹਨ।

(3) ਕਿਰਿਆ ਪ੍ਰਯੁਕਤ:- ਕਿਰਿਆ ਕਰਨ ਜੋ ਨਾਮ ਪੈ ਜਾਵੇ। ਜੈਸੇ ਕਿ ਮੁਰਾਰੀ, ਮਧੂਸੂਦਨ, ਗੋਵਰਧਨ ਧਾਰੀ ਆਦਿਕ ਕਈ ਨਾਮ ਹਨ।ਪਰ ਇਹ ਕਿਰਿਆ ਪ੍ਰਯੁਕਤ ਹਨ।

(4) ਗੁਣ ਪ੍ਰਯੁਕਤ:- ਜੋ ਨਾਂਮ ਗੁਣ ਕਰਕੇ ਪੈ ਜਾਵੇ ਉਸ ਨੂੰ ਗੁਣ ਪ੍ਰਯੁਕਤ ਆਖਦੇ ਹਨ ਜੈਸੇ ਕਿ ਕਾਲਾ ਗੁਲਰ ਹੋਣ ਕਰਕੇ ਕ੍ਰਿਸ਼ਨ ਜੀ ਦਾ ਨਾਮ ਸਯਾਮ ਪੈ ਗਿਆ।

ਇਹ ਚਾਰ ਪ੍ਰਕਾਰ ਦੇ ਕਿਰਤਮ ਨਾਮ ਹਨ ਜੋ ਕਿਸੇ ਵੀ ਕਿਰਿਆ ਤੋਂ ਪੈਦਾ ਹੋਣ। ਦੋ ਪ੍ਰਕਾਰ ਦੇ ਕਿਰਤਮ ਨਾਮ ਹੋਰ ਵੀ ਵਿਦਵਾਨਾਂ ਨੇ ਮੰਨੇ ਹਨ ।ਚਾਰ ਇਹ ਹਨ। ਦੋ ਹੋਰ ਹਨ। ਸਾਰੇ ਛੇ ਮੰਨਦੇ ਹਨ।

ਦੋ ਪ੍ਰਕਾਰ ਦੇ ਕਿਰਤਮ ਨਾਮ ਇਹ ਵੀ ਹਨ : -

(1) ਸਬੰਧਕ ਨਾਮ (2) ਵਿਅਕਤੀ ਨਾਮ।

(1) ਜਿਵੇਂ ਸੀਤਾ ਨਾਲ ਮਿਲਾਪ ਹੋਣ ਕਰਕੇ ਸੀਤਾ ਰਾਮ ਪੈ ਗਿਆ। ਇਹ ਸਬੰਧਕ ਨਾਮ ਹਨ।

(2) ਵਿਅਕਤੀ ਨਾਮ ਉਹ ਹੈ ਜਿਵੇਂ 52 ਉਂਗਲਾਂ ਸ਼ਰੀਰ ਦੀ ਵਿਅਕਤੀ ਹੋਣ ਕਰਕੇ ਬਾਵਨ ਅਵਤਾਰ ਨਾਮ ਪੈ ਗਿਆ। (ਸਤਿਨਾਮੁ ਤੇਰਾ ਪਰਾ ਪੂਰਬਲਾ) , ਸੋ ਇਸ ਕਰਕੇ ਜਾਤੀ ਜਾਦਵ ਰਾਇਆ, ਗੁਣ ਸਿਆਮ ਆਦਿਕ ਕਿਰਿਆ ਰਾਧਾ ਰਮਨ, ਸਬੰਧ ਨੰਦ ਕੋ ਨੰਦਨ, ਵਿਅਕਤੀ ਦੇਹ ਕੀ ਉਪਾਸ਼ਨਾ। ਸੋ ਸਾਰੇ ਇਹ ਕਿਰਤਮ ਨਾਮ ਹਨ। ਅਕਿਰਤਮ ਨਾਮ ਸਤਿਨਾਮੁ ਤੇਰਾ ਪਰਾ ਪੂਰਬਲਾ॥ ਸਤਿਨਾਮੁ ਤੇਰਾ ਅਨਾਦਿ ਕਾਲ ਤੋਂ ਸਨਾਤਨ ਪਰਮ ਪਵਿੱਤਰ ਨਾਮ ਕਲਿਆਣ ਕਾਰੀ ਹੈ। ਆਪ ਜੀ ਦਾ ਜੋ ਸਤਿਨਾਮੁ ਮੰਤਰ ਹੈ ਪਰਾ = ਉਤਕ੍ਰਿਸ਼ਟ ਅਰਥਾਤ ਸਭ ਤੋਂ ਵੱਡਾ ਅਤੇ ਪੂਰਬਲਾ ਅਨਾਦੀ ਕਾਲ ਦਾ ਹੈ। ਜਿਵੇਂ ਚਾਰ ਬਾਣੀਆਂ ਵਿਚੋਂ ਪਰਾ ਬਾਣੀ ਸਭ ਤੋਂ ਵੱਡੀ ਹੈ ਤਿਵੇਂ ਸਭ ਨਾਮਾਂ ਵਿਚੋਂ ਸਤਿਨਾਮੁ ਮੰਤਰ ਵੱਡਾ ਹੈ।ਇਸ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰੰਭ ਵਿੱਚ ੴਸਤਿਨਾਮੁ ਮੂਲਮੰਤਰ ਰੱਖਿਆ ਹੈ ।ਤਥਾ

ਸਤਿਨਾਮੁ ਪ੍ਰਭ ਕਾ ਸੁਖਦਾਈ॥ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ ॥੬॥(ਪੰਨਾਂ 284)

ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥ (ਪੰਨਾਂ 670)

ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ॥ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ॥21॥ (ਪੰਨਾਂ 1426)

ਤਥਾ:- ਲਗਯੋ ਹੁਮਾਉ ਪੰਖ ਜਯੋ ਸੰਗਾ ॥ਜਬ ਛੁਟਹਿ ਧਨੁ ਤੇ ਸੁ ਖਤੰਗਾ॥9॥

ਪਰ ਕੇ ਬਲ ਕਰਿ ਹੋਤ ਉੜਾਊ, ਪਹੁਚੈ ਸੋ ਜਹਿ ਦੇਸ ਹੁਮਾਊ ॥

ਬਹੁਰ ਨ ਆਇ ਪਰੇ ਕਬ ਧਰਨੀ, ਤੈਸੀ ਰੀਤਿ ਨਾਮ ਕੀ ਬਰਨੀ ॥10॥

ਇਕ ਚਿਤ ਸਿਮਰਹਿ ਜੇ ਦਿਨ ਰਾਤੀ, ਛੁਟੇ ਦੇਹ ਤੇ ਹੋਇ ਸੰਗਾਤੀ॥

ਜਹਿ ਨਾਮੀ ਕੋ ਦੇਸ਼ ਸੁਹਾਵਨ, ਤਹਾਂ ਕਰਹਿ ਬਿਲਮ ਪੁਚਾਵਨ॥11॥

ਬਹੁਰ ਨ ਜਗ ਮਹਿ ਪਾਵਹਿ ਦੇਹੀ॥ ਸਤਿਨਾਮ ਕੇ ਭੇ ਜੁ ਸਨੇਹੀ॥ (ਨਾਨਕ ਪ੍ਰਕਾਸ਼ ਪੂ:ਅਧਿਆਇ 24)

ਤਥਾ:- ਇਹ ਮੰਤ੍ਰ ਮਹਾਂ ਸਤਿਨਾਮ ਅਹੈ॥ ਨਿਜ ਜੀਹ ਜਪੈ ਜੁ ਅਰੋਗ ਚਹੈ॥16॥

ਤਨ ਤਾਪ ਕਹਾਂ ਇਸ ਤੇ ਜੁ ਰਹੈ॥ਜਗ ਤੀਨਹੁ ਤਾਪਨ ਖਾਪਦ ਅਹੈ ॥

ਮੁਖਿ ਧੰਨ ਜਪੇ ਸਤਿਨਾਮੁ ਸਦਾ॥ ਫਿਰ ਸੰਕਟ ਹੋਨਿ ਨ ਦੇਤ ਕਦਾ॥17॥

ਬਡ ਭਾਗ ਪਰੇ ਲਿਵ ਲਾਵਤਿ ਹੈਂ ॥ਦੁਖ ਲੋਕ ਪ੍ਰਲੋਕ ਨਸਾਵਤ ਹੈਂ ॥

ਕਹਿ ਸਿੱਖਯਨ ਸਾਥ ਬਿਕਾਰ ਤਜੋ॥ ਸਤਿਨਾਮੁ ਭਜੋ ਸਤਿਨਾਮੁ ਭਜੋ॥18॥

(ਗੁਰਪ੍ਰਤਾਪ ਸੂਰਜ ਰਾਸਿ 3 ਅੰਸੂ 30)

ਤਥਾ:- ਸੱਤਿਨਾਮੁ ਜੁ ਜਿਯ ਲਖਿ ਪਾਵੈ, ਤਾ ਕੇ ਕਾਲ ਨਿਕਟ ਨਹਿ ਆਵੈ॥

ਬਿਨਾ ਨਾਮ ਤਾਕੇ ਜੋ ਰਹਿ ਹੈ, ਬਨ ਗਿਰ ਪੁਰ ਮੰਦਰ ਸਭ ਢਹਿ ਹੈ॥21॥

ਸੱਤਿਨਾਮੁ ਜੋ ਪੁਰਖ ਪਛਾਨੈ, ਸਤਿਨਾਮੁ ਲੈ ਬਚਨ ਪ੍ਰਮਾਨੈ॥

ਸਤਿਨਾਮੁ ਮਾਰਗ ਲੈ ਚਲਹੀ, ਤਾਕੋ ਕਾਲ ਨ ਕਬਹੂ ਦਲਹੀ॥23॥(ਦਸਮ ਗ੍ਰੰਥ ਚਰਿਤ੍ਰ 81 ਪੰਨਾਂ 910)

(ਸ਼ਬਦ ਹਜ਼ਾਰੇ ਦੇ ਸੱਤਾਂ ਸ਼ਬਦਾਂ ਦਾ ਜਾਪ)

ਸੁਲਤਾਨੇ ਮੀਆਂ ਕਹਾਂ, ਜੀਉ ਡਰਤ ਹੈ ਆਪਣਾ ॥

ਇਆਨੜੀਏ ਮਾਨੜਾ ਕਾਇ ਕਰੇ, ਇਹ ਤਨ ਮਾਇਆ ਸੁਪਨਾ ॥

ਮਨ ਲੋਚੈ ਗੁਰ ਦਰਸ ਕੋ, ਕਵਨ ਤਰਾਜੀ ਹੋਇ ॥

ਮਨ ਮੰਦਰ ਤਨ ਵੇਸ ਮੈਂ, ਪੇਖਿ ਰਮਈਆ ਸੋਇ ॥

## ਅਧਿਆਇ 10

## ਚਾਰ ਫਕੀਰੀ ਦੇ ਰਸਤੇ

(1) ਸਰੀਅਤ = ਕਰਮ ਕਾਂਡ

(2) ਤਰੀਕਤ = ਅੰਤਹਕਰਣ ਦੀ ਸ਼ੁਧੀ ਦਾ ਢੰਗ = ਉਪਾਸ਼ਨਾ

(3) ਮਾਰਫਤ= ਗਿਆਨ

(4) ਹਕੀਕਤ = ਤਤ ਵਸਤੂ ਨੂੰ ਪਹੁੰਚਣਾਂ ਭਾਵ ਖੁਦਾ ਨੂੰ ਸਾਖਯਾਤ ਕਰ ਲੈਣਾ।

ਤਥਾ :- ਹਸਿ ਕਰਿ ਸ੍ਰੀ ਮੁਖ ਤੇ ਕਹਯੋ, ਨਹਿ ਧਰੀਐ ਬਿਪਰੀਤ॥

ਗੁਰ ਕੀ ਏ ਅਗਿਆ ਸਹੀ, ਬੇਦ ਧਰਮ ਕੀ ਰੀਤਿ॥30॥

ਕਾਮ ਕ੍ਰੋਧ ਮਦ ਲੋਭ, ਕਰਹੁ ਨਹੀਂ ਅਪਰਾਧੁ॥

ਰਿਦਾ ਸਰਲ ਬਿਨ ਕਪਟ ਤੇ, ਪੰਥ ਚਲਹਿ ਇਹੁ ਸਾਧੁ॥31॥

(ਗੁਰਪ੍ਰਤਾਪ ਸੂਰਜ ਰੁਤ 3 ਅੰਸੂ 50)

**ਬੈਰਾਗ :-** (1) ਯਤਮਨ (2)ਵਿਤਰੇਕ (3) ਏਕ ਇੰਦ੍ਰੀਏ (4)ਵਸੀਕਰਣ

(1) ਰਾਗ ਦਵੈਸ਼ ਆਦਿਕ ਦੋਸ਼ਾਂ ਦੇ ਤਿਆਗ ਦੀ ਇੱਛਾ ਕਰਕੇ ਜੋ ਪ੍ਰਯਤਨ ਕਰਨਾ ਹੈ ਇਸ ਨੂੰ ਯਤਮਨ ਬੈਰਾਗ ਕਹੈਂ ਹੈਂ।

(2) ਇਸ ਤੋਂ ਪਿਛੋਂ ਮੇਰੇ ਹਿਰਦੇ ਵਿਚੋਂ ਇਤਨੇ ਦੋਸ਼ ਨਿਕਲ ਚੁੱਕੇ ਹਨ ਤੇ ਇਤਨੇ ਬਾਕੀ ਰਹਿੰਦੇ ਹਨ ਇਸ ਵਿਚਾਰ ਦਾ ਨਾਮ ਵਿਤਰੇਕ ਬੈਰਾਗ ਹੈ।

(3) ਇੰਦ੍ਰੀਆਂ ਨੂੰ ਬਾਹਰਲੇ ਵਿਸ਼ਿਆਂ ਵਲੋਂ ਰੋਕਣਾਂ ਤੇ ਮਨ ਵਿੱਚ ਵਿਸ਼ੇ ਦੀ ਕੁਝ ਸੂਖਮ ਇੱਛਾ ਬਣੀ ਰਹਿਣੀ ਇਸ ਦਾ ਨਾਮ ਏਕ ਇੰਦ੍ਰੇ ਬੈਰਾਗ ਹੈ।

(4) ਅਚਾਨਕ ਪ੍ਰਾਪਤ ਹੋਏ ਵਿਸ਼ੇ ਦਾ ਤਿਆਗ ਕਰਨਾ ਇਸ ਦਾ ਨਾਮ ਵਸ਼ੀਕਰਣ ਬੈਰਾਗ ਹੈ। ਅੱਗੋਂ ਫਿਰ ਬੈਰਾਗ ਦੇ ਤਿੰਨ ਭੇਦ ਹਨ। (1)ਮੰਦ ਬੈਰਾਗ (2) ਤੀਬਰ ਬੈਰਾਗ (3)ਤਰ ਤੀਬਰ ਬੈਰਾਗ

(1) **ਮੰਦ ਬੈਰਾਗ:-** ਪ੍ਰੂੰਅਰ ਤਾਪ ਗੇਰੀ ਕੇ ਬਸਤ੍ਰਾ ॥ ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ ॥

ਦੇਸੁ ਛੋਡਿ ਪਰਦੇਸਹਿ ਧਾਇਆ ॥ ਪੰਚ ਚੰਡਾਲ ਨਾਲੇ ਲੈ ਆਇਆ ॥ ੪ ॥(ਪੰਨਾਂ 1348)

(2) **ਤੀਬਰ ਬੈਰਾਗ:-**ਅਸਮਤਿ ਜਨਮਨਿ ਪੁਤ੍ਰ ਦਾਰਾਦਿ ਮਾਸਤੁ ਇਤਿ ਬੁਧੀਆਂ ਵਿਸ਼ੇ ਜ਼ਿਹਾਸਾ ਤੀਬਰ ਵੈਰਾਗੰ ॥ ਅਰਥ :-ਅਸਮਤਿ ਜਨਮਨਿ = ਇਸ ਜਨਮ ਵਿੱਚ ਪੁੱਤਰ ਤੇ ਦਾਰਾਦਿ = ਇਸਤਰੀ ਆਦਿਕ ਵਿਸ਼ੇ ਮੈਨੂੰ ਮਾਸਤੁ = ਮਤਾਂ ਪ੍ਰਾਪਤ ਹੋਣ ਇਸ ਤਰ੍ਹਾਂ ਦੀ ਬੁੱਧੀ ਕਰਕੇ ਜੋ ਵਿਸ਼ਿਆਂ ਦਾ ਤਿਆਗ ਕਰਨਾ ਹੈ ਇਸ ਦਾ ਨਾਂ ਤੀਬਰ ਬੈਰਾਗ ਹੈ।

(3) **ਤੀਬਰ ਤਰ ਬੈਰਾਗ**:- ਪੁਨਰਾ ਬਿਰਤੀ ਬ੍ਰਹਮ ਲੋਕਾਦਿ ਪ੍ਰਯੰਤ ਮਾਸਤੂ ਇਤਿ ਬੁਧਯਾ ਵਿਸ਼ ਜਿਹਾਸਾ ਤੀਬਰ ਤਰ ਵੈਰਾਗੰ॥

ਅਰਥ :- ਜਿਨ੍ਹਾਂ ਲੋਕਾਂ ਵਿਚ ਜਾ ਕੇ ਫਿਰ ਮੁੜ ਆਵੇ ਉਸ ਨੂੰ ਪੁਨਰਾ ਵਿਰਤੀ ਕਹਿੰਦੇ ਹਨ। ਇਉਂ ਸ਼ਿਵ ਲੋਕ ਬ੍ਰਹਮ ਲੋਕ ਇੰਦਰ ਲੋਕ ਜਿਤਨੇ ਭੀ ਲੋਕ ਹਨ ਉਹ ਮੈਨੂੰ ਮਤਾਂ ਪ੍ਰਾਪਤ ਹੋਣ ਅਜਿਹੀ ਇੱਛਾ ਕਰਕੇ ਜੋ ਵਿਸ਼ਿਆਂ ਦਾ ਤਿਆਗ ਹੈ ਅਰਥਾਤ ਦੋਹਾਂ ਲੋਕਾਂ ਦੇ ਸੁਖ ਦੀ ਇੱਛਾ ਦਾ ਅਭਾਵ ਕਰਨਾਂ ਇਸ ਨੂੰ ਤੀਬਰ ਤਰ ਬੈਰਾਗ ਕਹਿੰਦੇ ਹਨ।

## (ਅਗਿਆਨ ਦੀਆਂ ਦੋ ਸ਼ਕਤੀਆਂ)

ਅਗਿਆਨ ਰੁਪੀ ਸੂਰਜ ਦੀਆਂ ਦੋ ਸ਼ਕਤੀਆਂ ਹਨ ਇਕ ਅਵਰਣ ਤੇ ਦੂਸਰੀ ਵਿਖੇਪ ਸ਼ਕਤੀ ਹੈ ਫਿਰ ਅਵਰਣ ਸ਼ਕਤੀ ਦੋ ਪ੍ਰਕਾਰ ਦੀ ਹੈ। ਅਸੱਤ੍ਵਾਪਾਦਿਕ ਤੇ ਅਭਾਨਾਪਾਦਿਕ

ਨਾ ਅਸਤਿ ਨਾ ਭਾਂਤਿ ਇਤਿ ਇਤੀ ਵਿਵਹਾਰ ਹੇਤੂ ਸ਼ਕਤੀ ਪਰਮਾਤਮਾ। ਨਾ ਅਸਤਿ = ਨਹੀਂ ਹੈ ਇਸ ਦੇ ਪਾਦਿਕ ਜਨਾਉਣੇ ਵਾਲੀ ਨੂੰ ਅਸੱਤ੍ਵਾਪਾਦਿਕ ਕਹਿੰਦੇ ਹਨ। ਪ੍ਰੋਖ ਗਿਆਨ ਕਰਕੇ ਅਵਰਨ ਦੀ ਅਸੱਤ੍ਵਾਪਾਦਿਕ ਸ਼ਕਤੀ ਦੂਰ ਹੁੰਦੀ ਹੈ। ਪ੍ਰਮਾਤਮਾ ਦੀ ਨਾ ਭਾਂਤਿ =ਪ੍ਰਤੀਤੀ ਨਾ ਹੋਣੀ ਇਸ ਨੂੰ ਅਭਾਨਾਪਾਦਿਕ ਆਖਦੇ ਹਨ। ਅਪ੍ਰੋਖ ਗਿਆਨ ਕਰਕੇ ਅਵਰਨ ਦੀ ਅਭਾਨਾਪਾਦਿਕ ਸ਼ਕਤੀ ਦੂਰ ਹੁੰਦੀ ਹੈ।

ਪ੍ਰਸ਼ਨ:- ਪ੍ਰੋਖ ਗਿਆਨ ਤੇ ਅਪ੍ਰੋਖ ਗਿਆਨ ਕਿਸ ਨੂੰ ਕਹਿੰਦੇ ਹਨ ?

ਉੱਤਰ:- "ਸਤਯੰ ਗਿਆਨ ਮਨੰਤੰ ਬ੍ਰਹਮ" ਇਹ ਪ੍ਰੋਖ ਗਿਆਨ ਹੈ। ਅਹੰਬ੍ਰਹਮਾਸਮੀ ਇਹ ਅਪ੍ਰੋਖ ਗਿਆਨ ਹੈ।

ਪ੍ਰਸ਼ਨ :- ਪ੍ਰੋਖ ਗਿਆਨ ਤੇ ਅਪ੍ਰੋਖ ਗਿਆਨ ਕਿਵੇਂ ਪ੍ਰਾਪਤ ਹੁੰਦੇ ਹਨ?

ਉੱਤਰ :-ਗੁਰਾਂ ਵਿੱਚ, ਬੇਦਾਂ ਸ਼ਾਸ਼ਤਰਾਂ ਵਿੱਚ ਵਿਸ਼ਵਾਸ਼ ਕਰਨ ਨਾਲ ਪ੍ਰੋਖ ਗਿਆਨ ਹੁੰਦਾ ਹੈ। ਗੁਰੂ ਮੁਖ ਦੁਆਰਾ ਅਹੰਬ੍ਰਹਮਾਸਮੀ ਤਤ੍ਵਮਸੀ ਮਹਾਂਵਾਕ ਸ਼ਰਵਣ ਕਰਨ ਨਾਲ ਅਪ੍ਰੋਖ ਗਿਆਨ ਹੁੰਦਾ ਹੈ।

## ਅਵਸਥਾ ਭੇਦ ਵਰਨਣ

(1) ਸਤਸੰਗੀ ਦੀ ਅਵਸਥਾ ਧਰਮ ਖੰਡ ਹੈ।

(2) ਸੇਵਕ ਦੀ ਅਵਸਥਾ ਗਿਆਨ ਖੰਡ ਹੈ।

(3) ਸਿੱਖ ਦੀ ਅਵਸਥਾ ਸਰਮ ਖੰਡ ਹੈ।

(4) ਸਨਮੁਖ ਦੀ ਅਵਸਥਾ ਬਖਸ਼ਿਸ਼ ਦਾ ਖੰਡ ਕਰਮ ਖੰਡ ਹੈ।

(5) ਗੁਰਮੁਖ ਦੀ ਅਵਸਥਾ ਸਚਖੰਡ ਹੈ। ਇਸੇ ਨੂੰ ਤੁਰੀਆ ਅਵਸਥਾ ਕਥਨ ਕਰਦੇ ਹਨ।

## ਗਿਆਨ ਦੇ ਵੀਹ ਅੰਗ ਹਨ:-

ਅਪਨੇ ਗੁਣ ਕੀ ਸਿਫਤ ਨਾ ਕਰਨੰ, ਧਰਮ ਨਿਜ ਜਸੁ ਹੇਤ ਨ ਬਰਨੰ।

ਦੁਖ ਕਿਸੇ ਨਹਿ ਜੀਵ ਕੋ ਦੇਨਾ, ਨਿਰਬਲ ਕਾ ਅਪਰਾਧ ਸਹਿ ਲੇਨਾ।

ਅਕੁਟਲੰ ਰਹਿਣਾ ਨੀਤ ਪਿਆਰੇ, ਗੁਰ ਸੇਵਾ ਤਨ ਮਨ ਧਨ ਵਾਰੇ।

ਜਲ ਮਾਟੀ ਤੇ ਤਨ ਸੁਧ ਕੀਜੈ, ਰਾਗ ਦ੍ਵੈਸ ਤਜ ਮਨ ਸੁਧ ਥੀਜੈ।

ਮੁਕਤਿ ਮਾਰਗ ਮਹਿ ਦ੍ਰਿੜ ਭਰੋਸਾ, ਸੰਜਮ ਸਦਾ ਸਰੀਰ ਰਖੇਸਾ।

ਇੰਦਰੀ ਵਿਸ਼ੇ ਤੇ ਕਰ ਬੈਰਾਗਾ, ਨਿਰਹੰਕਾਰ ਹੋਇ ਵਡਭਾਗਾ।

ਜਗ ਮਰਨ ਜਗ ਰੋਗ ਜੋ ਦੁਖਾ, ਦੋਖ ਰੂਪ ਸਮਝੇ ਗੁਰਮੁਖਾ।

ਇਸਤ੍ਰੀ ਪੁਤਰ ਮੋਹ ਤਿਆਗੇ, ਪੁਤ੍ਰ ਆਦਿ ਸੁਖ ਦੁਖ ਬੈਰਾਗੇ।

ਭਲੇ ਬੁਰੇ ਸੰਗ ਸਮ ਚਿਤ ਰਹਿਣਾ, ਹਰਿ ਬਿਨ ਤਿਆਗ ਇਕ ਮਨ ਹਰਿ ਗਹਿਣਾ।

ਚਿਤ ਪ੍ਰਸੰਨ ਹਿਤ ਰਹੈ ਇਕਾਂਤੀ, ਬਾਹਰ ਮੁਖ ਜਨ ਤਿਆਗ ਸੰਗਾਤੀ।

ਤਤਤ੍ਵੰ ਪਦਾਰਥ ਸੋਧਨ ਕਰਨਾ, ਮੁਕਤਿ ਸਰਬ ਸੇ ਊਚ ਬਿਚਰਨਾ।

ਬੀਸ ਗੁਣ ਏਹੁ ਗਿਆਨ ਸਮਗ੍ਰੀ। ਬਰਨੈ ਭਿੰਨ ਭਿੰਨ ਉਜਗਰੀ। (ਗੁਰਮੁਖ ਪ੍ਰਕਾਸ਼ ਪੰਨਾ 728)

ਪ੍ਰਸ਼ਨ:- ਸ੍ਰਵਣ ਦਾ ਕੀ ਸਰੂਪ ਹੈ?

ਉਤਰ:- ਇਕ ਅਦਵੈਤ ਸਰੂਪ ਬ੍ਰਹਮ ਦੇ ਤਾਤਪਰਜ ਦੇ ਨਿਰਨੇ ਦਾ ਨਾਮ ਸ਼੍ਰਵਣ ਹੈ।

ਅਥਵਾ :- ਆਗਮ ਨਿਗਮੁ ਕਹੈ ਜਨੁ ਨਾਨਕੁ ਸਭੁ ਦੇਖੈ ਲੋਕੁ ਸਬਾਇਆ ॥ (ਪੰਨਾਂ 714)

**ਸ੍ਰਵਣ ਦੋ ਪ੍ਰਕਾਰ ਦਾ ਹੈ:-** (1) ਸਤਿਗੁਰਾਂ ਤੋਂ ਮਹਾਂਵਾਕ ਸ਼ਰਵਣ ਕਰਨਾ। ਜਿਸ ਦੇ ਸਰਵਣ ਕਰਨ ਨਾਲ ਆਤਮਾ ਦਾ ਬ੍ਰਹਮ ਰੂਪ ਤੇ ਅਨੁਭਵ ਹੋਵੇ ਹੈ ਭਾਵ ਆਤਮਾ ਬ੍ਰਹਮ ਰੂਪ ਹੀ ਹੈ। (ਤੂ ਸਦਾ ਸਲਾਮਤਿ ਨਿਰੰਕਾਰ॥)

(2) ਗੁਰੂ ਬਚਨੋਂ ਕਾ ਖਟ ਪ੍ਰਕਾਰ ਸੇ ਲਿੰਗੋਂ ਸੇ ਇੱਕ ਅਦੁੱਤੀ ਸਤਿ ਰੂਪ ਬ੍ਰਹਮ ਮੈ ਸਰਬ ਵਾਕਯੋ ਕੇ ਤਾਤ ਪਰਜ ਜਾਨਣੇ ਰੂਪ ਸ਼ਰਵਣ ਹੈ। ਸੋ ਖਟ ਪ੍ਰਕਾਰ ਦੇ ਲਿੰਗ ਇਸ ਪ੍ਰਕਾਰ ਹੈ:-

(1) **ਉਪਕਰਮ ਉਪਸੰਹਾਰ:** ਆਦਿ ਸਚੁ ਜੁਗਾਦਿ ਸਚੁ॥ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥(ਜਪੁਜੀ ਸਾਹਿਬ) ਜਿਸ ਪ੍ਰਕਰਣ ਤੋਂ ਸ਼ੁਰੂ ਕਰਨਾਂ ਉਸੇ ਪ੍ਰਕਰਣ ਤੇ ਸਮਾਪਤ ਕਰਨਾ।

(2) ਅਭਿਆਸ :- ਬਾਰ ਬਾਰ ਅਦ੍ਵੈਤ ਦਾ ਚਿੰਤਨ ਕਰਨਾ :-

ਹਰਿ ਏਕੁ ਸਿਮਰਿ ਏਕੁ ਸਿਮਰਿ ਏਕੁ ਸਿਮਰਿ ਪਿਆਰੇ ॥ (ਪੰਨਾਂ 679)

(3) ਅਪੂਰਬਤਾ :- ਸਤਿਗੁਰ ਬਿਨਾਂ ਗਿਆਨ ਨਹੀ ਹੁੰਦਾ ਹੈ।

ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥(ਪੰਨਾਂ 59)

(4) ਫਲ :- ਬ੍ਰਹਮ ਗਿਆਨ ਦੀ ਪ੍ਰਾਪਤੀ।

ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥ (ਪੰਨਾਂ 278)

(5) ਅਰਥਵਾਦ :- ਅਦਵੈਤ ਦੇ ਸ੍ਰਵਣ ਕਰਨ ਦੇ ਮਹਾਤਮ ਕਰਕੇ ਉਹ ਅਰਥ ਜਿਸ ਵਿੱਚ ਬਿਰਤੀ ਨੂੰ ਲਾਉਣਾਂ।

ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ ॥(ਪੰਨਾਂ 624)

(6) ਉਤਪਤੀ :- ਜੁਗਤੀ ਅਦਵੈਤਵਾਦ ਦੇ ਜਿਹੜੇ ਕਥਨ ਵਿਚ ਯੁਗਤੀ ਦਲੀਲ ਦੇਣੀ ਹੈ ਉਸ ਦਾ ਨਾਮ ਉਤਪਤੀ ਹੈ।

ਹਭ ਸਮਾਣੀ ਜੋਤਿ ਜਿਉ ਜਲ ਘਟਾਊ ਚੰਦ੍ਰਮਾ ॥ (ਪੰਨਾਂ 1099)

(ਮੰਨਣ) ਜੀਵ ਬ੍ਰਹਮ ਦੇ ਅਭੇਦ ਦੀਆਂ ਸਾਧਕ ਅਤੇ ਭੇਦ ਦੀਆਂ ਬਾਧਕ ਜੁਗਤੀਆਂ ਸਹਿਤ ਅਦਵੈਤ ਰੂਪੀ ਬ੍ਰਹਮ ਦਾ ਚਿੰਤਨ ਕਰਨਾ ਹੈ। ਇਸ ਨੂੰ ਮੰਨਣ ਕਹੀਦਾ ਹੈ।

ਭੇਦ ਦੀਆਂ ਬਾਧਕ ਜੁਗਤੀਆਂ:-

ਜਿਨ ਕੈ ਭੀਤਰਿ ਹੈ ਅੰਤਰਾ॥ ਜੈਸੇ ਪਸੁ ਤੈਸੇ ਓਇ ਨਰਾ ॥੨॥(ਪੰਨਾਂ 1163)

ਜੋ ਦੁਤੀਆ ਕੋ ਮਨ ਮੈ ਧਾਰੇ ॥ ਭੈ ਤਾ ਕਉ ਯਹ ਬੇਦ ਉਚਾਰੈ॥ ਦੁਤੀਆ ਭਇਅੰ ਭਵਤੀ॥

ਅਭੇਦ ਦੀਆਂ ਸਾਧਿਕ ਯੁਗਤੀਆਂ:-

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥ ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ ॥ ੧ ॥(ਪੰਨਾਂ 617)

ਨਿਧਿਆਸਨ :- ਵਿਜਾਤੀ ਬਿਰਤੀਆਂ ਅਗਿਆਨ ਦੀ ਪ੍ਰਾਪਤੀ ਕਰਨ ਵਾਲੀਆਂ ਬਿਰਤੀਆਂ ਦਾ ਤ੍ਰਿਸਕਾਰ ਅਤੇ ਸਜਾਤੀ ਬਿਰਤੀਆਂ ਦੀ ਪ੍ਰਾਪਤੀ ਵਾਲੀਆਂ ਬਿਰਤੀਆਂ ਦਾ ਪ੍ਰਵਾਹ ਪਾਉਣ ਦਾ ਨਾਮ ਨਿਧਿਆਸਣ ਹੈ।

ਕਾਮੁ ਕਰੋਧ ਵਿਰੋਧੁ ਹਰਿ ਲੋਭ ਮੋਹੁ ਅਹੰਕਾਰ ਤਜਾਇਆ।

ਸਤੁ ਸੰਤੋਖੁ ਦਯਾ ਧਰਮੁ ਨਾਮ ਦਾਨੁ ਇਸਨਾਨੁ ਦ੍ਰਿੜਾਇਆ॥

(ਵਾਰ 11 ਭਾਈ ਗੁਰਦਾਸ ਜੀ ਪਉੜੀ 3)

ਤਤ ਤਵੰ ਦਾ ਸੋਧਨ :- ਜੀਵ ਬ੍ਰਹਮ ਦੀ ਏਕਤਾ ਦਾ ਵੀਚਾਰ ਪ੍ਰਾਪਤ ਕਰਨਾ।

ਆਪੇ ਆਪਿ ਨਿਰੰਜਨੁ ਸੋਇ ॥ (ਜਪੁਜੀ ਸਾਹਿਬ)

## ਅਧਿਆਇ 11

## ਜੋਗੀਆਂ ਦੀ ਪੰਜ ਅਵਸਥਾਵਾਂ

(1) ਖੇਚਰੀ:- ਤਾਲਵੇ ਨਾਲ ਜ਼ਬਾਨ ਲਗਾ ਕੇ ਜੋਗ ਦੇ ਰਸ ਲੈਣੇ ਭਾਵ ਹਲਕ ਵਿੱਚ ਜ਼ੁਬਾਨ ਦੇ ਕੇ ਮਿੱਠੀ ਕਫ਼ ਰਸ ਧਾਤੂ ਦਾ ਰਸ ਲੈਣਾਂ ਅਤੇ ਆਕਾਸ਼ ਵਿੱਚ ਵਿਚਰਨ ਵਾਲਿਆਂ ਨੂੰ ਵੇਖ ਲੈਣਾਂ ਤੇ ਆਕਾਸ਼ ਵਿੱਚ ਵਿਚਰਨ ਦੀ ਸ਼ਕਤੀ ਜਾਨਣੀ।

(2) ਭੂਚਰੀ:- ਭਰਵੱਟਿਆਂ ਵਿੱਚ ਨਿਗ੍ਹਾ ਟਿਕਾਅ ਲੈਣੀ ਤੇ ਪ੍ਰਿਥਵੀ ਤੇ ਵਿਚਰਨ ਦੀ ਤਾਕਤ ਹੋ ਜਾਣੀ

(3) ਚਰਚਰੀ:- ਤ੍ਰਿਕੁਟੀ ਵਿੱਚ ਸੁਰਤ ਨੂੰ ਟਿਕਾਅ ਲੈਣਾਂ ਤੇ ਜਲ ਵਿੱਚ ਵਿਚਰਨ ਦੀ ਸ਼ਕਤੀ ਹੋ ਜਾਣੀ।

(4) ਅਗੋਚਰੀ:- ਛੇ ਚੱਕਰਾਂ ਦੀ ਕੈਦ ਤੋਂ ਪਰ੍ਹੇ ਹੋਣਾਂ ਔਰ ਦਸਵੇਂ ਦੁਆਰ ਵਿੱਚ ਪ੍ਰਵੇਸ਼ ਹੋਣ ਦਾ ਸਮਾਂ ਔਰ ਦਸਮੇਂ ਦੁਆਰ ਦੇ ਸਹੰਸਰ ਦਲ ਕੰਵਲ ਨੂੰ ਵੇਖ ਲੈਣਾਂ

(5) ਉਨਮਨੀ:- ਆਪਣੇ ਸ਼ਰੀਰ ਦੇ ਅੰਦਰ ਦਸਵੇਂ ਦੁਆਰ ਵਿੱਚ ਤਾਲੂ ਅਸਥਾਨ ਦੁਆਰਾਂ ਸਵਾਸਾਂ ਨੂੰ ਕੱਢ ਕੇ ਖਿੱਚ ਕੇ ਬ੍ਰਹਮ ਲੋਕ ਦੀ ਪ੍ਰਾਪਤੀ ਕਰਨੀ। ਇਹ ਉਨਮਨੀ ਅਵਸਥਾ ਹੈ ਜਾਂ ਕਵਲ ਦੀਆਂ ਡੋਡੀਆਂ ਤੇ ਮਨ ਦੀ ਸ਼ਕਤੀ ਹੋਣੀ ਜਾਂ ਦਸਵੇਂ ਦੁਆਰ ਵਿੱਚ ਚੇਤਨ ਦੀ ਲਾਟ ਨਾਲ ਮਿਲਣਾਂ ਅਤੇ ਬ੍ਰਹਮਰੰਧਰ ਨੂੰ ਭੰਨ ਕੇ ਬ੍ਰਹਮ ਲੋਕ ਵਿੱਚ ਪ੍ਰਾਪਤ ਹੋਣਾਂ।

ਪੰਜ ਪ੍ਰਾਣ :- ਪ੍ਰਾਣ, ਸਮਾਨ, ਬਿਆਨ, ਉਦਿਆਨ, ਅਪਾਨ।

ਪੰਜ ਉਪ ਪ੍ਰਾਣ :- 1. ਕਰਿਕਲ:- ਛਿੱਕ ਲਿਆਉਣ ਵਾਲੀ।2. ਕੂਰਮ:- ਨੇਤਰਾਂ ਦੀਆਂ ਪਲਕਾਂ ਖੋਲਣ ਵਾਲੀ। 3. ਨਾਗ:- ਡਕਾਰ ਲਿਆਉਣ ਵਾਲੀ।4. ਦੇਵਦਤ:- ਅਵਾਸੀ ਲਿਆਉਣ ਵਾਲੀ। 5. ਧਨੰਜੈ:- ਮਰਨ ਤੋਂ ਬਾਅਦ ਪੇਟ ਫਲਾਉਣ ਵਾਲੀ।

1. ਪ੍ਰਾਣ:- ਹਿਰਦੇ ਵਿੱਚ ਰਹਿੰਦੇ ਹਨ। 2.ਅਪਾਨ:- ਮੂਲ ਦੁਆਰੇ ਵਿੱਚ ਰਹਿੰਦੇ ਹਨ। 3.ਬਿਆਨ:- ਸਾਰੇ ਸ਼ਰੀਰ ਵਿੱਚ ਰਹਿੰਦੇ ਹਨ। 4. ਸਮਾਨ:- ਨਾਭੀ ਵਿੱਚ ਰਹਿੰਦੇ ਹਨ। 5. ਉਦਿਆਨ:-ਕੰਠ ਵਿੱਚ ਰਹਿੰਦੇ ਹਨ।

(1)ਪ੍ਰਾਣ:- ਪ੍ਰਮੇਸ਼ਰ ਦੀ ਪਛਾਣ ਵਾਲੇ ਹੋਣਾ। (2) ਅਪਾਨ:- ਦੁਨੀਆਂ ਦੀ ਪਛਾਣ ਤੋਂ ਰਹਿਤ ਹੋਣਾ। (3)ਬਿਆਨ:- ਦਵੈਤ ਤੋਂ ਬਿਨਾਂ ਹੋਣਾ। (4) ਸਮਾਨ:- ਬਿਆਪਕ ਸਮਝਣਾ। (5)ਉਦਿਆਨ:- ਸੰਸਾਰ ਨੂੰ ਉਜਾੜ ਰੂਪ ਸਮਝਣਾ।

## ਗੁਰਮਤ ਦੁਆਰਾ ਪੰਜ ਮੁਦਰਾਂ ਦਾ ਵਿਚਾਰ:-

(1) ਖੇਚਰੀ:- (ਖੇ) ਚਿਦਾਕਾਸ਼ ਵਿੱਚ ਵਿਚਰਨ ਵਾਲੇ ਹੋਣਾ।

(2) ਭੂਚਰੀ:- ਭੂਮਾ ਰੂਪ ਬ੍ਰਹਮ ਵਿੱਚ ਬਿਰਤੀ ਦਾ ਵਿਚਰਨਾ।

(3) ਚਰਚਰੀ:- ਪ੍ਰਮੇਸ਼ਰ ਦੇ ਚਾਅ ਉਤਸ਼ਾਹ ਵਿੱਚ ਬਿਰਤੀ ਚੜੀ ਰਹਿਣੀ।

(4) ਅਗੋਚਰੀ :- ਇੰਦ੍ਰੀਆਂ ਦੇ ਅਵਿਸ਼ੇ ਪਦ ਦੀ ਪ੍ਰਾਪਤੀ।

(5) ਉਨਮਨੀ:- ਤੁਰੀਆ ਅਵਸਥਾ। (ਵਾ)

(1)ਖੇਚਰੀ :- ਸਤਸੰਗੀ ਧਰਮਖੰਡ (2)ਭੂਚਰੀ :- ਸੇਵਕ ਗਿਆਨ ਖੰਡ

(3)ਚਰਚਰੀ :- ਸਿੱਖ ਸਰਮ ਖੰਡ (4)ਅਗੋਚਰੀ :-ਸਨਮੁਖ ਕਰਮ ਖੰਡ

(5)ਉਨਮਨੀ :- ਗੁਰਮੁਖ ਸਚਖੰਡ।

## ਪੰਜਾਂ ਤੱਤਾਂ ਦੀ ਧਾਰਣਾ ਔਰ ਜਪ

(1) ਧਰਤੀ ਦਾ ਧਿਆਨ ਗੋਡਿਆਂ ਤੱਕ ਕਰਦੇ ਹਨ। ਜਿਨ੍ਹਾਂ ਨੂੰ ਸਿੱਧ ਹੋ ਜਾਵੇ ਉਹ ਧਰਤੀ ਵਿੱਚ ਦੱਬੇ ਨਹੀਂ ਰਹਿੰਦੇ।

(2) ਲੱਕ ਤੱਕ ਪਾਣੀ ਦਾ ਧਿਆਨ ਕਰਦੇ ਹਨ ਜਿਸ ਕਰਕੇ ਪਾਣੀ ਵਿੱਚ ਨਹੀਂ ਡੁੱਬਦੇ।

(3) ਨਾਭੀ ਤੱਕ ਅਗਨੀ ਦਾ ਧਿਆਨ ਕਰਦੇ ਹਨ। ਜਿਸ ਕਰਕੇ ਅਗਨੀ ਵਿੱਚ ਨਹੀਂ ਸੜਦੇ।

(4) ਨਾਭੀ ਤੋਂ ਲੈ ਕੇ ਕੰਠ ਤੱਕ ਪਉਣ ਦਾ ਧਿਆਨ ਕਰਦੇ ਹਨ ਜਿਸ ਕਰਕੇ ਪਉਣ ਵਿੱਚ ਉਡਾਰੀਆਂ ਮਾਰਦੇ ਹਨ। (5) ਕੰਠ ਤੋਂ ਲੈ ਕੇ ਦਸਮ ਦੁਆਰ ਤੱਕ ਅਕਾਸ਼ ਦਾ ਧਿਆਨ ਕਰਦੇ ਹਨ ਜਿਸ ਕਰਕੇ ਇੱਕ ਥਾਂ ਬੈਠਿਆਂ ਨੂੰ ਸਾਰੀਆਂ ਗੱਲਾਂ, ਜਿਥੋਂ ਚਾਹੁਣ ਸੁਣਨ ਜਾਂਦੀਆਂ ਹਨ।

## ਪੰਜ ਕਲੇਸ਼

(1)ਅਵਿੱਦਿਆ:- ਸਰੂਪ ਦੇ ਪ੍ਰਕਾਸ਼ ਤੋਂ ਰਹਿਤ ਹੋਣਾਂ (2) ਅਸਮਤਾ:- ਸਮਾਨ ਵਿਰਤੀ ਨਾ ਹੋਣੀ (3) ਰਾਗ:- ਮੋਹ ਝੂਠਾ (4) ਦਵੈਖ :-ਵੈਰ (5) ਅਭਿਨਿਵੇਸ਼ ਉਲਟਾ ਹਠ:- ਵੇਦ ਸ਼ਾਸ਼ਤਰ ਗੁਰਾਂ ਤੋਂ ਉਲਟੀ ਬਾਤ ਦਾ ਹਠ ਕਰਨਾ।

## ਖਟ ਪ੍ਰਮਾਣ

(1) ਪ੍ਰਤੱਖ :- ਅੰਤਹਿਕਰਣ ਦੇ ਸੰਯੋਗ ਨਾਲ ਨੇਤਰ ਆਦਿਕ ਗਿਆਨ ਇੰਦਰੀਆਂ ਦੁਆਰਾ ਹੋਇਆ ਗਿਆਨ, ਪ੍ਰਤੱਖ ਗਿਆਨ ਹੈ।

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥

ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥

(2) ਅਨੁਮਾਨ :- ਕਾਰਣ ਦੁਆਰਾ ਕਾਰਜ ਦਾ ਗਿਆਨ ਅਨੁਮਾਨ ਪ੍ਰਮਾਣ ਹੈ।

ਧੂਮ ਤੇ ਆਗ ਰਹੇ ਨ ਦੂਰੀ ਜਿਮ, ਤਯੋਂ ਛਲ ਤੇ ਤੁਮ ਕੋ ਲਖ ਪਾਯੋ।(ਕ੍ਰਿਸ਼ਨ ਅਵਤਾਰ)।

(3) ਉਪਮਾਨ :- ਕਿਸੇ ਪ੍ਰਸਿਧ ਵਸਤੂ ਨੂੰ ਜਾਣ ਕੇ ਉਸ ਦੇ ਤੁਲ ਕਿਸੇ ਅਣਦੇਖੀ ਵਸਤੂ ਨੂੰ ਜਾਨਣਾ, ਉਪਮਾਨ ਪ੍ਰਮਾਣ ਹੈ। (ਗਾਂ ਜੇਹਾ ਰੋਝ, ਬਘਿਆੜ ਹੁੰਦਾ ਕੁੱਤੇ ਜੇਹਾ, ਬਿਲੀ ਜੇਹਾ ਬਾਘ, ਇੱਲ ਜੇਹਾ ਹੁੰਦਾ ਹੈ ਬਾਜ।

(4) ਸ਼ਬਦ :- ਧਰਮ ਗ੍ਰੰਥ ਅਥਵਾ ਲੋਕ ਪ੍ਰਮਾਣ ਵਾਕ ਸ਼ਬਦ ਪ੍ਰਮਾਣ ਹੈ।

ਸੁਣਿਆ ਮੰਨਿਆ ਮਨਿ ਕੀਤਾ ਭਾਉ ॥ ਅੰਤਰਗਤਿ ਤੀਰਥਿ ਮਲਿ ਨਾਉ ॥ (ਜਪੁਜੀ ਸਾਹਿਬ)

(5) ਅਰਥਾਪਤਿ :-ਇਕ ਬਾਤ ਵਿਅਰਥ ਹੋਈ ਆਪਣੀ ਸਿੱਧੀ ਲਈ ਦੂਸਰੇ ਦੀ ਕਲਪਨਾ ਕਰਾਵੇ ਇਹ ਅਰਥਾ ਪਤੀ ਪ੍ਰਮਾਣ ਹੈ। ॥ ਮਃ ੪ ॥ ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ ਤਿਸ ਦਾ ਨਫਰੁ ਕਿਥਹੁ ਰਜਿ ਖਾਏ ॥ ਜਿ ਸਾਹਿਬ ਕੈ ਘਰਿ ਵਥੁ ਹੋਵੈ ਸੁ ਨਫਰੈ ਹਥਿ ਆਵੈ ਅਣਹੋਦੀ ਕਿਥਹੁ ਪਾਏ ॥ (ਪੰਨਾ 306)

(6) ਅਨੁਪਲਬਧਿ :- ਕਿਸੇ ਪ੍ਰਮਾਣ ਦੁਆਰਾ ਜਿਥੇ ਵਸਤੂ ਪ੍ਰਤੀਤ ਨਾ ਹੋਵੇ ਇਹ ਅਨਉਪਲਭਧੀ ਹੈ।

ਧਨਾਸਰੀ ਬਾਣੀ ਭਗਤਾਂ ਕੀ ਤ੍ਰਿਲੋਚਨ ੴ ਸਤਿਗੁਰ ਪ੍ਰਸਾਦਿ ॥ ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ ॥ ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ ॥ ੧ ॥ ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ ॥ (ਪੰਨਾਂ ੬੯੫)

(7) ਸੰਭਵ:- ਜਿਸ ਥਾਂ ਕਿਸੇ ਗੱਲ ਦਾ ਹੋਣਾਂ ਮੁਮਕਿਨ ਠਹਿਰਾਇਆ ਜਾਵੇ ਇਹ ਸੰਭਵ ਪ੍ਰਮਾਣ ਹੈ।

ਮੇਰੁ ਕੋ ਹਲਾਯ ਕੈ ਉਖਾਰੈ ਤੋ ਉਖਰ ਜਾਇ (ਠਾਕੁਰ ਕਵਿ)

(8) ਐਤਿਹਯ:- ਜਿਸ ਕਥਨ ਦੇ ਵਕਤਾ ਦਾ ਪਤਾ ਨਹੀਂ, ਪਰ ਪ੍ਰੰਪਰਾ ਤੋਂ ਗੱਲ ਚੱਲੀ ਆਂਉਦੀ ਹੈ। ਇਹ ਐਤਿਹਯ ਪ੍ਰਮਾਣ ਹੈ।

ਬਾਣੀ ਸਧਨੇ ਕੀ ਰਾਗੁ ਬਿਲਾਵਲੁ ੴ ਸਤਿਗੁਰ ਪ੍ਰਸਾਦਿ ॥
ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥ ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥ ੧ ॥
(ਪੰਨਾਂ 858)

## ਬੈਰਾਗ

(ਬੈਰਾਗ 9 ਪ੍ਰਕਾਰ ਦਾ ਹੈ):-

(1) ਕਾਰਣ :- ਜਿਵੇਂ ਭਰਥਰੀ ਨੂੰ ਔਰਤ ਦੀ ਬਦਚਲਨੀ ਤੋਂ ਹੋਇਆ ਸੀ।

(2) ਮੰਦ ਬੈਰਾਗ :- ਪਦਾਰਥਾਂ ਦੀ ਥੁੜ ਤੋਂ ਬੈਰਾਗੀ ਹੋ ਜਾਣਾਂ ।

(3)ਏਕ ਇੰਦ੍ਰੇ ਬੈਰਾਗ :- ਮਨ ਦਾ ਡਾਵਾਂ ਡੋਲ ਰਹਿਣਾਂ, ਸਰੀਰ ਕਰਕੇ ਬਚਣਾਂ ।

(4)ਯਤਮਾਨ ਬੈਰਾਗ :- ਸਚੁ ਤੇ ਝੂਠ ਦਾ ਨਿਰਨਾ।ਸਤਿ ਵਸਤੂ ਗ੍ਰਹਿਣ ਕਰਨੀ।ਅਸੱਤਿ ਵਸਤੂ ਤਿਆਗ ਦੇਣੀ।

(5)ਵਿਤ੍ਰੇਕ ਬੈਰਾਗ :- ਸੰਗਤ ਕਰਨੇ ਤੋਂ ਕਿੰਨੇ ਔਗੁਣ ਛੱਡੇ ਤੇ ਕਿੰਨੇ ਗੁਣ ਧਾਰੇ ਹਨ ਇਹ ਵਿਚਾਰ ਕਰਨੀ।

(6)ਵਸੀਕਾਰ ਬੈਰਾਗ :- ਮਨ ਇੰਦ੍ਰੀਏ ਕਾਬੂ ਕਰਨੇ ।

(7) ਤੀਬਰ ਬੈਰਾਗ :- ਦੁਨੀਆਂ ਦੇ ਸੁਖ ਰਾਜ ਦੀ ਇੱਛਾ ਹੋਣੀ।

(8) ਤੀਬਰ ਤਮ ਬੈਰਾਗ :- ਸਵਰਗ ਦੇ ਪਦਾਰਥਾਂ ਦੀ ਇੱਛਾ ਦਾ ਤਿਆਗ ਕਰਨਾ।

(9) ਤਰ ਤਮ ਬੈਰਾਗ :- ਬ੍ਰਹਮ ਲੋਕ ਦੇ ਪਦਾਰਥ ਤਿਆਗਣੇ।

(ਤਿੰਨ ਤਰ੍ਹਾ ਦਾ ਬੈਰਾਗ)

(1) ਗਧਾ ਬੈਰਾਗ:- ਘਰ ਬਾਰ ਤਿਆਗ ਦੇਣਾ ਫਿਰ ਮੋਹ ਮਮਤਾ ਜਾਗ ਪੈਣੀ।

(2) ਘੋੜਾ ਬੈਰਾਗ:- ਘਰੋਂ ਨਿਕਲ ਜਾਣਾ ਸਬੰਧੀਆਂ ਦੇ ਕਹੇ ਫਿਰ ਪਰਤ ਆਉਣਾ

(3) ਸ਼ੇਰ ਬੈਰਾਗ:- ਮੁੜ ਘਰ ਨਾ ਪਰਤਣਾਂ।

## (ਸੰਨਿਆਸ ਦੋ ਤਰਾਂ ਦਾ ਹੈ )

(1)ਹੰਸ (2) ਪਰਮ ਹੰਸ

**1. ਹੰਸ ਸੰਨਿਆਸ :-** ਹੰਸ ਜਿਵੇਂ ਦੁੱਧ ਨੂੰ ਪਾਣੀ ਤੋਂ ਵੱਖ ਕਰ ਦਿੰਦਾ ਹੈ ਦੁੱਧ ਪੀ ਲੈਂਦਾ ਹੈ ਤੇ ਪਾਣੀ ਤਿਆਗ ਦਿੰਦਾ ਹੈ। ਇਸੇ ਪ੍ਰਕਾਰ ਪਾਣੀ ਦੀ ਨਿਆਈਂ ਵੀ ਮਾਇਆ ਅਸਤਿ ਜੜ੍ਹ ਦੁਖ ਰੂਪ ਹੈ। ਇਸ ਦਾ ਤਿਆਗ ਕਰਨਾ। ਗੁਰੂ ਦੇ ਗਿਆਨ ਨੂੰ ਵਾ ਸਤਿ ਚਿੱਤ ਆਨੰਦ ਸਰੂਪ ਨੂੰ ਗ੍ਰਹਿਣ ਕਰਨਾ। ਹੰਸ ਸੰਨਿਆਸ ਹੈ। ਇਹ ਵੀ ਅੱਗੋਂ ਦੋ ਪ੍ਰਕਾਰ ਦਾ ਹੈ।

(1)ਕੁਟੀਚਕ (2) ਬਹੂਦਕ

(1) **ਕੁਟੀਚਕ ਸੰਨਿਆਸ :-** ਕਿਤੇ ਕੁਟੀਆ ਬਣਾ ਕੇ ਬੈਰਾਗ ਸਹਿਤ ਬੈਠੇ ਰਹਿਣਾਂ ।

(2) **ਬਹੂਦਕ ਸੰਨਿਆਸ :-** ਜਿਥੇ ਓਦਕ ਪਾਣੀ ਵਹ (ਵਗਦਾ) ਰਹੇ ਭਾਵ ਨਦੀਆਂ ਆਦਿ ਦੇ ਕਿਨਾਰੇ ਤੁਰੇ ਫਿਰਨਾ।

**(2)ਪਰਮ ਹੰਸ:-** ਤਤ ਮਿਥਿਆ ਦਾ ਵਿਵੇਚਨ ਕਰਨ ਵਾਲੇ ਹੁੰਦੇ ਹਨ। ਵਾਚ ਅਰਥ ਵਿੱਚ ਜੋ ਮਿਥਿਆ ਪ੍ਰਤੀਤੀ ਹੁੰਦੀ ਹੈ ਜੀਵ ਈਸ਼ ਦੇ ਭੇਦ ਗਿਆਨ ਦੀ, ਇਸ ਦਾ ਤਿਆਗ ਕਰਨਾ ਹੈ। ਜੀਵ ਦੀ ਅਲਪੱਗਤਾ ਛੇ

ਬਿਕਾਰ ਤਿਆਗ ਕੇ ਈਸ਼ਰ ਦੀ ਸਰਵੱਗਤਾ ਛੇ ਗੁਣ ਤਿਆਗ ਕੇ ਤਤਪਦ ਦੀ ਧਾਰਣ ਕਰਨੀ ਹੈ ਇਹ ਪਰਮ ਹੰਸ ਪੁਣਾ ਹੈ। ਇਹ ਵੀ ਦੋ ਤਰ੍ਹਾਂ ਦਾ ਹੈ:-

(1)**ਬਿਬਦਿਖਾ ਸੰਨਿਆਸ** :- ਜੋ ਪਾਉਣੇ ਯੋਗ ਸਚ ਸਰੂਪ ਹੈ। ਉਸ ਦੀ ਪ੍ਰਾਪਤੀ ਵਾਸਤੇ ਸਾਰੀ ਮਾਇਆ ਦਾ ਮੋਹ ਛੱਡ ਕੇ ਤੇ ਸਭਨਾਂ ਤੋਂ ਨਿਵੇਕਲੇ ਹੋ ਕੇ ਹਰ ਵਕਤ ਸਾਧਨ ਕਰਨ ਵਿੱਚ ਲੱਗੇ ਰਹਿਣਾਂ।ਇਹ ਬਿਬਦਿਖਾ ਸੰਨਿਆਸ ਹੈ।

(2) **ਵਿੱਦਿਤ ਸੰਨਿਆਸ** :- ਪਾਉਣ ਯੋਗ ਜੋ ਬ੍ਰਹਮ ਹੈ ਉਸ ਦੀ ਪ੍ਰਾਪਤੀ ਕਰਕੇ ਭਾਵੇਂ ਉਥੇ ਕਿਸੇ ਚੀਜ਼ ਦੇ ਤਿਆਗ ਦੀ ਲੋੜ ਨਹੀਂ ਪਰ ਫਿਰ ਵੀ ਜੀਵਨ ਮੁਕਤੀ ਦੀ ਪ੍ਰਾਪਤੀ ਵਾਸਤੇ ਸਭਨਾਂ ਪਦਾਰਥਾਂ ਨੂੰ ਛੱਡ ਕੇ ਇਕ ਅਕਾਲ ਪੁਰਖ ਵਿੱਚ ਜੁੜੇ ਰਹਿਣਾ, ਇਹ ਤਿਆਗ ਦਾ ਨਾਮ ਵਿੱਦਿਤ ਸੰਨਿਆਸ ਹੈ।

## ਅਧਿਆਇ 12

## ਈਸ਼ਵਰ ਦੇ ਛੇ ਗੁਣ

**ਦੋਹਰਾ:** ਧਰਮ ਸੁਜਸ ਵੈਰਾਗ ਪੁਨ ਐਸ੍ਵਰਜ ਆਤਮ ਸ਼ਰੇਅ ਵਿਗਿਆਨ॥

ਯਹ ਖਟ ਭਗਾਂ ਸਪੰਨ ਜੋ ਤਾਂਹਿ ਕਹਿਤ ਭਗਵਾਨ।

(1) ਜੀਆਂ ਦੀ ਉਤਪਤੀ ਕਰਨੀ (2) ਪਾਲਣਾਂ ਕਰਨੀ (3) ਲੈਤਾ ਕਰਨੀ (4)ਅੰਤਰਜਾਮਤਾ (5) ਕਰਮਾਂ ਅਨੁਸਾਰ ਫਲ ਦੇਣਾ (6) ਜੂਨਾਂ ਦੀ ਤਬਦੀਲੀ ਕਰਨੀ। ਇੰਨ੍ਹਾਂ ਛੇ ਨੂੰ ਛੱਡ ਕੇ ਸਤ ਚਿਤ ਅਨੰਦ ਸਰੂਪ ਜਿਹੜੀ ਵਡਿਆਈ ਹੈ, ਉਸ ਦੀ ਵਿਚਾਰ ਕਰਨੀ।

**ਜੀਵ ਦੇ ਛੇ ਔਗੁਣ:** ਖਟ ਵਿਕਾਰ ਜਨਮੇ ਅਰ ਮਰਨੇ। ਇਹ ਸਰੀਰ ਕੇ ਦੋਨਹੁ ਵਰਨੇ।

ਛੁਧਾ ਤ੍ਰਿਖਾ ਦੁਇ ਪ੍ਰਾਨਨ ਕੇਰ। ਹਰਖ ਸ਼ੋਕ ਮਨ ਕੇ ਜੁਗ ਹੇਰ।

(ਗੁਰਪ੍ਰਤਾਪ ਸੂਰਜ ਗ੍ਰੰਥ)

**ਤਿੰਨ ਪ੍ਰਕਾਰ ਦੇ ਸੰਸੇ:-** 1. ਪ੍ਰਮਾਣ ਗਤ 2. ਪ੍ਰਮੇਯ ਗਤ 3.ਬਿਪਰਜੈ ।

(1)ਪ੍ਰਮਾਣ ਗਤ :- ਬਾਣੀ ਵਿੱਚ ਅਦਵੈਤ ਦਾ ਕਥਨ ਹੈ ਕਿ ਦਵੈਤ ਦਾ ਕਥਨ ਹੈ ਇਹ ਸੰਸਾ ਬਾਣੀ ਸੁਨਣੇ ਨਾਲ ਦੂਰ ਹੁੰਦਾ ਹੈ।

(2) ਪ੍ਰਮੇਯ ਗਤ :- ਜੀਵ ਬ੍ਰਹਮ ਦੀ ਏਕਤਾ ਦਾ ਅਭੇਦ ਗਿਆਨ ਸਤਿ ਹੈ ਜਾਂ ਭੇਦ ਗਿਆਨ ਸਤਿ ਹੈ। ਇਹ ਸੰਸਾ ਮੰਨਣ ਕਰਣ ਤੋਂ ਦੂਰ ਹੋਵੈ ਹੈ।

3) ਵਿਪਰਜੈ :- ਦੇਹ ਆਦਿਕ ਪ੍ਰਪੰਚ ਸਤਿ ਹੈ ਜਾਂ ਜੀਵ ਈਸ਼ ਦਾ ਭੇਦ ਸਤ ਮੰਨਣਾ, ਇਹ ਸੰਸਾ ਨਿਧਿਆਸਣ ਕਰਨ ਤੋਂ ਦੂਰ ਹੋਵੈ ਹੈ।

## (ਉਪਾਸ਼ਨਾ ਦੋ ਪ੍ਰਕਾਰ ਦੀ)

(1) **ਪ੍ਰਤੀਕ ਉਪਾਸ਼ਨਾ** :- ਮੂਰਤੀ ਪੂਜਾ

(2)**ਅਹੰਗ੍ਰਹ ਉਪਾਸ਼ਨਾ** :- ਨਿਰਗੁਣ ਨੂੰ ਵਿਆਪਕ ਜਾਣ ਬਿਰਾਟ ਰੂਪ ਦੀ ਪੂਜਾ ਕਰਨੀ। ਸਰਬੱਤ੍ਰ ਨੂੰ ਆਤਮਾ ਦੇਉ ਜਾਨਣਾ।

(1) **ਪ੍ਰਣੰਮਾਬਾਦ** :- ਦੁੱਧ ਤੋਂ ਦਹੀਂ ਬਣ ਗਿਆ ਮੁੜ ਦੁੱਧ ਨਹੀਂ ਬਣ ਸਕੇਗਾ।

(2) **ਬਿਬਰਤ ਬਾਦ** :- ਸੋਨਾ ਤੇ ਸੋਨੇ ਦੇ ਗਹਿਣੇ, ਗਹਿਣੇ ਮੁੜ ਸੋਨੇ ਦੀ ਡਲੀ ਵਿੱਚ ਬਦਲ ਸਕਦੇ ਹਨ। ਇਸੇ ਤਰ੍ਹਾਂ ਸਾਰਾ ਸੰਸਾਰ ਪ੍ਰਭੂ ਦਾ ਬਿਬਰਤ ਬਾਦ ਹੈ। ਪ੍ਰਣੰਮਾਬਾਦ ਨਹੀਂ।

**ਮਾਇਆ**:- ਨਾ ਸਤਿ ਹੈ, ਅਸਤਿ ਹੈ ਨ ਸਤਿ ਅਸਤਿ ਉਭੈ ਹੈ। ਨਾ ਸਵੈਵ ਹੈ, ਨਾ ਨਿਰਵੈਵ ਹੈ ਨਾ ਸਵੈਵ ਨਿਰਵੈਵ ਉਭੈ ਹੈ। ਨਾ ਭਿੰਨ ਹੈ ਨਾ ਅਭਿੰਨ ਹੈ ਨਾ ਭਿੰਨ ਅਭਿੰਨ ਉਭੈ ਹੈ। ਫਿਰ ਕੀ ਹੈ? ਅਨਰਵਚਨੀਯ ਜਿਸ ਨੂੰ ਕਿਸੇ ਵੀ ਬਚਨ ਨਾਲ ਸਿੱਧ ਨਾ ਕੀਤਾ ਜਾ ਸਕਦਾ ਹੋਵੇ। ਗਿਆਨ ਤੋਂ ਇਸ ਦਾ ਬਾਧ ਹੋਵੇ ਹੈ। (ਤੁਹੀ ਏਕ ਨਯੰਤਾ ਸਦਾ ਮਾਯਾ ਕੇਰੋ॥(ਸ੍ਰੀ ਨਾਨਕ ਪ੍ਰਕਾਸ਼)

(1) ਮਾਤਾ (2) ਛਲ ਕਪਟ (3) ਭੁਲੇਖਾ, ਭਰਮ (4) ਲਛਮੀ ਧੰਨ ਸੰਪਦਾ (5)ਜਗਤ ਦੀ ਰਚਨਾ ਦਾ ਕਾਰਣ ਰੂਪ ਈਸ਼ਵਰ ਦੀ ਸ਼ਕਤੀ **ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ॥(1066)॥(ਮਾਰੂ ਸੋਲਹੇ ਮਹਲਾ ੩)** (6) ਕਿਰਪਾ, ਪ੍ਰਸਾਦਿ (7)ਸਤੋ ਰਜੋ ਤਮੋ ਗੁਣ ਰੂਪ ਹੈ। ਇਹ ਮਾਇਆ ਦੇ ਸੰਖੇਪ ਅਰਥ ਹਨ ਤੇ ਮਾਇਆ ਦਾ ਸਰੂਪ ਦੱਸਿਆ ਹੈ।

**ਜੀਵ :- ਜੀਵਾਤਮਾ**:- ਈਸ਼੍ਵਰ ਜੀਵ ਏਕ ਇਮ ਜਾਨਹੁ ।(ਗੁ:ਪ੍ਰ:ਸੂ:)

**ਸਰੀਰ ਦੇ ਖਟ ਬਿਕਾਰ** :- ਨਿੰਮਣਾ, ਜੰਮਣਾ, ਵਧਣਾ, ਘਟਣਾ, ਬਦਲਨਾ ਤੇ ਨਾਸ ਹੋਣਾਂ ।

**ਆਤਮਾ** :- ਆਤਮ੍ਨ - ਅਤ - ਮਨਨ = ਜਿਸ ਦੁਆਰਾ ਜਾਣੀਏ ਗਿਆਨ ਦਾ ਆਧਾਰ ਰੂਪ ਅਥਵਾ ਜਿਸ ਨੂੰ ਉਪਦੇਸ਼ ਅਤੇ ਉਤਮ ਗ੍ਰੰਥਾਂ ਤੋਂ ਜਾਣੀਏ ਜੀਵ ਆਤਮਾ ਰੂਹ ਇਹ ਪ੍ਰਾਣੀਆਂ ਵਿੱਚ ਤਤ੍ਵ ਹੈ। ਜੋ ਅਨੇਕ ਚੇਸ਼ਟਾ ਦਾ ਕਾਰਣ ਹੈ। ਮਨੁੱਖ ਵਿਚ ਇਹ ਉਹ ਹਸਤੀ ਹੈ ਜਿਸ ਤੋਂ ਮੈ ਮੇਰੀ ਦਾ ਬੋਧ ਹੁੰਦਾ ਹੈ ਕਿਸੇ ਨੇ ਇਸ ਦਾ ਸਥਾਨ ਰਿਦੇ ਵਿੱਚ ਦੱਸਿਆ ਹੈ ਤੇ ਕਿਸੇ ਨੇ ਦਿਮਾਗ ਵਿੱਚ ਮੰਨਿਆ ਹੈ। ਕਿਸੇ ਨੇ ਸਰਵਾਂਗ ਪੂਰਣ ਮੰਨਿਆ ਹੈ। ਵੇਦਾਂਤ ਮਤ ਅਨੁਸਾਰ ਅਵਿਦਿਆ ਵਿਚ ਚੇਤਨ ਦਾ ਆਭਾਸ (ਅਕਸ) ਅਵਿਦਿਆ ਦਾ ਅਧਿਸ਼ਠਾਨ ਚੇਤਨ ਅਤੇ ਅਵਿਦਿਆ ਇਨ੍ਹਾਂ ਤਿੰਨਾਂ ਦਾ ਸਮੁਦਾਇ ਜੀਵਾਤਮਾ ਹੈ ਜਿਵੇਂ ਸੂਰਜ ਦਾ ਪ੍ਰਤਿਬਿੰਬ

ਹਜ਼ਾਰਾਂ ਘੜਿਆਂ ਵਿਚ ਇਕ ਹੈ ਤਿਵੇਂ ਅਨੇਕ ਸ਼ਰੀਰਾਂ ਵਿੱਚ ਜੀਵਾਤਮਾ ਹੈ। ਇਹ ਵਾਸਤਵ ਤੋਂ ਸਚਿਦਾਨੰਦ ਰੂਪ ਅਤੇ ਦੇਸ਼ ਕਾਲ ਵਸਤੂ ਪ੍ਰਛੇਦ ਜਾਤੀ ਬਿਜਾਤੀ ਸੁਗਤ ਭੇਦ ਤੋਂ ਰਹਿਤ ਹੈ। ਜੀਵ ਆਤਮਾ ਬ੍ਰਹਮ ਤੋਂ ਵੱਖ ਨਹੀਂ ਕੇਵਲ ਉਪਾਧੀ ਕਰਕੇ ਅਲੱਗ ਅਲੱਗ ਹੋ ਰਿਹਾ ਹੈ ਔਰ ਉਪਾਧੀ ਨੇ ਹੀ ਜੀਵ ਈਸ਼ਵਰ ਭੇਦ ਕਰ ਰੱਖੇ ਹਨ। ਅਨੀਸ਼੍ਵਰਵਾਦੀ ਹੋਰ ਪਦਾਰਥਾਂ ਵਾਂਗ ਜੀਵਾਤਮਾ ਨੂੰ ਵੀ ਪਰਿਣਾਮੀ ਅਤੇ ਅਨਿੱਤ ਮੰਨਦੇ ਹਨ। ਵਿਗਿਆਨਕ ਸਾਇੰਸਦਾਨ ਤ੍ਵਚਮਸਤਿਸਕ Brain cortesc ਦੇ ਸਿਰਾਸਫੋਟੀ ganglionic cells ਦਾ ਗੁਣ ਮੰਨਦੇ ਹਨ।

(1) ਆਤਮਾ ਪਰਾਤਮਾ ਏਕੋ ਕਰੈ ॥ (ਧਨਾਸਰੀ ਮਹਲਾ ੧ (ਪੰਨਾਂ 661)

(2) ਪ੍ਰਮਾਤਮਾ ,ਪਾਰਬ੍ਰਹਮ, ਵਾਹਿਗੁਰੂ ,(3) ਅੰਤਹਿਕਰਣ (4) ਸੁਭਾਉ (5)ਸ਼ਰੀਰ (6) ਧੀਰਜ (7)ਬੁਧ (8) ਸੂਰਜ (9)ਅਗਨਿ (10)ਪਵਨ (11)ਪੁਤ੍ਰ । ਇਹ ਆਤਮਾ ਦੇ ਅਰਥ ਹਨ।

ਅੰਤਹਕਰਣ ਉਪਹਿਤ ਚੇਤੰਨ ਜੀਵ ਸੰਗਿਆ ਕੋ ਪ੍ਰਾਪਤ ਕਰੇਂ ਹੈਂ। ਬੁੱਧੀ ਉਪਹਿਤ ਚੇਤਨ ਆਤਮਾ ਸੰਗਿਆ ਕੋ ਪ੍ਰਾਪਤ ਕਰੇਂ ਹੈਂ। ਮਾਇਆ ਵਸ਼ਿਸ਼ਟ – ਚੇਤਨ ਈਸ਼ਵਰ ਸੰਗਿਆ ਕੋ ਪ੍ਰਾਪਤ ਕਰੇਂ ਹੈਂ। ਤ੍ਰਿਗੁਣਆਤਮਿਕ ਮਾਇਆ ਤੋਂ ਰਹਿਤ ਚੇਤਨ ਨਿਰਗੁਣ ਬ੍ਰਹਮ ਪਦ ਨਾਲ ਯਾਦ ਕੀਤਾ ਜਾਵੇ ਹੈ। ਜੋ ਸਰਬ ਸੁਰਤੀਮਾਨ ਜਗ੍ਹਾਂ ਹਰ ਪਰੀਪੂਰਣ ਹੈ ।

ਬ੍ਰਹਮ :– ਬ੍ਰਿਹ – ਧਾ – ਵਧਣਾ= ਬ੍ਰਹਮ ਸੰਗਿਆ– ਸਭ ਤੋਂ ਵਧਿਆ ਹੋਇਆ ਕਰਤਾਰ ਜਗਤ ਨਾਥ ਵਾਹਿਗੁਰੂ : **ਬ੍ਰਹਮੁ ਦੀਸੈ ਬ੍ਰਹਮੁ ਸੁਣੀਐ** (ਬਿਲਾਵਲ ਮਹਲਾ ੫)

**ਭਰਮ** :– ਘੁੰਮਣਾ ਫਿਰਨਾ, ਜਲ ਚਕ੍ਰਕਾ, ਭੁਲ ਭੁਲੇਖਾ, ਮਿਥਿਆ ਗਿਆਨ, ਹੋਰ ਦਾ ਹੋਰ ਸਮਝਣਾ। ਪੰਜ ਪ੍ਰਕਾਰ ਦਾ ਭਰਮ ਹੈ।

(1) ਭੇਦ ਭਰਮ: ਕਰਤਾਰ ਨੂੰ ਆਤਮਾ ਰੂਪ ਨਾ ਮੰਨ ਕੇ ਉਸ ਵਿੱਚ ਅਨੇਕ ਭਰਮ ਕਲਪਨੇ।

(2) ਕਰਤ੍ਰਿਤ੍ਵ ਭਰਮ: ਮੈਂ ਕਰਤਾ ਹਾਂ ਇਹ ਖਿਆਲ ।

(3) ਸੰਗ ਭਰਮ: ਮੈਂ ਦੇਹ ਰੂਪ ਹਾਂ ਤੇ ਜੰਮਦਾ ਮਰਦਾਂ ਹਾਂ ।

(4)ਬਿਕਾਰ ਭਰਮ: ਜਗਤ ਬ੍ਰਹਮ ਦਾ ਬਿਕਾਰ ਹੈ

(5) ਸਤਯਤ੍ਵ ਭਰਮ : ਬ੍ਰਹਮ ਤੋਂ ਯੁਦਾ ਮੰਨ ਕੇ ਜਗਤ ਵਿੱਚ ਸਤਯ ਬੁਧਿ ॥ ਭਰਮ ਮੋਹ ਬਿਕਾਰ ਨਾਠੇ (ਪੰਨਾ 780)

**(ਖਟ ਲੱਖਣ)** : ਪੂਰਨ ਪੁਰਖਾਂ ਦੀਆਂ ਛੇ ਸਿਫ਼ਤਾਂ (ਖਟ ਲਖ੍ਹਣ ਪੂਰਨੰ ਪੁਰਖਹ (ਪੰਨਾ 1357)

(1)ਸਰਵ ਬਿਆਪੀ ਕਰਤਾਰ ਦਾ ਧਿਆਨ ਕਰਕੇ ਉਸ ਦਾ ਨਾਮ (ਮਹਾਂਮੰਤਰ ਜਪਣਾ)।

(2)ਨੇਕ ਤਰੀਕੇ ਨਾਲ ਦੁਨੀਆਂ ਵਿੱਚ ਰਹਿ ਕੇ ਕਿਸੇ ਨੂੰ ਵੈਰੀ ਨਾ ਬਣਾਉਣਾਂ ਅਤੇ ਦੁਖ ਸੁਖ ਵਿੱਚ ਆਪਣੇ ਗਿਆਨ ਨੂੰ ਅਚੱਲ ਰੱਖਣਾਂ।

(3) ਵਿਸ਼ਿਆਂ ਦੇ ਵੇਗ ਨੂੰ ਰੋਕ ਕੇ ਸਭ ਜੀਵਾਂ ਉਪਰ ਦਇਆ ਕਰਨੀ।

(4) ਕਰਤਾਰ ਦੇ ਕੀਰਤਨ ਨੂੰ ਭੋਜਨ ਵਾਂਙ ਆਪਣਾ ਆਧਾਰ ਮੰਨ ਕੇ ਸੰਸਾਰ ਵਿੱਚ ਕੌਲ ਫੁੱਲਾਂ ਦੀ ਤਰ੍ਹਾਂ ਨਿਰਲੇਪ ਰਹਿਣਾਂ।

(5) ਕਰਤਾਰ ਦੀ ਭਗਤੀ ਤੇ ਸ਼ਰਧਾ ਦਾ ਉਪਦੇਸ਼ ਮਿਤ੍ਰ ਸਤ੍ਰ ਨੂੰ ਸਮਾਨ ਦੇਣਾਂ ।

(6) ਨੰਮ੍ਰ ਭਾਵ ਨਾਲ ਚਰਣਿ ਧੂੜ ਬਣਨਾ ਅਤੇ ਕਿਸੇ ਦੀ ਨਿੰਦਾ ਨਾ ਸੁਣਨੀ।

ਖਟ ਕਰਮ :- ਸੰਧਿਆ, ਸ਼ਨਾਨ, ਜਪ, ਹਵਨ, ਵੇਦ ਪਾਠ, ਦੇਵ ਪੂਜਨ, ।

ਵਾ ਜਪ, ਤਪ, ਤੀਰਥ ਯਾਤਰਾ, ਦੇਵ ਪੂਜਨ, ਮੰਤਰ ਸਾਧਨ, ਸੰਨਿਆਸ ।

ਖਟ ਉਰਮੀ :- ਭੁਖ, ਤ੍ਰਿਖਾ, ਸ਼ੋਕ, ਮੋਹ, ਬੁਢਾਪਾ, ਮਰਨ ।

ਖਟਅੰਗ:- ਸਿਰ, ਦੋ ਬਾਂਹਾ, ਛਾਤੀ, ਦੋ ਟੰਗਾਂ ।

10 ਇੰਦ੍ਰੀਆਂ:- ਕਰਨ, ਤਵੱਚਾ, ਨੇਤਰ, ਰਸਨਾਂ, ਨਾਸਕਾ, ਮੁੱਖ, ਪੈਰ, ਹਥ, ਗੁਦਾ, ਲਿੰਗ ।

9 ਗੋਲਕਾਂ: - ਦੋ ਨਾਸਿਕਾ ਦੇ ਛਿਦ੍ਰ , ਦੋ ਕੰਨ, ਦੋ ਅੱਖਾਂ, ਮੁੱਖ, ਗੁਦਾ, ਲਿੰਗ,

3 ਸ਼ਰੀਰ:- ਸਥੂਲ, ਸੂਖਮ, ਕਾਰਣ।

ਤਿੰਨ ਅਵੱਸਥਾ:- ਜਾਗ੍ਰਤ, ਸੁਪਨ, ਸੁਖੋਪਤੀ ।

5 ਕੋਸ਼:- ਅੰਨਮਯ, ਮਨੋਮਯ, ਪ੍ਰਾਣਮਯ, ਅਨੰਦਮਯ, ਵਿਗਿਆਨਮਯ। ਪੰਜ ਮੁਖ ਤੇ ਪੰਜ ਉਪ ਪ੍ਰਾਣ।

ਚਾਰ ਬਿਰਤੀਆਂ:- ਮਨ, ਬੁਧ, ਚਿਤ, ਅਹੰਕਾਰ। ਅੰਤਹਿਕਰਣ ਦੀਆਂ ਚਾਰ ਬਿਰਤੀਆਂ ਹਨ।

ਤਿੰਨ ਗੁਣ :- ਸਤੋ, ਰਜੋ, ਤਮੋ। (ਪੰਜ ਵਿਸ਼ੇ) ਸ਼ਬਦ, ਸਪਰਸ਼, ਰੂਪ, ਰਸ, ਗੰਧ।ਸਾਖੀ ਆਤਮਾ ਸਾਰਿਆਂ ਤੋਂ ਨਿਆਰਾ ਜਾਨਣਾ। ਇਨ੍ਹਾਂ ਸਾਰਿਆਂ ਤੋਂ ਬਿਰਤੀ ਉਪਰ ਉਠਾ ਕੇ ਵਾਸਤਵ ਵਿੱਚ ਆਤਮਾ ਰੂਪ ਜਾਨਣਾ ਅਤੇ ਸਾਰੀ ਪ੍ਰਕਿਰਤੀ ਵਿੱਚ ਵੀ ਉਸੇ ਦੀ ਜੋਤ ਵੇਖਣੀ ਇਹੀ ਬ੍ਰਹਮ ਗਿਆਨ ਹੈ। ਇਸ ਅਵੱਸਥਾ ਨੂੰ ਪ੍ਰਾਪਤ ਕਰਨ ਵਾਲਾ ਹੀ ਜੀਵਨ ਮੁਕਤੀ ਦਾ ਅਨੰਦ ਲੈਂਦਾ ਹੋਇਆ ਅੰਤ ਸਮੇਂ ਬਿਦੇਹ ਮੁਕਤੀ ਨੂੰ ਪ੍ਰਾਪਤ ਕਰੇ ਹੈਂ। ਐਸਾ ਜੋ ਅਨੁਭਵ ਦਰਸੀ ਮਹਾਂਪੁਰਸ਼ ਹੈ, ਉਸ ਨੂੰ ਕਥਨ ਕਰਦੇ ਹਨ, ਗੁਰੂ ਦੀ ਪ੍ਰਸਾਦਿ ਕ੍ਰਿਪਾ ਔਰ ਈਸ਼ਵਰ ਦੀ ਦਇਆ ਦੇ ਪਾਤਰ ਬਣ ਕੇ ਪੁਰਖਾਰਥ ਔਰ ਪ੍ਰਾਰਥਨਾ ਦੁਆਰਾ ਇਸ ਅਵੱਸਥਾ ਨੂੰ ਪ੍ਰਾਪਤ ਕਰੀਦਾ ਹੈ।

ਵਾਹਿਗੁਰੂ :-1) ਮਨ ਬੁੱਧੀ ਤੋਂ ਪਰੇ ਸਭ ਤੋਂ ਵੱਡਾ ਪਾਰਬ੍ਰਹਮ ਧੰਨਤਾ ਯੋਗ ਕਰਤਾਰ :

ਕੀਆ ਖੇਲੁ ਬਡ ਮੇਲੁ ਤਮਾਸਾ ਵਾਹਗੁਰੂ ਤੇਰੀ ਸਭ ਰਚਨਾ॥(ਪੰਨਾਂ 1404)(ਸਵੱਯੇ ਮਹਲੇ ਚੌਥੇ ਕੇ)

(2)ਸਿੱਖ ਦਾ ਗੁਰਮੰਤਰ:-ਸਤਿਗੁਰ ਪੁਰਖ ਦਿਆਲ ਹੁਇ ਵਾਹਗੁਰੂ ਸਚੁ ਮੰਤ੍ਰ ਸੁਣਾਇਆ॥ਭਾਈ ਗੁਰਦਾਸ ਜੀ)

(3) ਭਾਈ ਸੰਤੋਖ ਸਿੰਘ ਜੀ ਨੇ ਗੁਰ ਨਾਨਕ ਪ੍ਰਕਾਸ਼ ਦੇ ਪਹਿਲੇ ਅਧਿਆਇ ਵਿੱਚ ਵਾਹਗੁਰੂ ਦਾ ਅਰਥ ਕੀਤਾ ਹੈ। (ਵਾਹ) ਅਸਚਰਜ ਰੂਪ (ਗੁ) ਅੰਧਕਾਰ ਵਿੱਚ (ਰੂ) ਪ੍ਰਕਾਸ਼ ਕਰਨ ਵਾਲਾ। ਅਚਰਜ ਤੇ ਪਰ ਉਕਤਿ ਨਾ ਕੋਈ॥ ਗੋ ਤਮ ਨਾਮ ਅਗਿਆਨ ਅਨਿਤ। ਰੂ ਪ੍ਰਕਾਸ਼ ਕਿਯੋ ਜਿਨਿ ਚਿਤਿ॥

ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥3॥ 8॥
(ਸਵੱਯੇ ਮਹਲੇ ਚੌਥੇ ਕੇ)(ਪੰਨਾਂ 1403)

## (ਨਾਮ ਬਰਾਬਰ ਹੋਰ ਕੋਈ ਵਸਤੂ ਨਹੀਂ)

ਕੋਟਿ ਯਗ ਬ੍ਰਤ ਪੂਜਾ ਧਿਆਨਾ, ਵੇਦ ਪਾਠ ਤਪ ਦਾਨ ਇਸਨਾਨਾ॥

ਕੋਟਿ ਜਾਪ ਧਰਮ ਬਹੁ ਨਾਨਾ॥ ਸਭ ਫਲ ਨਹੀਂ ਤੁਲ ਹਰਿ ਨਾਮਾ॥

ਦੋਹਾ॥ ਸਤਿਯੁਗ ਮੇਂ ਦਸ ਬਰਸ ਮੇਂ ਹਰੀ ਸਿਮਰਨ ਫਲ ਹੋਇ॥

ਤ੍ਰੇਤਾ ਮੇਂ ਇਕ ਬਰਸ ਮੇਂ ਜੋ ਫਲ ਹੋਵੇ ਸੋਈ ਪ੍ਰਾਪਤ ਹੋਇ॥

ਤ੍ਰੇਤਾ ਮੇਂ ਇਕ ਬਰਸ ਮੇਂ ਜੋ ਫਲ ਹੋਵਹਿ ਤੱਤ॥ਦ੍ਵਾਪਰ ਮੇਂ ਇਕ ਮਾਸ ਮੇਂ ਸੋਈ ਪ੍ਰਾਪਤ ਸਤ॥

ਦ੍ਵਾਪਰ ਮੇਂ ਇਕ ਮਾਸ ਮੇਂ ਜੋ ਫਲ ਰਾਮ ਜਪਾਤ॥

ਕਲਜੁਗ ਮੇਂ ਇਕ ਦਿਵਸ ਮੇਂ ਸੋਈ ਰਾਮ ਫਲ ਤਾਤ॥

## (ਨਾਮ ਮਹਾਤਮ)

(1) ਨਾਮ ਮਹਾਤਮ ਸ਼ੰਕਰ ਜਾਨਤ ਕੀਨ ਹਲਾਹਲ ਲੀਨ ਪਚਾਈ॥

(2) ਜਪ ਕਰਨਾ ਜਗਾਦਿ ਸੇ, ਦਸ ਗੁਣ ਹੈ ਅਧਿਕਾਯ॥

ਸ਼ਬਦ ਬਿਨਾਂ ਜਪ ਕਰਨ ਜੋ, ਸ਼੍ਰੇਸਟ ਹੈ ਸੋ ਭਾਯ॥

ਸ੍ਵਾਸੋਂ ਸੇ ਜੋ ਸਿਮਰਨਾ, ਕਰਨਾ ਸਹੱਸ੍ਰ ਗੁਣਾ ਹੈ ਮੀਤ॥

ਇਸ ਸੇ ਓਂ ਕਾ ਜਾਪ ਕਰੋ, ਸ਼ਰਧਾ ਕਰਿ ਨਿਤ ਨੀਤ ॥

ਸੁਧ ਪਵਿਤ੍ਰ ਅਸਥਾਨ ਮੇਂ, ਬੈਠੇ ਜਾਇ ਇਕਾਂਤ॥

ਕਾਮ ਕ੍ਰੋਧ ਵਸ ਇੰਦ੍ਰਯ, ਮਨ ਕੀ ਲਏ ਭ੍ਰਾਂਤ॥

ਜਾਪ ਕਰੇ ਓਂਕਾਰ ਕਾ ਦ੍ਵਾਦਸ ਸਹੱਸ੍ਰ ਬਾਰ॥

ਏਕ ਬਰਸ ਕਰਤਾ ਰਹੇ, ਬਿਨਾ ਵਿਘਨ ਇਕ ਸਾਰ॥

ਪਾਪ ਔਰ ਮਹਾ ਪਾਪ ਭੀ, ਨਾਸ਼ ਹੋਇ ਤਤਕਾਲ॥

ਸਦਾ ਸ਼ਾਂਤਿ ਚਿੱਤ ਹਰਿ ਉਰ ਵਸੇ, ਪੂਰਨ ਪੁਰਖ ਕਮਾਲ॥

**ਕੁੰਡਲਨੀ :-** ਤੰਤਰ ਸ਼ਾਸ਼ਤਰ ਅਤੇ ਯੋਗ ਮਤ ਅਨੁਸਾਰ ਇਕ ਨਾੜੀ ਜੋ ਸੁਖਮਨਾ ਨਾੜੀ ਦੀ ਜੜ੍ਹ ਵਿੱਚ ਕਿਵਾੜ ਰੂਪ ਹੋ ਕੇ ਰਹਿੰਦੀ ਹੈ, ਸਾਢੇ ਤਿੰਨ ਕੁੰਡਲ (ਚੱਕਰ) ਮਾਰ ਕੇ ਸੱਪ ਦੀ ਤਰ੍ਹਾਂ ਸੌਣ ਕਾਰਣ ਇਸ ਦਾ ਨਾਮ ਕੁੰਡਲਨੀ ਹੈ। ਜੋਗਾ ਅਭਿਆਸ ਨਾਲ ਕੁੰਡਲਨੀ ਜਾਗਦੀ ਹੈ ਅਤੇ ਸੁਖਮਨਾ ਦੇ ਰਸਤੇ ਦਸਮ ਦੁਆਰ ਨੂੰ ਜਾਂਦੀ ਹੈ।ਜਿਉਂ ਜਿਉਂ ਇਹ ਉਪਰ ਨੂੰ ਚੜ੍ਹਦੀ ਹੈ ਤਿਉਂ ਤਿਉਂ ਜੋਗੀ ਨੂੰ ਅਨੰਦ ਆਂਉਦਾ ਹੈ। ਕੁੰਡਲਨੀ ਨੂੰ ਦਸਮ ਦੁਆਰ ਵਿੱਚ ਠਹਿਰਾਉਣਾ ਅਤੇ ਉਸ ਨੂੰ ਫਿਰ ਹੇਠਾਂ ਉਤਰਨ ਨਾ ਦੇਣਾਂ, ਇਹੀ ਜੋਗੀ ਦੀ ਪੂਰਨ ਸਿੱਧੀ ਹੈ। ਇਸ ਦਾ ਨਾਉਂ ਭੁਜੰਗਮਾਂ ਵੀ ਹੈ।

(ਸੁਰਤ-ਨਿਰਤ) = ਸੁਰਤ - ਸੁਣਨਾ , ਨਿਰਤ - ਦੇਖਣਾ।

ਗੁਦਾ, ਲਿੰਗ, ਨਾਭੀ ਚੱਕਰੋਂ ਮੇਂ ਸੁਰਤ ਰਹਿਤੀ ਹੈ। ਤਬ ਖਾਨੇ ਪੀਨੇ ਉਪਭੋਗ ਮੇਂ ਰਹਿਤੀ ਹੈ। ਜਬ ਤੀਨੋਂ ਕੋ ਛੋਡ ਕਰ ਹਿਰਦੇ ਭੂਮੀ ਉਪਰ ਚੜ੍ਹ ਜਾਏ ਉਸ ਜੋਤੀ ਦਾ ਦਰਸ਼ਨ ਹੋਤਾ ਹੈ। ਪਰੰਤੂ ਮਨ ਕੇ ਨੀਚੇ ਉਤਰਨੇ ਕਾ ਅੰਦੇਸ਼ਾ ਹੈ। ਕੰਠ ਮੇਂ ਈਸ਼ਵਰੀ ਵਿਸ਼ਿਉਂ ਕੀ ਰੁਚੀ ਰਹਿਤੀ ਹੈ। ਪਰੰਤੂ ਨੀਚੇ ਉਤਰਨੇ ਕੀ ਸੰਭਾਵਨਾ ਹੈ। ਜਦੋਂ ਕੁੰਡਲਨੀ ਕੰਠ ਕੋ ਛੋਡ ਕਰ ਤ੍ਰਿਕੁਟੀ ਉਪਰ ਚੜ੍ਹ ਜਾਏ ਤਾਂ ਪਤਨ ਕਾ ਡਰ ਨਹੀਂ। ਪ੍ਰਮਾਤਮਾ ਕਾ ਦਰਸ਼ਨ - ਸਮਾਧੀ ਸੁਖ ਕਾ ਅਨੁਭਵ ਹੋਤਾ ਹੈ। ਉਸ ਭੂਮੀ ਔਰ ਸਹੱਸਰ ਮਧ ਕੇਵਲ ਕਾਂਚ ਕੇ ਸਮਾਨ ਪਾਰਦਰਸ਼ਕ ਪਰਦਾ ਰਹਿਤਾ ਹੈ, 21 ਦਿਨ ਨਿਰੰਤਰ ਅਭਿਆਸ ਸੇ ਪਰਦਾ ਫਟ ਜਾਤਾ ਹੈ। ਮਨ ਕੰਠ ਜਾਂ ਹਿਰਦੇ ਸੇ ਨੀਚੇ ਨਹੀਂ ਉਤਰਦਾ।

## ਨਿਰਬਾਨ ਪਦ ਵਿਚ ਲੀਨਤਾ:-

### ਰਾਗੁ ਮਾਰੂ ਬਾਣੀ ਜੈਦੇਉ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥ ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ ॥ ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹ ਅਪਿਉ ਪੀਆ ॥ ੧ ॥ ਮਨ ਆਦਿ ਗੁਣ ਆਦਿ ਵਖਾਣਿਆ ॥ ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ ॥ ੧ ॥ ਰਹਾਉ ॥ ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ ਸਲਲ ਕਉ ਸਲਲਿ ਸੰਮਾਨਿ ਆਇਆ ॥ ਬਦਤਿ ਜੈਦੇਉ ਜੈਦੇਵ ਕਉ ਰੰਮਿਆ ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ ॥ ੨ ॥ ੧ ॥(ਪੰਨਾਂ ੧੧੦੬)

1) ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ ॥

2) ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹ ਅਪਿਉ ਪੀਆ ॥ 1 ॥

3) ਮਨ ਆਦਿ ਗੁਣ ਆਦਿ ਵਖਾਣਿਆ ॥

4) ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ ॥ ੧ ॥ ਰਹਾਉ ॥

5) ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ ਸਲਲ ਕਉ ਸਲਲਿ ਸੰਮਾਨਿ ਆਇਆ ॥

6) ਬਦਤਿ ਜੈਦੇਉ ਜੈਦੇਵ ਕਉ ਰੰਮਿਆ ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ ॥ ੨ ॥ ੧ ॥

## ਇਸ ਦਾ ਭਾਵ :-

1) ਚੰਦ੍ਰ ਸੂਰ ਨਾਲ ਪ੍ਰਾਣਾਂ ਨੂੰ ਓਅੰ ਮੰਤਰ ਦੇ ਸ਼ਬਦ ਨਾਲ ਭੇਦਿਆ (ਪੂਰਕ) ਕੀਤਾ ਫਿਰ ਪੂਰਿਆ (ਕੁੰਭਕ) ਕੀਤਾ। ਸੂਰਯ ਸੂਰ ਨਾਲ 16 ਵਾਰ ਓਅੰ ਮੰਤਰ ਜਪ ਕੇ ਸ੍ਵਾਸ ਨੂੰ ਦਾਨ ਕੀਤਾ (ਰੇਚਕ ਕੀਤਾ)।

2) ਸਰੀਰ ਦਾ ਬਲ ਤੋੜ ਕੇ ਨਿਰਬਲ ਕੀਤਾ ਚੰਚਲ ਮੰਨ ਨੂੰ ਅਚਲ ਕਰਕੇ ਥਾਪਿਆ ਜੋ ਸੁਧਾਰਿਆ ਨਹੀ ਜਾਂਦਾ ਸੀ ਚਿੱਤ, ਉਸ ਨੂੰ ਸਵਾਰ ਕੇ ਅੰਮ੍ਰਿਤ ਪੀਤਾ।

3) ਅੰਤਹਕਰਣ ਦੀ ਆਦਿ ਅਤੇ ਗੁਣਾਂ ਦਾ ਮੂਲ ਜੋ ਕਰਤਾਰ ਹੈ,ਉਸ ਦਾ ਗੁਣ ਗਾਇਆ ।

4) ਇਸ ਤੋਂ ਤੇਰੀ ਦੁਬਿਧਾ ਦ੍ਰਿਸ਼ਟੀ ਲੀਨ ਹੋ ਗਈ।

5) ਆਰਾਧਣ ਯੋਗ ਨੂੰ ਆਰਾਧਿਆ। ਸ਼ਰਧਾ ਕਰਨ ਯੋਗ ਤੇ ਸ਼ਰਧਾ ਕੀਤੀ। ਜਲ ਨਾਲ ਜਲ ਦੀ ਸਮਾਨਤਾ ਹੋ ਗਈ।

6) ਭਗਤ ਜੈ ਦੇਵ ਆਖਦੇ ਹਨ ਜਦ ਸਭ ਨੂੰ ਜੈ ਕਰਨੇ ਵਾਲੇ ਦੇਵ ਦਾ ਨਾਮ ਜਪਿਆ, ਤਦ ਨਿਰਬਾਣ ਬ੍ਰਹਮ ਵਿੱਚ ਲੀਨਤਾ ਹੋਈ।

## ਮਾਇਆ ਦਾ ਖੇਲ

## ਬਸੰਤ ਬਾਣੀ ਭਗਤਾਂ ਕੀ ਕਬੀਰ ਜੀਉ

ਜੋਇ ਖਸਮੁ ਹੈ ਜਾਇਆ ॥ ਪੂਤਿ ਬਾਪੁ ਖੇਲਾਇਆ ॥ ਬਿਨੁ ਸ੍ਰਵਣਾ ਖੀਰੁ ਪਿਲਾਇਆ ॥ ੧ ॥ ਦੇਖਹੁ ਲੋਗਾ ਕਲਿ ਕੋ ਭਾਉ ॥ ਸੁਤਿ ਮੁਕਲਾਈ ਅਪਨੀ ਮਾਉ ॥ ੧ ॥ ਰਹਾਉ ॥ ਪਗਾ ਬਿਨੁ ਹੁਰੀਆ ਮਾਰਤਾ ॥ ਬਦਨੈ ਬਿਨੁ ਖਿਰ ਖਿਰ ਹਾਸਤਾ ॥ ਨਿਦ੍ਰਾ ਬਿਨੁ ਨਰੁ ਪੈ ਸੋਵੈ ॥ ਬਿਨੁ ਬਾਸਨ ਖੀਰੁ ਬਿਲੋਵੈ ॥ ੨ ॥ ਬਿਨੁ ਅਸਥਨ ਗਊ ਲਵੇਰੀ ॥ ਪੈਡੇ ਬਿਨੁ ਬਾਟ ਘਨੇਰੀ ॥ ਬਿਨੁ ਸਤਿਗੁਰ ਬਾਟ ਨ ਪਾਈ ॥ ਕਹੁ ਕਬੀਰ ਸਮਝਾਈ ॥ ੩ ॥ ੩ ॥(ਪੰਨਾਂ ੧੧੯੪)

1) ਜੋਇ ਖਸਮੁ ਹੈ ਜਾਇਆ ॥

2) ਪੂਤਿ ਬਾਪੁ ਖੇਲਾਇਆ ॥

3) ਬਿਨੁ ਸ੍ਰਵਣਾ ਖੀਰੁ ਪਿਲਾਇਆ ॥ ੧ ॥

4) ਸੁਤਿ ਮੁਕਲਾਈ ਅਪਨੀ ਮਾਉ ॥ ੧ ॥ ਰਹਾਉ ॥

5) ਪਗਾ ਬਿਨੁ ਹੁਰੀਆ ਮਾਰਤਾ ॥

6) ਬਦਨੈ ਬਿਨੁ ਖਿਰ ਖਿਰ ਹਾਸਤਾ ॥

7) ਨਿਦ੍ਰਾ ਬਿਨੁ ਨਰੁ ਪੈ ਸੋਵੈ ॥

8) ਬਿਨੁ ਬਾਸਨ ਖੀਰੁ ਬਿਲੋਵੈ ॥ ੨ ॥

9) ਬਿਨੁ ਅਸਥਨ ਗਊ ਲਵੇਰੀ ॥

10) ਪੈਡੇ ਬਿਨੁ ਬਾਟ ਘਨੇਰੀ ॥

**ਇਸ ਦਾ ਭਾਵ :-** ਜਿਵੇਂ ਇਸ ਪਦ ਵਿੱਚ ਲਿਖੀਆਂ ਗੱਲਾਂ ਅਸੰਭਵ ਹਨ ਇਵੇਂ ਗੁਰੂ ਬਿਨਾਂ ਗਿਆਨ ਮਾਰਗ ਦੀ ਪ੍ਰਾਪਤੀ ਅਣਬਣ ਹੈ। ਸੰਪਰਦਾਈ ਗਿਆਨੀ ਇਸਦਾ ਹੇਠ ਲਿਖਿਆ ਅਰਥ ਭੀ ਕਰਦੇ ਹਨ:-

1) ਔਰਤ (ਮਾਇਆ) ਨੇ ਖਸਮ (ਈਸ਼ਵਰ) ਨੂੰ ਪੈਦਾ ਕੀਤਾ ਭਾਵ ਜੀਵ ਈਸ਼ਵਰ ਭੇਦ ਮਾਇਆ ਕਰਕੇ ਹੋਏ ਹਨ। 2) ਪੁਤ ਨੇ ਬਾਪ ਨੂੰ ਖੇਲਾਇਆ, ਭਾਵ ਜੀਵ ਨੇ ਈਸ਼ਵਰ ਨੂੰ ਪਾਲਣ ਪੋਸ਼ਣ ਆਦਿਕ ਕ੍ਰੀੜਾ ਵਿੱਚ ਪਰਵਿਰਤ ਕਰਾਇਆ।

3) ਬਿਨਾਂ ਥਣਾਂ ਤੋਂ ਦੁਧ ਪਿਆਇਆ, ਭਾਵ ਮਾਇਆ ਨੇ ਜੀਵ ਨੂੰ ਵਿਸ਼ੇ ਭੋਗ ਦੇ ਰਸ ਵਿੱਚ ਲਾਇਆ।

4) ਪੁਤ (ਜੀਵ) ਨੇ ਆਪਣੀ ਮਾਂ (ਮਾਇਆ) ਭੋਗ ਲਈ ਆਪਣੀ ਕਰ ਲਈ।

5) ਮਨ ਪੈਰਾਂ ਬਿਨਾਂ ਹੈ ਪਰ ਦੂਰ ਦੂਰ ਛਾਲਾਂ ਮਾਰਦਾ ਹੈ।

6) ਮੁਖ ਬਿਨਾਂ ਹੈ ਪਰ ਖਿੜ ਖਿੜ ਹਸਦਾ ਹੈ ਭਾਵ ਵਿਸ਼ਿਆਂ ਕਰਕੇ ਪ੍ਰਸੰਨ ਹੁੰਦਾ ਹੈ।

7) ਜੀਵ ਵਾਸਤਵ ਵਿੱਚ ਬਿਨ੍ਹਾਂ ਨਿਦ੍ਰਾ ਅਵਿਦਿਆ ਦੇ ਹੈ ਪਰ ਸੌਂ ਰਿਹਾ ਹੈ।

8) ਬਰਤਨ ਸਰੀਰ ਤੋਂ ਬਿਨਾਂ (ਭਾਵ) ਅਸੰਗ ਹੈ। ਪਰ ਸੁਖਾਂ ਦੇ ਯਤਨ ਵਿੱਚ ਲੱਗਾ ਹੈ।

9) ਸਿਥਤਿ ਰੂਪ ਥਣਾਂ ਤੋਂ ਰਹਿਤ ਗਊ (ਮਾਇਆ) ਪਦਾਰਥ ਭੋਗ ਰੂਪ ਦੁਧ ਦੇ ਰਹੀ ਹੈ।

10) ਜੀਵ ਆਵਾਗਵਨ ਰਹਿਤ ਹੈ ਪਰ 84 ਵਿੱਚ ਭਰਮਦਾ ਹੈ।

**ਪ੍ਰਾਣਾਯਾਮ:-** ਪ੍ਰਾਣਾਯਾਮ ਜੋਗ ਦਾ ਚੌਥਾ ਅੰਗ ਹੈ। ਯੋਗ ਸੂਤਰ ਵਿਚ ਸਵਾਸ ਦੇ ਅੰਦਰ ਬਾਹਰ ਆਉਣ ਦੀ ਚਾਲ ਨੂੰ ਆਪਣੇ ਵਸ ਕਰਨਾ ਪ੍ਰਾਣਾਯਾਮ ਹੈ। ਅਤ੍ਰਿ ਰਿਸ਼ੀ ਲਿਖਦਾ ਹੈ ਕਿ ਪ੍ਰਾਣ ਰੋਕ ਕੇ ਓਅੰ ਭੂਰ ਭੁਵਃ ਸ੍ਵ ਃ ਸਹਿਤ ਤਿੰਨ ਵਾਰ ਗਾਇਤ੍ਰੀ ਦਾ ਜਾਪ ਕਰਨਾ ਪ੍ਰਾਣਾਯਾਮ ਹੈ।

## ਸ਼ਵਾਸ਼ ਪ੍ਰਸ਼ਵਾਸ਼ਓਰ ਗਤੀ ਬਿਛੇਦਾ ਪ੍ਰਣਾਯਾਮਾ (ਯੋਗ ਦਰਸ਼ਨ ਦੋ 49)

**ਹੱਠ ਜੋਗ**:- ਹਠ ਨਾਲ ਸਿੱਧ ਹੋ ਜਾਣ ਵਾਲਾ ਜੋਗ ਹਠ ਜੋਗ ਪ੍ਰਦੀਪਿਕਾ ਵਿੱਚ ਲਿਖਿਆ ਹੈ ਕਿ 'ਹ' ਸੂਰਜ 'ਠ' ਚੰਦਰਮਾ। ਇਨ੍ਹਾਂ ਦੋਹਾਂ ਦਾ ਜੋਗ ਸਬੰਧ ਕਰਨਾ ਹਠ ਯੋਗ ਹੈ।ਭਾਵ ਇੜਾ ਤੇ ਪਿੰਗਲਾ ਦਾ ਸੁਖਮਨਾ ਨਾਲ ਜੋੜਨਾ।

**ਅਸ਼ਟਾਂਗ**:- ਯਮ, ਨਿਯਮ, ਆਸਣ, ਪ੍ਰਾਣਾਯਾਮ ਅਤੇ ਪ੍ਰਤਯਾਹਾਰ, ਧਾਰਣਾ, ਧਿਆਨ, ਸਮਾਧੀ

**1. ਯਮ** ਧਾ -ਰੋਕਣਾ ਖਿੱਚਣਾ, ਯਤਨ ਕਰਨਾ, ਮਿਹਨਤ ਕਰਨਾ, ਸੰਯੋਗ ਕਰਨਾ, ਮਨ ਅਤੇ ਇੰਦਰੀਆਂ ਦੇ ਰੋਕਣ ਦਾ ਵ੍ਰਤ।

**ਯਮ ਨਿਯਮ**:- ਮਨ ਅਤੇ ਇੰਦ੍ਰੀਆਂ ਨੂੰ ਬਿਕਾਰਾਂ ਤੋਂ ਵਰਜਨ ਅਤੇ ਸੁਭ ਗੁਣਾਂ ਦੇ ਨੇਮ ਧਾਰਨ ਰੂਪ ਦਸ ਸਾਧਨ। **ਅਹਿੰਸਾ** :- ਜੀਵਾਂ ਨੂੰ ਮਾਰਣ ਅਤੇ ਦੁਖਾਵਣ ਦਾ ਤਿਆਗ, ਸਤਯ (ਸਚ ਝੂਠ ਦੇ ਤਿਆਗ ਦਾ ਬ੍ਰਤ, ਅਸਤੇਯ:- ਚੋਰੀ ਦਾ ਤਿਆਗ), ਬ੍ਰਹਮਚਰਜ( ਜਤ ਰਖਕੇ ਵਿਦਿਆ ਦਾ ਅਭਿਆਸ) ਅਪਰਿਗ੍ਰਹ (ਧਨ ਆਦਿਕ ਜੋੜਨ ਦਾ ਤਿਆਗ)

**ਸੂਤਰ** :- ਅਹਿੰਸਾ ਸਤਿਆ ਅਸਤੇਯ, ਬ੍ਰਹਮਚਰਜੋ ਅਪਰਿਗ੍ਰਹਾ ਯਮਾਃ (ਯੋਗ ਦਰਸ਼ਨ ਸਾਧਨ ਪਾਦ ਸੂਤਰ 30)

**2. ਨਿਯਮ** :- ਸੌਚ ਪਵਿੱਤਰਤਾ ਸੰਤੋਖ (ਸਬਰ) ਤਪ (ਸੁਖ ਦੁਖ) ਦੁੰਦਾ ਦ੍ਵੰਦਾ ਵਾਦ ਦਾ ਸਮ ਭਾਵ ਨਾਲ ਸਹਿਣਾ, ਸ੍ਵਾਧਯਾਯ ਮੁਕਤਿਆਦਿਕ ਗ੍ਰੰਥਾਂ ਦਾ ਪੜ੍ਹਨਾਂ ਅਥਵਾ ਓਅੰਕਾਰ ਦਾ ਜਾਪ ਈਸ਼੍ਵਰ ਪ੍ਰਣਿਧਾਨ (ਹਉਮੈ ਨੂੰ ਤਿਆਗ ਕੇ ਕਰਮਾਂ ਨੂੰ ਈਸ਼ਵਰ ਅਰਪਨ ਕਰਨਾ)।

**ਸੂਤਰ** :- ਸੌਚ ਸੰਤੋਸ਼ ਤਪ : ਸਵਾਧਿਆਯੇਸ਼ਵਰ ਪ੍ਰਣਿਧਾਨਾਨਿ ਨਿਯਮਾ : (ਸੂਤਰ 33)

**3. ਆਸਣ** :- ਸੰਗਿਆ -ਇਸਥਿਤੀ, ਬੈਠਕ, ਬੈਠਣ ਦਾ ਬਸਤਰ ਜਿਸ ਨੂੰ ਵਿਛਾ ਕੇ ਬੈਠੀਏ।ਯੋਗ ਦਾ ਤੀਜਾ ਅੰਗ ਜਿਸ ਅਨੁਸਾਰ ਅਭਿਆਸੀ ਆਪਣੀ ਬੈਠਕ ਸਾਧਦੇ ਹਨ। ਜੋਗ ਸ਼ਸਤਰ ਵਿੱਚ 84 ਆਸਣ ਪਸ਼ੂ ਪੰਛੀਆਂ ਦੀ ਨਿਸ਼ਸਤ ਤੇ ਵਸਤੂਆਂ ਦੇ ਆਕਾਰ ਤੋਂ ਲਏ ਹਨ। ਉਨ੍ਹਾਂ ਵਿਚੋਂ ਚਾਰ ਪਰਮ ਉਤਮ ਲਿਖੇ ਹਨ।

(1) **ਸਿਧ ਆਸਣ**:- ਖੱਬੇ ਪੈਰ ਦੀ ਅੱਡੀ ਗੁਦਾ ਪੁਰ, ਸੱਜੇ ਪੈਰ ਦੀ ਅੱਡੀ ਲਿੰਗ ਪੁਰ ਰੱਖ ਕੇ ਬੈਠਣਾ।

(2)**ਪਦਮ ਆਸਣ**:- ਸੱਜੇ ਪੱਟ ਤੇ ਖੱਬਾ ਪੈਰ ਤੇ ਖੱਬੇ ਪੱਟ ਤੇ ਸੱਜਾ ਪੈਰ ਰੱਖ ਕੇ ਪਿੱਠ ਪਿਛੋਂ ਦੀ ਹੱਥ ਕਰਕੇ ਸੱਜੇ ਹੱਥ ਨਾਲ ਸੱਜੇ ਪੈਰ ਦਾ ਅੰਗੂਠਾ ਤੇ ਖੱਬੇ ਹੱਥ ਨਾਲ ਖੱਬੇ ਪੈਰ ਦਾ ਅੰਗੂਠਾ ਫੜਨਾ। ਛਾਤੀ ਤੋਂ ਚਾਰ ਉਂਗਲ ਦੀ ਵਿਥ ਰੱਖ ਕੇ ਨੱਕ ਦੀ ਨੋਕ ਉਪਰ ਨਜ਼ਰ ਜਮਾਉਣੀ।

(3)**ਸਿੰਹਾਸਣ**:- ਗੁਦਾ ਔਰ ਲਿੰਗ ਦੇ ਵਿਚਕਾਰ ਜੋ ਸਿਉਣ ਹੈ ਉਸ ਉਪਰ ਪੈਰਾਂ ਦੇ ਗਿੱਟੇ ਜਮਾ ਕੇ ਬੈਠਣਾਂ। ਗੋਡਿਆਂ ਤੇ ਦੋਵੇਂ ਹੱਥ ਰੱਖ ਕੇ ਨੱਕ ਦੀ ਨੋਕ ਉਪਰ ਨਜ਼ਰ ਜਮਾਉਣੀ।

(4)ਭਦਰਾ ਆਸਣ:- ਸਿਊਣ ਉਤੇ ਰੱਖੇ ਪੈਰਾਂ ਦੇ ਅੰਗੂਠੇ ਪਦਮ ਆਸਣ ਵਾਂਗ ਫੜਨ ਤੋਂ ਸਿੰਹਾਸਣ ਤੋਂ ਭਦਰਾ ਆਸਣ ਬਣ ਜਾਂਦਾ ਹੈ।

ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥(642)॥(ਸੋਰਠਿ ਅਸਟਪਦੀਆ ਮਹਲਾ ੫)

**4. ਪ੍ਰਾਣਾਯਾਮ:-** ਖੱਬੀ ਸੁਰ ਨਾਲ ਸਵਾਸ ਖਿੱਚਣੇ ਪੂਰਕ ਕਹਿਲਾਂਉਦਾ ਹੈ। ਸੱਜੀ ਸੁਰ ਨਾਲ ਤਿਆਗਣੇ ਰੇਚਕ ਕਹਿਲਾਂਉਦਾ ਹੈ। ਸੁਖਮਨਾ ਤ੍ਰਿਕੁਟੀ ਵਿਚ ਦੋਵੇਂ ਨਾਸਕਾਂ ਬੰਦ ਕਰਕੇ ਸਵਾਸ ਰੋਕਣੇ ਕੁੰਭਕ ਕਹਿਲਾਂਉਦਾ ਹੈ।ਇਸੇ ਤਰ੍ਹਾ ਸੱਜੀ ਸੁਰ ਨਾਲ ਖਿੱਚਣੇ, ਖੱਬੀ ਨਾਲ ਤਿਆਗਣੇ ਅਤੇ ਠਹਿਰਾਉਣ ਦੀ ਕਿਰਿਆ ਦਾ ਨਾਮ ਪ੍ਰਾਣਾਯਾਮ ਹੈ। ਪ੍ਰਾਣਾਂ ਦਾ ਆਯਾਮ ਰੋਕਣਾ ਪ੍ਰਾਣਾਯਾਮ ਕਹਿਲਾਂਉਦਾ ਹੈ।

(5) ਪ੍ਰਤਿਆਹਾਰ:- ਸੰਗਿਆ- ਪਿੱਛੇ ਖਿੱਚਣ ਦੀ ਕ੍ਰਿਆ ਰੋਕ ਕੇ ਪਿੱਛੇ ਮੁੜਨਾ, ਜੋਗ ਦੇ ਅੱਠ ਅੰਗਾਂ ਵਿਚੋਂ ਇਕ ਅੰਗ ਇੰਦ੍ਰੀਆਂ ਨੂੰ ਵਿਸ਼ਿਆਂ ਤੋਂ ਰੋਕ ਕੇ ਸ਼ਾਂਤ ਕਰਨਾ ਇੰਦ੍ਰੀਏ ਨਿਗ੍ਰਹ (Abstraction)।

(6) ਧਾਰਣਾਂ:- ਸੰਗਿਆ- ਧਾਰਣ ਦੀ ਕ੍ਰਿਆ (ਸਗਲੁ ਤੁਮਾਰੀ ਧਾਰਣਾ (ਮਾਰੂ ਸੋਲਹੇ ਮਹਲਾ ਪੰਜਵਾ) ਅੰਤਹਕਰਣ ਦੀ ਉਹ ਵਿਰਤੀ ਜੋ ਧਾਰਣ ਕਰਦੀ ਹੈ ਦ੍ਰਿੜ੍ਹ ਨਿਸਚਾ ।ਯੋਗ ਮਤ ਅਨੁਸਾਰ ਮਨ ਦੀ ਉਹ ਟਿਕਟਿਕੀ ਹਾਲਤ ਜਿਸ ਵਿੱਚ ਹੋਰ ਸਾਰੇ ਭਾਵ ਭੁਲ ਕੇ ਕੇਵਲ ਬ੍ਰਹਮ ਦਾ ਧਿਆਨ ਰਹਿੰਦਾ ਹੈ (ਧਰਮ ਦੀ ਰਹਿਤ) ਧਾਰਣਾ ਕਹਾਵੇ ਹੈ।

(7) ਧਿਆਨ:- ਧਯੈ- ਧਾਤੂ ਦਾ ਅਰਥ ਹੈ ਸੋਚ ਵਿਚਾਰ। ਇਸ ਤੋਂ ਧਿਆਨ ਸ਼ਬਦ ਬਣਦਾ ਹੈ ਜਿਸ ਦਾ ਅਰਥ ਹੈ ਕਿਸੇ ਵਸਤੂ ਵਿੱਚ ਬਿਰਤੀ ਦਾ ਲਿਵ ਲੀਨ ਕਰਨਾ। ਚਾਰੇ ਪਾਸਿਉਂ ਮਨ ਨੂੰ ਰੋਕ ਕੇ ਇਕ ਵਿਸ਼ੇ ਤੇ ਟਿਕਾਉਣ ਦੀ ਕਿਰਿਆ ਪਤੰਜਲ ਦਰਸ਼ਨ ਵਿੱਚ ਲਿਖਿਆ ਹੈ।

ਸੂਤਰ :- ਤਤ੍ਰ ਪਰਤਯੈਕਤਾ ਧਿਆਨੰ (ਜੋਗ ਸੂਤਰ 3-2)

ਸੁਣਿਐ ਲਾਗੈ ਸਹਜਿ ਧਿਆਨੁ॥(ਜਪੁਜੀ ਸਾਹਿਬ)

ਧਿਆਨੀ ਧਿਆਨੁ ਲਾਵਹਿ ॥( ਪੰਨਾ 71)॥ (ਸਿਰੀਰਾਗ ਮਹਲਾ ੫)

ਅੰਤਹਕਰਣ ਵਿਚ ਕਿਸੇ ਵਸਤੂ ਦਾ ਪ੍ਰਤੱਖ ਭਾਵ ਖਿਆਲ, ਚਿੰਤਨ ਸਭੀ ਅਰਥ ਅਨੁਕੂਲ ਹਨ।

(8) ਸਮਾਧਿ:- ਸੰਗਿਆ-ਸਮ-ਆ-ਧੀ ਚੰਗੀ ਤਰ੍ਹਾਂ, ਚਿੱਤ ਦੇ ਠਹਿਰਾਉਣ ਦੀ ਕਿਰਿਆ, ਅੰਤਹਕਰਣ ਦਾ ਧੇਯ ਵਿਚ ਲੀਨ ਹੋਣਾ। "ਸਮੇਤ ਸਮਾਧਿ ਸਮਾਧਿ ਲਗਾਈ ॥ (ਚੰਡੀ 1) "

**ਸਹਿਜ ਜੋਗ:-** ਸੰਗਿਆ - ਹੱਠ ਯੋਗ ਦੇ ਕਠਿਨ ਸਾਧਨਾਂ ਤੋਂ ਨਿਰਾਲਾ ਸੁਖਾਲਾ ਯੋਗ। ਨਾਮ ਸਿਮਰਨ ਦੁਆਰਾ ਮਨ ਦੀ ਇਕਾਗਰਤਾ ਰੂਪੀ ਯੋਗ। ਗੁਰਬਾਣੀ ਵਿੱਚ ਇਸ ਯੋਗ ਦੇ ਭਗਤੀ ਜੋਗ, ਤੱਤ ਜੋਗ, ਬ੍ਰਹਮ ਜੋਗ ਆਦਿ ਨਾਮ ਆਏ ਹਨ ਅਤੇ ਸਹਿਜ ਜੋਗ ਦਾ ਸਰੂਪ ਇਉਂ ਵਰਨਣ ਕੀਤਾ ਗਿਆ ਹੈ :-

**ਆਸਾ ਮਹਲਾ ੧ ॥ (ਪੰਨਾਂ 359)**

ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ ॥ ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ ॥ ੧ ॥ ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ ॥ ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ ॥ ੧ ॥ ਰਹਾਉ ॥ ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ ॥ ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ ॥ ੨ ॥ ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ ॥ ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ ॥ ੩ ॥ ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ ॥ ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ ॥ ੪ ॥ ੩ ॥ ੩੭ ॥

ਗੁਰਿ ਮਨੁ ਮਾਰਿਓ ਕਰਿ ਸੰਜੋਗੁ॥ਅਹਿਨਿਸ ਰਾਵੇ ਭਗਤਿ ਜੋਗੁ॥ ਗੁਰ ਸੰਤ ਸਭਾ ਦੁਖੁ ਮਿਟੈ ਰੋਗੁ॥ ਜਨ ਨਾਨਕ ਹਰਿ ਵਰੁ ਸਹਜ ਜੋਗੁ॥ਬਸੰਤ ਮਹਲਾ ਪਹਿਲਾ (ਪੰਨਾਂ 1170)

ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ ॥ ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ ॥ ੬੪ ॥(ਪੰਨਾਂ 1421) (ਸਲੋਕ ਮਹਲਾ ੩)

**ਜੋਗ :-** ਯੋਗ -ਸੰਗਿਆ-ਪਤੰਜਲੀ ਰਿਸ਼ੀ ਦਾ ਚਿਤ ਨੂੰ ਇਕਾਗ੍ਰ ਕਰਨ ਲਈ ਦੱਸਿਆ ਹੋਇਆ ਸਾਧਨ ।

ਜੋਗ ਧਿਆਨਿ ਗੁਰ ਗਿਆਨਿ (1390)

ਸਤਿਗੁਰ ਜੋਗ ਕਾ ਤਹਾ ਨਿਵਾਸਾ ਜਹ ਅਵਿਗਤ ਨਾਥੁ ਅਗਮ ਧਨੀ ॥੩॥ (883)

ਗੁਰਮਤਿ ਵਿਚ ਨਾਮ ਅਭਿਆਸ ਕਰਕੇ ਕਰਤਾਰ ਵਿੱਚ ਲੀਨ ਹੋਣਾ ਜੋਗ ਹੈ।

**(ਸੂਤਰ) :-** ਯੋਗਸ਼ਿਚਤਬ੍ਰਿਤੀ ਨਿਰੋਧ : (ਯੋਗ ਦਰਸ਼ਨ) ਪਾਦ 1 ਸੂਤ੍ਰ (2) ਯੁਜ-ਧਾ- ਸੰਗਿਆ- ਸੰਜੋਗ, ਜੋੜ ਮਿਲਾਪ, ਉਪਾਇ, ਯਤਨ, ਚਿੱਤ ਦੀ ਬਿਰਤੀ ਦਾ ਰੋਕਣਾ। ਪਤੰਜਲੀ ਰਿਸ਼ੀ ਦਾ ਦੱਸਿਆ ਅੱਠ ਅੰਗ ਰੂਪ ਜੋਗ ਸਾਧਨ ਮੁਕਤਿ ਦਾ ਕਾਰਣ ਹੈ। ਜੀਵ ਆਤਮਾ ਤੇ ਪ੍ਰਮਾਤਮਾ ਦਾ ਇਕ ਹੋਣਾ।

**ਸੂਤਰ:-** ਯਮ, ਨਿਯਮ, ਆਸਣ, ਪ੍ਰਾਣਾਯਾਮ, ਪ੍ਰਤਯਾਹਾਰ,

ਧਾਰਨਾ, ਧਿਆਨ, ਸਮਾਧਯੋ ਅਸ਼੍ਰਾਬੰਗਾਨੀ । ਜੋਗ ਦਰਸ਼ਨ ਸਾਧਨ ਪਾਦ ਸੂਤ੍ਰ 29)

**ਮੰਤ੍ਰੜਾ :-** ਗੁਰ ਉਪਦੇਸ਼ :- ਜੋ ਇਹੁ ਮੰਤਰ ਕਮਾਵਹਿ ਨਾਨਕ॥(ਆਸਾ ਮਹਲਾ ੫)

ਗੁਰ ਮੰਤ੍ਰੜਾ ਚਿਤਾਰਿ (ਵਾਰ ਗੂਜਰੀ (ਦੂਸਰੀ) ਮਹਲਾ ੫ (ਪੰਨਾਂ 521)

ਨਿਰੁੱਕਤ ਨੇ ਅਰਥ ਕੀਤਾ ਹੈ ਜੋ ਮੰਨਣ ਕਹੀਏ ਉਹ ਮੰਤਰ ਹੈ, ਤੰਤਰ ਸ਼ਾਸ਼ਤਰ ਅਨੁਸਾਰ ਕਿਸੇ ਦੇਵਤਾ ਨੂੰ ਰਿਝਾਉਣ ਲਈ ਅਰਥਾ ਕਾਰਜ ਸਿੱਧੀ ਲਈ ਜਪਣ ਯੋਗ ਸ਼ਬਦ ।

"ਨ ਜੰਤ੍ਰ ਮੇ ਨ ਤੰਤ੍ਰ ਮੇ ਨ ਮੰਤ੍ਰ ਵਸ ਆਵਈ ॥ (ਅਕਾਲ ਉਸਤਤਿ)

www.archive.org/details/namdhari



## ਮਨ ਦੀਆਂ ਪੰਜ ਬਿਰਤੀਆਂ

(1)ਪ੍ਰਮਾਣ: ਦਿੱਸਣ ਵਾਲੀਆਂ ਚੀਜ਼ਾਂ ਵਿੱਚ ਮਨ ਦਾ ਪਰਚੇ ਰਹਿਣਾਂ ।

ਦ੍ਰਿਸਟਉ ਨਵਿਰਤੀ- ਦ੍ਰਿਸਟਉ ਕਛੁ ਸੰਗਿ ਨ ਜਾਇ ਮਾਨੁ ਤਿਆਗਿ ਮੋਹਾ॥(ਪੰਨਾਂ 1230)

(2)ਵਿਪਰਜੈ: ਵੇਦ ਸ਼ਾਸ਼ਤਰ ਤੇ ਗੁਰੂ ਦੀ ਆਗਿਆ ਤੋਂ ਉਲਟ ਸਭ ਜਗਤ ਨੂੰ ਸੱਤ (ਸੱਚਾ) ਜਾਨਣਾ ਅਤੇ ਬ੍ਰਹਮ ਨੂੰ ਅਸਤ ਕਰਕੇ ਜਾਨਣਾ। ਨਵਿਰਤੀ-

ਇਹੁ ਜਗੁ ਧੂਏ ਕਾ ਪਹਾਰ॥ਤੈ ਸਾਚਾ ਮਾਨਿਆ ਕਿਹ ਬਿਚਾਰਿ ॥੧॥(ਪੰਨਾਂ 1186)

(3)ਨਿੰਦ੍ਰਾ: ਜਾਗ੍ਰਤ ਸੁਪਨ ਕਾ ਆਭਾਵ ਤੇ ਮਨ ਬੁੱਧੀ ਨੇ ਅਵਿੱਦਿਆ ਵਿੱਚ ਹੋਣਾਂ, ਪ੍ਰਤੱਖ ਨੀਂਦ ਸੁਖੋਪਿਤ ਦੀ ਅਵਸਥਾ। ਨਵਿਰਤੀ-

ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ॥(ਪੰਨਾ 459)

(4) ਬਿਕਲਪ: ਬਿਰਤੀ ਇਕਾਗਰ ਨਾ ਹੋ ਸਕਣੀ। ਫਲ ਦੀ ਇੱਛਾ ਬਹੁਤੀ ਕਰਨੀ। ਯਥਾ-

ਸੇਵਾ ਥੋਰੀ ਮਾਗਨੁ ਬਹੁਤਾ ॥(ਪੰਨਾ 738)

ਨਵਿਰਤੀ - ਸੇਵਾ ਕਰਤ ਹੋਇ ਨਿਹਕਾਮੀ॥(ਪੰਨਾ 286)

(5) ਸਿਮਰਤੀ:ਭਜਨ ਸਿਮਰਨ ਦੇ ਵਖਤ ਪਿਛਲੇ ਕੰਮਾਂ ਨੂੰ ਯਾਦ ਕਰਨਾ।

ਮਨ ਕੀ ਮਤਿ ਤਿਆਗਹੁ ਹਰਿ ਜਨੁ ਏਹਾ ਬਾਤ ਕਠੈਨੀ॥ (ਪੰਨਾਂ 800)

ਨਵਿਰਤੀ-ਚਿਤਵਨਿ ਚਿਤਵਉ ਪ੍ਰਿਅ ਪ੍ਰੀਤਿ ਬੈਰਾਗੀ ਕਦਿ ਪਾਵਉ ਹਰਿ ਦਰਸਾਈ॥(ਪੰਨਾਂ 1207)

## ਭਗਤੀ 9 ਪ੍ਰਕਾਰ ਦੀ :-

ਸ੍ਰਵਣ, ਸਿਮਰਨ, ਕੀਰਤਨ, ਪਾਦ ਸੇਵ ,ਅਰਚਾਨ ॥ ਦਾਸਾ, ਸਖਪਨ, ਬੰਦਨਾ, ਸਰਬ ਨਿਵੇਦਨ ਜਾਨ ॥

(1) ਸ੍ਰਵਣ ਭਗਤੀ:- ਕਾਕ ਕਸੁੰਡ ਦੀ ਹੈ ਜੋ ਵਾਹਿਗੁਰੂ ਦੇ ਨਾਮ ਨੂੰ ਸੁਣਦਾ ਰਹਿੰਦਾ ਹੈ।

(2) ਸਿਮਰਨ ਭਗਤੀ:- ਸ਼ੇਸ਼ਨਾਗ ਕਰਦਾ ਹੈ ਜੋ ਹਰ ਰੋਜ਼ ਦਾ ਹਜ਼ਾਰ ਨਵਾਂ ਨਾਮ ਪ੍ਰਮੇਸ਼ਰ ਦਾ ਲੈਂਦਾ ਹੈ।

(3) ਕੀਰਤਨ ਭਗਤੀ:- ਨਾਰਦ ਤੁੰਬਰ ਆਦਿਕ ਕਰਦੇ ਹਨ।

(4) ਪਾਦ ਸੇਵਨ:- ਜਿਵੇਂ ਲੱਛਮੀ ਕਰਦੀ ਹੈ। ਪਾਸਿ ਬੈਠੀ ਬੀਬੀ ਕਵਲਾ ਦਾਸੀ॥(ਪੰਨਾ 478)

(5) ਅਰਚਾਨ ਪੂਜਾ:- ਜਿਵੇਂ ਕੁਬਿਜਾ ਤੇ ਸੁਦਾਮੇ ਨੇ ਭਗਵਾਨ ਦਾ ਪੂਜਨ ਕੀਤਾ ਸੀ ।

(6) ਦਾਸਾ ਭਾਵ:- ਜਿਵੇਂ ਹਨੂਮਾਨ ਨੇ ਧਾਰਿਆ ਸੀ ।

(7) ਸਖਾ ਪਨ :- ਜਿਵੇਂ ਅਰਜਨ ਨੇ ਧਾਰਿਆ ਸੀ।

(8) ਬੰਦਨਾ:- ਜਿਵੇਂ ਪ੍ਰਿਥੁ ਰਾਜੇ ਨੇ ਕੀਤੀ ਸੀ ਜਾਂ ਕ੍ਰਿਸ਼ਨ ਜੀ ਦੇ ਚਾਚਾ ਅਕਰੂਰ ਨੇ ਕੀਤੀ ਸੀ ।

(9)ਸਰਵ ਨਿਵੇਦਨ:- ਜਿਵੇਂ ਬਲ ਰਾਜੇ ਨੇ ਸਭ ਕੁਝ ਅਰਪਿਆ ਸੀ ਇਹ ਸਾਰੇ ਇਕ ਇਕ ਭਗਤੀ ਕਰਕੇ ਨਿਹਾਲ ਹੋ ਗਏ।

ਏਸ਼ੁੰ ਅੰਤਰ ਜੋਤੀ ਪੁਰਸ਼ਾ ਏਅੰ, ਨੇਤ ਗੁਫਾ ਬ੍ਰਹਮ ॥

ਹਿਰਦੈ ਕਮਲ ਮਹਿ ਹਰਿ ਕਾ ਬਾਸ॥(ਪੰਨਾ 344)

ਜਪੁ ਮਾਲਾ :- ਜਪੁ ਕਰਨ ਦੀ ਮਾਲਾ, ਜਪਨੀ ਸਿਮਰਨੀ ਤਿੰਨ ਪ੍ਰਕਾਰ ਦੀ ਲਿਖੀ ਹੈ।

(1) ਕਰ ਮਾਲਾ:- (ਉਂਗਲੀਆਂ ਉਪਰ ਗਿਣਤੀ ਕਰਨੀ)

(2) ਵਰੁਣ ਮਾਲਾ:- (ਅ ਤੋਂ ਕ ਤੀਕ ਅਖਰਾਂ ਨੂੰ ਮਾਲਾ ਕਲਪਨਾ, ਜਿਵੇਂ ੳ ਤੋਂ ੜ ਤੀਕ ਗਿਣਤੀ ਲਈ ਅੱਖਰ ਥਾਪੀਏ।

(3) ਅਕੁ ਮਾਲਾ:- (ਮਣਕਿਆਂ ਦੀ ਮਾਲਾ) ਜੋ ਰੁਦ੍ਰਾਖ, ਕਮਲ ਦੇ ਬੀਜ, ਹਾਥੀ ਦੰਦ, ਸੰਖ ਦੇ ਟੁਕੜੇ, ਚੰਦਨ, ਤੁਲਸੀ, ਮੋਤੀ, ਬਲੌਰ, ਮੂੰਗਾ, ਸਵਰਨ ਸੋਨੇ ਆਦਿ ਦੇ ਮਣਕਿਆਂ ਤੋਂ ਬਣਾਈ ਜਾਂਦੀ ਹੈ। ਯੋਗਨੀ ਤੰਤਰ ਵਿੱਚ ਮਹਾਂਦੇਵ ਦਾ ਬਚਨ ਹੈ ਕਿ ਪੱਚੀ ਮਣਕਿਆਂ ਦੀ ਮਾਲਾ ਮੁਕਤਾਦਿਕ, ਸਤਾਈ ਦੀ ਪੁਸ਼ਟਿ ਕਾਰਿਕ, ਤੀਸ ਦੀ ਧੰਨਦਾਇਕ , ਪਚਾਸ ਦੀ ਮੰਤਰ ਸਿੱਧੀ ਕਰਨ ਵਾਲੀ ਤੇ 108 ਮਣਕੇ ਦੀ ਮਾਲਾ ਸਰਬ ਸਿੱਧੀ ਦੇਣ ਵਾਲੀ ਹੈ।

ਤੰਤਰ ਸ਼ਾਸ਼ਤਰ ਵਿੱਚ ਲਿਖਿਆ ਹੈ :-

**अ आ इ ई उ ऊ ए ऐ ओ औ अं अः ऋ ॠ ऌ ॡ।**

**क ख ग घ ङ ।च छ ज झ ञ ।ट ठ ड ढ ण ।**

**त थ द ध न । प फ ब भ म । य र ल व ।**

**श ष स ह क्ष।**

ਇੰਨ੍ਹਾਂ 50 ਅੱਖਰਾਂ ਦਾ ਅਨੁਲੋਮ ਪ੍ਰਤਿਲੋਮ ਸਿੱਧਾ ਪੁੱਠਾ ਪਾਠ ਕਰਨ ਤੋਂ 100 ਗਿਣਤੀ ਹੁੰਦੀ ਹੈ। ਫਿਰ ਇਨ੍ਹਾਂ ਹੀ ਅੱਖਰਾਂ ਵਿੱਚ ਵਰਗਾਂ ਦੇ ਮੁੰਢ ਦਾ ਇਕ ਇਕ ਅੱਖਰ अ क च ट त प य श ਲੈਣ ਤੋਂ

ਅਠ (8) ਦੀ ਗਿਣਤੀ ਹੁੰਦੀ ਹੈ।ਇਸ ਹਿਸਾਬ ਨਾਲ ਸਰਬ ਮੰਤਰ ਮਈ 108 ਮਣਕੇ ਦੀ ਮਾਲਾ ਹੈ। ਇਹ ਵੀ ਲਿਖਿਆ ਹੈ। ਇਕ ਇਕ ਰਾਸ਼ੀ ਦੇ 9, 9 ਅਖਰ, 12×9=108 ਹੁੰਦੀ ਹੈ। ਹੋਰ ਦੱਸਿਆ ਹੈ ਕਿ ਇੱਕ ਇੱਕ ਨਛੱਤਰ ਦੇ ਚਾਰ ਚਾਰ ਅੱਖਰ ਹਨ 27×4=108 , ਇਸ ਤਰ੍ਹਾਂ ਇਕ ਸੌ ਅੱਠ ਮਣਕੇ ਦੀ ਮਾਲਾ ਕਈ ਗਿਆਨ ਦੀਆਂ 108 ਉਪਨਿਸ਼ਦਾਂ ਮੰਨਦੇ ਹਨ ਉਸ ਤੋਂ 108 ਮਣਕੇ ਦੀ ਮਾਲਾ 27 ਆਕਾਸ਼ ਦੇ ਨਛੱਤਰ ਹਨ। ਚਾਰ ਕੁੰਟਾਂ ਧਰਤੀ ਦੀਆਂ 27×4=108 । ਇੱਕ ਸੌ ਅੱਠ ਅੱਖਰ ਬ੍ਰਹਮੰਡ ਦਾ ਵਾਚਕ ਹੈ। 108 ਅੱਖਰ ਹੈ। ਇਸ ਕਰਕੇ ਬ੍ਰਹਮ ਗਿਆਨੀ ਮਹਾਤਮਾ ਨੂੰ 108 ਨਾਲ ਯਾਦ ਕਰਦੇ ਹਨ। ਮਤਲਬ ਇਹ ਮਹਾਂਪੁਰਖ ਬ੍ਰਹਮੰਡ ਵਿੱਚ ਪੂਜਨੀਕ ਹਸਤੀ ਹੈ।

## (ਅਧਿਆਇ 13)

## ਹੋਤੀ ਮਰਦਾਨ ਤੋਂ ਵਿਦਾਇਗੀ

ਸਾਰਗ ਛੰਤ ਮਹਲਾ ੫ ॥

ਪੂਛਉ ਸੰਤ ਮੇਰੋ ਠਾਕੁਰੁ ਕੈਸਾ ॥ ਹੀਉ ਅਰਾਪਉ ਦੇਹੁ ਸਦੇਸਾ॥ਦੇਹੁ ਸਦੇਸਾ ਪ੍ਰਭ ਜੀਉ ਕੈਸਾ ਕਹ ਮੋਹਨ ਪਰਵੇਸਾ॥ ਅੰਗ ਅੰਗ ਸੁਖਦਾਈ ਪੂਰਨ ਬ੍ਰਹਮਾਈ ਥਾਨ ਥਾਨੰਤਰ ਦੇਸਾ ॥ ਬੰਧਨ ਤੇ ਮੁਕਤਾ ਘਟਿ ਘਟਿ ਜੁਗਤਾ ਕਹਿ ਨ ਸਕਉ ਹਰਿ ਜੈਸਾ ॥ ਦੇਖਿ ਚਰਿਤ ਨਾਨਕ ਮਨੁ ਮੋਹਿਓ ਪੂਛੈ ਦੀਨੁ ਮੇਰੋ ਠਾਕੁਰੁ ਕੈਸਾ ॥ ੩ ॥(1237)

ਆਪ ਜੀ ਬਾਬਾ ਆਇਆ ਸਿੰਘ ਜੀ ਤੋਂ ਹਰ ਤਰ੍ਹਾਂ ਦਾ ਗਿਆਨ ਵਿਚਾਰ ਪ੍ਰਾਪਤ ਕਰਕੇ ਸੰਨ 1917-18 ਸਤਿਕਾਰ ਯੋਗ ਬਾਬਾ ਆਇਆ ਸਿੰਘ ਜੀ ਦੀ ਸੇਵਾ ਵਿੱਚ ਰਹੇ। ਮਹਾਂਪੁਰਸ਼ ਵਲੋਂ ਸ਼ਾਸ਼ਤਰੀ ਔਰ ਅਨੁਭਵੀ ਪੱਖੋਂ ਹਰ ਤਰਾਂ ਦਾ ਵੀਚਾਰ ਬਖਸ਼ਸ਼ ਕੀਤਾ, ਮਹਾਂਪੁਰਸ਼ਾਂ ਨੇ ਆਪ ਜੀ ਤੇ ਪੂਰੀ ਪ੍ਰਸੰਨਤਾ ਕਰਦਿਆਂ ਹੋਇਆਂ ਨਾਮ ਦੀ ਦ੍ਰਿੜ ਕਮਾਈ ਕਰਨ ਅਤੇ ਸੰਗਤਾਂ ਦੀ ਭਲਾਈ ਕਰਨ ਦਾ ਉਪਦੇਸ਼ ਦਿੱਤਾ ਅਤੇ ਆਪਣੇ ਅਨੁਭਵ ਅਨੁਸਾਰ ਫੁਰਮਾਇਆ ਹੁਸ਼ਿਆਰਪੁਰ ਜਿਲ੍ਹੇ ਵਿੱਚ ਨੱਗਰ ਹਰਖੋਵਾਲ, ਬੀਬੀ ਦੀ ਪੰਡੋਰੀ ਔਰ ਭਟਰਾਨਾ ਦੇ ਦਰਮਿਆਨ ਨਦੀ ਦੇ ਕਿਨਾਰੇ ਸਾਂਈ ਖਾਕੀ ਸ਼ਾਹ ਦੇ ਮਕਬਰੇ ਨੇੜੇ ਆਪ ਜੀ ਦਾ ਤਪ ਅਸਥਾਨ ਘੋਰ ਜੰਗਲ ਵਿੱਚ ਹੈ। ਉਥੇ ਬੈਠ ਕੇ ਨਾਮ ਦਾ ਅਭਿਆਸ ਕਰਕੇ ਜੰਗਲ ਵਿੱਚ ਮੰਗਲ ਲਾਉ। ਧਰਮ ਅਸਥਾਨ ਕਾਇਮ ਕਰਕੇ ਕਥਾ ਕੀਰਤਨ ਗੁਰੂ ਕੇ ਲੰਗਰ ਦੀ ਮਰਿਯਾਦਾ ਕਾਇਮ ਕਰੋ। ਤੁਹਾਡੇ ਸਾਰੇ ਕਾਰਜ ਪ੍ਰਭੂ ਆਪ ਸਹਾਇਕ ਹੋ ਕੇ ਕਰਨਗੇ। ਭਾਂਵੇ ਆਪ ਜੀ ਦਾ ਮਨ ਬਾਬਾ ਆਇਆ ਸਿੰਘ ਜੀ ਦੀ ਸ਼ਰਨ ਵਿਚੋਂ ਜਾਣ ਨੂੰ ਨਹੀ ਸੀ ਕਰਦਾ। ਪ੍ਰੰਤੂ ਮਹਾਂਪੁਰਖਾਂ ਦੇ ਹੁਕਮ ਧੁਰ ਦਰਗਾਹੀ ਹੁੰਦੇ ਹਨ।ਉਨ੍ਹਾਂ ਨੂੰ ਟਾਲਣਾਂ ਵੀ ਸੇਵਕ ਲਈ ਅਸੰਭਵ ਸੀ।

ਆਪ ਜੀ ਮਹਾਨ ਬੈਰਾਗ ਵਿੱਚ ਸਨ। ਅੱਖਾਂ ਵਿਚ ਅਥਰੂਆਂ ਦੀ ਧਾਰਾ ਬਹਿ ਰਹੀ ਸੀ। ਹਿਰਦਾ ਉਨ੍ਹਾਂ ਦੇ ਪ੍ਰੇਮ ਵਿੱਚ ਦ੍ਰਵੀਭੂਤ ਹੋ ਰਿਹਾ ਸੀ। ਮਨ ਉਨ੍ਹਾਂ ਦੇ ਨੂਰੀ ਦੀਦਾਰਿਆਂ ਤੋਂ ਪ੍ਰਸੰਨ ਚਿੱਤ ਸੀ। ਬੜੇ ਪਿਆਰ ਨਾਲ ਮਹਾਂਪੁਰਖਾਂ ਦੇ ਚਰਨਾਂ ਤੇ ਨਮਸਕਾਰ ਕੀਤੀ ਔਰ ਉਨ੍ਹਾਂ ਦੀ ਆਗਿਆ ਅਨੁਸਾਰ ਹੋਤੀ ਮਰਦਾਨ ਤੋਂ ਆਪਣੇ ਜਨਮ ਨੱਗਰ ਲੰਗੇਰੀ ਆ ਗਏ।

ਮਾਤਾ ਜੀ ਅਕਾਲ ਚਲਾਣਾਂ ਕਰ ਚੁੱਕੇ ਸਨ। ਪਿਤਾ ਜੀ ਵੱਡੇ ਭਾਈ ਸ: ਅੱਛਰ ਸਿੰਘ ਜੀ, ਛੋਟੇ ਭਾਈ ਦਇਆ ਸਿੰਘ ਜੀ, ਵੱਡੇ ਭੈਣ ਜੀ ਬੀਬੀ ਜੈ ਕੌਰ ਜੀ ਨੂੰ ਪਿਆਰ ਨਾਲ ਮਿਲੇ। ਉਨ੍ਹਾਂ ਨੇ ਪਿਆਰ ਨਾਲ ਸੰਤਾਂ ਦੀ ਸੁਖ ਸਾਂਦ ਪੁੱਛੀ ਅਤੇ ਖਿਦਮਤ ਕੀਤੀ। ਪਿਤਾ ਜੀ ਨੇ ਸੰਤ ਰੂਪੀ ਆਗਿਅਕਾਰੀ ਪੁੱਤਰ ਨੂੰ ਅਸੀਸਾਂ ਦਿੱਤੀਆਂ। ਉਹ ਖੁਸ਼ ਸਨ। ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਉਹ ਬਾਬਾ ਆਇਆ ਸਿੰਘ ਜੀ ਦੀ ਦਇਆ ਦੇ ਪਾਤਰ ਬਣ ਗਏ ਅਤੇ ਕਿਹਾ ਕਿ ਬਾਬਾ ਕਾਹਨ ਦਾਸ ਜੀ ਮੰਡੇਰਾਂ ਵਾਲਿਆਂ ਦੇ ਵਾਕ ਸਤ ਹੋ ਗਏ ਹਨ। ਹੁਣ ਤੁਸਾਂ ਨੇ ਉਨ੍ਹਾਂ ਦੇ ਬਚਨਾਂ ਦੀ ਲਾਜ ਨਿਭਾਉਣੀ ਹੈ।

## ਸੰਤ ਜਵਾਲਾ ਸਿੰਘ ਜੀ ਦਾ ਬਿਰੱਕਤ ਜੀਵਨ

ਆਪ ਜੀ ਥੋੜੇ ਦਿਨ ਨੱਗਰ ਵਿੱਚ ਰਹਿ ਕੇ ਪਿਤਾ ਜੀ ਤੋਂ ਅਸ਼ੀਰਵਾਦ ਲੈ ਕੇ ਬਾਬਾ ਕਾਹਨ ਦਾਸ ਜੀ ਦੇ ਦਰਸ਼ਨਾਂ ਲਈ ਮੰਡੇਰੀ ਆ ਗਏ। ਭੇਟਾ ਅਰਪਨ ਕਰਦਿਆਂ ਹੋਇਆਂ ਬਾਬਾ ਕਾਹਨ ਦਾਸ ਜੀ ਤੇ ਉਨ੍ਹਾਂ ਦੇ ਘਰੋਂ ਮਾਤਾ ਜੀ ਨੂੰ ਨਮਸਕਾਰ ਕੀਤੀ। ਬਾਬਾ ਜੀ ਅੱਜ ਮਹਾਂਨ ਪ੍ਰਸੰਨ ਸਨ ਕਿ ਪੁੱਤਰਾਂ ਦੇ ਵਰ ਸਮੇਂ ਮਾਤਾ ਰਾਜ ਕੌਰ ਜੀ ਨੂੰ ਬਚਨ ਕੀਤਾ ਸੀ ਕਿ ਤੇਰੇ ਤਿੰਨ ਪੁੱਤਰ ਹੋਵਣਗੇ ਤੇ ਇੱਕ ਸਾਡਾ ਹੋਵੇਗਾ। ਵਾਕ ਸਫਲ ਹੋ ਗਏ। ਆਪ ਜੀ ਨੇ ਬਾਬਾ ਆਇਆ ਸਿੰਘ ਜੀ ਸਬੰਧੀ ਬਚਨ ਬਿਲਾਸ ਕੀਤੇ।ਸੰਤ ਜਵਾਲਾ ਸਿੰਘ ਜੀ ਨੇ ਉਨ੍ਹਾਂ ਵਲੋਂ ਮਿਲੀ ਆਸ਼ੀਰਵਾਦ ਅਤੇ ਆਗਿਆ ਨੂੰ ਦੱਸਿਆ ਅਤੇ ਬੇਨਤੀ ਕੀਤੀ ਮੈਂ ਹੁਣ ਉਸੇ ਜਗ੍ਹਾਂ ਦੀ ਤਲਾਸ਼ ਵਿੱਚ ਹਾਂ ਜੋ ਉਨ੍ਹਾਂ ਨੇ ਫੁਰਮਾਈ ਹੈ। ਬਾਬਾ ਕਾਹਨ ਦਾਸ ਦੀ ਸੇਵਾ ਵਿਚ ਕੁਝ ਦਿਨ ਰਹਿ ਕੇ ਅਸੀਸਾਂ ਪ੍ਰਾਪਤ ਕਰਦੇ ਰਹੇ।ਉਪਰੰਤ ਮੁਰਸ਼ਦ ਦੀ ਆਗਿਆ ਦਾ ਪਾਲਣ ਕਰਨ ਲਈ ਬਾਬਾ ਕਾਹਨ ਦਾਸ ਜੀ ਤੋਂ ਆਗਿਆ ਲੈ ਕੇ ਬਾਬਾ ਜੀ ਤੋਂ ਖੁਸ਼ੀਆਂ ਪ੍ਰਾਪਤ ਕਰਕੇ ਪੈਦਲ ਹੀ ਢੱਕੋਵਾਲ ਨੱਗਰ ਸੰਤ ਭੋਲਾ ਸਿੰਘ ਜੀ ਪਾਸ ਆਏ ਤੇ ਉਨ੍ਹਾਂ ਤੋਂ ਸਾਂਈ ਖਾਕੀ ਸ਼ਾਹ ਦੀ ਤਪ ਭੂਮੀ ਬਾਰੇ ਪੁੱਛਿਆ। ਸੰਤ ਭੋਲਾ ਸਿੰਘ ਜੀ ਨੇ ਮਹਾਂਪੁਰਖਾਂ ਦੇ ਸੰਕਲਪ ਨੂੰ ਜਾਣ ਲਿਆ ਕਿ ਕਿਸੇ ਇਕਾਂਤ ਜਗ੍ਹਾਂ ਦੀ ਢੂੰਡ ਵਿੱਚ ਹਨ। ਜਿਸ ਬਾਰੇ ਆਪ ਕਿਸੇ ਅਨੁਭਵ ਦੁਆਰਾ ਬਚਨ ਕਰ ਰਹੇ ਹਨ। ਜਲ ਪਾਣੀ ਲੰਗਰ ਦੀ ਸੇਵਾ ਹੋਈ। ਆਤਮਿਕ ਵੀਚਾਰਾਂ ਹੁੰਦੀਆਂ ਰਹੀਆਂ। ਸੰਤ ਭੋਲਾ ਸਿੰਘ ਜੀ ਨੇ ਬੇਨਤੀ ਕੀਤੀ ਕਿ ਕੱਲ ਬੀਬੀ ਦੀ ਪੰਡੋਰੀ ਸ: ਨੰਦ ਸਿੰਘ ਜੀ ਦੇ ਗ੍ਰਹਿ ਵਿਖੇ ਸਹਿਜ ਪਾਠ ਦੀ ਸੰਪੂਰਨਤਾ ਹੈ। ਆਪ ਵੀ ਨਾਲ ਚੱਲ ਅੱਜ ਇਥੇ ਦਰਸ਼ਨ ਬਖਸ਼ੋ, ਸਵੇਰੇ ਪਾਠ ਦੀ ਅਰਦਾਸ, ਭੋਗ ਤੋਂ ਉਪਰੰਤ ਲੰਗਰ ਛਕਣ ਤੋਂ ਬਾਅਦ ਆਪ ਨੂੰ ਉਸ ਅਸਥਾਨ ਤੇ ਲੈ ਚੱਲਾਂਗੇ।

ਸੋ ਅਗਲੇ ਭਲਕ ਉਸੇ ਤਰ੍ਹਾਂ ਹੀ ਹੋਇਆ। ਭੋਗ ਦੀ ਸਮਾਪਤੀ ਤੋਂ ਬਾਅਦ ਸ:ਨੰਦ ਸਿੰਘ ਜੀ, ਦੇ ਘਰ ਆਪ ਜੀ ਸੰਤ ਭੋਲਾ ਸਿੰਘ ਜੀ ਨਾਲ ਆਏ ਸਾਰੇ ਸਮਾਗਮ ਤੋਂ ਉਪਰੰਤ ਆਪ ਜੀ ਸੰਤ ਭੋਲਾ ਸਿੰਘ ਜੀ ਨੂੰ ਨਾਲ ਲੈ ਕੇ ਸਾਂਈ ਖਾਕੀ ਸ਼ਾਹ ਦੇ ਮਕਬਰੇ ਵੱਲ ਆਏ ਅਤੇ ਆਪਣੇ ਮੁਰਸ਼ਦ ਦੇ ਬਚਨ ਨੂੰ ਸੰਤ ਭੋਲਾ ਸਿੰਘ ਜੀ ਨੂੰ ਦੱਸਿਆ ਕਿ ਮੈਂ ਆਪਣੇ ਮੁਰਸ਼ਦ ਦੇ ਬਚਨ ਅਨੁਸਾਰ ਉਸ ਢੂੰਡ ਵਿੱਚ ਹਾਂ, ਜਿਥੇ ਰਹਿ ਕੇ ਮੇਰੇ ਲਈ ਨਾਮ ਦੀ ਕਮਾਈ ਦਾ ਹੁਕਮ ਹੋਇਆ ਹੈ। ਸਾਂਈ ਦੇ ਮਕਬਰੇ ਨੇੜੇ ਉਨ੍ਹਾਂ ਨੇ ਮੈਨੂੰ ਆਗਿਆ ਕੀਤੀ

ਹੈ ਸੋ ਇਨ੍ਹਾਂ ਬਚਨਾਂ ਨੂੰ ਕਰਦੇ ਕਰਦੇ ਤਿੰਨੇ ਸਰੀਰ ਸੰਤ ਜਵਾਲਾ ਸਿੰਘ ਜੀ, ਸੰਤ ਭੋਲਾ ਸਿੰਘ ਜੀ ਤੇ ਸ: ਨੰਦ ਸਿੰਘ ਜੀ ਅੱਗੇ ਨਦੇ ਕਿਨਾਰੇ ਜੰਗਲ ਵਿੱਚ ਆ ਗਏ। ਇਥੇ ਇਕ ਸਤੀ ਦੀ ਮਟੀ ਸੀ। ਆਪ ਜੀ ਨੂੰ ਇਹ ਇਕਾਂਤ ਜਗ੍ਹਾਂ ਬਹੁਤ ਪਸੰਦ ਆਈ ਹੁਣ ਆਪ ਜੀ ਨੇ ਦੋਹਾਂ ਸ਼ਰੀਰਾਂ ਤੋਂ ਵਿਦਾ ਲੈ ਲਈ ਅਤੇ ਆਪ ਇਧਰ ਪ੍ਰੇਮ ਵਿੱਚ ਬੈਠ ਗਏ। ਸ਼ੁਰਤੀ ਨੂੰ ਸ਼ਬਦ ਨਾਲ ਜੋੜਿਆ ਅਤੇ ਆਪਣੇ ਮੁਰਸ਼ਦ ਦਾ ਧਿਆਨ ਕੀਤਾ ਤੇ ਬਚਨ ਲਿਆ ਕਿ ਆਪ ਤਸਦੀਕ ਕਰੋ ਕਿ ਇਹ ਉਹ ਹੀ ਥਾਂ ਹੈ ਜਿਥੇ ਤਪੱਸਿਆ ਕਰਨ ਲਈ ਦਾਸਾਂ ਨੂੰ ਹੁਕਮ ਹੋਇਆ ਹੈ। ਆਪ ਜੀ ਦਾ ਬਚਨ ਮਿਲ ਜਾਵੇ ਤਾਂ ਮੇਰੀ ਤਸੱਲੀ ਹੋ ਜਾਵੇਗੀ। ਜਦੋਂ ਇਸ ਪ੍ਰਕਾਰ ਅੰਤਰੀਵੀ ਭਾਵਨਾ ਨਾਲ ਸੰਤ ਜਵਾਲਾ ਸਿੰਘ ਜੀ ਨੇ ਅਰਦਾਸ ਬੇਨਤੀ ਕੀਤੀ। ਆਕਾਸ਼ ਬਾਣੀ ਹੋਈ ਕਿ ਹੇ ਪੁੱਤਰ ਤੂੰ ਸੰਸਾ ਨਾ ਕਰ, ਤੇਰਾ ਇਹੋ ਹੀ ਪਿਛਲੇ ਜਨਮ ਦਾ ਤਪ ਅਸਥਾਨ ਹੈ। ਬਾਬਾ ਜਵਾਲਾ ਸਿੰਘ ਜੀ ਨੇ ਜਦੋਂ ਇਸ ਅਗੰਮੀ ਬਾਣੀ ਨੂੰ ਸੁਣਿਆ ਇਉਂ ਮਲੂਮ ਹੋਇਆ ਜਿਵੇਂ ਉਨ੍ਹਾਂ ਦੇ ਮੁਰਸ਼ਦ ਸ਼੍ਰੀ ਮਾਨ ਸੰਤ ਬਾਬਾ ਆਇਆ ਸਿੰਘ ਜੀ ਦੀ ਕੋਮਲ ਮਿੱਠੀ ਅਵਾਜ਼ ਹੈ, ਜਿਸ ਨੂੰ ਸੁਨਣ ਲਈ ਕੰਨ ਤਰਸਦੇ ਸਨ। ਨੈਨ ਦਰਸ਼ਨ ਲਈ, ਹੱਥ ਸੇਵਾ ਲਈ, ਸਰੀਰ ਉਨ੍ਹਾਂ ਦੀ ਅਰਦਲ ਵਿੱਚ ਬੈਠਣ ਲਈ, ਜਦੋਂ ਪ੍ਰੇਮ ਵਿੱਚ ਆ ਕੇ ਬਾਬਾ ਆਇਆ ਸਿੰਘ ਜੀ ਪੁੱਤਰ ਜਵਾਲਾ ਸਿੰਘ ਜੀ ਕਹਿ ਕੇ ਅਵਾਜ਼ ਮਾਰਦੇ ਸਨ। ਕੰਨ ਗਦ ਗਦ ਹੋ ਜਾਂਦੇ ਸਨ। ਨੇਤਰਾਂ ਵਿੱਚ ਹੰਝੂ ਆ ਜਾਂਦੇ ਸਨ।ਗਲਾ ਬੈਰਾਗ ਨਾਲ ਭਰ ਜਾਂਦਾ ਸੀ। ਮਨ ਇਕਾਗਰ ਹੋ ਕੇ ਸਰੂਪ ਚਿੰਤਨ ਵਿੱਚ ਸੇਵਾ ਕਰਦਿਆਂ ਲੀਨ ਹੋ ਜਾਂਦਾ ਸੀ। ਅੱਜ ਪਵਿੱਤਰ ਆਵਾਜ਼ ਹਜ਼ਾਰਾਂ ਕੋਹਾਂ ਤੋਂ ਗਗਨੀ ਬਾਣੀ ਦੁਆਰਾ ਸੁਣੀ ਹੈ ਅਤੇ ਅਨੁਭਵ ਕੀਤਾ ਹੈ ਕਿ ਮੁਰਸ਼ਦ ਸਰੀਰ ਨਹੀਂ, ਜੋਤ ਸਰੂਪ ਹਨ, ਇੱਕ ਦੇਸੀ ਨਹੀ ਸਰਬ ਦੇਸੀ ਹੈ। ਮਨ ਪ੍ਰਸੰਨ ਹੋ ਗਿਆ। ਰਾਤ ਇੱਥੇ ਹੀ ਸਿਮਰਨ ਕਰਦਿਆਂ ਬਤੀਤ ਕੀਤੀ।

ਸਵੇਰੇ ਪਹੁ-ਫੁਟਨ ਤੋਂ ਪਹਿਲਾਂ ਸਾਰਾ ਜੰਗਲ ਅਗੰਮੀ ਪ੍ਰਕਾਸ਼ ਨਾਲ ਪੂਰਤ ਹੈ ਕੀ ਦੇਖਦੇ ਹਨ ਕਿ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਹਰ ਬਿਅੰਤ ਸਿੰਘਾਂ ਨਾਲ ਸਾਹਮਣੇ ਖਲੋਤੇ ਹਨ। ਸੰਤ ਜਵਾਲਾ ਸਿੰਘ ਜੀ ਪ੍ਰੇਮ ਵਿੱਚ ਸ਼ੀਘਰਤਾ ਨਾਲ ਉੱਠੇ ਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਸਿੰਘਾਂ ਸਮੇਤ ਫਤਹਿ ਬੁਲਾ ਕੇ ਸੱਚੇ ਪਾਤਸ਼ਾਹ ਜੀ ਨੂੰ ਨਮਸਕਾਰ ਕੀਤੀ। ਹਜੂਰ ਨੇ ਆਪਣੇ ਪਿਆਰੇ ਪੁੱਤਰ ਸੰਤ ਜਵਾਲਾ ਸਿੰਘ ਜੀ ਨੂੰ ਗਲਵਕੜੀ ਵਿੱਚ ਲੈ ਕੇ ਛਾਤੀ ਨਾਲ ਲਾਇਆ ਅਤੇ ਆਸ਼ੀਰਵਾਦ ਬਖਸ਼ੀ ਅਤੇ ਹੁਕਮ ਕੀਤਾ। ਇੱਥੇ ਸਿੱਖੀ ਦਾ ਕੇਂਦਰ ਕਾਇਮ ਕਰਕੇ ਨਾਮ ਬਾਣੀ ਕਥਾ ਕੀਰਤਨ, ਲੰਗਰ, ਅੰਮ੍ਰਿਤ ਤੇ ਸਿੱਖੀ ਦੇ ਪ੍ਰਚਾਰ ਦਾ ਪ੍ਰਵਾਹ ਚਲਾਉ ਅਤੇ ਭੁੱਲੇ ਭਟਕੇ ਲੋਕਾਂ ਨੂੰ ਪਰਮੇਸ਼ਰ ਨਾਲ ਜੋੜੋ ਤੇ ਗੁਰੂ ਦਾ ਸਦਾ ਵਰਤ ਲੰਗਰ ਜਾਰੀ ਕਰੋ,ਤੋਟ ਨਹੀਂ ਆਵੇਗੀ। ਅਕਾਲ ਅੰਗ ਸੰਗ ਰਹੇਗਾ। ਇਹ ਬਚਨ ਦੇ ਕੇ ਚੋਜ਼ੀ ਪ੍ਰੀਤਮ ਅਦ੍ਰਿਸ਼ਟ ਹੋ ਗਏ। ਸੰਤ ਜਵਾਲਾ ਸਿੰਘ ਜੀ ਇਨ੍ਹਾਂ ਦੋ ਅਸਚਰਜ ਕੌਤਕਾਂ ਨੂੰ ਦੇਖ ਕੇ ਪਿਆਰੇ ਦੇ ਪਿਆਰ ਵਿੱਚ ਬੈਰਾਗਮਈ ਅੱਥਰੂਆਂ ਦੀ ਧਾਰਾ ਵਗਾ ਰਹੇ ਸਨ। ਕਦੇ ਖਾਮੋਸ਼ੀ ਕਦੇ ਪ੍ਰੇਮ ਵਿੱਚ ਉਚੀ ਉਚੀ ਸ਼ਬਦ ਪੜ੍ਹਦੇ ਸਨ।

**ਗਉੜੀ ਛੰਤ ਮਹਲਾ ੧ ॥ (ਪੰਨਾਂ 243)**

ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹੇ ॥ ਕਿਉ ਧੀਰੈਗੀ ਨਾਹ ਬਿਨਾ ਪ੍ਰਭ ਵੇਪਰਵਾਹੇ ॥ ਧਨ ਨਾਹ ਬਾਝਹੁ ਰਹਿ ਨ ਸਾਕੈ ਬਿਖਮ ਰੈਣਿ ਘਣੇਰੀਆ ॥ ਨਹ ਨੀਦ ਆਵੈ ਪ੍ਰੇਮੁ ਭਾਵੈ ਸੁਣਿ ਬੇਨੰਤੀ ਮੇਰੀਆ ॥ ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ ॥ ਨਾਨਕ ਸਾ ਧਨ ਮਿਲੈ ਮਿਲਾਈ ਬਿਨੁ ਪ੍ਰੀਤਮ ਦੁਖੁ ਪਾਏ ॥ ੧ ॥

ਰਾਤ ਗੁਜ਼ਰੀ ਦਿਨ ਬੀਤਿਆ। ਅੱਠ ਦਿਨ ਨਿਰਾਹਾਰ ਪ੍ਰਭੂ ਪਿਆਰ ਵਿੱਚ ਭਿੱਜੇ ਰਹੇ। ਖਾਣ ਪੀਣ ਦੀ ਇੱਛਾ ਵੀ ਪੈਦਾ ਨਾ ਹੋਈ। ਨੇਤਰ ਤੇ ਕੰਨ ਉਸੇ ਨੂਰੀ ਦਰਸ਼ਨ ਅਤੇ ਪਿਆਰੇ ਬਚਨਾਂ ਦੀ ਆਵਾਜ਼ ਸੁਨਣ

ਦੀ ਉਡੀਕ ਵਿੱਚ ਹਨ। ਸਮਾਧੀਆਂ ਲੱਗੀਆਂ ਹੋਈਆਂ ਸਨ। ਸੰਕਲਪ ਖਤਮ ਹਨ ਪਰ ਪਿਆਰੇ ਦਾ ਪਿਆਰ ਅਥਾਹ ਸਮੁੰਦਰ ਵਾਂਗ ਠਾਠਾਂ ਮਾਰ ਰਿਹਾ ਹੈ। ਇਸ ਵੇਗ ਨੂੰ ਰੋਕਣਾਂ ਪ੍ਰੇਮੀ ਲਈ ਕਠਨ ਹੋ ਜਾਇਆ ਕਰਦਾ ਹੈ। ਬ੍ਰਿਹੁ ਵਿੱਚ ਕੁਠਿਆ ਦੀ ਬੋਲੀ ਤੇ ਦ੍ਰਿਸ਼ਟੀ ਕਰਮ ਕਿਰਿਆ ਹੋਰ ਹੋ ਜਾਂਦੀ ਹੈ। ਜਿਸ ਨੂੰ ਪਿਆਰ ਬਖਸ਼ਣ ਵਾਲਾ ਅਤੇ ਬਖਸ਼ਿਸ਼ ਲੈਣ ਵਾਲੇ ਹੀ ਸਮਝਦੇ ਹਨ।

**ਸਾਰਗ ਮਹਲਾ ੫ ॥ (ਪੰਨਾਂ 1207)**

ਕਿਉ ਜੀਵਨੁ ਪ੍ਰੀਤਮ ਬਿਨੁ ਮਾਈ ॥ ਜਾ ਕੇ ਬਿਛੁਰਤ ਹੋਤ ਮਿਰਤਕਾ ਗ੍ਰਿਹ ਮਹਿ ਰਹਨੁ ਨ ਪਾਈ ॥ ੧ ॥ ਰਹਾਉ ॥ ਜੀਅ ਹੀਅ ਪ੍ਰਾਨ ਕੋ ਦਾਤਾ ਜਾ ਕੈ ਸੰਗਿ ਸੁਹਾਈ ॥ ਕਰਹੁ ਕ੍ਰਿਪਾ ਸੰਤਹੁ ਮੋਹਿ ਅਪੁਨੀ ਪ੍ਰਭ ਮੰਗਲ ਗੁਣ ਗਾਈ ॥ ੧ ॥ ਚਰਨ ਸੰਤਨ ਕੇ ਮਾਥੇ ਮੇਰੇ ਊਪਰਿ ਨੈਨਹੁ ਧੂਰਿ ਬਾਂਛਾਈ ॥ ਜਿਹ ਪ੍ਰਸਾਦਿ ਮਿਲੀਐ ਪ੍ਰਭ ਨਾਨਕ ਬਲਿ ਬਲਿ ਤਾ ਕੈ ਹਉ ਜਾਈ ॥ ੨ ॥ ੩ ॥ ੧੭ ॥

ਸ: ਨੰਦ ਸਿੰਘ ਜੀ ਦੇ ਮਨ ਵਿੱਚ ਸੰਕਲਪ ਪੈਦਾ ਹੋਇਆ ਕਿ ਅਸੀਂ ਉਸ ਮਹਾਂਪੁਰਖ ਨੂੰ ਜੰਗਲ ਵਿੱਚ ਤਾਂ ਛੱਡ ਆਏ ਹਾਂ, ਮੁੜ ਕੇ ਖਬਰ ਹੀ ਨਾ ਲਈ। ਉਥੇ ਹਨ ਕਿ ਚਲੇ ਗਏ ਹਨ। ਇਥੇ ਹੀ ਸਬਰ ਸ਼ੁਕਰ ਧਾਰ ਕੇ ਭੁੱਖੇ ਭਾਣੇ ਪ੍ਰਭੂ ਸਿਮਰਨ ਕਰ ਰਹੇ ਹਨ। ਇਸ ਤਰ੍ਹਾਂ ਵਿਚਾਰਾਂ ਕਰਦਾ ਹੋਇਆ ਸ: ਨੰਦ ਸਿੰਘ ਜੀ ਰਾਮਗੜ੍ਹੀਆ ਪੰਡੋਰੀ ਬੀਬੀ ਦੀ (ਪਿੰਡ ਦਾ ਨਾਂ) ਤੋਂ ਸਤੀ ਦੀ ਮਟੀ ਵੱਲ ਨਦੀ ਕਿਨਾਰੇ ਜੰਗਲ ਵਿੱਚ ਆਏ ਅਤੇ ਕੀ ਦੇਖਦੇ ਹਨ ਕਿ ਮਹਾਂਪੁਰਖ ਤਿਆਗ ਮੂਰਤੀ, ਜਲ ਦਾ ਗੜਵਾ ਪਾਸ ਹੈ। ਕਛਹਿਰਾ ਪਰਨਾ ਸੁੱਕ ਰਿਹਾ ਹੈ, ਖਾਕੀ ਚਾਦਰੇ ਦੀ ਬੁੱਕਲ ਮਾਰੀ ਆਪਣੇ ਸਰੂਪ ਨਿਜਾਨੰਦ ਵਿੱਚ ਬੈਠੇ ਲੀਨ ਹਨ। ਮਨ ਵਿੱਚ ਬਹੁਤ ਪਛਤਾਇਆ ਹੈ ਕਿ ਮੈਂ ਕਿੰਨਾ ਪਾਪੀ ਹਾਂ ਕਿ ਬਿਰੱਕਤ ਤਿਆਗੀ ਬੈਰਾਗੀ ਬੀਤਰਾਗ ਮਹਾਂਪੁਰਖਾਂ ਦੀ ਲੰਗਰ ਪਾਣੀ ਦੁਆਰਾ ਕੋਈ ਸੇਵਾ ਨਾ ਕਰ ਸਕਿਆ। ਮੈਂ ਆਪ ਹੀ ਇੱਥੇ ਛੱਡ ਕੇ ਗਿਆ ਸਾਂ। ਮੈਂ ਭੋਜਨ ਛਕ ਕੇ ਆਰਾਮ ਨਾਲ ਸੌਂਦਾ ਰਿਹਾਂ ਹਾਂ।ਮਹਾਂਪੁਰਖ ਕਿਤਨੇ ਸਬਰ-ਸ਼ੁਕਰ ਵਾਲੇ ਹਨ। ਅੱਠ ਦਿਨ ਤੋਂ ਨਿਰਾਹਾਰ ਸਮਾਧੀ ਵਿੱਚ ਲੀਨ ਹਨ। ਸਮਾਧੀ ਖੁੱਲਣ ਤੇ ਹੋਏ ਪਾਪ ਦਾ ਪ੍ਰਾਸ਼ਚਿਤ ਕਰਾਂ ਅਤੇ ਖਿਮਾਂ ਮੰਗਾਂ ਅਤੇ ਨਿਰਦੋਸ਼ਤਾ ਪ੍ਰਾਪਤ ਕਰਾਂ। ਗ੍ਰਿਹਸਥੀ ਵਾਸਤੇ ਜੋ ਸੰਗੀ ਹੁੰਦਾ ਹੋਇਆ ਅਤਿਥੀ ਦਾ ਭੋਜਨ ਪਾਣੀ ਦੁਆਰਾ ਸਤਿਕਾਰ ਸੇਵਾ ਨਹੀਂ ਕਰਦਾ। ਸਭ ਪੁੰਨ ਖੀਨ ਹੋ ਜਾਂਦੇ ਹਨ। ਇਸ ਤਰ੍ਹਾਂ ਦਲੀਲਾਂ ਕਰ ਰਿਹਾ ਸੀ। ਮਹਾਂਪੁਰਸ਼ਾਂ ਨੇ ਕਮਲਾਂ ਜੈਸੇ ਨੇਤਰ ਖੋਲੇ ਅਤੇ ਕਹਿਣ ਲੱਗੇ ਨੰਦ ਸਿੰਘ ਜੀ ਕਲਪਨਾ ਨਹੀਂ ਕਰੀਦੀ। ਸਭ ਕੁਝ ਪ੍ਰਭੂ ਦੇ ਹੁਕਮ ਵਿੱਚ ਹੈ ਤੁਸੀਂ ਪਾਪੀ ਨਹੀਂ, ਪੁੰਨੀ ਹੋ। ਹਾਲਾਂ ਸੇਵਾ ਸਿਮਰਨ ਦਾ ਸਮਾਂ ਲੰਬਾ ਹੈ।ਘਬਰਾਉ ਨਹੀਂ। ਪ੍ਰਭੂ ਵੱਲੋਂ ਇਮਤਿਹਾਨ ਹੁੰਦੇ ਹਨ। ਉਹ ਆਪ ਹੀ ਸੋਝੀ ਦੇ ਕੇ ਪਾਸ ਕਰਨ ਵਾਲਾ ਹੈ। ਸੁਮੱਤ ਵਾਸਤੇ ਅਰਦਾਸ ਕਰਨੀ ਬਣ ਆਂਉਦੀ ਹੈ। ਇਸ ਘਰ ਵਿਚੋਂ ਜੋਰ ਅਜ਼ਮਾਈ ਨਾਲ ਕੁੱਝ ਨਹੀਂ ਮਿਲਦਾ। ਨਿਮਾਣੇ ਨਿਤਾਣੇ ਬਣ ਕੇ ਸੇਵਾ ਸਿਮਰਨ ਦੀ ਦਾਤ ਮਿਲਦੀ ਹੈ। ਇਸ ਤਰ੍ਹਾਂ ਬਚਨ ਕਰਕੇ ਸ: ਨੰਦ ਸਿੰਘ ਜੀ ਦਾ ਹਿਰਦਾ ਸ਼ਾਂਤ ਕਰ ਦਿੱਤਾ।

ਸ:ਨੰਦ ਸਿਘ ਜੀ ਨੇ ਆਗਿਆ ਲਈ। ਘਰ ਆ ਕੇ ਭੋਜਨ ਪਵਿੱਤਰਤਾ ਨਾਲ ਤਿਆਰ ਕਰਵਾ ਕੇ ਮਹਾਂਪੁਰਸ਼ਾਂ ਨੂੰ ਛਕਾਉਣ ਲਈ ਲੈ ਕੇ ਗਏ। ਪ੍ਰੇਮੀ ਦਾ ਪ੍ਰੇਮ ਦੇਖ ਕੇ ਪਿਆਰ ਵੱਸ ਹੋ ਗਏ ਤੇ ਕੋਈ ਵੀ ਬਚਨ ਨਾ ਕੀਤਾ। ਅਚਾਹ ਹੁੰਦਿਆਂ ਹੋਇਆਂ ਪ੍ਰੇਮੀ ਦੇ ਮਨ ਨੂੰ ਠੇਸ ਨਾ ਪਹੁੰਚੇ। ਗਰੀਬ ਕਿਰਤੀ ਸਿੱਖ ਭੋਜਨ ਲੈ ਕੇ ਆਇਆ ਹੈ, ਅੰਗੀਕਾਰ ਕੀਤਾ ਹੈ ਅਤੇ ਕਿਹਾ ਸ: ਨੰਦ ਸਿੰਘ ਜੀ ਹੁਣ ਸੇਵਾ ਨਿਭਾਉਣੀ ਪਵੇਗੀ। ਪ੍ਰੇਮੀ ਨੇ ਸੀਸ ਝੁਕਾਇਆ ਅਤੇ ਬੇਨਤੀ ਕੀਤੀ ਮਹਾਂਪੁਰਖੋ ਆਪ ਨੇ ਹੀ ਲਾਜ ਰੱਖਣੀ ਹੈ।

ਮਹਾਂਪੁਰਖਾਂ ਨੇ ਕਿਹਾ ਹਿਰਦੇ ਵਿੱਚ ਨਿਮਰਤਾ ਆਦਿਕ ਗੁਣ ਹੋਵਣ, ਪ੍ਰਭੂ ਆਪਣੇ ਪਿਆਰਿਆਂ ਦੀ ਆਪ ਲਾਜ ਰੱਖਦਾ ਹੈ। ਇਸ ਤਰ੍ਹਾਂ ਸ: ਨੰਦ ਸਿੰਘ ਜੀ ਹਰ ਰੋਜ਼ ਲੰਗਰ ਪਾਣੀ ਦੀ ਸੇਵਾ ਨਿਭਾਉਂਦੇ ਰਹੇ।

ਸੰਤ ਮੋਤੀ ਰਾਮ ਜੀ ਮਹਾਂਪੁਰਖ ਸੋਝੀ ਵਾਲੇ ਸਨ। ਹਰਖੋਵਾਲ ਨੱਗਰੀ ਵਿੱਚ ਬਿਰਾਜਦੇ ਸਨ। ਇਨ੍ਹਾਂ ਨੇ ਮਹਾਂਪੁਰਖਾਂ ਦੇ ਜੰਗਲ ਵਿੱਚ ਦਰਸ਼ਨ ਕੀਤੇ। ਗਦ ਗਦ ਹੋ ਗਏ। ਨੱਗਰ ਵਿੱਚ ਆ ਕੇ ਸ: ਰਾਜਾ ਸਿੰਘ ਦੇ ਵੇਲਣੇ ਤੇ ਰਸ ਪੀਣ ਲੱਗੇ ਤੇ ਹੱਸੀ ਜਾਂਦੇ ਹਨ ਹੋਰ ਵੀ ਕਾਫ਼ੀ ਸਿੰਘ ਬੈਠੇ ਹਨ। ਸ: ਰਾਜਾ ਸਿੰਘ ਨੇ ਮਹਾਂਪੁਰਖਾਂ ਨੂੰ ਪੁਛਿਆ ਕਿ ਆਪ ਜੀ ਅੱਜ ਬੜੇ ਖੁਸ਼ ਹੋ। ਇਤਨਾ ਜ਼ਿਆਦਾ ਕਿਉਂ ਮੁਸਕਰਾ ਰਹੇ ਹੋ? ਸੰਤ ਮੋਤੀ ਰਾਮ ਜੀ ਹੱਸੀ ਜਾਂਦੇ ਹਨ ਕਿ ਜੰਗਲ ਵਿੱਚ ਮੰਗਲ ਬਣ ਗਿਆ ਹੈ। ਉਹ ਮਹਾਂਨ ਆਤਮਾ ਤੁਹਾਡੇ ਨੱਗਰ ਵਿੱਚ ਆ ਗਈ ਹੈ,ਜਿੰਨਾਂ ਦੇ ਚਰਨ ਪਾਉਣ ਨਾਲ ਇਹ ਧਰਤੀ ਪਵਿੱਤਰ ਹੋ ਗਈ ਹੈ। ਹੁਣ ਉਨ੍ਹਾਂ ਮਹਾਂਪੁਰਖਾਂ ਦੇ ਪ੍ਰਤਾਪ ਨਾਲ, ਬੰਦਗੀ ਦੀ ਕ੍ਰਿਪਾ ਨਾਲ, ਨੱਗਰ ਹਰਖੋਵਾਲ ਦੁਨੀਆਂ ਵਿੱਚ ਮਸ਼ਹੂਰ ਹੋ ਜਾਵੇਗਾ। ਜਿਸ ਨੱਗਰ ਨੂੰ ਇਲਾਕੇ ਵਿੱਚ ਕੋਈ ਨਹੀਂ ਜਾਣਦਾ। ਮਹਾਂਪੁਰਖਾਂ ਦੇ ਪ੍ਰਤਾਪ ਨਾਲ ਉੱਚੇ ਕਲਸਾਂ ਵਾਲਾ, ਗੁੰਮਟਾਂ ਵਾਲਾ ਗੁਰਦੁਆਰਾ ਬਣੇਗਾ। ਨਾਮ ਦੀਆਂ ਧੁਨਕਾਰਾਂ ਕਥਾ ਕੀਰਤਨ, ਲੰਗਰ ਦੇ ਪ੍ਰਵਾਹ ਚੱਲਣਗੇ ਅਤੇ ਸੰਗਤਾਂ ਦੀ ਕਲਿਆਣ ਦਾ ਕੇਂਦਰ ਬਣ ਜਾਵੇਗਾ। ਇਥੇ ਹੋਰ ਵੀ ਮਹਾਂਪੁਰਖ ਆਉਣਗੇ। ਇਹ ਹੰਸਾਂ ਦਾ ਮਾਨਸਰੋਵਰ ਬਣ ਜਾਵੇਗਾ ਮੈਂ ਤਾਂ ਹੱਸਦਾਂ ਹਾਂ ਕਿ ਹੇ ਪ੍ਰਭੂ ਤੇਰੇ ਚੋਜ਼ ਨਿਆਰੇ ਹਨ। ਆਉ ਭਾਗਾਂ ਵਾਲਿਉ, ਮਹਾਂਪੁਰਖਾਂ ਦੇ ਦਰਸ਼ਨ ਕਰਕੇ ਜੀਵਨ ਕਿਰਤਾਰਥ ਕਰ ਲਈਏ।

ਸੰਤ ਮੋਤੀ ਰਾਮ ਜੀ ਦੇ ਅਗੰਮੀ ਬਚਨਾਂ ਤੋਂ ਸੰਗਤਾਂ ਜਾਣੂ ਸਨ ਕਿ ਜੋ ਬਚਨ ਵੀ ਮਹਾਂਪੁਰਖ ਬੋਲਦੇ ਹਨ, ਸਭ ਸੱਚ ਹੁੰਦੇ ਹਨ ਪੂਰੇ ਹੋ ਜਾਂਦੇ ਹਨ। ਸੰਤ ਮੋਤੀ ਰਾਮ ਦੇ ਬਚਨ ਸਾਰੇ ਪਿੰਡ ਵਿੱਚ ਫੈਲ ਗਏ। ਸਾਰੇ ਨੱਗਰ ਦੇ ਲੋਕ ਸ: ਰਾਜਾ ਸਿੰਘ, ਨਿਹੰਗ ਸੰਤੋਖ ਸਿੰਘ ਤੇ ਹੋਰ ਪਤਵੰਤੇ ਸੱਜਣ ਇਕੱਤਰ ਹੋ ਕੇ ਸੰਤ ਮੋਤੀ ਰਾਮ ਜੀ ਦੇ ਨਾਲ ਪਦਾਰਥਾਂ ਰੂਪੀ ਭੇਟਾਵਾਂ ਲੈ ਕੇ ਮਹਾਂਪੁਰਖਾਂ ਦੇ ਸਤਿਕਾਰ ਲਈ, ਦਰਸ਼ਨ ਕਰਨ ਚੱਲ ਪਏ। ਜੰਗਲ ਵਿੱਚ ਪਹੁੰਚ ਕੇ ਮਹਾਂਪੁਰਖਾਂ ਦੇ ਦਰਸ਼ਨ ਕੀਤੇ। ਸੰਤਾਂ ਨੇ ਮੋਤੀ ਰਾਮ ਨੂੰ ਆਪਣੇ ਪਾਸ ਬਿਠਾ ਲਿਆ। ਸਮੂਹ ਸਾਧ ਸੰਗਤ ਦਾ ਸਤਿਕਾਰ ਕੀਤਾ। ਆਇਆ ਪਦਾਰਥ ਸਮੂੰਹ ਸਾਧ ਸੰਗਤ ਵਿੱਚ ਵਰਤਾ ਦਿੱਤਾ। ਸ: ਰਾਜਾ ਸਿੰਘ ਨੇ ਸਮੂਹ ਨੱਗਰ ਵਲੋਂ ਬੇਨਤੀ ਕੀਤੀ ਕਿ ਆਪ ਇਥੇ ਚਰਨ ਪਾ ਕੇ ਇਲਾਕੇ ਨੂੰ ਕਿਰਤਾਰਥ ਕਰਨਾ ਕਰੋ ਤੇ ਅਸਾਨੂੰ ਸੇਵਾ ਦਾ ਮੌਕਾ ਬਖਸ਼ੋ। ਸੋ ਮਹਾਂਪੁਰਖਾਂ ਨੇ ਸਮੂੰਹ ਸੰਗਤ ਦਾ ਧੰਨਵਾਦ ਕੀਤਾ ਅਤੇ ਹੁਕਮ ਕੀਤਾ ਸੇਵਾ ਸਮੂਹ ਸੰਗਤ ਦੀ ਹੁੰਦੀ ਹੈ ਤੇ ਸੰਗਤਾਂ ਨੇ ਹੀ ਨਿਭਾਉਣੀਂ ਹੈ ਪਰ ਸਭ ਕੁਝ ਕਰਤਾਰ ਦੇ ਹੁਕਮ ਵਿੱਚ ਹੀ ਹੋਣਾਂ ਹੈ। ਉਸ ਦੇ ਅਗੰਮੀ ਹੁਕਮ ਦੀ ਉਡੀਕ ਕਰੋ ਕਿ ਉਹ ਕਿਸ ਗੱਲ ਵਿੱਚ ਰਾਜ਼ੀ ਹੈ।

ਸੰਗਤਾਂ ਮਹਾਂਪੁਰਖਾਂ ਦੀਆਂ ਖੁਸ਼ੀਆਂ ਲੈ ਕੇ ਵਾਪਿਸ ਨੱਗਰ ਆ ਗਈਆਂ ਅਤੇ ਸੰਤ ਮੋਤੀ ਰਾਮ ਜੀ ਦਾ ਧੰਨਵਾਦ ਕੀਤਾ। ਆਪ ਜੀ ਦੀ ਕ੍ਰਿਪਾ ਨਾਲ ਸਾਨੂੰ ਸ਼ਾਂਤ ਮਹਾਂਪੁਰਖਾਂ ਦੇ ਦਰਸ਼ਨ ਕਰਨ ਦਾਿ ਸੁਭਾਗ ਪ੍ਰਾਪਤ ਹੋਇਆ ਹੈ। ਅਸੀਂ ਆਪ ਦੇ ਰਿਣੀ ਹਾਂ:-

### ਆਸਾ ਮਹਲਾ ੫ (ਪੰਨਾ 389)

ਚਰਨ ਕਮਲ ਕੀ ਆਸ ਪਿਆਰੇ ॥ ਜਮਕੰਕਰ ਨਸਿ ਗਏ ਵਿਚਾਰੇ ॥ ੧ ॥ ਤੂ ਚਿਤਿ ਆਵਹਿ ਤੇਰੀ ਮਇਆ ॥ ਸਿਮਰਤ ਨਾਮ ਸਗਲ ਰੋਗ ਖਇਆ ॥ ੧ ॥ ਰਹਾਉ ॥ ਅਨਿਕ ਦੂਖ ਦੇਵਹਿ ਅਵਰਾ ਕਉ ॥ ਪਹੁਚਿ ਨ ਸਾਕਹਿ ਜਨ ਤੇਰੇ ਕਉ

॥ ੨ ॥ ਦਰਸ ਤੇਰੇ ਕੀ ਪਿਆਸ ਮਨਿ ਲਾਗੀ ॥ ਸਹਜ ਅਨੰਦ ਬਸੈ ਬੈਰਾਗੀ ॥ ੩ ॥ ਨਾਨਕ ਕੀ ਅਰਦਾਸਿ ਸੁਣੀਜੈ ॥ ਕੇਵਲ ਨਾਮੁ ਰਿਦੇ ਮਹਿ ਦੀਜੈ ॥ ੪ ॥ ੨੬ ॥ ੭੭ ॥

## ਸੂਬੇਦਾਰ ਕਰਮ ਸਿੰਘ ਜੀ ਵਲੋਂ ਸੇਵਾ ਦਾ ਆਰੰਭ:-

ਸੂਬੇਦਾਰ ਸਾਹਿਬ ਜੀ ਡੇਰਾ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਦੇ ਸੇਵਕ ਸਨ। ਮਹਾਂਪੁਰਸ਼ਾਂ ਦੀ ਪਲਟਨ ਦੇ ਹੀ ਗੁਰਮੁਖ ਬਾਬਾ ਆਇਆ ਸਿੰਘ ਜੀ ਦੇ ਅਨਨ ਸੇਵਾਦਾਰ ਸਨ। ਜਦੋਂ ਇਨ੍ਹਾਂ ਦੇ ਘਰੋਂ ਮਾਤਾ ਪੂਰਨ ਕੌਰ ਨੂੰ ਪਤਾ ਲੱਗਿਆ ਜੋ ਮਹਾਨ ਸੰਤ ਸੇਵੀ ਸੁਭਾਅ ਦੇ ਸਨ। ਉਨ੍ਹਾਂ ਨੇ ਹੋਤੀ ਮਰਦਾਨ ਦੇ ਮਹਾਂਪੁਰਖਾਂ ਦੀ ਉਸਤਤ ਤਾਂ ਸੁਣੀ ਹੀ ਸੀ ਤੇ ਬਾਬਾ ਜਵਾਲਾ ਸਿੰਘ ਜੋ ਬਾਬਾ ਜੀ ਆਇਆ ਸਿੰਘ ਜੀ ਦੇ ਸੇਵਕ ਸਨ। ਸਰਦਾਰ ਹੁਰਾਂ ਤੋਂ ਫੌਜ ਵਿੱਚ ਰਹਿੰਦਿਆਂ ਕੌਤਕਾਂ ਭਰੇ ਬਚਨ ਸੁਣਦੀ ਸੀ। ਬਿਧਾਤਾ ਨੇ ਸਮਾਂ ਬਣਾਇਆ।ਉਹ ਫੌਜ ਵਿੱਚ ਕੌਤਕਾਂ ਖੇਡਣ ਵਾਲਾ ਹਰ ਪਾਸੇ ਜਿੱਧਰ ਜਾਵੇ, ਵਿਜੇ ਪ੍ਰਾਪਤ ਕਰਨ ਵਾਲੇ। ਵਿਜੇ ਜਿਸ ਦੇ ਚਰਨ ਚੁੰਮਦੀ ਸੀ। ਦੁਨੀਆਂ ਦਾ ਹੁਸਨ ਉਸ ਅੱਗੇ ਸ਼ਰਮਸਾਰ ਹੁੰਦਾ ਸੀ। ਦੁਨੀਆਂ ਦੀ ਖੂਬਸੂਰਤੀ ਸੂਰਤ ਔਰ ਸੀਰਤ ਕਰਕੇ ਬਾਬਾ ਜਵਾਲਾ ਸਿੰਘ ਜੀ ਦੇ ਵਜੂਦ ਵਿੱਚ ਪ੍ਰਭੂ ਨੇ ਇੱਕਤਰ ਕੀਤੀ ਹੋਈ ਸੀ। ਜਿਥੇ ਉਹ ਮੁਬਾਰਕ ਚਰਨ ਰੱਖਦਾ ਸੀ। ਧਰਤੀ ਦੇ ਕੰਡੇ ਵੀ ਕਮਲ ਬਣ ਜਾਂਦੇ ਸਨ। ਜਿਸ ਵੱਲ ਉਹ ਕਿਰਪਾ ਦੇ ਕਟਾਖ੍ਯ ਨਾਲ ਤੱਕਦਾ ਸੀ ਉਹ ਗਦ ਗਦ ਹੋ ਜਾਂਦਾ ਸੀ । ਉਸ ਨੂੰ ਉਸ ਤੋਂ ਬਿਨ੍ਹਾਂ ਹੋਰ ਨੂੰ ਦੇਖਣ ਦੀ ਇੱਛਾ ਨਹੀਂ ਸੀ ਰਹਿੰਦੀ। ਜਿਹੜਾ ਉਸ ਦੇ ਬਚਨ ਇੱਕ ਵਾਰ ਸੁਣ ਲੈਂਦਾ ਸੀ, ਉਸ ਨੂੰ ਹੋਰ ਸੁਨਣਾਂ ਬਾਕੀ ਨਹੀਂ ਸੀ ਰਹਿ ਜਾਂਦਾ। ਜਿਹੜਾ ਉਸ ਵੱਲ ਪੈਰਾਂ ਕਰਕੇ ਚੱਲ ਕੇ ਜਾਂਦਾ ਸੀ, ਉਸ ਦੇ ਪੈਰ ਹਮੇਸ਼ਾਂ ਉਸੇ ਦੀ ਵਾਟ ਦੀ ਉਡੀਕ ਕਰਦੇ ਸਨ। ਮਨ ਕਰਕੇ ਜਿਸ ਨੇ ਉਸ ਦੀ ਮਨਮੋਹਣੀ ਮੂਰਤ ਹਿਰਦੇ ਵਿੱਚ ਵਸਾ ਲਈ, ਸਾਰੇ ਧਿਆਨ ਖਤਮ ਹੋ ਗਏ। ਜਿਸ ਨੇ ਉਨ੍ਹਾਂ ਦੇ ਬਚਨ ਧਾਰਨ ਕਰ ਲਏ, ਸਾਰੇ ਗਿਆਨਾਂ ਦਾ ਭੋਗ ਪੈ ਗਿਆ। ਉਹ ਜਦੋਂ ਹੱਸਿਆ ਸਾਰੇ ਬ੍ਰਹਮੰਡ ਵਿੱਚ ਖੇੜਾ ਆ ਗਿਆ। ਉਸ ਦੇ ਨੂਰੀ ਦਰਸ਼ਨ ਤੋਂ ਸਾਰੀ ਦੁਨੀਆ ਨਤਮਸਤਕ ਹੋ ਗਈ। ਉਹ ਸਭ ਦਾ ਪਿਆਰਾ ਅਤੇ ਸਭ ਦਾ ਹਮਸਾਇਆ ਬਣ ਗਿਆ।

### ਤੁਖਾਰੀ ਛੰਤ ਮਹਲਾ ੫ ੴ ਸਤਿਗੁਰ ਪ੍ਰਸਾਦਿ ॥ (ਪੰਨਾਂ 1117)

ਘੋਲਿ ਘੁਮਾਈ ਲਾਲਨਾ ਗੁਰਿ ਮਨੁ ਦੀਨਾ ॥ ਸੁਣਿ ਸਬਦੁ ਤੁਮਾਰਾ ਮੇਰਾ ਮਨੁ ਭੀਨਾ ॥ ਇਹੁ ਮਨੁ ਭੀਨਾ ਜਿਉ ਜਲ ਮੀਨਾ ਲਾਗਾ ਰੰਗੁ ਮੁਰਾਰਾ ॥ ਕੀਮਤਿ ਕਹੀ ਨ ਜਾਈ ਠਾਕੁਰ ਤੇਰਾ ਮਹਲੁ ਅਪਾਰਾ ॥ ਸਗਲ ਗੁਣਾ ਕੇ ਦਾਤੇ ਸੁਆਮੀ ਬਿਨਉ ਸੁਨਹੁ ਇਕ ਦੀਨਾ ॥ ਦੇਹੁ ਦਰਸੁ ਨਾਨਕ ਬਲਿਹਾਰੀ ਜੀਅੜਾ ਬਲਿ ਬਲਿ ਕੀਨਾ ॥ ੧ ॥ ਇਹੁ ਤਨੁ ਮਨੁ ਤੇਰਾ ਸਭਿ ਗੁਣ ਤੇਰੇ ॥ ਖੰਨੀਐ ਵੰਞਾ ਦਰਸਨ ਤੇਰੇ ॥ ਦਰਸਨ ਤੇਰੇ ਸੁਣਿ ਪ੍ਰਭ ਮੇਰੇ ਨਿਮਖ ਦ੍ਰਿਸਟਿ ਪੇਖਿ ਜੀਵਾ ॥ ਅੰਮ੍ਰਿਤ ਨਾਮੁ ਸੁਨੀਜੈ ਤੇਰਾ ਕਿਰਪਾ ਕਰਹਿ ਤ ਪੀਵਾ ॥ ਆਸ ਪਿਆਸੀ ਪਿਰ ਕੈ ਤਾਈ ਜਿਉ ਚਾਤ੍ਰਿਕੁ ਬੂੰਦੇਰੇ ॥ ਕਹੁ ਨਾਨਕ ਜੀਅੜਾ ਬਲਿਹਾਰੀ ਦੇਹੁ ਦਰਸੁ ਪ੍ਰਭ ਮੇਰੇ ॥ ੨ ॥

ਮਾਤਾ ਪੂਰਨ ਕੌਰ ਜੀ ਨੇ ਮਹਾਂਪੁਰਖਾਂ ਦੇ ਚਰਨਾਂ ਵਿੱਚ ਹਾਜ਼ਰ ਹੋ ਕੇ ਸ: ਕਰਮ ਸਿੰਘ ਜੀ ਬਾਰੇ ਦੱਸਿਆ ਕਿ ਉਹ ਮੇਰੇ ਪਤੀ ਦੇਵ ਹਨ। ਸ: ਸਾਹਿਬ ਜੀ ਅਕਸਰ ਹੋਤੀ ਮਰਦਾਨ ਵਾਲੇ ਮਹਾਂਪੁਰਸ਼ਾਂ ਦੇ ਅਗੰਮੀ ਬਚਨ ਸੁਣਾਂਉਦੇ ਰਹਿੰਦੇ ਸਨ ਅਤੇ ਆਪ ਜੀ ਬਾਰੇ ਵੀ ਕਾਫ਼ੀ ਵਾਰ ਬਚਨ ਕੀਤੇ ਸਨ ਕਿ ਸਾਡੀ ਪਲਟਨ ਭਾਗਾਂ ਵਾਲੀ ਹੈ। ਜਿਸ ਵਿੱਚ ਬਾਬਾ ਆਇਆ ਸਿੰਘ ਜੀ ਤੋਂ ਵਰੋਸਾਏ ਹੋਏ ਅਨੇਕਾਂ ਹੀ ਫੌਜੀ ਸਿੰਘ ਸਨ ਪਰ ਬਾਬਾ ਜਵਾਲਾ ਸਿੰਘ ਜੀ ਜਿੰਨ੍ਹਾਂ ਨੂੰ ਮਹਾਂਪੁਰਖਾਂ ਨੇ ਆਪ ਫੌਜ ਵਿਚੋਂ ਆਪਣੀ ਅੰਤਰਜਾਮਤਾ ਨਾਲ

ਬੁਲਾ ਕੇ ਅਗੰਮੀ ਬਖਸ਼ਿਸ਼ ਕੀਤੀ ਸੀ ਅਤੇ ਸੰਤ ਜਵਾਲਾ ਸਿੰਘ ਜੀ ਦੀ ਸੰਗਤ ਕਰਕੇ ਅਨੇਕਾਂ ਹੀ ਫੌਜੀ ਸਿੰਘਾਂ ਦੇ ਜੀਵਨ ਗੁਰਸਿੱਖੀ ਨਾਮ ਦੇ ਰੰਗਣ ਵਿੱਚ ਰੰਗੇ ਗਏ ਸਨ। ਸਾਰੀਆਂ ਪਲਟਨਾਂ ਹੀ ਸੰਤ ਜਵਾਲਾ ਸਿੰਘ ਜੀ ਦੀਆਂ ਰਿਣੀ ਹੋ ਗਈਆਂ ਹਨ। ਸਾਰੇ ਹੀ ਨਿੱਤਨੇਮੀ ਪ੍ਰੇਮੀ ਬਣ ਗਏ ਸਨ। ਇਉਂ ਪ੍ਰਤੀਤ ਹੁੰਦਾ ਹੈ ਫੌਜੀ ਸਿੰਘਾਂ ਦੇ ਕਲਿਆਣ ਲਈ ਹੀ ਪ੍ਰਮੇਸ਼ਰ ਨੇ ਸੰਤ ਜਵਾਲਾ ਸਿੰਘ ਫੌਜ ਦੀ ਨੌਕਰੀ ਦੇ ਬਹਾਨੇ ਹੀ ਫੌਜ ਵਿੱਚ ਭੇਜਿਆ ਸੀ। ਹੋਤੀ ਮਰਦਾਨ ਡੇਰੇ ਤਕਰੀਬਨ ਸਾਰੀਆਂ ਪਲਟਨਾਂ ਦੇ ਫੌਜੀ ਸਿੰਘ ਬਾਬਾ ਕਰਮ ਸਿੰਘ ਜੀ ਫੌਜ ਵਿੱਚ ਰਹਿਣ ਕਰਕੇ, ਦੂਸਰਾ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਦੀ ਲਾਜ ਰੱਖੀ ਹੋਣ ਦੇ ਕਾਰਨ, ਫੋਜੀ ਸਿੰਘ ਬਾਬਾ ਕਰਮ ਸਿੰਘ ਜੀ ਦੇ ਡੇਰੇ ਨੂੰ ਆਪਣਾ ਡੇਰਾ ਸਮਝਦੇ ਸਨ ਤੇ ਬਹੁਤ ਪਿਆਰ ਕਰਦੇ ਸਨ। ਉਸ ਡੇਰੇ ਦੀ ਤਨ ਮਨ ਧਨ ਨਾਲ ਸੇਵਾ ਕਰਦੇ ਸਨ। ਪ੍ਰੰਤੂ ਸਾਰੇ ਸੇਵਾਦਾਰਾਂ ਵਿਚੋਂ ਬਾਬਾ ਜਵਾਲਾ ਸਿੰਘ ਜੀ ਮਹਾਂਨ ਸੰਤ ਦੀ ਪਦਵੀ ਪ੍ਰਾਪਤ ਕਰ ਗਏ।

ਇਹ ਬਚਨ ਸ: ਕਰਮ ਸਿੰਘ ਸੂਬੇਦਾਰ ਜੀ ਅਕਸਰ ਘਰ ਵਿੱਚ ਤੇ ਨੱਗਰ ਦੀਆਂ ਸੰਗਤਾਂ ਕੋਲ ਕਰਿਆ ਕਰਦੇ ਸਨ।ਅੱਜ ਮਹਾਂਪੁਰਖਾਂ ਦੇ ਦਰਸ਼ਨ ਹੋਣ ਨਾਲ ਉਹ ਸਿਮਰਤੀ ਪੁਨਾ ਸਾਕਾਰ ਰੂਪਾਂ ਵਿੱਚ ਜਾਗਰਿਤ ਹੋ ਗਈ ਹੈ। ਅਸੀਂ ਸਾਰੇ ਧੰਨਤਾਯੋਗ ਹਾਂ।ਮਾਤਾ ਜੀ ਨੇ ਬੇਨਤੀ ਕੀਤੀ ਸੂਬੇਦਾਰ ਜੀ ਦਾ ਘਰ, ਆਪ ਜੀ ਦਾ ਗ੍ਰਿਹ ਹੈ ,ਲੰਗਰ ਪਾਣੀ ਦੀ ਸੇਵਾ ਅਸਾਂ ਨੂੰ ਬਖਸ਼ਸ਼ ਕਰੋ, ਸੋ ਮਾਤਾ ਜੀ ਦੇ ਸ਼ਰਧਾ ਭਗਤੀ ਰੂਪ ਬਚਨ ਸੁਣ ਕੇ, ਦੂਸਰਾ ਸੂਬੇਦਾਰ ਜੀ ਦੀ ਫੌਜ ਦੀ ਭਗਤੀ ਜਾਣ ਕੇ ਅਤੇ ਫੌਜ ਦੀ ਕਮਾਈ ਵੀ ਸ਼ੁੱਧ ਅਤੇ ਮਿਹਨਤ ਵਾਲੀ ਹੁੰਦੀ ਹੈ, ਮਹਾਂਪੁਰਖਾਂ ਨੇ ਮਾਤਾ ਨੂੰ ਲੰਗਰ ਦੀ ਆਗਿਆ ਬਖਸ਼ਿਸ਼ ਕਰ ਦਿੱਤੀ। ਸੋ ਮਾਤਾ ਜੀ ਨੇ ਰੋਜ਼ਾਨਾ ਮਹਾਂਪੁਰਖਾਂ ਦੇ ਹੁਕਮ ਮੁਤਾਬਿਕ ਨਾਮ ਬਾਣੀ ਦਾ ਅਭਿਆਸ ਕਰਦਿਆਂ ਸ਼ੁੱਧ ਸਾਤਵਿਕ ਭੋਜਨ ਤੇ ਜਲ ਪਾਣੀ ਦੀ ਸੇਵਾ ਲੰਬਾਂ ਸਮਾਂ ਨਿਭਾਉਂਦੇ ਰਹੇ। ਜਦੋਂ ਸੂਬੇਦਾਰ ਜੀ ਛੁੱਟੀ ਆਏ ਸੰਤ ਜਵਾਲਾ ਸਿੰਘ ਜੀ ਬਾਰੇ ਸੁਣਿਆ। ਉਨ੍ਹਾਂ ਦੇ ਦਰਸ਼ਨ ਕੀਤੇ। ਧੰਨਵਾਦ ਕੀਤਾ ਕਿ ਆਪਣੇ ਨਿਮਾਣੇ ਸੇਵਕ ਨੂੰ ਲੰਗਰ ਪਾਣੀ ਦੀ ਸੇਵਾ ਬਖਸ਼ਿਸ਼ ਕੀਤੀ ਹੈ। ਸਾਨੂੰ ਬਾਬਾ ਆਇਆ ਸਿੰਘ ਜੀ ਦੀ ਯਾਦ ਹਮੇਸ਼ਾਂ ਆਪ ਜੀ ਦੇ ਦਰਸ਼ਨ ਦੁਆਰਾ ਕਾਇਮ ਰਹੇਗੀ। ਸੂਬੇਦਾਰ ਜੀ ਫੌਜ ਵਿੱਚ ਹੁੰਦਿਆਂ ਪੈਨਸ਼ਨ ਹੋਣ ਤੋਂ ਸਦਾ ਹੀ ਮਹਾਂਪੁਰਖਾਂ ਦੇ ਜ਼ਿੰਦਗੀ ਭਰ ਸੇਵਾਦਾਰ ਰਹੇ। ਮਾਤਾ ਜੀ ਨੇ ਵੀ ਸੇਵਾ ਦਿਲ ਲਾ ਕੇ ਕੀਤੀ। ਮਹਾਂਪੁਰਖਾਂ ਤੇ ਸਮੂਹ ਸੰਗਤ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

### ਆਸਾ ਮਹਲਾ ੫ ਇਕਤੁਕੇ ਚਉਪਦੇ ॥

ਇਕ ਘੜੀ ਦਿਨਸੁ ਮੋ ਕਉ ਬਹੁਤੁ ਦਿਹਾਰੇ ॥ ਮਨੁ ਨ ਰਹੈ ਕੈਸੇ ਮਿਲਉ ਪਿਆਰੇ ॥ ੧ ॥ ਇਕੁ ਪਲੁ ਦਿਨਸੁ ਮੋ ਕਉ ਕਬਹੁ ਨ ਬਿਹਾਵੈ ॥ ਦਰਸਨ ਕੀ ਮਨਿ ਆਸ ਘਨੇਰੀ ਕੋਈ ਐਸਾ ਸੰਤੁ ਮੋ ਕਉ ਪਿਰਹਿ ਮਿਲਾਵੈ ॥ ੧ ॥ ਰਹਾਉ ॥ ਚਾਰਿ ਪਹਰ ਚਹੁ ਜੁਗਹ ਸਮਾਨੇ ॥ ਰੈਣਿ ਭਈ ਤਬ ਅੰਤੁ ਨ ਜਾਨੇ ॥ ੨ ॥ ਪੰਚ ਦੂਤ ਮਿਲਿ ਪਿਰਹੁ ਵਿਛੋੜੀ ॥ ਭ੍ਰਮਿ ਭ੍ਰਮਿ ਰੋਵੈ ਹਾਥ ਪਛੋੜੀ ॥ ੩ ॥ ਜਨ ਨਾਨਕ ਕਉ ਹਰਿ ਦਰਸੁ ਦਿਖਾਇਆ ॥ ਆਤਮੁ ਚੀਨਿ੍ ਪਰਮ ਸੁਖੁ ਪਾਇਆ ॥ ੪ ॥ ੧੫॥ (ਪੰਨਾ ੩੭੪-੭੫)

ਇਸ ਪ੍ਰਕਾਰ ਮਾਤਾ ਪੂਰਨ ਕੌਰ ਜੀ ਨੇ ਆਪਣੇ ਸ਼ਰੀਰ ਦੇ ਅੰਤ ਤੱਕ ਮਹਾਨ ਸੇਵਾ ਕੀਤੀ। ਜਦੋਂ ਉਨ੍ਹਾਂ ਦਾ ਅੰਤ ਵੇਲਾ ਆਇਆ। ਬਿਰਧ ਅਵੱਸਥਾ ਵਿੱਚ ਬੜੇ ਬੀਮਾਰ ਸਨ। ਮਹਾਂਪੁਰਖਾਂ ਨੂੰ ਯਾਦ ਕਰਦੇ ਹਲ। ਆਪ ਉਨ੍ਹਾਂ ਦੇ ਗ੍ਰਹਿ ਵਿਖੇ ਸੰਤ ਬਾਬਾ ਦੀਦਾਰ ਸਿੰਘ ਜੀ ਉਰਫ ਬਾਵਾ ਜੀ ਨੂੰ ਲੈ ਕੇ ਗਏ ਅਤੇ ਬਚਨ ਕੀਤਾ ਕਿ ਸਾਡੇ ਨਾਲ ਮੂਲਮੰਤਰ ਦਾ ਉਚਾਰਣ ਕਰੋ। ਆਪ ਮਹਾਂਪੁਰਸ਼ਾਂ ਨੇ ਮੂਲਮੰਤਰ ਉਚਾਰਿਆ ਮਗਰ

ਮਾਤਾ ਜੀ ਦੇ ਪ੍ਰਾਣ ਸਤਿ ਹੋ ਗਏ। ਮਹਾਂਪੁਰਸ਼ਾਂ ਨੇ ਜਨਮ ਜਨਮਾਤਰਾਂ ਦੇ ਰੋਗ ਕੱਟ ਕੇ ਮਾਤਾ ਜੀ ਨੂੰ ਜੀਵਨ ਮੁਕਤੀ ਔਰ ਵਿਦੇਹ ਅਵਸਥਾ ਬਖਸ਼ਿਸ਼ ਕੀਤੀ। ਉਹ ਧੰਨ ਹੈ ਜਿਸ ਨੇ ਸਾਧ ਸੰਗਤ ਤੇ ਮਹਾਂਪੁਰਖਾਂ ਦੀਆਂ ਸੇਵਾ ਕਰਕੇ ਆਸ਼ੀਰਵਾਦਾਂ ਪ੍ਰਾਪਤ ਕੀਤੀਆਂ ਅਤੇ ਆਪਣਾ ਮਨੁੱਖਾ ਜਨਮ ਸਫਲ ਕੀਤਾ। ਸੋ ਇਸ ਪ੍ਰਕਾਰ ਬਾਬਾ ਜਵਾਲਾ ਸਿੰਘ ਜੀ ਦਾ ਹਰਖੋਵਾਲ ਡੇਰੇ ਵਿਖੇ ਆਵਣ ਹੋਇਆ।

## ਅਧਿਆਇ 14

ਬਾਬਾ ਜਵਾਲਾ ਸਿੰਘ ਸਾਹਿਬ ਜੀ ਜੰਗਲ ਜੋ ਮਟੀ ਅਸਥਾਨ ਹੈ, ਵਿਖੇ ਬਿਰਾਜਦੇ ਸਨ। 60-70 ਕਿੱਲੇ ਦਾ ਟਾਹਲੀਆਂ ਦਾ ਜੰਗਲ ਹੈ ਕੋਲ ਨਦੀ ਵਹਿ ਰਹੀ ਹੈ।ਉਸ ਪ੍ਰਮੇਸ਼ਰ ਦੇ ਚਿੰਤਨ ਵਿੱਚ ਸੁਰਤ ਜੋੜੀ ਹੋਈ ਹੈ। ਸਤਿਗੁਰ ਸੱਚੇ ਪਾਤਿਸ਼ਾਹ ਦੀ ਗੁਰਬਾਣੀ ਨਾਲ ਦ੍ਰਿੜ ਪ੍ਰੀਤੀ ਹੈ। ਰੋਜ਼ਾਨਾ 15 ਸ੍ਰੀ ਸੁਖਮਨੀ ਸਾਹਿਬ, ਪੰਜ ਬਾਣੀਆਂ ਦੇ ਪੰਜ ਨਿੱਤਨੇਮ, 25 ਜਪੁਜੀ ਸਾਹਿਬ ਇਤਨਾ ਨਿੱਤਨੇਮ ਰੋਜ਼ਾਨਾ ਕਰਦੇ ਹਨ।

ਮਹਾਂਪੁਰਸ਼ਾਂ ਨੇ ਪੰਜ ਬਚਨ ਬਖਸ਼ਿਸ਼ ਕੀਤੇ ਸਨ ਜਿਨ੍ਹਾਂ ਵਿੱਚ ਇੱਕ ਬਚਨ ਇਹ ਵੀ ਸੀ ਕਿ ਵੈਰਾਗੀ, ਤਿਆਗੀ, ਗਿਆਨਵਾਨ, ਮਹਾਂਪੁਰਸ਼ਾਂ ਦੀ ਸੰਗਤ ਹਮੇਸ਼ਾਂ ਕਰਨੀ। ਸੋ ਇਸ ਇਲਾਕੇ ਦੇ ਅੰਦਰ ਨੱਗਰ ਜਿਆਣ ਵਿਖੇ ਬਾਬਾ ਹਰਨਾਮ ਸਿੰਘ ਸਾਹਿਬ ਜੀ ਜਿਨ੍ਹਾਂ ਦਾ ਜਨਮ ਨੰਗਲ ਖੁਰਦ ਦਾ ਸੀ। ਬਾਬਾ ਕਰਮ ਸਿੰਘ ਸਾਹਿਬ ਜੀ ਦੇ ਪਰਮ ਪਿਆਰੇ ਗੁਰਸਿੱਖ ਸਨ। ਉਨ੍ਹਾਂ ਮਹਾਂਪੁਰਸ਼ਾਂ ਨੇ ਬਾਬਾ ਕਰਮ ਸਿੰਘ ਸਾਹਿਬ ਜੀ ਤੋਂ ਬਖਸ਼ਿਸ਼ ਲੈ ਕੇ ਨਗਰ ਜਿਆਣ ਵਿਖੇ ਜੰਗਲ ਵਿੱਚ ਡੇਰਾ ਲਾਇਆ। ਮਹਾਨ ਤਪੱਸਿਆ ਕੀਤੀ। ਗੁਰੂ ਦੀ ਪੂਰਨ ਬਖਸ਼ਿਸ਼ ਦੇ ਪਾਤਰ ਬਣੇ। ਬਾਬਾ ਜਵਾਲਾ ਸਿੰਘ ਸਾਹਿਬ ਹੋਤੀ ਮਰਦਾਨ ਡੇਰੇ ਦੇ ਵਰੋਸਾਏ ਹੋਏ ਮਹਾਂਪੁਰਸ਼ ਬਾਬਾ ਹਰਨਾਮ ਸਿੰਘ ਸਾਹਿਬ ਜੀ ਜੋ ਬਾਬਾ ਆਇਆ ਸਿੰਘ ਸਾਹਿਬ ਜੀ ਦੇ ਗੁਰਭਾਈ ਲੱਗਦੇ ਸਨ। ਬਾਬਾ ਆਇਆ ਸਿੰਘ ਸਾਹਿਬ ਜੀ ਵਾਂਗੂ ਉਨ੍ਹਾਂ ਦਾ ਮਹਾਨ ਸਤਿਕਾਰ ਕਰਦੇ ਸਨ। ਆਪ ਜੀ ਰੋਜ਼ਾਨਾ ਇਕਾਂਤ ਦੇਸ ਵਿੱਚ ਵਿਚਰਦੇ ਹੋਏ ਸੰਤ ਬਾਬਾ ਸੰਪੂਰਨ ਸਿੰਘ ਜੀ ਮਹਾਂ ਮੰਡਲੇਸ਼ਰ ਵਿਦਾਂਤ ਔਰ ਗੁਰਮਤ ਵਿੱਦਿਆ ਦੀ ਜਿਨ੍ਹਾਂ ਨੇ ਬਿਲਾਸਪੁਰ ਨੱਗਰ ਦੇ ਅੰਦਰ, ਬਾਹਰ ਨਦੀ ਕਿਨਾਰੇ ਅਸਥਾਨ ਕਾਇਮ ਕਰਕੇ ਸੰਪਰਦਾ ਜਾਰੀ ਕੀਤੀ ਹੋਈ ਸੀ। ਆਪ ਜੀ ਸੰਤ ਬਾਬਾ ਅਮੀਰ ਸਿੰਘ ਜੀ ਅੰਮ੍ਰਿਤਸਰ ਸਾਹਿਬ ਵਾਲਿਆਂ ਦੇ ਵਿਦਿਆਰਥੀ ਸਨ।ਮਹਾਨ ਵਿੱਦਵਾਨ ਸਨ। ਤਿਆਗੀ ਵੈਰਾਗੀ ਭਜਨੀਕ ਸਨ। ਵਿਦਿਆਰਥੀਆਂ ਨੇ ਗੁਰਮਤ ਦੀ ਵਿੱਦਿਆ ਪੜ੍ਹਾ ਕਰਕੇ ਹਰ ਪੱਖੋਂ ਕੁਸ਼ਲ ਕਰ ਰਹੇ ਸਨ। ਉਨ੍ਹਾਂ ਦੇ ਪਾਸ ਸੰਤ ਜਵਾਲਾ ਸਿੰਘ ਜੀ ਨੇ ਆ ਜਾਣਾ। ਇੱਛਾ ਦੇ ਮੁਤਾਬਿਕ ਮਹਾਂਪੁਰਸ਼ਾਂ ਦੇ ਨਾਲ ਗਿਆਨ ਗੋਸ਼ਟੀ ਹੋਣੀ ਉਪਰੰਤ ਪੈਦਲ ਹੀ ਜਿਆਣ ਨਗਰ ਵਿਖੇ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਪਾਸ ਆ ਜਾਣਾ ਅਤੇ ਮਹਾਂਪੁਰਸ਼ਾਂ ਦੇ ਪਾਸ ਉਨ੍ਹਾਂ ਦੀ ਆਗਿਆ ਅਨੁਸਾਰ ਬਿਰਾਜਣਾਂ।

ਇਥੋਂ ਨੰਗਲ ਖੁਰਦ ਵਿਖੇ ਸੰਤ ਬਿਸ਼ਨ ਸਿੰਘ ਜੀ ਜਿਨ੍ਹਾਂ ਦਾ ਬਾਬਾ ਜਵਾਲਾ ਸਿੰਘ ਸਾਹਿਬ ਜੀ ਦੇ ਨਾਲ ਮੁੱਢ ਕਦੀਮ ਤੋਂ ਪ੍ਰੇਮ ਸੀ। ਨਗਰ ਦੀਆਂ ਜੂਹਾਂ ਨੇੜੇ ਲੱਗਣ ਦੇ ਕਾਰਨ ਪਹਿਲੀ ਵੀ ਪ੍ਰੀਤੀ ਸੀ। ਸੰਤ ਬਿਸ਼ਨ ਸਿੰਘ ਜੀ ਨੰਗਲ ਖੁਰਦ ਪਿੰਡ ਦੇ ਹੀ ਸਨ। ਸੰਤ ਬਾਬਾ ਹਰਨਾਮ ਸਿੰਘ ਜੀ ਜਿਆਣ ਵਾਲਿਆਂ ਦੇ ਸੇਵਕ ਸਨ। ਆਪਣੇ ਨਗਰ ਵਿਖੇ ਹੀ ਆਪਣੇ ਖੇਤ ਵਿੱਚ ਕੁਟੀਆ ਬਣਾ ਕੇ ਸਿਮਰਨ ਕਰਿਆ ਕਰਦੇ ਸਨ। ਉਨ੍ਹਾਂ ਦਿਨਾਂ ਵਿੱਚ ਵੀ ਬਾਬਾ ਜਵਾਲਾ ਸਿੰਘ ਜੀ ਇਨ੍ਹਾਂ ਦੇ ਪਾਸ ਆਇਆ ਜਾਇਆ ਕਰਦੇ ਸਨ। ਆਪਸ ਵਿੱਚ ਗੂੜੀ ਪ੍ਰੀਤੀ ਸੀ। ਸੰਤ ਬਿਸ਼ਨ ਸਿੰਘ ਜੀ ਜਦੋਂ ਹੋਤੀ ਮਰਦਾਨ ਡੇਰੇ ਦੇ ਦਰਸ਼ਨ ਕਰਨ ਵਾਸਤੇ ਗਏ

ਸਨ, ਬਾਬਾ ਆਇਆ ਸਿੰਘ ਸਾਹਿਬ ਜੀ ਤੋਂ ਇਹ ਮੰਗ ਮੰਗੀ ਸੀ ਕਿ ਗੁਰਭਾਈ ਸੰਤ ਜਵਾਲਾ ਸਿੰਘ ਜੀ ਨੂੰ ਮੇਰੇ ਨਾਲ ਪੰਜਾਬ ਭੇਜ ਦਿਉ ਮਹਾਂਪੁਰਸ਼ਾਂ ਨੇ ਬੇਨਤੀ ਪਰਵਾਨ ਕੀਤੀ ਸੀ ਅਤੇ ਆਪ ਜੀ ਨੇ ਹੁਸ਼ਿਆਰਪੁਰ ਇਲਾਕੇ ਦੇ ਅੰਦਰ ਅਸਥਾਨ ਕਾਇਮ ਕਰਕੇ ਗੁਰੂ ਦੀਆਂ ਸੰਗਤਾਂ ਦੇ ਸੁਧਾਰ ਦੀ ਸੇਵਾ ਬਖਸ਼ਿਸ਼ ਕੀਤੀ ਸੀ। ਸੋ ਸੰਤ ਬਿਸ਼ਨ ਸਿੰਘ ਜੀ ਦੇ ਪਾਸ ਆ ਜਾਣਾ।

ਸੰਤ ਹਰੀ ਸਿੰਘ ਜੀ ਮਹਾਂਪੁਰਸ਼ ਕਹਾਰ ਪੁਰ ਵਾਲੇ ਸੋ ਮਹਾਨ ਪੰਥਕ ਸੇਵਾਦਾਰ ਜਿਨ੍ਹਾਂ ਨੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੀ ਸੇਵਾ ਬੇਅੰਤ ਸਕੂਲਾਂ, ਕਾਲਜਾਂ, ਹਸਪਤਾਲ ਦੀ ਸੇਵਾ ਕਰਾਈ। ਹਰ ਪੱਖੋਂ ਮਹਾਨ ਕੁਸ਼ਲ ਸਨ। ਉਨ੍ਹਾਂ ਦੇ ਪਾਸ ਚਲੇ ਜਾਣਾ। ਇਹ ਮਹਾਂਪੁਰਬਾਂ ਦੀ ਆਪਣੀ ਰੁਚੀ ਸੀ।ਇਸੇ ਪ੍ਰਕਾਰ ਵਿਚਰਦਿਆਂ ਵਿਚਰਦਿਆਂ ਸੋ ਪਟਿਆਲੇ ਜ਼ਿਲ੍ਹੇ ਵਿਚ ਰਸਤੇ ਵਿੱਚ ਆਉਣ ਵਾਲੇ ਇਤਿਹਾਸਕ ਸਥਾਨ ਦੀ ਯਾਤਰਾ ਕਰਦਿਆਂ ਹੋਇਆਂ ਚਮਕੌਰ ਸਾਹਿਬ, ਫਤਹਿਗੜ੍ਹ ਸਾਹਿਬ ਫਿਰ ਮਹਾਂਪੁਰਸ਼ਾਂ ਨੇ ਰੇਰੂ ਸਾਹਿਬ ਪਹੁੰਚ ਜਾਣਾ। ਇਥੇ ਦਸਮ ਪਾਤਿਸ਼ਾਹ ਜੀ ਦਾ ਪਰਮ ਪਵਿੱਤਰ ਅਸਥਾਨ ਹੈ। ਬਾਬਾ ਅਤਰ ਸਿੰਘ ਸਾਹਿਬ ਜੀ ਜੋ ਬਾਬਾ ਕਰਮ ਸਿੰਘ ਸਾਹਿਬ ਜੀ ਦੇ ਪਰਮ ਪੂਜ ਸਿੱਖ, ਬ੍ਰਹਮ ਗਿਆਨੀ ਮਹਾਂਪੁਰਸ਼ ਸਨ।ਸਾਰੀ ਜ਼ਿੰਦਗੀ ਮਹਾਨ ਤਪੱਸਿਆ ਕੀਤੀ। ਹਲ ਵਾਹ ਕਰਕੇ ਗੁਰੂ ਕਾ ਲੰਗਰ ਚਲਾਇਆ। ਗੁਰਮਤ ਵਿੱਦਿਆ ਦਾ ਪ੍ਰਚਾਰ ਸੰਚਾਰ ਕੀਤਾ। ਜਿਨ੍ਹਾਂ ਤੋਂ ਵੱਡੀਆਂ-ਵੱਡੀਆਂ ਮਹਾਨ ਹਸਤੀਆਂ ਸੰਤ ਬਾਬਾ ਭਗਵਾਨ ਸਿੰਘ ਜੀ, ਸ੍ਰੀਮਾਨ ਪਰਮਪੂਜ ਸੰਤ ਬਾਬਾ ਈਸ਼ਰ ਸਿੰਘ ਸਾਹਿਬ ਜੀ ਰਾੜੇ ਵਾਲੇ ਮਹਾਂਪੁਰਸ਼ ਜਿਨ੍ਹਾਂ ਦੇ ਨਾਮ ਤੋਂ ਸਿੱਖ ਕੌਮ ਦਾ ਬੱਚਾ-ਬੱਚਾ ਜਾਣੂੰ ਹੈ।ਜਿਸ ਪ੍ਰਕਾਰ ਉਨ੍ਹਾਂ ਨੇ ਗੁਰਮਤ ਦਾ ਪ੍ਰਚਾਰ ਦੇਸਾਂ ਪ੍ਰਦੇਸਾਂ ਵਿੱਚ ਕਰਕੇ ਮਹਾਨ ਨਾਮਨਾ ਖੱਟੀ ਅਤੇ ਸੰਤ ਬਾਬਾ ਕਿਸ਼ਨ ਸਿੰਘ ਸਾਹਿਬ ਸੋ ਇਹ ਮਹਾਂਪੁਰਸ਼ ਬਾਬਾ ਅਤਰ ਸਿੰਘ ਜੀ ਸਾਹਿਬ ਤੋਂ ਵਰੋਸਾਏ ਸਨ। ਬਾਬਾ ਅਤਰ ਸਿੰਘ ਜੀ ਸਾਹਿਬ ਦੇ ਪਾਸ ਆਉਣਾ, ਉਨ੍ਹਾਂ ਨੂੰ ਆਪਣੇ ਮੁਰਸ਼ਦ ਬਾਬਾ ਆਇਆ ਸਿੰਘ ਜੀ ਸਾਹਿਬ ਦੇ ਤੁਲ ਜਾਣਕੇ, ਉਨ੍ਹਾਂ ਦੀ ਮਹਾਨ ਖਿਦਮਤ ਸੇਵਾ ਕਰਨੀ ਅਤੇ ਬਚਨ ਅਨੁਸਾਰ ਚੱਲਣਾਂ ਮਹਾਂਪੁਰਸ਼ਾਂ ਦੀ ਅਰਦਲ ਵਿੱਚ ਨਿਵਾਸ ਕਰਨਾ ਅਤੇ ਉਨ੍ਹਾਂ ਦੀ ਆਸ਼ੀਰਵਾਦ ਪ੍ਰਾਪਤ ਕਰਨੀ। ਇਸੇ ਪ੍ਰਕਾਰ ਫਿਰ ਕਈ ਵਾਰ ਬਧੌਸੀ ਨੱਗਰ ਸੰਤ ਬਾਬਾ ਬੀਰਮਦਾਸ ਜੀ ਉਦਾਸੀ ਮਹਾਂਪੁਰਸ਼ ਬਾਬਾ ਸ੍ਰੀ ਚੰਦ ਸਾਹਿਬ ਜੀ ਦੀ ਸੰਪਰਦਾ ਨਾਲ ਤੁਅੱਲਕ ਰੱਖਦੇ ਸਨ। ਨਿਰਬਾਨ ਫਕੀਰ ਸਨ।

ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ॥ (ਪੰਨਾਂ 745)

ਐਸੇ ਮਹਾਂਪੁਰਸ਼ ਸਨ ਬਾਬਾ ਬੀਰਮਦਾਸ ਜੀ ਬਧੌਸੀ ਵਾਲੇ ਬ੍ਰਹਮ ਗਿਆਨੀ ਜਿਨਾਂ ਨੇ 25-25 ਸੁਖਮਨੀ ਸਾਹਿਬ ਦੇ ਰੋਜ਼ ਨਿੱਤਨੇਮ ਕਰਨੇ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਨੇ ਪ੍ਰਤੱਖ ਦਰਸ਼ਨ ਬਖਸ਼ਿਸ਼ ਕੀਤੇ ਅਤੇ ਬ੍ਰਹਮ ਗਿਆਨੀ ਦੀ ਦਾਤ ਬਖਸ਼ਿਸ਼ ਕੀਤੀ। ਜਿਨ੍ਹਾਂ ਮਹਾਂਪੁਰਸ਼ਾਂ ਤੋਂ ਸੰਤ ਬਾਬਾ ਸਾਧੂ ਸਿੰਘ, ਸੰਤ ਬਾਬਾ ਗੁਰਮੁਖ ਸਿੰਘ ਸਾਹਿਬ ਕਾਰ ਸੇਵਾ ਵਾਲੇ ਮਹਾਂਪੁਰਸ਼ ਅਤੇ ਮਾਤਾ ਜਿਊਣੀ ਦਾਸ ਜੀ ਵਰੋਸਾਏ। ਮਹਾਂਪੁਰਸ਼ਾਂ ਨੇ ਆਪਣੇ ਪਾਸ ਬਾਣ ਦੇ ਗੋਲੇ ਰੱਖਣੇ। ਕਦੇ ਉਧੇੜਨ ਲੱਗ ਜਾਣਾਂ ਕਦੇ ਇਕੱਠੇ ਕਰਨ ਲੱਗ ਜਾਣਾਂ। ਬੇਅੰਤ ਚੋਜ਼ ਵਰਤਾਇਆ ਕਰਦੇ ਸਨ। ਬ੍ਰਹਮਗਿਆਨੀ ਸਨ।

ਸੋ ਬਾਬਾ ਜਵਾਲਾ ਸਿੰਘ ਜੀ ਨੇ ਉਨ੍ਹਾਂ ਦੇ ਪਾਸ ਜਾਣਾ ਮਹੀਨਾ, ਦੋ-ਦੋ ਮਹੀਨੇ ਉਨ੍ਹਾ ਪਾਸ ਬਿਰਾਜਣਾਂ। ਆਪਸ ਵਿੱਚ ਮਹਾਂਪੁਰਸ਼ਾਂ ਦੀ ਗਿਆਨ ਅਭਿਆਸ, ਨਾਮ ਅਭਿਆਸ ਦੇ ਬਚਨ ਹੋਣੇ ਫਿਰ ਬਾਬਾ ਬੀਰਮਦਾਸ ਜੀ ਨੇ ਆਗਿਆ ਦੇਣੀ ਕਿ ਜਾਉ ਜਵਾਲਾ ਸਿੰਘ ਚਲੇ ਜਾਉ। ਉਨ੍ਹਾਂ ਦੀ ਬਿਰਤੀ ਸੀ ਕਿ ਆਪ ਲੋਕਾਂ ਨੂੰ ਨੇੜੇ ਨਹੀਂ ਆਉਣ ਦੇਣਾ, ਕਿਉਂ ਕਿ ਕਾਮਨਾਂ ਵਾਲੇ ਲੋਕ ਭਜਨ ਵਿੱਚ ਰੁਕਾਵਟ ਪਾਉਂਦੇ

ਹਨ। ਕਈ ਵਾਰ ਗਾਲੀ ਗਲੋਚ ਕਰਨਾ, ਰੋੜੇ ਮਾਰਨੇ, ਢੀਮਾਂ ਮਾਰਣੀਆਂ, ਧੂਣੇ ਦੀ ਲੱਕੜ ਬਲਦੀ ਮਾਰਨੀ ਕਿ ਅਗਲਾ ਸਮਝੇ ਪਾਗਲ ਹੈ। ਸਾਡੇ ਨੇੜੇ ਨਾ ਆਵੇ ਤੇ ਆਪਦੇ ਅਨੰਦ ਵਿੱਚ ਮਸਤ ਰਹਿਣਾਂ।

ਜਦੋਂ ਸੰਤ ਜਵਾਲਾ ਸਿੰਘ ਜੀ ਪਹਿਲੀ ਵਾਰੀ ਗਏ ਮਨ ਵਿੱਚ ਵਿਚਾਰ ਆਈ ਕਿ ਪਿਸ਼ਾਵਰ ਵਾਲੇ ਮਹਾਂਪੁਰਸ਼ ਬਾਬਾ ਕਾਹਨ ਜੀ ਵਾਂਗੂ ਇਨ੍ਹਾਂ ਨੇ ਅਲਬੇਲੀ ਕਿਰਿਆ ਧਾਰੀ ਹੈ। ਉਨ੍ਹਾਂ ਵਾਲਾ ਹੀ ਸਾਰਾ ਕਰਤੱਬ ਕਰਦੇ ਹਨ ਕਿ ਮਹਾਂਪੁਰਸ਼ ਮੇਰੇ ਇਸ ਤਰ੍ਹਾਂ ਰੋੜੇ, ਢੀਮਾਂ ਜਾਂ ਧੂਣੇ ਦੀ ਲੱਕੜ ਨਾ ਮਾਰਨ। ਬਾਬਾ ਬੀਰਮਦਾਸ ਜੀ ਅੰਤਰਯਾਮੀ ਕਹਿਣ ਲੱਗੇ ਜਵਾਲਾ ਸਿੰਘ ਜੀ ਜਿਹੜੇ ਇਹੋ ਜਿਹੇ ਮਨਮੁੱਖ ਲੋਕ ਹਨ, ਅਸੀਂ ਉਨਾਂ ਨੂੰ ਹੀ ਇਸ ਤਰ੍ਹਾ ਦੌੜਾਉਂਦੇ ਹਾਂ। ਜੋ ਸਾਡੇ ਭਜਨ ਵਿੱਚ ਆ ਕੇ ਬਿਘਨ ਪਾਂਉਦੇ ਹਨ। ਤੁਹਾਡੇ ਜੈਸੇ ਪਵਿੱਤਰ ਮਹਾਂਪੁਰਸ਼ਾਂ ਨੂੰ ਤਾਂ ਮੈਂ ਹਰ ਵੇਲੇ ਉਡੀਕਦਾ ਰਹਿੰਦਾ ਹਾਂ। ਜਦੋਂ ਬਾਬਾ ਜਵਾਲਾ ਸਿੰਘ ਜੀ ਗਏ ਉਨਾਂ ਨੇ ਆਪਣੀ ਗਲਵੱਕੜੀ ਵਿੱਚ ਲਿਆ। ਅਸ਼ੀਰਵਾਦ ਬਖਸ਼ਿਸ਼ ਕੀਤੀ। ਮਹਾਂਪੁਰਸ਼ਾਂ ਨੇ ਬਾਣ ਦੇ ਗੋਲੇ ਇਕੱਠੇ ਕਰੀ ਜਾਣੇ, ਬਾਬਾ ਜਵਾਲਾ ਸਿੰਘ ਜੀ ਨੇ ਖੋਲ੍ਹੀ ਜਾਣੇ। ਨਾਲੇ ਭਜਨ ਕਰੀ ਜਾਣਾਂ। ਇਵੇਂ ਚਿੱਤ ਲਾਉਣ ਵਾਸਤੇ ਮਹਾਂਪੁਰਸ਼ਾਂ ਨੇ ਜਾਂ ਉਨ੍ਹਾਂ ਦੀ ਇੱਛਾ ਮੁਤਾਬਕ ਕੋਈ ਚੋਜ਼ ਜਾਣੋ ਕਰਿਆ ਕਰਦੇ ਸਨ।

ਬਾਬਾ ਗੁਰਮੁਖ ਸਿੰਘ ਸਾਹਿਬ, ਬਾਬਾ ਸਾਧੂ ਸਿੰਘ ਜੀ ਪਟਿਆਲੇ ਤੋਂ ਨੰਗੇ ਚਰਨੀ ਚੱਲ ਕੇ ਬਾਬਾ ਬੀਰਮਦਾਸ ਦੇ ਚਰਨਾਂ ਵਿੱਚ ਆ ਕੇ ਹੁਕਮੀ ਸੇਵਾ ਕਰਿਆ ਕਰਦੇ ਸਨ। ਲੰਬਾਂ ਸਮਾਂ ਸੇਵਾ ਕੀਤੀ ਸੋ ਮਹਾਂਪੁਰਸ਼ਾਂ ਦੀ ਆਸ਼ੀਰਵਾਦ ਹੋਈ ਅਤੇ ਕਾਰ ਸੇਵਾ ਕਰਨ ਵਾਸਤੇ ਗੁਰਧਾਮਾਂ ਦੀ ਆਗਿਆ ਬਖਸ਼ਿਸ਼ ਕੀਤੀ। ਕਹਿਣ ਲੱਗੇ ਮਹਾਰਾਜ ਸਾਨੂੰ ਕੋਈ ਜਾਣਦਾ ਨਹੀਂ, ਕਹਿਣ ਲੱਗੇ ਭਾਈ ਤੁਹਾਨੂੰ ਜਾਨਣ ਵਾਲੇ ਅੱਗੇ ਉਡੀਕ ਰਹੇ ਹਨ। ਸਤਿਗੁਰ ਸੱਚੇ ਪਾਤਸ਼ਾਹ ਜਾਨਣਗੇ। ਅੰਮ੍ਰਿਤਸਰ ਸਾਹਿਬ ਭੇਜਿਆ ਕਿ ਗੁਰਧਾਮਾਂ ਦੀ ਤੇ ਸਰੋਵਰਾਂ ਦੀ ਦਸ਼ਾ ਕੁਝ ਖਸਤਾ ਹੈ ਆਪ ਜਾ ਕਰਕੇ ਨਨਕਾਣਾ ਸਾਹਿਬ ਸਾਰੇ ਹੀ ਇਤਿਹਾਸਕ ਸਥਾਨਾਂ ਦੀ ਸੇਵਾ ਕਰਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਸੋ ਜਦੋਂ ਅੰਮ੍ਰਿਤਸਰ ਸਾਹਿਬ ਮਹਾਂਪੁਰਸ਼ਾਂ ਦਾ ਆਸ਼ੀਰਵਾਦ ਲੈ ਕੇ ਆਏ ਸੋ ਬਾਬਾ ਸ਼ਾਮ ਸਿੰਘ ਸਾਹਿਬ, ਸ਼ਹਿਰ ਦੀਆਂ ਸੰਗਤਾਂ ਨੂੰ ਲੈ ਕੇ ਅੱਗੇ ਹੀ ਬਾਹਰ ਚਲੇ ਗਏ। ਸੰਗਤਾਂ ਨੇ ਬੇਨਤੀ ਕੀਤੀ ਹਜ਼ੂਰ ਮਹਾਂਪੁਰਸ਼ੋ ਕੀ ਕੌਤਕ ਹੈ? ਜਿਨਾਂ ਮਹਾਂਪੁਰਸ਼ਾਂ ਨੇ ਗੁਰੂ ਰਾਮਦਾਸ ਜੀ ਦੇ ਦਰਬਾਰ ਵਿੱਚ 30 ਸਾਲ ਸਿਰੰਦਾ ਫੜ੍ਹ ਕੇ ਨਿਸ਼ਕਾਮ ਕੀਰਤਨ ਕੀਤਾ। ਐਸੇ ਬ੍ਰਹਮਗਿਆਨੀ ਮਹਾਂਪੁਰਸ਼ ਬਾਬਾ ਸ਼ਾਮ ਸਿੰਘ ਜੀ ਜੋ ਭਾਈ ਧਰਮ ਸਿੰਘ ਸਾਹਿਬ ਪੰਜਾਂ ਪਿਆਰਿਆਂ ਚੋਂ ਦੂਸਰੇ ਪੰਜਾਂ ਪਿਆਰਿਆਂ ਦੀ ਸੰਪਰਦਾ ਵਿਚੋਂ ਸਨ। ਸੰਤ ਬਾਬਾ ਮਿਸ਼ਰਾ ਸਿੰਘ ਜੀ, ਸੰਤ ਬਾਬਾ ਸ਼ਾਮ ਸਿੰਘ ਜੀ ਵੱਡੇ-ਵੱਡੇ ਮਹਾਂਪੁਰਸ਼ ਇਸ ਸੰਪਰਦਾ ਵਿੱਚ ਸਾਧ ਸੰਗਤ ਜੀ ਹੋਏ ਹਨ। ਸੋ ਬਾਬਾ ਸ਼ਾਮ ਸਿੰਘ ਸੰਗਤਾਂ ਨੂੰ ਕਹਿਣ ਲੱਗੇ ਅੱਜ ਅੰਮ੍ਰਿਤਸਰ ਦੇ ਅੰਦਰ ਅੰਮ੍ਰਿਤਸਰ ਮਾਨਸਰਵੋਰ ਹੈ। ਦੋ ਹੰਸ ਆ ਰਹੇ ਹਨ। ਉਨ੍ਹਾਂ ਨੂੰ ਲੈਣ ਵਾਸਤੇ ਜਾ ਰਹੇ ਹਾਂ। ਬਾਬਾ ਜੀ ਨੇ ਜਾ ਕੇ ਇਨਾਂ ਦੋਹਾਂ ਮਹਾਂਪੁਰਸ਼ਾਂ ਦੀ ਸੰਭਾਲ ਕੀਤੀ ਅਤੇ ਗੁਰੂ ਮਹਾਰਾਜ ਦੇ ਦਰਬਾਰ ਵਿੱਚ ਨਾਲ ਦਰਸ਼ਨ ਲਈ ਆਏ ਬੜਾ ਸਤਿਕਾਰ ਪਿਆਰ ਸਿਰੋਪੇ ਬਖਸ਼ਿਸ਼ ਕਰਵਾਏ। ਆਪਣੇ ਅਸਥਾਨ ਤੇ ਲੈ ਗਏ ਪੂਰਨ ਸਹਿਯੋਗ ਦਿੱਤਾ ਅਤੇ ਕਾਰ ਸੇਵਾ ਦਾ ਯੱਗ ਸ਼ੁਰੂ ਹੋਇਆ। ਸੋ ਸੰਤੋਖਸਰ ਸਾਹਿਬ ਦੀ ਹੋਰ ਸਾਰੇ ਸਰੋਵਰਾਂ ਦੀ ਗੁਰਧਾਮਾਂ ਦੀ ਸੇਵਾ ਨਨਕਾਣਾਂ ਸਾਹਿਬ, ਮੁਕਤਸਰ ਸਾਹਿਬ ਬੇਅੰਤ ਅਸਥਾਨਾਂ ਦੀ ਸੇਵਾ ਖਡੂਰ ਸਾਹਿਬ ਮਹਾਂਪੁਰਸ਼ਾਂ ਨੇ ਹਰ ਜਗ੍ਹਾਂ ਭਾਈ ਕੀਤੀ ਕਰਾਈ। ਇੱਧਰ ਮਾਤਾ ਜਿਉਣੀ ਦਾਸ ਜੀ ਨੇ ਬਾਬਾ ਬੀਰਮਦਾਸ ਜੀ ਦੀ ਮਹਾਨ ਸੇਵਾ ਕਰਦੇ ਸਨ ਅਤੇ ਬਾਬਾ ਜੀ ਦੇ ਕੌੜੇ ਬਚਨਾਂ ਨੂੰ ਮਿੱਠੇ ਜਾਣ ਕੇ ਮੰਨਦੇ ਰਹੇ ਅਤੇ ਕਸਵੱਟੀ ਉਤੇ ਪੂਰੇ ਉਤਰੇ। ਬਾਬਾ ਜੀ ਤੋਂ ਬਾਅਦ ਮੁੱਖ ਸੇਵਾਦਾਰ ਥਾਪੇ ਗਏ। ਲੰਬਾਂ ਸਮਾਂ 40 ਸਾਲ ਉਸ ਅਸਥਾਨ ਦੀ ਸੇਵਾ ਮਾਤਾ ਜਿਉਣੀ

ਦਾਸ ਜੀ ਨੇ ਨਿਭਾਈ। ਐਸੇ ਅਲਬੇਲੇ ਮਹਾਂਪੁਰਸ਼ ਬਾਬਾ ਬੀਰਮਦਾਸ ਜੀ ਸਨ। ਸੋ ਮਹਾਂਪੁਰਸ਼ ਦੀ ਗੈਬੀ ਪੰਜ ਕੌਂਸਿਲ ਦੇ ਉਹ ਪ੍ਰੈਜੀਡੈਂਟ ਸਨ। ਨੋਟ-ਅੰਤਰੀਵੀ ਮਹਾਪੁਰਸ਼ਾਂ ਦਾ ਜੋ ਮੰਡਲ ਹੈ।

ਬਾਬਾ ਬੀਰਮਦਾਸ ਜੀ ਤੋਂ ਚੱਲ ਕਰਕੇ ਮਹਾਂਪੁਰਸ਼ਾਂ ਨੇ ਵਿਚਰਦਿਆਂ ਵਿਚਰਦਿਆਂ ਲੰਬਾਂ ਸਫਲ ਤੈਅ ਕਰਦਿਆਂ, ਫਿਰ ਰੇਰੂ ਸਾਹਿਬ ਆ ਜਾਣਾਂ। ਰੇਰੂ ਸਾਹਿਬ ਤੋਂ ਕਈ ਵਾਰ ਫਿਰ ਮਹਾਂਪੁਰਸ਼ਾਂ ਨੇ ਰਾਮਗੜ ਸੰਤ ਬਾਬਾ ਮੱਘਰ ਸਿੰਘ ਜੀ, ਜਿਨ੍ਹਾਂ ਬਾਰੇ ਬੇਨਤੀ ਪਿੱਛੇ ਇਤਿਹਾਸ ਵਿੱਚ ਕਰ ਦਿੱਤੀ ਹੈ ਕਿ ਫੌਜ ਵਿੱਚ ਹੀ ਉਨਾਂ ਦਾ ਮਿਲਾਪ ਹੋਇਆ ਸੀ। ਇਹ ਬ੍ਰਹਮਗਿਆਨੀ ਮਹਾਂਪੁਰਸ਼ ਵੀ ਬਾਬਾ ਕਰਮ ਸਿੰਘ ਸਾਹਿਬ ਹੋਤੀ ਮਰਦਾਨ ਵਾਲਿਆਂ ਦੇ ਸੇਵਕ ਸਨ। ਸੋ ਬੜੇ ਪੂਰਨ ਜੋਗੀ ਸਨ ਅਤੇ ਜਦੋਂ ਮਿਸਰ ਦੀ ਲੜਾਈ ਵਿੱਚ ਗਏ। ਉਥੇ ਜੋ ਗੋਰਾ ਸਰਕਾਰ ਉਨਾਂ ਨੂੰ ਡਬਲ ਰੋਟੀ, ਕੇਕ ਦਿੰਦੇ ਸਨ ਉਹਦੇ ਵਿੱਚ ਗਾਂ ਦੇ ਮਾਸ ਦੇ ਕੁਝ ਅੰਸ਼ ਹੋਣ ਤੋਂ ਨਾ ਖਾਧੀ ਕਈ ਦਿਨ ਭੁੱਖੇ ਰਹਿਣਾ ਪਿਆ। ਲੋਹਾਂ ਬੀੜ ਦਿੱਤੀਆਂ ਗੈਬੀ ਰਾਸ਼ਨ ਮਿਲਿਆ ਸੋ ਪਕਾ ਕੇ ਸੰਗਤਾਂ ਨੇ ਛਕਿਆ ਛਕਾਇਆ। ਫਿਰ ਸਰਕਾਰ ਕੋਲ ਰਿਪੋਰਟ ਹੋਈ ਸੋ ਕਹਿਣ ਲੱਗੇ ਕਿ ਪ੍ਰਮੇਸ਼ਰ ਆਪਣੇ ਖਾਲਸੇ ਦੀ ਆਪ ਹੀ ਲਾਜ ਰੱਖਦਾ ਹੈ।

ਇਨ੍ਹਾਂ ਦੇ ਪਰਮ ਪ੍ਰੀਤਵਾਨ ਭਾਈ ਮਨਸ਼ਾ ਸਿੰਘ ਸੋ ਕਿਰਪਾਨ ਤੋਂ ਝਗੜਾ ਹੋਇਆ ਉਹ ਫੌਜ ਵਿੱਚ ਵੀ ਕਿਰਪਾਨ ਪਾ ਕੇ ਜਾਂਦੇ ਰਹੇ। ਕੇਸ ਜਿੱਤਿਆ। ਉਨ੍ਹਾਂ ਨੂੰ ਕਿਰਪਾਨ ਬਹਾਦਰ ਦਾ ਖਿਤਾਬ ਪ੍ਰਾਪਤ ਹੋਇਆ। ਸੰਤ ਬਾਬਾ ਪ੍ਰੇਮ ਸਿੰਘ ਕੋਕਰੀ ਵਾਲੇ ਮਹਾਂਪੁਰਸ਼ ਜੋ ਬਾਲਕ ਪਨ ਵਿੱਚ ਗਠੀਆ ਹੋ ਗਿਆ ਸੀ, ਸੰਤ ਬਾਬਾ ਉਤਮ ਸਿੰਘ ਜੀ ਕੋਕਰੀ ਵਾਲਿਆਂ ਨੇ ਸਰਦੀਆਂ ਦਾ ਮਹੀਨਾ ਸ਼ਰਦਾਈ ਪਿਲਾ ਕੇ ਤੰਦਰੁਸਤੀ ਬਖਸ਼ੀ ਅਤੇ ਕਿਹਾ ਕਿ ਇਸ ਭੁਝੰਗੀ ਤੋਂ ਬੇਅੰਤ ਅਸਥਾਨਾਂ ਦੀ ਸੇਵਾ ਕਰਵਾਉਣੀ ਹੈ।ਸੋ ਉਹ ਮਹਾਂਪੁਰਸ਼ ਵੀ ਉਨਾਂ ਦੇ ਨਾਲ ਫੌਜ ਵਿੱਚ ਸਨ ਹੋਰ ਵੀ ਬੇਅੰਤ ਗੁਰਮੁਖ ਪਿਆਰੇ ਸੋ ਸੰਤ ਬਾਬਾ ਪਰੇਮ ਸਿੰਘ ਜੀ ਨੇ ਬੇਅੰਤ ਅਸਥਾਨਾਂ ਦੀ ਸੇਵਾ ਕਰਵਾਈ ਅਤੇ ਅਕਾਲੀ ਦਲ ਦੇ ਸਾਰੇ ਮੋਰਚਿਆਂ ਵਿੱਚ ਜਥੇਦਾਰ ਬਣਕੇ ਜਾਂਦੇ ਰਹੇ। ਸੋ ਸੰਤ ਬਾਬਾ ਮੱਘਰ ਸਿੰਘ ਸਾਹਿਬ ਜੀ ਐਸੇ ਮਹਾਂਪੁਰਸ਼ ਸਨ। ਬਾਬਾ ਜਵਾਲਾ ਸਿੰਘ ਜੀ ਨਾਲ ਉਨਾਂ ਦੀ ਅਥਾਹ ਗੂੜ੍ਹੀ ਪਰੀਤੀ ਸੀ। ਮਹਾਂਪੁਰਸ਼ ਉਨਾਂ ਦੇ ਪਿਆਰ ਵਿੱਚ ਨੱਗਰ ਰਾਮਗੜ੍ਹ ਉਨਾਂ ਨੇ ਆਪਣੇ ਖੇਤ ਵਿੱਚ ਕੁਟੀਆ ਬਣਾਈ, ਤਪੱਸਿਆ ਕਰਦੇ ਸਨ। ਇਲਾਕੇ ਵਿੱਚ ਦੀਵਾਨ ਲਾ-ਲਾ ਕੇ ਸੰਗਤਾਂ ਨੂੰ ਅੰਮ੍ਰਿਤ ਛਕਾਉਣੇ, ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਜੋੜਨਾਂ ਅਤੇ ਵਿਆਹਾਂ ਸ਼ਾਦੀਆਂ ਵਿੱਚ ਘੱਟ ਖਰਚ ਕਰਨਾ। ਐਸੇ ਕਈ ਵਿਆਹ ਕੀਤੇ ਜੋ ਗੁਰਮਤਿ ਮਰਿਯਾਦਾ ਅਨੁਸਾਰ ਹੋਏ ਅਤੇ ਫੈਸ਼ਨ ਪ੍ਰਸਤੀ, ਨਸ਼ਿਆਂ ਤੋਂ ਸੰਗਤਾਂ ਨੂੰ ਰੋਕਣਾਂ, ਬੜਾ ਭਾਰੀ ਗੁਰਮਤਿ ਦਾ ਪ੍ਰਚਾਰ ਕੀਤਾ।

ਬਾਬਾ ਅਤਰ ਸਿੰਘ ਸਾਹਿਬ ਮਸਤੂਆਣੇ ਵਾਲੇ ਮਹਾਂਪੁਰਸ਼ ਤੇ ਬਾਬਾ ਮੱਘਰ ਸਿੰਘ ਸਾਹਿਬ ਰਾਮਗੜ੍ਹ ਵਾਲੇ ਜਦੋਂ ਮਿਲੇ ਦੋਹਾਂ ਨੇ ਬੜੇ ਪਿਆਰ ਨਾਲ ਇੱਕ ਦੂਜੇ ਨੂੰ ਗੱਲਵੱਕੜੀਆਂ ਪਾਈਆਂ ਅਤੇ ਬਾਬਾ ਅਤਰ ਸਿੰਘ ਸਾਹਿਬ ਜੀ ਨੇ ਕਿਹਾ ਕਿ ਸੰਤ ਮੱਘਰ ਸਿੰਘ ਜੀ ਦੀ ਪਿਛਲੇ ਜਨਮਾਂ ਦੀ ਬੇਅੰਤ ਕਮਾਈ ਹੈ। ਸੋ ਮਹਾਂਪੁਰਸ਼ਾਂ ਨੇ ਆਪਣੀ ਰਸਨਾਂ ਤੋਂ ਐਸੇ ਵਾਕ ਉਨ੍ਹਾਂ ਪ੍ਰਤੀ ਵਰਤੇ ਸਨ। ਸੋ ਸਾਧ ਸੰਗਤ ਜੀ ਉਨ੍ਹਾਂ ਪਾਸ ਚਲੇ ਜਾਣਾਂ। ਇਥੋਂ ਮਹਾਂਪੁਰਸ਼ਾਂ ਨੇ ਫਿਰ ਰਾਜੇਆਣੇ ਨਗਰ ਸੰਤ ਬਾਬਾ ਮੀਹਾਂ ਸਿੰਘ ਜੀ ਨਿਰਮਲੇ ਸੰਤ ਸੰਸਕ੍ਰਿਤ ਦੇ ਮਹਾਨ ਧੁਰੰਧਰ ਵਿਦਵਾਨ, ਮਹਾਨ ਜੋਤਿਸ਼ਾ, ਆਚਾਰਯ, ਵੇਦਾਂਤ ਅਚਾਰਯ ਔਰ ਨਿਆਇਕ ਔਰ ਮਹਾਨ ਤਪੱਸਵੀ, 25-25 ਸੁਖਮਨੀ ਸਾਹਿਬ ਰੋਜ ਨਿੱਤਨੇਮ ਵਿੱਚ ਪੜ੍ਹਨੇ। ਇੱਕ ਡਿੱਗੀ ਬਣਾਈ ਹੋਈ ਸੀ। ਗਲ਼-ਗਲ਼ ਪਾਣੀ ਵਿੱਚ ਖੜੋ ਕੇ ਮਹਾਂਪੁਰਸ਼ਾਂ ਨੇ ਸਾਰੀ-ਸਾਰੀ ਰਾਤ ਤਪੱਸਿਆ ਕਰਨੀ। ਵਿਦਿਆਰਥੀਆਂ ਨੂੰ ਵਿੱਦਿਆ ਵੀ ਪੜ੍ਹਾਉਣੀਂ ਅਤੇ ਰੋਗੀਆਂ ਵਾਸਤੇ ਗੁਰ ਨਾਨਕ ਔਸ਼ਧਾਲਿਆ ਕਾਇਮ ਕੀਤੀ, ਜਿਥੇ

ਆਯੁਰਵੈਦ ਅਤੇ ਯੂਨਾਨੀ ਦਵਾਈਆਂ ਦੇ ਕੇ ਗਰੀਬਾਂ ਨੂੰ ਮੁਫਤ ਵੰਡਣੀਆਂ ਅਤੇ ਤੰਦਰੁਸਤੀ ਬਖਸ਼ਿਸ਼ ਕਰਨੀ। ਐਸੇ ਬ੍ਰਹਮਗਿਆਨੀ ਮਹਾਂਪੁਰਸ਼ ਸਨ। ਉਨ੍ਹਾਂ ਦੇ ਪਾਸ ਮਹਾਂਪੁਰਸ਼ਾਂ ਨੇ ਚਲੇ ਜਾਣਾਂ। ਬਾਬਾ ਨੰਦ ਸਿੰਘ ਜੀ ਨਾਨਕਸਰ ਵਾਲਿਆਂ ਨਾਲ ਵੀ ਅਥਾਹ ਪਿਆਰ ਸੀ।

ਇਸੇ ਪ੍ਰਕਾਰ ਸੋ ਮਹਾਂਪੁਰਸ਼ ਭਿੰਡਰੀ ਸੰਤ ਬਾਬਾ ਸੁੰਦਰ ਸਿੰਘ ਜੀ ਗੁਰਮਤ ਦੇ ਮਹਾਨ ਵਿੱਦਵਾਨ, ਬਾਲ ਜਤੀ ਗੁਰਮੁਖ ਪਿਆਰੇ ਮਹਾਂਪੁਰਸ਼ ਮਹਾਨ ਤਪੱਸਵੀ, ਸੇਵਾ ਸਿਮਰਨ ਦੇ ਜੋ ਪੁੰਜ ਸਨ। ਵਿੱਦਿਆ ਮਾਰਤੰਡ ਉਨ੍ਹਾਂ ਨਾਲ ਬਾਬਾ ਜਵਾਲਾ ਸਿੰਘ ਜੀ ਦੀ ਅਤਿਅੰਤ ਪ੍ਰੀਤੀ ਸੀ। ਉਨ੍ਹਾਂ ਮਹਾਂਪੁਰਸ਼ਾਂ ਦੇ ਪਾਸ ਵੀ ਚਲੇ ਜਾਣਾਂ। ਇੱਛਾ ਮੁਤਾਬਕ ਰਹਿਣਾਂ। ਸੋ ਮਹਾਂਪੁਰਸ਼ਾਂ ਦਾ ਪ੍ਰਸਪਰ ਬੜਾ ਭਾਰੀ ਗੂੜਾ ਪਿਆਰ ਸੀ। ਇਸੇ ਪ੍ਰਕਾਰ ਪੰਡਿਤ ਭਾਨ ਸਿੰਘ ਸਾਹਿਬ ਕੋਕਰੀ ਵਾਲੇ ਮਹਾਂਪੁਰਸ਼ ਜੋ ਜਿਹੜੇ ਪਰੀ ਵਿਰਾਜਕਾ ਅਚਾਰਯ, ਵਿੱਦਿਆ ਮਾਰਤੰਡ ਨਬ ਨਿਆਇਕ ਔਰ ਭਾਰਤ ਲੈਵਲ ਤੇ ਮਹਾਨ ਵਿੱਦਵਾਨ ਸਨ। ਜਿਹਨਾਂ ਦੇ ਪਾਸ ਖਟ ਭੇਖਾਂ ਦੇ ਵੱਡੇ-ਵੱਡੇ ਮੰਡਲੇਸ਼ਰ ਵਿੱਦਿਆ ਪੜ੍ਹਨ ਵਾਸਤੇ, ਸਾਧ ਸੰਗਤ ਜੀ ਆਇਆ ਕਰਦੇ ਸਨ। ਜਿਨਾਂ ਦੇ ਵਿਦਿਆਰਥੀ ਸਵਾਮੀ ਗੰਗੇਸ਼ਰਾ ਨੰਦ, ਪੰਡਿਤ ਇੰਦਰ ਸਿੰਘ ਜੀ,ਪੰਡਿਤ ਤਰਲੋਕ ਸਿੰਘ ਜੀ, ਪੰਡਿਤ ਸੁਹੇਲ ਸਿੰਘ ਜੀ ਔਰ ਅਰਜੁਨ ਮੁਨੀ, ਅਰਜਨ ਭਿਖਸ਼ੂ, ਅਰਜਨ ਸ਼ਾਸ਼ਤਰੀ ਔਰ ਗੋਵਿੰਦ ਦਾਸ। ਇਸੇ ਪ੍ਰਕਾਰ ਹਰੀ ਪ੍ਰਕਾਸ਼ ਇਸੇ ਤਰ੍ਹਾਂ ਸਾਧ ਸੰਗਤ ਜੀ, ਸੰਤ ਟਹਿਲ ਸਿੰਘ ਜੀ, ਸੋ ਵੈਰਾਗ ਵਿੱਚ ਰਹੇ। ਬੇਅੰਤ ਵਿੱਦਿਆ ਦਾ ਪ੍ਰਚਾਰ ਸੰਚਾਰ ਕੀਤਾ।

ਸੋ ਵੱਡੇ-ਵੱਡੇ ਮਹਾਂਪੁਰਸ਼ ਹਰਿਦੁਆਰ ਜਾ ਕਰਕੇ ਬਿਰਕਤ ਕੁਟੀਆ ਜਾਂ ਨਿਰਮਲ ਬਾਗ ਵਿੱਚੋਂ ਸੰਤ ਬਾਬਾ ਬੁੱਢਾ ਸਿੰਘ ਜੀ ਦਾ ਜੋ ਪਰਮ ਪਵਿੱਤਰ ਅਸਥਾਨ ਹੈ,ਜਿਨ੍ਹਾਂ ਦੇ ਸ਼ਿਸ਼ ਪੰਡਿਤ ਨਿੱਕਾ ਸਿੰਘ ਜੀ, ਪੰਡਿਤ ਅਰਜਨ ਸਿੰਘ ਜੀ ਭਿਖਸ਼ੂ ਅਤੇ ਸੰਤ ਆਤਮਾ ਸਿੰਘ ਜੀ ਮਹਾਂਪੁਰਸ਼ਾਂ ਦੇ ਪਿਆਰ ਵਿੱਚ ਉਸ ਅਸਥਾਨ ਤੇ ਨਿਵਾਸ ਰੱਖਿਆ ਕਰਦੇ ਸਨ। ਕਾਸ਼ੀ ਦੇ ਮਹਾਨ ਵੱਡੇ ਵੱਡੇ ਆਚਾਰਯ ਪੰਡਿਤ ਭਾਨ ਸਿੰਘ ਜੀ ਅੱਗੇ ਨਤ ਮਸਤਕ ਸਨ। ਦੇਸ਼ ਭਰ ਦੇ ਸਾਰੇ ਵਿੱਦਵਾਨ ਉਨਾਂ ਅੱਗੇ ਸਿਜਦੇ ਕਰਦੇ ਸਨ। ਐਸੇ ਮਹਾਂਪੁਰਸ਼ ਪੰਡਿਤ ਭਾਨ ਸਿੰਘ ਸਾਹਿਬ ਸੋ ਉਨ੍ਹਾਂ ਮਹਾਂਪੁਰਸ਼ਾਂ ਨਾਲ ਹਜ਼ੂਰ ਸਾਹਿਬ ਬਾਬਾ ਜਵਾਲਾ ਸਿੰਘ ਸਾਹਿਬ ਜੀ ਦਾ ਮਿਲਾਪ ਹੋਇਆ। ਉਥੇ ਗੁਰਮਤ ਸਬੰਧੀ, ਸ਼ਾਸ਼ਤਰਾਂ ਸਬੰਧੀ ਵਿਚਾਰਾਂ ਹੋਈਆਂ। ਬਾਬਾ ਜਵਾਲਾ ਸਿੰਘ ਜੀ ਨੇ ਆਪ ਮਹਾਂਪੁਰਸ਼ਾਂ ਦਾ ਆਸਣ ਸੱਚਖੰਡ ਸਰਾਂ ਵਿੱਚ ਬੜੇ ਪਿਆਰ ਸਤਿਕਾਰ ਨਾਲ ਕਰਾਇਆ। ਜਿਤਨੇ ਦਿਨ ਰਹੇ ਦਰਸ਼ਨ ਪਰਸ਼ਨ ਹੁੰਦੇ ਰਹੇ। ਸੋ ਇਸ ਤਰ੍ਹਾਂ ਮਹਾਂਪੁਰਸ਼ਾਂ ਨਾਲ ਮਹਾਂਪੁਰਸ਼ਾਂ ਦਾ ਪਿਆਰ ਹੋਇਆ ਕਰਦਾ ਹੈ। ਇਸੇ ਤਰ੍ਹਾਂ ਬਾਬਾ ਜਵਾਲਾ ਸਿੰਘ ਸਾਹਿਬ ਜੀ ਨੇ ਵਿਚਰਦਿਆਂ ਹੋਇਆਂ ਹਰ ਜਗ੍ਹਾਂ ਜਿੱਥੇ ਵੀ ਕੋਈ ਮਹਾਂਪੁਰਸ਼ ਹੋਵੇ।

ਫਿਲੌਰ ਇਕ ਮਾਤਾ ਜੀ ਸਨ। ਜੋ ਬਿਦੇਹ ਸਨ। ਉਨ੍ਹਾਂ ਦੇ ਪਾਸ ਕਈ ਵਾਰ ਆਉਣਾਂ। ਇਸੇ ਪ੍ਰਕਾਰ ਬਾਬਾ ਅਤਰ ਸਿੰਘ ਸਾਹਿਬ ਜੀ ਮਸਤੂਆਣੇ ਵਾਲੇ ਮਹਾਂਪੁਰਸ਼ਾਂ ਦੇ ਨਾਲ ਵੀ ਮਹਾਂਪੁਰਸ਼ਾਂ ਦਾ ਮਿਲਾਪ ਹੋਇਆ। ਜੋ ਬੜੇ ਪਿਆਰ ਨਾਲ ਦੋਹਾਂ ਮਹਾਂਪੁਰਸ਼ਾਂ ਨੇ ਸਿੱਖ ਪੰਥ ਦੀ ਤਰੱਕੀ ਵਾਸਤੇ ਵਿਚਾਰਾਂ ਕੀਤੀਆਂ ਅਤੇ ਇਹ ਬਚਨਬੱਧ ਹੋਏ ਕਿ ਆਪੋ ਆਪਣੇ ਇਲਾਕੇ ਵਿੱਚ ਵਿਚਾਰ ਕਰਕੇ ਗੁਰੂ ਕੀ ਓਟ ਆਸਰਾ ਲੈ ਕੇ ਸੁਧਾਰ ਕੀਤੇ ਜਾਣ ਅਤੇ ਜਿਹੜੀਆਂ ਗੁਰਮਤਿ ਵਿੱਚ ਆਈਆਂ ਤਰੁੱਟੀਆਂ ਹਨ, ਉਹ ਨਵਿਰਤ ਹੋਣ ਤੇ ਅਨਮੱਤੀਆਂ ਦਾ ਜ਼ੋਰ ਘਟਾਉਣ ਵਾਸਤੇ ਜਗ੍ਹਾਂ ਬਜਗਾਂ ਦੀਵਾਨ ਲਾਏ ਜਾਣ, ਲੰਗਰ ਸਜਾਏ ਜਾਣ ਅਤੇ ਸੰਗਤਾਂ ਨੂੰ ਕਥਾ ਕੀਰਤਨ ਦੁਆਰਾ ਉਜਾਗਰ ਕਰਕੇ ਗੁਰਮਤਿ ਨਾਲ ਜੋੜਿਆ ਜਾਵੇ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਸੰਚਾਰ ਕਰਕੇ ਗੁਰੂ ਵਾਲੇ ਬਣਾਇਆ ਜਾਵੇ। ਇਸ ਤਰ੍ਹਾਂ ਮਹਾਂਪੁਰਸ਼ਾਂ ਨੇ ਬਚਨ ਬਿਲਾਸ ਕੀਤੇ ਅਤੇ

ਇਹ ਪਰਣ ਕੀਤੇ, ਆਪਾਂ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਵਾਸਤੇ ਖਾਲਸਾ ਪੰਥ ਦੀ ਸੇਵਾ ਕਰਕੇ ਸੋ ਸਤਿਗੁਰੂ ਜੀ ਦੀ ਆਸ਼ੀਰਵਾਦ ਪ੍ਰਾਪਤ ਕਰੀਏ। ਸੋ ਇਸੇ ਪ੍ਰਕਾਰ ਮਹਾਂਪੁਰਸ਼ਾਂ ਨੇ ਅੰਮ੍ਰਿਤਸਰ ਜਿਲ੍ਹੇ ਦੇ ਅੰਦਰ, ਜੰਡਿਆਲੇ ਅੰਦਰ, ਇਕ ਮਸਤ ਰੂਹ ਸੀ।ਕਈ ਵਾਰ ਉਨ੍ਹਾਂ ਦੇ ਪਾਸ ਆ ਜਾਣਾਂ। ਅਲਬੇਲੇ ਮਹਾਂਪੁਰਸ਼ ਸਨ।ਸੋ ਇਸੇ ਤਰ੍ਹਾ ਸੰਤ ਬਾਬਾ ਨਾਰਾਇਣ ਜੀ ਭਿੱਟੇਵੱਢ ਜੋ ਬਾਬਾ ਕਰਮ ਸਿੰਘ ਜੀ ਦੇ ਮਹਾਨ ਸੇਵਕ ਤਿਆਗੀ ਬੈਰਾਗੀ ਮਹਾਂਪੁਰਖ ਸਨ। ਸੋ ਉਨ੍ਹਾਂ ਦੀ ਅਸ਼ੀਰਵਾਦ ਲੈਣ ਵਾਸਤੇ ਆਉਣਾਂ। ਇਸੇ ਪ੍ਰਕਾਰ ਪਿੰਡ ਹਰਸ਼ਾ ਛੀਨਾ ਤਹਿਸੀਲ ਅਜਨਾਲਾ, ਸੰਤ ਬਾਬਾ ਜਗਤ ਸਿੰਘ ਜੀ ਜਦੋਂ ਕਿ ਆਪ ਜੀ ਅਦਲੀ ਵਾਲੇ ਪਿੰਡ ਆਏ ਸਨ, ਮਹਾਂਪੁਰਸ਼ਾਂ ਦੀ ਬੇਨਤੀ ਤੇ ਉਨ੍ਹਾਂ ਦੇ ਅਸਥਾਨਾਂ ਡੇਰਾ ਬਾਬਾ ਕੁਲੀ ਵਿੱਚ ਆਏ ਅਤੇ ਮਹਾਂਪੁਰਸ਼ਾਂ ਨੇ ਬੜੇ ਪਿਆਰ ਨਾਲ ਇਲਾਕੇ ਵਿੱਚ ਗੁਰਮਤਿ ਨੂੰ ਦ੍ਰਿੜ ਕਰਨ ਦੇ ਬਚਨ ਬਿਲਾਸ ਕੀਤੇ। ਸੰਗਤਾਂ ਨੂੰ ਇਹੀ ਪ੍ਰੇਰਨਾ ਦਿੱਤੀ ਕਿ ਮਾਸ ਮਦਰਾ ਤੋਂ ਬਚੋ। ਲੜਾਈ ਝਗੜੇ ਤੋਂ ਬਚੋ, ਪਿੰਡਾਂ ਵਿੱਚ ਧੜੇਬੰਦੀ ਨਾ ਬਣਾਉ, ਰਲ ਮਿਲ ਕੇ ਚੱਲੋ ਅਤੇ ਅੰਮ੍ਰਿਤ ਛਕੋ, ਗੁਰੂ ਵਾਲੇ ਬਣੋ ਅਤੇ ਸਵਾਸ ਸਵਾਸ ਨਾਮ ਦਾ ਅਭਿਆਸ ਕਰੋ। ਜੋ ਗੁਰ ਨਾਨਕ ਸੱਚੇ ਪਾਤਸ਼ਾਹ ਦਾ ਮਿਸ਼ਨ ਹੈ ਧਰਮ ਦੀ ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾਂ। ਆਮ ਪਿੰਡਾਂ ਵਿੱਚ ਸ਼ਰਾਬ ਪੀ ਕੇ ਜ਼ਿਮੀਦਾਰ ਲੋਕ ਲੜ ਪੈਂਦੇ ਹਨ।ਫਿਰ ਮੁਕੱਦਮੇ ਬਾਜ਼ੀਆਂ ਵਿੱਚ ਆਪਣੀ ਮਾਇਆ ਬਿਅਰਥ ਗੁਆਂਉਂਦੇ ਹਨ ਸੋ ਇਨਾਂ ਤੋਂ ਭਾਈ ਬਚਣਾ ਹੈ।ਗੁਰੂ ਵਾਲੇ ਬਣਨਾ ਹੈ।ਏਕਤਾ ਔਰ ਇਤਫਾਕ ਪਿਆਰ ਨਾਲ ਰਹਿਣਾਂ ਹੈ। ਐਸੇ ਬਚਨ ਬਿਲਾਸ ਸੰਗਤਾਂ ਨੂੰ ਦ੍ਰਿੜ ਕਰਾਏ।

ਇਸ ਤਰ੍ਹਾਂ ਰਾਜਾਸਾਂਸੀ ਸੰਤ ਬਾਬਾ ਜਵਾਲਾ ਸਿੰਘ ਜੀ ਦੇ ਗੁਰ ਭਾਈ ਸੰਤ ਬਾਬਾ ਜਵੰਦ ਸਿੰਘ ਜੀ, ਜੋ ਕੀਰਤਨ ਦੇ ਮਹਾਨ ਧਨੀ ਸਨ, ਜਿਨ੍ਹਾਂ ਦਾ ਕੀਰਤਨ ਸੁਣਨ ਵਾਸਤੇ ਵੱਡੇ ਵੱਡੇ ਗੁਰਮੁਖ ਪਿਆਰੇ ਆਇਆ ਕਰਦੇ ਸਨ ਜਦੋਂ ਕੀਰਤਨ ਕਰਦੇ ਸਨ ਉਸ ਵੇਲੇ ਇਨਸਾਨਾਂ ਦੀਆਂ ਸਮਾਧੀਆਂ ਲੱਗ ਜਾਂਦੀਆਂ ਸਨ। ਵੈਰਾਗ ਆ ਕਰਕੇ ਅੱਖਾਂ ਵਿੱਚ ਅਥਰੂਆਂ ਦੀ ਧਾਰਾ ਵਹਿ ਤੁਰਦੀ ਸੀ। ਐਸੇ ਬ੍ਰਹਮ ਗਿਆਨੀ ਮਹਾਂਪੁਰਖ ਬਾਬਾ ਜਵੰਦ ਸਿੰਘ ਜੀ ਸਨ, ਜੋ ਮਹਾਂਪੁਰਸ਼ਾਂ ਦੇ ਗੁਰਭਾਈ ਸਨ ਅਤੇ ਉਨ੍ਹਾਂ ਦੇ ਸੇਵਕ ਸੰਤ ਬਾਬਾ ਮਹਿੰਦਰ ਸਿੰਘ ਜੀ ਜੋ ਰਾਜਾ ਸਾਂਸੀ ਹੀ ਰਿਹਾ ਕਰਦੇ ਸਨ, ਜੋ ਜਨਰਲ ਸੁਬੇਗ ਸਿੰਘ ਸਾਹਿਬ ਜੀ ਦੇ ਉਹ ਮਾਮਾ ਜੀ ਸਨ ਸੋ ਸਾਧ ਸੰਗਤ ਜੀ ਰੋਜ਼ਾਨਾ ਰਾਜਾ ਸਾਂਸੀ ਤੋਂ ਪੈਦਲ ਸ੍ਰੀ ਅੰਮ੍ਰਿਤਸਰ ਸਾਹਿਬ ਨੰਗੇ ਚਰਨੀ ਜਾਣਾਂ। ਸਰੋਵਰ ਸਾਹਿਬ ਦੇ ਇਸ਼ਨਾਨ ਕਰਨੇ, ਮਹਾਰਾਜ ਦੇ ਦਰਸ਼ਨ ਕਰਨੇ, ਕੀਰਤਨ ਸੁਣਨਾ, ਪੈਦਲ ਹੀ ਆਉਣਾਂ, ਆਉਂਦਿਆਂ ਜਾਂਦਿਆਂ ਹੀ ਦਸ-ਦਸ ਸੁਖਮਨੀ ਸਾਹਿਬ ਪੜ੍ਹ ਲੈਣੇਂ।ਐਸੇ ਮਹਾਂਪੁਰਸ਼ ਸਨ। ਉਨ੍ਹਾਂ ਦੇ ਪਾਸ ਵੀ ਬਾਬਾ ਜਵਾਲਾ ਸਿੰਘ ਸਾਹਿਬ ਜਾਇਆ ਕਰਦੇ ਸਨ। ਆਪਣੇ ਗੁਰਭਾਈ ਦੇ ਪਰਮ ਸ਼ਿਸ਼ ਜਾਣ ਕਰਕੇ। ਸੋ ਇਸੇ ਪ੍ਰਕਾਰ ਮਹਾਂਪੁਰਸ਼ਾਂ ਨੇ ਫਿਰ ਚੋਲਾ ਸਾਹਿਬ ਸੰਤ ਬਾਬਾ ਧਿਆਨ ਸਿੰਘ ਜੀ ਦੇ ਪਾਸ ਜਾਣਾਂ। ਬੜੇ ਵੱਡੇ ਮਹਾਂਪੁਰਖ ਸਨ, ਜਿਨ੍ਹਾਂ ਨੇ ਨਾਮ ਦੀ ਕਮਾਈ ਕੀਤੀ। ਉਥੇ ਆਪਣੇ ਖੇਤ ਵਿੱਚ ਹੀ ਅਸਥਾਨ ਕਾਇਮ ਕਰਕੇ, ਮਹਾਰਾਜ ਦੇ ਵਾਸਤੇ ਪਵਿੱਤਰ ਸਥਾਨ ਬਣਾਇਆ। ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕੀਤੇ। ਲੰਗਰ ਦੀ ਪ੍ਰਥਾ ਜਾਰੀ ਕੀਤੀ ਅਤੇ ਇਲਾਕੇ ਵਿੱਚ ਸਿੱਖੀ ਦੇ ਪ੍ਰਚਾਰ ਦਾ ਕੇਂਦਰ ਕਾਇਮ ਕਰਕੇ ਬਿਅੰਤ ਸੰਗਤਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਦੇ ਨਾਲ ਜੋੜਿਆ। ਉਥੇ ਵੀ ਮਹਾਂਪੁਰਸ਼ਾਂ ਨੇ ਜਾਣਾਂ। ਆਪਣੇ ਨਾਲ ਰਾਗੀ ਸਿੰਘ, ਗਿਆਨੀ ਸਿੰਘ, ਪ੍ਰਚਾਰਕ ਰੱਖਣੇ ਤੇ ਇਲਾਕੇ ਦੇ ਪਿੰਡਾਂ ਵਿੱਚ ਵਿੱਚਰ ਕੇ ਇਸ ਸਟੇਜ ਨੂੰ ਮੁੱਖ ਰੱਖਦਿਆਂ ਹੋਇਆਂ ਗੁਰਮਤਿ ਦਾ ਪ੍ਰਚਾਰ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਸੰਚਾਰ ਕਰਨਾ ਕਰਾਉਣਾਂ। ਇਹ ਮਹਾਂਪੁਰਸ਼ਾਂ ਦਾ ਆਦੇਸ਼ ਸੀ, ਜੋ ਗੁਰੂ ਨਾਨਕ ਸਾਹਿਬ ਸੱਚੇ ਪਾਤਸ਼ਾਹ ਦਾ ਦਸਮ ਪਾਤਸ਼ਾਹ ਜੀ ਦਾ ਮਿਸ਼ਨ ਹੇ ਉਸ ਮਿਸ਼ਨ ਨੂੰ ਦ੍ਰਿੜਾਉਣ ਵਾਸਤੇ ਮਹਾਂਪੁਰਸ਼ ਦੁਨੀਆਂ ਤੇ ਵਾਹਿਗੁਰੂ ਵੱਲੋਂ

ਨਿੱਤ ਅਵਤਾਰ ਭੇਜੇ ਜਾਂਦੇ ਹਨ। ਹੋਰ ਕੋਈ ਆਪਣੀ ਸੰਪਰਦਾ ਜਾਂ ਮਤ ਮਤਾਂਤਰ ਚਲਾਉਣੇ ਵਾਸਤੇ ਨਹੀਂ ਆਂਉਂਦੇ। ਉਹ ਗੁਰੂ ਮਹਾਰਾਜ ਜੀ ਦੇ ਦੱਸੇ ਹੋਏ ਅਸੂਲਾਂ ਦੁਆਰਾ, ਜਿਨ੍ਹਾਂ ਨੂੰ ਸੰਗਤਾਂ ਭੁੱਲ ਚੁੱਕੀਆਂ ਹੁੰਦੀਆਂ ਹਨ, ਜਾਣ ਕਰਵਾ ਕੇ, ਦ੍ਰਿੜ ਕਰਵਾਉਣ ਵਾਸਤੇ ਆਉਂਦੇ ਹਨ। ਆਪਣੀ ਪੂਜਾ ਕਰਾਉਣ ਲਈ ਨਹੀਂ ਉਹ ਇੱਕੋ ਅਕਾਲ ਦੀ ਪੂਜਾ ਵਿੱਚ ਸੰਗਤਾਂ ਨੂੰ ਜੋੜਨ ਲਈ ਆਂਉਦੇ ਹਨ।ਇਹ ਹੀ ਉਨ੍ਹਾ ਦਾ ਮੁੱਖ ਧਰਮ ਹੁੰਦਾ ਹੈ।

ਇਸੇ ਤਰ੍ਹਾਂ ਮਹਾਂਪੁਰਸ਼ਾਂ ਨੇ ਫਿਰ ਤਰਨਤਾਰਨ ਸਾਹਿਬ, ਅੰਮ੍ਰਿਤਸਰ ਸਾਹਿਬ,ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਸੁਲਤਾਨਪੁਰ ਸਾਹਿਬ ਸਾਰੇ ਸਥਾਨਾਂ ਦੀ ਯਾਤਰਾ ਕਰਦਿਆਂ ਹੋਇਆਂ ਨੌਰੰਗਾਬਾਦ ਜੋ ਬਾਬਾ ਬੀਰ ਸਿੰਘ ਜੀ ਦਾ ਅਸਥਾਨ ਹੈ, ਵੀ ਗਏ। ਬਾਬਾ ਬੀਰ ਸਿੰਘ ਜੀ ਦਾ ਅਸਥਾਨ ਠੱਟਾ ਟਿੱਬਾ ਹੈ, ਇਥੇ ਮਹਾਂਪੁਰਸ਼ ਸੰਤ ਬਾਬਾ ਖੜਕ ਸਿੰਘ ਜੀ ਹੋਏ ਹਨ ਬਾਬਾ ਬੀਰ ਸਿੰਘ ਦੇ ਸੇਵਕ ਬਾਬਾ ਟੇਕ ਸਿੰਘ ਜੀ, ਬਾਬਾ ਟੇਕ ਸਿੰਘ ਜੀ ਦੇ ਬਾਬਾ ਕਾਹਨ ਸਿੰਘ, ਬਾਬਾ ਕਾਹਨ ਸਿੰਘ ਜੀ ਦੇ ਬਾਬਾ ਖੜਕ ਸਿੰਘ, ਬਾਬਾ ਖੜਕ ਸਿੰਘ ਜੀ ਦੇ ਬਾਬਾ ਭਾਗ ਸਿੰਘ, ਬਾਬਾ ਜਗਤ ਸਿੰਘ ਮਹਾਂਪੁਰਸ਼ ਹੋਏ ਹਨ। ਬਾਬਾ ਭਾਗ ਸਿੰਘ ਤੇ ਬਾਬਾ ਜਗਤ ਸਿੰਘ ਜੋ ਮੁਰਾਲੇ ਬਾਬਾ ਭਾਗ ਸਿੰਘ ਨੇ ਬਾਬਾ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਦੇ ਨਾਲ ਹੀ ਬਿਸ਼ਨ ਸਿੰਘ ਮੁਰਾਲੇ ਵਾਲੇ ਬ੍ਰਹਮ ਗਿਆਨੀਆਂ ਤੋਂ ਵਿੱਦਿਆ ਪ੍ਰਾਪਤ ਕੀਤੀ ਸੀ, ਇਸ ਅਸਥਾਨ ਦੇ ਸੇਵਾਦਾਰ ਸਨ। ਬਾਬਾ ਜਗਤ ਸਿੰਘ ਇਨ੍ਹਾਂ ਦੇ ਛੋਟੇ ਗੁਰਭਾਈ ਸਨ ਉਨ੍ਹਾਂ ਨੇ ਅੰਮ੍ਰਿਤਸਰ ਸਾਹਿਬ ਬਾਬਾ ਅਮੀਰ ਸਿੰਘ ਜੀ ਤੋਂ ਗੁਰਮਤਿ ਵਿੱਦਿਆ ਪ੍ਰਾਪਤ ਕੀਤੀ ਸੀ। ਇਸ ਇਲਾਕੇ ਵਿੱਚ ਬਾਬਾ ਬੀਰ ਸਿੰਘ ਦੇ ਅਸਥਾਨ ਵਿਖੇ ਰਿਹਾਇਸ਼ ਰੱਖ ਕੇ, ਉਹ ਮਹਾਨ ਸੇਵਾ ਕਰਦੇ ਸਨ। ਬਾਬਾ ਜਵਾਲਾ ਸਿੰਘ ਜੀ ਉਨ੍ਹਾਂ ਦੇ ਬੁਲਾਇਆਂ ਜਦੋਂ ਵੀ ਸੰਗਤਾਂ ਯਾਦ ਕਰਦੀਆਂ ਸਨ, ਜਾਇਆ ਕਰਦੇ ਸਨ। ਬਿਅੰਤ ਸੰਤ ਸਮਾਗਮ ਹੁੰਦੇ ਸਨ। ਕਥਾ ਕੀਰਤਨ ਦਰਬਾਰ ਹੁੰਦੇ ਸਨ, ਕਵੀ ਦਰਬਾਰ ਹੁੰਦੇ ਸਨ ਤੇ ਸੰਗਤਾਂ ਨੂੰ ਗੁਰਮਤਿ ਨਾਲ ਜੋੜਿਆ ਜਾਂਦਾ ਸੀ। ਇਹ ਜੁਦੇ ਜੁਦੇ ਇਲਾਕਿਆਂ ਦੇ ਅੰਦਰ ਮਹਾਂਪੁਰਸ਼ਾਂ ਨੇ ਅਸਥਾਨ ਕਾਇਮ ਕਰਕੇ ਸਿੱਖੀ ਨੂੰ ਕਾਇਮ ਰੱਖਣ ਵਾਸਤੇ ਗੁਰਮਤਿ ਦਾ ਪ੍ਰਚਾਰ ਕੀਤਾ ਸੀ। ਇਸ ਨੂੰ ਨਿਭਾਉਣੇਂ ਦੇ ਪੂਰੇ ਉੱਦਮ ਤੇ ਪੁਰਸ਼ਾਰਥ ਅਰੰਭੇ ਹੋਏ ਸੀ। ਇਸ ਪ੍ਰਕਾਰ ਮਹਾਂਪੁਰਸ਼ਾਂ ਦਾ ਜਿਥੇ ਜਿਥੇ ਵੀ ਪਿਆਰ ਸੀ ਉਹ ਸਾਧ ਸੰਗਤ ਜੀ, ਵਿਚਰਦੇ ਰਹਿੰਦੇ ਸਨ।

ਇਸੇ ਤਰਾਂ ਘੁੰਮਦਿਆਂ ਘੁੰਮਦਿਆਂ ਜੈਤੇ ਵਾਲੀ ਨਗਰ ਉਥੇ ਸੰਤ ਨਗੀਨਾ ਸਿੰਘ ਤੇ ਸੰਤ ਭਗਤ ਸਿੰਘ ਜੀ, ਜੋ ਮਸਤ ਬਿਰਤੀ ਦੇ ਸਨ, ਜੰਡੀ ਨਗਰ ਵਿਖੇ ਇਨ੍ਹਾਂ ਦੇ ਨਾਨਕੇ ਸਨ। ਸੋ ਇਨ੍ਹਾਂ ਦਾ ਮਾਮਾ ਵੀ ਮਸਤਾਨੀ ਅਵਸਥਾ ਦਾ ਸੀ। ਕ੍ਰਿਸ਼ਨ ਮਹਾਰਾਜ ਜੀ ਦਾ ਉਪਾਸ਼ਕ ਸੀ। ਬੰਸਰੀ ਵਜਾਉਣੀ। ਸੋ ਇਕ ਵਾਰ ਇਨ੍ਹਾਂ ਦੋਹਾਂ ਭਰਾਵਾਂ ਦੀ ਮਾਤਾ ਨੇ ਆਪਣੇ ਭਰਾ ਨੂੰ ਕਿਹਾ ਕਿ ਮੇਰੇ ਪੁੱਤਰਾ, ਜਾਣੀ ਆਪਣੇ ਭਾਣਜਿਆਂ ਦੀ,ਕੋਈ ਅਰਦਾਸ ਕਰ ਦਿਉ, ਸਿੱਧੇ ਸਾਦੇ ਹਨ, ਦੁਨੀਆਂ ਉਤੇ ਕਿਵੇਂ ਇਨ੍ਹਾਂ ਦਾ ਗੁਜ਼ਾਰਾ ਚੱਲੇਗਾ। ਭੋਲੇ ਭਾਲੇ ਹਨ। ਸੋ ਮਾਮੇ ਨੇ ਕਿਹਾ ਬੋਲੋ ਭਾਣਜਿਉ( ਸੱਚੇ ਦਰਵਾਰ ਦੀ ਜੈ) ਕਹਿਣ ਲੱਗੇ (ਸੱਚੇ ਦਰਵਾਰ ਦੀ ਜੈ)ਕਹਿਣ ਲੱਗਾ ਮਾਮੇ ਨੇ ਕਰ ਦਿੱਤੀ ਗਹਿਣੇ ਤੇ ਭਾਣਜਿਆਂ ਨੇ ਕਰ ਦਿੱਤੀ ਬੈਅ। ਬੋਲੋ (ਸੱਚੇ ਦਰਵਾਰ ਦੀ ਜੈ) ਭਾਵ ਮੈਂ ਤਾਂ ਗ੍ਰਹਿਸਥ ਵਿੱਚ ਰਹਿੰਦਿਆਂ ਹੀ ਭਜਨ ਬਾਣੀ ਕਰਦਾ ਸੀ ਆਪਣਾ ਜੀਵਨ ਗਹਿਣੇ ਕੀਤਾ ਸੀ। ਇਹ ਸਾਧੂ ਬਣ ਕੇ ਆਪਣਾ ਜੀਵਨ ਗੁਰੂ ਨੂੰ ਬੈਅ ਕਰ ਦੇਣਗੇ।

॥ਮੈ ਬੰਦਾ ਬੈ ਖਰੀਦ ਸਚੁ ਸਾਹਿਬ ਮੇਰਾ ॥

ਐਸੀ ਅਵਸਥਾ ਦੇ ਤਿਆਗੀ ਬੈਰਾਗੀ ਸਾਧੂ ਬਣ ਜਾਣਗੇ। ਇਹ ਜੈਤੇਵਾਲੀ ਨਗਰ ਵਿਖੇ ਆਪਣੇ ਖੂਹ ਤੇ ਆਪਣੀ ਜ਼ਮੀਨ ਵਿੱਚ ਹੀ ਭੋਰਾ ਬਣਾਇਆ ਹੋਇਆ। ਗੁਰੂ ਕਾ ਨਿਸ਼ਾਨ ਲਾਇਆ ਹੋਇਆ ਸੀ । ਸੋ ਉਥੇ ਭਾਈ ਲੰਗਰ ਲਾ ਕੇ ਸਤਿਸੰਗ ਕਰਨਾ ਫਿਰ ਆਪਣੀ ਇੱਛਾ ਦੇ ਅਨੁਸਾਰ ਸੰਤ ਨਗੀਨਾ ਸਿੰਘ ਕੁਝ ਸਮਾਂ ਤਾਰਾ ਗੜ੍ਹ ਅਨੰਦਪੁਰ ਤੋਂ ਉਪਰ ਕੁਟੀਆ ਬਣਾ ਕੇ ਰਹਿੰਦੇ ਰਹੇ। ਬਾਬੇ ਮਸਤ ਬਾਬਾ ਭਗਤ ਸਿੰਘ ਆਪਣੀ ਇੱਛਾ ਮੁਤਾਬਿਕ ਵਿਚਰਦੇ ਰਹੇ। ਮਹਾਂਪੁਰਖਾਂ ਦੇ ਨਾਲ ਬੜਾ ਭਾਰੀ ਪਿਆਰ ਤੇ ਸਨੇਹ ਰੱਖਦੇ ਸਨ।

ਬਾਬਾ ਭਗਤ ਸਿੰਘ ਨੇ ਬਿਅੰਤ ਅਸਥਾਨਾਂ ਤੇ ਨਿਸ਼ਾਨ ਲਵਾਏ, ਜਿਨ੍ਹਾਂ ਵਿਚੋਂ ਸ਼੍ਰੀ ਅਨੰਦਪੁਰ ਸਾਹਿਬ ਤੇ ਜਿਥੇ ਅੱਜ ਹਰਖੋਵਾਲ ਡੇਰਾ ਹੈ ਜੋ ਬਾਬਾ ਮਹਿੰਦਰ ਸਿੰਘ ਜੀ ਨੇ ਬਣਾਇਆ ਹੈ ਉਥੇ, ਇਸੇ ਪ੍ਰਕਾਰ ਇਹ ਜਗ੍ਹਾਂ ਬਾਬਾ ਭਗਤ ਸਿੰਘ ਜੀ ਨੇ ਆਪਣੇ ਅੰਤਿਮ ਦਿਨ ਪੂਰੇ ਕੀਤੇ ਸਨ। ਰੋਪੜ ਦਰਿਆ ਦੇ ਕਿਨਾਰੇ ਹੈਡ ਦੇ ਨੇੜੇ ਵੀ ਟਿੱਬੀ ਸਾਹਿਬ ਗੁਰਦੁਆਰਾ ਬਣਾਇਆ। ਬਾਬਾ ਜਵਾਲਾ ਸਿੰਘ ਜੀ ਦੀ ਸ਼ਰਣ ਵਿੱਚ ਆਏ। ਸੰਤ ਸ਼ਾਦੀ ਸਿੰਘ ਤੇ ਸੰਤ ਬਾਬਾ ਕੇਸਰ ਸਿੰਘ ਜੀ ਮਹਾਨ ਵਿਦਵਾਨ ਬਿਰੱਕਤ ਆਤਮਾ, ਜਿਨ੍ਹਾਂ ਦਾ ਜਨਮ ਨਗਰ ਬਲੇਨਾ ਸੀ। ਸੰਤ ਬਾਬਾ ਹਰਨਾਮ ਸਿੰਘ ਜੀ ਜਿਆਣ ਵਾਲਿਆਂ ਦੇ ਸੇਵਕ ਸਨ, ਉਨ੍ਹਾ ਤੋਂ ਵਰੋਸਾਏ ਸਨ। ਸੰਤ ਬਾਬਾ ਸ਼ਾਦੀ ਸਿੰਘ ਜੀ ਇਸ ਅਸਥਾਨ ਤੇ ਸੇਵਾ ਕਰਿਆ ਕਰਦੇ ਸਨ। ਪਰ ਇਹ ਅਸਥਾਨ ਮੰਡ ਵਿੱਚ ਹੈ। ਜਿੱਥੇ ਸੰਤ ਰਤਨ ਸਿੰਘ ਜੀ ਮਹਾਂਪੁਰਖਾਂ ਦੇ ਬਾਬਾ ਮਸਤ ਜੀ ਦੇ ਪ੍ਰੇਮੀ, ਸੇਵਾ ਕਰਦੇ ਸਨ।

ਸੰਤ ਬਾਬਾ ਸ਼ਾਦੀ ਸਿੰਘ ਜੀ ਤੇ ਸੰਤ ਬਾਬਾ ਰਤਨ ਸਿੰਘ ਜੀ ਨੇ ਅਨੰਦਗੜ੍ਹ ਸਾਹਿਬ ਮਹਾਨ ਸੇਵਾ ਕੀਤੀਆਂ। ਲੰਗਰ ਲਿਆਉਣਾਂ, ਰਾਸ਼ਣ ਪਾਣੀ ਲਿਆਉਣਾ, ਸੇਵਾ ਕਰਕੇ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸੇ ਪ੍ਰਕਾਰ ਬਾਬਾ ਮਸਤ ਜੀ ਨੇ ਕਰਤਾਰਪੁਰ ਸਾਹਿਬ,ਟਿੱਬੀ ਸਾਹਿਬ, ਜਿਥੇ ਛੇਵੇਂ ਪਾਤਸ਼ਾਹ ਜੀ ਨੇ ਪੈਂਡੇ ਖਾਂ ਨੂੰ ਕਰਤਾਰਪੁਰ ਦੇ ਜੰਗ ਵਿੱਚ ਮਾਰਿਆ, ਨਿਸ਼ਾਨ ਝੁਲਾਇਆ। ਹਰੀਕੇ ਪੱਤਣ ਬਾਬਾ ਬੀਰ ਸਿੰਘ ਜੀ ਦਾ ਡੇਰਾ ਰਿਹਾ। ਇਥੇ ਨਿਸ਼ਾਨ ਝੁਲਾਇਆ। ਇਸੇ ਪ੍ਰਕਾਰ ਘੜਿਆਲ ਨੱਗਰ ਢਾਈ ਕੁਇੰਟਲ ਦਾ ਟੱਲ ਚੜ੍ਹਾਇਆ। ਥਾਂ ਥਾਂ ਲੰਗਰ ਕੀਤੇ ਕਰਵਾਏ। ਇਸੇ ਪ੍ਰਕਾਰ ਜਲੰਧਰ ਡੇਰਾ ਕਾਇਮ ਕਰਾਇਆ। ਇਹ ਬਾਬੇ ਮਸਤਾਂ ਦੇ ਆਪਣੇ ਚੋਜ਼ ਹਨ। ਕਈ ਜਗ੍ਹਾਂ ਉਨ੍ਹਾਂ ਨੇ ਗੁਰੂ ਕੇ ਨਿਸ਼ਾਨ ਝੁਲਾਏ, ਸੀਕਰੀ ਨੱਗਰ ਵੀ ਆਪ ਜੀ ਨੇ ਨਿਸ਼ਾਨ ਝੁਲਾਇਆ। ਬੀਬੀ ਪੂਰੋ ਇਥੇ ਸੇਵਾ ਕਰਦੇ ਰਹੇ। ਹੁਣ ਭਾਈ ਅਮਰੀਕ ਸਿੰਘ ਸੇਵਾ ਕਰਦੇ ਹਨ ਸੋ ਗੁਰੂ ਕੀ ਮਹਾਨ ਬਖਸ਼ਿਸ਼ ਹੈ। ਉਨ੍ਹਾਂ ਮਹਾਂਪੁਰਸ਼ਾਂ ਦੇ ਨਾਲ ਬਾਬਾ ਜਵਾਲਾ ਸਿੰਘ ਜੀ ਦਾ ਬੜਾ ਪ੍ਰੇਮ ਸੀ। ਮਸਤ ਜੀ ਜਾਣੀਂ ਜਾਣ, ਇਥੋਂ ਨਹਿਰਾਂ ਨਿਕਲਣਗੀਆਂ, ਇਥੇ ਡੈਮ ਬਣਨਗੇ। ਜਦੋਂ ਚੀਨ ਦਾ ਹਮਲਾ ਹੋਇਆ ਸੋ ਨੈਣਾਂ ਦੇਵੀ ਬੈਂਡ ਵਾਜਾ ਰੱਖ ਕੇ ਆਏ ਕਿ ਚੀਨ ਹਮਲਾ ਕਰ ਰਿਹਾ ਉਨ੍ਹਾਂ ਦੇ ਆਇਆਂ ਤੋਂ ਬੈਂਡ ਵਾਜਾ ਵਜਾਉਣਾਂ। ਉਨ੍ਹਾਂ ਨੂੰ ਰੋਕਣ ਵਾਸਤੇ । ਭਵਿੱਖ ਦੇ ਵਚਨ ਕਹੀ ਜਾਣੇਂ।ਸੋ ਜਿਥੇ ਅਨੰਦਪੁਰ ਪ੍ਰਦੇਸੀ ਬਾਗ ਸ੍ਰੀ ਗੁਰੂ ਤੇਗ ਬਹਾਦਰ ਕਾਲਜ ਹੈ, ਇਹ ਵਚਨ ਪਹਿਲਾਂ ਹੀ ਮਹਾਂਪੁਰਖਾਂ ਨੇ ਕੀਤੇ ਹੋਏ ਸਨ। ਇਹੋ ਜਿਹੇ ਮਹਾਂਪੁਰਖ ਬਾਬਾ ਮਸਤ ਜੀ ਸਨ। ਤਿਆਗੀ ਬੈਰਾਗੀ ਜਿਨ੍ਹਾਂ ਨੇ ਆਪਣੇ ਰਹਿਣ ਵਾਸਤੇ ਅਸਥਾਨ ਕਾਇਮ ਨਹੀਂ ਕੀਤਾ। ਜਿਥੇ ਜਿਥੇ ਗੁਰੂਆਂ ਦੇ ਸ਼ਹੀਦ ਸਿੰਘਾਂ ਦੇ ਗੁਪਤ ਅਸਥਾਨ ਸਨ, ਨਿਸ਼ਾਨ ਝੁਲਾਏ, ਲੰਗਰ ਚਲਾਏ, ਗੁਰਦੁਆਰੇ ਬਣਾਉਣੇ ਦੀ ਆਗਿਆ ਕੀਤੀ। ਅਸਥਾਨਾਂ ਦੀ ਮਹਿਮਾ ਪ੍ਰਗਟ ਕੀਤੀ । ਇਸ ਤਰ੍ਹਾਂ ਮਹਾਂਪੁਰਸ਼ਾਂ ਦੇ ਚੋਜ਼ ਸਨ। ਬਾਬਾ ਜਵਾਲਾ ਸਿੰਘ ਜੀ ਮਹਾਂਪੁਰਸ਼ਾਂ ਦੇ ਪਾਸ ਵਿਚਰਦੇ ਰਹਿੰਦੇ ਸਨ ਤੇ ਆਪਣਾ ਨਿੱਤਨੇਮ ਕਰਦੇ ਰਹਿਣਾਂ। ਇਹ ਬਿਰੱਕਤ ਜੀਵਨ ਦੇ ਸਾਰੇ ਵਿਚਾਰ ਹਨ ਜਦੋਂ ਕਿ ਡੇਰੇ ਦਾ ਵਿਸਥਾਰ ਨਹੀਂ, ਇਕੱਲੇ ਹੀ ਜੰਗਲ ਵਿੱਚ ਰਹਿੰਦੇ ਸਨ।

ਸਰਦਾਰ ਕਰਮ ਸਿੰਘ ਜੀ ਨਾਇਬ ਸੂਬੇਦਾਰ, ਉਨ੍ਹਾਂ ਦੀ ਧਰਮ ਪਤਨੀ ਮਾਤਾ ਪੂਰਨ ਕੌਰ ਜੀ ਮਹਾਂਪੁਰਖਾਂ ਦੇ ਲੰਗਰ ਦੀ ਸੇਵਾ ਕਰਦੇ, ਸੰਤ ਨੰਦ ਸਿੰਘ ਜੀ ਧੁਫ਼ੀਆ, ਬੀਬੀ ਦੀ ਪੰਡੋਰੀ ਤੋਂ ਸੇਵਾ ਲੰਗਰ ਪਾਣੀ ਦੀ ਨਿਭਾਂਉਦੇ ਰਹੇ। ਮਾਤਾ ਮਾਲਣ ਸ: ਬੂਟਾ ਸਿੰਘ ਜੀ ਦੀ ਮਾਤਾ, ਨਗਰ ਭਟਰਾਣੇਂ ਤੋਂ ਜਿਨ੍ਹਾਂ ਦੇ ਬਜ਼ੁਰਗ ਬਾਬਾ ਰਾਮ ਸਿੰਘ ਨਾਮਧਾਰੀਅ ਦੇ ਸੇਵਕ ਸਨ। ਬੀਬੀ ਜੀ ਦੀ ਇੱਛਾ ਸ਼ਾਦੀ ਨਾ ਕਰਾਉਣ ਦੀ ਸੀ। ਬ੍ਰਹਮਚਰਜ ਵਿੱਚ ਰਹਿ ਕੇ ਭਜਨ ਕਰਕੇ ਨਿਰਬਾਣ ਪਦ ਪਾਇਆ ਜਾਏ। ਬਾਬਾ ਰਾਮ ਸਿੰਘ ਜੀ ਨੇ ਬਚਨ ਕੀਤੇ ਸੀ ਕਿ ਸਾਡਾ ਸ਼ਰੀਰ ਨਹੀਂ ਹੋਵੇਗਾ। ਜਿਥੇ ਤੂੰ ਵਿਆਹੀ ਜਾਂਏਗੀ ਸਾਡੇ ਹੀ ਸਰੂਪ ਮਹਾਂਪੁਰਸ਼ਾਂ ਦੇ ਦਰਸ਼ਨ ਔਰ ਸੇਵਾ ਦਾ ਸੁਭਾਗ ਪ੍ਰਾਪਤ ਹੋਵੇਗਾ। ਸੋ ਜਦੋਂ ਮਹਾਂਪੁਰਸ਼ ਆਏ ਮਾਤਾ ਜੀ ਦਰਸ਼ਨ ਕਰਕੇ ਗਦ ਗਦ ਹੋਏ ਅਤੇ ਸੇਵਾ ਦਾ ਪ੍ਰਣ ਲਿਆ। ਸੁਖਮਨੀ ਸਾਹਿਬ ਪੜ੍ਹਦਿਆਂ ਆਟਾ ਪੀਹਣਾਂ ਤੇ ਸੁੱਚ ਪਵਿੱਤਰਤਾ ਦੇ ਨਾਲ ਲੰਗਰ ਤਿਆਰ ਕਰਕੇ ਮਹਾਂਪੁਰਸ਼ਾਂ ਨੂੰ ਛਕਾਉਣਾਂ ਅਤੇ ਮਹਾਂਪੁਰਸ਼ਾਂ ਨੇ ਬਚਨ ਕੀਤਾ ਕਿ ਇਕ ਅੰਬ ਦੇ ਪੇੜ ਹੈ ਉਹਦੇ ਵਿੱਚ ਖੌੜ ਸੀ ਅਗਰ ਅਸੀਂ ਇਥੇ ਨਾ ਹੋਈਏ, ਇੱਕ ਕੁੱਜੇ ਵਿੱਚ ਪਾ ਕੇ ਪ੍ਰਸ਼ਾਦੇ ਵਿੱਚ ਰੱਖ ਕੇ ਚੱਪਣ ਦੇ ਕੇ ਉਤੇ ਵੱਟਾ ਰੱਖ ਦੇਣਾਂ। ਜਦੋਂ ਲੋੜ ਹੋਏ ਆ ਕੇ ਖਾ ਲਿਆ ਕਰਾਂਗੇ। ਸੋ ਮਾਤਾ ਜੀ ਇਸ ਤਰ੍ਹਾਂ ਲੰਬਾ ਸਮਾਂ ਸੇਵਾ ਨਿਭਾਂਉਦੇ ਰਹੇ। ਕਈ ਵਾਰ ਨਦੀ ਵਿੱਚ ਬਰਸਾਤ ਨੂੰ ਹੜ੍ਹ ਆ ਜਾਣਾਂ। ਪਰ ਪ੍ਰੇਮ ਅੱਗੇ ਨਦੀਆਂ ਦੇ ਵੇਗ ਕੁਝ ਨਹੀਂ ਕਰਦੇ। ਪ੍ਰੇਮ ਵਿੱਚ ਉਵੇਂ ਹੀ ਠਿਲ ਪੈਂਦੇ ਤੇ ਐਸੀ ਕੁਦਰਤ ਦੀ ਕਲਾ ਵਰਤਣੀ ਪਾਣੀ ਗਿੱਟੇ ਗਿੱਟੇ ਰਹਿ ਜਾਣਾਂ ਤੇ ਮਹਾਂਪੁਰਸ਼ਾਂ ਨੂੰ ਲੰਗਰ ਛਕਾਉਣਾਂ। ਮਹਾਨ ਸੇਵਾ ਸਾਰੀ ਜ਼ਿੰਦਗੀ ਭਰ ਮਾਤਾ ਜੀ ਨੇ ਕਰਕੇ ਗੁਰੂ ਨਾਨਕ ਸੱਚੇ ਪਾਤਸ਼ਾਹ ਦੇ ਦਰਬਾਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਮਾਤਾ ਮਾਲਣ ਦਾ ਜੀਵਨ ਐਸਾ ਮਹਾਨ ਸੇਵਾ ਵਾਲਾ ਜੀਵਨ ਹੈ।

ਇਸੇ ਪ੍ਰਕਾਰ ਅੱਤੋਵਾਲ ਨੱਗਰ ਤੋਂ ਮਾਤਾ ਰਾਜ ਕੌਰ ਤੇ ਧਘਾਨਗੜ੍ਹ ਤੋਂ ਮਾਤਾ ਪਾਸ਼ੋ ਕੌਰ ਨੇ ਗੁਰੂ ਕੇ ਲੰਗਰ ਦੀ ਮਹਾਨ ਸੇਵਾ ਕੀਤੀ। ਸੋ ਮਹਾਨ ਸੇਵਾ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸਤਿਗੁਰ ਸੱਚੇ ਪਾਤਸ਼ਾਹ ਦੀ ਕ੍ਰਿਪਾ ਹੋਵੇ, ਫਿਰ ਹੀ ਸੇਵਾ ਸਿਮਰਨ ਦੀ ਦਾਤ ਪ੍ਰਾਪਤ ਹੁੰਦੀ ਹੈ। ਇਸੇ ਪ੍ਰਕਾਰ ਫਿਰ ਮਹਾਂਪੁਰਸ਼ਾਂ ਨੇ ਜੰਗਲ ਵਿੱਚ ਕੋਈ ਕੁਟੀਆ ਜਾਂ ਅਸਥਾਨ ਨਹੀਂ ਸੀ ਸਿਰਫ ਇਕ ਮਟੀ ਸੀ ਸੋ ਕਿਸੇ ਟਾਈਮ ਘੁਮਿਆਰ ਸਿੰਘ ਵਿਆਹ ਕੇ ਆ ਰਹੇ ਸੀ। ਨਦੀ ਸੀ, ਪਾਣੀ ਸੀ, ਇਕਾਂਤ ਸੀ, ਬਿਰਛਾਂ ਦੀ ਛਾਇਆ ਸੀ। ਆਰਾਮ ਕਰਨ ਵਾਸਤੇ ਲੇਟ ਗਏ। ਜੋ ਲਾੜਾ ਸੀ,ਉਸ ਨੂੰ ਸੱਪ ਡੰਗ ਗਿਆ। ਉਹ ਮਰ ਗਿਆ। ਕਹਿਣ ਲੱਗੇ ਹੁਣ ਕਿਥੇ ਲਿਜਾਵਾਂਗੇ।ਉਥੇ ਸੁੱਕੀਆਂ ਲੱਕੜੀਆਂ ਇਕੱਠੀਆਂ ਕਰਕੇ ਚਿਖਾ ਚਿਣੀ ਅਤੇ ਲੜਕੇ ਨੂੰ ਸੰਸਕਾਰਨ ਵਾਸਤੇ ਲਾਂਬੂ ਲਾਇਆ। ਉਹਦੇ ਘਰੋਂ ਜੋ ਲੜਕੀ ਸੀ, ਵਿੱਚੇ ਛਾਲ ਮਾਰ ਕੇ ਸੜ ਗਈ। ਸੋ ਉਨ੍ਹਾਂ ਘੁਮਿਆਰ ਸਿੱਖਾਂ ਨੇ ਉਸ ਲੜਕੀ ਦੀ ਯਾਦ ਵਿੱਚ ਮਟੀ ਬਣਾਈ ਸੀ। ਉਸ ਮਟੀ ਨੂੰ ਸਤੀ ਦੀ ਮਟੀ ਕਹਿੰਦੇ ਹਨ। ਨਿੱਕੀ ਇੱਟ ਦੀ ਬਣੀ ਹੋਈ ਹੈ। ਮੀਂਹ ਕਣੀ ਵਿੰਚ ਮਹਾਂਪੁਰਸ਼ ਇਸ ਵਿੱਚ ਆਰਾਮ ਕਰਦੇ ਸਨ ਤੇ ਲੰਗਰ ਪਾਣੀ ਹੋਰ ਕਿਸੇ ਤਰ੍ਹਾ ਦਾ ਵਿਸ਼ੇਸ਼ ਸਾਧਨ ਨਹੀਂ ਸੀ। ਸੰਗਤਾਂ ਦੇ ਪਿਆਰ ਵਿੱਚ ਹੀ ਸਬਰ ਸ਼ੁਕਰ ਵਿੱਚ ਬੈਠੇ ਰਹਿਣਾਂ। ਸੋ ਕੋਈ ਦੇ ਗਿਆ ਛਕ ਲੈਣਾਂ, ਨਾਂ ਆਇਆ ਤਾਂ ਵੀ ਆਨੰਦ ਵਿੱਚ ਮਸਤ ਰਹਿਣਾਂ। ਸੋ ਇਸ ਤਰ੍ਹਾਂ ਇੱਕ ਤੌੜੀ ਦੇ ਅੰਦਰ ਨਦੀ ਦਾ ਪਾਣੀ ਜਾਂ ਘਾਹ ਦੀਆਂ ਤਿੜਾਂ ਉਬਾਲ ਲੈਣੀਆਂ। ਉਹ ਪੁਣ ਕੇ ਪਾਣੀ ਪੀ ਲੈਣਾਂ।

ਇਸੇ ਤਰ੍ਹਾਂ ਬਾਬਾ ਬਿਸ਼ਨ ਸਿੰਘ ਨੇ ਇਕ ਵਾਰ ਬਚਨ ਸੁਣਾਇਆ ਕਿ ਬਾਬਾ ਜੀ ਇਕ ਬਾਰ ਵਿਚਰਦੇ ਹੋਏ ਆਏ, ਭੁੱਖ ਲੱਗੀ ਹੋਈ। ਮਟੀ ਦੇ ਅੰਦਰ ਪਹਿਲੇ ਕੋਈ ਸੰਤ ਰਹਿੰਦਾ ਰਿਹਾ ਸੀ। ਥੋੜ੍ਹੀ ਜਿਹੀ ਉਸ ਵਿੱਚ ਖਸ ਖਸ ਸੀ, ਖਸ ਖਸ ਨੂੰ ਮਲ ਕੇ ਫੱਕਾ ਮਾਰਿਆ। ਭੁੱਖ ਕਰਕੇ ਪਹਿਲਾਂ ਮਾਲੂਮ ਨਹੀ

ਹੋਇਆ। ਦੂਸਰੇ ਫੱਕੇ ਵਿਚ ਕੌੜੀ ਲੱਗੀ ਸੋ ਇਸ ਤਰ੍ਹਾਂ ਦੇ ਵੀ ਕਈ ਵਾਰ ਚੋਜ ਵਰਤੇ, ਕਿਉਂਕਿ ਫਕੀਰਾਂ ਨੂੰ ਕਈ ਵਾਰ ਅਜਿਹੀਆਂ ਭੁੱਖਾਂ ਅਤੇ ਕਈ ਸੰਕਟਾਂ ਦਾ ਸਾਹਮਣਾਂ ਕਰਨਾਂ ਪੈਂਦਾ ਹੈ। ਇਸ ਤਰ੍ਹਾਂ ਬਾਬਾ ਹਰਨਾਮ ਸਿੰਘ ਜੀ ਦੇ ਪਾਸ ਗਏ ਸੋ ਬਾਬਾ ਜੀ ਨੇ ਕਿਹਾ, ਕਈ ਦਿਨ ਹੋ ਗਏ ਲੰਗਰ ਮਸਤਾਨੇ ਹਨ। ਗੁਰੂ ਮਹਾਰਾਜ ਦਾ ਇਸੇ ਤਰ੍ਹਾਂ ਹੁਕਮ ਹੈ। ਬਾਬਾ ਕਰਮ ਸਿੰਘ ਜੀ ਦਾ ਹੁਕਮ ਸੀ ਕਿ ਮੰਗ ਕੇ ਨਹੀਂ ਖਾਣਾਂ ਕਿਸੇ ਅੱਗੇ ਹੱਥ ਨਹੀਂ ਅੱਡਣਾਂ। ਵਾਹਿਗੁਰੂ ਤੇ ਭਰੋਸਾ ਰੱਖਣਾਂ। ਦੇ ਜਾਏ ਤਾਂ ਠੀਕ ਹੈ ਪਰ ਆਪਣੇ ਅਨੰਦ ਵਿੱਚ ਕਿਸੇ ਤੇ ਉਲਾਹਮਾਂ ਨਹੀਂ ਦੇਣਾਂ। ਸੋ ਐਸਾ ਕਾਰਣ ਬਣਿਆਂ, ਫਿਰ ਕੋਈ ਪ੍ਰੇਮੀ ਛੱਲੀਆਂ ਲੈ ਕੇ ਆਇਆ, ਕੁਝ ਦਿਨ ਤੋਂ ਮਹਾਂਪੁਰਸ਼ ਭੁੱਖੇ ਸਨ। ਬਾਬਾ ਹਰਨਾਮ ਸਿੰਘ ਜੀ ਕਹਿਣ ਲੱਗੇ ਸੰਤ ਜਵਾਲਾ ਸਿੰਘ ਜੀ ਛੱਲੀਆਂ ਭੁੰਨ ਲਈਏ। ਕਹਿਣ ਲੱਗੇ ਮਹਾਰਾਜ ਭੁੱਖ ਬਹੁਤ ਹੈ ਇਸੇ ਤਰ੍ਹਾਂ ਹੀ ਛਕ ਲੈਂਦੇ ਹਾਂ। ਬਾਬਾ ਹਰਨਾਮ ਸਿੰਘ ਜੀ ਕਹਿਣ ਲੱਗੇ ਸੰਤ ਜਵਾਲਾ ਸਿੰਘ ਹੁਣ ਤੂੰ ਪਾਸ ਹੋ ਗਿਆ ਹੈ। ਭਾਵ ਭੁੱਖ ਆਦਿਕ ਅਤੇ ਨੀਂਦ ਆਦਿਕ ਤੋਂ ਤੂੰ ਮਨ ਜਿੱਤ ਲਿਆ ਹੈ। ਸਾਰੀ ਸਾਰੀ ਰਾਤ ਵੀ ਨੰਗੇ ਚਰਨੀ ਬਾਣੀਂ ਪੜ੍ਹਦੇ ਚੋਆਂ ਦੇ ਰੇਤਿਆਂ ਵਿੱਚ ਵਿਚਰਦੇ ਰਹਿੰਦੇ।

ਮਹਾਂਪੁਰਸ਼ਾਂ ਨੇ ਚੇਤ ਦਾ ਮਹੀਨਾਂ ਚੜ੍ਹਦੇ ਹੀ, ਸੂਰਜ ਉਦੇ ਹੋਣ ਦੇ ਨਾਲ ਹੀ ਮਹਾਂਪੁਰਖਾਂ ਨੇ ਨਦੀ ਦੇ ਰੇਤੇ ਵਿੱਚ ਤੁਰਨ ਲੱਗ ਜਾਣਾ। ਇਸੇ ਤਰ੍ਹਾਂ ਸੂਰਜ ਛਿਪਦੇ ਤੱਕ ਸਾਰਾ ਦਿਨ ਸੂਰਜ ਦੀ ਗਰਮੀ ਆਪਣੇ ਸ਼ਰੀਰ ਤੇ ਬਰਦਾਸ਼ਤ ਕਰਨੀ। ਇਹ ਅਭਿਆਸ ਭਾਦੋਂ ਦੇ ਮਹੀਨੇ ਤਕ ਕਰਦੇ ਸਨ। ਬਲਦੇ ਰੇਤੇ ਵਿੱਚ ਘੁੰਮੀ ਜਾਣਾਂ, ਤਪੱਸਿਆ ਕਰੀ ਜਾਣੀਂ। ਮਹਾਂਪੁਰਸ਼ ਦੱਸਦੇ ਸਨ ਜਦੋਂ ਐਸਾ ਸਾਧਨ ਕਰਨਾ ਹੋਵੇ ਪਹਿਲਾਂ ਸ਼ਰਦਾਈ ਆਦਿਕ ਠੰਡੀ ਵਸਤੂ ਛਕਣੀ ਚਾਹੀਦੀ ਹੈ। ਉਪਰੰਤ ਸਾਧ ਸੰਗਤ ਜੀ ਜਦੋਂ ਗਰਮੀ ਵਿਚੋਂ ਆਉ ਇਕ ਦਮ ਛਾਂਵੇ ਨਹੀ ਆਉਣਾਂ ਚਾਹੀਦਾ, ਸ਼ਰੀਰ ਗਰਮ ਸਰਦ ਹੋ ਜਾਣ ਦਾ ਡਰ ਹੈ ਤੇ ਠੰਡਾ ਪਾਣੀ ਨਹੀਂ ਪੀਣਾਂ। ਫਿਰ ਵੀ ਕੋਈ ਨੁਕਸ ਪੈਦਾ ਹੋ ਸਕਦਾ ਹੈ। ਸੋ ਹੌਲੀ ਹੌਲੀ ਥੋੜ੍ਹੀ ਥੋੜੀ ਛਾਂ ਵਿੱਚ ਆਉਣਾਂ। ਜਿਵੇਂ ਜਿਵੇਂ ਸ਼ਰੀਰ ਠੰਡਾ ਹੁੰਦਾ ਜਾਵੇ, ਉਪਰੰਤ ਫਿਰ ਪਾਣੀ ਜੋ ਉਬਾਲ ਕੇ ਰੱਖਿਆ ਹੋਵੇ ਸੋ ਉਹ ਕੋਸਾ ਪਾਣੀ ਪੀਣਾਂ। ਉਸ ਦੇ ਨਾਲ ਪਸੀਨਾ ਆ ਕੇ ਮੁਸਾਮ ਖੁਲ੍ਹ ਕੇ ਸਾਰਾ ਸਰੀਰ ਸਾਫ਼ ਹੋ ਜਾਂਦਾ ਹੈ। ਇਸ ਤਰ੍ਹਾਂ ਜਿਹੜੇ ਸਾਧੂ ਧੂਣੀਆਂ ਧੁਖਾਂਉਦੇ ਹਨ। ਪਹਿਲਾਂ ਉਹ ਸ਼ਰਦਾਈ ਆਦਿਕ ਭਾਵੇਂ ਛਕਣ ਪਰ ਉਠ ਕੇ ਨਹੀਂ ਛਕਦੇ। ਬਾਅਦ ਵਿੱਚ ਕੋਸਾ ਜਲ ਥੋੜ੍ਹਾ ਲੂਣ ਮਿਲਾ ਕੇ ਪੀਣਾ, ਜਿਸ ਨਾਲ ਸ਼ਰੀਰ ਦੀ ਸ਼ੁੱਧੀ ਤੇ ਕ੍ਰਿਆ ਸਵਸਥ ਰਹੇ ਤੇ ਤੰਦਰੁਸਤੀ  ਦੇਹ ਅਰੋਗਤਾ ਵੀ ਬਣੀ ਰਹੇ। ਇਸੇ ਤਰ੍ਹਾਂ ਜੇ ਜਲ ਧਾਰਾ ਕਰਨੀ ਹੋਵੇ ਤਾਂ ਦਹੀਂ ਚਾਵਲ ਖਾਣੇ ਫਿਰ ਪਾਣੀ ਵਿੱਚ ਬੈਠਣਾਂ। ਇਸ ਤਰ੍ਹਾਂ ਅੰਦਰ ਠੰਡੀ ਚੀਜ਼, ਬਾਹਰ ਪਾਣੀ ਠੰਡਾ। ਮੁਸਾਮ ਬੰਦ ਹੋਣ ਨਾਲ ਅੰਦਰ ਗਰਮਾਇਸ਼ ਪੈਦਾ ਹੋ ਜਾਂਦੀ ਹੈ ਜੋ ਗਰਮ ਚੀਜ਼ ਛਕ ਬੈਠੇ ਸਰੀਰ ਗਰਮ ਸਰਦ ਹੋ ਕੇ ਰੋਗ ਆਦਿਕ ਪੈਦਾ ਹੋ ਸਕਦੇ ਹਨ। ਪਾਣੀਂ ਤੋਂ ਨਿਕਲ ਜਾਣ ਤੋਂ ਬਾਅਦ ਫਿਰ ਭਾਂਵੇ ਕੋਈ ਗਰਮ ਦੁਧ ਜਾਂ ਜਲ ਛਕਿਆ ਜਾਏ। ਇਸ ਤਰ੍ਹਾ ਵਿਚਰਦੇ ਵਿਚਰਦੇ ਉਹ ਨਿਤਨੇਮ ਕਰਦੇ ਰਹਿੰਦੇ ਸਨ।

### ਮਹਾਂਪੁਰਸ਼ਾਂ ਦਾ ਬਾਣਾ:-

ਰੇਵ ਕਛਹਿਰਾ, ਕਲੀਆਂ ਵਾਲਾ ਕੁੜਤਾ, ਕਾਲੀ ਸੂਫ ਦੀ ਚਾਦਰ ਤੇ ਚਰਨਾਂ ਵਿੱਚ ਪੋਠੋਹਾਰੀ ਜੋੜਾ ਹੋਇਆ ਕਰਦਾ ਸੀ। ਤੁਰਲੇ ਵਾਲੀ ਪੱਗ, ਹੱਥ ਵਿੱਚ ਸੰਮਾਂ ਵਾਲਾ ਖੂੰਡਾ ਬੜਾ ਉੱਚਾ ਹੁੰਦਾ ਸੀ। ਪਠਾਨੀ ਇਲਾਕੇ ਹੋਤੀ ਮਰਦਾਨ ਵਲੋਂ ਆਏ ਸਨ, ਸੋ ਪਹਿਰਾਵਾ ਉਥੋਂ ਵਰਗਾ ਹੀ ਸੀ। ਹੱਥ ਵਿੱਚ ਸਰਬ ਲੋਹ ਦਾ ਗੜਵਾ ਹੁੰਦਾ ਸੀ। ਕਈ ਵਾਰ ਮੁੰਡਿਆਂ ਨੇ ਬਚਨ ਬਿਲਾਸ ਕਰਨੇ, ਆਉ ਸੰਤ ਜੀ ਸਾਡੇ ਨਾਲ ਛਾਲ ਲਾਉ। ਮਹਾਂਪੁਰਸ਼ ਫੌਜ ਵਿੱਚ ਦੌੜਾਂ ਤੇ ਖੇਡਾਂ ਵਿੱਚ ਫਸਟ ਆਇਆ ਕਰਦੇ ਸਨ। ਇਕ ਦਿਨ ਸੋਲ੍ਹਾਂ ਹਥ ਲੰਬੀ

ਛਲਾਂਗ ਲਗਾਈ। ਕਹਿੰਦੇ ਇਸ ਨੂੰ ਟੱਪ ਦਿਉ ਫਿਰ ਹੋਰ ਵੱਡੀ ਛਾਲ ਲਗਾ ਦਿਆਂਗੇ। ਭਾਵ ਉਨ੍ਹਾਂ ਬੱਚਿਆਂ ਦਾ ਉਤਸ਼ਾਹ ਵਧਾਉਣ ਵਾਸਤੇ ਇਨ੍ਹਾਂ ਵਿੱਚ ਸ਼ਰੀਰਕ ਬਲ ਪੈਦਾ ਕਰਨ ਦੀ ਇੱਛਾ ਪੈਦਾ ਹੋਵੇ। ਮਹਾਂਪੁਰਸ਼ ਚੋਜ਼ ਕਰਿਆ ਕਰਾਇਆ ਕਰਦੇ ਸਨ।

ਇਥੋਂ ਮਟੀ ਸਥਾਨ ਤੋਂ ਚੋਏ ਚੋਏ ਪੈ ਕੇ, ਤਨੂੰਲੀ ਨਗਰ ਦੇ ਬਾਹਰ ਬਾਹਰ ਟਿੱਬੇ ਹਨ, ਜਿੱਥੇ ਅੱਜ ਗੁਰਾਂ ਕਾ ਨਿਸ਼ਾਨ ਝੁਲਦਾ, ਲੰਗਰ ਚਲਦਾ ਹੈ। ਮਾਤਾ ਅਮਰ ਕੌਰ ਜੀ, ਜੋ ਬਾਅਦ ਵਿੱਚ ਮਹਾਂਪੁਰਸ਼ਾਂ ਦੇ ਸੇਵਾਦਾਰ ਬਣੇ ਸੋ ਬੜੀ ਅਸ਼ੀਰਵਾਦ ਗੁਰੂ ਕੇ ਲੰਗਰ ਦੀ ਸੇਵਾ ਕਰਕੇ ਪ੍ਰਾਪਤ ਕੀਤੀ। ਇਥੇ ਲੰਗਰ ਚਲਾਇਆ। ਮਹਾਂਪੁਰਸ਼ ਇੱਥੇ ਆ ਕੇ ਵੀ ਤਪੱਸਿਆ ਕਰਦੇ ਸਨ। ਇਸ ਸਥਾਨ ਦਾ ਨਾਮ ਤਪੋਬਨ ਹੈ। ਤਪੱਸਿਆ ਕਰਲ ਦੇ ਕਾਰਣ ਜੰਗਲ ਆਮ ਸੀ। ਇਸੇ ਤਰ੍ਹਾਂ ਤਨੂੰਲੀ ਨਗਰ ਤੋਂ ਉਪਰ ਇਕ ਚੋਈ ਡੂੰਬ ਵਜਦੇ ਹਨ ਇਥੇ ਵੀ ਮਹਾਂਪੁਰਸ਼ਾਂ ਨੈ ਪਾਣੀ ਕਿਨਾਰੇ ਬੈਠ ਕਰਕੇ ਜਾਂ ਜਲ ਵਿੱਚ ਖੜ੍ਹ ਕੇ ਬਾਣੀ ਪੜ੍ਹਨੀ ਭਜਨ ਕਰਨਾਂ। ਇਸੇ ਤਰ੍ਹਾਂ ਇਹ ਆਸਣ ਰੱਖੇ ਹੋਏ ਸਨ। ਇਸੇ ਤਰ੍ਹਾ ਕਈ ਵਾਰੀ ਭਟਰਾਨੇ ਨੱਗਰ ਤੋਂ ਉਪਰ ਬਾਗਾਂ ਤੋਂ ਜਾ ਕੇ ਖੁੱਲ੍ਹਾ ਆਸਣ ਨਦੀ ਕਿਨਾਰੇ ਪਿਆ ਸੀ, ਉਹਨੂੰ ਚਾਂਦਨੀ ਚੌਂਕ ਕਹਿੰਦੇ ਸਨ, ਉਥੇ ਬਹਿ ਕਰਕੇ ਤਪੱਸਿਆ ਕਰਨੀ। ਰਾਤ ਨੂੰ ਜਦੋਂ ਚੰਦ ਚਮਕਣਾਂ ਉਹ ਚੌਂਕ ਐਸਾ ਬਣਿਆ ਸੀ, ਚੰਦ ਦੀ ਲਾਈਟ ਵਿਸ਼ੇਸ਼ ਪੈਂਣੀ। ਉਸ ਦਾ ਨਾਮ ਹੀ ਚਾਂਦਨੀ ਚੌਂਕ ਰੱਖਿਆ ਸੀ। ਇਸ ਤਰ੍ਹਾ ਇਨ੍ਹਾਂ ਆਸਣਾਂ ਤੇ ਜਿੱਥੇ ਰੌਲਾ ਗੌਲਾ ਨਾ ਹੋਵੇ ਬਹਿ ਕਰਕੇ ਜਿੰਨਾ ਚਿਰ ਉਨ੍ਹਾਂ ਦੀ ਇੱਛਾ ਹੋਵੇ ਤਪੱਸਿਆ ਕਰਨੀ। ਨਾਮ ਬਾਣੀ ਦਾ ਅਭਿਆਸ ਆਦਿਕ ਕਰਨਾ। ਇਸ ਤਰ੍ਹਾਂ ਲੰਮਾਂ ਸਮਾਂ ਇਕੱਲੇ ਰਹਿੰਦੇ ਹੋਏ ਵਿਚਰਦਿਆਂ ਹੋਇਆਂ ਮਹਾਂਪੁਰਸ਼ਾਂ ਨੂੰ ਬਤੀਤ ਹੋਇਆ। ਕਿਉਂਕਿ 1917 ਤੋਂ 1918 ਤੱਕ ਹੋਤੀ ਮਰਦਾਨ ਰਹੇ ਅਤੇ 1918 ਵਿੱਚ ਮਹਾਂਪੁਰਖ ਇਸ ਅਸਥਾਨ ਤੇ ਆਏ ਸਨ।

ਫਿਰ ਧਘਾਨ ਗੜ੍ਹ ਨੱਗਰ ਤੋਂ ਸੰਤ ਕਰਤਾਰ ਸਿੰਘ (ਸੁਆਮੀ ਕਰਤਾਰ ਸਿੰਘ)ਮਹਾਂਪੁਰਸ਼ਾਂ ਦੀ ਅਰਦਲ ਵਿੱਚ ਸੇਵਾਦਾਰ ਆ ਗਏ। ਸੇਵਾ ਕਰਦੇ ਰਹੇ। ਫਿਰ ਹੋਰ ਸਤਸੰਗੀ ਜਿਉਂ ਜਿਉਂ ਪਤਾ ਲੱਗਦਾ ਹੈ ਕਿ ਇਥੇ ਕੋਈ ਮਹਾਤਮਾ ਰਹਿੰਦੇ ਹਨ ਆਉਣ ਜਾਣ ਲੱਗ ਪਏ ਸੰਗਤਾਂ ਵੱਲੋਂ ਭੇਟਾਵਾਂ ਰਾਸ਼ਨ ਪਾਣੀ ਆਉਣ ਲੱਗ ਪਿਆ। ਫਿਰ ਆਏ ਗਏ ਲੰਗਰ ਪਾਣੀ ਦਾ ਸਾਧਨ ਕਰਨਾ ਜ਼ਰੂਰੀ ਹੋਇਆ। ਪਾਣੀ ਵਾਸਤੇ ਜੋ ਮਟੀ ਅਸਥਾਨ ਹੈ, ਇਸ ਦਾ ਨਾਮ ਰਾਮ ਬਾਗ ਰੱਖਿਆ ਹੋਇਆ ਹੈ। ਮਹਾਂਪੁਰਖਾਂ ਨੇ ਇੱਕ ਖੂਹੀ ਲਵਾਈ ਉਪਰੰਤ ਇਕ ਝੌਂਪੜੀ ਬਣਾਈ। ਜਿੱਥੇ ਅੱਜ ਪੱਕੇ ਅਸਥਾਨ ਬਣੇ ਹੋਏ ਹਨ ਅਤੇ ਜੋੜ ਮੇਲੇ ਤੇ ਇਥੇ ਲੰਗਰ ਆਦਿਕ ਚਲਦੇ ਹਨ। ਉਪਰੰਤ ਫਿਰ ਜਿਉਂ ਜਿਉਂ ਸੰਗਤਾਂ ਵਧਦੀਆਂ ਗਈਆਂ ਲੋੜਾਂ ਵਧਦੀਆਂ ਗਈਆਂ। ਸੰਤ ਬਾਬਾ ਮਿਹਰ ਸਿੰਘ ਤੇ ਸੰਤ ਬਾਬਾ ਕੱਕਾ ਸਿੰਘ ਜੀ ਮਹਾਂਪੁਰਖਾਂ ਦੀ ਸ਼ਰਨ ਵਿੱਚ ਆ ਗਏ। ਇਹ ਪੁਰਾਣੇ ਸੇਵਾਦਾਰ ਸਨ।

ਫਿਰ ਮਹਾਂਪੁਰਸ਼ਾਂ ਨੇ ਇਕ ਗੁਫ਼ਾ ਬਣਾਈ ਉਸ ਦੇ ਉਪਰ ਇਕ ਟੀਨਾਂ ਦਾ ਛੱਪਰ ਪਾਇਆ ਅਤੇ ਉਥੇ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਕੇ ਅਖੰਡ ਪਾਠ ਸਾਹਿਬ ਹੋਏ ਅਤੇ ਲੰਗਰ ਵਾਸਤੇ ਵੀ ਛੋਟੀ ਇਮਾਰਤ ਬਣਾਈ ਅਤੇ ਅਖੰਡ ਪਾਠ ਤੇ ਜੋ ਚੜ੍ਹਾਵਾ ਚੜ੍ਹਿਆ,ਉਨ੍ਹਾਂ ਦਿਨਾਂ'ਚ ਚਾਂਦੀ ਦੇ ਰੁਪਏ ਮਹਾਂਪੁਰਖਾਂ ਨੇ ਚਾਰੇ ਪਾਸੇ ਖਿਲਾਰ ਕੇ ਸੁੱਟ ਦਿੱਤੇ ਤੇ ਕਿਹਾ ਕਿ ਸੇਵਾਦਾਰ ਗਰਾਹੀ ਨਾ ਕਰਨਗੇ। ਮਾਇਆ ਦਿੱਤੀ ਹੈ। ਗੁਰੂ ਦੀ ਕ੍ਰਿਪਾ ਦੇ ਨਾਲ ਸੇਵਾਦਾਰ ਵੀ ਭਾਈ ਆਉਣ ਜਾਣ ਲੱਗ ਪਏ। ਸੋ ਬਿਹੰਗਮ ਵੀ ਤੇ ਗ੍ਰਿਹਸਥੀ ਸਿੰਘਾਂ ਦਾ ਕਾਫ਼ੀ ਮਹਾਂਪੁਰਖਾਂ ਨਾਲ ਪ੍ਰੇਮ ਵਧਣ ਲੱਗ ਪਿਆ।ਸੋ ਇਸੇ ਪ੍ਰਕਾਰ ਫਿਰ ਸੰਤ ਹਰੀ ਸਿੰਘ ਜੀ ਮੁਕੇਰੀਆਂ ਵਾਲੇ, ਅਸਥਾਨ ਅਟੱਲਗੜ੍ਹ, ਸੰਤ ਰਿਸ਼ੀ ਹਰਬੰਸ ਸਿੰਘ ਜੀ ਜੋ ਕਾਲਜ ਵਿੱਚ ਪੜ੍ਹਦੇ ਸਨ।

ਪ੍ਰਿੰਸੀਪਲ ਬੜੇ ਵਿੱਦਵਾਨ ਸਨ ਤੇ ਨਾਮ ਅਭਿਆਸੀ ਸਨ। ਆਸਣ ਵਿਛਾ ਕੇ ਵਿੱਦਿਆ ਤੋਂ ਫਾਰਗ ਹੋ ਕੇ ਨਾਮ ਅਭਿਆਸ ਕਰਨਾ ਤੇ ਹਰਬੰਸ ਸਿੰਘ ਜੀ ਨੇ ਹੱਸਣਾਂ,ਕਹਿਣ ਲੱਗੇ ਭਾਈ ਥੋੜ੍ਹੇ ਦਿਨ ਹਨ, ਤੂੰ ਵੀ ਗ੍ਰਹਿਸਥ ਆਸ਼ਰਮ ਵਿੱਚ ਨਾ ਪਵੀਂ। ਵਾਹਿਗੁਰੂ ਨੇ ਤੇਰੇ ਹਿੱਸੇ ਫਕੀਰੀ ਲਿਖੀ ਹੈ ਥੋੜ੍ਹੇ ਦਿਨਾਂ ਤੋਂ ਬਾਅਦ ਤੈਨੂੰ ਪੂਰਨ ਮਹਾਂਪੁਰਸ਼ ਮਿਲਣ ਵਾਲੇ ਹਨ ਤੇ ਫਿਰ ਤੁਹਾਡੇ ਥੱਲੇ ਵੀ ਆਸਣ ਵਿਛ ਜਾਣਗੇ। ਇਸੇ ਤਰ੍ਹਾਂ ਮੇਰੇ ਵਾਂਗ ਤਪ ਕਰਿਆ ਕਰੋਗੇ। ਉਹ ਰਿਸ਼ੀ ਦੇ ਮਨ ਨੂੰ ਐਸਾ ਬਚਨ ਲੱਗਿਆ ਪਿਛਲਾ ਕੋਈ ਕਰਮ ਜਾਗ ਪਿਆ। ਐਸਾ ਮਨ ਬੈਰਾਗ ਵਿੱਚ ਹੋਇਆ ਵਿੱਦਿਆ ਛੱਡ ਕੇ ਮਹਾਂਪੁਰਸ਼ਾਂ ਦੀ ਤਲਾਸ਼ ਵਿੱਚ ਤੁਰ ਪਏ ਜਿਵੇਂ ਬਾਬਾ ਫਰੀਦ ਜੀ ਨੇ ਕਿਹਾ:-

ਉਠ ਫਰੀਦਾ ਗਵਨੁ ਕਰਿ ਦੁਨੀਆਂ ਦੇਖਣ ਜਾਹੁ।

ਕੋਈ ਬਖਸ਼ਿਆ ਮਿਲੁ ਜਾਏ ਰੱਬ ਦਾ, ਤੂੰ ਵੀ ਬਖਸ਼ਿਆ ਜਾਹ॥"

ਵਿਚਰਦੇ ਵਿਚਰਾਂਉਦੇ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਯਾਤਰਾ, ਤਰਨਤਾਰਨ ਸਾਹਿਬ ਔਰ ਗੋਇੰਦਵਾਲ ਸਾਹਿਬ, ਖਡੂਰ ਸਾਹਿਬ ਤੇ ਫਿਰ ਬਾਬੇ ਬਕਾਲੇ ਪੈਦਲ ਯਾਤਰਾ ਕੀਤੀ। ਬਾਬੇ ਬਕਾਲੇ ਸੰਤ ਹਰੀ ਸਿੰਘ ਜੀ ਦੇ ਨਾਲ ਮਿਲਾਪ ਹੋਇਆ ਤੇ ਦੋਹਾਂ ਨੇ ਇਕ ਦੂਸਰੇ ਦੇ ਨਾਲ ਬਚਨ ਬਿਲਾਸ ਕੀਤੇ ਤੁਸੀਂ ਭਾਈ ਕਿਵੇਂ ਆਏ ਹੋ ਕਹਿਣ ਲੱਗੇ ਕਿਸੇ ਮਹਾਂਪੁਰਖ ਦੀ ਢੂੰਡ ਵਿੱਚ ਹਾਂ। ਰੱਖੜ ਪੁੰਨਿਆਂ ਦਾ ਮੇਲਾ ਸੀ। ਬਾਬਾ ਜਵਾਲਾ ਸਿੰਘ ਜੀ ਵਲੋਂ ਇਥੇ ਲੰਗਰ ਦਾ ਪ੍ਰੋਗਰਾਮ ਸੀ, ਕਿਉਂਕਿ ਇਸ ਇਲਾਕੇ ਵਿੱਚ ਸੰਤ ਬਾਬਾ ਨੱਥਾ ਸਿੰਘ, ਬਾਬਾ ਕਰਮ ਸਿੰਘ ਜੀ ਦੇ ਸੇਵਕ ਬਾਬੇ ਬਤਾਲੇ ਨੱਗਰ ਵਿਖੇ ਰਿਹਾ ਕਰਦੇ ਸਨ ਉਨ੍ਹਾਂ ਦੇ ਪਾਸ ਬਾਬਾ ਜਵਾਲਾ ਸਿੰਘ ਜੀ ਕਈ ਵਾਰ ਆਇਆ ਕਰਦੇ ਸਨ। ਇਸੇ ਨੱਗਰ ਵਿੱਚ ਭਾਈ ਪੱਲਾ ਜੀ ਛੇਂਵੇ ਪਾਤਸ਼ਾਹ ਦੇ ਸਿੱਖ ਹੋਏ। ਛੇਂਵੇ ਪਾਤਸ਼ਾਹ ਨੇ ਉਨ੍ਹਾਂ ਤੇ ਮਹਾਨ ਬਖਸ਼ਿਸ਼ ਕੀਤੀ।

ਸਾਰਾ ਨੱਗਰ ਸੁਲਤਾਨੀਆਂ ਸੀ। ਇਹ ਗੁਰਸਿੱਖਾਂ ਦਾ ਪ੍ਰੀਵਾਰ ਸੀ। ਗੁਰੂ ਕੀ ਬਖਸ਼ਿਸ਼ ਪ੍ਰਾਪਤ ਹੋਈ ਅਤੇ ਵਚਨ ਦਿੱਤਾ ਤੇਰੇ ਪ੍ਰੀਵਾਰ ਵਿੱਚ ਭਾਈ ਪੱਲੇ ਤੇਰਾ ਪੱਲਾ ਫੜ ਲਿਆ ਹੈ ਸਦਾ ਕੋਈ ਬ੍ਰਹਮ ਗਿਆਨੀ ਰਹੇਗਾ। ਬਾਬਾ ਈਸ਼ਰ ਸਿੰਘ ਆਪਣੇ ਭਰਾ ਨਾਲ ਕਣਕ ਗਾਹ ਰਹੇ ਸਨ, ਨਾਲ ਲੈ ਕੇ ਅੱਗੇ ਆ ਗਏ ਕਿ ਅੱਜ ਸਾਡੇ ਨਗਰ ਵਿੱਚ ਕੋਈ ਮਹਾਤਮਾ ਆ ਰਹੇ ਹਨ। ਬਾਬਾ ਜਵਾਲਾ ਸਿੰਘ ਅੱਗੋਂ ਆ ਕੇ ਮਿਲੇ। ਜਲ ਪਾਣੀ ਲੰਗਰ ਦੀ ਸੇਵਾ ਕੀਤੀ ਅਤੇ ਬੀਬੀ ਰਾਧੋ ਜੋ ਇਸ ਨੱਗਰ ਦੇ ਮਾਤਾ ਜੀ ਸਨ, ਨੇ ਮਹਾਂਪੁਰਖਾਂ ਦੇ ਦਰਸ਼ਨ ਪਰਸੇ। ਉਨ੍ਹਾਂ ਦਾ ਵੀ ਬੜਾ ਪਵਿੱਤਰ ਜੀਵਨ ਸੀ ਘਰ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕਰਕੇ ਬੀਜੀ ਨੇ ਸੇਵਾ ਖਿਦਮਤ ਕਰਨੀ। ਹਰ ਤਰ੍ਹਾਂ ਸਤਿਗੁਰ ਸੱਚੇ ਪਾਤਸ਼ਾਹ ਦੀ ਸੇਵਾ ਕਰਕੇ ਮਹਾਰਾਜ ਜੀ ਦੀ ਪ੍ਰਸੰਨਤਾ ਪ੍ਰਾਪਤ ਕਰਨੀ। ਸੋ ਬਾਬਾ ਨੱਥਾ ਸਿੰਘ ਜੀ ਦੇ ਕੋਲ ਰਹਿਣਾਂ। ਇੱਥੇ ਫਿਰ ਬਾਬੇ ਬਕਾਲੇ ਲੰਗਰ ਆਦਿਕ ਚਲਾਉਣੇਂ।

ਇਥੇ ਰਿਸ਼ੀ ਹਰਬੰਸ ਸਿੰਘ ਦਾ ਮਹਾਂਪੁਰਖਾਂ ਨਾਲ ਮਿਲਾਪ ਹੋਇਆ। ਪਿਛਲਾ ਜਿਵੇਂ ਕੋਈ ਸੰਯੋਗ ਸੀ। ਉਸਦੇ ਕਰਕੇ ਮਹਾਂਪੁਰਸ਼ਾਂ ਨੂੰ ਬੇਨਤੀ ਕੀਤੀ ਤੇ ਹਰਖੋਵਾਲ ਆਉਣ ਵਾਸਤੇ ਆਗਿਆ ਹੋਈ। ਇਥੇ ਫਿਰ ਰਿਸ਼ੀ ਹਰਬੰਸ ਸਿੰਘ ਜੀ ਤੇ ਸੰਤ ਹਰੀ ਸਿੰਘ ਜੀ ਆਏ। ਸੋ ਰਿਸ਼ੀ ਜੀ ਬੜੇ ਤਿਆਗੀ ਬੈਰਾਗੀ ਸਨ ਮਹਾਂਪੁਰਸ਼ਾਂ ਨੇ ਉਨ੍ਹਾਂ ਨੂੰ ਨਾਮ ਅਭਿਆਸ ਦਾ ਵਿਚਾਰ ਦਿੱਤਾ। ਫਿਰ ਰਿਸ਼ੀ ਹਰਬੰਸ ਸਿੰਘ ਜੀ ਨੇ ਕੁਝ ਸਮਾਂ ਹਰਖੋਵਾਲ ਰਹਿ ਕੇ ਸੰਤ ਹਰੀ ਸਿੰਘ ਜੀ ਨੇ ਮਹਾਨ ਸੇਵਾ ਕਰਕੇ ਮਹਾਂਪੁਰਸ਼ਾਂ ਦੀਆਂ ਖੁਸ਼ੀਆਂ ਹਾਸਲ ਕੀਤੀਆਂ ਅਤੇ ਬਾਬਾ ਜਵਾਲਾ ਸਿੰਘ ਜੀ ਆਗਿਆ ਅਨੁਸਾਰ ਫਿਰ ਮੁਕੇਰੀਆਂ ਮਹਾਰਾਜਾ ਰਣਜੀਤ ਸਿੰਘ ਦੀ

ਸੱਸ ਸਦਾ ਕੌਰ ਦਾ ਕਿਲ੍ਹਾ ਜੋ ਢਹਿ ਢੇਰੀ ਹੋਇਆ ਸੀ ਅਟੱਲ ਗੜ੍ਹ ਇਥੇ ਗੁਰੂ ਕਾ ਨਿਸ਼ਾਨ ਕਾਇਮ ਕਰਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ। ਲੰਗਰ ਚਲਾਉਣੇਂ ਦੀ ਪ੍ਰਥਾ ਅਤੇ ਸੰਤ ਹਰੀ ਸਿੰਘ ਜੀ ਨੂੰ ਇਥੇ ਸੇਵਾਦਾਰ ਥਾਪਿਆ ਇਸ ਇਲਾਕੇ ਵਿੱਚ ਲੋਕ ਬੜੇ ਹੀ ਨਸ਼ਈ ਹਨ, ਹੁੱਕੀਆਂ ਪੀਂਦੇ ਹਨ, ਮਨਮਤਾਂ ਕਰਦੇ ਹਨ, ਰੋਮਾਂ ਦੀ ਬੇਅਦਬੀ ਕਰਦੇ ਹਨ। ਸੋ ਜਗ੍ਹਾਂ ਜਗ੍ਹਾਂ ਦੀਵਾਨ ਲਾ ਕੇ ਅੰਮ੍ਰਿਤ ਸੰਚਾਰ ਕਰਕੇ ਇਨ੍ਹਾਂ ਨੂੰ ਗੁਰਮਤਿ ਨਾਲ ਜੋੜਨਾਂ ਕਰੋ। ਪਹਾੜ ਦਾ ਕੰਡੀ ਦਾ ਇਲਾਕਾ ਹੈ ਗੁਰਮੁਖ ਬਣਾਉ। ਸੰਤ ਹਰੀ ਸਿੰਘ ਜੀ ਨੇ ਉਸ ਇਲਾਕੇ ਵਿੱਚ ਮਹਾਨ ਸਿੱਖੀ ਦਾ ਪ੍ਰਚਾਰ ਕੀਤਾ।

ਅੱਜ ਸਾਡੇ ਲੋਕ ਜਾਣਦੇ ਹਨ ਕਿ ਸੰਤਾਂ ਦੀ ਉਸ ਇਲਾਕੇ ਵਿੱਚ ਹਰ ਪੱਖੋਂ ਕਿਤਨੀ ਮਹਾਨ ਸੇਵਾ ਹੈ। ਸੰਤ ਰਿਸ਼ੀ(ਜੋ ਆਪਣੀਆਂ ਇੰਦ੍ਰੀਆਂ ਨੂੰ ਕਾਬੂ ਕਰ ਲਏ) ਹਰਬੰਸ ਸਿੰਘ ਮਹਾਨ ਤਪੱਸਵੀ ਸਨ। ਨੌਸ਼ਹਿਰੇ ਨਗਰ ਵਿਖੇ ਦਰਿਆ ਦੇ ਕਿਨਾਰੇ ਕੁਟੀਆ ਬਣਾ ਕੇ ਰਿਸ਼ੀ ਜੀ ਨੇ ਮਹਾਨ ਤਪੱਸਿਆ ਕੀਤੀ। ਕਈ ਵਾਰ ਕਸ਼ਮੀਰ ਦੇ ਇਲਾਕੇ ਵਿੱਚ ਗਏ ਤੇ ਗੈਬੀ ਰੂਹਾਂ ਦੇ ਦਰਸ਼ਨ ਵੀ ਕੀਤੇ ਅਤੇ ਉਨ੍ਹਾਂ ਦੇ ਬਚਨਾਂ ਦੁਆਰਾ ਬੇਅੰਤ ਸੰਗਤਾਂ ਦੀਆਂ ਕਾਮਨਾਵਾਂ ਪੂਰਨ ਹੋਈਆਂ। ਮਹਾਨ ਯੋਗੀ ਸਨ। ਜਦੋਂ ਮਹਾਂਪੁਰਸ਼ਾਂ ਕੋਲ ਆਉਣਾਂ ਬਾਬਾ ਜਵਾਲਾ ਸਿੰਘ ਨੇ ਪਲੰਘ ਛੱਡ ਖੜ੍ਹ ਜਾਣਾ ਕਿ ਰਿਸ਼ੀਆ ਹੁਣ ਤੇਰੇ ਤੇ ਗੁਰੂ ਨਾਨਕ ਸੱਚੇ ਪਾਤਸ਼ਾਹ ਦੀ ਮਹਾਨ ਕ੍ਰਿਪਾ ਹੈ। ਇਕ ਝੱਲ ਵਿੱਚ ਦੋ ਸ਼ੇਰ ਨਹੀਂ ਰਹਿੰਦੇ ਜਾਂ ਤੂੰ ਸਾਡੇ ਪਲੰਘ ਤੇ ਬੈਠ ਜਾ ਜਾਂ ਅਸੀਂ। ਰਿਸ਼ੀ ਨੂੰ ਭੇਜ ਦੇਣਾਂ। ਮਨ ਵਿੱਚ ਬੜਾ ਬੈਰਾਗ ਹੋਣਾ। ਫਿਰ ਬੇਨਤੀ ਕੀਤੀ ਮਹਾਂਪੁਰਖੋ ਜਦੋਂ ਮੈ ਸ਼ਰੀਰ ਤਿਆਗਾਂ ਕਿਤੇ ਵੀ ਹੋਵਾਂ ਆਪ ਨੇ ਮੇਰੀ ਅੰਤਿਮ ਕ੍ਰਿਆ ਕਰਨੀ। ਬਾਬਾ ਜਵਾਲਾ ਸਿੰਘ ਕਹਿਣ ਲੱਗੇ ਅਜਿਹਾ ਹੀ ਹੋਵੇਗਾ। ਸੋ ਅੰਤ ਸਮਾਂ ਜਦੋਂ ਰਿਸ਼ੀ ਦਾ ਆਇਆ ਆਪ ਜੀ ਰਾਗੀ ਬਾਗ ਸਨ। ਤਿੰਨ ਦਿਨ ਕਮਰੇ ਵਿੱਚ ਆਪ ਬੰਦ ਰਹੇ ਤੇ ਗੁਪਤ ਰੂਪ ਨਾਲ ਰਿਸ਼ੀ ਜੀ ਮੁਜੱਫਰਾਬਾਦ ਦੇ ਇਲਾਕੇ ਵਿੱਚ ਕੋਹਾਲਾ ਪੱਤਣ ਤੇ ਆਪਣੇ ਅੰਤਮ ਦਿਨ ਪੂਰੇ ਕੀਤੇ। ਮਹਾਂਪੁਰਸ਼ਾਂ ਨੇ ਗੈਬੀ ਢੰਗ ਨਾਲ ਉਥੇ ਪੁੱਜ ਕਰਕੇ ਰਿਸ਼ੀ ਜੀ ਦੀ ਅੰਤਿਮ ਕ੍ਰਿਆ ਕਰਾਈ(ਸੰਨ 1940) ਜੋ ਬਚਨ ਸਨ,ਉਹ ਪੂਰੇ ਕੀਤੇ। ਮਹਾਂਪੁਰਸ਼ਾਂ ਨੇ ਫੁਰਮਾਇਆ ਕਿ ਰਿਸ਼ੀ ਜੀ ਦੀ ਪਿਛਲੇ ਜਨਮਾਂ ਦੀ 101 ਜਨਮ ਦੀ ਤਪੱਸਿਆ ਸੀ ਸੋ ਰਿਸ਼ੀ ਪੂਰਾ ਭਾਂਡਾ ਬਣ ਗਿਆ ਸੀ। ਅਕਾਲ ਪੁਰਖ ਦੀ ਕ੍ਰਿਪਾ ਹੋ ਗਈ ਸੀ। ਅਸੀਂ ਵੀ ਚਾਹੁੰਦੇ ਸਾਂ ਕਿ ਰਿਸ਼ੀ ਜੀ ਨੂੰ ਆਪਣੀ ਜਗ੍ਹਾਂ ਮੁੱਖ ਸੇਵਾਦਾਰ ਥਾਪੀਏ। ਵਾਹਿਗੁਰੂ ਨੂੰ ਉਸ ਦੀ ਆਯੂ ਇਤਨੀ ਹੀ ਪ੍ਰਵਾਨ ਹੋਈ। ਤਕਰੀਬਨ 39 ਸਾਲ ਦੀ ਉਮਰ ਵਿੱਚ ਉਹ ਅਕਾਲ ਚਲਾਣਾ ਕਰ ਗਏ। ਪੂਰਨ ਮਹਾਂਪੁਰਖ ਸਨ ਇਸੇ ਤਰ੍ਹਾਂ ਸੰਤ ਹਰੀ ਸਿੰਘ ਮੁਕੇਰੀਆਂ ਵਾਲੇ, ਕੁਝ ਸਮਾਂ ਹਰਖੋਵਾਲ ਰਹੇ। ਜੋ ਕੋਠਾਰੀ ਦੀ ਸੇਵਾ ਸੀ ਉਹ ਇਨ੍ਹਾਂ ਮਹਾਂਪੁਰਖਾਂ ਨੇ ਨਿਭਾਈ। ਬੜੇ ਕਰਮਯੋਗੀ ਮਹਾਂਪੁਰਖ ਸਨ। ਮਹਾਂਨ ਸਿੱਖੀ ਦਾ ਪ੍ਰਚਾਰ ਇਨ੍ਹਾਂ ਮਹਾਂਪੁਰਖਾਂ ਨੇ ਕੀਤਾ। ਇਹ ਪੁਰਾਤਨ ਸੇਵਾਦਾਰਾਂ ਦੇ ਨਾਮ ਹਨ।

ਫਿਰ ਬਾਬਾ ਈਸ਼ਰ ਸਿੰਘ ਜੀ ਬ੍ਰਹਮ ਗਿਆਨੀ ਹਰਖੋਵਾਲ ਆਏ। ਬਾਬਾ ਆਇਆ ਸਿੰਘ ਜੀ 27 ਅੱਸੂ ਨੂੰ ਸੰਨ 1919 ਵਿੱਚ ਜੋਤੀ ਜੋਤ ਸਮਾ ਗਏ। ਆਪ ਉਥੇ ਪਹੁੰਚ ਨਾ ਸਕੇ ਵੈਰਾਗ ਵਿੱਚ ਕਈ ਦਿਨ ਅਲਮਸਤ ਹੀ ਰਹੇ। ਵਿਛੋੜਾ ਸਹਿਣਾ ਅਸਹਿ ਤੇ ਅਕਹਿ ਹੁੰਦਾ ਹੈ। ਐਸੀ ਕ੍ਰਿਆ ਸਾਧ ਸੰਗਤ ਜੀ ਹੁੰਦੀ ਹੈ। ਫਿਰ ਹੋਤੀ ਮਰਦਾਨ ਗਏ। ਬਾਬਾ ਜਵੰਦ ਸਿੰਘ ਜੀ ਮਿਲੇ। ਉਹ ਵੀ ਬੜੇ ਵੈਰਾਗ ਵਿੱਚ ਸਨ। ਇਸ ਤਰ੍ਹਾ ਬਾਬਾ ਮਾਝਾ ਸਿੰਘ ਸਾਹਿਬ, ਬਾਬਾ ਰਾਮ ਸਿੰਘ, ਇੱਥੇ ਬਾਬਾ ਆਇਆ ਸਿੰਘ, ਬਾਬਾ ਕਰਮ ਸਿੰਘ ਜੀ ਨੇ ਸੈਦੋ ਲੇਲ ਵਿਖੇ ਅਕਾਲ ਚਲਾਣਾਂ ਕੀਤਾ ਸੀ। ਇਥੇ ਹੀ ਉਨ੍ਹਾਂ ਦੇ ਸ਼ਰੀਰ ਦਾ ਜਲ ਪ੍ਰਵਾਹ ਹੋਇਆ ਸੀ। ਬਾਬਾ ਆਇਆ ਸਿੰਘ ਜੀ ਨੇ ਬਾਬਾ ਕਰਮ ਸਿੰਘ ਜੀ ਦਾ ਇਥੇ ਪਰਮ ਪਵਿੱਤਰ ਅਸਥਾਨ ਬਣਾਇਆ ਸੀ।

ਇਥੇ ਬਾਬਾ ਆਇਆ ਸਿੰਘ ਜੀ ਨੂੰ ਜਲ ਪ੍ਰਵਾਹ ਕੀਤਾ ਤੇ ਬਾਦ ਵਿੱਚ ਡੇਰੇ ਦੀ ਦਸਤਾਰ ਬੰਦੀ ਵੱਡੇ ਮਹੰਤ ਬਾਬਾ ਰਾਮ ਸਿੰਘ, ਛੋਟੇ ਮਹੰਤ ਬਾਬਾ ਮਾਝਾ ਸਿੰਘ ਜੀ ਨਿਯੁਕਤ ਕੀਤੇ ਸਨ। ਸੰਤ ਗਿਆਨੀ ਹਰੀ ਸਿੰਘ ਜੀ, ਜਿਨ੍ਹਾਂ ਨੇ ਬਾਬਾ ਅਮੀਰ ਸਿੰਘ ਜੀ ਤੋਂ ਗੁਰਮਤਿ ਦੀ ਵਿੱਦਿਆ ਪ੍ਰਾਪਤ ਕੀਤੀ ਅਤੇ ਸੰਗੀਤ ਜਗ੍ਹਾਂ ਬ ਜਗ੍ਹਾਂ ਵਿਦਵਾਨਾਂ ਤੋਂ ਪ੍ਰਾਪਤ ਕੀਤਾ, ਇਸ ਅਸਥਾਨ ਤੇ ਕਥਾ ਦੀ ਸੇਵਾ ਕਰਿਆ ਕਰਦੇ ਸਨ ਅਤੇ ਬਾਬਾ ਆਇਆ ਸਿੰਘ ਜੀ ਦੀ ਆਸ਼ੀਰਵਾਦ ਸੀ ਕਿ ਤੇਰਾ ਥੋੜ੍ਹਾ ਪੜ੍ਹਿਆ ਬਹੁਤਾ ਹੋਵੇਗਾ। ਜਦੋਂ ਵੀ ਮਹਾਂਪੁਰਖਾਂ ਦੇ ਮਨ ਵਿੱਚ ਬੈਰਾਗ ਹੋਵੇ ਤੇ ਸਾਧ ਸੰਗਤ ਜੀ ਹੋਤੀ ਮਰਦਾਨ ਜਾਣਾਂ ਤੇ ਮਹਾਂਪੁਰਖਾਂ ਦੇ ਸਥਾਨ ਤੇ ਲੰਮੇ ਪੈ ਕੇ ਡੰਡਉਂਤ ਕਰਨੀ। ਪ੍ਰੇਮੀਆਂ ਨੇ ਪੁੱਛਣਾ ਆਪ ਲੰਮਾ ਸਮਾਂ ਪੈ ਕੇ ਡੰਡਉਂਤ ਕਿਉਂ ਕਰਦੇ ਹੋ। ਕਹਿਣ ਲੱਗੇ ਇਸ ਭੂਮੀ ਨੂੰ ਮਹਾਂਪੁਰਖ ਬਾਬਾ ਕਰਮ ਸਿੰਘ ਤੇ ਬਾਬਾ ਆਇਆ ਸਿੰਘ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ। ਜਦੋਂ ਮੈ ਇੱਥੇ ਮੱਥਾ ਟੇਕਦਾਂ ਹਾਂ ਮੇਰੇ ਹਿਰਦੇ ਨੂੰ ਠੰਢ ਪੈਂਦੀ ਹੈ। ਸ਼ਾਂਤੀ ਆਂਉਦੀ ਹੈ।

ਇਸੇ ਤਰ੍ਹਾਂ ਬਾਬਾ ਕਾਹਨ ਦਾਸ ਮੰਡੇਰਾਂ ਵਾਲੇ, ਜਿਨ੍ਹਾਂ ਦੇ ਬਚਨਾਂ ਤੋਂ ਬਾਬਾ ਜਵਾਲਾ ਸਿੰਘ ਜੀ ਦਾ ਜਨਮ ਹੋਇਆ ਸੀ, ਉਨ੍ਹਾਂ ਦੇ ਚਰਨਾਂ ਵਿੱਚ ਕਿੰਨੇ ਕਿੰਨੇ ਦਿਨ ਰਹਿਣਾਂ ਤੇ ਮਹਾਂਪੁਰਖਾਂ ਦੀ ਸੇਵਾ ਕਰਨੀ, ਤਨ ਮਨ ਧਨ ਕਰਕੇ ਅਤੇ ਅਸ਼ੀਰਵਾਦਾਂ ਪ੍ਰਾਪਤ ਕਰਨੀਆਂ।ਇਸੇ ਇਲਾਕੇ ਵਿੱਚ ਪਿੰਡ ਸੂਸਾਂ ਵਿਖੇ ਸੰਤ ਜਵਾਹਰ ਦਾਸ ਜੀ ਉਦਾਸੀ ਪਿੰਡ ਸੂਸਾਂ ਹੁਸ਼ਿਆਰਪੁਰ ਮਹਾਤਮਾ ਬ੍ਰਹਮ ਗਿਆਨੀ ਜਿਨ੍ਹਾਂ ਨੇ ਬਚਨ ਕੀਤਾ ਸੀ ਕਿ ਜਦੋਂ ਅਸੀਂ ਸ਼ਰੀਰ ਛੱਡਾਂਗੇ ਤਾਂ ਆਕਾਸ਼ੀ ਗੋਲੇ, ਸਾਡੇ ਪ੍ਰੇਮੀ ਸੁਣਨਗੇ। ਐਸੇ ਹੀ ਵਾਕ ਹੋਏ ਸਨ। ਉਨ੍ਹਾਂ ਮਹਾਂਪੁਰਖਾਂ ਦੇ ਨਾਲ ਵੀ ਬੜਾ ਭਾਰੀ ਪਿਆਰ ਸੀ। ਇਸੇ ਤਰ੍ਹਾਂ ਗੋਂਦਪੁਰ ਨਗਰ ਵਿਖੇ ਸੰਤ ਅਮਰ ਸਿੰਘ ਜੋ ਸੰਤ ਜਵਾਲਾ ਸਿੰਘ ਜੀ ਦੇ ਗੁਰਭਾਈ ਸਨ ਬੋਰੇ ਵਾਲੇ ਵੱਜਦੇ ਹਨ, ਸੋ ਉਨ੍ਹਾਂ ਮਹਾਂਪੁਰਸ਼ਾਂ ਨੇ ਬੜੇ ਵਿੱਦਵਾਨ ਬਿਰਕਤ ਆਤਮਾ ਸੀ, ਇਸ ਤਰ੍ਹਾਂ ਚਲੇ ਜਾਣਾਂ। ਮਹਾਂਪੁਰਸ਼ਾਂ ਦੀ ਬਿਅੰਤ ਸਾਧੂਆਂ ਦੇ ਨਾਲ ਪ੍ਰੀਤੀ ਸੀ। ਧੂੰਦੇ ਨੱਗਰ ਵਿਖੇ ਪੰਡਿਤ ਸੁੱਚਾ ਸਿੰਘ ਸਾਹਿਬ ਪਿੰਡ ਗੋਇੰਦਵਾਲ ਦੇ ਨਾਲ ਕਈ ਵਾਰ ਉਥੇ ਦਰਿਆ ਦੇ ਕਿਨਾਰੇ ਰਿਹਾਇਸ਼ ਰੱਖਣੀ। ਕੁਦਰਤੀ ਢਾਹੇ ਵਿੱਚ ਗੁਫ਼ਾ ਬਣੀਆਂ ਹੋਈਆਂ ਸਨ। ਭਜਨ ਮਹਾਂਪੁਰਖਾਂ ਨੇ ਕਰਦੇ ਰਹਿਣਾਂ।

## ਅਧਿਆਇ 15

ਇਕ ਵਾਰ ਮਹਾਂਪੁਰਖ ਹਰਖੋਵਾਲ ਤੋਂ ਤਖਤ ਸ੍ਰੀ ਅਨੰਦਪੁਰ ਸਾਹਿਬ ਗਏ ਤੇ ਉਥੇ ਮਹਾਂਪੁਰਸ਼ ਈਸ਼ਰ ਸਿੰਘ ਜੀ ਬਤਾਲੇ ਵਾਲਿਆਂ ਦਾ ਮਿਲਾਪ ਹੋਇਆ। ਬਾਬਾ ਈਸ਼ਰ ਸਿੰਘ ਜੀ ਨੇ ਸੰਗਤ ਨੂੰ ਕਿਹਾ ਅਸੀਂ ਜਿਨ੍ਹਾਂ ਮਹਾਂਪੁਰਸ਼ਾਂ ਦੀ ਢੂੰਡ ਵਿੱਚ ਸਾਂ, ਸਾਨੂੰ ਉਹ ਮਿਲ ਪਏ ਹਨ ਤੁਸੀਂ ਰਹਿਣਾ ਰਹਿ ਪਉ ਜਾਣਾ ਹੈ ਤਾਂ ਜਾਉ।ਉਥੋਂ ਫਿਰ ਲੰਗੇਰੀ ਨੱਗਰ ਤੇ ਫਿਰ ਹਰਖੋਵਾਲ ਆਏ। ਫਿਰ ਬਾਬਾ ਈਸ਼ਰ ਸਿੰਘ ਜੀ ਨੇ 1923 ਸੰਨ ਵਿੱਚ ਆਪਣਾ ਪੱਕਾ ਨਿਵਾਸ ਹਰਖੋਵਾਲ ਰੱਖ ਲਿਆ ਅਤੇ 1936 ਤੱਕ ਬਾਬਾ ਜੀ ਇਥੇ ਹੀ ਰਹੇ। ਬਾਬਾ ਜੀ ਨੇ ਬਚਨ ਕੀਤਾ ਇਲਾਕੇ ਦਾ ਭਲਾ ਤਾਂ ਹੀ ਹੋ ਸਕਦਾ ਹੈ ਜੇ ਇਥੇ ਗੁਰੂ ਘਰ ਬਣਾਇਆ ਜਾਵੇ, ਧਰਮ ਅਸਥਾਨ ਕਾਇਮ ਕੀਤਾ ਜਾਵੇ। ਸੰਗਤਾਂ ਆਉਣ, ਦੋਨੋਂ ਵੇਲੇ ਕਥਾ ਕੀਰਤਨ ਹੋਣ, ਦੀਵਾਨ ਲੱਗਣ। ਸੁੰਦਰ ਗੁਰਦੁਆਰਾ ਬਣਾਇਆ ਜਾਵੇ। ਕਮਰਾ ਛੋਟਾ ਹੈ। ਬਾਬਾ ਜਵਾਲਾ ਸਿੰਘ ਜੀ ਤਿਆਗ ਬਿਰਤੀ ਵਿੱਚ ਹੀ ਰਹਿਣਾਂ ਪਸੰਦ ਕਰਦੇ ਸਨ। ਬਾਬਾ ਈਸ਼ਰ ਸਿੰਘ ਜੀ ਨੇ ਬਚਨ ਕੀਤੇ ਭਾਈ ਇਥੇ ਬੜੇ ਬੜੇ ਕਲਸਾਂ ਵਾਲੇ ਗੁੰਮਟ ਤੇ ਗੁਰੂ ਦੇ ਨਿਸ਼ਾਨ ਝੁੱਲਣਗੇ। ਲੰਗਰ ਚੱਲਣਗੇ, ਲੋਹਾਂ ਬੀੜੀਆਂ ਜਾਣਗੀਆਂ, ਸਰੋਵਰ ਬਣਨਗੇ,

ਪੁੰਨਿਆ ਲੱਗਣਗੀਆਂ, ਸੰਗਤਾਂ ਦੇ ਦੁਖ ਦੂਰ ਹੋਣਗੇ। ਬਾਬਾ ਜੀ ਐਸੇ ਕਈ ਵਰਦਾਨ ਦਿਆ ਕਰਦੇ ਸਨ। ਆਪ ਜਨਮ ਤੋਂ ਹੀ ਯੋਗੀ ਸਿੱਧ ਸਨ। ਛੇਂਵੇ ਪਾਤਸ਼ਾਹ ਦੀ ਉਸ ਅੰਸ ਤੇ ਮਹਾਨ ਕ੍ਰਿਪਾ ਸੀ।

ਬਾਬਾ ਜੀ ਆਪਣੇ ਹਸਤ ਕਮਲਾਂ ਨਾਲ ਭੱਠੀ ਤੇ ਲੋਹ ਗੱਡੀ ਇਸ ਤਰ੍ਹਾਂ ਚੁੱਲ੍ਹੇ ਕਾਇਮ ਕੀਤੇ। ਅੱਜ ਵੀ ਲੰਗਰ ਚਲਦੇ ਹਨ। ਮਹਾਂਪੁਰਖਾਂ ਨੇ ਵਿਵੇਕ ਦਾ ਪਹਿਰਾ ਲੰਗਰ ਵਿੱਚ ਚਾਲੂ ਕੀਤਾ। ਕੇਸੀ ਇਸ਼ਨਾਨ ਕਰਕੇ ਜੰਗਲ ਪਾਣੀ ਵਾਲੇ ਕੱਪੜੇ ਬਦਲ ਕੇ ਲੰਗਰ ਵਿੱਚ ਜਾਣਾਂ। ਮੂੰਹ ਅੱਗੇ ਰੁਮਾਲ ਬੰਨ ਕੇ ਲੰਗਰ ਪਕਾਉਣਾਂ ਤੇ ਵਰਤਾਉਣਾਂ। ਸੋਧ ਪਵਿੱਤਰਤਾ ਲਈ ਭਾਂਡੇ ਦੋ ਜਗ੍ਹਾਂ ਮਾਂਜਣੇ ਤੇ ਫਿਰ ਧੋਣੇਂ। ਇਸ ਤਰ੍ਹਾਂ ਲੰਗਰ ਸਾਧੂਆਂ ਤੇ ਬਿਹੰਗਮਾਂ ਨੇ ਤਿਆਰ ਕਰਨਾ। ਵਰਤਾਉਣ ਵਾਲੇ ਇਕ ਸਿੰਘ ਤਾਬਿਆ ਬੈਠ ਕੇ ਮੂਲ ਮੰਤਰ ਪੜ੍ਹੇ। ਦੂਸਰਾ ਸਿੰਘ ਵਰਤਾਵੇ। ਵਰਤੇ ਹੋਏ ਪ੍ਰਸ਼ਾਦੇ, ਸਬਜ਼ੀ ਤੇ ਪ੍ਰਸ਼ਾਦ ਮੁੜ ਲੰਗਰ ਵਿੱਚ ਨਾ ਰਲਾਈ ਜਾਵੇ। ਵਰਤਾਵਾ ਆਪ ਆਪਣੇ ਹੱਥੀ ਚੀਜ਼ ਨਾ ਪਾਵੇ। ਅੰਦਰ ਬੈਠਾ ਸਿੰਘ ਹੀ ਪਾਵੇ। ਲੰਗਰ ਵਿੱਚ ਬਰਕਤ ਰਹਿੰਦੀ ਹੈ। ਪੰਗਤ ਵਿੱਚ ਪਹਿਲਾਂ ਸਤਿਨਾਮ ਸ੍ਰੀ ਵਾਹਿਗੁਰੂ ਦਾ ਜਾਪ ਕੀਤਾ ਜਾਵੇ, ਫਿਰ ਮੂਲਮੰਤਰ, ਫਿਰ

ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥

ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ॥ (ਪੰਨਾ 269)

ਤਿਚਰੁ ਮੂਲਿ ਨ ਥੁੜੀਦੋ ਜਿਚਰੁ ਆਪਿ ਕ੍ਰਿਪਾਲੁ॥

ਸਬਦੁ ਅਖੁਟੁ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲੁ॥੨੦॥ (ਪੰਨਾ 1426)

ਅਨਿਕ ਪ੍ਰਕਾਰ ਭੋਜਨ ਬਹੁ ਕੀਏ ਬਹੁ ਬਿੰਜਨ ਮਿਸਟਾਏ ॥

ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਏ ॥ ੨ ॥(ਪੰਨਾ 1266)

ਜੈਕਾਰਾ ਛੱਡਣ ਤੋਂ ਬਾਅਦ ਭਾਈ ਲੰਗਰ ਸੰਗਤਾਂ ਛਕਣ ਬਾਅਦ ਵਿੱਚ ਹੱਥ ਧੁਆਉਣ ਤੋਂ ਬਾਅਦ ਚੂਲਾ ਪੜ੍ਹਿਆ ਜਾਵੇ, ਅਰਦਾਸ ਕੀਤੀ ਜਾਵੇ। ਫਿਰ ਆਪੋ ਆਪਣੇ ਭਾਂਡੇ ਅਦਬ ਨਾਲ ਚੁੱਕ ਕੇ ਧੋ ਕਰਕੇ ਦੋ ਜਗ੍ਹਾਂ ਰਾਖ ਨਾਲ ਮਾਂਜਣ ਅਤੇ ਸੁੱਕ ਮਾਂਜ ਰੱਖਣ। ਫਿਰ ਲਾਂਗਰੀ ਸਿੰਘ ਆਪ ਹੀ ਚੁਬੱਚੇ ਵਿੱਚ ਭਾਂਡੇ ਆਦਿਕ ਧੋਣ। ਇਸ ਤਰ੍ਹਾਂ ਵਿਵੇਕ ਦੀ ਜਿਹੜੀ ਕਿਰਿਆ ਸੀ ਬਾਬਾ ਜੀ ਨੇ ਚਲਾਈ, ਕਿਉਂਕਿ ਬਾਬਾ ਜੀ ਆਪ ਵੀ ਵਿਵੇਕ ਸਰਬ ਲੋਹੀਏ ਸਨ।

ਫਿਰ ਬਾਬਾ ਜੀ ਨੇ ਗੁਰ ਅਸਥਾਨ ਕਾਇਮ ਕਰਨ ਦਾ ਵਿਚਾਰ ਪ੍ਰਗਟ ਕੀਤਾ।ਬਾਬਾ ਜਵਾਲਾ ਸਿੰਘ ਜੀ ਕਹਿਣ ਲੱਗੇ ਅਸਥਾਨ ਬਣ ਜਾਂਦੇ ਹਨ। ਫਿਰ ਜਾਇਦਾਦਾਂ ਬਣ ਜਾਂਦੀਆਂ ਹਨ। ਮਾਇਆ ਚੜ੍ਹਾਵੇ ਆਉਣ ਲੱਗ ਜਾਂਦੇ ਹਨ। ਕੁਝ ਸਮੇਂ ਤੋਂ ਬਾਅਦ ਤਪੱਸਿਆ ਵਾਲੇ ਸਾਧੂ ਨਹੀਂ ਰਹਿੰਦੇ। ਫਿਰ ਤਪੱਸਿਆ ਨਾਲ ਅਸਥਾਨ ਬਣਦੇ ਹਨ ਅਤੇ ਲੜਾਈਆਂ ਝਗੜਿਆਂ ਮੁਕੱਦਮੇ ਬਾਜੀਆਂ ਨਾਲ ਉਹ ਲੋਕ ਗਵਾ ਲੈਂਦੇ ਹਨ। ਤਪ ਕਰਦੇ ਨਹੀਂ, ਭਜਨ ਕਰਦੇ ਨਹੀਂ। ਮਹੰਤੀਆਂ ਦੇ ਪੱਗਾਂ ਦੇ ਝਗੜੇ ਅਡੰਬਰ ਹੁੰਦੇ। ਅਸੀਂ ਇਸ ਕਰਕੇ ਇਨ੍ਹਾਂ ਅਡੰਬਰਾਂ ਵਿੱਚ ਨਹੀਂ ਪੈਣਾਂ ਚਾਹੁੰਦੇ। ਤਿਆਗ ਬੈਰਾਗ ਹੀ ਚੰਗਾ ਹੈ ਵਾਹਿਗੁਰੂ ਤੇ ਹੀ ਭਰੋਸਾ ਠੀਕ ਹੈ ਕਹਿਣ ਲੱਗੇ ਇਹ ਵਿਚਾਰ ਤਾਂ ਠੀਕ ਹੈ ਲੇਕਿਨ ਸੰਗਤਾਂ ਦਾ ਭਲਾ ਅਸਥਾਨ ਬਿਨਾਂ ਕਿਵੇਂ ਹੋਵੇ? ਅਸਥਾਨ ਜਰੂਰ ਕਾਇਮ ਕਰਨਾ। ਦੋਨੋਂ ਵੇਲੇ ਨਿੱਤਨੇਮ, ਕਥਾ, ਕੀਰਤਨ ਸਤਿ ਸੰਗਤ ਦਾ ਪਰਵਾਹ

ਚਲਾਉਣਾਂ ਹੈ। ਖੈਰ ਮਹਾਂਪੁਰਸ਼ਾਂ ਨੂੰ ਜਦੋਂ ਇਸ ਤਰ੍ਹਾਂ ਦੇ ਬਚਨ ਕਹੇ ਤੇ ਬਾਬਾ ਜਵਾਲਾ ਸਿੰਘ ਜੀ ਨੇ ਕਿਹਾ ਕਿ ਸਾਡੇ ਮਨ ਵਿੱਚ ਸੰਕਲਪ ਹੋਇਆ ਹੈ ਕਿ ਬਾਬਾ ਈਸ਼ਰ ਸਿੰਘ ਜੀ ਮੈਨੂੰ ਇਉਂ ਹੁਕਮ ਕਰਦੇ ਹਨ ਜਿਵੇਂ ਬਾਬਾ ਆਇਆ ਸਿੰਘ ਸਾਹਿਬ ਕਰਦੇ ਸਨ।

ਬਾਬਾ ਈਸ਼ਰ ਸਿੰਘ ਜੀ ਇੱਛਾਧਾਰੀ ਸਨ। ਉਨ੍ਹਾਂ ਨੇ ਬਾਬਾ ਆਇਆ ਸਿੰਘ ਜੀ ਦਾ ਸਰੂਪ ਧਾਰਨ ਕਰਕੇ ਬਾਬਾ ਜਵਾਲਾ ਸਿੰਘ ਜੀ ਨੂੰ ਦਰਸ਼ਨ ਦਿੱਤੇ, ਅਭੇਦਤਾ ਦਰਸਾਈ ਚਰਨਾਂ ਵਿੱਚ ਮੱਥਾ ਟੇਕਿਆ। ਖਿਮਾਂ ਮੰਗੀ, ਮਹਾਰਾਜ ਹੁਣ ਤੋਂ ਮੈਂ ਆਪ ਦੇ ਬਚਨਾਂ ਦਾ ਉਲੰਘਣ ਨਹੀਂ ਕਰਾਂਗਾ। ਬਾਬਾ ਆਇਆ ਸਿੰਘ ਦਾ ਹੁਕਮ ਜਾਣ ਕੇ, ਬਚਨ ਮੰਨਾਂਗਾ ਜੋ ਆਪ ਕਹੋਗੇ। ਸੋ ਸਾਰੀ ਜ਼ਿੰਦਗੀ ਬਾਬਾ ਈਸ਼ਰ ਸਿੰਘ ਦੇ ਜੋ ਬਚਨ ਸਨ, ਉਨਾਂ ਨੂੰ ਬਾਬਾ ਜਵਾਲਾ ਸਿੰਘ ਜੀ, ਬਾਬਾ ਆਇਆ ਸਿੰਘ ਜੀ ਦੇ ਬਚਨ ਜਾਣ ਕੇ ਮੰਨਦੇ ਰਹੇ। ਨਗਰ ਦੀਆਂ ਸੰਗਤਾਂ ਇਕੱਤਰਤ ਹੋਈਆਂ। ਸਰਦਾਰ ਨੰਦ ਸਿੰਘ ਜੀ ਔਰ ਸਰਦਾਰ ਵਰਿਆਮ ਸਿੰਘ ਜੀ ਹਰਖੋਵਾਲ ਤੋਂ, ਸਰਦਾਰ ਕਰਮ ਸਿੰਘ ਅਤੇ ਲੰਬੜਦਾਰ ਰਾਜਾ ਸਿੰਘ। ਇਸੇ ਤਰ੍ਹਾਂ ਨਿਹੰਗ ਸੰਤੋਖ ਸਿੰਘ ਅੱਤੋਵਾਲ ਤੋਂ, ਲੰਬੜਦਾਰ ਚੰਨਣ ਸਿੰਘ ਆਦਿਕ। ਇਸ ਤਰ੍ਹਾਂ ਹੋਰ ਵੀ ਗੁਰਮੁਖ ਪਿਆਰੇ ਸਾਰਿਆਂ ਦੇ ਨਾਮ ਵਰਨਣ ਕਰਨੇ, ਕਥਨ ਕਰਨੇ ਅਸੰਭਵ ਹਨ। ਬੇਅੰਤ ਸੰਗਤਾਂ ਜੁੜੀਆਂ।

ਗੁਰਦੁਆਰਾ ਸਾਹਿਬ ਦੇ ਨੀਂਹ ਪੱਥਰ ਰੱਖਣ ਦਾ ਵਿਚਾਰ ਹੋਇਆ। ਰਾਮ ਬਾਗ ਸਾਰੀ ਸੰਗਤ ਬੈਠੀ ਹੋਈ ਸੀ। ਉਥੇ ਵਿਚਾਰ ਹੋਈ ਕਿ ਨਿਹੰਗ ਸੰਤੋਖ ਸਿੰਘ ਨੂੰ ਇੱਕ ਇੱਟ ਫੜਾ ਦਿੱਤੀ ਜਾਵੇ ਉਹ ਮੂਲ ਮੰਤਰ ਪੜ੍ਹਦਾ ਹੋਇਆ ਤੁਰਿਆ ਜਾਵੇ। ਧਰੂ ਦਿਸ਼ਾਂ ਨੂੰ ਜਿਥੇ 108 ਵਾਰੀ ਮੂਲ ਮੰਤਰ ਪੂਰਾ ਹੋ ਜਾਵੇ,ਉਥੇ ਨੀਂਹ ਪੁੱਟ ਕੇ ਪੰਜਾਂ ਪਿਆਰਿਆਂ ਤੋਂ ਪੰਜ ਇੱਟਾਂ ਇਸ਼ਨਾਨ ਕਰਾ ਕੇ, ਕੜਾਹ ਪ੍ਰਸ਼ਾਦ ਦੀ ਦੇਗ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਕਰਕੇ ਅਰਦਾਸਾ ਭੋਗ ਲਵਾ ਕੇ ਵਾਕ ਸੁਣ ਕੇ ਸਾਧ ਸੰਗਤ ਨੂੰ ਪ੍ਰਸ਼ਾਦ ਵਰਤਾਇਆ ਜਾਵੇ ਅਤੇ ਸਾਧ ਸੰਗਤ ਜੀ ਜੋ ਰਸਮ ਹੈ ਉਹ ਕੀਤੀ ਜਾਵੇ। ਇਸੇ ਪ੍ਰਕਾਰ ਗੁਰੂ ਮਹਾਰਾਜ ਜੀ ਦੇ ਚਰਨਾਂ ਵਿੱਚ ਦੇਗ ਸਜਾਈ ਗਈ। ਸੋ ਜਪੁਜੀ ਸਾਹਿਬ, ਅਨੰਦ ਸਾਹਿਬ ਜੀ ਦੇ ਪਾਠ ਹੋਏ। ਸੋ ਅਰਦਾਸ ਕੀਤੀ, ਮੁੱਖ ਵਾਕ ਲਿਆ, ਗੁਰੂ ਕੀ ਆਗਿਆ ਲੈ ਕੇ ਪੰਜਾਂ ਸਿੰਘਾਂ ਨੇ ਗੁਰੂ ਦੀ ਹਜ਼ੂਰੀ ਵਿੱਚ ਪੰਜ ਇੱਟਾਂ ਇਸ਼ਨਾਨ ਕਰਾ ਕੇ ਰੱਖੀਆਂ ਸੀ। ਪੰਜਾਂ ਪਿਆਰਿਆਂ ਨੇ ਇੱਕ ਇੱਕ ਲੈ ਲਈ ਉਸ ਅਸਥਾਨ ਤੇ ਮਿਸਤਰੀਆਂ ਨੇ ਨੀਂਹ ਪੁੱਟੀ। ਸੋ ਪੱਕਾ ਆਸਣ ਤਿਆਰ ਕਰਕੇ ਬੜੇ ਅਦਬ ਨਾਲ ਪੰਜਾਂ ਪਿਆਰਿਆਂ ਨੇ ਪੰਜਾਂ ਮਹਾਂਪੁਰਸ਼ਾਂ ਨੇ, ਬਾਬਾ ਈਸ਼ਰ ਸਿੰਘ ਜੀ, ਬਾਬਾ ਜਵਾਲਾ ਸਿੰਘ ਜੀ, ਸੰਤ ਬਿਸ਼ਨ ਸਿੰਘ ਜੀ ਅਤੇ ਸੰਤ ਪ੍ਰਦੱਮਣ ਸਿੰਘ ਜੀ ਅਤੇ ਜਥੇਦਾਰ ਮੰਗਲ ਸਿੰਘ ਜੀ ਜੋ ਸਾਧ ਸੰਗਤ ਜੀ ਸ਼ਹੀਦ ਬਾਗ ਅਨੰਦਪੁਰ ਸਾਹਿਬ ਵਾਲੇ ਸੋ ਪੰਜਾਂ ਪਿਆਰਿਆਂ ਤੋਂ ਜਿਹੜੀਆਂ ਪੰਜ ਇੱਟਾਂ ਸਨ, ਰਖਾਈਆਂ । ਗੁਰਦੁਆਰੇ ਦੀ ਜਿਹੜੀ ਕਾਰ ਸੇਵਾ ਸੀ ਇਹ ਸ਼ੁਰੂ ਹੋ ਗਈ ਅਤੇ ਹਾਲ ਜਿਹੜਾ ਸੀ ਇਹ ਮਹਾਂਪੁਰਸ਼ਾਂ ਦੇ ਹੁੰਦਿਆਂ ਤਿਆਰ ਹੋ ਗਿਆ।

ਫਿਰ ਤੜਕੇ ਇੱਕ ਵਜੇ ਗੁਰਦੁਆਰਾ ਸਾਹਿਬ ਜੀ ਦਾ ਭਾਈ ਇਸ਼ਨਾਨ ਪਾਨ ਕਰਾ ਕੇ ਸੋ ਮਹਾਰਾਜ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰੇ ਚਾਰ ਵਜੇ ਪ੍ਰਕਾਸ਼ ਕਰਕੇ ਚਾਰ ਤੋਂ ਪੰਜ ਸੁਖਮਨੀ ਸਾਹਿਬ, ਪੰਜ ਤੋਂ ਸੱਤ ਸ੍ਰੀ ਆਸਾ ਜੀ ਦੀ ਵਾਰ, ਸੱਤ ਤੋਂ ਅੱਠ ਗੁਰੂ ਗ੍ਰੰਥ ਸਾਹਿਬ ਜੀ ਦੀ ਲੜੀਵਾਰ ਵਿਆਖਿਆ, ਉਸ ਤੋਂ ਬਾਅਦ ਲੰਗਰ ਵਿੱਚ ਜਲ ਪਾਣੀ ਦੀ ਘੰਟੀ ਖੜਕੀ ਸੰਗਤਾਂ ਠੰਢਾ ਤੱਤਾ, ਗਰਮ ਜਲ ਜਿਹੋ ਜਿਹਾ ਇੱਛਾ ਕਰਨ ਛਕਣ। ਫਿਰ ਮੌਕੇ ਤੇ ਸੇਵਾ ਵਧੇਰੇ ਹੋਵੇ ਨਾਲ ਹਾਜ਼ਰੀ ਤਿਆਰ ਹੋ ਜਾਂਦੀ ਸੀ। ਇਸ ਤਰ੍ਹਾਂ ਛਕਣੀਂ ਦੁਪੈਹਿਰ ਨੂੰ 10 ਵਜੇ ਲੰਗਰ ਦੀ ਪੂਰੇ ਸਹੀ ਟਾਇਮ ਘੰਟੀ ਮਾਰਨੀ। ਸੰਗਤਾਂ ਨੇ ਲੰਗਰ ਛਕਣੇਂ। ਸ਼ਾਮ ਨੂੰ ਤਿੰਨ ਵਜੇ ਘੰਟੀ ਤੇ ਸਾਧ ਸੰਗਤ ਜਲ ਪਾਣੀ ਇਸ ਤਰ੍ਹਾਂ ਰਾਤ ਨੂੰ ਰੁੱਤ ਅਨੁਸਾਰ ਟਾਇਮ ਦੀ ਕੋਈ ਤਬਦੀਲੀ ਸਿਆਲ

ਔਰ ਗਰਮੀਆਂ ਨੂੰ ਲੰਗਰ ਦੀ ਘੰਟੀ ਨਾਲ ਸਾਰਿਆਂ ਨੇ ਲੰਗਰ ਛਕਣਾ। ਗੁਰਦੁਆਰਾ ਸਾਹਿਬ ਸ਼ਾਮ ਨੂੰ ਰਹਰਾਸਿ, ਆਰਤੀ ਉਪਰੰਤ ਸੂਰਜ ਪ੍ਰਕਾਸ਼, ਪੰਥ ਪ੍ਰਕਾਸ਼ ਆਦਿ ਦੀ ਕਥਾ ਜਿਹੜੀ ਸੀ ਪ੍ਰਾਰੰਭ ਕੀਤੀ। ਪਹਿਲੇ ਪਹਿਰ ਜਨਮ ਸਾਖੀ ਜਾਂ ਜੋਗ ਵਿਸ਼ਿਸ਼ਟ ਆਦਿ ਦੀਆਂ ਵੀਚਾਰਾਂ ਹੁੰਦੀਆਂ ਸਨ, ਕਿਉਂਕਿ ਡੇਰੇ ਵਿੱਚ ਖਾਸ ਕੋਈ ਵੱਡਾ ਵਿੱਦਵਾਨ ਨਹੀਂ ਸੀ। ਪਾਕਿਸਤਾਨ ਬਣਨ ਤੋਂ ਬਾਦ ਜਦੋਂ ਗਿਆਨੀ ਹਰੀ ਸਿੰਘ ਜੀ ਇੱਥੇ ਮਹਾਂਪੁਰਸ਼ਾਂ ਦੀ ਬੇਨਤੀ ਤੋਂ ਆਏ। ਉਨ੍ਹਾਂ ਨੇ ਆ ਕੇ ਫਿਰ ਲੜੀਵਾਰ ਕਥਾ ਸੋਲਾਂ ਸਾਲ ਚਲਾਈ। ਡੇਰੇ ਦੇ ਤਕਰੀਬਨ ਬਿਹੰਗਮਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੀ ਸੰਥਿਆ ਕੁਝ ਸੱਜਣਾਂ ਨੂੰ ਗੁਰਬਾਣੀ ਦਾ ਕੀਰਤਨ ਅਤੇ ਕੁਝ ਪ੍ਰੇਮੀਆਂ ਨੇ ਅਰਥਾਂ ਨਾਲ ਬਾਣੀ ਔਰ ਇਤਿਹਾਸ ਦੀ ਕਥਾ ਪੜੀ, ਵੀਚਾਰੀ।

ਬਾਬਾ ਈਸ਼ਰ ਸਿੰਘ ਜੀ ਸਾਹਿਬ ਦੇ ਹੁਕਮ ਅਨੁਸਾਰ ਗੁਰਦੁਆਰੇ ਦਾ ਨੀਂਹ ਪੱਥਰ ਰੱਖਿਆ ਗਿਆ ਅਤੇ ਦਿਨੋਂ ਦਿਨ ਫਿਰ ਲੋੜ ਅਨੁਸਾਰ ਛੱਪਰੇ ਬਣਾਏ ਬਿਹੰਗਮ ਵਾਸਤੇ ਸੋ ਲੰਗਰ ਦੀ ਸਾਦੀ ਇਮਾਰਤ ਬਣਾਈ ਗਈ। ਸੋ ਇੱਕ ਸਮੇਂ ਸੁੰਦਰ ਸਿੰਘ ਨਾਮਧਾਰੀਏ ਸੰਦਬਾਂ ਫਰਾਲੇ ਵਾਲੇ ਇੱਥੇ ਆਏ ਅਤੇ ਉਨ੍ਹਾਂ ਨੇ ਮਹਾਂਪੁਰਸ਼ਾਂ ਨੂੰ ਬੇਨਤੀ ਕੀਤੀ ਇੱਥੇ ਵਰਣੀਆਂ ਕਰਨੀਆਂ ਚਾਹੀਦੀਆਂ ਹਨ ਨਾਮਧਾਰੀਏ ਸੱਤਾਂ ਬਾਣੀਆਂ ਦਾ ਜਾਪ ਕਰਕੇ ਗੋਕੇ ਘਿਉ ਦੀ ਜੋਤ, ਕੁੰਭ, ਨਾਰੀਅਲ ਤੇ ਹਵਨ ਦਾ ਧੂਪ ਸੋ ਇਸ ਤਰ੍ਹਾਂ ਸੰਗਤ ਜੀ ਉਹ ਧੂਪ ਅੱਗ ਵਿੱਚ ਪਾ ਕੇ ਘਿਉ ਆਦਿਕ ਪਾਉਣਾਂ ਜਲ ਦੁੱਧ ਦਾ ਛਿੱਟਾ ਮਾਰਨਾਂ ਖੰਡ ਆਦਿਕ ਹਵਨ ਕਰਨਾਂ, ਸਮੱਗਰੀ ਤੇ ਧੂਪ ਦਾ ਹਵਨ ਸੱਤਾਂ ਬਾਣੀਆਂ ਦਾ ਜਾਪ ਆਦਿਕ ਕਰਦੇ ਹਨ। ਨਾਮਧਾਰੀਆਂ ਦੇ ਗੁਟਕੇ ਛਪੇ ਹਨ,ਉਨ੍ਹਾ ਵਿੱਚ ਆਪ ਉਹ ਸੱਤੇ ਬਾਣੀਆਂ ਵੇਖ ਸਕਦੇ ਹੋ। ਸੋ ਇਸ ਤਰ੍ਹਾ ਵਰਣੀਆਂ ਕਰਨ ਦਾ ਵੀਚਾਰ ਬਣਾਇਆ। ਮਹਾਂਪੁਰਸ਼ਾਂ ਨੇ ਕਿਹਾ ਆਪ ਵਰਣੀਆਂ ਜਿਵੇਂ ਕਰਦੇ ਹੋ ਕਰੋ ਇੱਥੇ ਫਿਰ ਉਹ 41 ਦਿਨ ਰਹੇ, ਤੇ ਸੱਤ ਸਿੰਘ ਪਾਠ ਵਿੱਚ ਸ਼ਾਮਲ ਹੋਏ ਅਤੇ 40-41 ਦਿਨ ਇਹ ਵਰਣੀਆਂ ਹੋਈਆਂ ਫਿਰ ਕਹਿਣ ਲੱਗੇ ਸਾਨੂੰ ਹੁਣ ਛੁੱਟੀ ਬਖਸ਼ੋ। ਮਹਾਂਪੁਰਸ਼ ਕਹਿਣ ਲੱਗੇ ਜਾਪ ਅਰੰਭ ਹੋਇਆ ਸੀ, ਕਿੰਨਾ ਸੋਹਣਾਂ ਜਗ ਹਵਨ ਬਾਣੀ ਦਾ ਜਾਪ ਹੁੰਦਾ ਸੀ ਸੋ ਮਜਬੂਰੀ ਦੱਸੀ ਫਿਰ ਮਹਾਂਪੁਰਸ਼ਾਂ ਨੇ ਇਸ ਜਾਪੁ ਨੂੰ ਅਖੰਡ ਰੱਖਣ ਲਈ ਦੋ ਘੰਟੇ ਦੀ ਰੌਲ ਕਾਇਮ ਕੀਤੀ। ਕੇਸੀ ਇਸ਼ਨਾਨ ਕਰਕੇ ਸ਼ੁੱਧ ਬਸਤਰ ਬਦਲ ਕੇ ਸੋ ਧੂਪ ਜੋਤ ਤੇ ਕੁੰਭ ਨਾਰੀਅਲ ਇਸ ਤਰ੍ਹਾਂ ਹੀ ਰੱਖਿਆ ਗਿਆ। ਇਕ ਭੋਰਾ ਬਣਾਇਆ ਉਸਦੇ ਉਤੇ ਛੋਟਾ ਚੁਬਾਰਾ ਬਣਾਇਆ। ਉਸ ਦੇ ਵਿੱਚ ਸਾਧ ਸੰਗਤ ਜੀ ਜਾਪੁ ਸਦਾ ਲਈ ਗੁਰੂ ਮਹਾਰਾਜ ਜੀ ਦੇ ਚਰਨਾਂ ਵਿੱਚ ਅਰਦਾਸ ਕਰਕੇ ਵਰਣੀਆਂ ਦੇ ਭੋਗ ਤੋਂ ਪ੍ਰਾਰੰਭ ਕੀਤਾ ਗਿਆ ਕਿ ਮੂਲ ਮੰਤਰ ਦਾ ਜਾਪੁ ਪਰੇਮੀ ਦੋ-ਦੋ ਘੰਟੇ ਕਰਦੇ ਰਹਿਣ। ਦੋ ਦੋ ਘੰਟੇ ਤੋਂ ਬਾਅਦ ਰੌਲ ਜੋ ਹੈ ਇਹ ਸਾਧ ਸੰਗਤ ਜੀ ਬਦਲਦੀ ਰਹੇ। ਇਹ ਤਕਰੀਬਨ ਜਾਪ 1927 ਵਿੱਚ ਪ੍ਰਾਰੰਭ ਕੀਤਾ ਗਿਆ ਸੋ ਅੱਜ ਤੱਕ ਜਾਰੀ ਹੈ।

ਸੋ ਇਸੇ ਤਰ੍ਹਾਂ ਬਾਬਾ ਕਾਹਨ ਦਾਸ ਜੀ ਮੰਡੇਰਾਂ ਵਾਲੇ ਮਹਾਂਪੁਰਸ਼ ਹਰਖੋਵਾਲ ਇਸ ਅਸਥਾਨ ਤੇ ਆਏ ਤੇ ਵਿਚਾਰਾਂ ਹੋਈਆਂ ਕਿ ਡੇਰੇ ਦਾ ਨਾਮ ਕੀ ਰੱਖਿਆ ਜਾਏ ਕੋਈ ਆਪਣੀ ਮਰਜ਼ੀ ਨਾਲ ਕੋਈ ਕੋਈ ਨਾਮ ਦੱਸੇ ਕੋਈ,ਕੋਈ ਨਾਮ ਦੱਸੇ ਅਖੀਰ ਕਹਿਣ ਲੱਗੇ ਕਿ ਕੜਾਹ ਪ੍ਰਸ਼ਾਦ ਦੀ ਦੇਗ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਹੁਕਮਨਾਮਾ ਲਿਆ ਜਾਵੇ ਸੋ ਹੁਕਮ ਲਿਆ

**ਸੂਹੀ ਮਹਲਾ ੫**

**ਸੰਤਾ ਕੇ ਕਾਰਜਿ ਆਪਿ ਖਲੋਇਆ** (ਪੰਨਾਂ 783)

ਸੰਤ ਅੱਖਰ ਤੋਂ ਡੇਰੇ ਦਾ ਨਾਮ ਸੰਤਗੜ੍ਹ ਰੱਖਿਆ ਗਿਆ ਕਿ ਸੰਤਾਂ ਦਾ ਗੜ੍ਹ ਹੋਵੇਗਾ ਬਹੁਤੇ ਸਾਧੂ ਰਹਿਣਗੇ। ਉਸ ਦਿਨ ਤੋਂ ਡੇਰੇ ਦਾ ਨਾਮ ਹਰਖੋਵਾਲ ਕੁਟੀਆ ਤੋਂ ਡੇਰਾ ਸੰਤਗੜ੍ਹ ਹਰਖੋਵਾਲ ਨੱਗਰ ਦੇ ਨਾਂ ਤੇ ਭਾਈ ਪੈ ਗਿਆ। ਸੋ ਮਹਾਂਪੁਰਸ਼ਾਂ ਦੀ ਬੰਦਗੀ ਦੇ ਪ੍ਰਤਾਪ ਨਾਲ ਹਰਖੋਵਾਲ ਨਾਂ ਦਾ ਛੋਟਾ ਜਿਹਾ ਸਾਦਾ ਜਿਹਾ ਨੱਗਰ ਅੱਜ ਆਮ ਸਿੱਖ ਸੰਪਰਦਾ ਵਿੱਚ ਮਸ਼ਹੂਰ ਹੋ ਗਿਆ ਹੈ ਦੁਨੀਆਂ ਭਰ ਵਿੱਚ ਸਤਿਸੰਗੀ ਲੋਕ ਮਹਾਂਪੁਰਸ਼ਾਂ ਦੇ ਨਾਮ ਨੂੰ ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਦੇ ਨਾਮ ਨਾਲ ਯਾਦ ਕਰਦੇ ਹਨ। ਹਰਖੋਵਾਲ ਨਾਂ ਤਪੱਸਿਆ ਦੇ ਬਲ ਨਾਲ ਮਸ਼ਹੂਰ ਹੋ ਗਿਆ ਤੇ ਇਸ ਅਸਥਾਨ ਦੀ ਮਹਿਮਾਂ ਵੀ

ਜਿਥੈ ਨਾਮੁ ਜਪੀਐ ਪ੍ਰਭ ਪਿਆਰੇ ॥ ਸੇ ਅਸਥਲ ਸੋਇਨ ਚਉਬਾਰੇ ॥

ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ਸੇਈ ਨਗਰ ਉਜਾੜੀ ਜੀਉ ॥ ੧ ॥(ਪੰਨਾਂ 105)

ਗੁਰੂ ਕੀ ਕਿਰਪਾ ਦੁਆਰਾ ਹੀ ਨਾਮ ਬਾਣੀ ਦਾ ਹੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪਰਤਾਪ ਹੈ ਕਿਸੇ ਵੀ ਅਸਥਾਨ ਦੀ ਮਹਿਮਾ ਬਾਣੀ ਦੇ ਪ੍ਰਤਾਪ ਤੋਂ ਹੀ ਪ੍ਰਗਟ ਹੁੰਦੀ ਹੈ।ਜਿੱਥੇ ਵੀ ਨਾਮ ਜਪਦੇ ਉਸ ਅਸਥਾਨ ਦੀ ਮਹਿਮਾ ਪਰਗਟ ਹੋ ਜਾਂਦੀ ਹੈ।ਬਾਬਾ ਕਾਹਨ ਦਾਸ ਜੀ ਆਏ ਸੋ ਸੰਤ ਮੱਖਣ ਸਿੰਘ ਅਤੇ ਸੰਤ ਇੰਦਰ ਸਿੰਘ ਸੋ ਇਹ ਵੀ ਹੁਣ ਮਹਾਂਪੁਰਸ਼ਾਂ ਦੀ ਸਰਣ ਵਿੱਚ ਆ ਗਏ ਸਨ। ਹੁਣ ਇੰਦਰ ਸਿੰਘ ਜੀ ਲਾਂਗਰੀ ਸਨ ਤੇ ਸੰਤ ਈਸ਼ਰ ਸਿੰਘ ਜੀ ਦੇ ਪਿੰਡ ਤੋਂ ਬੀਬੀ ਰਾਧੋ ਇਨ੍ਹਾਂ ਨੇ ਇਥੇ ਲੰਗਰ ਦੀ ਮਹਾਨ ਸੇਵਾ ਕੀਤੀ ਤੇ ਸੰਤ ਇੰਦਰ ਸਿੰਘ ਵੀ ਲੰਗਰ ਦੀ ਸੇਵਾ ਕਰਦੇ। ਸਾਰੇ ਗੁਣੀਆਂ ਕਰਕੇ ਕਹਿੰਦੇ ਸਨ। ਸੋ ਇਸ ਦੇ ਵਿੱਚ ਬੇਅੰਤ ਪ੍ਰਕਾਰ ਦੇ ਕਰਤਬ ਵਿੱਦਿਆ ਸੀ ਇਸ ਕਰਕੇ ਗੁਣੀਆਂ ਨਾਮ ਰੱਖਿਆ ਸੀ। ਸੰਤ ਮੱਖਣ ਸਿੰਘ ਨੂੰ ਧੂਣਾਂ ਲਾਉਣ ਵਾਸਤੇ ਬਾਬਾ ਕਾਹਨ ਦਾਸ ਜੀ ਨੇ ਬਚਨ ਕੀਤਾ ਇਨ੍ਹਾਂ ਨੂੰ ਬਾਬਾ ਜਵਾਲਾ ਸਿੰਘ ਜੀ ਆਪਣੇ ਜਨਮ ਦਾਤੇ ਪਿਤਾ ਦੇ ਨਾਮ ਨਾਲ ਯਾਦ ਕਰਿਆ ਕਰਦੇ ਸਨ। ਸੋ ਸੇਵਾਦਾਰਾਂ ਤੋਂ ਕੁਝ ਕੁਤਾਹੀ ਹੋਈ ਬਾਬਾ ਕਾਹਨ ਦਾਸ ਜੀ ਕਿਉਂਕਿ ਉਦਾਸੀਨ ਸੰਪਰਦਾ ਦੇ ਸਾਧੂ ਸਨ, ਬਹਾਦਰਪੁਰ ਜੋ ਬਾਬਾ ਸ੍ਰੀ ਚੰਦ ਦੇ ਚਾਰ ਧੂਣੇ ਸਨ ਕਿਉਂਕਿ ਬਾਬਾ ਸ੍ਰੀ ਚੰਦ ਜੀ ਨੇ ਛੇਂਵੇ ਪਾਤਿਸ਼ਾਹ ਦੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ ਨੂੰ ਆਪਣਾ ਪਹਿਲਾ ਜਾਨਸ਼ੀਨ ਬਣਾਇਆ ਉਨ੍ਹਾਂ ਤੋਂ ਚਾਰ ਹੋਏ ਫੁਲਸਾਹਿਬ, ਗੋਇੰਦ ਸਾਹਿਬ, ਅਲਮਸਤ ਸਾਹਿਬ ਤੇ ਬਾਲੂ ਹਸਨਾ ਸੋ ਹੁਸ਼ਿਆਰਪੁਰ ਬਾਬਾ ਸ੍ਰੀ ਚੰਦ ਦਾ ਜੋ ਸਾਧ ਸੰਗਤ ਜੀ ਇਹ ਧੂਣਾਂ ਹੈ ਬਹਾਦਰਪੁਰ ਵਿਖੇ ਇਸ ਧੂਣੇ ਦੇ ਸੰਪਰਦਾ ਦੇ ਸੇਵਾਦਾਰ ਸਨ। ਬਾਬਾ ਕਾਹਨ ਦਾਸ ਜੀ ਉਦਾਸੀ ਮਹਾਂਪੁਰਸ਼ ਆਪਣੇ ਬੀਰ ਰਸ ਵਿੱਚ ਸਨ। ਬਾਬਾ ਜਵਾਲਾ ਸਿੰਘ ਜੀ ਆਏ ਬੜੇ ਪਿਆਰ ਨਾਲ ਉਨ੍ਹਾਂ ਨੂੰ ਨਮਸ਼ਕਾਰ ਕੀਤੀ ਚਰਣ ਬੰਦਨਾਂ ਕੀਤੀ ਕਹਿਣ ਲੱਗੇ ਜਵਾਲਾ ਸਿੰਘ ਤੇਰੇ ਜੋ ਭਾਈ ਇਹ ਸੇਵਾਦਾਰ ਹਨ ਸਾਡਾ ਕਹਿਣਾਂ ਨਹੀਂ ਮੰਨਦੇ ਕਹਿਣ ਲੱਗੇ ਕਿ ਮਹਾਰਾਜ ਮੈਨੂੰ ਖਿਮਾਂ ਕਰੋ ਜੇ ਇਨ੍ਹਾਂ ਕਹਿਣਾਂ ਨਹੀਂ ਮੰਨਿਆ ਹੁਕਮ ਕਰੋ ਕਹਿਣ ਲੱਗੇ ਧੂਣਾ ਲਾਉਣ ਵਾਸਤੇ ਕਿਹਾ ਸੀ। ਬਾਬਾ ਜਵਾਲਾ ਸਿੰਘ ਸਾਹਿਬ ਨੇ ਆਪ ਧੂਣਾ ਪ੍ਰਚੰਡ ਕੀਤਾ, ਅਗਾਂਹ ਵਾਸਤੇ ਸੇਵਾਦਾਰ ਨੂੰ ਤਾੜਨਾਂ ਕੀਤੀ ਕਿ ਮਹਾਂਪੁਰਸ਼ਾਂ ਦੇ ਬਚਨ ਦੀ ਕਦੇ ਵੀ ਅਵੱਗਿਆ ਨਹੀਂ ਕਰਨੀ। ਇਹ ਪੂਰਨ ਜੋਗੀ ਸਾਡੇ ਜਨਮਦਾਤੇ ਇਨ੍ਹਾਂ ਦੇ ਬਚਨ ਨਾਲ ਭਾਈ ਸਾਡਾ ਜਨਮ ਹੋਇਆ ਹੈ ਸੋ ਬਚਨ ਦਾ ਕਦੀ ਤ੍ਰਿਸਕਾਰ ਨਹੀਂ ਕਰਨਾਂ ਬੜੀ ਅਵੱਗਿਆ ਹੁੰਦੀ ਹੈ। ਬਚਨ ਦਾ ਤਿਆਗ ਕਰਨੇ ਨਾਲ। ਸੋ ਮਹਾਂਪੁਰਸ਼ਾਂ ਨੇ ਧੂਣਾ ਲਾਇਆ। ਆਪਣਾ ਆਸਣ ਜਮਾ ਕੇ ਨਿਸ਼ਠਾ ਨਾਲ ਇੱਥੇ ਰਹੇ ਤਪੱਸਿਆ ਭਜਨ ਕਰਦੇ ਰਹੇ।

ਇਸੇ ਪ੍ਰਕਾਰ ਸਾਧ ਸੰਗਤ ਜੀ ਮਹਾਂਪੁਰਸ਼ਾਂ ਨੇ ਫਿਰ 1927 ਵਿੱਚ ਜੋਤੀ ਜੋਤ ਸਮਾਉਣ ਦਾ ਸੰਕਲਪ ਕੀਤਾ ਬਾਬਾ ਕਾਹਨ ਦਾਸ ਜੀ ਨੇ। ਸੋ ਬਾਬਾ ਜਵਾਲਾ ਸਿੰਘ ਜੀ ਉਥੇ ਗਏ ਤੇ ਮੀਂਹ ਵੀ ਬੜਾ ਆਇਆ।

www.archive.org/details/namdhari



ਬਾਬਾ ਕਾਹਨ ਦਾਸ ਜੀ ਸੋ ਤੜਕੇ ਉੱਠੇ, ਇਸ਼ਨਾਨ ਪਾਣੀ ਕੀਤਾ। ਆਪਣੀ ਇੱਛਾ ਅਨੁਸਾਰ ਨਿੱਤਨੇਮ ਕਰਕੇ ਚੌਂਕੜਾ ਲਾਇਆ ਤੇ ਜਿਵੇਂ ਜੋਗੀ ਪ੍ਰਾਣ ਤਿਆਗਦੇ, ਸੱਪ ਕੁੰਜ ਉਤਾਰਦਾ, ਹਾਥੀ ਫੁੱਲਾਂ ਦੀ ਮਾਲਾ।

**ਗੁਰਮੁਖਿ ਆਵੈ ਜਾਇ ਨਿਸੰਗੁ ॥ (ਪੰਨਾਂ 932) ॥**

ਪ੍ਰਾਣਾਂ ਨੂੰ ਪੰਜ ਭੂਤਕ ਸਰੀਰ ਨੂੰ ਤਿਆਗ ਕੇ ਪ੍ਰਭੂ ਦੀ ਗੋਦ ਵਿੱਚ ਜਾ ਬਿਰਾਜੇ। ਸੋ ਮਹਾਂਪੁਰਸ਼ਾਂ ਨੇ ਆਪ ਭਾਈ ਹੱਥੀ ਉਨ੍ਹਾਂ ਦੀ ਸਸਕਾਰ ਦੀ ਕਿਰਿਆ ਕੀਤੀ ਸੋ ਬਾਦ ਵਿੱਚ ਬਿਭੂਤੀ ਪਤਾਲਪੁਰੀ ਪਰਵਾਹ ਕੀਤੀ ਅਤੇ ਮਹਾਂਪੁਰਸ਼ਾਂ ਨਮਿੱਤ ਅਖੰਡ ਪਾਠ ਕਰਕੇ ਮਹਾਨ ਲੰਗਰ ਜੋਗ ਤੇ ਸੰਤ ਸੰਮੇਲਨ ਕੀਤੇ। ਅੱਜ ਮੰਡੇਰਾਂ ਨੱਗਰ ਵਿਖੇ ਵੀ ਬਾਬਾ ਕਾਹਨ ਦਾਸ ਜੀ ਦੀ ਯਾਦ ਵਿੱਚ ਬਹੁਤ ਸੁੰਦਰ ਗੁੰਮਟ ਵਾਲਾ ਤੇ ਕਲਸ ਵਾਲਾ ਗੁਰਦੁਆਰਾ ਬਣਿਆ ਗੁਰੂ ਕਾ ਨਿਸ਼ਾਨ ਝੁੱਲ ਰਿਹਾ ਤੇ 18 ਮਾਘ ਨੂੰ ਉਥੇ ਮਹਾਂਪੁਰਸ਼ਾਂ ਦੇ ਤਾਂਈ ਨੱਗਰ ਨਿਵਾਸੀ ਤੇ ਡੇਰਾ ਸੰਤਗੜ੍ਹ ਵੀ ਹਰਖੋਵਾਲ ਆ ਕੇ ਮਹਾਂਪੁਰਸ਼ਾਂ ਦਾ ਪਵਿੱਤਰ ਦਿਨ ਹੈ, ਮਨਾਂਉਦੇ ਬੜੇ ਦੀਵਾਨ ਲੱਗਦੇ ਹਨ ਕਥਾ ਕੀਰਤਨ ਔਰ ਕਵੀ ਦਰਬਾਰ ਹੁੰਦੇ ਹਨ। ਸੰਗਤਾਂ ਲਾਭ ਪ੍ਰਾਪਤ ਕਰਦੀਆਂ ਹਨ। ਸੋ ਇਸੇ ਤਰ੍ਹਾਂ ਸਮਾਂ ਭਾਈ ਬੀਤਦਾ ਗਿਆ ਤੇ ਉਰਮਲ ਟਾਂਡੇ ਇਕ ਮਹਾਂਪੁਰਸ਼ ਹੋਏ ਬੂਟਾ ਸ਼ਾਹ ਬੜੇ ਅਲਬੇਲੇ ਮਹਾਂਪੁਰਸ਼ ਸਨ। ਬਾਬਾ ਜਵਾਲਾ ਸਿੰਘ ਜੀ ਨੇ ਕਈ ਵਾਰ ਉਨ੍ਹਾਂ ਕੋਲ ਚਲੇ ਜਾਣਾ। ਇਕ ਵਾਰੀ ਚੁੱਪ ਚਪੀਤੇ ਚਲੇ ਗਏ। ਸੰਗਤਾਂ ਨੂੰ ਪਤਾ ਨਾ ਲੱਗੇ ਫਿਰ ਉਥੇ ਗਏ ਬਾਬਾ ਜੀ ਨੇ ਧੂਣੇ ਵਾਸਤੇ ਬਾਬਾ ਜਵਾਲਾ ਸਿੰਘ ਨੂੰ ਸੁੱਕਾ ਬਾਲਣ ਲਿਆਉਣ ਲਈ ਭੇਜਿਆ। ਸੰਗਤ ਮਿਲੀ ਕਹਿਣ ਲੱਗੇ ਜੀ ਅਸੀਂ ਬਾਲਣ ਚੁੱਕੀਏ ਕਹਿਣ ਲੱਗੇ ਮਹਾਂਪੁਰਸ਼ਾਂ ਦਾ ਸਾਨੂੰ ਹੁਕਮ ਹੈ। ਤੁਸੀਂ ਆਪੋ ਆਪਣਾ ਚੁੱਕ ਲਿਆਉ। ਉਹ ਵੀ ਬੜੇ ਅਲਬੇਲੇ ਫਕੀਰ ਬੂਟਾ ਸ਼ਾਹ ਜੀ ਹੋਏ। ਉਨ੍ਹਾਂ ਦੇ ਵੀ ਵਚਨ ਬੜੇ ਅਲੌਕਿਕ ਸਨ। ਸੋ ਤਨੂੰਲੀ ਨੱਗਰ ਤੋਂ ਮਾਤਾ ਤੇਜ ਕੌਰ ਬਾਬਾ ਈਸ਼ਰ ਸਿੰਘ ਬੇਨਤੀ ਕੀਤੀ ਕਿ ਪੁੱਤਰ ਦੀ ਦਾਤ ਵਰਦਾਨ ਦਿਉ ਕਹਿਣ ਲੱਗੇ ਭਾਈ ਮਹਾਰਾਜ ਭਲੀ ਕਰਨਗੇ। ਫਿਰ ਬੂਟਾ ਸ਼ਾਹ ਨੂੰ ਬੇਨਤੀ ਉਨੀ ਕਿਹਾ ਮਹਾਰਾਜ ਭਲੀ ਕਰਨਗੇ ਬਾਬਾ ਜਵਾਲਾ ਸਿੰਘ ਨੂੰ ਮਾਤਾ ਨੇ ਬੇਨਤੀ ਕੀਤੀ ਕਿ ਦੋ ਮਹਾਂਪੁਰਸ਼ਾਂ ਨੇ ਬਚਨ ਕੀਤੇ ਹਨ ਕਹਿਣ ਲੱਗੇ ਦੋਏ ਮਹਾਂਪੁਰਸ਼ ਭਾਈ ਕਥਨੀ ਕਰਨੀ ਦੇ ਪੂਰੇ ਹਨ, ਸਮਰੱਥ ਹਨ। ਸਮੇਂ ਅਨੁਸਾਰ ਫਿਰ ਜੌੜੇ ਬਾਲਕਾਂ ਨੇ ਜਨਮ ਲਿਆ। ਇੱਕ ਬੀਬੀ ਇਕ ਭੁਝੰਗੀ ਨੇ ਤੇ ਜਦੋਂ ਨਾ ਰਖਾਇਆ ਬਾਬਾ ਈਸ਼ਰ ਸਿੰਘ ਦੇ ਵਰ ਨਾ ਬੀਬੀ, ਬੂਟਾ ਸ਼ਾਹ ਦੇ ਵਰ ਨਾਲ ਭੁਝੰਗੀ ਹੋਇਆ। ਇਸ ਵੇਲੇ ਦੋ ਹੁਕਮਨਾਮੇ ਲਏ। ਪਹਿਲਾ ਈੜੀ ਅੱਖਰ ਤੇ ਉਹ ਬੀਬੀ ਦਾ ਨਾਂ ਈਸ਼ਰ ਕੌਰ ਤੇ ਦੂਜਾ ਬੱਬੇ ਅੱਖਰ ਤੋਂ ਉਹਦਾ ਨਾਂ ਬੂਟਾ ਸਿੰਘ ਰੱਖਿਆ ਭਾਵ ਮਹਾਂਪੁਰਖਾਂ ਦੇ ਬਚਨ ਸਾਧ ਸੰਗਤ ਜੀ ਤਿੰਨ ਕਾਲ ਸਤ ਹੁੰਦੇ ਹਨ। ਐਸੇ ਅਲਬੇਲੇ ਮਹਾਂਪੁਰਸ਼ ਬੂਟਾ ਸ਼ਾਹ ਜੀ ਹੋਏ। ਅਲਬੇਲੀ ਕਿਰਿਆ ਸੀ। ਆਮ ਕਿਸੇ ਨੂੰ ਨੇੜੇ ਨਹੀਂ ਸੀ ਆਉਣ ਦਿੰਦੇ। ਗੁਰਮੁਖ ਪਿਆਰੇ ਆਮ ਮਨਮੁੱਖ ਲੋਕ ਆ ਕੇ ਕਾਮਨਾ ਵਾਲੇ ਤੰਗ ਕਰਦੇ ਹਨ। ਇਸ ਕਰਕੇ ਉਹ ਅਲਬੇਲੀ ਇਸ ਤਰ੍ਹਾਂ ਮਸਤਾਨੀ ਕਿਰਿਆ ਧਾਰ ਲੈਂਦੇ ਹਨ।

ਬਾਬਾ ਈਸ਼ਰ ਸਿੰਘ ਸਾਹਿਬ ਜੀ ਨੇ ਲੰਬਾਂ ਸਮਾਂ ਜਦੋਂ ਇਥੇ ਬਤਾਇਆ ਬੇਅੰਤ ਚੋਜ਼ ਬਾਬਾ ਜੀ ਕਰਦੇ ਰਹੇ। ਬੇਅੰਤ ਖੇਡਾਂ ਬਾਬਾ ਜੀ ਨੇ ਕਰਨੀਆਂ,ਮਹਾਂਪੁਰਸ਼ਾਂ ਦੇ ਚੋਜ਼ ਹੁੰਦੇ ਨੇ ਤੇ ਸਾਧ ਸੰਗਤ ਲੰਗਰ ਦੇ ਮੁਹਰੇ ਲੰਗਰ ਵਾਸਤੇ ਖੂਹ ਲਵਾਇਆ ਇੱਕ ਖੂਹ ਹੋਰ ਲਵਾਇਆ। ਉਨ੍ਹਾਂ ਨੂੰ ਵਰ ਦਿੱਤਾ ਜਿਹੜਾ ਪੁੰਨਿਆ ਵਾਲੇ ਦਿਨ ਇਸ ਖੂਹ ਦੇ ਜਲ ਨਾਲ ਇਸ਼ਨਾਨ ਕਰੇਗਾ ਰੋਗ ਟੁੱਟਣਗੇ। ਸੋ ਛੋਟਾ ਸਰੋਵਰ ਬਣਾਇਆ ਗਿਆ। ਟਿਊਬਵੈਲ ਨਾਲ ਖੂਹ ਦਾ ਜਲ ਭਾਈ ਸਰੋਵਰ ਵਿੰਚ ਪੈਂਦਾ, ਸੰਗਤਾਂ ਸੰਗਰਾਂਦ, ਮੱਸਿਆ, ਪੁੰਨਿਆ ਤਾਈ ਇਸ਼ਨਾਨ ਕਰਦੀਆਂ ਹਨ ਬਾਬਾ ਜੀ ਦੇ ਵਰ ਦਾਨ ਹਨ ਬਾਬਾ ਈਸ਼ਰ ਸਿੰਘ ਜੀ ।

## ਸੰਤ ਸਰੋਵਰ ਨਾਵੈ ॥ ਸੋ ਜਨੁ ਪਰਮ ਗਤਿ ਪਾਵੈ ॥(ਪੰਨਾਂ 623)

ਸੋ ਬਾਬਾ ਈਸ਼ਰ ਸਿੰਘ ਜੀ ਐਸਾ ਕੌਤਕ ਬਣਿਆ, ਸਮਾਂ ਬੀਤਦਾ ਗਿਆ ਇੱਕ ਦਿਨ ਕਹਿਣ ਲੱਗੇ ਕਿ ਜਵਾਲਾ ਸਿੰਘ ਜੀ ਅਸੀਂ ਸਰੀਰ ਤਿਆਗਣਾਂ ਚਾਹੁੰਦੇ ਹਾਂ ਆਪ ਕੋਈ ਵਰਦਾਨ ਮੰਗ ਲਵੋ ਤਿੰਨ ਵਾਰੀ ਬਚਨ ਕਿਹਾ ਕਹਿਣ ਲੱਗੇ ਮਹਾਰਾਜ ਬਾਬਾ ਆਇਆ ਸਿੰਘ ਆਪ ਜੀ ਦੀ ਬੜੀ ਮਹਾਨ ਬਖਸ਼ਿਸ਼ ਹੈ। ਜਦੋਂ ਵਾਰ ਵਾਰ ਬਚਨ ਕਰਨ ਕਹਿਣ ਲੱਗੇ, ਸਤਿਗੁਰਾਂ ਦਾ, ਫਕੀਰਾਂ ਦਾ ਤੇ ਦੇਵਤਿਆਂ ਦਾ ਵਚਨ ਬਿਅਰਥ ਨਹੀ ਜਾਂਦਾ। ਬਚਨ ਕਰੋ ਕਹਿਣ ਲੱਗੇ, ਮਹਾਰਾਜ ਆਪ ਦਸ ਸਾਲ ਸਰੀਰ ਕਰਕੇ ਰਹੋ। ਕਹਿਣ ਲੱਗੇ ਪ੍ਰਮੇਸ਼ਰੀ ਹੁਕਮ ਵਿੱਚ ਦਖਲ ਦਿੱਤਾ। ਕਹਿਣ ਲੱਗੇ ਮਹਾਰਾਜ ਆਪ ਪ੍ਰਮੇਸ਼ਰ ਦੇ ਆਗਿਅਕਾਰੀ ਸਪੂਤ ਹੋ। ਪ੍ਰਮੇਸ਼ਰ ਆਪਣੇ ਪੁਤਰਾਂ ਦਾ ਬਚਨ ਮੰਨ ਹੀ ਲੈਂਦਾ ਹੈ। ਮੇਰੀ ਹਾਲੇ ਚੜ੍ਹਦੀ ਜਵਾਨੀ ਹੈ। ਆਪ ਜੀ ਦਾ ਬਾਬਾ ਆਇਆ ਸਿੰਘ ਜੀ ਬਾਅਦ ਮੈਨੂੰ ਬੜਾ ਸਹਾਰਾ ਹੈ। ਆਪ ਕ੍ਰਿਪਾ ਕਰਕੇ ਦਰਸ਼ਨ ਦਿਉ। ਤੁਹਾਡੇ ਹੁੰਦਿਆਂ ਮੈਨੂੰ ਫਿਕਰ ਨਹੀਂ ਹੈ। ਜਿਵੇਂ ਬਾੜ ਨਾਲ ਖੇਤੀ ਬਚਦੀ ਹੈ। ਸਿਆਣੇ ਦਾਨੇ ਮਹਾਂਪੁਰਖਾਂ ਦੀ ਸੰਗਤ ਨਾਲ ਹੀ ਨੌਜੁਆਨੀ ਉਮਰ ਜਿਹੜੀ ਹੈ ਵਿਕਾਰਾਂ ਤੋਂ ਰਹਿਤ ਗੁਜ਼ਰਦੀ ਹੈ। ਆਪ ਕ੍ਰਿਪਾ ਕਰੋ। ਮਹਾਂਪੁਰਸ਼ਾਂ ਨੇ ਪ੍ਰਵਾਨਗੀ ਦਿੱਤੀ ਕਹਿਣ ਲੱਗੇ ਹੁਣ ਅਸੀਂ ਮਸਤਾਨੀ ਅਲਬੇਲੀ ਕ੍ਰਿਆ ਧਾਰਨ ਕਰ ਲਵਾਂਗੇ ਸੋ ਆਪ ਸਾਨੂੰ ਲੋਕ ਸਦਾਈ ਵੀ ਕਹਿਣਗੇ ਤੂੰ ਆਪਣੀ ਰਸਨਾਂ ਤੋਂ ਨਾ ਕਹੀਂ। ਅਸੀਂ ਜਿਵੇਂ ਮਰਜ਼ੀ ਬਿਚਰੀਏ। ਕਹਿਣ ਲੱਗੇ ਮਹਾਰਾਜ ਆਪ ਨੇ ਕ੍ਰਿਪਾ ਰੱਖਣੀ। ਮਨ ਡੋਲੇ ਨਾ। ਕਿੰਤੂ ਪ੍ਰੰਤੂ ਸ਼ੰਕਾ ਨਾ ਪੈਦਾ ਹੋਏ। ਆਪ ਦੀ ਅਲਬੇਲੀ ਕ੍ਰਿਆ ਦੇਖ ਕੇ। ਸੋ ਮਹਾਂਪੁਰਖਾਂ ਨੇ ਅਲਬੇਲੀ ਕ੍ਰਿਆ ਧਾਰ ਲੈਣੀ ਕੋਈ ਪ੍ਰੇਮੀ ਆਇਆ ਉਸ ਦੀ ਪੱਗ ਲੈ ਲੈਣੀਂ। ਅੱਧੀ ਪਾੜ ਕੇ ਉਸ ਦੇ ਸਿਰ ਬੰਨ ਦੇਣੀ ਅੱਧੀ ਆਪ ਬੰਨ ਲੈਣੀ। ਇਸ ਤਰ੍ਹਾਂ ਉਨ੍ਹਾਂ ਦਿਨਾਂ ਵਿੱਚ ਸਾਧ ਸੰਗਤ ਜੀ ਮਹਾਂਪੁਰਖਾਂ ਨੇ ਨੱਗਰਾਂ ਵਿੱਚ ਚਲੇ ਜਾਣਾ ਕਈ ਪ੍ਰੇਮੀਆਂ ਦੇ ਘਰਾਂ ਵਿੱਚ ਜਾ ਕਰਕੇ ਅਨੇਕਾ ਪ੍ਰਕਾਰ ਦੇ ਚੋਜ਼ ਵਰਤਾਉਣੇਂ। ਸੋ ਜਿਨ੍ਹਾਂ ਜਿਨ੍ਹਾਂ ਦੇ ਘਰਾਂ ਵਿੱਚ ਮਹਾਂਪੁਰਖਾਂ ਨੇ ਚਰਨ ਪਾਏ ਹਨ। ਅੱਜ ਉਨ੍ਹਾਂ ਦੇ ਘਰਾਂ ਦੀਆਂ ਬੜੀਆਂ ਭਾਰੀਆਂ ਬਰਕਤਾਂ ਵਰਤ ਰਹੀਆਂ ਹਨ। ਕਈਆਂ ਨੂੰ ਪੁੱਤਰਾਂ ਦੇ ਦਾਨ ਬਖਸ਼ਿਸ਼ ਕੀਤੇ।

ਉਸ ਵੇਲੇ ਘੋੜਿਆਂ ਵਾਲੇ ਗੁਰਬਚਨ ਸਿੰਘ ਤੇ ਗਿਆਨੀ ਜੋਧ ਸਿੰਘ ਜੀ ਆ ਗਏ ਸਨ।ਕਿਉਂਕਿ ਸ: ਬੰਤ ਸਿੰਘ ਮਰਨਾਈਆਂ ਨਗਰ ਤੋਂ ਫੌਜ ਵਿੱਚ ਸਨ। ਗਿਆਨੀ ਜੋਧ ਸਿੰਘ ਜੀ ਉਨ੍ਹਾ ਨਾਲ ਫੌਜ ਵਿੱਚ ਸਨ ਤੇ ਮਹਾਂਪੁਰਖਾਂ ਵਲੋਂ ਬਚਨ ਹੋਇਆ ਘਰੋਂ ਮਨ ਉਪਰਾਮ ਹੋਇਆ। ਨੌਕਰੀ ਤੋਂ ਇਥੇ ਹਰਖੋਵਾਲ ਆ ਗਏ। ਸੋ ਬਾਬਾ ਜਵਾਲਾ ਸਿੰਘ ਜੀ ਨੇ ਇਨ੍ਹਾਂ ਨੂੰ ਸੰਤ ਬਾਬਾ ਘਨ੍ਹਈਆ ਸਿੰਘ ਜੀ ਜਿਨ੍ਹਾਂ ਦੇ ਨਾਲ ਬਾਬਾ ਜਵਾਲਾ ਸਿੰਘ ਜੀ ਦਾ ਬੜਾ ਪਿਆਰ ਸੀ। ਸੋ ਇਨ੍ਹਾਂ ਦੇ ਸੇਵਕ ਸੰਤ ਕਰਮ ਸਿੰਘ ਲੰਗੜੋਏ, ਉਨ੍ਹਾਂ ਦੇ ਸੇਵਕ ਸੰਤ ਹਰੀ ਸਿੰਘ ਜੀ ਪਜੌੜਾ, ਨੈਕੀਵਾਲੇ ਮੰਨਣਹਾਨਾਂ ਕੋਟ ਵਾਲੇ ਬੜੇ ਬ੍ਰਹਮਗਿਆਨੀ ਅਲਬੇਲੇ ਤਿਆਗੀ ਬੈਰਾਗੀ ਫਕੀਰ ਹੋਏ। ਇਸ ਤਰ੍ਹਾਂ ਇਸ ਸ਼ਾਖ ਦੇ ਮਹਾਂਪੁਰਖ ਬਾਬਾ ਘਨ੍ਹਈਆ ਸਿੰਘ ਜੀ ਤੇ ਬਾਬਾ ਜਵਾਲਾ ਸਿੰਘ ਦਾ ਬੜਾ ਪਿਆਰ ਸੀ ਅਤੇ ਵਿਦਵਾਨ ਸਨ ਸੰਤ ਪ੍ਰੇਮ ਸਿੰਘ ਅਲਾਚੌਰ ਵਾਲੇ ਮਹਾਂਪੁਰਸ਼ ਬੜੇ ਵਿੱਦਵਾਨ ਉਨ੍ਹਾਂ ਦੇ ਸੇਵਕ ਸਨ। ਸੰਤ ਉਂਕਾਰ ਸਿੰਘ ਸੰਤ ਕਰਤਾਰ ਸਿੰਘ ਇਹ ਵੀ ਉਨ੍ਹਾਂ ਦੇ ਵਿਦਿਆਰਥੀ ਸਨ ਸੰਤ ਉਂਕਾਰ ਸਿੰਘ ਜੀ ਮਹਿਤਪੁਰ ਉਲੱਦਣੀ, ਸੰਤ ਕਰਤਾਰ ਸਿੰਘ ਜੀ ਪਠਲਾਵੇ ਇਹ ਬੜੇ ਬੜੇ ਮਹਾਨ ਵਿੱਦਵਾਨ ਮਹਾਂਪੁਰਖ ਹੋਏ ਹਨ। ਸੋ ਗਿਆਨੀ ਜੋਧ ਸਿੰਘ, ਗਿਆਨੀ ਪ੍ਰੀਤਮ ਸਿੰਘ ਨੂੰ ਉਥੇ ਮਹਾਂਪੁਰਸ਼ਾਂ ਕੋਲ ਵਿੱਦਿਆ ਪੜ੍ਹਨ ਲਈ ਭੇਜਿਆ ਤੇ ਲੰਗਰ ਦੀ ਸੇਵਾ ਵੀ ਕਰਨੀ ਵਿੱਦਿਆ ਵੀ ਤੇ ਨਾਮ ਅਭਿਆਸ ਵੀ ਕਰਨਾ। ਉਥੋਂ ਗੁਰੂ ਗ੍ਰੰਥ ਸਾਹਿਬ, ਸੂਰਜ ਪ੍ਰਕਾਸ਼, ਭਾਈ ਗੁਰਦਾਸ ਆਦਿਕ ਦੇ ਵਾਰਾਂ ਵਿੱਦਿਆ ਪ੍ਰਾਪਤ ਕੀਤੀ। ਗਿਆਨੀ

ਜੋਧ ਸਿਘ ਜੀ ਨੂੰ ਬਾਬਾ ਈਸ਼ਰ ਸਿੰਘ ਜੀ ਕੋਲ ਛੱਡਿਆ ਗਿਆ। ਬਾਬਾ ਜੀ ਨੂੰ ਮਸਨੂਈ ਕਹਿ ਕੇ ਯਾਦ ਕਰਦੇ ਸੀ। ਸੋ ਹੱਸਦਿਆਂ ਕਹਿਣਾ ਉਹ ਝੂਠਿਆ ਤੂੰ ਬਚਨ ਨਹੀਂ ਮੰਨਦਾ। ਮਹਾਂਪੁਰਖਾਂ ਦੇ ਚੋਜ਼ ਹਨ। ਬਾਬਾ ਜੀ ਨੇ ਜਦੋਂ ਕਰਮ ਕ੍ਰਿਆ ਜਾਣਾ ਦੋ ਦੋ ਪੀਪੇ ਪਾਣੀ ਦੇ ਤੋੜੀ ਜਾਣੇ ਇੱਕ ਸੋਟਾ ਬਾਂਸ ਦਾ ਜਿਸ ਤੇ ਘੁੰਘਰੂ ਬੰਨੇ ਸੀ ਲਈ ਫਿਰਨਾ, ਖੜਕਾਈ ਜਾਣਾ ਇਸ ਤਰ੍ਹਾਂ ਸਾਧ ਸੰਗਤ ਜੀ ਕੌਤਕ ਕਰਦੇ ਰਹਿਣਾਂ।

ਇਸ ਤਰ੍ਹਾਂ ਸ: ਹੁਕਮ ਸਿੰਘ ਤੇ ਮਾਤਾ ਊਧਮ ਕੌਰ ਨੂੰ ਸਵਾ ਇਕ ਰੁਪਈਆ ਇਕ ਪੁੱਤਰ, ਸਵਾ ਦੋ ਰੁਪਈਏ ਦੋ ਪੁੱਤਰ। ਮਾਈ ਨੇ ਸਵਾ ਇਕ ਰੁਪਈਆ ਦਿੱਤਾ ਤੇ ਇਕ ਲੜਕਾ ਹੋਇਆ। ਕਹਿੰਦੇ ਕਿ ਜੇ ਦੋ ਦਿੰਦੀ ਤਾਂ ਮਹਾਰਾਜ ਦੋ ਦਿੰਦਾ। ਇਸ ਤਰ੍ਹਾਂ ਦੇ ਚੋਜ਼ ਸਾਧ ਸੰਗਤ ਜੀ ਮਹਾਂਪੁਰਸ਼ਾਂ ਨੇ ਕਰਦੇ ਕਰਾਂਉਦੇ ਰਹਿਣਾ। ਵਿਚਰਦੇ ਰਹਿਣਾ। ਅਲਬੇਲੀ ਕਿਰਿਆ ਧਾਰ ਲੈਣੀ ਤੇ ਆਪਣੀ ਇੱਛਾ ਨਾਲ ਆਪਣੀ ਦੇਹ ਆਦਿਕ ਨੂੰ ਪਲਟ ਲੈਣਾਂ। ਇਕ ਵਾਰ ਐਸਾ ਕੌਤਕ ਸ਼ੇਸ਼ ਨਾਗ ਦਾ ਰੂਪ ਧਾਰ ਲਿਆ ਤੇ ਘੁੰਮਣ। ਬਾਬਾ ਜਵਾਲਾ ਸਿੰਘ, ਬਾਬਾ ਬਿਸ਼ਨ ਸਿੰਘ ਨੰਗਲ ਵਾਲਿਆਂ ਨੂੰ ਕਹਿੰਦੇ ਕਿ ਇਹ ਬਾਬਾ ਈਸ਼ਰ ਸਿੰਘ ਦੇ ਕੌਤਕ ਹਨ। ਬਾਬੇ ਨੰਗਲ ਵਾਲੇ ਕਹਿਣ ਲੱਗੇ ਕਿ ਬਾਬਾ ਵੇਖੀ ਕਿਤੇ ਕੋਈ ਜ਼ਿਮੀਦਾਰ ਸਿਰੀ ਨਾ ਭੰਨ ਦੇਵੇ ਸੱਪ ਜਾਣ ਕੇ। ਉਸੇ ਵੇਲੇ ਫਿਰ ਆਪਣੇ ਪਹਿਲੇ ਸਰੂਪ ਵਿੱਚ ਆ ਗਏ। ਭਾਈ ਇਹ ਕਿਸ ਦੀ ਜੁਰਅਤ ਹੈ। ਇਸ ਤਰ੍ਹਾਂ ਦੇ ਅਣਗਿਣਤ ਮਹਾਂਪੁਰਸ਼ ਚੋਜ਼ ਵਰਤਾ ਲੈਂਦੇ ਸਨ। ਇੱਛਾਧਾਰੀ ਪੂਰਣ ਯੋਗੀ ਸਨ। ਬਾਬਾ ਮਿਹਰ ਸਿੰਘ ਜੀ ਨਿੱਝਰਾਂ ਦੀ ਪੰਡੋਰੀ ਜਿਨ੍ਹਾਂ ਬਾਰੇ ਪਿੱਛੇ ਵੀ ਬਚਨ ਆਇਆ ਹੈ ਕਿ ਫੌਜ ਵਿੱਚ ਮਹਾਂਪੁਰਸ਼ਾਂ ਨੂੰ ਮਿਲੇ। ਇਕ ਵਾਰ ਕਈ ਦਿਨ ਇਕੱਠੇ ਰਹੇ। ਫਿਰ ਲੜਾਈ ਦੇ ਦੌਰਾਨ ਲੰਬਾ ਸਮਾਂ ਇਕੱਠੇ ਰਹਿਣ ਦਾ ਮੌਕਾ ਬਣਿਆ। ਜਦੋਂ ਦੁਨੀਆਂ ਦੀ ਵਿਸ਼ਵ ਜੰਗ ਜਾਰੀ ਸੀ ਉਨ੍ਹਾਂ ਮਹਾਂਪੁਰਖਾਂ ਜੋ ਬਾਬਾ ਆਇਆ ਸਿੰਘ ਸਾਹਿਬ ਦੇ ਪਰਮ ਸੇਵਕ ਸਨ ਜੋ ਹੱਠ ਯੋਗੀ ਤੇ ਸਹਿਜ ਯੋਗੀ ਸਨ ਤੇ ਬਾਬਾ ਜਵਾਲਾ ਸਿੰਘ ਜੀ ਨੇ ਯੋਗਾ ਅਭਿਆਸ ਸਿੱਖਿਆ। ਸੋ ਇਸ ਸਾਰੀ ਕ੍ਰਿਆ ਦਾ ਵਰਨਣ ਪਿੱਛੇ ਆ ਚੁੱਕਿਆ ਹੈ। ਇਹ ਮਹਾਂਪੁਰਖ ਵੀ ਬੜੇ ਚੋਜ਼ੀ ਸਨ। ਬਰਮਾ ਵਿੱਚ ਸਨ। ਇੱਧਰ ਭਤੀਜੇ ਦੀ ਸ਼ਾਦੀ ਉਧਰ ਕੰਮ ਕਾਰ ਵਲੋਂ ਛੁੱਟੀ ਨਾ ਮਿਲੀ। ਦੂਸਰਾ ਸ਼ਰੀਰ ਧਾਰ ਕੇ ਇਥੇ ਨਿੱਝਰਾਂ ਦੀ ਪੰਡੋਰੀ ਸ਼ਾਦੀ ਸਮਾਗਮ ਵੀ ਅਟੈਂਡ ਕੀਤਾ ਅਤੇ ਉਧਰ ਆਪਣੀ ਫੌਜ ਵਿੱਚ ਵੀ ਹਾਜ਼ਰ ਰਹੇ। ਐਸੇ ਮਹਾਂਪੁਰਖ ਸਨ। ਸੋ ਬਿਅੰਤ ਚੋਜ਼ ਵਰਤਾਂਉਦੇ ਸਨ ਉਨ੍ਹਾਂ ਕੋਲ ਪ੍ਰੇਮੀਆਂ ਨੇ ਆਉਣਾਂ। ਕਰਾਮਾਤਾਂ ਕਈ ਤਰ੍ਹਾਂ ਦੇ ਚੋਜ਼ ਵਰਤਾਉਣੇਂ। ਇਕ ਵਾਰ ਕੋਈ ਪ੍ਰੇਮੀ ਆਇਆ ਕਹਿਣ ਲੱਗੇ ਕੋਈ ਬਚਨ ਮੰਨ ਲੈ। ਉਸ ਨੂੰ ਅਫੀਮ ਖਾਣ ਦੀ ਆਦਤ ਸੀ ਸੋ ਅਮਲੀ ਲੋਕਾਂ ਨੂੰ ਅਮਲ ਦਾ ਹੀ ਪਿਆਰ ਹੁੰਦਾ ਹੈ ਕਹਿਣ ਲੱਗਾ ਜੀ ਇੱਕ ਛਟਾਂਕ ਅਫੀਮ ਦੇ ਦਿਉ। ਸੋ ਇਉਂ ਹੀ ਗੋਡੇ ਨਾਲੋਂ ਤੋੜ ਕੇ ਸੁੱਟ ਦਿੱਤੀ। ਕਹਿਣ ਲੱਗੇ ਲੈ ਇਕ ਬ੍ਰਹਮਗਿਆਨੀ ਖੁਸ਼ ਹੋਇਆ ਕੀ ਕਾਲਖ ਜ਼ਹਿਰ ਹੀ ਮੰਗੀ ਹੈ। ਅੱਜ ਬ੍ਰਹਮ ਗਿਆਨ ਮਿਲ ਜਾਂਦਾ ਤਾਂ ਉਹ ਵੀ ਮਿਲ ਜਾਂਦਾ ਸੋ ਇਸ ਤਰ੍ਹਾਂ ਕਰਾਮਾਤਾਂ ਦੇ ਚੋਜ਼ ਵਰਤਾ ਦਿਆ ਕਰਦੇ ਸਨ। ਬਾਬਾ ਈਸ਼ਰ ਸਿੰਘ ਜੀ ਇਨ੍ਹਾਂ ਦੀਆਂ ਇਸ ਤਰ੍ਹਾਂ ਕਰਾਮਾਤਾਂ ਤੋਂ ਖੁਸ਼ ਨਹੀਂ ਸੀ। ਕਿਉਂਕਿ ਗੁਰ ਨਾਨਕ ਸੱਚੇ ਪਾਤਸ਼ਾਹ ਦੇ ਘਰ ਵਿੱਚ ਨਾਟਕੀ ਚੇਟਕੀ ਚੰਗੀ ਨਹੀਂ ।

ਬਾਬਾ ਜੀ ਕਹਿਣ ਲੱਗੇ ਜਾਂ ਇਹ ਕ੍ਰਿਆ ਬੰਦ ਕਰ ਦਿਉ ਤੇ ਇਕ ਝੱਲ ਵਿੱਚ ਦੋ ਸ਼ੇਰ ਨਹੀਂ ਰਹਿੰਦੇ ਜਾਂ ਅਸੀਂ ਰਹਾਂਗੇ ਜਾਂ ਤੁਸੀਂ ਤੇ ਜਾਂ ਭਾਈ ਫਿਰ ਸ਼ਰੀਰ ਤਿਆਗ ਦਿਉ। ਕਹਿਣ ਲੱਗੇ ਮਹਾਰਾਜ ਆਪ ਦਾ ਹੁਕਮ ਮੈਨੂੰ ਪ੍ਰਵਾਨ ਹੈ। ਪਰ ਸਾਨੂੰ ਹੋਤੀ ਮਰਦਾਨ ਦਾ ਲੰਗਰ ਬਣਾ ਦਿਉ। ਹੋਤੀ ਮਰਦਾਨ ਆਮ ਜਰਦੇ ਦੇ ਚਾਵਲ ਤੇ ਦਹੀਂ ਦੇ ਨਾਲ ਖਾਣੇਂ। ਇਹ ਉਥੇ ਆਮ ਲੰਗਰ ਵਿੱਚ ਬਣਦੇ ਹਨ। ਕਹਿਣ ਲੱਗੇ ਹੋਤੀ ਮਰਦਾਨ ਦਾ ਭੰਡਾਰਾ ਤਿਆਰ ਕਰੋ। ਮੈਂ ਤਾਂ ਜਵਾਲਾ ਸਿੰਘ ਦੋਵੇਂ ਗੁਰਭਾਈ ਇੱਕ ਥਾਲ ਵਿੱਚ ਭੋਜਨ ਖਾਵਾਂਗੇ। ਉਸ

ਤੋਂ ਬਾਦ ਜਿਵੇਂ ਆਪ ਜੀ ਦਾ ਹੁਕਮ ਹੈ ਫਿਰ ਉਸ ਨੂੰ ਸਤਿ ਕੀਤਾ ਜਾਵੇਗਾ। ਹੋਤੀ ਮਰਦਾਨ ਦਾ ਭੰਡਾਰਾ ਤਿਆਰ ਕੀਤਾ ਗਿਆ।ਅੱਜ ਵੀ ਜਦੋਂ ਬਾਬਾ ਕਰਮ ਸਿੰਘ ਬਾਬਾ ਆਇਆ ਸਿੰਘ ਦੀ ਬਰਸੀ ਹੋਵੇ ਉਦੋਂ ਫਿਰ ਦਹੀਂ ਚਾਵਲ ਘਿਉ ਵਾਲੇ ਬਾਦਾਮ ਸੌਗੀ ਪਾ ਕੇ ਤਿਆਰ ਕੀਤੇ ਜਾਂਦੇ ਹਨ। ਦਹੀਂ ਦੇ ਨਾਲ ਲੋਕੀ ਛਕਦੇ ਹਨ, ਭੰਡਾਰਾ ਤਿਆਰ ਕੀਤਾ ਸੰਗਤਾਂ ਵਿੱਚ ਵਰਤਿਆ। ਦੋਹਾਂ ਗੁਰਭਾਈਆਂ ਨੇ ਇਕੋ ਜਗ੍ਹਾਂ ਵਿੱਚ ਛਕਿਆ ਤੇ ਕਹਿਣ ਲੱਗੇ ਬਾਬਾ ਜੀ ਜਿਵੇਂ ਹੁਣ ਆਪ ਜੀ ਦੀ ਅਗਿਆ। ਫਿਰ ਵੀ ਜਾਂਦੇ ਜਾਂਦੇ ਚੋਜ਼ ਕਰ ਗਏ। ਖਿੜ ਖਿੜਾ ਕੇ ਹੱਸੇ ਕਹਿਣ ਲੱਗੇ ਮੇਰੇ ਗੁਰਭਾਈ ਬਾਬਾ ਜਵਾਲਾ ਸਿੰਘ ਜੀ ਨੂੰ ਦਰਗਾਹ ਦੀਆਂ ਚਾਬੀਆਂ ਮਿਲ ਗਈਆਂ ਹਨ। ਸੋ ਅੱਜ ਇਨ੍ਹਾਂ ਤੇ ਜੋ ਅਕਾਲੀ ਬਖਸ਼ਿਸ਼ ਹੈ ਦਰਗਾਹ ਵਲੋਂ ਹੋਈ ਹੈ। ਇਸ ਤਰ੍ਹਾਂ ਦੇ ਚੋਜ਼ ਵਰਤਾ ਜਾਂਦੇ ਸਨ। ਆਪਣੇ ਨੱਗਰ ਆ ਗਏ ਧਰਤੀ ਤੇ ਪੋਚਾ ਮਾਰਿਆ। ਭੂਮੀ ਤੇ ਆਸਣ ਵਿਛਾ ਕੇ ਬੈਠ ਗਏ ਸੋ ਆਪਣਾ ਇਸ਼ਨਾਨ ਪਾਨ ਕਰਕੇ ਆਸਣ ਲਾਇਆ। ਯੋਗੀ ਸਨ ਨਿੱਤਨੇਮ ਕਰਕੇ ਪ੍ਰਾਣ ਅਪਾਨ ਵਾਯੂ ਨੂੰ ਮਿਲਾ ਕੇ ਦਸਮ ਦੁਆਰ ਵੱਲ ਖਿੱਚਿਆ। ਬ੍ਰਹਮ ਰੰਧਰ ਜਿਹੜੀ ਨਾੜੀ ਸੀ ਫੋੜ ਕਰਕੇ ਤਿਆਗ ਗਏ।

ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥

ਮਿਟਿ ਗਏ ਗਵਨ ਪਾਏ ਬਿਸ੍ਰਾਮ ॥ ਨਾਨਕ ਪ੍ਰਭ ਕੈ ਸਦ ਕੁਰਬਾਨ ॥ ੮ ॥ ੧੧ ॥(ਪੰਨਾਂ 278)

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥

ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥(ਪੰਨਾਂ 846)

ਸੋ ਬਾਬਾ ਮਿਹਰ ਸਿੰਘ ਜੀ ਅਕਾਲ ਚਲਾਣਾ ਕਰ ਗਏ। ਬਾਬਾ ਜਵਾਲਾ ਸਿੰਘ ਜੀ ਨੇ ਉਨ੍ਹਾ ਦੀ ਅੰਤਿਮ ਕ੍ਰਿਆ ਸੰਸਕਾਰ ਕਰਕੇ ਅਖੰਡ ਪਾਠ ਕਰਾ ਕੇ ਸਾਰੇ ਨੱਗਰ ਇਲਾਕੇ ਵਿੱਚ ਬੜਾ ਭਾਰ ਜਗ ਕਥਾ ਕੀਰਤਨ ਸਮਾਗਮ ਕੀਤੇ।

## ਅਧਿਆਇ 16

### ਗਉੜੀ ਮਹਲਾ ੫ ॥(ਪੰਨਾਂ 228)

ਰਾਮਿ ਨਾਮਿ ਚਿਤੁ ਰਾਪੈ ਜਾ ਕਾ ॥ ਉਪਜੰਪਿ ਦਰਸਨੁ ਕੀਜੈ ਤਾ ਕਾ ॥ ੧ ॥ ਰਾਮ ਨ ਜਪਹੁ ਅਭਾਗੁ ਤੁਮਾਰਾ ॥ ਜੁਗਿ ਜੁਗਿ ਦਾਤਾ ਪ੍ਰਭੁ ਰਾਮੁ ਹਮਾਰਾ ॥ ੧ ॥ ਰਹਾਉ ॥ ਗੁਰਮਤਿ ਰਾਮੁ ਜਪੈ ਜਨੁ ਪੂਰਾ ॥ ਤਿਤੁ ਘਟ ਅਨਹਤ ਬਾਜੇ ਤੂਰਾ ॥ ੨ ॥ ਜੋ ਜਨ ਰਾਮ ਭਗਤਿ ਹਰਿ ਪਿਆਰਿ ॥ ਸੇ ਪ੍ਰਭਿ ਰਾਖੇ ਕਿਰਪਾ ਧਾਰਿ ॥ ੩ ॥ ਜਿਨ ਕੈ ਹਿਰਦੈ ਹਰਿ ਹਰਿ ਸੋਈ ॥ ਤਿਨ ਕਾ ਦਰਸੁ ਪਰਸਿ ਸੁਖੁ ਹੋਈ ॥ ੪ ॥ ਸਰਬ ਜੀਆ ਮਹਿ ਏਕੋ ਰਵੈ ॥ ਮਨਮੁਖਿ ਅਹੰਕਾਰੀ ਫਿਰਿ ਜੂਨੀ ਭਵੈ ॥ ੫ ॥ ਸੋ ਬੂਝੈ ਜੋ ਸਤਿਗੁਰੁ ਪਾਏ ॥ ਹਉਮੈ ਮਾਰੇ ਗੁਰ ਸਬਦੇ ਪਾਏ ॥ ੬ ॥ ਅਰਧ ਉਰਧ ਕੀ ਸੰਧਿ ਕਿਉ ਜਾਨੈ ॥ ਗੁਰਮੁਖਿ ਸੰਧਿ ਮਿਲੈ ਮਨੁ ਮਾਨੈ ॥ ੭ ॥ ਹਮ ਪਾਪੀ ਨਿਰਗੁਣ ਕਉ ਗੁਣੁ ਕਰੀਐ ॥ ਪ੍ਰਭ ਹੋਇ ਦਇਆਲੁ ਨਾਨਕ ਜਨ ਤਰੀਐ ॥ ੮ ॥ ੧੬ ॥ ਸੋਲਹ ਅਸਟਪਦੀਆ ਗੁਆਰੇਰੀ ਗਉੜੀ ਕੀਆ ॥

ਜਿਸ ਗੁਰਮੁਖਿ ਦੀ ਸੰਗਤ ਦਾ ਜ਼ਿਕਰ ਅਸਟਪਦੀਆਂ ਦੇ ਅਖੀਰ ਵਿੱਚ ਹੋਇਆ ਹੈ। ਉਸ ਦੀ ਸੰਗਤ ਬਾਰੇ ਦੁਹਰਾ ਕੇ ਕਹਿੰਦੇ ਹਨ, ਜਿਸ ਦਾ ਚਿੱਤ ਨਾਮ ਨਾਲ ਰੰਗਿਆ ਗਿਆ, ਜੋ ਰਾਮ ਪ੍ਰਮੇਸ਼ਰ ਦੇ ਨਾਮ ਵਿੱਚ ਲੱਗ ਗਿਆ ਸਵੇਰੇ ਹੀ ਉਸਦਾ ਦਰਸ਼ਨ ਕਰਿਆ ਕਰੋ। ਰਾਮਿ ਨਾਮਿ ਚਿਤੁ ਰਾਪੈ ਜਾ ਕਾ ॥ ਜੀਹਦਾ ਚਿੱਤ ਪ੍ਰਮੇਸ਼ਰ ਦੇ ਨਾਮ ਵਿੱਚ ਰੰਗਿਆ ਗਿਆ ਹੈ, ਉਪਜੰਪਿ ਦਰਸਨੁ ਕੀਜੈ ਤਾ ਕਾ ॥ ੧ ॥ ਫਿਰ ਸਵੇਰੇ ਹੀ ਉਸਦਾ ਦਰਸ਼ਨ ਕਰਿਆ ਕਰੋ। ਰਾਮ ਨ ਜਪਹੁ ਅਭਾਗੁ ਤੁਮਾਰਾ ॥ ਜੇ ਤੁਸੀਂ ਰਾਮ ਦੇ ਨਾਮ ਦਾ ਜਪ ਨਹੀਂ ਕਰਦੇ ਤਾਂ ਤੁਹਾਡੀ ਬਦਕਿਸਮਤੀ ਹੈ। ਜੁਗਿ ਜੁਗਿ ਦਾਤਾ ਪ੍ਰਭੁ ਰਾਮੁ ਹਮਾਰਾ ॥ ੧ ॥ਰਹਾਉ॥ ਉਹ ਵਾਹਿਗੁਰੂ ਰਾਮ ਜੁਗਾਂ ਜੁਗਾਂ ਦਾ ਦਾਤਾ ਹੈ। ਸਾਰੇ ਥੋਕ ਉਸ ਤੋਂ ਪ੍ਰਾਪਤ ਹੁੰਦੇ ਹਨ। ਉਹ ਸ੍ਰਿਸ਼ਟੀ ਦਾ ਮਾਲਕ ਹੈ। ਵਿਸ਼ਰਾਮ ਦੇ ਕੇ ਕਥਨ ਕਰਦੇ ਹਨ। ਗੁਰਮਤਿ ਰਾਮੁ ਜਪੈ ਜਨੁ ਪੂਰਾ ॥ ਉਸ ਪ੍ਰਮੇਸ਼ਰ ਦੇ ਨਾਮ ਨੂੰ ਜੋ ਜੋ ਪੁਰਖ ਗੁਰੂ ਦੀ ਮੱਤ ਦੁਆਰਾ ਜਪਦੇ ਹਨ ਉਹ ਪੂਰਾ ਭਗਤ ਕਿਹਾ ਜਾਦਾ ਹੈ। ਤਿਤੁ ਘਟ ਅਨਹਤ ਬਾਜੇ ਤੂਰਾ ॥ ੨ ॥ਉਸ ਦੇ ਹਿਰਦੇ ਵਿੱਚ ਅਨਹਦ ਇਕ ਰਸ ਵਾਜੇ ਵੱਜਦੇ ਹਨ। **ਜੋ ਜਨ ਰਾਮ ਭਗਤਿ ਹਰਿ ਪਿਆਰਿ ॥ ਸੇ ਪ੍ਰਭਿ ਰਾਖੇ ਕਿਰਪਾ ਧਾਰਿ** ॥ ੩ ॥ ਜਿਹੜੇ ਪੁਰਖ ਵਾਹਿਗੁਰੂ ਦੀ ਭਗਤੀ ਕਰਦੇ ਹਨ ਹਰੀ ਦੇ ਪਿਆਰ ਵਿੱਚ ਹਨ। ਉਹ ਪ੍ਰਭੂ ਨੇ ਸਦਾ ਵਾਸਤੇ ਕਿਰਪਾ ਕਰਕੇ ਬਚਾ ਲਏ ਹਨ। **ਜਿਨ ਕੈ ਹਿਰਦੈ ਹਰਿ ਹਰਿ ਸੋਈ ॥ ਤਿਨ ਕਾ ਦਰਸੁ ਪਰਸਿ ਸੁਖੁ ਹੋਈ** ॥ ੪ ॥ਜਿਹਨਾਂ ਦੇ ਮਨ ਵਿੱਚ ਹਰੀ ਪ੍ਰਮੇਸ਼ਰ ਦਾ ਨਾਮ ਵਸਦਾ ਹੈ। ਉਹਨਾਂ ਦੇ ਦਰਸ਼ਨ ਪਰਸ਼ਨ ਨਾਲ ਸੁਖ ਹੁੰਦਾ ਹੈ। **ਸਰਬ ਜੀਆ ਮਹਿ ਏਕੋ ਰਵੈ** ॥ **ਮਨਮੁਖਿ ਅਹੰਕਾਰੀ ਫਿਰਿ ਜੂਨੀ ਭਵੈ** ॥ ੫ ॥ ਉਹ ਵਾਹਿਗੁਰੂ ਸਾਰਿਆਂ ਵਿੱਚ ਵਿਆਪਕ ਹੋ ਰਿਹਾ ਹੈ। ਇਹ ਗੱਲਾਂ ਨਾ ਜਾਣ ਕੇ ਹੰਕਾਰੀ ਮਨਮੁਖਿ ਬੇਮੁਖ ਰਹਿੰਦਾ, ਫਿਰ ਜੂਨਾਂ ਵਿੱਚ ਘੁੰਮਦਾ ਹੈ। **ਸੋ ਬੂਝੈ ਜੋ ਸਤਿਗੁਰੁ ਪਾਏ** ॥ **ਹਉਮੈ ਮਾਰੇ ਗੁਰ ਸਬਦੇ ਪਾਏ** ॥ ੬ ॥

ਸਚਿਆਈ ਹੈ ਕਿ ਹਰੀ ਸਾਰੇ ਜੀਵਾਂ ਵਿੱਚ ਹੈ। ਉਹ ਬੁੱਝਦਾ ਪਛਾਣਦਾ ਹੈ। ਜੋ ਸਤਿਗੁਰੂ ਨੂੰ ਪ੍ਰਾਪਤ ਕਰ ਲਵੇ ਜੋ ਗੁਰੂ ਤੋਂ ਸ਼ਬਦ ਲੈ ਕੇ ਸ਼ਬਦ ਦੁਆਰਾ ਹਉਮੈ ਨੂੰ ਮਾਰ ਲਵੇ ਫਿਰ ਉਹ ਇੱਕ ਹਰੀ ਨੂੰ ਪ੍ਰਾਪਤ ਕਰ ਲਵੇਗਾ। **ਅਰਧ ਉਰਧ ਕੀ ਸੰਧਿ ਕਿਉ ਜਾਨੈ** ॥ **ਗੁਰਮੁਖਿ ਸੰਧਿ ਮਿਲੈ ਮਨੁ ਮਾਨੈ** ॥ ੭ ॥ ਜੀਵ ਤੇ ਈਸ਼ਵਰ ਦੇ ਮੂਲ ਦੀ ਵਿਧੀ ਨੂੰ ਕਿਵੇਂ ਜਾਣਿਆ ਜਾਏ।ਇਹ ਸੰਧੀ ਗੁਰੂ ਦੁਆਰਾ ਮਿਲਦੀ ਹੈ ਜਦ ਇਉਂ ਇਹ ਮਿਲੇ ਤਾਂ ਆਪੇ ਮਨ ਪਤੀਜ ਜਾਂਦਾ ਹੈ। **ਹਮ ਪਾਪੀ ਨਿਰਗੁਣ ਕਉ ਗੁਣੁ ਕਰੀਐ** ॥ **ਪ੍ਰਭ ਹੋਇ ਦਇਆਲੁ ਨਾਨਕ ਜਨ ਤਰੀਐ** ॥ ੮ ॥ ੧੬ ॥ **ਸੋਲਹ ਅਸਟਪਦੀਆ ਗੁਆਰੇਰੀ ਗਉੜੀ ਕੀਆ** ॥ ਹੇ ਪ੍ਰਭੂ ਅਸੀਂ ਸਾਰੇ ਗੁਣ ਹੀਣੇ ਪਾਪੀਆਂ ਨੂੰ ਗੁਣ ਦੇ ਦਿਉ। ਦਇਆਲੂ ਹੋ ਕੇ ਦਾਸ ਬਣਾ ਕੇ ਤਾਰ ਲਵੋ। ਸੋਲਹ ਅਸਟਪਦੀਆਂ ਗੁਆਰੇਰੀ ਗਉੜੀ ਕੀਆਂ ਮਹਲਾ ਪਹਿਲੇ ਕੀਆਂ ਇਥੇ ਸਮਾਪਤ ਹੋਈਆਂ ਹਨ।

ਸੋ ਬਾਬਾ ਈਸ਼ਰ ਸਿੰਘ ਸਾਹਿਬ ਪੂਰਨ ਬ੍ਰਹਮ ਗਿਆਨੀ ਮਹਾਂਪੁਰਸ਼ ਸਨ। ਉਹਨਾਂ ਦਾ ਭਾਣਜਾ ਨਗਰ ਨੁਸ਼ਿਹਰਾ ਪੰਨੂਆਂ ਕੁਸੰਗਤ ਦੇ ਪ੍ਰਭਾਵ ਨਾਲ ਡਾਕੂ ਬਣ ਗਿਆ ਵੱਡੇ ਵੱਡੇ ਡਾਕੇ ਮਾਰੇ ਅਤੇ ਸਰਕਾਰ ਨੇ ਫੜਨ ਦੇ ਜਤਨ ਕੀਤੇ। ਇਕ ਵਾਰੀ ਗ੍ਰਿਫਤਾਰ ਵੀ ਹੋਇਆ। ਕਿਸੇ ਢੰਗ ਨਾਲ ਜੇਲ ਵਿਚੋਂ ਭੱਜ ਗਿਆ। ਇਸ਼ਤਿਹਾਰੀ ਮੁਜਰਮ ਕਰਾਰ ਦਿੱਤਾ ਗਿਆ 58 ਮੁਕੱਦਮੇਂ, ਤਿੰਨ ਫਾਂਸੀਆ ਤਿੰਨ ਜੇਲਾਂ ਵਿਚ ਇਸ ਨੂੰ ਮਿਲੀਆਂ। ਆਖਰ ਸਾਧੂਆਂ ਦਾ ਭੇਸ ਧਾਰ ਕੇ ਭਗਵੇ ਕੱਪੜੇ ਪਾ ਗਲ ਵਿੱਚ ਮਾਲਾ ਹੱਕ ਵਿੱਚ ਚਿੱਪੀ ਲੈ ਕੇ, ਸਾਧੂਆਂ ਦੀ ਜਮਾਤ ਵਿੱਚ ਤੀਰਥਾਂ ਤੇ ਆਪਣੇ ਬਚਾਉ ਵਾਸਤੇ ਘੁੰਮਣ ਲੱਗ ਪਿਆ। ਇਕ ਵਾਰੀ ਵਿਚਰਦਾ ਵਿਚਰਦਾ ਰੇਰੂ ਸਾਹਿਬ ਬਾਬਾ ਅਤਰ ਸਿੰਘ ਜੀ ਦੀ ਸ਼ਰਨ ਵਿੱਚ ਆਇਆ। ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ ਉਥੇ ਗਏ ਹੋਏ ਸਨ। ਸੰਮਾ ਸਿੰਘ ਨੇ ਸੰਤਾਂ ਨੂੰ ਪਛਾਣ ਕੇ ਨਮਸਕਾਰ ਕੀਤੀ।

ਮਹਾਂਪੁਰਸ਼ਾਂ ਨੇ ਪੁੱਛਿਆ ਕਿ ਸੰਮਾਂ ਸਿੰਘ ਤੂੰ ਤਾਂ ਵੱਡਾ ਡਾਕੂ ਸੀ ਸੁਣਿਆ ਫਰਾਰ ਹੋ ਗਿਆ ਸੀ ਇਹ ਸਾਧੂ ਬਾਣਾ ਕਦੋਂ ਦਾ ਪਾ ਲਿਆ ਤਾਂ ਕਹਿਣ ਲੱਗਿਆ ਮਹਾਰਾਜ ਆਪਣੇ ਬਚਾਉ ਵਾਸਤੇ ਬਾਣਾ ਪਾਈ ਫਿਰਦਾਂ ਹਾਂ, ਸਾਧੂ ਪੁਣੇ ਦੀ ਅਵਸਥਾ ਤਾਂ ਬਹੁਤ ਦੂਰ ਹੈ। ਸਾਧੂ ਮਹਾਂਪੁਰਸ਼ ਤਾਂ ਆਪ ਜੀ ਹੋ ਜਾਂ ਬਾਬਾ ਈਸ਼ਰ ਸਿੰਘ ਜੀ ਹਨ ਜਾਂ ਬਾਬਾ ਅਤਰ ਸਿੰਘ ਜੀ ਜਿਹਨਾਂ ਉਤੇ ਅਕਾਲ ਪੁਰਖ ਦੀ ਕਿਰਪਾ ਹੈ ਕਿਰਪਾ ਕਰੋ ਹੁਣ ਤਾਂ ਬਹੁਤ ਲੰਮਾਂ ਸਮਾਂ ਘੁੰਮਦਿਆਂ ਘੁੰਮਦਿਆਂ ਗੁਜ਼ਰ ਗਿਆ ਹੈ। ਬਾਬਾ ਜਵਾਲਾ ਸਿੰਘ ਜੀ ਨੇ ਫੁਰਮਾਇਆ, ਸੰਮਾ ਸਿੰਘ ਤੈਨੂੰ ਬਾਬਾ ਈਸ਼ਰ ਸਿੰਘ ਜੀ ਕਿੰਨੀ ਵਾਰੀ ਸਮਝਾਇਆ ਕਰਦੇ ਸਨ ਤੂੰ ਮਹਾਂਪੁਰਸ਼ਾਂ ਦੇ ਬਚਨ ਨਹੀਂ ਮੰਨੇ, ਕਲੇਸ਼ ਦੇ ਦਿਨ ਭੋਗਣੇ ਪੈ ਰਹੇ ਹਨ, **ਚੋਰ ਜਾਰ ਜੂਆਰ ਪੀੜੇ ਘਾਣੀਐ ॥ ਨਿੰਦਕ ਲਾਇਤਬਾਰ ਮਿਲੇ ਹੜ੍ਵਾਣੀਐ ॥ ਗੁਰਮੁਖਿ ਸਚਿ ਸਮਾਇ ਸੁ ਦਰਗਹ ਜਾਣੀਐ ॥ ੨੧ ॥** ਸੋ ਹੁਣ ਵੀ ਮਹਾਂਪੁਰਸ਼ਾਂ ਦੀ ਸ਼ਰਨ ਵਿੱਚ ਚੱਲ ਖਿਮਾਂ ਮੰਗ ਦਿਆਲੂ ਹਨ ਕਿਰਪਾ ਕਰਨਗੇ ਤੇਰਾ ਸੰਕਟ ਹਲ ਜਾਇਗਾ। ਸੰਮਾ ਸਿੰਘ ਮਹਾਂਪੁਰਸ਼ਾਂ ਦੇ ਨਾਲ ਬਾਬਾ ਈਸ਼ਰ ਸਿੰਘ ਦੀ ਸ਼ਰਨ ਵਿੱਚ ਆਇਆ ਨਮਸਕਾਰ ਕੀਤੀ, ਬੇਨਤੀ ਕੀਤੀ, ਮੇਰੇ ਅਪਰਾਧ ਬਖਸ਼ੋ। ਮੈਂ ਆਪ ਜੀ ਦਾ ਬਚਨ ਨਹੀਂ ਮੰਨਿਆਂ, ਸੰਕਟ ਕੱਟੋ, ਹੁਣ ਬਾਕੀ ਦੀ ਜ਼ਿੰਦਗੀ ਗੁਰਸਿੱਖਾਂ ਵਾਲਾ ਜੀਵਨ ਬਤੀਤ ਹੋਵੇ, ਮਹਾਂਪੁਰਸ਼ਾਂ ਨੂੰ ਬਹੁਤ ਆਜ਼ਿਜ਼ ਹੋ ਕੇ ਬੇਨਤੀਆਂ ਕੀਤੀਆਂ।

ਬਾਬਾ ਈਸ਼ਰ ਸਿੰਘ ਜੀ ਨੇ ਫੁਰਮਾਇਆ ਤੈਨੂੰ ਬਹੁਤ ਵਾਰੀ ਸਮਝਾਇਆ ਸੀ,ਤੂੰ ਬਚਨ ਨਹੀਂ ਮੰਨਿਆ ਹੁਣ ਆ ਕਰਕੇ ਬੇਨਤੀ ਕਰਦਾ ਹੈ, ਤੇਰਾ ਇਹੋ ਇਲਾਜ ਹੈ ਤੂੰ ਜਾ ਕਰਕੇ ਵੱਡੇ ਅਫ਼ਸਰ ਦੇ ਪੇਸ਼ ਹੋ ਜਾ। ਕਹਿਣ ਲੱਗਿਆ ਜੀ ਮੈਨੂੰ ਗੋਲੀ ਦਾ ਹੁਕਮ ਹੈ। ਮੇਰੇ ਉਤੇ ਵੱਡੇ ਵੱਡੇ ਕੇਸ ਹਨ, ਫਾਂਸੀਆਂ ਹਨ। ਕਹਿਣ ਲੱਗੇ ਕਿ ਤੂੰ ਪ੍ਰਤੱਗਿਆ ਕਰ ਕਿ ਅਜ ਤੋਂ ਬਾਅਦ ਚੋਰੀਆਂ, ਡਾਕੇ, ਧਾੜੇ ਨਹੀਂ ਮਾਰੇਂਗਾ। ਅੱਜ ਤੋਂ ਬਾਅਦ ਦੀ ਜ਼ਿੰਦਗੀ ਗੁਰੂ ਨਾਨਕ ਦੀ ਸਿੱਖੀ ਕਰਕੇ ਜੀਵੇਂਗਾ। ਸਤਿਗੁਰੂ ਜੀ ਕਿਰਪਾ ਕਰਨਗੇ। ਜਾ ਕਰਕੇ ਪੇਸ਼ ਹੋ ਜਾ। ਮਹਾਰਾਜ ਆਪ ਉਹਨਾਂ ਨੂੰ ਸੁਮੱਤ ਦੇਣਗੇ। ਉਸ ਨੇ ਬਚਨ ਮੰਨਿਆ ਤੇ ਪੇਸ਼ ਹੋ ਗਿਆ। ਅਫ਼ਸਰ ਕਹਿਣ ਲੱਗਿਆ ਸੰਮਾ ਸਿੰਆਂ ਤੈਨੂੰ ਢੂੰਡ ਢੂੰਡ ਕੇ ਥੱਕ ਗਏ, ਤੂੰ ਆਪਣੇ ਆਪ ਕਿਵੇਂ ਆ ਗਿਆ। ਕਹਿਣ ਲੱਗਿਆ ਮਹਾਂਪੁਰਸ਼ਾਂ ਦੀ ਸ਼ਰਨ ਵਿੱਚ ਗਿਆ ਸੀ ਉਹਨਾਂ ਨੇ ਇਹ ਸਾਰੀ ਵਿਉਂਤ ਦੱਸੀ ਹੈ। ਮੈਂ ਆਪਣੇ ਆਪ ਆ ਗਿਆ ਹਾਂ।ਉਹਨਾਂ ਦੇ ਮਨ ਤੇ ਵੀ ਮਹਾਂਪੁਰਸ਼ਾਂ ਦੇ ਬਚਨਾਂ ਦਾ ਪ੍ਰਭਾਵ ਪਿਆ ਕਿ ਕੈਸੇ ਮਹਾਂਪੁਰਸ਼ ਹਨ ਕਿ ਐਸੇ ਲੋਕਾਂ ਨੂੰ ਨੇਕ ਸਿੱਖਿਆ ਦਿੰਦੇ ਹਨ ਤੇ ਬੁਰਾਈ ਛੁਡਾਉਣ ਦਾ ਉਦੇਸ਼ ਦਿੰਦੇ ਹਨ ਸਾਰੀ ਵਿਥਿਆ ਸੰਮਾਂ ਸਿੰਘ ਨੇ ਦੱਸੀ ਤੇ ਉਹਨਾਂ ਅਫਸਰਾਂ ਨੇ ਸੁਣੀ।

ਸੰਮਾਂ ਸਿੰਘ ਨੂੰ ਜੇਲ ਭੇਜ ਦਿੱਤਾ। ਮੁਕੱਦਮਾਂ ਚਾਲੂ ਹੋਇਆ। ਸੋ ਗੁਰੂ ਦੀ ਕਿਰਪਾ ਨਾਲ ਅਪੀਲ ਕੀਤੀ। ਇਧਰ ਸੰਮਾਂ ਸਿੰਘ ਦੇ ਪ੍ਰੀਵਾਰ ਦੀਆਂ ਮਾਤਾਵਾਂ ਨੇ ਆ ਕੇ ਬੇਨਤੀ ਕੀਤੀ ਕਿ ਹੁਣ ਕਿਰਪਾ ਕਰੋ ਸੰਕਟ ਕੱਟਿਆ ਜਾਏ। ਮਹਾਂਪੁਰਸ਼ ਉਥੇ ਜੰਗਲ ਵਿੱਚ ਵਿਚਰ ਰਹੇ ਸਨ।ਉਹਨਾਂ ਦੇ ਪ੍ਰੀਵਾਰ ਦੀਆਂ ਸਾਰੀਆਂ ਮਾਤਾਵਾਂ ਨੇ ਆਜ਼ਿਜ਼ ਹੋ ਕੇ ਬੇਨਤੀ ਕੀਤੀ। ਮਹਾਂਪੁਰਖ ਟਾਹਲੀਆਂ ਦੁਆਲੇ ਘੁੰਮੀ ਜਾਂਦੇ ਹਨ ਨਾਲੇ ਕਹੀ ਜਾਂਦੇ ਹਨ "ਟਾਹਲੀਉ ਭੈਣੋ ਕਹਿ ਦਿਉ ਸੰਮਾਂ ਸਿੰਘ ਬਰੀ, ਕਹਿ ਦਿਉ ਸੰਮਾਂ ਸਿੰਘ ਬਰੀ"। ਤਿੰਨ ਵਾਰੀ ਬਚਨ ਕੀਤੇ। ਇੱਧਰ ਜਦੋਂ ਜੱਜ ਦੇ ਕੇਸ ਲੱਗਿਆ, ਤਿੰਨੇਂ ਫਾਂਸੀਆਂ ਵਿਚੋਂ ਸੰਮਾਂ ਸਿੰਘ ਬਰੀ ਹੋ ਗਿਆ, 58 ਕੇਸਾਂ ਦੀ 58 ਦਿਨਾਂ ਦੀ ਸਜਾ ਹੋਈ। ਸਜਾ ਭੁਗਤਣ ਤੋਂ ਬਾਅਦ ਮਹਾਂਪੁਰਸ਼ਾਂ ਦੇ ਚਰਨਾਂ ਵਿੱਚ ਜਾ ਹਾਜ਼ਰ ਹੋਇਆ ਤੇ ਗੁਰੂ ਦਾ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਸਾਰਾ ਜੀਵਨ ਗੁਰਮਤਿ ਅਨੁਸਾਰ ਬਤੀਤ ਕੀਤਾ ਜੇ ਕੋਈ ਮਹਾਂਪੁਰਖਾਂ ਦੇ ਬਚਨ ਵਿੱਚ ਆ ਕੇ ਬੁਰਾਈ ਦਾ ਤਿਆਗ ਕਰੇ।ਗੁਰੂ ਅਤੇ ਪ੍ਰਮੇਸ਼ਰ ਮਹਾਂਪੁਰਖ ਦੀ ਬਰਕਤ ਸਾਧ ਸੰਗਤ ਜੀ ਉਸ ਗੁਰਮੁਖ ਨੂੰ ਪ੍ਰਾਪਤ ਹੋ ਜਾਂਦੀ ਹੈ। ਬਾਬਾ ਈਸ਼ਰ ਸਿੰਘ ਜੀ ਸਾਹਿਬ ਆਪਦੀ

ਇੱਛਾ ਮੁਤਾਬਿਕ ਬੇਅੰਤ ਪ੍ਰਕਾਰ ਦੇ ਚੋਜ਼ ਕਰਿਆ ਕਰਦੇ ਸਨ। ਬਾਬਾ ਜਵਾਲਾ ਸਿੰਘ ਜੀ ਪ੍ਰਤੀ ਉਹਨਾਂ ਦੇ ਵਿਸ਼ੇਸ਼ ਹੁਕਮ ਸਨ। ਉਹ ਇਸ ਪ੍ਰਕਾਰ ਕਿ, ਨੰਗੇ ਚਰਨੀ ਰਹਿਣਾਂ ਅਤੇ ਪੈਦਲ ਹੀ ਤਰਨ ਤਾਰਨ ਸਾਹਿਬ ਚੌਦੇ ਦੀ ਮੱਸਿਆ ਤੇ ਜਾਣਾਂ। ਇਸ਼ਨਾਨ ਕਰਨਾ ਤੇ ਰਾਤ ਚੌਂਕੀ ਭਰਨੀ, ਅਮਾਵਸ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਜਾ ਕੇ ਇਸ਼ਨਾਨ, ਦਰਬਾਰ ਦੇ ਦਰਸ਼ਨ ਅਤੇ ਉਥੇ ਜਾ ਕੇ ਸੇਵਾ ਕਰਨੀ। ਮਹਾਂਪੁਰਖਾਂ ਨੇ ਬਾਰਾਂ ਸਾਲ ਬਾਬਾ ਈਸ਼ਰ ਸਿੰਘ ਜੀ ਦਾ ਬਚਨ, ਤਰਨ ਤਾਰਨ ਸਾਹਿਬ ਦੀ ਚੌਦਸ ਅਤੇ ਅੰਮ੍ਰਿਤਸਰ ਸਾਹਿਬ ਦੀ ਅਮਾਵਸ, ਤੀਰਥ ਯਾਤਰਾ ਅਤੇ ਇਸ਼ਨਾਨ 12 ਸਾਲ ਕੀਤੇ। ਮਹਾਂਪੁਰਸ਼ਾਂ ਦੇ ਨਾਲ ਨਾਲ ਹੋਰ ਆਗਿਆਵਾਂ ਬਖਸ਼ਿਸ਼ ਕੀਤੀਆਂ। ਗੁਰੂ ਨਾਨਕ ਸਾਹਿਬ ਜੀ ਦੇ ਅਵਤਾਰ ਗੁਰ ਪੁਰਬ ਤੇ ਨਨਕਾਣਾ ਸਾਹਿਬ ਜਾ ਕੇ ਗੁਰਪੁਰਬ ਦੇ ਦਿਨਾਂ ਵਿੱਚ ਲੰਗਰ ਚਲਾਉਣਾ ਤਾਂ ਜੋ ਆਈਆਂ ਹੋਈਆਂ ਯਾਤਰੂ ਸੰਗਤਾਂ ਨੂੰ ਕਿਸੇ ਪ੍ਰਕਾਰ ਦੇ ਭੋਜਨ ਪਾਣੀ ਵਲੋਂ ਵਿਖੇਪਤਾ ਨਾ ਹੋਵੇ। ਇਸੇ ਪ੍ਰਕਾਰ ਸ਼ਹੀਦੀ ਗੁਰਪੁਰਬ ਤੇ ਡੇਰਾ ਸਾਹਿਬ ਲਹੌਰ ਗੁਰੂ ਅਰਜਨ ਸਾਹਿਬ ਦੇ ਪਾਵਨ ਅਸਥਾਨ ਤੇ ਜਾ ਕੇ ਲੰਗਰ ਚਲਾਉਣਾ, ਹਰ ਅਮਾਵਸ ਤੇ ਦੁਆਬੇ ਵਾਲੇ ਕਰਤਾਰਪੁਰ ਲੰਗਰ ਜਾਰੀ ਕਰਨਾ, ਚੇਤ ਤੇ ਭਾਦੋਂ ਦੀ ਮੱਸਿਆ ਨੂੰ ਅੰਮ੍ਰਿਤਸਰ ਲੰਗਰ ਚਲਾਉਣਾਂ। ਗੁਰੂ ਅਮਰਦਾਸ ਸਾਹਿਬ ਜੀ ਦੇ ਅਵਤਾਰ ਪੁਰਬ ਤੇ ਸ੍ਰੀ ਗੋਇੰਦਵਾਲ ਸਾਹਿਬ ਲੰਗਰ ਦੀ ਸੇਵਾ ਨਿਭਾਉਣੀ। ਹੋਲੇ ਮਹੱਲੇ ਤੇ ਸ੍ਰੀ ਅਨੰਦਪੁਰ ਸਾਹਿਬ ਲੰਗਰਾਂ ਦੀ ਸੇਵਾ ਨਿਭਾਉਣੀ।

ਰਾਗੀ ਬਾਗ ਮਹਾਂਪੁਰਸ਼ ਹਮੇਸ਼ਾਂ ਹੋਲੇ ਮਹੱਲੇ ਤੇ ਸ੍ਰੀ ਅਨੰਦਪੁਰ ਸਾਹਿਬ ਲੰਗਰ ਜਾਰੀ ਕਰਦੇ ਰਹੇ। ਆਪਣੇ ਸੇਵਾਦਾਰ ਨਿਹੰਗ ਸੰਤਾ ਸਿੰਘ, ਸੰਤ ਬਤਨ ਸਿੰਘ ਇਹਨਾਂ ਨੂੰ ਛੱਡਿਆ ਕਿ ਰਾਗੀ ਬਾਗ ਸਬਜ਼ੀ ਲਾ ਕੇ ਕੇਸਗੜ੍ਹ ਤੇ ਅਨੰਦਗੜ੍ਹ ਸਾਹਿਬ ਪਹੁੰਚਾਉਣੀਂ ਅਤੇ ਭੋਜਨ ਜੋ ਗੁਰੂ ਕੇ ਲੰਗਰ ਵਿਚੋਂ ਮਿਲੇ ਛਕਣਾਂ। ਜਥੇਦਾਰ ਸੰਤਾ ਸਿੰਘ ਸੰਤ ਮੋਹਨ ਸਿੰਘ ਜੀ ਭਿੰਡਰਾਂ ਵਾਲਿਆਂ ਦੇ ਭਰਾਤਾ ਜੀ ਹਨ। ਅੱਜ ਤੱਕ ਉਹ ਸੇਵਾ ਇਸੇ ਤਰਾਂ ਨਿਭਾ ਰਹੇ ਹਨ। ਸੰਤ ਬਤਨ ਸਿੰਘ ਜੀ ਜੋ ਸੰਤ ਬਾਬਾ ਜਵਾਲਾ ਸਿੰਘ ਤੋਂ ਬਾਦ ਹਰਖੋਵਾਲ ਸੇਵਾ ਨਿਭਾਂਉਦੇ ਸਨ ਡੇਰਾ ਸੰਤਗੜ੍ਹ ਹਰਖੋਵਾਲ ਸੰਗਤਾਂ ਨੇ ਬਾਬਾ ਮਸਤ, ਬਾਬਾ ਭਗਤ ਸਿੰਘ ਅਤੇ ਬਾਬਾ ਭਾਜਾ ਸਿੰਘ ਦੀ ਪ੍ਰੇਰਨਾ ਸਦਕਾ ਕਾਇਮ ਕੀਤਾ ਸੀ। ਸੰਤ ਪ੍ਰੇਮ ਸਿੰਘ ਜੀ ਜੋ ਅਲੀਬੇਗ ਵਾਲੇ ਸੰਤ ਬਾਬਾ ਸੁੰਦਰ ਸਿੰਘ ਦੇ ਸੇਵਕ ਸਨ ਸੰਤ ਸੁੰਦਰ ਸਿੰਘ ਜੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਦੀ ਯਾਤਰਾ ਲਈ ਆਏ।ਬਾਬਾ ਜਵਾਲਾ ਸਿੰਘ ਜੀ ਦਾ ਮਿਲਾਪ ਹੋਇਆ। ਉਨ੍ਹਾਂ ਸੰਤ ਪ੍ਰੇਮ ਸਿੰਘ ਜੀ ਦੀ ਬਾਂਹ ਸੰਤ ਜਵਾਲਾ ਸਿੰਘ ਜੀ ਨੂੰ ਪਕੜਾਈ ਸੀ ਕਿ ਇਸ ਦਾ ਖਿਆਲ ਅਤੇ ਜਿੰਮੇਵਾਰੀ ਤੁਸੀਂ ਕਰਨੀ। ਮਹਾਂਪੁਰਖਾਂ ਨੇ ਉਹਨਾਂ ਨੂੰ ਆਨੰਦਗੜ੍ਹ ਲੰਗਰ ਦੀ ਸੇਵਾ ਵਿੱਚ ਲਾਇਆ ਸੀ ਕਿ ਜੰਗਲ ਵਿਚੋਂ ਬਾਲਣ ਕੱਟ ਕੇ ਲੰਗਰ ਵਿੱਚ ਸੁੱਟਣਾਂ ਅਤੇ ਭੋਜਨ ਛਕਣਾਂ। ਮਹਾਂਪੁਰਖਾਂ ਨੇ ਆਪ ਝੌਂਪੜੀਆਂ ਬੰਨ ਕੇ ਦਿੱਤੀਆ। ਰਾਸ਼ਨ ਖਰੀਦ ਕੇ ਰੱਖਿਆ। ਲੰਬਾਂ ਸਮਾਂ ਸੰਤ ਪ੍ਰੇਮ ਸਿੰਘ ਜੀ ਨੇ ਸੇਵਾ ਨਿਭਾਈ। ਬਾਬਾ ਜਵਾਲਾ ਸਿੰਘ ਜੀ ਦਾ ਹੁਕਮ ਸੀ ਕਿ ਆਨੰਦਪੁਰ ਸਾਹਿਬ ਲੰਗਰ ਚਲਾਉ। ਰੇਲਵੇ ਮਹਿਕਮਾਂ ਮਹਾਂਪੁਰਖਾਂ ਨਾਲ ਪਿਆਰ ਰੱਖਦਾ ਸੀ। ਬਾਬਾ ਗੱਜਣ ਸਿੰਘ ਜੀ ਜੋ ਬਾਬਾ ਆਇਆ ਸਿੰਘ ਜੀ ਦੇ ਸੇਵਕ ਸਨ, ਜੋ ਨੌਕਰੀ ਤਿਆਗ ਕੇ ਬਾਬਾ ਜਵਾਲਾ ਸਿੰਘ ਜੀ ਦੇ ਗੜਵਈ ਦੀ ਸੇਵਾ ਆਖਰੀ ਦਮਾਂ ਤੱਕ ਨਿਭਾਂਉਦੇ ਰਹੇ। ਮਹਾਂਪੁਰਖਾਂ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਉਹ ਵੀ ਸੰਤ ਪ੍ਰੇਮ ਸਿੰਘ ਜੀ ਦੇ ਪਾਸ ਆਨੰਦਪੁਰ ਸਾਹਿਬ ਰਹੇ ਅਤੇ ਬਾਬਾ ਪ੍ਰੇਮ ਸਿੰਘ ਜੀ ਦੇ ਬਾਦ ਉਸ ਅਸਥਾਨ ਦੀ ਸੇਵਾ ਨਿਭਾਂਉਦੇ ਰਹੇ, ਉਥੇ ਹੀ ਉਨ੍ਹਾਂ ਨੇ ਅਕਾਲ ਚਲਾਣਾ ਕੀਤਾ। ਸੋ ਬਾਬਾ ਈਸ਼ਰ ਸਿੰਘ ਸਾਹਿਬ ਜੀ ਦੇ ਹੁਕਮਾਂ ਅਨੁਸਾਰ ਆਨੰਦਪੁਰ ਸਾਹਿਬ ਹੋਲੇ ਮਹੱਲੇ ਤੇ ਹਰ ਸਾਲ ਲੰਗਰ ਦੀ ਸੇਵਾ ਨਿਭਾਂਉਦੇ ਰਹੇ। ਇਸੇ ਪ੍ਰਕਾਰ ਚਮਕੌਰ ਸਾਹਿਬ ਜਿੱਥੇ 40 ਸਿੰਘਾਂ ਨੇ ਮੁਸਲਮਾਨਾਂ ਦੀਆਂ ਲੱਖਾਂ ਫੌਜਾਂ ਦਾ ਮੁਕਾਬਲਾ ਕੀਤਾ। ਬਾਬਾ

ਈਸ਼ਰ ਸਿੰਘ ਸਾਹਿਬ ਨੇ ਆਗਿਆ ਕੀਤੀ ਕਿ ਦੁਸਹਿਰੇ ਦੇ ਪੁਰਵ ਤੇ ਸ੍ਰੀ ਅਖੰਡਪਾਠ ਤੇ ਲੰਗਰ ਦੀ ਮਰਿਯਾਦਾ ਕਾਇਮ ਕੀਤੀ ਜਾਵੇ। ਮਹਾਂਪੁਰਖ ਜਿੰਦਗੀ ਭਰ ਵਚਨ ਨਿਭਾਂਉਦੇ ਰਹੇ।

ਇਸੇ ਤਰਾਂ ਫਤਿਹਗੜ੍ਹ ਸਾਹਿਬ ਸਾਹਿਬਜਾਦਿਆਂ ਦੇ ਜੋੜ ਮੇਲੇ ਤੇ 11,12,13 ਪੋਹ ਵਾਲੇ ਦਿਨ ਸ੍ਰੀ ਅਖੰਡਪਾਠ ਸਾਹਿਬ ਕਥਾ ਕੀਰਤਨ ਪ੍ਰਚਾਰ ਤੇ ਲੰਗਰ ਦੀ ਸੇਵਾ ਵਾਸਤੇ ਬਾਬਾ ਈਸ਼ਰ ਸਿੰਘ ਸਾਹਿਬ ਜੀ ਨੇ ਆਗਿਆ ਕੀਤੀ, ਸੋ ਉਹ ਨਿਭਾਂਉਦੇ ਰਹੇ। ਬਾਬਾ ਈਸ਼ਰ ਸਿੰਘ ਜੀ ਦੇ ਹੁਕਮ ਸਨ ਕਿ ਜਦੋਂ ਵੀ ਇਤਿਹਾਸਕ ਸਥਾਨ ਉਪਰ ਜਾਣ ਉਹ ਸਮੇਂ ਦੇ ਮੁਤਾਬਿਕ ਇੱਕ ਕਿਲੋ ਕੜ੍ਹਾਹ ਪ੍ਰਸ਼ਾਦ ਦੀ ਦੇਗ ਸੁਚ ਪਵਿੱਤਰਤਾ ਨਾਲ ਜਪੁਜੀ ਸਾਹਿਬ, ਆਨੰਦ ਸਾਹਿਬ ਪੜ੍ਹਕੇ ਕੇਸੀ ਇਸ਼ਨਾਨ ਕਰਕੇ ਵਿਧੀ ਪ੍ਰਕਾਰ ਤਿਆਰ ਕਰੇ ਅਤੇ ਗੁਰੂ ਮਹਾਰਾਜ ਦੇ ਸਥਾਨ ਤੇ ਅਰਪਨ ਕਰੇ। ਪਰਮ ਪਵਿੱਤਰ ਸਥਾਨ ਤੇ ਬਹੁਤ ਵੱਡਾ ਗੁਰੂ ਕਾ ਭੰਡਾਰਾ ਜੱਗ ਕਰਨਾ। ਤਖਤ ਸ੍ਰੀ ਪਟਨਾ ਸਾਹਿਬ, ਹਜ਼ੂਰ ਸਾਹਿਬ, ਦਮਦਮਾ ਸਾਹਿਬ, ਕੇਸਗੜ੍ਹ ਸਾਹਿਬ, ਅਕਾਲ ਤਖਤ ਸਾਹਿਬ ਜਦੋਂ ਵੀ ਕਿਸੇ ਇਤਿਹਾਸਕ ਤਖਤ ਤੇ ਜਾਣਾਂ, ਉਥੇ ਜਾ ਕੇ ਲੰਗਰ-ਭੰਡਾਰੇ ਕਰਨੇ। ਸੋ ਮਹਾਂਪੁਰਖਾਂ ਦੀ ਸਾਰੀ ਜ਼ਿੰਦਗੀ ਨਿਯਮ ਰਿਹਾ, ਜੋ ਬਾਬਾ ਈਸ਼ਰ ਸਿੰਘ ਸਾਹਿਬ ਜੀ ਨੇ ਵਚਨ ਕੀਤੇ ਸਨ,

ਇਤਿਹਾਸਕ ਸਥਾਨ ਤੇ ਜਾ ਕੇ ਵਿਸ਼ੇਸ਼ ਕਰਕੇ ਜਦੋਂ ਹਜ਼ੂਰ ਸਾਹਿਬ ਜਾਣਾ, ਜਾ ਕੇ ਲੰਗਰ ਜਰੂਰ ਕਰਦੇ ਸਨ। ਸੰਗਤ ਨੂੰ ਆਗਿਆ ਕਰਨੀ ਕਿ 40 ਦਿਨਾਂ ਵਿਚ ਸਵਾ ਲੱਖ ਮੂਲ ਮੰਤਰ ਦਾ ਜਾਪ, 25 ਜਪੁਜੀ ਸਾਹਿਬ ਰੋਜ, 1000 ਜਪੁਜੀ ਸਾਹਿਬ ਜਾਂ ਸਾਧ ਸੰਗਤ ਜੀ 40 ਦਿਨ 5-5 ਸੁਖਮਨੀ ਸਾਹਿਬ ਰੋਜ ਕਰਨੇ। ਤਖਤ ਕੇਸਗੜ੍ਹ ਸਾਹਿਬ ਕੜਾਹ ਪ੍ਰਸ਼ਾਦ ਦੀ ਦੇਗ ਕਰਾ ਕੇ ਨਿੱਤਨੇਮ ਆਰੰਭ ਕਰਨਾ। ਇਸੇ ਤਰ੍ਹਾਂ ਜੇ ਪਟਨਾ ਸਾਹਿਬ ਜਾਣ ਉਥੇ ਵੀ, ਹਜ਼ੂਰ ਸਾਹਿਬ ਜਾਣ ਉਥੇ ਵੀ, ਸੱਚਖੰਡ ਵਿਖੇ ਅਰਦਾਸ ਕਰਾ ਕੇ ਨਿੱਤਨੇਮ ਆਰੰਭ ਕਰਾਉਣੇਂ।

ਬੰਦਾ ਘਾਟ ਜਿਥੇ ਬੰਦਾ ਬਹਾਦਰ ਦਾ ਸਥਾਨ ਸੀ, ਮਹਾਂਪੁਰਖਾਂ ਨੇ ਕੁਟੀਆ ਬਣਵਾਈਆਂ ਸਨ। ਇਕਾਂਤ ਨਿਵਾਸ ਕਰਨਾ ਅਤੇ ਦੋਨੋਂ ਵੇਲੇ ਕਥਾ ਕੀਰਤਨ ਦੀ ਹਾਜ਼ਰੀ ਭਰਨੀ। ਬਾਬਾ ਨਿਧਾਨ ਸਿੰਘ ਸਾਹਿਬ ਜੀ ਨਾਲ ਉਨ੍ਹਾਂ ਦਾ ਅਥਾਹ ਪਿਆਰ ਸੀ। ਸੋ ਜਦੋਂ ਵੀ ਸਮਾਂ ਮਿਲੇ, ਦੋਹਾਂ ਮਹਾਂਪੁਰਖਾਂ ਨੇ ਪ੍ਰਸਪਰ ਬੈਠ ਕੇ ਕਲਗੀਧਰ ਪਾਤਸ਼ਾਹ ਦੇ ਗੁਣ ਧਾਰਨ ਕਰਨੇ। ਇਸੇ ਤਰ੍ਹਾ ਸੰਤ ਬਾਬਾ ਮਿੱਤ ਸਿੰਘ ਜੀ ਜੋ ਮਾਤਾ ਸਾਹਿਬ ਕੌਰ ਦੇ ਸਥਾਨ ਤੇ ਰਹਿੰਦੇ ਸਨ। ਉਨ੍ਹਾਂ ਨਾਲ ਬਹੁਤ ਪਿਆਰ ਸੀ। ਗਿਆਨ ਗੋਸ਼ਟੀ ਹੋਣੀ ਅਤੇ ਮਾਤਾ ਜੀ ਦੇ ਲੰਗਰ ਭੰਡਾਰੇ ਚਲਾਉਣੇ। ਬਾਬਾ ਨਿਧਾਨ ਸਿੰਘ ਜੀ ਨੇ ਵੀ ਲੰਗਰ ਲਾਉਣੇ। ਸੋ ਮਹਾਂਪੁਰਖਾਂ ਨੇ ਕਥਾ ਕੀਰਤਨ ਦੀਵਾਨਾਂ ਵਿੱਚ ਵੀ ਆਪਣੇ ਸੇਵਾਦਾਰਾਂ ਦੁਆਰਾ ਭਾਗ ਲੈਣਾਂ। ਇਸੇ ਤਰ੍ਹਾਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਦੇਗ ਕਰਾ ਕੇ ਨਿੱਤਨੇਮ ਆਰੰਭ ਕਰਾ ਦੇਣੇ ਅਤੇ 40 ਦਿਨ ਜਾਪ ਕਰਾਉਣੇ। ਕਲਗੀਧਰ ਪਾਤਸ਼ਾਹ ਦੇ ਚਰਨਾਂ ਵਿੱਚ ਅਰਦਾਸ ਕਰਨੀ। ਮਹਾਂਪੁਰਖਾਂ ਨੇ ਇਸੇ ਤਰ੍ਹਾਂ ਤਖਤਾਂ ਤੇ ਜਾ ਕੇ ਨਿਯਮਾਂ ਦੀ ਪਾਲਣਾਂ ਕੀਤੀ ਤੇ ਕਰਵਾਈ। ਸੋ ਇਕ ਵਾਰ ਹਜ਼ੂਰ ਸਾਹਿਬ ਲਗਾਤਾਰ 41 ਦਿਨ ਗੋਦਾਵਰੀ ਜੋ ਪਵਿੱਤਰ ਦੇਵ ਨਦੀ ਹੈ, ਗਲ ਗਲ ਪਾਣੀ ਵਿੱਚ ਖੜ੍ਹ ਕੇ ਮੂਲ ਮੰਤਰ ਦਾ ਚਾਲੀਸਾ ਕੀਤਾ ਅਤੇ ਦਸਵੇਂ ਪਾਤਸ਼ਾਹ ਦੀ ਅਸ਼ੀਰਵਾਦ ਪ੍ਰਾਪਤ ਕੀਤੀ। ਬਾਬਾ ਨਿਧਾਨ ਸਿੰਘ ਸਾਹਿਬ ਜੀ ਦੀ ਤੰਦਰੁਸਤੀ ਵਾਸਤੇ ਵਿਧੀ ਪੂਰਵਕ ਅਖੰਡ ਪਾਠ ਕਰਕੇ ਅਰਦਾਸ ਕਰਵਾਈ ਕਿ ਮਹਾਂਪੁਰਖਾਂ ਨੂੰ ਕਲਗੀਆਂ ਵਾਲੇ ਪਾਤਸ਼ਾਹ ਤੰਦਰੁਸਤੀ ਬਖਸ਼ਿਸ਼ ਕਰੋ ਤਾਂ ਜੋ ਦੇਸ਼ ਕੌਮ ਪੰਥ ਖਾਲਸਾ, ਲੰਗਰਾਂ, ਦੀਵਾਨਾਂ, ਦੀ ਸੇਵਾ ਕਰ ਸਕਣ। ਇਹ ਮਹਾਂਪੁਰਖਾਂ ਦਾ ਆਪਸੀ ਪਿਆਰ ਸੀ। ਸੋ ਮਹਾਂਪੁਰਖ ਮਹਾਨ ਸੇਵਾਦਾਰ ਬਾਬਾ ਨਿਧਾਨ ਸਿੰਘ ਸਾਹਿਬ ਬੜਾ ਲੰਬਾ ਸਮਾਂ ਲੰਗਰ ਦੀ ਸੇਵਾ ਕੀਤੀ। ਦਸਮ ਪਾਤਸ਼ਾਹ ਨੇ ਪ੍ਰਤੱਖ ਹੋ ਕੇ (ਹਥ ਤੇਰਾ ਖੀਸਾ ਮੇਰਾ) ਦਾ ਵਰਦਾਨ ਪ੍ਰਾਪਤ ਕੀਤਾ। ਬਾਬਾ ਜਵਾਲਾ

ਸਿੰਘ ਜੀ ਦਾ ਪ੍ਰਸਪਰ ਪਿਆਰ ਸੀ ਸੋ ਇਸ ਤਰ੍ਹਾਂ ਤੀਰਥਾਂ ਤੇ ਜਾ ਕੇ ਲੰਬਾਂ ਸਮਾਂ ਨਿਵਾਸ ਕਰਨਾਂ। ਸਾਲ ਵਿੱਚ ਦੋ ਵਾਰ ਹਜ਼ੂਰ ਸਾਹਿਬ ਪਟਨਾਂ ਸਾਹਿਬ ਦੀ ਯਾਤਰਾ ਕਰਨੀ। ਪੰਜਾਬ ਦੇ ਇਤਿਹਾਸਕ ਸਥਾਨਾਂ ਤੇ ਜਿੰਨੀ ਵਾਰ ਹੋ ਕੇ ਹਾਜ਼ਰੀਆਂ ਭਰਨੀਆਂ। ਸੋ ਬਾਬਾ ਈਸ਼ਰ ਸਿੰਘ ਜੀ ਦੇ ਜੋ ਪਵਿੱਤਰ ਵਚਨ ਸਨ ਉਨ੍ਹਾਂ ਤੇ ਫੁਲ ਚੜਾਉਣੇਂ, ਉਨ੍ਹਾਂ ਦੇ ਬਚਨਾਂ ਤੇ ਦ੍ਰਿੜਤਾ ਨਾਲ ਪਹਿਰਾ ਦੇਣਾ। ਮਹਾਂਪੁਰਖਾਂ ਦੇ ਜੀਵਨ ਦਾ ਕਰਮ ਰਿਹਾ ਹੈ। ਇਤਨਾ ਆਗਿਆਕਾਰੀ ਜੀਵਨ ਬਣਾ ਕੇ ਉਹ ਮਹਾਂਪੁਰਖਾਂ ਦੀ ਖੁਸ਼ੀ ਪ੍ਰਾਪਤ ਕਰਦੇ ਸਨ।

## ਅਧਿਆਇ 17

ਸੋ ਇਸੇ ਤਰ੍ਹਾਂ ਬਾਬਾ ਤ੍ਰਿਲੋਕ ਸਿੰਘ ਜੋ ਬਾਬਾ ਜਵਾਲਾ ਸਿੰਘ ਜੀ ਦੇ ਗੁਰਭਾਈ ਸਨ, ਗਾਹੇ ਬਗਾਹੇ ਮਹਾਂਪੁਰਖਾਂ ਦੇ ਪਾਸ ਆਇਆ ਕਰਦੇ ਸਨ। ਫਿਰੋਜ਼ਪੁਰ ਜਿਲ੍ਹੇ ਵਿੱਚ ਖਵਾਜਾ ਖੜਕ ਨੱਗਰ ਵਿਖੇ ਉਨ੍ਹਾਂ ਨੇ ਸਿੱਖੀ ਦਾ ਕੇਂਦਰ ਕਾਇਮ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਕੀਤੇ। ਇਲਾਕੇ ਵਿੱਚ ਗੁਰਮਤ ਦਾ ਪ੍ਰਚਾਰ ਕਰਕੇ ਸੰਗਤਾਂ ਨੂੰ ਮਹਾਰਾਜ ਨਾਲ ਜੋੜਿਆ। ਬਾਬਾ ਤ੍ਰਿਲੋਕ ਸਿੰਘ ਬੜੇ ਕਰਾਮਾਤੀ ਮਹਾਂਪੁਰਖ ਸਨ। ਇੱਕ ਵਾਰ ਉਹ ਉਦਾਸ ਸਨ, ਕਹਿਣ ਲੱਗੇ ਹੁਣ ਵੱਡੇ ਗੁਰਭਾਈ ਨੇ ਵੀ ਭੁਲਾ ਦਿੱਤਾ ਹੈ। ਮਹਾਂਪੁਰਖ ਜਾਣੀ ਜਾਣ ਸਨ ਆਪ ਉਥੇ ਗਏ ਅਤੇ ਬਾਬਾ ਤ੍ਰਿਲੋਕ ਸਿੰਘ ਸਾਹਿਬ ਨੂੰ ਮਿਲੇ। ਇਸ ਨੱਗਰ ਦਾ ਇਕ ਪ੍ਰੇਮੀ ਧੰਨਾ ਸਿੰਘ ਬਾਬਾ ਜੀ ਨੂੰ ਕਹਿਣ ਲੱਗਾ ਕਿ ਪੰਜਾਂ ਦੂਤਾਂ ਤੋਂ ਛੁਟਕਾਰਾ ਕਿਵੇਂ ਹੋਵੇ। ਓੜਕ ਬਾਬਾ ਜਵਾਲਾ ਸਿੰਘ ਜੀ ਨੂੰ ਬੇਨਤੀ ਕੀਤੀ ਗਈ। ਮਹਾਂਪੁਰਖਾਂ ਨੇ ਦਿਬ ਦ੍ਰਿਸ਼ਟੀ ਕਰਕੇ ਉਸ ਦੇ ਅੰਦਰੋਂ ਵਿਕਾਰਾਂ ਦੀ ਨਵਿਰਤੀ ਕਰ ਦਿੱਤੀ। ਗੁਰੂ ਸ਼ਬਦ ਨਾਲ ਜੋੜਿਆ।

ਬਾਬਾ ਤ੍ਰਿਲੋਕ ਸਿੰਘ ਸਾਹਿਬ ਜਦੋਂ ਇੱਥੇ ਆਏ ਸਨ, ਇਸ ਨੱਗਰ ਵਿੱਚ ਲੋਕਾਂ ਵਿੱਚ ਬੇਅੰਤ ਔਗੁਣ ਸਨ। ਜੂਆ ਖੇਡਣਾਂ, ਚੋਰੀਆਂ ਯਾਰੀਆਂ, ਸ਼ਰਾਬਾਂ- ਕਬਾਬਾਂ, ਇਸਤਰੀ ਗਾਮੀ ਆਦਿਕ ਦੇ ਦੋਸ਼ ਸਨ। ਮਹਾਂਪੁਰਖਾਂ ਨੇ ਨੱਗਰ ਵਾਸੀਆਂ ਨੂੰ ਪ੍ਰੇਰਿਆ ਕਿ ਭਾਈ ਗੁਰੂ ਅਸਥਾਨ ਬਣਾ ਕੇ ਨਿਸ਼ਾਨ ਝੁਲਾ ਕੇ ਮਹਾਰਾਜ ਪ੍ਰਕਾਸ਼ ਕਰੀਏ। ਭਾਵ ਸੀ ਕਿ ਸਤਿ ਸੰਗਤ ਕਰਨ ਲੋਕਾਂ ਦਾ ਸੁਧਾਰ ਹੋਵੇਗਾ। ਇੰਦਰ ਸਿੰਘ ਜੋ ਕਿ ਹਉਮੈ ਵਿੱਚ ਸੀ। ਮਹਾਂਪੁਰਖਾਂ ਨੇ ਕਿਸੇ ਨੂੰ ਇੱਟਾਂ, ਕਿਸੇ ਨੂੰ ਰਾਸ਼ਨ ਪਾਣੀ ਦੀ ਸੇਵਾ ਵਿੱਚ ਲਾਇਆ ਕਿ ਆਪਾਂ ਰਲ ਮਿਲ ਕੇ ਸੇਵਾ ਕਰੀਏ। ਇੰਦਰ ਸਿੰਘ ਜੋ ਕਿ ਹੰਕਾਰ ਵਿੰਚ ਸੀ ਐਸੀ ਕਲਾ ਵਰਤਾਈ ਕਿ ਸਾਰਾ ਪ੍ਰੀਵਾਰ ਹੀ ਪਾਗਲਾਂ ਦੀ ਨਿਆਈਂ ਹੋ ਗਿਆ ਕਿਉਂਕਿ ਧਰਮ ਕਾਰਜਾਂ ਵਿੱਚ ਅੜਿੱਕਾ ਪਾਉਣ ਲੱਗਿਆ ਸੀ। ਅਖੀਰ ਖਿਮਾਂ ਮੰਗੀ, ਬਾਬਾ ਜੀ ਨੇ ਕਿਹਾ ਕਿ ਸਾਰੇ ਅੰਮ੍ਰਿਤ ਛਕੋ ਗੁਰੂ ਦਰਬਾਰ ਦੀ ਸੇਵਾ ਕਰੋ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕਰੋ। ਦੋਨੋਂ ਵੇਲੇ ਕਥਾ ਕੀਰਤਨ ਸੁਣੋ, ਲੰਗਰ ਚਲਾਉ। ਗੁਰੂ ਭਲਾ ਕਰਨਗੇ। ਇਸ ਤਰ੍ਹਾਂ ਨਗਰ ਦਾ ਭਲਾ ਕੀਤਾ। ਬਾਬਾ ਜਵਾਲਾ ਸਿੰਘ ਜੀ ਗਾਹੇ ਬਗਾਹੇ ਮਹਾਂਪੁਰਖਾਂ ਦੇ ਪਿਆਰ ਵਿੱਚ ਉਥੇ ਜਾਇਆ ਕਰਦੇ ਸਨ। ਬਾਬਾ ਤ੍ਰਿਲੋਕ ਸਿੰਘ ਜੀ ਨੇ ਬਾਬਾ ਜਵਾਲਾ ਸਿੰਘ ਨੂੰ ਆਪ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਕਰਵਾਈ ਸੀ। ਪਾਠ ਪੂਰਨ ਵਿਧੀ ਨਾਲ 6 ਮਹੀਨਿਆਂ ਵਿੱਚ ਪੂਰਾ ਕਰਵਾਇਆ ਸੀ। ਬਹੁਤ ਮਹਾਨ ਤਪੱਸਵੀ, ਤਿਆਗੀ, ਵੈਰਾਗੀ ਆਤਮਾ ਬਾਬਾ ਤ੍ਰਿਲੋਕ ਸਿੰਘ ਸਨ।

ਇਸੇ ਤਰ੍ਹਾਂ ਕਟਾਣਾਂ ਸਾਹਿਬ ਜੋ ਗਿਆਨੀ ਜੋਧ ਸਿੰਘ ਜੀ ਦਾ ਨੱਗਰ ਹੈ। ਸੰਤ ਬਾਬਾ ਨੱਥਾ ਸਿੰਘ ਜੀ ਦਸਮ ਪਾਤਸ਼ਾਹ ਦੇ ਅਸਥਾਨ ਦੇਗ ਸਰ ਸਾਹਿਬ ਦੀ ਸੇਵਾ ਨਿਭਾਂਉਦੇ ਸਨ। ਆਪ ਮਹਾਂਪੁਰਖਾਂ ਦੇ ਗੁਰਭਾਈ ਸਨ। ਬਾਬਾ ਨੱਥਾ ਸਿੰਘ ਜੀ ਨੇ ਸਾਰੀ ਉਮਰ ਬਹੁਤ ਮਹਾਨ ਸੇਵਾ ਕੀਤੀ। ਭਾਈ ਰੰਕਾ ਸਿੰਘ ਤੇ ਬੰਕਾ ਸਿੰਘ ਮਹਾਂਪੁਰਖਾਂ ਦੇ ਗੁਰਭਾਈਆਂ ਨੇ ਮਹਾਨ ਸੇਵਾ ਕਰਕੇ ਗੁਰੂ ਪੰਥ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਬੜੇ ਨਿਰਮਾਣ ਸੇਵਕ ਸਨ। ਬਾਬਾ ਜਵਾਲਾ ਸਿੰਘ ਜੀ ਬਾਬਾ ਨੱਥਾ ਸਿੰਘ ਜੀ ਦੇ ਪਿਆਰ ਵਿੱਚ ਹਮੇਸ਼ਾਂ ਹੀ ਇਥੇ ਆਇਆ ਕਰਦੇ ਸਨ।ਸੋ ਗਿਆਨੀ ਜੋਧ ਸਿੰਘ ਜੀ ਹਰਖੋਵਾਲ ਗੁਰੂ ਗ੍ਰੰਥ ਸਾਹਿਬ, ਸੂਰਜ ਪ੍ਰਕਾਸ਼ ਦੀ ਕਥਾ ਕਰਦੇ ਰਹੇ ਹਨ। ਬਾਬਾ ਜਵਾਲਾ ਸਿੰਘ ਜੀ ਉਹਨਾਂ ਦੇ ਪਿਆਰ ਵਿੱਚ ਇਸ ਨੱਗਰ ਵਿੱਚ ਉਹਨਾਂ ਦੇ ਜੋ ਭਰਾਤਾ ਜੀ ਸਨ ਜਮਾਂਦਾਰ ਸਾਹਿਬ ਸ: ਈਸ਼ਰ ਸਿੰਘ ਉਹਨਾਂ ਦੇ ਗ੍ਰਹਿ ਵਿਖੇ ਕਈ ਵਾਰ ਗਏ। ਦਸਮ ਪਿਤਾ ਦੇ ਅਸਥਾਨ ਤੇ ਲੰਗਰ ਤੇ ਦੀਵਾਨ ਕਰਦੇ ਰਹੇ। ਸੋ ਇਹ ਨੱਥਾ ਸਿੰਘ ਸਾਹਿਬ ਜੀ ਦੇ ਪਿਆਰ ਦੀ ਕਸ਼ਿਸ਼ ਤੇ ਖੇਡ ਸੀ। ਬਾਬਾ ਨੱਥਾ ਸਿੰਘ ਜੀ ਨਿਸ਼ਕਾਮ ਮੂਰਤੀ ਬਾਬਾ ਅਤਰ ਸਿੰਘ ਰੇਰੂ ਸਾਹਿਬ ਵਾਲਿਆਂ ਵਾਂਗੂੰ ਆਪ ਹਲ ਵਾਹ ਕੇ ਗੁਰੂ ਕਾ ਲੰਗਰ ਚਲਾਂਉਦੇ ਐਸੇ ਨਿਰਮਾਣ ਸੇਵਾਦਾਰ ਸੰਤ ਬਾਬਾ ਨੱਥਾ ਸਿੰਘ ਗੁਰਮੁਖ ਪਿਆਰੇ ਸਨ। ਬਾਬਾ ਈਸ਼ਰ ਸਿੰਘ ਜੀ ਦੇ ਬਚਨਾਂ ਦੀ ਪਾਲਣਾਂ ਕੀਤੀ। ਬਾਬਾ ਜੀ ਦਾ ਹੁਕਮ ਸੀ ਕਿ ਰਾਤ ਦੇ ਤਿੰਨ ਵਜੇ ਘੰਟੀ ਵਜਾਈ ਜਾਵੇ ਤਾਂ ਜੋ ਸਾਰੇ ਸੇਵਾਦਾਰ ਉਠ ਕੇ ਇਸ਼ਨਾਨ ਕਰਨ ਅਤੇ ਆਪਣਾ ਨਿੱਤਨੇਮ ਤੇ ਜਾਪ ਕਰਨ ਫਿਰ ਗੁਰਦੁਆਰੇ ਕੀਰਤਨ, ਆਸਾ ਦੀ ਵਾਰ ਅਤੇ ਕਥਾ ਅਵੱਸ਼ ਸੁਨਣ। ਕੋਈ ਸੇਵਾਦਾਰ ਸਵੇਰੇ ਦੀ ਕਥਾ ਕੀਰਤਨ ਅਤੇ ਦੀਵਾਨ ਵਿੱਚ ਕੁਤਾਹੀ ਨਹੀਂ ਸੀ ਕਰ ਸਕਦਾ। ਜੇ ਕੋਈ ਢਿੱਲ ਮਠ ਕਰਨ ਦੀ ਕੋਸ਼ਿਸ਼ ਕਰਦਾ ਮਹਾਂਪੁਰਖ ਉਸ ਨੂੰ ਉਸੇ ਵੇਲੇ ਵਿਦਾਇਗੀ ਦੇ ਦਿੰਦੇ ਸਨ। ਕਥਾ ਕੀਰਤਨ ਸਮੇਂ ਸੱਚੇ ਪਾਤਸ਼ਾਹ ਆਪ ਦੀਵਾਨ ਵਿੱਚ ਹਾਜ਼ਰੀ ਭਰਦੇ ਹਨ। ਆਪ ਵੀ ਮਹਾਂਪੁਰਸ਼ ਦੀਵਾਨ ਵਿੱਚ ਬੈਠਦੇ ਸਨ ਤੇ ਸੰਗਤਾਂ ਨੂੰ ਵੀ ਇਹ ਆਗਿਆ ਸੀ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਬੈਠ ਕੇ ਅੰਮ੍ਰਿਤ ਵੇਲੇ ਗੁਰੂ ਕੀ ਬਾਣੀ ਦੇ ਵਿਚਾਰ, ਸ਼ਾਮ ਨੂੰ ਸਿੱਖ ਇਤਿਹਾਸ ਦੇ ਵੀਚਾਰ ਸੁਣੇ ਤਾਂ ਜੋ ਗੁਰਮਤ ਦੀਆਂ ਸੋਧਾਂ ਪ੍ਰਾਪਤ ਹੋਣ ਅਤੇ ਬਜ਼ੁਰਗਾਂ ਦਾ ਇਤਿਹਾਸ ਸੁਣਕੇ ਵਾਕਫੀਅਤ ਪ੍ਰਾਪਤ ਹੋਵੇ ਤਾਂ ਜੋ ਅਸੀਂ ਸਿੱਖੀ ਤੋਂ ਪਤਿਤ ਨਾ ਹੋ ਜਾਈਏ। ਗੁਰਮਤਿ ਵਿੱਚ ਦ੍ਰਿੜ ਰਹੀਏ। ਇਹ ਮਹਾਂਪੁਰਸ਼ਾਂ ਦਾ ਆਦੇਸ਼ ਸੀ। ਪਹਿਲੇ ਪਹਿਰ ਆਪ ਮਹਾਂਪੁਰਖ ਸਾਰੀ ਰਾਤ ਭਜਨ ਕਰਦੇ ਸਨ। ਬਹੁਤ ਵੱਡਾ ਜਾਗਾ ਕਰਦੇ ਸਨ। ਇਕ ਵਾਰੀ ਬਚਨ ਕੀਤਾ ਕਿ ਲੰਬਾਂ ਸਮਾਂ ਅਸੀਂ ਬੜਾ ਜਾਗਾ ਕੀਤਾ ਨੀਂਦ ਨੇ ਜੋਰ ਪਾ ਕੇ ਸੁੱਟ ਲਿਆ ਹੋਵੇ ਤਾਂ ਗੱਲ ਵੱਖਰੀ ਹੈ। ਨਹੀਂ ਸਾਰੀ ਸਾਰੀ ਰਾਤ ਜਾਗਾ ਕਰਕੇ ਵਾਹਿਗੁਰੂ ਪ੍ਰਮੇਸ਼ਰ ਦਾ ਭਜਨ ਕਰਨਾ

**ਭਿੰਨੀ ਰੈਨੜੀਐ ਚਾਮਕਨਿ ਤਾਰੇ॥ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥(ਪੰਨਾਂ 459)**

ਕਿਉਂਕਿ ਜਿਸ ਨੇ ਨੀਂਦ ਤੇ ਭੁੱਖ ਨੂੰ ਜਿੱਤ ਲਿਆ ਉਹ ਹੀ ਨਾਮ ਦੀ ਕਮਾਈ ਕਰ ਸਕਦਾ ਹੈ।

**ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥**

**ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥(ਪੰਨਾਂ 467)**

ਨਿਤਨੇਮ ਪਿਛੋਂ 15 ਸੁਖਮਨੀ ਸਾਹਿਬ, 25 ਜਪੁਜੀ ਸਾਹਿਬ, ਪੰਜ ਬਾਣੀਆਂ ਦੇ 5 ਨਿੱਤਨੇਮ ਕਰਦੇ ਸਨ। ਮਹਾਪੁਰਖ ਰਾਤ ਵਿਚਰਦੇ ਰਹਿੰਦੇ ਸਨ ਤੇ ਆਪ ਆ ਕੇ ਘੜਿਆਲ ਵਜਾਂਉਦੇ ਸਨ। ਫਿਰ ਇੱਕ ਚੁਬੱਚੇ ਵਿੱਚ ਗਲ ਗਲ ਪਾਣੀ ਵਿੱਚ ਖੜ ਜਾਣਾਂ ਤੇ ਸੇਵਾਦਾਰਾਂ ਨੂੰ ਵੀ ਜਲਧਾਰਾ ਕਰਵਾਉਣੀ, ਭਜਨ ਕਰਾਉਣਾਂ। ਫਿਰ ਰਾਮ ਬਾਗ ਜੰਗਲ ਦੇ ਅੰਦਰ ਨਦੀ ਕਿਨਾਰੇ ਛੋਟੀਆਂ ਛੋਟੀਆਂ ਝੌਂਪੜੀਆਂ ਬੰਨ ਕੇ

ਦੇਣੀਆਂ। ਸੇਵਾਦਾਰਾਂ ਨੂੰ ਯੁਦਾ ਯੁਦਾ ਬਿਠਾ ਕੇ ਨਿੱਤਨੇਮ ਕਰਾਉਣਾਂ। ਇਸ ਤਰਾਂ ਇਕ ਰਿਸ਼ੀ ਕੇਸ਼ ਬਣਾ ਦੇਣਾ। ਫਿਰ ਮਹਾਂਪੁਰਖਾਂ ਨੇ ਸੇਵਾਦਾਰਾਂ ਨੂੰ ਯੋਗ ਦੇ ਵਿਚਾਰ ਸਮਝਾਉਣੇ। ਸੰਤ ਜੱਗਾ ਸਿੰਘ ਗਿਆਨੀ ਜੋਧ ਸਿੰਘ ਇਹ ਤਕਰੀਬਨ ਇਕੱਠੇ ਹੀ ਹਰਖੋਵਾਲ ਆਏ ਸਨ ਸੋ ਜੱਗਾ ਸਿੰਘ ਜੀ ਦੱਸਿਆ ਕਰਦੇ ਸਨ ਕਿ ਉਨ੍ਹਾਂ ਦਾ ਨਗਰ ਬਿਹਾਲਾ ਸੀ ਪਹਿਲਾਂ ਫੌਜ ਦੀ ਨੌਕਰੀ ਕੀਤੀ। ਮਨ ਉਪਰਾਮ ਹੋਇਆ। ਬਿਹਾਲੇ ਨੱਗਰ ਵਿਚ ਇਕ ਮਹਾਂਪੁਰਖ ਸੰਤ ਹੀਰਾ ਸਿੰਘ ਜੀ ਸਨ ਜੋ ਗੁਲਾਬ ਸ਼ਾਹ ਮੈਲੀ ਵਾਲੇ ਮਹਾਂਪੁਰਖਾਂ ਤੋਂ ਬਖਸ਼ਿਸ਼ ਪ੍ਰਾਪਤ ਕਰਕੇ ਆਪਣੇ ਨੱਗਰ ਬਿਹਾਲੇ ਵਿੱਚ ਭੋਰਾ ਬਣਾ ਕੇ ਮਹਾਨ ਤਪੱਸਿਆ ਕਰਦੇ ਸਨ। ਨਾਮ ਦੇ ਰਸੀਏ ਮਹਾਲ ਕਮਾਈ ਵਾਲੇ ਸਨ। ਸੰਤ ਗਿਆਨੀ ਗੁਰਬਚਨ ਸਿੰਘ ਜੀ ਨੇ ਇਕ ਵਾਰ ਕਿਸੇ ਗੁਰਮੁਖ ਜਿਹੜੇ ਰੋਮ ਰੋਮ ਹਰਿ ਧਿਆਵਹਿ, ਦੀ ਅਵੱਸਥਾ ਵਿੱਚ ਹੋਣ, ਦੇ ਦਰਸ਼ਨ ਦੀ ਇੱਛਿਆ ਕੀਤੀ। ਬਾਬਾ ਜਵਾਲਾ ਸਿੰਘ ਜੀ ਨੇ ਬਿਹਾਲੇ ਵਾਲੇ ਸੰਤਾਂ ਦਾ ਨਾਮ ਲਿਆ। ਬੇਨਤੀ ਕੀਤੀ ਕਿ ਸਾਰਾ ਜਥਾ ਇਸ਼ਨਾਨ ਕਰਕੇ ਆਵੇ। ਸਾਰੇ ਸਿੰਘ ਮਹਾਂਪੁਰਖਾਂ ਸਮੇਤ ਗਏ। ਗਿਆਨੀ ਗੁਰਬਚਨ ਸਿੰਘ ਜੀ ਮਹਾਰਾਜ ਦੀ ਤਾਬਿਆ ਸਜੇ ਅਤੇ ਬਾਕੀ ਸਿੰਘ ਦੁਆਲੇ ਸਜ ਗਏ ਜਿਵੇਂ ਚੰਦ੍ਰਮਾਂ ਦੁਆਲੇ ਤਾਰਿਆਂ ਦਾ ਮੰਡਲ। ਇਥੇ ਮਹਾਂਪੁਰਸ਼ਾਂ ਨੇ ਮਹਾਨ ਤਪੱਸਿਆ ਕੀਤੀ ਸੀ । ਤਪੱਸਿਆ ਦੇ ਪ੍ਰਮਾਣਾਂ ਦੇ ਪ੍ਰਭਾਵ ਨਾਲ ਸਾਰੇ ਹੀ ਜਥੇ ਦੀਆਂ ਸੁੰਨ ਸਮਾਧੀਆਂ ਲਗ ਗਈਆਂ ਅਤੇ ਚਾਰ ਚੁਫੇਰਿਉਂ ਵਾਹਿਗੁਰੂ ਵਾਹਿਗੁਰੂ ਦੀ ਆਵਾਜ ਆਵੇ। ਸੰਤ ਗਿਆਨੀ ਗੁਰਬਚਨ ਸਿੰਘ ਜੀ ਨੇ ਵਿਦਿਆਰਥੀਆਂ ਸਮੇਤ ਇਹ ਬਚਨ ਕੀਤਾ ਕਿ ਸੰਤ ਬਾਬਾ ਹੀਰਾ ਸਿੰਘ ਜੀ ਨੂੰ ਅਕਾਲ ਪੁਰਖ ਨੇ ਇੰਨੀ ਉਚੀ ਅਵਸਥਾ ਬਖਸ਼ੀ ਹੈ ਕਿ ਰੋਮ ਰੋਮ ਧਿਆਵਹਿ ਦੀ ਹੀ ਅਵਸਥਾ ਨਹੀਂ ਸਗੋਂ ਇਸ ਅਸਥਾਨ ਦੇ ਪ੍ਰਭਾਵ ਨਾਲ ਸਾਰੇ ਸਰੀਰਾਂ ਤੇ ਐਸਾ ਪ੍ਰਭਾਵ ਪਿਆ ਹੈ ਕਿ ਉਹ ਧਰਤੀ ਵੀ ਗੋਬਿੰਦ ਗੋਬਿੰਦ ਧਿਆਂਉਦੀ ਹੈ।

**ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥** ( ਪੰਨਾਂ 540)

ਇਸ ਪ੍ਰਕਾਰ ਦੀ ਅਵਸਥਾ ਜਿਥੇ ਨਾਮ ਜਪਿਆ ਜਾਂਦਾ ਹੈ।ਉਸ ਧਰਤੀ ਦੇ ਕਣ ਕਣ ਵਿੱਚ ਉਸ ਪਰਮੇਸ਼ਰ ਦੇ ਨਾਮ ਦੀ ਧੁੰਨਕਾਰ ਸ਼ੁਰੂ ਹੋ ਜਾਂਦੀ ਹੈ। ਸੋ ਮਹਾਂਪੁਰਖ ਆਪ ਤੜਕੇ ਉਠਿਆ ਕਰਦੇ ਸਨ। ਸਾਰੀ ਸੰਗਤ ਨੂੰ ਅਭਿਆਸ ਵਿੱਚ ਲਾਉਣਾਂ। ਜੱਗਾ ਸਿੰਘ ਦਾ ਮਿਲਾਪ ਹੋਇਆ। ਮਹਾਂਪੁਰਖਾਂ ਦੇ ਦਰਸ਼ਨਾਂ ਲਈ ਆਏ। ਮਹਾਂਪੁਰਖਾਂ ਨੇ ਕਿਹਾ ਜੱਗਾ ਸਿੰਘ ਤੁਸੀਂ ਕੀ ਕਾਰੋਬਾਰ ਕਰਦੇ ਹੋ। ਕਹਿਣ ਲੱਗਾ ਨੌਕਰੀ ਦੀ ਤਲਾਸ਼ ਵਿੱਚ ਹਾਂ ਕੋਈ ਨੌਕਰੀ ਜਾਂ ਟਰੱਕ ਚਲਾਵਾਂਗਾ। ਮਹਾਂਪੁਰਖ ਕਹਿਣ ਲੱਗੇ ਕਿ ਗੁਰ ਨਾਨਕ ਦੇ ਘਰ ਦੀ ਨੌਕਰੀ ਕਰ ਤਾਂ ਜੱਗਾ ਸਿੰਘ ਕਹਿਣ ਲੱਗਾ ਕਿ ਕਿਸੇ ਅੱਗੇ ਹੱਥ ਨਾ ਅੱਡਣਾ ਪਵੇ। ਮਹਾਂਪੁਰਖਾਂ ਨੇ ਡੇਰੇ ਦੀਆਂ ਚਾਬੀਆਂ ਜੱਗਾ ਸਿੰਘ ਨੂੰ ਸੰਭਾਲ ਦਿੱਤੀਆਂ ਜੋ ਖਜ਼ਾਨਾ ਸਭ ਜੱਗਾ ਸਿੰਘ ਨੇ ਸੰਭਾਲਣਾਂ। ਮਹਾਂਪੁਰਖਾਂ ਦਾ ਬਚਨ ਪੂਰਾ ਕੀਤਾ ਤੇ ਸਾਰੀ ਉਮਰ ਸੇਵਾ ਨਿਭਾਈ। ਆਪਣੀ ਜ਼ਮੀਨ ਘਰ ਕੋਠੇ ਵੇਚ ਕੇ ਸਭ ਮਹਾਂਪੁਰਖਾਂ ਦੇ ਅਸਥਾਨ ਤੇ ਲਾ ਦਿੱਤੇ। ਬਹੁਤ ਲੰਬਾਂ ਸਮਾਂ ਉਹਨਾਂ ਨੇ ਬਿਨ੍ਹਾਂ ਗੈਰ ਹਾਜਰੀ ਸੇਵਾ ਨਿਭਾਈ। ਇਸੇ ਤਰ੍ਹਾਂ ਸੰਤ ਬਾਬਾ ਸਾਹਿਬ ਸਿੰਘ ਜੋ ਸੰਤ ਈਸ਼ਰ ਸਿੰਘ ਜੀ ਦੀ ਸ਼ਰਨ ਵਿੱਚ ਆਏ ਸਨ ਲੰਗਰ ਦੀ ਮਹਾਨ ਸੇਵਾ ਨਿਭਾਈ। ਲੰਗਰ ਦੇ ਪ੍ਰਸ਼ਾਦ ਦੀ ਮਾਇਆ ਬਾਬਾ ਸਾਹਿਬ ਜੀ ਸਾਂਭਦੇ ਸਨ ਉਨ੍ਹਾਂ ਦਿਨਾਂ ਵਿੱਚ ਮਹਾਂਪੁਰਖਾਂ ਦੀ ਖਾਸ ਹਿਦਾਇਤ ਸੀ ਕਿ ਇਸਤਰੀ ਡੇਰੇ ਵਿੱਚ ਨਹੀਂ ਸੀ ਰਹਿ ਸਕਦੀ ਤੇ ਕੋਈ ਵੀ ਬਿਹੰਗਮ ਬੀਬੀ ਨਾਲ ਬਚਨ ਨਹੀਂ ਸੀ ਕਰ ਸਕਦਾ। ਇੱਕੋ ਇੱਕ ਬਾਬਾ ਸਾਹਿਬ ਸਿੰਘ ਜੀ ਡੇਰੇ ਵਿੱਚ ਬੀਬੀਆਂ ਨਾਲ, ਬਜੁਰਗਾਂ ਨਾਲ, ਬਾਬਾ ਜੀ ਨਾਲ ਲੈਣ ਦੇਣ ਕਰ ਸਕਦਾ ਸੀ, ਜਿਹੜੇ ਕਿ ਜਿਤੇਂਦ੍ਰੇ ਪੁਰਸ਼ ਸਨ।

ਇਕ ਵਾਰ ਬਾਬਾ ਸਾਹਿਬ ਸਿੰਘ ਨੂੰ ਪੁੱਛਿਆ ਕਿ ਮਹਾਰਾਜ ਸਾਡੇ ਮਨ ਵਿੱਚ ਵਿਕਾਰ ਬਹੁਤ ਹਨ।

ਆਪ ਕ੍ਰਿਪਾ ਕਰੋ ਕਹਿਣ ਲੱਗੇ ਬਾਬਾ ਈਸ਼ਰ ਸਿੰਘ ਜੀ ਮੇਰੀ ਭੈਣ ਨੂੰ ਕਹਿਣ ਲੱਗੇ ਤੇਰੇ ਭਰਾ ਦੀ ਸ਼ਾਦੀ ਕਰ ਦੇਈਏ ਭੈਣਾ ਨੂੰ ਬੜੀ ਖੁਸ਼ੀ ਹੁੰਦੀ ਹੈ। ਬਾਬਾ ਜੀ ਦਾ ਸਰੀਰ ਠੀਕ ਨਹੀਂ ਸੀ। ਭੈਣ ਨੇ ਕਿਹਾ ਕਿ ਇਸ ਨਾਲ ਕਿਸ ਨੇ ਸ਼ਾਦੀ ਕਰਨੀ ਹੈ ਵਿੰਗਾ ਬੋਲਾ ਹੈ। ਮਹਾਂਪੁਰਖਾਂ ਨੇ ਦੁਆਲੇ ਚਾਰ ਪ੍ਰਕਰਮਾਂ ਕੀਤੀਆਂ ਤੇ ਕਹਿਣ ਲੱਗੇ,

**ਕਹਿ ਕਬੀਰ ਮੋਹਿ ਬਿਆਹਿ ਚਲੇ ਹੈ ਪੁਰਖ ਏਕ ਭਗਵਾਨਾ॥(ਪੰਨਾਂ 482)**

ਭਾਈ ਇਸ ਦੀ ਸ਼ਾਦੀ ਸ਼ਬਦ ਨਾਲ ਕਰ ਦਿੱਤੀ ਹੈ। ਬਾਬਾ ਸਾਹਿਬ ਸਿੰਘ ਜੀ ਕਹਿਣ ਲੱਗੇ ਜਦੋਂ ਦਾ ਮਹਾਂਪੁਰਖਾਂ ਨੇ ਬਚਨ ਕੀਤਾ ਹੈ ਉਸ ਦਿਨ ਦਾ ਮੇਰੇ ਮਨ ਵਿੱਚ ਕੋਈ ਵਿਕਾਰ ਦਾ ਫੁਰਨਾ ਪੈਦਾ ਨਹੀਂ ਹੋਇਆ। ਐਸੀ ਉਚੀ ਸੁੱਚੀ ਅਵਸਥਾ ਬਖਸ਼ਿਸ਼ ਕਰ ਦਿੱਤੀ ਹੈ। ਇਨ੍ਹਾਂ ਮਹਾਂਪੁਰਖਾਂ ਨੇ ਸਾਰੀ ਜਿੰਦਗੀ ਗੁਰੂ ਦਾ ਬਚਨ ਦ੍ਰਿੜਤਾ ਨਾਲ ਨਿਭਾਇਆ ਅਤੇ ਬਿਨਾਂ ਗੈਰਹਾਜਰੀ ਜਿਉਂ ਡੇਰੇ ਆਏ ਸਾਰੀ ਜਿੰਦਗੀ ਸੇਵਾ ਨਿਭਾਈ ਅਤੇ ਸੂਰਵੀਰ ਬਚਨ ਦੇ ਐਸੇ ਪੱਕੇ ਸਨ ਸਾਰੀ ਜਿੰਦਗੀ ਡੇਰੇ ਵਿੱਚ ਬਤੀਤ ਕੀਤੀ। ਬਾਬਾ ਈਸ਼ਰ ਸਿੰਘ ਜੀ ਨੇ ਸੰਗਤਾਂ ਨੂੰ ਕਿਹਾ ਕਿ ਅਸੀਂ ਹੁਣ ਅਲਬੇਲੀ ਕ੍ਰਿਆ ਵਿਚ ਰਿਹਾ ਕਰਾਂਗੇ। ਸੰਤ ਖੜਕ ਸਿੰਘ, ਪਹਿਲਾਂ ਆਪ ਨਾਮਧਾਰੀਏ ਸਨ ਫਿਰ ਬਾਬਾ ਜਵਾਲਾ ਸਿੰਘ ਦੀ ਸ਼ਰਨ ਵਿੱਚ ਆਏ ਤੇ ਅੰਮ੍ਰਿਤ ਛਕ ਕੇ ਗੁਰੂ ਦੇ ਸਿੰਘ ਸਜ ਗਏ। ਹਰਖੋਵਾਲ ਨਗਰ ਦੇ ਅੰਦਰ ਇਕ ਮਟ ਸੀ ਜਿਸ ਦੀ ਲੋਕ ਪੂਜਾ ਕਰਦੇ ਸਨ। ਫਿਰ ਬਾਬਾ ਈਸ਼ਰ ਸਿੰਘ ਜੀ ਨੇ ਕਿਹਾ ਕਿ ਖੜਕ ਸਿੰਘ ਤੈਨੂੰ ਤਾਂ ਜੋਧਾ ਕਹਾਂਗੇ ਜੇ ਤੂੰ ਮਟ ਪੁੱਟ ਦੇਵੇਂ। ਲੋਕ ਗੁਰੂ ਗ੍ਰੰਥ ਸਾਹਿਬ ਨੂੰ ਛੱਡ ਕੇ ਪੁੱਠੇ ਪਾਸੇ ਲੱਗੇ ਹਨ। ਸਤਿਗੁਰ ਦਾ ਹੁਕਮ ਹੈ ਕਿ ਗੋਰ ਮੜੀ ਮਟ ਭੂਲ ਨਾ ਮਾਨੇ ਖਾਲਸਾ ਤਾਹਿ ਨਿਖਾਲਸ ਜਾਨਹਿ। ਖੜਕ ਸਿੰਘ ਨੇ 2 ਸਿੰਘਾਂ ਨੂੰ ਨਾਲ ਲੈ ਕੇ ਮਟ ਪੁੱਟ ਦਿੱਤਾ।ਬਾਕੀ ਸਿੰਘ ਤਾਂ ਦੌੜ ਗਏ ਪਰ ਖੜਕ ਸਿੰਘ ਹੱਥ ਆ ਗਿਆ ਕਾਫੀ ਮਾਰਿਆ। ਫਿਰ ਬਾਬਾ ਜੀ ਨੇ ਲੋਕਾਂ ਨੂੰ ਸਮਝਾਇਆ ਕਿ ਮੜੀਆਂ ਦੀ ਪੂਜਾ ਵਿੱਚ ਵਿਸ਼ਵਾਸ਼ ਨਹੀ ਕਰਨਾ। ਪੂਜਾ ਅਕਾਲ ਕੀ ਪਰਚਾ ਸ਼ਬਦ ਦਾ ਦੀਦਾਰ ਖਾਲਸੇ ਦਾ ਆਤਮਾ ਗ੍ਰੰਥ ਵਿੱਚ ਸਰੀਰ ਪੰਥ ਵਿੱਚ ਇਹ ਸਤਿਗੁਰਾਂ ਦੇ ਹੁਕਮ ਹਨ। ਸ਼ਬਦ ਗੁਰੂ ਸੁਰਤ ਧੁਨ ਚੇਲਾ। ਇਸ ਉਪਰ ਦ੍ਰਿੜ ਹੋਣਾਂ ਹੈ। ਖੜਕ ਸਿੰਘ ਦੇ ਚੋਟਾਂ ਜਿਆਦਾ ਲੱਗੀਆਂ ਸਨ। ਦੁੱਧ ਵਿਚ ਘਿਉ ਪਾ ਕੇ ਪਿਲਾਇਆ ਕਹਿਣ ਲੱਗੇ ਬਚਨ ਕਰੇ ਤਾਂ ਇਨ੍ਹਾਂ ਨੂੰ ਕੋਈ ਦੈਬੀ ਸਜਾ ਦੇਈਏ ਤਾਂ ਜੁਆਬ ਮਿਲਿਆ ਇਨ੍ਹਾਂ ਨੂੰ ਸੁਮੱਤ ਬਖਸ਼ੋ ਜੇ ਮੇਰੇ ਸੱਟਾਂ ਲੱਗਣ ਨਾਲ ਮਨਮਤ ਦੀ ਪੂਜਾ ਤਿਆਗ ਦੇਣ ਤਾਂ ਮੈਂ ਆਪਣੇ ਆਪ ਨੂੰ ਵਡਭਾਗਾ ਸਮਝਾਂਗਾ। ਮਹਾਂਪੁਰਖ ਇਹ ਸੁਣ ਕੇ ਬਹੁਤ ਪ੍ਰਭਾਵਿਤ ਹੋਏ ਆਪ ਥੋੜੇ ਦਿਨਾਂ ਵਿੱਚ ਹੀ ਰਾਜੀ ਹੋ ਗਏ। ਫਿਰ ਡੇਰੇ ਦੀ ਸੇਵਾ ਨਿਭਾਉਂਦੇ ਰਹੇ। ਗੁਰੂ ਦੀ ਖੁਸ਼ੀ ਪ੍ਰਾਪਤ ਕੀਤੀ ਮਹਾਂਪੁਰਖਾਂ ਨੇ ਆਗਿਆ ਕਰਕੇ ਬਾਬਾ ਹੀਰਾ ਸਿੰਘ ਦਾ ਸਰੀਰ ਜਦੋਂ ਬਿਰਧ ਹੋ ਗਿਆ। ਉਨ੍ਹਾਂ ਦੀ ਅਰਦਲ ਵਿੱਚ ਦਿੱਤਾ ਅਤੇ ਜਦ ਤਕ ਉਨ੍ਹਾਂ ਦਾ ਸਰੀਰ ਰਿਹਾ ਸੇਵਾ ਨਿਭਾਉਂਦੇ ਰਹੇ। ਰਿਸ਼ੀ ਹਰਬੰਸ ਸਿੰਘ ਨੂੰ ਵੀ ਕੁਝ ਸਮਾਂ ਬਾਬਾ ਹੀਰਾ ਸਿੰਘ ਜੀ ਦੀ ਸੇਵਾ ਵਿੱਚ ਛੱਡਿਆ।

ਸੋ ਬਾਬਾ ਈਸ਼ਰ ਸਿੰਘ ਜੀ ਨੇ ਬਚਨ ਕੀਤਾ ਕਿ ਅਸੀਂ ਹੁਣ ਸੰਸਾਰ ਤੋਂ ਅਕਾਲ ਚਲਾਣਾਂ ਕਰਨਾਂ ਚਾਹੁੰਦੇ ਹਾਂ। ਦੁਸਿਹਰੇ ਵਾਲੇ ਦਿਨ ਸਰੀਰ ਛੱਡਾਂਗੇ। ਮਹਾਂਪੁਰਖ ਜਾਣੀ ਜਾਣ ਹੁੰਦੇ ਹਨ। ਬਾਬਾ ਜਵਾਲਾ ਸਿੰਘ ਜੀ ਕਹਿਣ ਲੱਗੇ ਮਹਾਰਾਜ ਆਪ ਨੇ ਆਗਿਆ ਬਖਸ਼ਿਸ਼ ਕੀਤੀ ਸੀ ਕਿ ਅਸੀਂ 10 ਸਾਲ ਦਰਸ਼ਨ ਦੇਵਾਂਗੇ ਕਹਿਣ ਲੱਗੇ ਅਸੀਂ 10 ਸਾਲ ਪੂਰੇ ਕਰ ਲਏ ਹਨ। ਦੁਸਿਹਰੇ ਤੇ ਆਪ ਦਾ ਹੁਕਮ ਸੀ ਕਿ ਅਖੰਡ ਪਾਠ ਸਾਹਿਬ ਤੇ ਲੰਗਰ ਦੀਵਾਨ ਕਰਨ। ਅਸੀਂ ਉਥੇ ਬਚਨਾਂ ਮੁਤਾਬਿਕ ਜਾਣਾਂ ਹੈ ਤੇ ਕਹਿਣ ਲੱਗੇ ਕੋਈ ਬੱਸ ਹੋਵੇ ਬਿਨਾਂ ਬਾਡੀ ਤੋਂ ਸਾਡਾ ਮੰਜਾ ਉਸ ਵਿੱਚ ਡਾਹਿਆ ਜਾਵੇ ਅਸੀਂ ਲੇਟ ਕੇ ਚਮਕੌਰ ਸਾਹਿਬ ਜਾਂਵਾਗੇ ਅਤੇ ਉਥੇ

ਹੀ ਆਪਣੇ ਸਰੀਰ ਦਾ ਤਿਆਗ ਕਰਾਂਗੇ। ਦਸਮ ਪਾਤਸ਼ਾਹ ਦੇ ਪਾਵਨ ਚਰਨਾਂ ਵਿੱਚ। ਉਦੋਂ ਨੂੰ ਬਿਣਗਾਂ ਵਾਲੇ ਸਰਦਾਰ ਜਗਤ ਸਿੰਘ ਉਨ੍ਹਾਂ ਨੇ ਨਵੀਂ ਗੱਡੀ ਅਜੇ ਲਈ ਹੀ ਸੀ ਬਾਡੀ ਨਹੀਂ ਸੀ ਲਵਾਈ, ਲੈ ਕੇ ਮਹਾਂਪੁਰਸ਼ਾਂ ਦੇ ਡੇਰੇ ਹਾਜਰੀ ਭਰਨ ਆਏ ਬਾਬਾ ਜੀ ਦਾ ਸਤ ਸੰਕਲਪ ਹੁੰਦਾ ਹੈ। ਮਹਾਂਪੁਰਸ਼ਾਂ ਦਾ ਉਸ ਗੱਡੀ ਵਿੱਚ ਮੰਜਾ ਡਾਹਿਆ ਸੋ ਬਾਬਾ ਜੀ ਸਿੰਘਾਂ ਸਮੇਤ ਉਥੇ ਚਲੇ ਗਏ। ਅਖੰਡ ਪਾਠ ਸਾਹਿਬ ਅਰੰਭ ਕੀਤੇ ਗਏ। ਮਹਾਂਪੁਰਸ਼ਾਂ ਨੇ ਚੋਜ ਵਰਤਾਇਆ ਗਿਆਨੀ ਜੋਧ ਸਿੰਘ ਜੀ ਸੇਵਾ ਵਿੱਚ ਸਨ ਸੋ ਬਚਨ ਕੀਤੇ ਕਿ ਅਸੀਂ ਹੁਣ ਸਰੀਰ ਤਿਆਗ ਦੇਣਾਂ ਹੈ। ਸੰਗਤ ਵਿੱਚ ਜਾਹਿਰ ਨਾ ਕਰਿਉ, ਨਹੀਂ ਤਾਂ ਬੇ-ਰਸੀ ਹੋਵੇਗੀ। ਜਦੋਂ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣ, ਲੰਗਰ ਦੀ ਸੰਪੂਰਨਤਾ ਹੋ ਜਾਵੇ, ਫੇਰ ਸਾਡਾ ਸਰੀਰ ਹਰਖੋਵਾਲ ਡੇਰੇ ਲੈ ਆਉਣਾਂ। ਗੁਰਦੁਆਰਾ ਸਾਹਿਬ ਦੇ ਸਾਹਮਣੇ ਚੌਗਾਨ ਵਿੱਚ ਸੰਸਕਾਰ ਕਰਨਾਂ। ਜਿੰਨੀ ਵਿਭੂਤੀ ਹੋਵੇ ਉਹ ਕੀਰਤਪੁਰ ਸਾਹਿਬ ਪ੍ਰਵਾਹ ਕਰ ਦੇਣੀ ਅਤੇ ਕੋਈ ਮਟੀ ਨਹੀਂ ਬਣਾਉਣੀ। ਗੁਰੂ ਕਾ ਨਿਸ਼ਾਨ ਝੁਲਾ ਦੇਣਾਂ। ਸੋ ਮਹਾਂਪੁਰਖਾਂ ਨੇ ਆਪਣੀ ਇੱਛਾ ਦੇ ਮੁਤਾਬਕ ਸਰੀਰ ਤਿਆਗਿਆ ਅਤੇ ਜਿਵੇਂ ਉਹ ਆਗਿਆ ਕਰ ਗਏ ਸਨ, ਅਖੰਡ ਪਾਠ ਸਾਹਿਬ ਦੇ ਭੋਗ ਅਤੇ ਲੰਗਰ ਦੀ ਸੰਪੂਰਨਤਾ ਤੋਂ ਬਾਅਦ ਮਹਾਂਪੁਰਖਾਂ ਦੇ ਸਰੀਰ ਨੂੰ ਹਰਖੋਵਾਲ ਲਿਆਂਦਾ ਗਿਆ। ਸਾਰੀ ਸੰਗਤ ਵਿੱਚ ਹਾਹਾਕਾਰ ਮਚ ਗਈ ਕਿ ਮਹਾਂਪੁਰਖਾਂ ਨੇ ਕੀ ਚੋਜ ਵਰਤਾਇਆ ਹੈ। ਵਿਧੀ ਪੂਰਵਕ ਇਲਾਕੇ ਦੇ ਸਾਰੇ ਮਹਾਂਪੁਰਖ ਇਕੱਤਰ ਹੋਏ। ਸੰਤ ਬਾਬਾ ਬਿਸ਼ਨ ਸਿੰਘ, ਸੰਤ ਬਾਬਾ ਹਰੀ ਸਿੰਘ, ਬਾਬਾ ਤਰਲੋਕ ਸਿੰਘ, ਸੰਤ ਪ੍ਰਦੁਮਣ ਸਿੰਘ, ਸੰਤ ਬਾਬਾ ਸੰਪੂਰਨ ਸਿੰਘ ਜੀ ਬਿਲਾਸਪੁਰ ਵਾਲੇ ਮਹਾਂਪੁਰਖ ਆਏ। ਮਹਾਂਪੁਰਖਾਂ ਦੀ ਵਿਧੀ ਪੂਰਵਕ ਅੰਤਮ ਕਿਰਿਆ ਕੀਤੀ, ਭੰਡਾਰਾ ਹੋਇਆ ਅਤੇ ਸਾਰੀ ਵਿਭੂਤੀ ਕੀਰਤਪੁਰ ਸਾਹਿਬ ਜਲ ਪ੍ਰਵਾਹ ਕੀਤੀ ਗਈ। ਛੇਂਵੇ ਪਾਤਸ਼ਾਹ ਦੇ ਚਰਨ ਪਾਤਾਲਪੁਰੀ ਉਥੇ ਵੀ ਅਖੰਡ ਪਾਠ, ਲੰਗਰ, ਜਗ ਹੋਏ। ਮਹਾਂਪੁਰਖਾਂ ਦੇ ਦੱਸੇ ਮੁਤਾਬਿਕ ਗੁਰੂ ਕਾ ਨਿਸ਼ਾਨ ਝੁਲਾਇਆ ਜੋ ਅੱਜ ਵੀ ਝੁੱਲ ਰਿਹਾ ਹੈ। ਝੂਲਤੇ ਨਿਸ਼ਾਨ ਰਹੇ ਪੰਥ ਮਹਾਰਾਜ ਕੇ" ਬਾਬਾ ਈਸ਼ਰ ਸਿੰਘ ਜੀ ਜਦ ਤਕ ਡੇਰੇ ਵਿੱਚ ਰਹੇ, ਮਹਾਂਪੁਰਖਾਂ ਦੀ ਕਾਫ਼ੀ ਹਾਜ਼ਰੀ ਡੇਰੇ ਵਿੱਚ ਰੱਖਦੇ ਸਨ ।ਮਹਾਂਪੁਰਖਾਂ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਫੇਰ ਆਪ ਬਹੁਤਾ ਵਿਚਰਦੇ ਰਹਿੰਦੇ ਸਲ। ਜਦੋਂ ਵੀ ਮਨ ਉਪਰਾਮ ਹੁੰਦਾ ਸੀ ਤਖਤਾਂ ਦੀ ਯਾਤਰਾ ਵਾਸਤੇ ਚਲੇ ਜਾਂਦੇ ਸਨ ਜਾਂ ਹੋਤੀ ਮਰਦਾਨ ਚਲੇ ਜਾਂਦੇ ਸਨ। ਇੱਕ ਵਾਰ ਮਹਾਂਪੁਰਖ ਚੁੱਪ-ਚਪੀਤੇ ਹੀ ਸ਼ਿਮਲੇ ਵੱਲ ਚਲੇ ਗਏ। ਉਸ ਵੇਲੇ ਡੇਰੇ ਵਿਚ ਬਾਬਾ ਬਹਾਲ ਸਿਘ ਜੀ, ਸੰਤ ਜਨਕ ਸਿੰਘ ਤੇ ਸੇਵਾਦਾਰ ਵੀ ਆ ਗਏ ਸਨ ਅਤੇ ਪਾਕਿਸਤਾਨ ਬਣਨ ਤੋਂ ਬਾਅਦ ਹੋਰ ਬਿਅੰਤ ਸੇਵਾਦਾਰ ਆਏ। ਸੰਤ ਪਾਖਰ ਸਿੰਘ, ਸੰਤ ਅਮਰ ਸਿੰਘ ਮੱਝਾਂ ਵਾਲੇ, ਸੰਤ ਸਵਰਨ ਸਿੰਘ, ਰਾਗੀ ਸਿੰਘ ਸੰਤ ਦੀਦਾਰ ਸਿੰਘ ਖੇਤੀ ਵਾਲਾ, ਮਹਿੰਦਰ ਸਿੰਘ ਟਰੈਕਟਰ ਵਾਲਾ ਹੋਰ ਬੇਅੰਤ ਸੇਵਾਦਾਰ ਆ ਗਏ। ਸੰਤ ਬਾਬਾ ਮਹਿੰਦਰ ਸਿੰਘ ਜੀ ਜੋ ਮਹਾਂਪੁਰਖਾਂ ਦੇ ਗੜਵਈ ਸਨ। ਪਹਿਲੇ ਗੜਵਈ ਬਾਬਾ ਗੱਜਣ ਸਿੰਘ ਸਨ ਫੇਰ ਸੰਤ ਮਹਿੰਦਰ ਸਿੰਘ ਗੜਵਈ ਤੇ ਲਾਂਗਰੀ ਵੀ, ਕਿਉਂਕਿ ਜਦੋਂ ਸਰੀਰ ਬਿਰਧ ਸੀ, ਫਿਰ ਮਹਾਂਪੁਰਖਾਂ ਦੀ ਇੱਛਾ ਮੁਤਾਬਿਕ ਲੰਗਰ ਬਾਬਾ ਮਹਿੰਦਰ ਸਿੰਘ ਜੀ ਨੇ ਤਿਆਰ ਕਰਕੇ ਛਕਾਉਣਾਂ ਅਤੇ ਅਰਦਲੀ ਦੀ ਸੇਵਾ ਕਰਨੀਂ। ਬਾਵਾ ਦੀਦਾਰ ਸਿੰਘ ਜੀ, ਬਾਬੂ ਕਾਹਨ ਸਿੰਘ ਤੇ ਬਾਬਾ ਗੱਜਣ ਸਿੰਘ ਜੀ, ਸੰਤ ਮਹਿੰਦਰ ਸਿੰਘ ਤੇ ਸੂਬੇਦਾਰ ਉਜਾਗਰ ਸਿੰਘ ਢਿਲਵਾਂ ਵਾਲੇ ਇਹ ਮਹਾਂਪੁਰਖਾਂ ਦੇ ਹਜੂਰੀ ਸੇਵਾਦਾਰ ਸਨ ਅਤੇ ਕਦੇ ਕਦੇ ਸੰਤ ਮੱਖਣ ਸਿੰਘ ਜੀ ਇਨ੍ਹਾ ਨੇ ਵੀ ਜਾਣਾ ਜੋ ਗਿਆਨੀ ਹਰੀ ਸਿੰਘ ਜੀ ਕਥਿਆ ਪੜ੍ਹਦੇ ਕਰਦੇ ਸਨ ਅਤੇ ਬਾਬਾ ਈਸ਼ਰ ਸਿੰਘ ਜੀ ਦੀ ਯਾਦ ਵਿੱਚ 101 ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਕੀਤੇ। ਬੜੇ ਨਿਤਨੇਮੀ ਤੇ ਅਭਿਆਸੀ ਸਜਣ ਸਨ। ਗੁਰਮੁਖ ਪਿਆਰੇ ਸੰਤ ਗੁਰਬਖਸ਼ ਸਿੰਘ ਜੀ ਲਾਂਗਰੀ ਸਿੰਘ ਡੇਰੇ ਵਿੱਚ ਆ ਗਏ।

# ਅਧਿਆਇ 18

ਮਹਾਂਪੁਰਖਾਂ ਸ਼ਿਮਲੇ ਇਲਾਕੇ ਵਿੱਚ ਖਲੀਣੀ ਖੱਡ ਹੈ ਉਥੇ ਚਲੇ ਗਏ । ਚਾਲੀ ਦਿਨ ਮੂਲਮੰਤਰ ਦਾ ਗੁਪਤ ਜਾਪ ਕੀਤਾ। ਇਸੇ ਤਰ੍ਹਾਂ ਪੂਨੇ ਕਿਰਕੀ ਦੀ ਪਹਾੜੀ ਹੈ ਉਥੇ ਸੰਨਿਆਸੀ ਸਾਧੂਆਂ ਦੇ ਆਸ਼ਰਮ ਹਨ। ਬੜੀ ਇਕਾਂਤ ਜਗ੍ਹਾਂ ਹੈ ਇਥੇ ਵੀ ਚਾਲੀ ਦਿਨ ਬੜਾ ਮਹਾਨ ਜਾਪ ਕੀਤਾ। ਸੰਤ ਬਾਬਾ ਮਹਿੰਦਰ ਸਿੰਘ ਜੀ ਦੱਸਿਆ ਕਰਦੇ ਸਨ ਕਿ ਮੇਰੇ ਡੇਰਾ ਮੀਲ ਉਰੇ ਬਣਾਇਆ ਸੀ। ਕਈ ਵਾਰ ਮੈਂ ਹੌਲੀ ਹੌਲੀ ਚਲੇ ਜਾਣਾ ਮਹਾਂਪੁਰਖਾਂ ਦੇ ਸਰੀਰ ਵਿਚੋਂ ਦੂਰੋਂ ਹੀ ਨਾਮ ਦੀਆਂ ਧੁਨਾਂ ਸੁਣਾਈ ਦੇਣ ਲੱਗ ਜਾਂਦੀਆਂ ਸਨ। ਭਾਵੇਂ ਮੈਂ ਦਬਵੇਂ ਪੈਰੀਂ ਜਾਣਾ ਫਿਰ ਵੀ ਉਹ ਜਾਣੀ ਜਾਣ ਉਦੋਂ ਹੀ ਚੁੱਪ ਹੋ ਜਾਂਦੇ ਸਨ ਅਤੇ ਮਹਾਂਪੁਰਖਾਂ ਨੇ ਕਿਹਾ ਕਿ ਭਾਈ ਇਉਂ ਵੇਲੇ ਕੁਵੇਲੇ ਸਾਡੇ ਕੋਲ ਨਾ ਆਇਆ ਕਰੋ ਕਈ ਵਾਰ ਗੈਬੀ ਰੂਹਾਂ ਆ ਜਾਂਦੀਆਂ ਹਨ। ਇਸੇ ਤਰ੍ਹਾਂ ਨਾਨਕ ਝੀਰੇ ਦਰਸ਼ਨ ਮੇਲੇ ਕਰਨੇ। ਸੰਤ ਕਰਤਾਰ ਸਿੰਘ ਵਾਇਲਨ ਵਾਲੇ ਨਾਨਕ ਝੀਰੇ ਸੇਵਾ ਕਰਾਂਉਦੇ ਸਨ। ਮਹਾਂਪੁਰਖਾਂ ਦੇ ਅਨਿਨ ਪਿਆਰੇ ਸਨ। ਇਨ੍ਹਾਂ ਦੇ ਪਿਆਰ ਵਿੱਚ ਉਥੇ ਕਈ ਵਾਰ ਜਾਂਦੇ ਸਨ। ਇਥੇ ਦੋ ਮੁਸਲਮਾਨ ਫਕੀਰ ਯਾਕੂਬ ਤੇ ਜਲਾਲਦੀਨ ਜਿਨ੍ਹਾਂ ਨੇ ਗੁਰ ਨਾਨਕ ਦੀ ਸਿੱਖੀ ਗ੍ਰਹਿਣ ਕੀਤੀ ਸੀ ਉਥੇ ਮਹਾਂਪੁਰਖਾਂ ਨੇ ਚਾਲੀ ਦਿਨ ਉਪਵਾਸ ਰੱਖ ਕੇ ਮਹਾਨ ਤਪੱਸਿਆ ਕੀਤੀ। ਇਹ ਬਚਨ ਸੰਤ ਕਰਤਾਰ ਸਿੰਘ ਜੀ ਵਾਇਲਨ ਵਾਲਿਆਂ ਨੇ ਸੁਣਾਏ ਸਨ।ਇਸ ਤਰ੍ਹਾਂ ਪੰਡਿਤ ਤਾਰਾ ਸਿੰਘ ਜੀ ਜੋ ਇਥੇ ਸਨ ਉਨ੍ਹਾਂ ਨੇ ਆਪਣੇ ਮਨ ਦੀ ਦਸ਼ਾ ਦੱਸੀ ਕਿ ਬਾਣੀ ਪੜ੍ਹਨ ਦੇ ਬਾਵਜੂਦ ਵਿਕਾਰ ਸ਼ਾਂਤ ਨਹੀਂ ਹੁੰਦੇ ਫਿਰ ਮਹਾਂਪੁਰਖਾਂ ਨੇ ਦੱਸਿਆ ਕਿ ਭੋਜਨ ਸਤੋਗੁਣੀ ਖਾਉ। ਜੈਸਾ ਅੰਨ ਤੈਸਾ ਮਨ, ਜੈਸਾ ਪਾਣੀ ਤੈਸੀ ਬਾਣੀ। ਪੰਡਿਤ ਜੀ ਮੱਛੀ ਆਦਿਕ ਛਕ ਲੈਂਦੇ ਸਨ। ਸੋ ਤੜਕੇ ਇੱਕ ਵਜੇ ਉਠਣਾਂ ਇਸ਼ਨਾਨ ਕਰਕੇ ਸੂਰਜ ਚੜ੍ਹਨ ਤੋਂ ਪਹਿਲਾਂ ਮੂਲਮੰਤਰ ਤੇ ਗੁਰਮੰਤਰ ਦਾ ਅਭਿਆਸ ਕਰਨਾ ਫਿਰ ਬਾਣੀ ਪੜ੍ਹਨੀ ਸੰਗਤਾਂ ਦੇ ਜੋੜੇ ਝਾੜਨੇ, ਲੰਗਰ ਦੇ ਜੂਠੇ ਭਾਂਡੇ ਮਾਂਜਣੇ ਸੇਵਾ ਕਰਨੀ ਨਿਰਅਭਿਮਾਨ ਰਹਿਣਾਂ ਫਿਰ ਮਹਾਰਾਜ ਦੀ ਕਿਰਪਾ ਨਾਲ ਮਨ ਸਾਫ ਹੋ ਗਿਆ ਤਾਂ ਆਪਣੇ ਆਪ ਵਿਕਾਰ ਖਤਮ ਹੋ ਜਾਣਗੇ। ਗੁਰੂ ਸ਼ਬਦ ਨਾਲ ਸੁਰਤੀ ਜੋੜ ਕੇ ਆਤਮਾ ਦੀ ਅਵੱਸਥਾ ਪ੍ਰਾਪਤ ਹੋ ਜਾਵੇਗੀ।ਇਹ ਬਚਨ ਪੰਡਿਤ ਤਾਰਾ ਸਿੰਘ ਨੇ ਸੁਣਾਏ ਸਨ। ਉਹ ਰਾਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੇ ਸੇਵਕ ਸਨ।

ਇਸ ਤਰ੍ਹਾਂ ਦਿੱਲੀ ਦੇ ਧਾਰਮਿਕ ਅਸਥਾਨਾਂ ਵਿਖੇ ਸੀਸ ਗੰਜ, ਬੰਗਲਾ ਸਾਹਿਬ, ਰਕਾਬ ਗੰਜ ਦਰਸ਼ਨਾਂ ਲਈ ਜਾਂਦੇ ਸਨ ਤਾਂ ਬਹੁਤ ਵੱਡੇ ਲੰਗਰ ਦੀਵਾਨ ਕਰਿਆ ਕਰਦੇ ਸਨ। ਸੰਗਤਾਂ ਨੂੰ ਸੋਹਣੇ ਸੋਹਣੇ ਪਦਾਰਥ ਬਣਾ ਕੇ ਛਕਾਉਣੇ। ਦੇਗ ਤੇਗ ਜਗ ਮਹਿ ਦੋਉ ਚਲੇ। ਦਸਮ ਪਾਤਸ਼ਾਹ ਦਾ ਹੁਕਮ ਸੀ ਮੇਰਾ ਸਿਖ, ਸਿਖ ਦੇ ਮੂੰਹ ਨੂੰ ਗੁਰੂ ਦੀ ਗੋਲਕ ਜਾਣ ਕੇ ਲੰਗਰ ਛਕਾਵੇ ਬੜਾ ਪੁੰਨ ਹੋਵੇਗਾ। ਇਨ੍ਹਾਂ ਬਚਨਾਂ ਨੂੰ ਮੁੱਖ ਰਖਕੇ ਮਹਾਂਪੁਰਖ ਲੰਗਰ ਭੰਡਾਰੇ ਕਰਦੇ ਸਨ। ਕਿਹਾ ਕਰਦੇ ਸਨ ਕਿ ਭਾਈ ਲੰਗਰ ਵਿਚੋਂ ਕੋਈ ਵੀ ਵਿਅਕਤੀ ਭੁੱਖਾ ਨਾ ਜਾਵੇ ਇਹ ਨਹੀਂ ਪਤਾ ਕਿ ਸੱਚੇ ਪਾਤਸ਼ਾਹ ਕਿਸ ਰੂਪ ਵਿਚ ਪ੍ਰੀਖਿਆ ਕਰਨ ਆਉਣਾਂ ਹੈ।ਇਹ ਨਾ ਹੋਵੇ ਕਿ ਮਹਾਰਾਜ ਦੇ ਆਉਣ ਤੇ ਅਸੀਂ ਫੇਲ ਹੋ ਜਾਈਏ ਤੇ ਸਾਡੀ ਸੇਵਾ ਨਿਸਫਲ ਹੋ ਜਾਵੇ। ਜਿਵੇਂ ਦਸਮ ਪਾਤਸ਼ਾਹ ਨੇ ਲੰਗਰਾਂ ਦੀ ਪ੍ਰੀਖਿਆ ਕੀਤੀ ਸੀ। ਸਾਰਿਆਂ ਵਿਚੋਂ ਭਾਈ ਨੰਦ ਲਾਲ ਜੀ ਪਾਸ ਹੋਏ ਸਨ। ਇਸੇ ਪ੍ਰਕਾਰ ਸਾਰੇ ਲਾਂਗਰੀਆਂ ਨੂੰ ਇਹੋ ਹਦਾਇਤ ਸੀ ਕਿ ਦ੍ਰਿੜਤਾ ਨਾਲ ਜੀ ਆਇਆਂ ਕਰੋ ਤੇ ਬੜੇ ਪਿਆਰ ਤੇ ਸਤਿਕਾਰ ਨਾਲ ਲੰਗਰ ਛਕਾਉ। ਸੋ ਇਕ ਵਾਰ ਅਜਿਹਾ ਹੀ ਇਲਾਹੀ ਚੋਜ਼ ਵਰਤਿਆ ਕਿ ਸੰਤ ਨਗੀਨਾ ਸਿੰਘ ਤੇ ਬਾਬਾ ਜਵਾਲਾ ਸਿੰਘ ਨਨਕਾਣਾ ਸਾਹਿਬ ਵਿਖੇ ਲੰਗਰ ਵਾਸਤੇ ਲੱਕੜੀਆਂ ਇਕੱਠੀਆਂ ਕਰਦੇ ਸਨ। ਜਦੋਂ ਬਾਲਣ ਦੀਆਂ ਖਿੱਤੀਆਂ ਬੰਨੀਆਂ ਕਿ ਇਕ ਤੇਜੱਸਵੀ ਮਹਾਂਪੁਰਸ਼ ਆਏ ਜਦੋਂ ਬਾਬਾ ਜਵਾਲਾ ਸਿੰਘ

ਚੁੱਕਣ ਲੱਗਣ ਤਾਂ ਰੋਕ ਦੇਣ ਦੋ ਤਿਨ ਵਾਰ ਚਾਂਨਸ ਇਸੇ ਤਰ੍ਹਾਂ ਹੋਇਆ। ਨਗੀਨਾ ਸਿੰਘ ਨੇ ਪੁੱਛਿਆ ਕਿ ਕੀ ਖੇਡ ਹੈ ਤਾਂ ਕਹਿਣ ਲੱਗੇ ਸਤਿਗੁਰ ਨਾਨਕ ਸਾਹਿਬ ਜੀ ਆਪ ਹੀ ਚੋਜ਼ ਵਰਤਾਂਉਦੇ ਹਨ। ਬਾਬਾ ਜਵਾਲਾ ਸਿੰਘ ਜੀ ਦੀ ਲੰਗਰਾਂ ਦੀ ਸੇਵਾ ਤੋਂ ਖੁਸ਼ ਹੋ ਕੇ ਸੱਚੇ ਪਾਤਸ਼ਾਹ ਨੇ ਆਪ ਦਰਸ਼ਨ ਦੀਦਾਰੇ ਦਿੱਤੇ ਸਨ।

ਇਸੇ ਤਰਾਂ ਇਕ ਵਾਰੀ ਨਨਕਾਣਾ ਸਾਹਿਬ ਲੰਗਰ ਸੀ। ਮਹਾਂਪੁਰਸ਼ਾਂ ਭੋਗ ਵਾਲੇ ਦਿਨ ਸਿੰਘਾਂ ਨੂੰ ਕਿਹਾ ਕਿ ਜਿਸ ਨੇ ਵੀ ਗੁਰ ਨਾਨਕ ਪਾਤਸ਼ਾਹ ਦੇ ਦਰਸ਼ਨ ਕਰਨੇ ਹਨ ਉਹ ਆਤਿਸ਼ਬਾਜ਼ੀ ਨਾ ਦੇਖਣ ਜਾਵੇ, ਇਥੇ ਬੈਠੋ। ਕੁਝ ਸਿੰਘ ਉਥੇ ਬੈਠੇ ਰਹੇ ਤੇ ਬਾਕੀ ਆਤਿਸ਼ਬਾਜ਼ੀ ਦੇਖਣ ਚਲੇ ਗਏ। ਮਠਿਆਈਆਂ ਦੇਸੀ ਘਿਉ ਦੀਆਂ ਤਿਆਰ ਕਰਵਾਈਆਂ। ਸ਼ਾਮ ਦਾ ਸਮਾਂ ਹੋਇਆ ਬਾਬਾ ਜਵਾਲਾ ਸਿੰਘ ਜੀ ਨੇ ਸਮਝਾਇਆ ਕਿ ਭਾਈ ਇਸ ਸਮੇਂ ਜੇ ਕੋਈ ਮਹਾਂਪੁਰਸ਼ ਆਉਣ ਅਕਣਾ ਥਕਣਾਂ ਨਹੀ ਪਿਆਰ ਨਾਲ ਸੇਵਾ ਕਰਨੀਂ। 9 ਕੁ ਵਜੇ ਰਾਤ ਦੇ ਤਿੰਨ ਮਹਾਂਪੁਰਸ਼ ਆਏ। ਖੇਸਾਂ ਦੇ ਬੁੱਕਲ ਮਾਰੇ ਹੋਏ ਸਨ ਕਹਿਣ ਲੱਗੇ ਕਿ ਸੁਣਿਆ ਹੈ ਬਾਬਾ ਜਵਾਲਾ ਸਿੰਘ ਦਾ ਲੰਗਰ ਬੜਾ ਚਲਦਾ ਹੈ। ਅਸੀਂ ਤਾਂ ਭੁਖੇ ਮਰ ਗਏ। ਸਿੰਘ ਕਹਿਣ ਲੱਗੇ ਕਿ ਆਉ ਧੰਨ ਭਾਗ ਲੰਗਰ ਛਕੋ। ਜਿਸ ਵੇਲੇ ਹਥ ਪੈਰ ਧੋਣ ਲੱਗੇ ਤਾਂ ਬਾਲਟੀਆਂ ਪਾਣੀ ਦੀਆਂ ਰੋੜੀ ਜਾਣ। ਜਦੋਂ ਪ੍ਰਸ਼ਾਦਾ ਛਕਣ ਲੱਗੇ ਤਾਂ ਪਰਸ਼ਾਦੇ ਛਕੀ ਜਾਣ। ਸਾਰੇ ਹੀ ਪ੍ਰਸ਼ਾਦੇ ਮੁੱਕ ਗਏ। ਕਹਿਣ ਲੱਗੇ ਪ੍ਰਸ਼ਾਦੇ ਹੋਰ ਨਹੀਂ ਲਿਆਂਉਦੇ। ਮਹਾਂਪੁਰਖ ਕਹਿਣ ਲੱਗੇ ਕਿ ਥੋੜਾ ਚਿਰ ਪਹਿਲਾਂ ਆਉਣਾਂ ਸੀ ਤਾਂ ਕਹਿਣ ਲੱਗੇ ਕਿ ਜਿਹੜੀ ਮਿਠਿਆਈ ਬਣਾਈ ਹੈ ਉਹ ਹੀ ਲੈ ਆਵੋ। ਬਾਬਾ ਜੀ ਕਹਿਣ ਲੱਗੇ ਕਿ ਆਪ ਦਾ ਹੁਕਮ ਹੀ ਭਾਲਦੇ ਸੀ ਕਿ ਆਪ ਮੁਬਾਰਿਕ ਰਸਨਾਂ ਨਾਲ ਪਦਾਰਥ ਦੀ ਜਾਚਨਾਂ ਕਰੋ ਸਾਡੀ ਸੇਵਾ ਸਫਲ ਹੋ ਜਾਵੇਗੀ। ਸੋ ਮਿਠਿਆਈ ਲਿਆਂਦੀ ਗਈ ਸਤਿਗੁਰਾਂ ਨੇ ਰਸਨਾਂ ਲਾਇਕ ਕੀਤੀ ਉਸੇ ਵੇਲੇ ਵੇਖਦਿਆਂ ਹੀ ਅਦ੍ਰਿਸ਼ਟ ਹੋ ਗਏ। ਪਰ ਸੇਵਾਦਾਰ ਇਸ ਚੋਜ਼ ਨੂੰ ਸਮਝ ਨਾ ਸਕੇ। ਜਦੋਂ ਆਤਿਸ਼ਬਾਜ਼ੀ ਦੇਖ ਕੇ ਸਿੰਘ ਆਏ ਪੁੱਛਣ ਲੱਗੇ ਕਿ ਗੁਰਾਂ ਦੇ ਦਰਸ਼ਨ ਹੋਏ ਉਨ੍ਹਾਂ ਕਿਹਾ ਕਿ ਤਿੰਨ ਮਹਾਂਪੁਰਖ ਆਏ ਸਨ ਖੇਸਾਂ ਦੀਆਂ ਬੁੱਕਲਾਂ ਮਾਰੀਆਂ ਸਨ। ਲੰਗਰ ਛਕ ਕੇ ਗਏ ਹਨ। ਮਹਾਂਪੁਰਸ਼ਾਂ ਨੇ ਦੱਸਿਆ ਕਿ ਉਹ ਆਪ ਹੀ ਸੱਚੇ ਪਾਤਸ਼ਾਹ ਨੇ ਚੋਜ਼ ਵਰਤਾਇਆ ਸੀ। ਦਰਸ਼ਨ ਵੀ ਬਖਸ਼ੇ ਭੰਡਾਰਿਆਂ ਨੂੰ ਵੀ ਸਫਲ ਕੀਤਾ। ਅਸ਼ੀਰਵਾਦ ਵੀ ਦਿੱਤੀ। ਸਤਿਗੁਰ ਸੱਚੇ ਪਾਤਸ਼ਾਹ ਨੇ ਮਿਹਰ ਕਰਕੇ ਸਾਡੀ ਸੇਵਾ ਦਰਗਾਹ ਵਿੱਚ ਪ੍ਰਵਾਨ ਕੀਤੀ ਹੈ। ਭਾਵ **ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥** ਜੇ ਕੋਈ ਨਿਸ਼ਕਾਮ ਸੇਵਾ ਕਰਦਾ ਹੈ ਉਸ ਦੀ ਸੇਵਾ ਦਰਗਾਹ ਵਿੱਚ ਪ੍ਰਵਾਨ ਹੁੰਦੀ ਹੈ। ਗੁਰ ਨਾਨਕ ਸੱਚੇ ਪਾਤਸ਼ਾਹ ਦੇ ਮਰਦਾਨੇ ਨਾਲ ਬਚਨ ਹਨ ਕਿ ਜਿਹੜਾ ਧਰਮਸ਼ਾਲ ਦੀ ਸੇਵਾ ਕਰਦਾ ਝਾੜੂ ਦਿੰਦਾ, ਧੂਫ ਦਿੰਦਾ ਹੈ। ਉਹ ਨਰਕ ਨਹੀਂ ਜਾਂਦਾ।

**ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ ॥ (ਪੰਨਾਂ 644)**

ਇਸੇ ਤਰ੍ਹਾਂ ਪੰਜਾ ਸਾਹਿਬ ਦਰਸ਼ਨਾਂ ਨੂੰ ਜਾਣਾ ਤੇ ਉਥੇ ਵੀ ਗੁਰੂ ਕੇ ਲੰਗਰ ਲਾਉਣੇ। ਸੁਲਤਾਨਪੁਰ ਇਕ ਵਾਰ ਮਹਾਂਪੁਰਸ਼ਾਂ ਨੇ ਝਾੜੂ ਦੁਆਇਆ ਅਤੇ ਜੋ ਰਾਖ ਸੀ ਮੱਥੇ ਨੂੰ ਲਾਈ ਅਤੇ ਕਹਿਣ ਲੱਗੇ ਕਿ ਧੰਨ ਗੁਰ ਨਾਨਕ ਸਾਹਿਬ ਜਿਨ੍ਹਾਂ ਨੇ ਇਥੇ 14 ਸਾਲ 9 ਮਹੀਨੇ 13 ਦਿਨ ਆਪ ਸਿਮਰਨ ਵਿੱਚ ਜੁੜੇ ਸਨ। ਸੁਲਤਾਨਪੁਰ ਦੇ ਸਾਰੇ ਅਸਥਾਨਾਂ ਦੀ ਯਾਤਰਾ ਕਰਨੀ।ਠੱਟੇ ਟਿੱਬੇ ਬਾਬਾ ਬੀਰ ਸਿੰਘ ਜੀ ਦਾ ਅਸਥਾਨ ਹੈ ਇਥੇ 27 ਵੈਸਾਖ ਦੇ ਪੁਰਬ ਤੇ ਆਉਣਾਂ। ਬਾਬਾ ਬੀਰ ਸਿੰਘ ਜੀ ਐਸੇ ਮਹਾਂਪੁਰਖ ਸਨ ਜਿਨ੍ਹਾਂ ਨੇ 13 ਹਜ਼ਾਰ ਸਿਪਾਹੀਆਂ ਸਮੇਤ ਸਿੱਖ ਰਾਜ ਬਚਾਉਣ ਲਈ ਬਲੀਦਾਨ ਦਿੱਤਾ ਸੀ। 17 ਗੋਲੇ ਬਾਬਾ ਜੀ ਦੇ ਸਰੀਰ ਵਿੱਚ ਲੱਗੇ ਸਨ ਉਹ ਕਛਹਿਰਾ ਅਜੇ ਵੀ ਮੌਜੂਦ ਹੈ। ਜਿਸ ਵਿਚੋਂ ਗੋਲਾ ਨਿਕਲਿਆ ਸੀ। 27 ਵਿਸਾਖ ਨੂੰ ਬਾਬਾ ਜੀ ਤੇ ਹੀਰਾ ਸਿੰਘ ਡੋਗਰੇ ਦੀ ਕਮਾਂਡ ਹੇਠ ਸਿਖ ਫੌਜਾਂ ਨੇ ਬਾਬਾ ਜੀ ਦੇ ਡੇਰੇ ਤੇ ਹਮਲਾ ਕੀਤਾ। ਮਹਾਂਪੁਰਸ਼ਾਂ

ਨੇ ਕਿਹਾ ਕਿ ਇਧਰ ਵੀ ਸਿੰਘ ਤੇ ਉਧਰ ਵੀ ਸਿੰਘ ਆਪਣਿਆਂ ਤੇ ਵਾਰ ਨਹੀਂ ਕਰਨਾ। ਉਨ੍ਹਾ ਲਈ ਲੰਗਰ ਪਾਣੀ ਤਿਆਰ ਕਰੋ। ਬਾਬਾ ਮਹਾਰਾਜ ਜੀ ਪਾਸ 50 ਲਾਂਗਰੀ ਸਨ। ਲੰਗਰ ਤਿਆਰ ਕਰਦੇ ਰਹੇ। ਲਹੋਰੌਂ ਫੌਜਾਂ ਭੁਖੀਆਂ ਆਉਣਗੀਆਂ। ਸਾਨੂੰ ਸ਼ਹੀਦ ਕਰਕੇ ਭੁੱਖ ਲੱਗੀ ਹੋਵੇਗੀ, ਛਕ ਲੈਣਗੀਆਂ। ਬਾਬਾ ਬੀਰ ਸਿੰਘ ਜੀ ਖਿਮਾਂ ਦੇ ਧਨੀ ਜਿਨ੍ਹਾਂ ਦੇ ਲੰਗਰ ਵਿਚ ਸਤ ਸੌ ਮਣ ਆਟਾ, 280 ਮਣ ਦਾਲ, 7 ਮਣ ਕੱਚਾ ਲੂਣ ਵਰਤਾ ਹੁੰਦਾ ਰਿਹਾ । ਮਹਾਰਾਜਾ ਰਣਜੀਤ ਸਿੰਘ ਫੌਜਾ ਸਮੇਤ ਬਾਬਾ ਜੀ ਦੇ ਦਰਸ਼ਨਾਂ ਨੂੰ ਆਉਂਦੇ ਰਹਿੰਦੇ ਸਨ।

ਬਾਬਾ ਜਵਾਲਾ ਸਿੰਘ ਜੀ 27 ਵੈਸਾਖ ਨੂੰ ਬਾਬਾ ਬੀਰ ਸਿੰਘ ਜੀ ਦੀ ਬਰਸੀ ਤੇ ਆਇਆ ਕਰਦੇ ਸਨ। ਗੁਰੂ ਕੇ ਬਾਗ, ਬੇਬੇ ਨਾਨਕੀ ਜੀ ਦੇ ਗ੍ਰਹਿ ਵਿਖੇ, ਜਿਥੇ ਬਾਬਾ ਨਾਨਕ ਜੀ ਨੇ ਪਹਿਲਾਂ ਚਰਨ ਪਾਏ ਸਨ, ਉਥੋਂ ਹੀ ਵਿਆਹੁਣ ਵਾਸਤੇ ਬਟਾਲੇ ਗਏ।ਇਥੇ ਹੀ ਮਾਤਾ ਸੁਲੱਖਣੀ ਜੀ ਰਹਿੰਦੇ ਰਹੇ, ਬਾਬਾ ਸ੍ਰੀ ਚੰਦ ਤੇ ਬਾਬਾ ਲਖਮੀ ਦਾਸ ਨੇ ਅਵਤਾਰ ਧਾਰਿਆ, ਇੱਥੇ ਮਹਿਤਾ ਕਾਲੂ ਰਾਏ, ਮਾਤਾ ਤ੍ਰਿਪਤਾ ਜੀ, ਮੂਲ ਚੰਦ, ਮਾਤਾ ਚੰਦੋਰਾਣੀ, ਮਹਾਰਾਜ ਜੀ ਦੇ ਚਰਨ ਪਾਂਉਦੇ ਰਹੇ, ਭਾਈਆ ਜੈ ਰਾਮ, ਬੇਬੇ ਨਾਨਕੀ ਜੀ ਦੀ ਚਰਨ ਛੋਹ, ਉਹ ਪਵਿੱਤਰ ਖੂਹੀ ਜਿਸ ਦੇ ਪਾਣੀ ਨਾਲ ਬੇਬੇ ਜੀ ਲੰਗਰ ਤਿਆਰ ਕਰਦੇ ਸਨ ਤੇ ਸਤਿਗੁਰਾਂ ਨੂੰ ਛਕਾਂਉਦੇ ਸਨ, ਦੇ ਦਰਸ਼ਨਾਂ ਨੂੰ ਬਾਬਾ ਜਵਾਲਾ ਸਿੰਘ ਜਾਂਦੇ ਸਨ। ਗੁਰਦੁਆਰਾ ਹੱਟ ਸਾਹਿਬ ਜਿਥੇ 13-13 ਤੋਲ ਕੇ ਗਰੀਬਾਂ ਦੀਆਂ ਝੋਲੀਆਂ ਭਰਦੇ ਸਨ। 14 ਵੱਟੇ ਉਥੇ ਮੌਜੂਦ ਹਨ। ਬੇਰ ਸਾਹਿਬ ਮਹਾਰਾਜ ਜੀ ਦਾ ਤਪ ਅਸਥਾਨ, ਸੰਤ ਘਾਟ ਜਿੱਥੇ ਸੱਚ ਖੰਡ ਤੋਂ ਪ੍ਰਗਟ ਹੋ ਕੇ ਮੂਲ ਮੰਤਰ ਉਚਾਰਿਆ, ਕੋਠੜੀ ਸਾਹਿਬ ਜਿੱਥੇ ਤਿੰਨ ਦਿਨ ਲੇਖਾ ਹੋਇਆ, ਮਹਾਰਾਜ ਜੀ ਦੀ ਮਾਇਆ ਵਧਦੀ ਗਈ। ਅੰਤਰਯਾਮਤਾ ਨਾਲ ਸੱਚੀ ਨਿਮਾਜ਼ ਪੜ੍ਹਨੀ ਦੱਸੀ। ਸਿਹਰਾ ਸਾਹਿਬ ਛੇਵੇਂ ਪਾਤਸ਼ਾਹ ਤੇ ਪੰਜਵੇਂ ਪਾਤਸ਼ਾਹ ਦੇ ਪਰਮ ਪਵਿੱਤਰ ਅਸਥਾਨਾਂ ਦੇ ਦਰਸ਼ਨ ਕਰਨੇ।

ਇਸੇ ਤਰ੍ਹਾਂ ਪਟਨੇ ਸਾਹਿਬ ਤਖਤ ਦੀ ਸੇਵਾ ਜਦੋਂ ਸੰਤ ਬਾਬਾ ਨਿਹਚਲ ਸਿੰਘ ਜੀ ਜਗਾਧਰੀ ਵਾਲਿਆਂ ਨੇ ਆਰੰਭ ਕੀਤੀ। ਬੜੇ ਵਿੱਦਵਾਨ ਪੰਡਿਤ ਸਨ। ਸੇਵਾ ਪੰਥੀਏ ਬਾਬਾ ਜਵਾਲਾ ਸਿੰਘ ਜੀ ਦੇ ਅਨਿਨ ਸੇਵਕ ਸਨ। ਬਾਬਾ ਜਵਾਲਾ ਸਿੰਘ ਜੀ ਨੇ ਪੰਜਾਂ ਪਿਆਰਿਆਂ ਵਿੱਚ ਸ਼ਾਮਿਲ ਹੋ ਕੇ ਨੀਂਹ ਪੱਥਰ ਰੱਖਿਆ ਸੀ।ਉਪਰੰਤ ਜਦੋਂ ਪੰਡਿਤ ਨਿਹਚਲ ਸਿੰਘ ਜੀ ਦੇ ਨਾਲ ਕਮੇਟੀ ਦਾ ਕੁਝ ਵਿਵਾਦ ਹੋ ਗਿਆ। ਫਿਰ ਬਾਬਾ ਜਵਾਲਾ ਸਿੰਘ ਜੀ ਨੇ ਸੰਤ ਕਰਤਾਰ ਸਿੰਘ ਜੀ ਨੂੰ ਅਸ਼ੀਰਵਾਦ ਦੇ ਕਰਕੇ ਪਟਨਾ ਸਾਹਿਬ ਦੀ ਸੇਵਾ ਬਖਸ਼ਿਸ਼ ਕੀਤੀ। ਇਲਾਕੇ ਵਿੱਚ ਇਕ ਵੈਰਾਗੀ ਮਹਾਤਮਾਂ ਜੋ ਗਰਮ ਕੁੰਡ ਵਿੱਚ ਬੈਠ ਕੇ ਤਪੱਸਿਆ ਕਰਿਆ ਕਰਦੇ ਸਨ। ਇਥੇ ਬਾਬਾ ਜੀ ਸੰਤ ਕਰਤਾਰ ਸਿੰਘ ਜੀ ਨੂੰ ਲੈ ਕੇ ਗਏ। ਉਹ ਮਹਾਤਮਾਂ ਬਾਬਾ ਜਵਾਲਾ ਸਿੰਘ ਜੀ ਨੂੰ ਦੇਖ ਕੇ ਆ ਗਏ। ਕਰਤਾਰ ਸਿੰਘ ਦਾ ਹੱਥ ਫੜ ਕੇ ਕਹਿਣ ਲੱਗੇ ਕਿ ਕਰਤਾਰ ਸਿੰਘ ਤੁਮ ਇਸ ਕੋ ਜਾਨਤੇ ਹੋ ਯੇ ਸ੍ਰੀ ਰਾਮ ਹੈਂ ਔਰ ਇਨ ਕੇ ਸ਼ਿਸ਼ ਹਨੂਮਾਨ ਹੈਂ।

ਇਸ ਤਰ੍ਹਾਂ ਆਸਾਮ ਦੇ ਜੰਗਲਾਂ ਵਿੱਚ ਇਕ ਵਿਦੇਹ ਮਾਤਾ ਜੀ ਰਿਹਾ ਕਰਦੇ ਸਨ। ਉਹ ਨਗਨ ਕਿਰਿਆ ਵਿੱਚ ਰਿਹਾ ਕਰਦੇ ਸਨ। ਬਾਬਾ ਜਵਾਲਾ ਸਿੰਘ ਜੀ ਉਨ੍ਹਾਂ ਦੇ ਦਰਸ਼ਨਾਂ ਨੂੰ ਗਏ। ਮਾਤਾ ਜੀ ਨੇ ਪਹਿਲਾਂ ਹੀ ਵਸਤਰ ਪਹਿਨ ਲਏ। ਪ੍ਰੇਮੀਆਂ ਨੇ ਪੁੱਛਿਆ ਕਿ ਮਾਤਾ ਜੀ ਅੱਜ ਆਪ ਨੇ ਵਸਤਰ ਪਹਿਨ ਲਏ ਹਨ ਤਾਂ ਕਹਿਣ ਲੱਗੇ ਕਿ ਇਸਤਰੀਆਂ ਤੋਂ ਕੀ ਪਰਦਾ ਕਰਨਾ ਹੈ ਅੱਜ ਕੋਈ ਮਰਦ ਪੁਰਸ਼ ਆ ਰਿਹਾ ਹੈ। ਬਾਬਾ ਜਵਾਲਾ ਸਿੰਘ ਜਦੋਂ ਉਥੇ ਗਏ ਤਾਂ ਉਸ ਅਲਬੇਲੀ ਰੂਹ ਨੇ ਬਾਬਾ ਜੀ ਨਾਲ ਬਹੁਤ ਹੀ ਪਿਆਰ ਕੀਤਾ। ਬਾਬਾ ਜੀ ਜਿੱਥੇ ਵੀ ਕੋਈ ਰੱਬ ਦਾ ਪਿਆਰਾ ਹੁੰਦਾ, ਚਾਹੇ ਉਹ ਕਿਸੇ ਵੀ ਧਰਮ ਦਾ ਹੋਵੇ, ਉਸ ਨੂੰ ਮਿਲਣ ਜਾਂਦੇ ਸਨ ਅਤੇ ਉਨ੍ਹਾਂ ਦਾ ਬਹੁਤ ਸਤਿਕਾਰ ਕਰਦੇ ਸਨ।

ਕਾਸ਼ੀ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਅਸਥਾਨ ਤੇ ਦਸਮ ਪਾਤਸ਼ਾਹ ਦੇ ਅਸਥਾਨ ਦੇ ਦਰਸ਼ਨ ਕੀਤੇ। ਕਬੀਰ ਚਉਰੇ ਭੰਡਾਰਾ ਵੀ ਕਰਾਇਆ। ਸੋ ਮਹਾਂਪੁਰਸ਼ ਜਦੋਂ ਬਾਬਾ ਜੀ ਲਈ ਲੰਗਰ ਦਾ ਥਾਲ ਲੈ ਕੇ ਆਏ ਤਾਂ ਬਾਬਾ ਜੀ ਲੰਗਰ ਛਕ ਰਹੇ ਸਨ ਕਹਿਣ ਲੱਗੇ ਕਬੀਰ ਸਾਹਿਬ ਆਪ ਪ੍ਰਤੱਖ ਹੋ ਕੇ ਬਖਸ਼ਿਸ਼ ਕਰ ਕੇ ਗਏ ਹਨ।ਸੋ ਮਹਾਂਪੁਰਸ਼ ਇੰਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਬਾਬਾ ਜਵਾਲਾ ਸਿੰਘ ਜੀ ਦਾ ਚਿੱਤਰ ਕਬੀਰ ਚਉਰੇ ਵਿਚ ਬੜੇ ਪਿਆਰ ਨਾਲ ਲਗਾ ਦਿੱਤਾ। ਕਾਸ਼ੀ ਵਿਚ ਇੱਕ ਦਿਨ ਗੰਗਾ ਦੇ ਕਿਨਾਰੇ ਬੈਠੇ ਸਨ ਕਿ ਇਕ ਰੂਹ ਨੇ ਆ ਕੇ ਬੇਨਤੀ ਕੀਤੀ ਕਿ ਮੈਨੂੰ ਤਾਂਮਸੀ ਰੂਹਾਂ ਵਿਚੋਂ ਕਢ ਦਿਉ। ਮੇਰਾ ਡੇਰਾ ਇਥੋਂ ਨੇੜੇ ਹੀ ਹੈ। ਵਿੱਦਿਆ ਦੇ ਬਲ ਨਾਲ ਬੜੀ ਮਾਇਆ ਇਕੱਠੀ ਕੀਤੀ। ਮੰਦਿਰ ਬਣਵਾਏ, ਬਾਗ ਬਉਲੀਆਂ ਬਣਵਾਈਆਂ,

**ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**

**ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥ ੪ ॥ (ਪੰਨਾਂ 526)**

ਫਲਾਣੇਂ ਦਰੱਖਤ ਥੱਲੇ ਤਾਂਬੇ ਦੀ ਗਾਗਰ ਵਿੱਚ ਮੋਹਰਾਂ ਪਈਆਂ ਹਨ ਸੋ ਆਪ ਵਿਧੀ ਸਹਿਤ ਮੇਰਾ ਪਾਠ ਕਰਵਾ ਦਿਉ। ਕਿਉਂਕਿ ਕਲਯੁਗ ਵਿਚ ਗੁਰ ਨਾਨਕ ਦਾ ਪਹਿਰਾ ਹੈ। ਮੇਰੇ ਕਲਿਆਣ ਲਈ ਮੇਰੇ ਚੇਲਿਆਂ ਨੇ ਬਹੁਤ ਯਤਨ ਕੀਤੇ ਹਨ ਪਰ ਕੋਈ ਫਲਾਦੇਸ਼ ਨਹੀਂ ਹੋਇਆ। ਮਹਾਂਪੁਰਸ਼ ਕਹਿਣ ਲੱਗੇ ਕਿ ਸਾਨੂੰ ਕਿਵੇਂ ਪਤਾ ਲੱਗੇਗਾ ਕਿ ਤੇਰਾ ਕਲਿਆਣ ਹੋ ਗਿਆ ਤਾਂ ਕਹਿਣ ਲੱਗੀ ਕਿ ਇਕ ਝਰੋਖੇ ਵਿਚ ਬਾਟੇ ਵਿੱਚ ਪ੍ਰਸ਼ਾਦ ਰੱਖ ਦੇਣਾਂ ਜੇ ਖਾਧਾ ਹੋਇਆ ਤਾਂ ਸਮਝ ਲੈਣਾਂ ਕਿ ਕਲਿਆਣ ਹੋ ਗਿਆ ਹੈ। ਜਦੋਂ ਬਿਰਛ ਪੁੱਟਿਆ ਤਾਂ ਤਾਂਬੇ ਦੀ ਦੇਗ ਮੋਹਰਾਂ ਨਾਲ ਭਰੀ ਮਿਲ ਗਈ। ਮਹਾਂਪੁਰਸ਼ਾਂ ਨੇ ਅਖੰਡ ਪਾਠ ਡੇਰੇ ਵਾਲਿਆਂ ਦੀ ਸਹਿਮਤੀ ਨਾਲ ਕਰਵਾਇਆ। ਪਾਠੀ ਸਿੰਘਾਂ ਨੇ ਕੇਸੀ ਇਸ਼ਨਾਨ ਕਰਕੇ ਸ਼ੁੱਧ ਵਸਤਰ ਪਹਿਨ ਕੇ ਸੁਚ ਪਵਿੱਤਰਤਾ ਨਾਲ ਅਖੰਡਪਾਠ ਕੀਤਾ। ਬਾਟੇ ਵਿੱਚ ਪ੍ਰਸ਼ਾਦ ਰੱਖਿਆ ਗਿਆ ਪਰ ਪ੍ਰਸ਼ਾਦ ਖਾਧਾ ਨਹੀਂ ਸੀ। ਫਿਰ ਰੂਹ ਨੂੰ ਪੁੱਛਿਆ ਗਿਆ ਤਾਂ ਉਸ ਨੇ ਕਿਹਾ ਕਿ ਕਿਸੇ ਪਾਠੀ ਸਿੰਘ ਨੇ ਸੁਚ ਪਵਿੱਤਰਤਾ ਵਿੱਚ ਕੁਤਾਹੀ ਕੀਤੀ ਹੈ। ਵਿਘਨ ਪਿਆ ਹੈ ਸੋ ਫਿਰ ਪਾਠ ਕਰੋ। ਦੁਬਾਰਾ ਫਿਰ ਪਾਠ ਕੀਤਾ ਫਿਰ ਬਾਟੇ ਵਿਚ ਪ੍ਰਸ਼ਾਦ ਛਕਿਆ ਹੋਇਆ ਸੀ। ਸੋ ਉਸ ਰੂਹ ਦਾ ਕਲਿਆਣ ਹੋ ਗਿਆ। ਡੇਰੇ ਵਾਲੇ ਦੱਸਦੇ ਹਨ ਕਿ ਫਿਰ ਕਦੇ ਸਾਡਾ ਕੋਈ ਨੁਕਸਾਨ ਨਹੀਂ ਹੋਇਆ। ਵਿਧੀ ਪੂਰਵਕ ਪਾਠ ਵਿੱਚ ਪੰਜ ਪਾਠੀ, ਪੰਜ ਪਾਠੀ ਜਪੁਜੀ ਸਾਹਿਬ ਦੇ, ਪੰਜ ਪਾਠੀ ਮੂਲਮੰਤਰ ਤੇ ਧੂਫ ਪਾਉਣ ਲਈ, ਪੰਜ ਲਾਂਗਰੀ ਤੇ ਪੰਜ ਸੇਵਾਦਾਰ ਜੋ ਚੌਰ ਸਾਹਿਬ ਦੀ ਸੇਵਾ ਵਾਰੀ ਵਾਰੀ ਕਰਨ। ਜਿਥੇ ਕਿਤੇ ਪਾਠੀ ਸਿੰਘ ਤੋਂ ਲਗ ਮਾਤਰ ਦੀ ਗਲਤੀ ਹੋ ਜਾਣੀਂ ਤਾਂ ਨਾਲ ਹੀ ਪਾਠ ਦੀ ਸੁਧਾਈ ਕਰਕੇ ਸ਼ੁੱਧ ਪਾਠ ਦਾ ਉਚਾਰਨ ਕਰਕੇ ਸੁਧਾਈ ਕਰਨੀ। ਪਾਠੀ ਸਿੰਘ ਵੀ ਭੂਮੀ ਤੇ ਸੌਣ ਅਤੇ ਘਰ ਵਾਲੇ ਵੀ ਭੂਮੀ ਤੇ ਸੌਣ, ਤਾਂਮਸੀ ਚੀਜ਼ਾਂ ਦਾ ਤਿਆਗ ਅਤੇ ਸਤੋਗੁਣੀ ਭੋਜਨ ਕਰਨਾ ਤਾਂ ਕਿ ਸਰੀਰ ਵਿੱਚ ਕੋਈ ਦੁਰਗੰਧੀ ਵਾਲੀ ਵਾਯੂ ਆਦਿਕ ਪੈਦਾ ਨਾ ਹੋਵੇ। ਮੌਨ ਰੱਖਣਾਂ ਤੇ ਵਧ ਤੋਂ ਵਧ ਜਾਪ ਕਰਨਾ। ਬ੍ਰਹਮਚਰਜ ਵਰਤ ਰੱਖਣਾਂ। ਫਿਰ ਸਤਿਗੁਰਾਂ ਦੀ ਮਹਾਨ ਕ੍ਰਿਪਾ ਪ੍ਰਾਪਤ ਹੋ ਜਾਂਦੀ ਹੈ।

## ਅਧਿਆਇ 19

ਬੀਬੀ ਅਮਰ ਕੌਰ ਜੀ ਬਾਲ ਵਿਧਵਾ ਤਨੂੰਲੀ ਨੱਗਰ ਤੋਂ ਸਨ। ਸੋ ਮਹਾਂਪੁਰਸ਼ਾਂ ਦੀ ਸਰਨ ਵਿੱਚ ਆਏ। ਮਹਾਂਪੁਰਸ਼ਾਂ ਨੇ ਕਿਹਾ ਕਿ ਮੱਝਾਂ ਰੱਖਣੀਆਂ ਆਪ ਉਹਨਾਂ ਦੀ ਹਰ ਪੱਖ ਤੋਂ ਸਹਾਇਤਾ ਕਰਨੀਂ ਸੋ ਜਿੰਨਾਂ ਦੁੱਧ ਤੇ ਘਿਉ ਹੋਵੇ ਲੰਗਰ ਵਿੱਚ ਪਾਉਣਾਂ। ਮਾਤਾ ਜੀ ਨੇ ਮਹਾਨ ਸੇਵਾ ਲੰਬਾਂ ਸਮਾਂ ਕੀਤੀ। ਮੂਲ ਮੰਤਰ ਦੇ ਬੇਅੰਤ ਚਾਲੀਸੇ ਕਰਵਾਏ ਮਾਤਾ ਜੀ ਉਤੇ ਬੜੀ ਮਹਾਨ ਕਿਰਪਾ ਹੋਈ,

**ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥ (ਪੰਨਾਂ 1252) ॥**

ਵੱਡਾ ਵੱਡਾ ਦਾਹੜਾ ਆ ਗਿਆ। ਸਾਰੇ ਇਲਾਕੇ ਦੇ ਲੋਕ ਜਤ ਸਤ ਵਾਲਾ ਜੀਵਨ ਥਰ ਥਰ ਕੰਬਦੇ ਸਨ। ਜੋ ਬਚਨ ਕਹਿਣ ਉਸ ਦੇ ਉਤੇ ਦ੍ਰਿੜਤਾ ਨਾਲ ਸੇਵਾ ਸਿਮਰਨ ਕਰਦੇ ਸਨ। ਮਹਾਂਪੁਰਖਾਂ ਦਾ ਤਪੋ ਅਸਥਾਨ ਮਾਤਾ ਜੀ ਨੇ ਮਹਾਨ ਸੇਵਾ ਕੀਤੀ ਨਿਸ਼ਾਨ ਝੁਲਾਇਆ, ਮਹਾਰਾਜ ਦਾ ਪ੍ਰਕਾਸ਼ ਅਖੰਡ ਪਾਠ, ਸਹਿਜ ਪਾਠ, ਸਪਤਾਹਿਕ ਪਾਠ, ਸੰਪਟ ਪਾਠ ਗੁਰੂ ਕਾ ਲੰਗਰ 24 ਘੰਟੇ ਜਾਰੀ ਕੀਤਾ। ਐਸੇ ਤਪੱਸਵੀ ਗੁਰਮੁਖ ਪਿਆਰੇ ਮਾਤਾ ਅਮਰ ਕੌਰ ਜੀ ਸਨ। ਇਸੇ ਨਗਰ ਵਿਚ ਬੀਬੀ ਬੰਤੀ ਸੋ ਮਹਾਂਪੁਰਸ਼ਾਂ ਨੇ ਜਦੋਂ ਭੂੰਮਾ ਤੇ ਜਾ ਕੇ ਤਪੱਸਿਆ ਕਰਦੇ ਸਨ, ਦਰਸ਼ਨ ਕੀਤੇ। ਸੋ ਮਹਾਂਪੁਰਸ਼ਾਂ ਤੇ ਮਹਾਨ ਸ਼ਰਧਾ ਹੋਈ। ਦਰਸ਼ਨ ਕਰਨ ਆਉਣਾਂ ਉਹਨਾਂ ਦਿਨਾਂ ਵਿੱਚ ਬੀਬੀਆਂ ਨੂੰ ਕਾਫੀ ਪਬੰਦੀਆਂ ਹੋਇਆ ਕਰਦੀਆਂ ਸਨ। ਸਹੁਰੇ ਤੇ ਪਤੀ ਦੇਵ ਨੇ ਰੋਕਣਾਂ ਪਰ ਉਹਨਾਂ ਨੂੰ ਸਤਿਸੰਗਤ ਦਾ ਮੁਹਾਵਰਾ ਬਣ ਗਿਆ ਸੀ।ਆ ਕੇ ਗੁਰਦੁਆਰੇ ਭਾਂਡੇ ਮਾਂਜਣੇ, ਝਾੜੂ ਦੇਣਾਂ, ਪਸ਼ੂਆਂ ਦਾ ਗੋਹਾ ਚੁੱਕਣਾਂ ਤੇ ਲੰਗਰ ਦੀ ਸੇਵਾ ਕਰਨੀ। ਸਤਿਸੰਗ ਕਥਾ ਕੀਰਤਨ ਸੁਨਣਾ, ਸੰਗਤ ਦਾ ਰਸ ਆ ਗਿਆ। ਜਿਸ ਨੂੰ ਸੰਗਤ ਦਾ ਰਸ ਆ ਜਾਏ ਉਹ ਸੰਗਤ ਦਾ ਤਿਆਗ ਨਹੀਂ ਕਰ ਸਕਦਾ। ਨਾਮ ਬਾਣੀ ਇੱਕ ਐਸੀ ਅੰਮ੍ਰਿਤ ਘੁੱਟੀ ਹੈ ਇਸ ਨੂੰ ਪਾਨ ਕੀਤੇ ਬਿਨਾ ਬਚ ਨਹੀਂ ਸਕਦਾ। ਜਿਵੇਂ,

**ਅਮਲੀ ਅਮਲੁ ਨ ਅੰਬੜੈ ਮਛੀ ਨੀਰੁ ਨ ਹੋਇ ॥ (ਪੰਨਾਂ 557) ॥**

ਜਿਵੇਂ ਮੱਛੀ ਪਾਣੀ ਬਿਨਾਂ ਨਹੀਂ ਬਚ ਸਕਦੀ ਅਮਲੀ ਅਮਲ ਬਿਨਾਂ ਨਹੀਂ। ਗੁਰੂ ਦਾ ਪਿਆਰਾ,

**ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥**

**ਸਾਚੇ ਨਾਮ ਕੀ ਲਾਗੈ ਭੂਖ ॥ ਉਤੁ ਭੂਖੈ ਖਾਇ ਚਲੀਅਹਿ ਦੂਖ ॥ ੧ ॥**

ਐਸੀ ਅਵੱਸਥਾ ਬਣ ਜਾਂਦੀ ਹੈ।

**ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ ॥੩॥ (ਪੰਨਾਂ 94)**

ਸੋ ਕਈ ਵਾਰੀ ਕੁਟ ਮਾਰ ਹੋਈ। ਪਰ ਮਾਤਾ ਜੀ ਨੇ ਪ੍ਰਣ ਅਨੁਸਾਰ ਸੰਗਤ ਦੀ ਸੇਵਾ ਵਿਚ ਜਾਣਾ। ਗੁਰੂ ਮਹਾਰਾਜ ਦੇ ਇਤਿਹਾਸ ਦੀ ਕਥਾ ਵਾਰਤਾ ਸੁਨਣੀ ਮਹਾਂਪੁਰਸ਼ਾਂ ਨੂੰ ਬੇਨਤੀ ਕੀਤੀ ਕਿ ਇਸ ਤਰ੍ਹਾਂ ਬੜੀ ਤਕਲੀਫ ਹੈ। ਕਹਿਣ ਲੱਗੇ ਭਾਈ ਸਾਰਿਆਂ ਦਾ ਹੀ ਸੰਕਟ ਕੱਟਿਆ ਜਾਏਗਾ। ਕੁਝ ਮਿਹਨਤ ਕਰਨੀ ਪਵੇਗੀ। ਉਹਨਾਂ ਦੇ ਵੀ ਪਾਪ ਕਰਮ ਕੱਟੇ ਜਾਣ ਫਿਰ ਮਾਤਾ ਜੀ ਨੂੰ ਮੂਲ ਮੰਤਰ ਦੇ ਜਾਪ ਵਿੱਚ ਬਿਠਾ ਲਿਆ। 21 ਦਿਨ ਉਪਵਾਸ ਰੱਖਿਆ, ਨਾ ਪਾਣੀ ਨਾ ਅੰਨ, ਇੱਕੀਵੇਂ ਦਿਨ ਸਹੁਰਾ ਵੀ ਅਤੇ ਪਤੀ ਵੀ ਬੀਬੀ ਦੇ ਚਰਨਾਂ ਵਿੱਚ ਡਿੱਗ ਪਏ ਕਿ ਸਾਨੂੰ ਬਖਸ਼ ਦੇ ਤੇਰੇ ਵਿੱਚ ਸੱਚਾਈ ਸੀ ਕਹਿਣ ਲੱਗੇ ਹੁਣ ਮਹਾਂਪੁਰਸ਼ ਬਖਸ਼ਣਗੇ। ਫਿਰ ਮਹਾਂਪੁਰਸ਼ਾਂ ਕੋਲ ਆਏ ਕਹਿਣ ਲੱਗੇ ਦੱਸੋ ਭਾਈ ਬੀਬੀ ਜੇ ਕੋਈ ਮਾੜੇ ਪਾਸੇ

ਜਾਏ ਫਿਰ ਤਾਂ ਤੁਸੀਂ ਰੋਕੋ, ਤੁਸੀਂ ਗੁਰੂ ਕੇ ਦੀਵਾਨ ਸੰਗਤ ਵਿਚ ਸੇਵਾ ਕਰਨ ਤੋਂ ਰੋਕਦੇ ਹੋ। ਉਹ ਵੀ ਸਦਾ ਵਾਸਤੇ ਗੁਰੂ ਦੇ ਪਿਆਰੇ ਬਣ ਗਏ। ਇਸ ਤਰ੍ਹਾਂ ਜਿਹੜੀਆਂ ਬੀਬੀਆਂ ਦ੍ਰਿੜਤਾ ਨਾਲ ਸੰਗਤ ਦੀ ਸੇਵਾ, ਲੰਗਰ ਦੀ ਸੇਵਾ, ਮਹਾਂਪੁਰਖਾਂ ਦੀ ਸੇਵਾ ਕਰਦੀਆਂ, ਬਾਣੀ ਪੜ੍ਹਦੀਆਂ ਹਨ ਅਤੇ ਇਸ ਤਰ੍ਹਾਂ ਨਾਮ ਦਾ ਅਭਿਆਸ ਕਰਦੀਆਂ ਹਨ। ਉਨ੍ਹਾਂ ਦੇ ਸਹੁਰੇ ਅਤੇ ਪਤੀ ਪ੍ਰਵਾਰ ਦੇ ਜੀਅ ਵੀ ਬਾਣੀ ਦੇ ਪ੍ਰਤਾਪ ਨਾਲ ਬਦਲ ਜਾਂਦੇ ਹਨ। ਗੁਰਸਿਖੀ ਵਿੱਚ ਦ੍ਰਿੜ ਹੋ ਜਾਂਦੇ ਹਨ। ਐਸੀਆਂ ਬੀਬੀਆਂ ਉਹ ਆਪ ਵੀ ਅਤੇ ਪ੍ਰੀਵਾਰ ਦੇ ਜੀਵਨ ਨੂੰ ਵੀ ਬਦਲ ਦਿੰਦੀਆਂ ਹਨ।

ਮਹਾਂਪੁਰਸ਼ਾਂ ਦੇ ਪਾਸ ਕਈ ਵਾਰੀ ਮਸਤਾਨੇ ਦਾਨੇ ਬੇਅੰਤ ਇਕੱਠੇ ਹੋ ਜਾਂਦੇ ਸਨ ਉਹ ਆਪਣੀ ਇੱਛਾ ਦੇ ਬਚਨ ਬੋਲਦੇ ਸਨ, ਉਹ ਆਲ ਪਤਾਲ ਮੂੰਹੋ ਬੋਲਦੇ। ਸਰਦਾਰ ਰਾਜਾ ਸਿੰਘ ਜੀ ਹਰਖੋਵਾਲ ਲੰਬੜਦਾਰ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ ਕੁਝ ਪੜ੍ਹੇ ਲਿਖੇ ਸੱਜਣ ਰੱਖਿਆ ਕਰੋ, ਧੀਆਂ ਭੈਣਾਂ ਆਂਉਦੀਆਂ ਹਨ। ਖੁੱਲੇ ਬਚਨ ਬੋਲਦੇ ਮਹਾਂਪੁਰਸ਼ਾਂ ਨੇ ਕਿਹਾ, ਰਾਜਾ ਸਿੰਘ ਇਨ੍ਹਾਂ ਮਹਾਂਪੁਰਸ਼ਾਂ ਦੀ ਅਵਸਥਾ ਨੂੰ ਤੂੰ ਕੀ ਸਮਝ ਸਕਦਾ ਹੈਂ ਅਸੀਂ ਆਪਣੇ ਦਿਲ ਉਤੇ ਇਨ੍ਹਾਂ ਦਾ ਪਿਆਰ ਬਿਠਾਇਆ ਹੋਇਆ ਹੈ। ਜੇ ਭਾਈ ਤੁਹਾਨੂੰ ਲੋਕ ਰਾਜ ਹੈ ਅਸੀਂ ਕਿਸੇ ਨੂੰ ਕੋਈ ਇਸ਼ਤਿਹਾਰ ਜਾਂ ਨਿਉਂਦੇ ਬਾਜ਼ੀ ਨਹੀਂ ਕਰਦੇ, ਆਇਆ ਕਰੋ ਜਾਂ ਨਾ ਆਇਆ ਕਰੋ ਇਹ ਮਸਤਾਨੇ ਦੀਵਾਨੇ ਜੇ ਧਾਰਮਕ ਅਸਥਾਨ ਤੇ ਨਹੀਂ ਰਹਿ ਸਕਦੇ ਤੁਸੀਂ ਗ੍ਰਹਿਸਥੀ ਘਰਾਂ ਵਿੱਚ ਵੀ ਨਹੀਂ ਸੰਭਾਲ ਸਕਦੇ, ਇਹ ਕਿਥੇ ਜਾਣ ਇਨ੍ਹਾਂ ਵਾਸਤੇ ਤਾਂ ਇਹ ਅਸਥਾਨ ਬਣਾਏ ਹਨ ਜਿਥੇ ਬਿਹੰਗਮ ਤੇ ਇਹ ਲੋਕ ਰਹਿ ਸਕਣ। ਸ਼ਹਿਦ ਦੀ ਮੱਖੀ ਦਾ ਡੰਗ ਨਹੀਂ ਦੇਖੀਦਾ ਜਿਹੜਾ ਸ਼ਹਿਦ ਮਿੱਠਾ ਬਣਾਉਂਦੀ ਹੈ। ਇਹ ਲੋਕ ਜਾਣ ਬੁਝ ਕੇ ਇਹੋ ਜਿਹੀ ਕਿਰਿਆ ਧਾਰ ਲੈਂਦੇ ਹਨ ਕਿ ਸੰਸਾਰੀ ਲੋਕ ਆ ਕੇ ਤੰਗ ਕਰਦੇ ਹਨ ਅਤੇ ਇਨ੍ਹਾਂ ਦੀ ਭਗਤੀ ਵਿੱਚ ਵਿਘਨ ਪੈਂਦਾ ਹੈ। ਅਸੀਂ ਇਨ੍ਹਾਂ ਨੂੰ ਰੋਕ ਨਹੀਂ ਸਕਦੇ। ਇਹ ਮਸਤਾਨਿਆਂ ਦੀਵਾਨਿਆਂ ਲਈ ਅਸਥਾਨ ਹੈ। ਭਾਈ ਰਾਜਾ ਸਿੰਘ ਨੇ ਬੇਨਤੀ ਕੀਤੀ ਕਿ ਮਹਾਂਪੁਰਖੋ ਖਿਮਾਂ ਕਰੋ। ਅਸੀਂ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ ਰੱਖਦੇ।

ਮਾਤਾ ਦਇਆ ਕੌਰ ਗਿਆਨੀ ਅਮਰ ਸਿੰਘ ਜੀ ਦੇ ਭੈਣ ਜੀ ਸਨ। ਜਦੋਂ ਬਾਬਾ ਜੀ ਹਜ਼ੂਰ ਸਾਹਿਬ ਗਏ ਤਾਂ ਬੀਬੀ ਜੀ ਮਹਾਂਪੁਰਖਾਂ ਦੀ ਸ਼ਰਨ ਵਿੱਚ ਆਏ ਅਤੇ ਸਾਰੀ ਉਮਰ ਬੀਬੀ ਜੀ ਨੇ ਬਾਬਾ ਜੀ ਦੀ ਸੇਵਾ ਕੀਤੀ। ਬੀਬੀ ਜੀ ਦਾ ਸੁਭਾਅ ਸੀ ਕਿ ਰਸਨਾਂ ਤੋਂ ਗਾਲੀ ਗਲੋਚ ਉਚੇ ਨੀਂਵੇ ਬਚਨ ਕਰ ਦਿੰਦੇ ਸਨ। ਬੀਬੀ ਬੰਤੀ ਨੇ ਕਿਹਾ ਕਿ ਮਹਾਰਾਜ ਬੀਬੀ ਦਿਆ ਕੌਰ ਬਹੁਤ ਹੀ ਖੁੱਲੇ ਬਚਨ ਬੋਲ ਦਿੰਦੀ ਹੈ। ਸਾਡੇ ਦਿਉਰ ਜੇਠ ਬੈਠੇ ਹੁੰਦੇ ਹਨ ਸਭ ਨੂੰ ਲਾ ਕੇ ਰਖ ਦਿੰਦੀ ਹੈ। ਮਹਾਂਪੁਰਖਾਂ ਨੇ ਕਿਹਾ ਕਿ ਭਾਈ ਇਹ ਤਾਂ ਲੋਕ ਲਾਜ ਹੈ। ਮਨ ਦਾ ਉਦੋਂ ਹੀ ਪਤਾ ਲੱਗਦਾ ਹੈ ਕਿ ਕਿੱਥੇ ਖੜਾ ਹੈ ਜਦੋਂ ਅਗਲੇ ਦਾ ਕੌੜਾ ਬਚਨ ਸੁਣ ਕੇ ਸਹਾਰ ਲਈਏ। ਬੀਬੀ ਦਿਆ ਕੌਰ ਇਕ ਲੱਤ ਭਾਰ ਖੜ ਕੇ 5-5 ਸੁਖਮਨੀ ਸਾਹਿਬ ਕਰ ਲੈਂਦੀ ਸੀ।

ਲੁਧਿਆਣੇ ਵਿਖੇ ਇੱਕ ਬਾਬਾ ਬਾਣ ਵਟ ਤੇ ਮਾਤਾ ਚੰਦੋ ਰਾਣੀ ਰਹਿੰਦੇ ਸਨ। ਬਾਬਾ ਬਾਣ ਵਟ ਬ੍ਰਹਮਗਿਆਨੀ ਸਨ ਤੇ ਮਾਤਾ ਜੀ ਵੀ ਵਿਦੇਹ ਅਵਸਥਾ ਵਿੱਚ ਸਨ। ਆਪਣੀ ਕਿਰਿਆ ਵਿੱਚ ਮਸਤ ਰਹਿੰਦੇ ਸਨ। ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਤੋਂ ਭਜਨ ਕਰਦੇ ਰਾਤੋ ਰਾਤ ਲੁਧਿਆਣੇ ਪਹੁੰਚ ਜਾਂਦੇ ਸਨ। ਮਾਤਾ ਚੰਦੋ ਰਾਣੀ ਜੀ ਤੋਂ ਲੋਕ ਥਰ ਥਰ ਕੰਬਦੇ ਸਨ ਕਿ ਜੋ ਵੀ ਬਚਨ ਉਨ੍ਹਾਂ ਨੇ ਕਰ ਦਿੱਤਾ ਉਹ ਪੂਰਾ ਹੋ ਜਾਣਾਂ ਹੈ। ਬਾਬਾ ਜੀ ਉਨ੍ਹਾਂ ਨਾਲ ਪ੍ਰੇਮ ਦੇ ਬਚਨ ਬਿਲਾਸ ਕਰ ਕੇ ਆ ਜਾਂਦੇ ਸਨ। ਇਸੇ ਤਰ੍ਹਾਂ ਸੰਤ ਗੁਰਬਖਸ਼ ਸਿੰਘ ਜੀ , ਜੋ ਬਾਬਾ ਗੁਲਾਬ ਸਿੰਘ ਘੋਲੀਏ ਵਾਲੇ (ਮੋਗਾ) ਦੇ ਵਿਦਿਆਰਥੀ ਸਨ, ਬਾਬਾ ਜਵਾਲਾ ਸਿੰਘ ਜੀ ਦੇ ਬਹੁਤ ਪਿਆਰੇ ਸਨ। ਸਰੀਰ ਵਿੱਚ ਕੋਈ ਰੋਗ ਆ ਗਿਆ। ਵੈਰਾਗ ਵਿੱਚ ਰੋਂਦੇ ਹਨ ਕਿ ਬਾਬਾ ਜਵਾਲਾ

ਸਿੰਘ ਜੀ ਦੇ ਦਰਸ਼ਨ ਨਹੀਂ ਹੋਏ ਜੇ ਕਿਤੇ ਬਾਬਾ ਜੀ ਆ ਜਾਣ ਤਾਂ ਉਨ੍ਹਾਂ ਦੇ ਦੁੱਖ ਕੱਟੇ ਜਾਣ। ਮਹਾਂਪੁਰਖਾਂ ਪਾਸ ਅਰਦਾਸ ਪਹੁੰਚ ਗਈ। ਬਾਬਾ ਜੀ ਉਥੇ ਪਹੁੰਚ ਗਏ ਤੇ ਸੰਤ ਗੁਰਬਖਸ਼ ਸਿੰਘ ਨੂੰ ਹੌਂਸਲਾ ਦਿੱਤਾ ਕਿ ਘਬਰਾਉ ਨਾ ਅਕਾਲਪੁਰਖ ਮਿਹਰ ਕਰਨਗੇ। ਇੱਥੇ ਮਹਾਂਪੁਰਖਾਂ ਨੇ ਸੰਤ ਗੁਰਬਖਸ਼ ਸਿੰਘ ਜੀ ਦੇ ਦੁੱਖ ਦੀ ਨਵਿਰਤੀ ਲਈ ਦਸਮ ਗ੍ਰੰਥ ਜੀ ਦਾ ਵਿਧੀ ਪੂਰਵਕ ਅਖੰਡਪਾਠ ਕਰਵਾਇਆ। ਜਿਸ ਵਕਤ ਭੋਗ ਪੈਣਾਂ ਸੀ, ਉਸ ਵਕਤ ਬਾਬਾ ਜੀ ਕਹਿਣ ਲੱਗੇ ਕਿ ਗੁਰਬਖਸ਼ ਸਿੰਘ ਹੁਣ ਤੁਸੀਂ ਸੁਰਤੀ ਮੂਲਮੰਤਰ ਜਾਂ ਗੁਰਮੰਤਰ ਨਾਲ ਜੋੜ ਲਉ ਤੁਹਾਡਾ ਸੰਕਟ ਕੱਟਿਆ ਗਿਆ ਹੈ। ਜਦੋਂ ਭੋਗ ਪਿਆ ਤਾਂ ਸੰਤ ਗੁਰਬਖਸ਼ ਸਿੰਘ ਜੀ ਕਹਿਣ ਲੱਗੇ ਕਿ ਮੈਨੂੰ ਸ਼ਹੀਦ ਸਿੰਘ ਲੈਣ ਆ ਗਏ ਹਨ। ਹੁਣ ਮੈਂ ਜਾ ਰਿਹਾਂ ਹਾਂ। ਉਸ ਵੇਲੇ ਮਹਾਂਪੁਰਖਾਂ ਦਾ ਧੰਨਵਾਦ ਕੀਤਾ ਅਤੇ ਫਤਹਿ ਬੁਲਾਈ, ਨਾਲ ਹੀ ਸੁਆਸ ਨਿਕਲ ਗਏ। ਜਿਹੜੇ ਵੀ ਰੱਬ ਦੇ ਪਿਆਰੇ ਸ਼ਰਧਾ ਭਗਤੀ ਧਾਰਦੇ ਹਨ ਮਹਾਂਪੁਰਖ ਉਨ੍ਹਾਂ ਦੀ ਲੋਕ ਪ੍ਰਲੋਕ ਵਿੱਚ ਬਾਂਹ ਫੜਦੇ ਹਨ।

ਇਸੇ ਤਰ੍ਹਾਂ ਸੰਤ ਗੁਰਬਖਸ਼ ਸਿੰਘ ਟਾਂਗਰੇ ਵਾਲੇ ਜੋ ਦੁਆਬੇ ਵਿੱਚ ਘੜਿਆਲ ਨੱਗਰ ਵਿਚ ਕੁਟੀਆ ਪਾ ਕੇ ਰਹਿੰਦੇ ਸਨ। ਆਪ ਬਾਬਾ ਜਵਾਲਾ ਸਿੰਘ ਜੀ ਦੇ ਅਨਿਨ ਪ੍ਰੇਮੀ ਸਨ। ਇੱਥੇ ਸੰਤ ਅਤਰ ਸਿੰਘ ਜੀ ਨੇ ਵੀ ਇੱਕ ਵਾਰ ਚਰਨ ਪਾਏ ਸਨ। ਕੀਰਤਨ ਹੋਇਆ। ਬਾਬਾ ਮੱਘਰ ਸਿੰਘ ਜੀ ਦੇ ਸੇਵਕ ਵੀ ਇਸ ਨੱਗਰ ਵਿੱਚ ਸਨ। ਜਦੋਂ ਡਸਕੇ ਦਾ ਮੋਰਚਾ ਲੱਗਾ ਉਸ ਵੇਲੇ ਬਾਬਾ ਖੜਕ ਸਿੰਘ ਜੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਨ ਜਿਹਨਾਂ ਨੂੰ ਉਸ ਵੇਲੇ ਸਿੱਖਾਂ ਦੇ ਬੇਤਾਜ ਬਾਦਸ਼ਾਹ ਕਹਿੰਦੇ ਸਨ। ਗੁਰਦੁਆਰੇ ਦੇ ਕਿਸੇ ਝਗੜੇ ਕਾਰਨ ਇਹ ਮੋਰਚਾ ਲੱਗਾ ਸੀ। ਬਾਬਾ ਗੁਰਬਖਸ਼ ਸਿੰਘ ਜੀ ਇਸ ਮੋਰਚੇ ਵਿੱਚ ਕੁਦ ਪਏ। ਅੰਗਰੇਜ਼ ਸਰਕਾਰ ਨੇ ਆਪ ਜੀ ਨੂੰ ਸਜ਼ਾ ਸੁਣਾਈ ਕਿ ਕੋਇਲੇ ਦੀ ਅੰਗੀਠੀ ਮਘਾ ਕੇ ਉਸ ਉਪਰ ਗੁਰਬਖਸ਼ ਸਿੰਘ ਨੂੰ ਲਟਕਾਇਆ ਜਾਵੇ। ਆਪੇ ਪਿੱਛੇ ਹਟ ਜਾਣਗੇ। ਜੇ ਸੰਤ ਮੋਰਚੇ ਵਿੱਚ ਆਏ ਤਾਂ ਸਾਰੇ ਲੋਕ ਵੀ ਮੋਰਚੇ ਵਿੱਚ ਕੁਦ ਪੈਣਗੇ ਅਤੇ ਅਰਾਜਕਤਾ ਫੈਲੇਗੀ। ਉਸ ਵੇਲੇ ਬਾਬਾ ਜਵਾਲਾ ਸਿੰਘ ਜੀ ਨੂੰ ਯਾਦ ਕੀਤਾ। ਮਹਾਂਪੁਰਖ ਲੰਗਰ ਦੇ ਸਾਹਮਣੇ ਖੂਹੀ ਕੋਲ ਬੈਠ ਗਏ। ਸਿੰਘਾਂ ਦੀ ਡਿਉਟੀ ਲਾ ਦਿੱਤੀ ਕਿ ਮੇਰੇ ਸਰੀਰ ਉਤੇ ਪਾਣੀ ਪਾਈ ਜਾਉ। ਸਿੰਘ ਆਖਦੇ ਹਨ ਕਿ ਬਾਬਾ ਜੀ ਇਹ ਕੀ ਕੌਤਕ ਹੈ ਤਾਂ ਬਾਬਾ ਜੀ ਕਹਿੰਦੇ ਹਨ ਕਿ ਦੱਸਾਂਗੇ। ਇੱਧਰ ਗੁਰਬਖਸ਼ ਸਿੰਘ ਨੂੰ ਕੋਈ ਸੇਕ ਨਾ ਲੱਗਾ। ਜਦੋਂ ਅੰਗਰੇਜ਼ ਨੇ ਵੇਖਿਆ ਕਿ ਇਸ ਨੂੰ ਤਾਂ ਕੋਈ ਤਕਲੀਫ ਨਹੀਂ ਹੋਈ ਨਾ ਹੀ ਇਸ ਨੇ ਕੋਈ ਈਨ ਮੰਨੀ ਹੈ। ਖਿਮਾਂ ਮੰਗਦੇ ਹਨ ਤੇ ਮਹਾਂਪੁਰਖਾਂ ਨੂੰ ਛੱਡ ਦਿੰਦੇ ਹਨ। ਫਿਰ ਬਾਬਾ ਜੀ ਦੇ ਦਰਸ਼ਨਾਂ ਨੂੰ ਹਰਖੋਵਾਲ ਆਏ ਤਾਂ ਬਾਬਾ ਜੀ ਪੁੱਛਦੇ ਹਨ ਕਿ ਗੁਰਬਖਸ਼ ਸਿੰਘ ਕੋਈ ਸੇਕ ਤਾਂ ਨਹੀਂ ਲੱਗਿਆ ਸੀ ਤਾਂ ਕਹਿੰਦੇ ਹਨ ਕਿ ਬਾਬਾ ਜੀ ਆਪ ਜੀ ਦਾ ਮਿਹਰ ਭਰਿਆ ਹੱਥ ਸਿਰ ਤੇ ਸੀ ਤਾ ਸੇਕ ਕਿਸ ਤਰ੍ਹਾਂ ਲੱਗ ਸਕਦਾ ਸੀ। ਫਿਰ ਸੇਵਾਦਾਰਾਂ ਨੂੰ ਪਿਤਾ ਲੱਗਿਆ ਕਿ ਇਹ ਕੋਈ ਅੰਤਰੀਵੀ ਚੋਜ਼ ਸੀ।

ਇਸੇ ਤਰ੍ਹਾਂ ਤਨੁੰਲੀ ਨਗਰ ਤੋਂ ਮਿਸਤਰੀ ਵਤਨ ਸਿੰਘ ਪੁਤਰ ਦੀ ਜਾਚਨਾ ਕੀਤੀ। ਮਹਾਂਪੁਰਸ਼ਾਂ ਦੀ ਅਸ਼ੀਰਵਾਦ ਨਾਲ ਪੁੱਤਰ ਦੀ ਦਾਤ ਪ੍ਰਾਪਤ ਹੋ ਗਈ। ਉਨ੍ਹਾਂ ਦੇ ਘਰੋਂ ਬੀਬੀ ਨੇ ਰੋਜ਼ ਡੇਰੇ ਦੀ ਸੇਵਾ ਵਾਸਤੇ ਆਉਣਾਂ ਅਤੇ ਕਹਿਣਾਂ ਕਿ ਬਾਬਾ ਜੀ ਰਸਤੇ ਵਿੱਚ ਬੀਬੀ ਦੀ ਪੰਡੋਰੀ ਮੁਸਲਮਾਨਾਂ ਦਾ ਨਗਰ ਹੈ ਕਈ ਵਾਰ ਮੁਹੱਲਿਆਂ ਵਿੱਚ ਨੌਜਵਾਲ ਮੁੰਡੇ ਬੈਠੇ ਹੁੰਦੇ ਹਨ ਕਿਰਪਾ ਰੱਖਣੀਂ ਤਾਂ ਬਾਬਾ ਜੀ ਕਹਿਣ ਲੱਗੇ ਜਦੋਂ ਤੁਸੀਂ ਗੁਰ ਨਾਨਕ ਦੇ ਦਰਬਾਰ ਆਂਉਦੇ ਹੋ ਤਾਂ ਸ਼ਹੀਦ ਰੂਹਾਂ ਗੁਪਤ ਰੂਪ ਵਿੱਚ ਤੁਹਾਡੇ ਨਾਲ ਚੱਲ ਪੈਂਦੀਆਂ ਹਨ। ਬੀਬੀ ਆ ਰਹੀ ਸੀ ਤਾਂ ਮਨ ਵਿੱਚ ਕੁਝ ਸੰਸਾ ਹੋਇਆ ।ਉਸੇ ਵੇਲੇ ਘੋੜੇ ਤੇ ਸਵਾਰ ਸ਼ਹੀਦ ਸਿੰਘਾਂ ਦੇ ਦਰਸ਼ਨ ਹੋਏ।

ਇਸੇ ਤਰਾਂ ਪਹਿਲੇ ਕਾਲ ਵਿੱਚ ਮਹਾਂਪੁਰਸ਼ਾਂ ਨੇ ਹਲਟ ਤੇ ਇਸ਼ਨਾਨ ਕਰਨਾ ਅਤੇ ਸ਼ਹੀਦੀ ਫੌਜਾਂ ਨੇ ਹਲਟ ਗੇੜਨਾਂ। ਸਿੰਘਾਂ ਨੇ ਦਰਸ਼ਨ ਕੀਤੇ। ਇਸ ਤਰ੍ਹਾਂ ਦੇ ਬਿਅੰਤ ਚੋਜ਼ ਸਿੰਘ ਦੇਖਦੇ ਰਹੇ। ਸੋ ਸਰਦਾਰ ਕੇਹਰ ਸਿੰਘ, ਬੰਤਾ ਸਿੰਘ,ਮਿਹਰ ਸਿੰਘ ਮਰਨਾਈਆਂ ਪਿੰਡ ਤੋਂ ਮਹਾਂਪੁਰਸ਼ਾਂ ਦੇ ਅਨਿਨ ਸ਼ਰਧਾਲੂ ਸਨ। ਕੇਹਰ ਸਿੰਘ ਨੇ 5 ਸੁਖਮਨੀ ਸਾਹਿਬ ਦੇ ਨਿਤਨੇਮ ਰੋਜ਼ ਕਰਨੇ। ਮਹਾਂਪੁਰਸ਼ਾਂ ਨੂੰ ਸੁਖਮਨੀ ਸਾਹਿਬ ਦਾ ਪਾਠ ਸੁਨਾਉਣਾਂ। ਨੇਤਰ ਜਾਂਦੇ ਰਹੇ ਅਤੇ ਬੇਨਤੀ ਕੀਤੀ ਕਿ ਬਾਬਾ ਜੀ ਕਿਰਪਾ ਕਰੋ। ਹੁਕਮ ਹੋਇਆ ਕਿ ਅਖੰਡਪਾਠ ਸਾਹਿਬ ਰੱਖੇ ਜਾਣ ਅਤੇ ਪੂਰਾ ਬੈਠ ਕੇ ਸੁਣਨਾਂ। ਕੇਹਰ ਸਿੰਘ ਦੀ ਭੈਣ ਦੱਸਦੀ ਸੀ ਕਿ ਰਾਤ ਨੂੰ ਕੇਹਰ ਸਿੰਘ ਬੈਠਾ ਰਿਹਾ ਅਤੇ ਉਸ ਨੂੰ ਗ੍ਰੰਥੀ ਸਿੰਘ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਹੋਣ ਲੱਗ ਪਏ। ਪਰ ਲੋਅ ਜਾਂਦੀ ਰਹੀ। ਫਿਰ ਬੇਨਤੀ ਕੀਤੀ ਬਾਬਾ ਜੀ ਕਹਿਣ ਲੱਗੇ ਕਿ ਭਾਈ ਪ੍ਰਾਰਬਧ ਰੂਪੀ ਕਰਮ ਨਹੀਂ ਕੱਟਿਆ ਗਿਆ। ਕਿਰੇਮਾਨ ਤੇ ਸੰਚਿਤ ਰੂਪੀ ਕਰਮ ਨਵਿਰਤ ਹੋ ਜਾਂਦੇ ਹਨ ਪਰ ਪ੍ਰਾਰਬਧ ਰੂਪੀ ਕਰਮ ਭੋਗਣੇਂ ਪੈਂਦੇ ਹਨ।

## ਅਧਿਆਇ 20

ਸਰਦਾਰ ਲਛਮਣ ਸਿੰਘ ਕਾਲਰੇ ਵਾਲੇ ਜੋ ਅਨਪੜ੍ਹ ਸਨ ਪਰ ਜ਼ਮੀਨ ਜਾਇਦਾਦ ਖਾਸੀ ਸੀ। ਇਨ੍ਹਾਂ ਦੇ ਘਰੋਂ ਮਾਤਾ ਆ ਕੇ ਲੜ੍ਹ ਪਈ ਤੇ ਕਹਿਣ ਲੱਗੀ ਕਿ ਇਹ ਤਾਂ ਤੁਹਾਡੇ ਦਰਸ਼ਨਾਂ ਨੂੰ ਤੁਰਿਆ ਰਹਿੰਦਾ ਹੈ। ਇਸ ਦੇ ਮੁੰਡੇ ਕੁੜੀਆਂ ਨੂੰ ਕੌਦ ਵਿਆਹੇਗਾ। ਬਾਬਾ ਜੀ ਕਹਿਣ ਲੱਗੇ ਕਿ ਅਕਾਲ ਪੁਰਖ ਨੂੰ ਸਭ ਦਾ ਫਿਕਰ ਹੈ। ਇਹ ਤਾਂ ਆਇਆ ਹੀ ਸਾਧ ਸੰਗਤ ਦੀ ਸੇਵਾ ਵਾਸਤੇ ਹੈ। ਮਹਾਰਾਜ ਦੀ ਕਿਰਪਾ ਨਾਲ ਉਸ ਦੇ ਲੜਕੇ ਵਿਲਾਇਤ ਚਲੇ ਗਏ। ਸੋ ਇਸੇ ਤਰ੍ਹਾਂ ਜਰਨੈਲ ਸਿੰਘ ਤੇ ਕਈ ਪ੍ਰਕਾਰ ਦੇ ਕਸ਼ਟ ਆਏ। ਫਾਂਸੀ ਦੀ ਸਜ਼ਾ ਹੋ ਗਈ। ਬੀਬੀ ਸ਼ਕੁੰਤਲਾ ਸ: ਲਛਮਣ ਸਿੰਘ ਨੂੰ ਨਾਲ ਲੈ ਕੇ ਬਾਬਾ ਜੀ ਪਾਸ ਆਈ। ਬਾਬਾ ਜੀ ਕਹਿਣ ਲੱਗੇ ਕਿ ਮਾਲਾ ਲੈ ਕੇ ਆਉ ਅਤੇ ਗਿਆਨ ਸਿੰਘ ਨੂੰ ਪੁੱਛਿਆ ਜੋ ਕਿ ਮਨੀਮਾਜ਼ਰੇ ਸੇਵਾ ਕਰਾਂਉਦੇ ਸਨ ਤੇ ਕਿਹਾ ਕਿ ਸੰਤ ਪ੍ਰੇਮ ਸਿੰਘ ਡੁਮੇਲੀ ਵਾਲਿਆਂ ਨੂੰ ਮਾਲਾ ਦਿਉ। ਮਹਾਂਪੁਰਸ਼ਾਂ ਨੇ ਤਿੰਨ ਵਾਰੀ ਮਾਲਾ ਘੁਮਾਈ ਅਤੇ ਤਿੰਨੇ ਹੀ ਫਾਂਸੀਆਂ ਤੋੜ ਦਿੱਤੀਆਂ। ਜਰਨੈਲ ਸਿੰਘ ਦਾ ਜੀਵਨ ਸਦਾ ਲਈ ਤਬਦੀਲ ਕਰ ਦਿੱਤਾ।

ਕਾਲਰੇ ਨਗਰ ਤੋਂ ਹੀ ਅਜੀਤ ਸਿੰਘ ਲੜਕੇ ਦੀ ਮੁਰਾਦ ਲੈਣ ਲਈ ਬਾਬਾ ਜਵਾਲਾ ਸਿੰਘ ਜੀ ਪਾਸ ਆਏ। ਬਾਬਾ ਜੀ ਨੇ ਬੀਬੀ ਦੀ ਝੋਲੀ ਫਲ ਪਾ ਕੇ ਕਿਹਾ ਕਿ ਸਤਿਗੁਰ ਸਾਚੇ ਦੀਆ ਭੇਜਿ' ਸ਼ਬਦ ਦਾ ਜਾਪ ਕਰਿਆ ਕਰੋ। ਰੋਜ਼ 25 ਜਪੁਜੀ ਸਾਹਿਬ ਪੜ੍ਹਨੇ ਤੇ ਨਿਤਨੇਮ ਕਰਨਾ। ਗੁਰਦੁਆਰੇ ਆ ਕੇ ਝਾੜੂ ਦੇਣਾਂ ਤੇ ਜੋੜੇ ਝਾੜਨੇ ਆਦਿਕ ਸੇਵਾਵਾਂ ਕਰਿਆ ਕਰੋ। ਜਦੋਂ ਸੇਵਾ ਸਿਮਰਨ ਕਰਕੇ ਦਾਤ ਪ੍ਰਾਪਤ ਕਰੀਏ ਤਾ ਗੁਰਸਿੱਖੀ ਜੀਵਨ ਵਾਲੇ ਬੱਚੇ ਪ੍ਰਾਪਤ ਹੁੰਦੇ ਹਨ। ਭਾਗ ਲੱਗੇ, ਪੁੱਤਰ ਦੀ ਦਾਤ ਬਖਸ਼ਿਸ਼ ਹੋਈ ਮੱਥਾ ਟਿਕਾਉਣ ਵਾਸਤੇ ਆਏ। ਆਸ਼ੀਰਵਾਦ ਪ੍ਰਾਪਤ ਹੋਈ ਅਤੇ ਕਿਹਾ ਕਿ ਹਰ ਸਾਲ ਪੁਸ਼ਾਕਾ ਸਿਉਂ ਕਿ ਮਹਾਂਪੁਰਸ਼ਾਂ ਲਈ ਲਿਆਉਣਾਂ।

ਕਾਲਰੇ ਨਗਰ ਤੋਂ ਹੀ ਸਰਦਾਰ ਉਜਾਗਰ ਸਿੰਘ ਜੋ ਪਹਿਲਾਂ ਮਹੰਤ ਠਾਕੁਰ ਦਾਸ ਉਦਾਸੀ ਦੇ ਪ੍ਰੇਮੀ ਸਨ। ਆਪ ਜੀ ਉਨ੍ਹਾਂ ਦੀ ਸੰਗਤ ਕਰਿਆ ਕਰਦੇ ਸਨ। ਉਪਰੰਤ ਤਪੱਸਵੀ ਮਹਿਤਾਬ ਸਿੰਘ ਜੀ ਕਾਲਰੇ ਨਦੀ ਦੇ ਕਿਨਾਰੇ ਕੁਟੀਆ ਵਿੱਚ ਰਹਿੰਦੇ ਸਨ, ਨਾਲ ਵੀ ਪ੍ਰੇਮ ਸੀ। ਇਸੇ ਤਰ੍ਹਾਂ ਬਾਬਾ ਠਾਕੁਰ ਦਾਸ ਤੋਂ ਬਾਦ ਪੰਡਿਤ ਸ਼ਾਮ ਦਾਸ ਜੀ ਮਹਾਨ ਵਿੱਦਵਾਨ ਸਨ। ਸੰਤ ਸੁਹੇਲ ਸਿੰਘ ਜੀ ਦੱਸਦੇ ਸਨ ਕਿ ਮਨੂ ਸਿਮਰਤੀ ਅਰਥਾਂ ਨਾਲ ਸੰਤ ਸ਼ਾਮ ਦਾਸ ਤੋਂ ਪੜ੍ਹੇ ਸਨ। ਦਾਸ ਨੇ ਜਿਨ੍ਹਾਂ ਤੋਂ ਵਿੱਦਿਆ ਪ੍ਰਾਪਤ ਕੀਤੀ ਹੈ। ਭਾਈ ਸੰਗਤ

ਸਿੰਘ ਜੀ, ਭਾਈ ਨਰੈਣ ਜੀ, ਭਾਈ ਵਖਤ ਮੱਲ, ਭਾਈ ਮੀਹਾਂ ਸਾਹਿਬ, ਬਾਬਾ ਲਖਮੀਰ ਸਾਹਿਬ ਇਹ ਨੌਵੇਂ ਪਾਤਸ਼ਾਹ ਦੇ ਸਿੱਖ ਹੋਏ ਹਨ। ਸੂਰਜ ਪ੍ਰਕਾਸ਼ ਵਿੱਚ ਇਨ੍ਹਾਂ ਦੀ ਵਿਆਖਿਆ ਹੈ। ਇਸੇ ਤਰ੍ਹਾਂ ਬੂੜ ਸਿੰਘ ਜੀ , ਕੋਕਰੀ ਕਲਾਂ ਤੋਂ ਉਨ੍ਹਾਂ ਦੇ ਸਪੁੱਤਰ ਬਾਬਾ ਕਾਬਲ ਸਿੰਘ ਜਿਨ੍ਹਾਂ ਨੇ ਜਥੇਦਾਰ ਕੂਮਾ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। 6 ਮਹੀਨੇ ਉਥੇ ਭਾਂਡੇ ਮਾਂਜੇ ਅਤੇ ਬਾਣੀ ਕੰਠ ਕੀਤੀ।ਫਿਰ ਜਥੇਦਾਰ ਨੇ ਕਿਹਾ ਕਿ  ਹੁਣ ਹਿਰਦਾ ਸ਼ੁੱਧ ਹੋ ਗਿਆ ਅਤੇ ਕਿਹਾ ਕਿ ਹੁਣ ਤੁਸੀਂ ਮਾਝੇ ਦੇ ਇਲਾਕੇ ਵਿੱਚ ਸਿੱਖੀ ਦਾ ਪ੍ਰਚਾਰ ਕਰੋ। ਨਾਲ ਨਾਲ ਮਾਲਵੇ ਦੀ ਵੀ ਸੇਵਾ ਕਰਦੇ ਰਹਿਣਾਂ। ਬਾਬਾ ਕਾਬੁਲ ਸਿੰਘ ਪੂਰਾ ਦਲ ਰੱਖਦੇ ਰਹੇ ਹਨ। ਜਦੋਂ ਅਬਦਾਲੀ ਨੇ ਹਰਿਮੰਦਰ ਸਾਹਿਬ ਦੀ ਬੇਅਦਬੀ ਕੀਤੀ ਨਵਾਬ ਕਪੂਰ ਸਿੰਘ ਜੀ ਨੂੰ ਸੇਵਾ ਮਿਲੀ। ਉਨ੍ਹਾਂ ਨੇ ਭਾਈ ਦੇਸ ਰਾਜ ਤੇ ਬਾਬਾ ਕਾਬੁਲ ਸਿੰਘ ਜੀ ਨੂੰ ਇਹ ਸੇਵਾ ਦਿੱਤੀ ਸੀ। ਜਦੋਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਆਇਆ ਤਾਂ ਗਿਆਨੀ ਸੰਤ ਸਿੰਘ ਜੋ ਉਸ ਵੇਲੇ ਸਿੰਘ ਸਾਹਿਬ ਸਨ। ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਅਕਾਲ ਤਖਤ ਅਤੇ ਦਰਬਾਰ ਸਾਹਿਬ ਤੇ ਸੋਨਾ ਲਾਉਣ ਦੀ ਸੇਵਾ ਬਖਸ਼ਿਸ਼ ਕੀਤੀ ਸੀ। ਮਹਾਰਾਜੇ ਨੇ ਇਹ ਬਚਨ ਮਨ ਕਰਕੇ ਨਿਭਾਇਆ। ਇਕ ਵਾਰ ਜਦੋਂ ਮਹਾਰਾਜਾ ਜੰਗ ਵਿੱਚ ਜ਼ਖਮੀ ਹੋ ਗਿਆ ਸੀ ਤਾਂ ਗਿਆਨੀ ਸੰਤ ਸਿੰਘ ਜੀ ਮਹਾਰਾਜੇ ਨੂੰ 8 ਮੀਲ ਘਨੇੜੀ ਚੁੱਕ ਕੇ ਲਿਆਏ ਸਨ। ਮਹਾਰਾਜੇ ਇਸ ਦਾ ਬਹੁਤ ਅਹਿਸਾਨ ਮੰਨਿਆ। ਮਹਾਰਾਜੇ ਨੇ ਰਾਜ਼ੀ ਹੋ ਕੇ ਕੋਈ ਮੰਗ ਮੰਗਣ ਲਈ ਕਿਹਾ। ਗਿਆਨੀ ਜੀ ਨੇ ਕਿਹਾ ਕਿ ਜਿਸ ਤਰ੍ਹਾਂ ਮੈਂ ਗੁਰੂ ਘਰਾਂ ਦੀ ਸੇਵਾ ਕਰਦਾਂ ਹਾਂ ਉਸੇ ਤਰ੍ਹਾਂ ਤੁਸੀਂ ਵੀ ਗੁਰੂ ਘਰਾਂ ਦੀ ਸੇਵਾ ਕਰੋ। ਉਦੋਂ ਤੋਂ ਹੀ ਰਾਜਨੀਤੀ ਦੇ ਨਾਲ ਨਾਲ ਗੁਰੂ ਘਰ ਦੀ ਸੇਵਾ, ਲੰਗਰਾਂ ਦੀ ਸੇਵਾ ਸ਼ੁਰੂ ਕਰ ਦਿੱਤੀ।

ਮਹਾਰਾਜਾ ਰਣਜੀਤ ਸਿੰਘ ਦੀ ਤਾਜਪੋਸ਼ੀ ਬਾਬਾ ਸਾਹਿਬ ਸਿੰਘ ਬੇਦੀ ਜੀ ਹੱਥੋਂ ਹੋਈ ਸੀ। ਜਦੋਂ ਬਾਬਾ ਜੀ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਦੀ ਮਕਾਣੀ ਗਏ ਸਨ, ਸਿੰਘਾਂ ਦੇ ਮਨ ਵਿਚ ਸੀ ਕਿ ਅਸੀਂ ਇਨ੍ਹਾਂ ਨੂੰ ਖਤਮ ਕਰ ਦੇਈਏ। ਬਾਬਾ ਜੀ ਨੇ ਰੱਖਿਆ ਕੀਤੀ ਸੀ। ਬਾਬਾ ਜੀ ਤੇ ਗੋਲੀਆਂ ਚਲਾਈਆਂ ਸਨ ਪਰ ਨਿਸਫਲ ਰਹੀਆਂ ਸਨ। ਬਾਬਾ ਜੀ ਨੇ ਸ੍ਰੀ ਸਾਹਿਬ ਸਜਾਈ, ਰਾਜ ਗੱਦੀ ਦਾ ਤਿਲਕ ਦੇ ਦਿੱਤਾ। ਜੋ ਬ੍ਰਹਮਬੂਟਾ ਅਖਾੜਾ ਦੇ ਮਹਾਂਪੁਰਸ਼ ਸਨ ਉਨ੍ਹਾਂ ਦੇ ਬਚਨਾਂ ਨਾਲ ਮਹਾਂਰਾਜਾ ਰਣਜੀਤ ਸਿੰਘ ਦਾ ਜਨਮ ਹੋਇਆ ਸੀ। ਜੋ ਗੁਰਮੁਖ ਪਿਆਰੇ ਗੁਰੂ ਘਰਾਂ ਦੀ ਸੇਵਾ ਕਰਦੇ ਹਨ, ਦ੍ਰਿੜਤਾ ਤੇ ਲਗਨ ਨਾਲ ਨਿਸ਼ਕਾਮ ਸੇਵਕ ਬਣ ਜਾਂਦੇ ਹਨ। ਬਾਬਾ ਜਵਾਲਾ ਸਿੰਘ ਜੀ ਫੁਰਮਾਇਆ ਕਰਦੇ ਸਨ ਕਿ ਜਿਸ ਤਰ੍ਹਾਂ ਪੰਛੀ ਦੋ ਖੰਭਾਂ ਤੋਂ ਬਿਨਾਂ ਉਡ ਨਹੀਂ ਸਕਦਾ ਉਸੇ ਤਰ੍ਹਾਂ ਸੇਵਾ ਤੋਂ ਬਿਨ੍ਹਾਂ ਆਤਮਾ ਦੀ ਸ਼ੁੱਧੀ ਨਹੀਂ ਹੁੰਦੀ ਤੇ ਸਿਮਰਨ ਦੁਆਰਾ ਮਨ ਦੀ ਸ਼ੁੱਧੀ ਹੁੰਦੀ ਹੈ।

ਸਰਦਾਰ ਉਜਾਗਰ ਸਿੰਘ ਤੇ ਬਾਬਾ ਪ੍ਰੀਤਮ ਸਿੰਘ ਮਾਨਖੇੜੀ ਵਾਲੇ ਅਤੇ ਸੰਤ ਬਾਬਾ ਅਜੀਤ ਸਿੰਘ ਨਸਲਪੁਰ ਵਾਲੇ ਉਨ੍ਹਾਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਸੰਤ ਭਾਗ ਸਿੰਘ ਡਰੋਲੀ ਕਲਾਂ ਵਾਲੇ ਮਹਾਨ ਗੁਰਮੁਖ ਪਿਆਰੇ ਸੇਵਕ ਸਨ ਅਤੇ ਆਸ਼ੀਰਵਾਦ ਦੇ ਪਾਤਰ ਸਨ। ਸੰਤ ਬਾਬਾ ਬਸੰਤ ਸਿੰਘ ਬ੍ਰਹਮਗਿਆਨੀ ਬਾਬਾ ਹਰਨਾਮ ਸਿੰਘ ਜੀ ਕੋਲ ਗਏ ਕਿ ਮੈਂ ਸਾਧੂ ਬਣਨਾ ਚਾਹੁੰਦਾਂ ਹਾਂ। ਮਹਾਂਪੁਰਸ਼ਾਂ ਨੇ ਵਿਧੀ ਮਰਿਯਾਦਾ ਪੂਰਕ ਸਮਝਾ ਦਿੱਤੀ ਤੇ ਕਿਹਾ ਕਿ ਜੌਹਲਾਂ ਦੇ ਇਲਾਕੇ ਵਿੱਚ ਜਾ ਕੇ ਤਪੱਸਿਆ ਕਰੋ। ਮਹਾਂਪੁਰਸ਼ਾਂ ਨੇ 62 ਸਾਲ ਤਪੱਸਿਆ ਕੀਤੀ। ਨੌਵੇਂ ਪਾਤਸ਼ਾਹ ਇਸ ਇਲਾਕੇ ਵਿੱਚ ਆਏ। ਲੋਕਾਂ ਨੇ ਬੇਨਤੀ ਕੀਤੀ ਕਿ ਇਹ ਨੱਗਰ ਵਸਦਾ ਨਹੀਂ ਸਗੋਂ ਕਿ ਉਜੜ ਜਾਂਦਾ ਹੈ। ਨੌਵੇਂ ਪਾਤਸ਼ਾਹ ਨੇ ਮੋਹਰ ਸੁੱਟੀ ਤੇ ਕਿਹਾ ਕਿ ਕਹੀ ਨਾਲ ਵੱਢੋ ਕਈ ਟੁਕੜੇ ਹੋ ਗਏ, ਕਿਹਾ ਕਿ ਇਹ ਹਜ਼ਾਰਾਂ ਵਿੱਚ ਵਸੇਗਾ। ਉਦੋਂ ਤੋਂ ਹੀ ਨਗਰ ਦਾ ਨਾਂ ਹਜ਼ਾਰਾ ਪੈ ਗਿਆ। ਇਕ ਵਾਰ ਦਾਸ ਸ: ਲਛਮਣ ਸਿੰਘ ਦੇ ਨਾਲ ਬਾਬਾ ਬਸੰਤ ਸਿੰਘ ਜੀ ਨੂੰ ਮਿਲਣ ਵਾਸਤੇ ਗਏ। ਉਥੇ

ਦਾਸ ਬਾਰੇ ਬਾਬਾ ਜੀ ਨੂੰ ਦੱਸਿਆ ਕਿ ਇਹ ਹਰਖੋਵਾਲੀਆਂ ਦੇ ਲਾਏ ਬੂਟੇ ਸਾਡੇ ਪੜਦੇ ਹਨ। ਨੇਤਰਾਂ ਵਿੱਚ ਜਲ ਭਰ ਆਇਆ। ਇੱਕ ਵਾਰ ਸੰਤ ਬਾਬਾ ਬਸੰਤ ਸਿੰਘ ਜੀ ਇਕ ਗ੍ਰੰਥੀ ਸਿੰਘ ਤੋਂ ਪੁੱਛਣ ਲੱਗੇ ਕਿ ਤੁਸੀਂ ਚੂਲੀਆਂ ਕਰਕੇ ਪਾਣੀ ਕਿਥੇ ਸੁੱਟਦੇ ਹੋ ਤਾਂ ਉਸ ਨੇ ਕਿਹਾ ਕਿ ਜਿਥੇ ਮਰਜ਼ੀ ਸੁਟ ਦਿੰਦੇ ਹਾਂ ਤਾਂ ਬਾਬਾ ਜੀ ਨੇ ਫੁਰਮਾਇਆ ਕਿ ਕਿਸੇ ਦਰੱਖਤ ਦੇ ਮੁੱਢ ਸੁਟ ਦਿਆ ਕਰੋ। ਇਸ ਨਾਲ ਦਰੱਖਤ ਦਾ ਵੀ ਭਲਾ ਹੋ ਜਾਵੇਗਾ ਕਿਉਂਕਿ ਤੁਸੀਂ ਬਾਣੀ ਪੜ੍ਹਦੇ ਹੋ, ਪਾਣੀ ਪਵਿੱਤਰ ਹੋ ਜਾਂਦਾ ਹੈ। ਜਿਸ ਜਗ੍ਹਾਂ ਤੇ ਮਹਾਂਪੁਰਸ਼ਾਂ ਨੇ ਤਪੱਸਿਆ ਕੀਤੀ ਉਥੇ ਹੁਣ ਸ਼ੀਸ਼ ਮਹਲ ਬਣੇ ਹੋਏ ਹਨ। ਮਹੀਨੇ ਵਿੱਚ ਦੋ ਵਾਰ ਅੰਮ੍ਰਿਤ ਪ੍ਰਚਾਰ ਹੁੰਦਾ ਹੈ।

ਭਾਈ ਲਛਮਣ ਸਿੰਘ ਨੂੰ ਜਦੋਂ ਵੀ ਕੋਈ ਸੰਤ ਗਾਹੇ-ਬਗਾਹੇ ਮਿਲ ਜਾਣਾ। ਉਸ ਨੂੰ ਘਰ ਲਿਆ ਕੇ ਸੇਵਾ ਕਰਨੀ ਤੇ ਗਿਆਨ ਦੀਆਂ ਗੱਲਾਂ ਸੁਨਣੀਆਂ। ਭਾਈ ਲਛਮਣ ਸਿੰਘ ਨੇ ਸ: ਉਜਾਗਰ ਸਿੰਘ ਨੂੰ ਸੰਤ ਬਾਬਾ ਜਵਾਲਾ ਸਿੰਘ ਜੀ ਬਾਰੇ ਦੱਸਿਆ ਕਹਿਣ ਲੱਗੇ, ਕਿ ਆਪੇ ਦਰਸ਼ਨ ਦੇਣਗੇ। ਮਨ ਵਿੱਚ ਸੰਕਲਪ ਕੀਤਾ ਕਿ ਜੇ ਮਹਾਂਪੁਰਸ਼ ਆਪੇ ਆ ਕੇ ਦਰਸ਼ਨ ਦੇਣਗੇ ਤਾਂ ਭੇਟਾ ਵਿੱਚ ਦੁਧ ਅਤੇ ਪੁੱਤ ਭੇਟਾ ਕਰਾਂਗਾ। ਮਹਾਂਪੁਰਸ਼ ਆਪ ਸ: ਉਜਾਗਰ ਸਿੰਘ ਦੇ ਘਰ ਆਏ ਤਾਂ ਉਨ੍ਹਾਂ ਨੇ ਉਸੇ ਦਿਨ ਹੀ ਮੱਝ ਲੰਗਰ ਦੇ ਦੁੱਧ ਵਾਸਤੇ ਭੇਜ ਦਿੱਤੀ ਅਤੇ 5 ਸਾਲ ਦੀ ਉਨ੍ਹਾਂ ਦਾਸ ਨੂੰ ਦਰਸ਼ਨੀ ਭੇਟ ਰੂਪ ਵਿੱਚ ਚੜ੍ਹਾਇਆ। ਮਹਾਂਪੁਰਸ਼ਾਂ ਨੇ ਆਗਿਆ ਕੀਤੀ ਕਿ ਬੱਚੇ ਨੂੰ ਵਿੱਦਿਆ ਸਕੂਲਾਂ ਕਾਲਜਾਂ ਤੋਂ ਇਲਾਵਾ ਸੰਸਕ੍ਰਿਤ ਵੀ ਪੜ੍ਹਾਉਣੀਂ, ਕੀਰਤਨ ਵੀ ਸਿਖਾਉਣਾਂ। ਸਮੇਂ ਅਨੁਸਾਰ ਦਾਸ ਨੇ ਬਾਬਾ ਕਾਬੁਲ ਸਿੰਘ, ਬਾਬਾ ਸੰਗਤ ਸਿੰਘ ਜੀ ਮਹਾਂ ਮੰਡਲੇਸ਼ਵਰ ਵਾਲੇ, ਪੰਡਿਤ ਕਰਤਾਰ ਸਿੰਘ ਤੋਂ ਬਾਬਾ ਹਰਨਾਮ ਸਿੰਘ ਭੁਚੋਂ ਵਾਲਿਆਂ ਨੇ ਵਿੱਦਿਆ ਹਾਸਿਲ ਕੀਤੀ। ਮਹਾਂਪੁਰਸ਼ ਗਿਆਨੀ ਕਰਤਾਰ ਸਿੰਘ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਲਿਖਾਉਣੇ। ਕਦੀ ਸੰਸਕ੍ਰਿਤ ਵੀ ਪੜ੍ਹਾਉਣੀਂ। ਬਾਬਾ ਸੁਹੇਲ ਸਿੰਘ ਜੀ ਦਾ ਨਗਰ ਕਾਲਰਾ ਵਿਖੇ ਲੰਬੜਦਾਰਾਂ ਦੇ ਘਰ ਜਨਮ ਹੋਇਆ। ਸੰਤ ਉਦੇ ਸਿੰਘ ਜੋ ਗਿਆਨੀ ਲਾਲ ਸਿੰਘ ਤੇ ਸੰਤ ਹੀਰਾ ਸਿੰਘ ਸਿੰਗੜੀ ਵਾਲੇ ਦੇ ਗੁਰਭਾਈ ਸਨ। ਭਾਈ ਕੀ ਡਰੋਲੀ ਵਿੱਦਿਆ ਦੀ ਟਕਸਾਲ ਚਲਦੀ ਸੀ।

ਬਾਬਾ ਮੀਹਾਂ ਸਿੰਘ ਉਦੇ ਸਿੰਘ ਤੇ ਹੋਰ ਪਿੰਡ ਦੇ ਬਜੁਰਗ ਕਥਾ ਸੁਨਣ ਜਾਂਦੇ ਸਨ। ਸੰਤ ਉਦੇ ਸਿੰਘ ਇਕ ਵਾਰ ਪੰਚਾਇਤੀ ਅਖਾੜੇ ਵਿੱਚ ਚਲੇ ਗਏ। ਫਿਰ ਬੇਨਤੀ ਕਰਕੇ ਇਨ੍ਹਾਂ ਦੇ ਘਰੋਂ ਮਾਤਾ ਜੀ ਲੈ ਆਏ। ਫਰੀਦਕੋਟੀਏ ਟੀਕੇ ਦੀ ਕਥਾ ਕਰਨੀ ਬਿਅੰਤ ਸਿੰਘਾਂ ਨੇ ਸੁਨਣ ਜਾਣੀ। ਬਾਬਾ ਸੁਹੇਲ ਸਿੰਘ ਵੀ ਜਾਂਦੇ ਰਹੇ। ਆਪ ਜੀ ਨੂੰ ਕਥਾ ਦਾ ਪ੍ਰੇਮ ਹੋ ਗਿਆ। ਉਨ੍ਹਾਂ ਦੇ ਸ਼ਰੀਕ ਕੁਝ ਕਾਰੋਬਾਰ ਵਿਚ ਰੋਕ ਟੋਕ ਕਰਨ ਲੱਗੇ। ਮਹਾਂਪੁਰਸ਼ਾਂ ਨੂੰ ਬੇਨਤੀ ਕੀਤੀ ਕਿ ਮੈਂ ਸਾਧੂ ਬਨਣਾਂ ਹੈ। ਉਨ੍ਹਾਂ ਨੇ ਭਗਵੇਂ ਲੀੜੇ ਪਾ ਦਿੱਤੇ। ਆਪ ਨੇ ਤਿੰਨ ਸਾਲ ਪੰਡਿਤ ਮੂਲ ਰਾਜ ਜੀ ਤੋਂ ਅਧਿਆਤਮ ਵਿੱਦਿਆ, ਬਾਬਾ ਹਮੀਰ ਸਿੰਘ ਤੇ ਤਿੰਨ ਸਾਲ ਗੁਰਮਤਿ ਵਿੱਦਿਆ ਹਾਸਿਲ ਕੀਤੀ। 12 ਸਾਲ ਆਪ ਨੇ ਹਰਿਦੁਆਰ ਵਿਦਿਆ ਹਾਸਿਲ ਕੀਤੀ।

ਸ: ਉਜਾਗਰ ਸਿੰਘ ਜੀ ਦਾ ਪੰਡਿਤ ਸੁਹੇਲ ਸਿੰਘ ਜੀ ਨਾਲ ਬਹੁਤ ਪਿਆਰ ਸੀ। ਸੰਤ ਬਾਬਾ ਜਵਾਲਾ ਸਿੰਘ ਜੀ ਦੀ ਸੰਗਤ ਇਸ ਗੁਰਮੁਖ ਪਿਆਰੇ ਨੂੰ ਪ੍ਰਾਪਤ ਸੀ। ਬਾਬਾ ਜਵਾਲਾ ਸਿੰਘ ਜੀ ਦਾ ਕਾਲਰੇ ਨਗਰ ਕਾਫੀ ਆਉਣਾਂ ਜਾਣਾ ਸੀ। ਸੰਤ ਰੱਖਾ ਸਿੰਘ, ਸੰਤ ਵਿਸਾਖਾ ਸਿੰਘ ਮਹਾਂਪੁਰਸ਼, ਆਜ਼ਾਦੀ ਘੁਲਾਟੀਏ ਇਸ ਨੱਗਰ ਦੇ ਹੋਏ ਹਨ। ਸਰਦਾਰ ਉਜਾਗਰ ਸਿੰਘ ਜੀ ਦੇ ਗ੍ਰਹਿ ਵਿਖੇ ਇਕ ਵਾਰ ਬਾਬਾ ਜਵਾਲਾ ਸਿੰਘ, ਮਸਤ ਜੀ ਤੇ ਬਾਬਾ ਮਹਿੰਦਰ ਸਿੰਘ ਜੀ ਆਏ ਸਨ। ਇਸੇ ਤਰ੍ਹਾਂ ਮਿਸਤਰੀ ਸਰਦਾਰਾ ਸਿੰਘ ਉਨ੍ਹਾਂ ਨਾਲ ਮਹਾਂਪੁਰਸ਼ਾਂ ਦਾ ਬੜਾ ਪਿਆਰ ਸੀ। ਭਾਈ,

ਅਠਸਠਿ ਤੀਰਥ ਜਹ ਸਾਧ ਪਗ ਧਰਹਿ ॥ **(ਪੰਨਾਂ 890)**

ਇਹੋ ਜਿਹੀ ਕ੍ਰਿਆ ਬਤਾਈ ਹੈ ਸਾਧੂ ਦੀ ਗੁਰੂ ਗ੍ਰੰਥ ਸਾਹਿਬ ਵਿੱਚ। ਬਾਬਾ ਜਵਾਲਾ ਸਿੰਘ ਜੀ ਨੇ ਸਾਰੀ ਉਮਰ ਹੀ ਗੁਰੂ ਅਸਥਾਨਾਂ ਵਿੱਚ ਗੁਜ਼ਾਰੀ ।

## ਅਧਿਆਇ 21

ਬਾਬਾ ਤ੍ਰਿਲੋਕ ਸਿੰਘ ਜੀ ਤਲਵੰਡੀ ਸਾਬੋ ਪੰਜਵੇਂ ਤਖਤ ਦੀ ਸੇਵਾ ਕਰਦੇ ਸਨ। ਆਪ ਨੇ ਬਾਬਾ ਜਵਾਲਾ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਮਾਤਾ ਸਾਹਿਬ ਕੌਰ ਜੀ ਤੇ ਮਾਤਾ ਸੁੰਦਰ ਕੌਰ ਜੀ ਦੇ ਅਸਥਾਨ ਦੀ ਹਾਲਤ ਬਹੁਤ ਖਸਤਾ ਹੈ। ਉਥੇ ਗੁਰਦੁਆਰਾ ਸਾਹਿਬ ਅਤੇ ਸਰੋਵਰ ਬਣਾਏ ਗਏ। ਪੰਜਾਂ ਪਿਆਰਿਆਂ ਦੁਆਰਾ ਨੀਂਹ ਪੱਥਰ ਰੱਖਿਆ ਗਿਆ। ਵਿਸਾਖੀ ਦੇ ਪੁਰਬ ਤੇ ਇਸ ਸਥਾਨ ਤੇ ਲੰਗਰ ਦੀ ਪ੍ਰਥਾ ਚਲਾਈ ਜੋ ਅੱਜ ਵੀ ਜਾਰੀ ਹੈ। ਦਾਸ ਪਿਛਲੇ ਦਿਨਾਂ ਵਿੱਚ ਉਥੇ ਗਏ ਤਾਂ ਸੰਗਤਾਂ ਨੇ ਬੇਨਤੀ ਕੀਤੀ ਕਿ ਤੁਸੀਂ ਜ਼ਰੂਰ ਇਥੇ ਆਇਆ ਕਰੋ। ਇਸ ਤਰ੍ਹਾਂ ਮਹਾਂਪੁਰਸ਼ਾਂ ਦੀ ਯਾਦ ਬਣੀ ਰਹਿੰਦੀ ਹੈ। ਬਾਬਾ ਜਵਾਲਾ ਸਿੰਘ ਆਪ ਜਾ ਕੇ ਲੰਗਰ ਉਥੇ ਲਾਉਂਦੇ ਰਹੇ। ਮਾਘੀ ਤੇ ਮੁਕਤਸਰ ਜਾ ਕੇ ਦੀਵਾਨ ਤੇ ਲੰਗਰ ਸਜਾਂਉਦੇ ਸਨ ਨਾਲ ਹੀ ਅੰਮ੍ਰਿਤ ਸੰਚਾਰ ਕਰਾਉਂਦੇ ਸਨ। ਬਾਬਾ ਜੀ ਸਾਰੇ ਹਿੰਦੁਸਤਾਨ ਵਿਚ ਤੀਰਥਾਂ ਤੇ ਵਿਚਰਦੇ ਰਹੇ। ਸਾਰੇ ਹੀ ਮਹਾਂਪੁਰਸ਼ਾਂ ਦੇ ਅਸਥਾਨਾਂ ਤੇ ਜਾਂਦੇ ਸਨ ਤੇ ਸਾਰੀਆਂ ਹੀ ਸੰਪਰਦਾਵਾਂ ਨਾਲ ਪਿਆਰ ਰੱਖਦੇ ਸਨ। ਬਾਬਾ ਪ੍ਰਤਾਪ ਸਿੰਘ ਜੀ ਦੇ ਬੇਨਤੀ ਤੋਂ ਆਪ ਭੈਣੀ ਸਾਹਿਬ ਗਏ। ਦੀਵਾਨ ਸਜਿਆ ਹੋਇਆ ਸੀ। ਬਾਬਾ ਪ੍ਰਤਾਪ ਸਿੰਘ ਜੀ ਨੇ ਸਟੇਜ ਤੇ ਉਠ ਕਿਹਾ ਕਿ ਜੇ ਕਿਸੇ ਨੇ ਬ੍ਰਹਮਗਿਆਨੀ ਦੇ ਦਰਸ਼ਨ ਕਰਨੇ ਹਨ ਤਾਂ ਇਨ੍ਹਾਂ ਦੇ ਦਰਸ਼ਨ ਕਰੋ। ਸਤਿਗੁਰਾਂ ਦੀ ਇਨ੍ਹਾਂ ਤੇ ਮਹਾਨ ਕਿਰਪਾ ਹੈ। ਬਾਬਾ ਪ੍ਰਤਾਪ ਸਿੰਘ ਜੀ ਬਾਬਾ ਜੀ ਨਾਲ ਬੜਾ ਪ੍ਰੇਮ ਰੱਖਦੇ ਸਨ।

ਇਕ ਵਾਰ ਬਾਬਾ ਜਵਾਲਾ ਸਿੰਘ ਰਿਸ਼ੀਕੇਸ਼ ਹਰਿਦੁਆਰ ਗਏ। ਸੰਤ ਗੁਰਬਖਸ਼ ਸਿੰਘ, ਬੀਬੀ ਦਯਾ ਕੌਰ, ਗਿਆਨੀ ਅਮਰ ਸਿੰਘ ਤੇ ਹੋਰ ਸੇਵਾਦਾਰ ਵੀ ਨਾਲ ਸਨ। ਇਕਾਂਤ ਵਾਸ ਕੀਤਾ।ਉਥੇ ਇਕ ਛਪੜੀ ਸੀ ਇਸ ਤੇ ਹਰੇ ਰੰਗ ਦਾ ਬੂਰ ਸੀ । ਬਾਬਾ ਜੀ ਨੇ ਆਪਣੇ ਕਪੜੇ ਉਤਾਰੇ ਤੇ ਗੁਰਬਖਸ਼ ਸਿੰਘ ਨੂੰ ਕਿਹਾ ਕਿ ਇਸ ਪਾਣੀ ਵਿੱਚ ਇਹ ਕਪੜੇ ਰੰਗ ਦਿਉ। ਕਪੜੇ ਹਰੇ ਰੰਗ ਦੇ ਹੋ ਗਏ। ਕਹਿਣ ਲੱਗੇ ਕਿ ਜੈਸਾ ਦੇਸ ਵੈਸਾ ਭੇਸ। ਬਾਬਾ ਜੀ ਨੇ ਚੌਂਕੜਾ ਲਾਇਆ ਤੇ 21 ਦਿਨ ਸਮਾਧੀ ਲੱਗੀ ਰਹੀ। ਫਿਰ ਇਕ ਗੈਬੀ ਰੂਹ, ਸੋਨੇ ਰੰਗੀਆਂ ਬਾਂਬਰੀਆਂ, ਸੋਨੇ ਰੰਗ ਦਾ ਸਰੀਰ ਤੇ ਸੋਨੇ ਦੇ ਥਾਲ ਵਿੱਚ ਭੋਜਨ ਲੈ ਕੇ ਆਈ। ਸੇਵਾਦਾਰਾਂ ਨੂੰ ਛਕਾਇਆ। ਹਰ ਗੁਰਾਹੀਂ ਵਿਚੋਂ ਵਖਰਾ ਹੀ ਸੁਆਦ ਆਉਂਦਾ ਸੀ। ਗੈਬੀ ਰੂਹ ਨੇ ਕਿਹਾ ਕਿ ਮਹਾਂਰਾਜ ਹੁਣ ਤਾਂ ਇੰਦਰ ਦਾ ਸਿੰਘਾਸਨ ਵੀ ਡੋਲਣ ਲੱਗ ਪਿਆ। ਚੌਂਕੜਾ ਖੁਲਿਆ ਤਾਂ ਉਹ ਗੈਬੀ ਰੂਹ ਆਦ੍ਰਿਸ਼ਟ ਹੋ ਗਈ।ਬਾਬੂ ਸੁਜਾਨ ਸਿੰਘ ਜੀ ਡਰੋਲੀ ਨਗਰ ਤੋਂ ਸਨ। ਆਪ ਬਾਬਾ ਜੀ ਦੇ ਅਨਿਨ ਸੇਵਕ ਸਨ। ਆਪ ਜੀ ਬਾਬਾ ਜੀ ਦੇ ਬਚਨ ਸੁਣਾਇਆ ਕਰਦੇ ਸਨ ਕਹਿੰਦੇ ਕਿ ਮੈਂ ਇਕ ਵਾਰ ਬੇਨਤੀ ਕੀਤੀ ਕਿ ਪ੍ਰਮੇਸ਼ਰ ਦੀ

ਮਾਇਆ ਕਿਵੇਂ ਪੈਂਦੀ ਤੇ ਕਿਵੇਂ ਲਹਿੰਦੀ ਹੈ। ਕਹਿੰਦੇ ਮੈਂ ਸਿੰਘਾਪੁਰ ਸੀ। ਮੈਂ ਆਪਣੇ ਕਾਰੋਬਾਰ ਤੋਂ ਵਾਪਿਸ ਆ ਰਿਹਾ ਸੀ ਕਿ ਵਾਰਿਸ਼ ਬਹੁਤ ਪੈਣ ਲੱਗ ਪਈ। ਮੈਂ ਉਥੇ ਲੜਕੀਆਂ ਦੇ ਕਾਲਜ਼ ਵਿੱਚ ਠਹਿਰ ਗਿਆ। 4, 500 ਲੜਕੀ ਹੋਵੇਗੀ ਜੋ ਖੁੱਲ੍ਹੇ ਬਚਨ ਕਰੀ ਜਾਣ। ਮੈਂ ਸ਼ਰਮਸਾਰ ਹੋਵਾਂ। ਮਨ ਵਿੱਚ ਬੇਨਤੀ ਕੀਤੀ ਕਿ ਮਹਾਂਪੁਰਸ਼ੋ ਮਨ ਦੀ ਅਵਸਥਾ ਵਿਚ ਕੋਈ ਤਰੁਟੀ ਨਾ ਆ ਜਾਵੇ। ਖਿਮਾ ਕਰੋ। ਇਤਨੇ ਨੂੰ ਬਾਰਸ਼ ਬੰਦ ਹੋ ਗਈ ਤੇ ਇਕ ਮੁਸਲਮਾਨ ਫਕੀਰ ਆਇਆ ਤੇ ਕਹਿਣ ਲੱਗਾ ਕਿ ਕਿਵੇਂ ਮਾਇਆ ਪਈ ਤੇ ਕਿਵੇਂ ਗਈ। ਬਾਬਾ ਜੀ ਫੁਰਮਾਂਉਦੇ ਸਨ ਕਿ ਜਦੋਂ ਕੋਈ ਮਹਾਂਪੁਰਸ਼ਾਂ ਦੀ ਸ਼ਰਨ ਵਿੱਚ ਆ ਜਾਂਦਾ ਹੈ ਉਹ ਮਾਇਆ ਆਦਿ ਦੇ ਜਾਲ ਤੋਂ ਬਚ ਜਾਂਦਾ ਹੈ।

ਬਾਬਾ ਈਸ਼ਰ ਸਿੰਘ ਜੀ ਦੋਧਰ ਵਾਲੇ ਬ੍ਰਹਮਗਿਆਨੀ ਵਿਰਕਤ ਆਤਮਾ ਨਿਰਮਲ ਮੰਡਲੀਏ ਸਨ। ਉਨ੍ਹਾਂ ਤੋਂ ਇਕ ਵਾਰ ਪੁਛਿਆ ਕਿ ਆਪ ਦੇ ਮਨ ਦੀ ਅਵਸਥਾ ਦੱਸੋ। ਕਹਿਣ ਲੱਗੇ ਕਿ ਹਰਿਦੁਆਰ ਤੋਂ ਰਿਸ਼ੀਕੇਸ਼ 14 ਮੀਲ ਹੈ। ਸਾਰੀ ਧਰਤੀ ਤੇ ਸੋਨਾ ਹੀਰੇ ਜਵਾਹਰਾਤ ਵਿਛਾ ਦਿਉ, ਮੈਂ ਠੁਡ ਮਾਰਦਾ ਚਲਾ ਜਾਂਵਾਗਾ। ਪਰ ਜੇ ਚੇਤੰਨ ਮਾਇਆ, ਇਸਤਰੀਆਂ ਇਕ ਮੀਲ ਵਿੱਚ ਹੋਣ ਤਾਂ ਮੈ ਪੱਕੀ ਸ਼ਾਹਦੀ ਨਹੀਂ ਭਰਦਾ। ਚੇਤੰਨ ਮਾਇਆ ਤੋਂ ਗੁਰੂ ਦੀ ਕਿਰਪਾ ਨਾਲ ਹੀ ਬਚ ਸਕਦਾ ਹੈ। ਜੈਮਨੀ ਵਰਗੇ ਰਿਸ਼ੀ ਇਸ ਮਾਇਆ ਤੋਂ ਬਚ ਨਾ ਸਕੇ। ਬਿਆਸ ਜੀ ਨੇ ਇਸਤਰੀ ਦਾ ਰੂਪ ਧਾਰ ਕੇ ਜੈਮਨੀ ਕੋਲ ਗਏ ਤੇ ਕਿਹਾ ਕਿ ਮੇਰੇ ਪਤੀ ਨੂੰ ਸ਼ੇਰ ਖਾ ਗਿਆ ਹੈ ਤੇ ਮੈਂ ਇਕੱਲੀ ਇਸ ਜੰਗਲ ਵਿੱਚ ਰਹਿ ਗਈ ਹਾਂ। ਮੈਂ ਰਾਤ ਕੱਟਣੀ ਹੈ। ਰਿਸ਼ੀ ਜੀ ਨੇ ਕੁਟੀਆ ਦੇ ਦਿੱਤੀ ਤੇ ਕਿਹਾ ਕਿ ਕੁੰਡਾ ਲਾ ਲੈ ਜੇ ਮੈਂ ਵੀ ਖੁਲਾਵਾਂ ਤਾਂ ਖੋਲੀ ਨਾ। ਪਰ ਰਾਤ ਨੂੰ ਮਨ ਵਿੱਚ ਐਸਾ ਵਿਕਾਰ ਜਾਗਿਆ ਕਿ ਛੱਤ ਪਾੜ ਕੇ ਕੁਟੀਆ ਵਿੱਚ ਚਲੇ ਗਏ ਫਿਰ ਉਥੇ ਬਿਆਸ ਜੀ ਪ੍ਰਗਟ ਹੋ ਗਏ।

ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ ॥ (ਪੰਨਾਂ 25)

ਅਛਲ ਵਾਹਿਗੁਰੂ ਦੀ ਸ਼ਰਨ ਲਈ ਜਾਵੇ ਫਿਰ ਮਾਇਆ ਤੋਂ ਬਚ ਹੋ ਸਕਦਾ ਹੈ।

## ਅਧਿਆਇ 22

ਬਾਬਾ ਗੱਜਣ ਸਿੰਘ ਜੀ ਨੇ ਬਾਬਾ ਜਵਾਲਾ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਖਾਕੀ ਸ਼ਾਹ ਸੁਣਿਆ ਚਿਰੰਜੀਵ ਹਨ। ਬਾਬਾ ਜੀ ਉਨ੍ਹਾਂ ਦੇ ਅਸਥਾਨ ਦਾ ਬੜਾ ਸਤਿਕਾਰ ਕਰਦੇ ਸਨ। ਮਹਾਂਰਾਜਾ ਰਣਜੀਤ ਸਿੰਘ ਦੇ ਵੇਲੇ ਸਰਦਾਰਾਂ ਦੇ ਵਗਾਰੀਆਂ ਵਿੱਚ ਲਾ ਦਿੱਤਾ। ਪੰਡ ਸਿਰ ਤੋਂ ਉਚੀ ਚੁੱਕੀ ਜਾਵੇ। ਸਰਦਾਰਾਂ ਨੇ ਖੇਤਾਂ ਵਿੱਚ ਰੋਜ਼ਾ ਬਣਵਾ ਦਿੱਤਾ। ਉਥੇ ਤਪੱਸਿਆ ਕਰਦੇ ਰਹੇ। ਬਾਬਾ ਜੀ ਗੱਜਣ ਸਿੰਘ ਨੂੰ ਕਹਿਣ ਲੱਗੇ ਕਿ ਭਾਈ ਰੰਗ ਵਿਚ ਭੰਗ ਨਾ ਪਾਈਂ ਜੇ ਖਾਕੀ ਸ਼ਾਹ ਨੇ ਦਰਸ਼ਨ ਦੇ ਦਿੱਤੇ। ਮਹਾਂਪੁਰਸ਼ਾਂ ਨੇ ਉਸੇ ਵੇਲੇ ਦਰਸ਼ਨ ਦਿੱਤੇ। ਗੱਜਣ ਸਿੰਘ ਬੋਲ ਪਿਆ ਤੇ ਮਹਾਂਪੁਰਸ਼ ਅਲੋਪ ਹੋ ਗਏ। ਗੈਬੀ ਰੂਹ ਸੀ ਤੇਜ਼ ਨਹੀਂ ਝੱਲਿਆ ਗਿਆ।

ਗਿਆਨੀ ਹਰੀ ਸਿੰਘ ਜੀ ਮਹਾਂਪੁਰਸ਼ਾਂ ਦੇ ਗੁਰਭਾਈ ਸਨ। ਜਦੋਂ ਬਾਬਾ ਜੀ ਹੋਤੀ ਮਰਦਾਨ ਗਏ ਤਾਂ ਗਿਆਨੀ ਜੀ ਨੂੰ ਕਹਿਣ ਲੱਗੇ ਕਿ ਆਉ ਚਲੀਏ। ਕਹਿਣ ਲੱਗੇ ਇਤਨਾ ਵੱਡਾ ਡੇਰਾ ਛਡ ਕੇ ਕਿਵੇਂ

ਜਾਈਏ। ਬਾਬਾ ਜੀ ਕਹਿਣ ਲੱਗੇ ਚੰਗਾ ਫਿਰ ਇਕੱਠੇ ਆਉਗੇ।ਜਦੋਂ ਪਾਕਿਸਤਾਨ ਬਣਿਆ ਤਾਂ ਇਕੱਠਿਆਂ ਨੂੰ ਹੀ ਜਾਣਾ ਪਿਆ। ਹੋਤੀ ਮਰਦਾਨ ਸਾਰੇ ਸਾਧੂਆਂ ਨੂੰ ਕਤਾਰ ਵਿਚ ਖੜਾ ਕਰਕੇ ਅਫਸਰ ਨੇ ਗੋਲ਼ੀ ਦਾ ਹੁਕਮ ਦੇ ਦਿੱਤਾ ਇੰਨੇ ਨੂੰ ਬਾਬਾ ਜਵਾਲਾ ਸਿੰਘ ਜੀ ਦਾ ਖ਼ਤ ਚਲਿਆ ਗਿਆ। ਅਫ਼ਸਰ ਨੇ ਖ਼ਤ ਪੜ੍ਹਿਆ ਜਿਸ ਵਿਚ ਲਿਖਿਆ ਸੀ ਕਿ ਅਸੀਂ ਸਾਧੂ ਹਾਂ ਸੋ ਆਪਾਂ ਨੇ ਏਕਾਂਤ ਦਾ ਪ੍ਰਚਾਰ ਕਰਨਾ ਹੈ। ਅਸੀਂ ਇੱਥੇ 50-60 ਪਿੰਡਾਂ ਦੇ ਮੁਸਲਮਾਨਾਂ ਦਾ ਕੈਂਪ ਲਾ ਦਿੱਤਾ ਹੈ। ਦਵਾਈ ਬੂਟੀ ਲੰਗਰ ਧੀਆਂ ਭੈਣਾਂ ਦੀ ਇੱਜ਼ਤ ਦਾ ਪੂਰਾ ਪ੍ਰਬੰਧ ਕਰ ਦਿੱਤਾ ਹੈ। ਤੁਸੀਂ ਵੀ ਏਕਤਾ ਦਾ ਪ੍ਰਚਾਰ ਕਰੋ। ਇਹ ਖ਼ਤ ਪੜ੍ਹ ਕੇ ਅਫ਼ਸਰ ਨੇ ਪੁਛਿਆ ਕਿ ਇਹ ਖ਼ਤ ਕਿਸ ਦਾ ਹੈ? ਦੱਸਿਆ ਕਿ ਬਾਬਾ ਜਵਾਲਾ ਸਿੰਘ ਜੀ ਦਾ ਖ਼ਤ ਹੁਸ਼ਿਆਰਪੁਰ ਤੋਂ ਆਇਆ ਹੈ। ਅਫ਼ਸਰ ਨੇ ਉਸੇ ਵੇਲੇ ਜਹਾਜ਼ ਮੰਗਵਾਇਆ ਤੇ ਕਿਹਾ ਕਿ ਜੋ ਕੁਝ ਚੁਕਣਾ ਹੈ ਚੁਕ ਲਉ ਅਸੀਂ ਤੁਹਾਨੂੰ ਦਿੱਲੀ ਲਾ ਦੇਣਾਂ ਹੈ। ਬਾਬਾ ਕਰਮ ਸਿੰਘ ਜੀ, ਬਾਬਾ ਮਾਝਾ ਸਿੰਘ ਜੀ, ਬਾਬਾ ਆਇਆ ਸਿੰਘ ਜੀ ਦਾ ਪਲੰਘ, ਹੱਥਾਂ ਦੀਆਂ ਪਵਿੱਤਰ ਸੋਟੀਆਂ, ਚੰਦਨ ਦੀਆਂ ਖੜਾਂਵਾਂ ਭਾਵ ਕਿ ਮਹਾਂਪੁਰਸ਼ਾਂ ਦੀਆਂ ਨਿਸ਼ਾਨੀਆਂ ਚੁਕ ਲਈਆਂ ਤੇ ਦਿੱਲੀ ਆ ਕੇ ਉਤਰ ਗਏ। ਉਥੇ ਪੜਪਟ ਰੋਡ ਤੇ ਜਮੁਨਾ ਕਿਨਾਰੇ ਮਹਾਂਪੁਰਸ਼ਾਂ ਦਾ ਡੇਰਾ ਹੈ। ਫਿਰ ਰੇਰੂ ਸਾਹਿਬ ਸੰਤ ਅਤਰ ਸਿੰਘ ਜੀ ਦੀ ਸ਼ਰਨ ਵਿੱਚ ਆਏ। ਫਿਰ ਗਿਆਨੀ ਹਰੀ ਸਿੰਘ ਜੀ ਬਾਬਾ ਜਵਾਲਾ ਸਿੰਘ ਜੀ ਕੋਲ ਹਰਖੋਵਾਲ ਆ ਗਏ। ਬਾਬਾ ਮਾਝਾ ਸਿੰਘ ਜੀ ਤੋਂ ਗਿਆਨੀ ਹਰੀ ਸਿੰਘ ਜੀ ਨੇ ਕੀਰਤਨ ਦੀ ਦਾਤ ਪ੍ਰਾਪਤ ਕੀਤੀ। ਗਿਆਨੀ ਹਰੀ ਸਿੰਘ ਜੀ ਨੇ ਹਰਖੋਵਾਲ ਲੜੀਵਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਦੋਨੋਂ ਵੇਲੇ ਸ਼ੁਰੂ ਕਰ ਦਿੱਤੀ। ਬਿਅੰਤ ਸੰਗਤਾਂ ਨੇ ਲਾਹੇ ਪ੍ਰਾਪਤ ਕੀਤੇ। ਸੰਤ ਬਹਾਲ ਸਿੰਘ, ਪਾਖਰ ਸਿੰਘ, ਅਮਰ ਸਿੰਘ ਮੱਝਾਂ ਵਾਲੇ, ਸ੍ਰੀ ਮਾਨ ਕੁਠਾਰੀ, ਜੱਗਾ ਸਿੰਘ, ਸੰਤ ਆਤਮਾ ਸਿੰਘ ਤੇ ਹੋਰ ਅਨੇਕਾਂ ਨੇ ਆਪ ਜੀ ਤੋਂ ਗੁਰਬਾਣੀ ਦੀ ਸੰਥਿਆ ਲਈ। ਗਿਆਨੀ ਹਰੀ ਸਿਘ ਜੀ ਦਾ ਅਸਥਾਨ ਮੋਨਾ ਕਲ੍ਹਾਂ ਵਿਖੇ ਹੈ ਜਿਥੇ ਗਿਆਨੀ ਧਰਮ ਸਿੰਘ ਜੀ ਸੇਵਾ ਕਰਦੇ ਹਨ।

ਗਿਆਨੀ ਧਰਮ ਸਿੰਘ ਜੀ ਨੇ ਧਾਰਮਿਕ ਵਿਦਿਆ ਗਿਆਨੀ ਹਰੀ ਸਿੰਘ ਜੀ ਤੋਂ ਹਾਸਿਲ ਕੀਤੀ ਸੀ। ਆਪ ਹੁਣ ਬਿਰਧ ਅਵਸਥਾ ਵਿੱਚ ਹਨ ਪਰ ਫਿਰ ਵੀ ਆਪ ਹਲ ਵਾਹ ਕੇ ਲੰਗਰ ਚਲਾਂਉਦੇ ਹਨ। ਗਿਆਨੀ ਹਰੀ ਸਿੰਘ ਜੀ ਦੀ ਬਰਸੀ ਹਰ ਸਾਲ ਮਨਾਉਂਦੇ ਹਨ। ਹਰ ਸਾਲ ਬਾਬਾ ਰੌਸ਼ਨ ਸਿੰਘ ਜੀ ਬਰਸੀ ਤੇ ਦਰਸ਼ਨ ਦਿੰਦੇ ਹਨ। ਸੰਤ ਰੌਸ਼ਨ ਸਿੰਘ ਜੀ ਨੇ ਕਈ ਮੌਡਲ ਸਕੂਲ, ਕਾਲਜ਼, ਧਰਮ ਅਸਥਾਨਾਂ ਦੀ ਸੇਵਾ ਕਰਵਾਈ ਹੈ।

## ਅਧਿਆਇ 23

ਬਾਬਾ ਹਰਨਾਮ ਸਿੰਘ ਜੀ ਭੁਚੋਂ ਵਾਲੇ ਬਾਬਾ ਜਵਾਲਾ ਸਿੰਘ ਨਾਲ ਬਹੁਤ ਪ੍ਰੇਮ ਕਰਦੇ ਸਨ।ਭੁਚੋਂ ਵਾਲੇ ਬਾਬਾ ਹਰਨਾਮ ਸਿੰਘ ਜੀ ਬ੍ਰਹਮ ਗਿਆਨੀ ਤੇ ਮਹਾਲ ਤਪੱਸਵੀ ਸਨ। ਬਚਨਾਂ ਵਿੱਚ ਬੜੀ ਕਰਾਮਾਤ ਸੀ । ਆਪ ਜੀ ਦਾ ਜਨਮ ਅਸਥਾਨ ਮਨਸੂਰਾਂ ਨੱਗਰ ਜਿਲ੍ਹਾ ਕਪੂਰਥਲਾ ਹੈ। ਇਸੇ ਤਰ੍ਹਾ ਸੰਤ ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆਂ ਨਾਲ ਬਾਬਾ ਜੀ ਦਾ ਅਟੁਟ ਪਿਆਰ ਸੀ। ਆਪ ਜਥੇ ਸਮੇਤ ਤਿੰਨ ਵਾਰ ਹਰਖੋਵਾਲ ਆਏ। ਕਥਾ ਵਿਚਾਰ ਅੰਮ੍ਰਿਤ ਸੰਚਾਰ ਹੋਣੇ। ਸੰਤ ਸੋਹਨ ਸਿੰਘ ਜੀ ਬਿਧੀ ਚੰਦੀਏ ਨੂੰ ਬਾਬਾ ਜੀ ਨੇ ਫ਼ਤਹਿਗੜ੍ਹ ਸਾਹਿਬ ਕੋਈ ਸੁਪਨੇ ਵਿਚ ਕੌਤਕ ਦਿਖਾਇਆ ਤੇ ਆਪ ਸਦਾ ਲਈ ਬਾਬਾ ਜੀ ਦੇ ਪ੍ਰੇਮੀ ਬਣ ਗਏ। ਸੁਰ ਸਿੰਘ ਨਗਰ ਬਾਬਾ ਬਿਧੀ ਸਿੰਘ ਜੀ ਦੇ ਨਗਰ ਜਾਣਾ।ਡੁਮੇਲੀ ਨਗਰ ਸੰਤ ਦਲੀਪ ਸਿੰਘ ਜੀ ਦਾ ਬਾਬਾ

ਜਵਾਲਾ ਸਿੰਘ ਜੀ ਨਾਲ ਅਥਾਹ ਪ੍ਰੇਮ ਸੀ। ਸੰਤ ਦਲੀਪ ਸਿੰਘ ਜੀ ਰੋਗੀਆਂ ਦਾ ਮੁਫਤ ਇਲਾਜ਼ ਕਰਦੇ ਸਨ। ਗਠੀਏ, ਗੰਭੀਰ, ਲੰਗੜੇ ਲੂਲੇ ਅਪਾਹਜ਼ ਲੋਕਾਂ ਦੀ ਸੇਵਾ ਕਰਨੀਂ। ਆਪ ਚੱਕੀ ਨਾਲ ਆਟਾ ਪੀਸ ਕੇ ਲੰਗਰ ਤਿਆਰ ਕਰਨਾ। ਕਥਾ ਕੀਰਤਨ ਦੋਨੋ ਵੇਲੇ ਹੋਣਾਂ। ਸੰਗੀਤ ਵਿਦਿਆਲਾ ਵੀ ਚਲਾਇਆ ਸੰਤ ਹਰਬੰਸ ਸਿੰਘ ਤੇ ਸੰਤ ਸਰਵਣ ਸਿੰਘ ਜੀ ਨੇ ਸੰਗੀਤ ਵਿਦਿਆ ਹਾਸਿਲ ਕਰਕੇ ਦੇਸਾਂ ਪ੍ਰਦੇਸਾਂ ਵਿਚ ਬੜਾ ਮਾਣ ਪ੍ਰਾਪਤ ਕੀਤਾ। ਬਾਬਾ ਦਲੀਪ ਸਿੰਘ ਜੀ ਨੇ ਬਾਬਾ ਜਵਾਲਾ ਸਿੰਘ ਜੀ ਨੂੰ ਕਿਹਾ ਕਿ ਜਦੋਂ ਵੀ ਮੇਰਾ ਅੰਤਿਮ ਸਮਾਂ ਆਵੇ ਤਾਂ ਦਰਸ਼ਨ ਜਰੂਰ ਦੇਣੇ। ਸਮਾਂ ਪਾ ਕੇ ਬਾਬਾ ਜੀ ਕਹਿਣ ਲੱਗੇ ਕਿ ਹੁਣ ਤੁਸੀਂ ਸੁਰਤੀ ਨੂੰ ਸ਼ਬਦ ਨਾਲ ਜੋੜੋ। ਜਿਸ ਸਮੇਂ ਸ਼ਬਦ ਨਾਲ ਜੋੜਿਆ ਤਾਂ ਮਹਾਂਪੁਰਸ਼ਾਂ ਦੀਆਂ ਅੱਖਾਂ ਵਿਚ ਪਾਣੀ ਆ ਗਿਆ ਕਹਿਣ ਲੱਗੇ ਗੈਬੀ ਰੂਹਾਂ ਬੇਬਾਣ ਲੈ ਕਰ ਆ ਗਈਆਂ ਹਨ। ਇਸ ਤਰ੍ਹਾਂ ਮਹਾਂਪੁਰਸ਼ਾਂ ਨੇ ਸੰਤ ਦਲੀਪ ਸਿੰਘ ਜੀ ਨੂੰ ਅਕਾਲ ਪੁਰਖ ਨਾਲ ਅਭੇਦ ਅਵਸਥਾ ਬਖਸ਼ੀ।

ਸਰਦਾਰ ਭੁਪਿੰਦਰ ਸਿੰਘ ਜੀ ਨੇ ਬਾਬਾ ਜਵਾਲਾ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਮਨੀਮਾਜ਼ਰੇ, ਜੋ ਉਨਾਂ ਦਾ ਪਿੰਡ ਸੀ, ਵਿਚ ਇਕ ਅਸਥਾਨ ਹੈ ਜਿੱਥੇ ਇਕ ਚਿੱਟੇ ਰੰਗ ਦਾ ਸੱਪ ਰਹਿੰਦਾ ਹੈ। ਬਾਬਾ ਜੀ ਆਪ ਉਸ ਅਸਥਾਨ ਤੇ ਗਏ।ਨਿਸ਼ਾਨ ਲਗਾ ਦਿੱਤਾ ਕਹਿੰਦੇ ਕਿ ਇਸ ਥਾਂ ਨੂੰ ਪੁੱਟੋ। ਜਦੋਂ ਪੁਟਿਆ ਤਾਂ ਉਥੇ ਮੰਜੀ ਸਾਹਿਬ ਬਣਿਆ ਨਿਕਲਿਆ। ਕਹਿਣ ਲੱਗੇ ਇਸ ਅਸਥਾਨ ਤੇ ਦਸਮ ਪਾਤਸ਼ਾਹ ਦੇ ਚਰਨ ਪਏ ਤੇ ਪਾਤਸ਼ਾਹ ਇੱਥੇ ਕੂਹਣੀ ਭਰ ਲੇਟੇ। ਇਸ ਜਗ੍ਹਾਂ ਦਾ ਨਾਮ ਕੂਹਣੀ ਸਾਹਿਬ ਹੈ।ਮਾਤਾ ਰਾਜ ਕੌਰ ਜੋ ਰਾਮ ਰਾਏ ਦੇ ਘਰੋਂ ਸੀ। ਕਿਸੇ ਗੱਲੋਂ ਤਕਰਾਰ ਹੋ ਗਿਆ ਤਾਂ ਚੱਲ ਪਏ। ਇਸ ਨੱਗਰ ਮੀਂਹ ਪੈਣ ਕਰਕੇ ਇਕ ਕੱਚੇ ਕੋਠੇ ਵਿਚ ਰੁਕੇ। ਸ਼ਤੀਰ ਟੁੱਟ ਗਿਆ । ਇਕ ਗਰੀਬ ਸਿਰ ਅੜਾ ਕੇ ਖੜਾ ਰਿਹਾ। ਮਾਤਾ ਜੀ ਨੇ ਵਰ ਦਿੱਤਾ ਕਿ ਤੂੰ ਇਸ ਪਿੰਡ ਦਾ ਚੌਧਰੀ ਹੋਵੇਂਗਾ। ਵਾਕ ਪੂਰਾ ਹੋ ਗਿਆ। ਬਾਬਾ ਜਵਾਲਾ ਸਿੰਘ ਜੀ ਨੇ ਇਥੇ ਤੰਬੂ ਲਾ ਕੇ ਅਖੰਡ ਪਾਠ ਸਾਹਿਬ ਕਰਵਾਏ। ਚਿੱਟਾ ਨਾਗ ਇਸ ਅਸਥਾਨ ਦੀ ਸੁਰੱਖਿਆ ਲਈ ਸੀ। ਡੂਮਣਾਂ ਮਖਿਆਲ ਜੇ ਕੋਈ ਇਸ ਸਥਾਨ ਦੀ ਬੇਅਦਬੀ ਕਰਦਾ ਸੀ ਤਾਂ ਉਸ ਨੂੰ ਪੈ ਜਾਂਦਾ ਸੀ। ਗੁਪਤ ਰੂਹਾਂ ਇਸ ਅਸਥਾਨ ਦੀ ਪਵਿੱਤਰਤਾ ਰੱਖਦੀਆਂ ਸਨ। ਫਿਰ ਨੀਂਹ ਪੱਥਰ ਰੱਖਿਆ ਤੇ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਾਉਣੀਂ ਸ਼ੁਰੂ ਕਰ ਦਿੱਤੀ। ਪਾਣੀ ਵਾਸਤੇ ਸਾਧਨ ਨਹੀਂ ਸੀ। ਮਹਾਂਪੁਰਸ਼ਾਂ ਨੇ ਨਿਸ਼ਾਨ ਲਗਾ ਕੇ ਦਿੱਤਾ ਤੇ ਉਥੋਂ ਪਾਣੀ ਨਿਕਲ ਆਇਆ। ਆਪ ਨੇ ਬੇਨਤੀ ਕੀਤੀ ਕਿ ਕੋਈ ਵੀ ਇਥੇ ਪਾਣੀ ਨਾ ਵੇਚੇ।ਗਰੀਬਾਂ ਨੂੰ ਪਾਣੀ ਲੈਣ ਤੋਂ ਕੋਈ ਨਾ ਰੋਕੇ। ਪਾਣੀ ਕੋਈ ਸਸਤੀ ਚੀਜ਼ ਨਹੀਂ ਹੈ। ਇਥੇ ਸੰਤ ਗਿਆਨ ਸਿੰਘ ਫਿਰ ਸੰਤ ਪ੍ਰੇਮ ਸਿੰਘ ਜੀ ਨੇ ਤੇ ਫਿਰ ਅਮਰ ਸਿੰਘ ਜੀ ਨੇ ਸੇਵਾ ਕੀਤੀ। ਉਨ੍ਹਾਂ ਤੋਂ ਬਾਅਦ ਇਕ ਨਿਹੰਗ ਸਿੰਘ ਨੇ ਪਾਣੀ ਵੇਚਣਾਂ ਸ਼ੁਰੂ ਕਰ ਦਿੱਤਾ ਤੇ ਫਿਰ ਖੂਹੀ ਵਿਚ ਪਾਣੀ ਮੁੱਕ ਗਿਆ।

ਬਾਬਾ ਜਵਾਲਾ ਸਿੰਘ ਜੀ ਨੇ ਅਟਲ ਗੜ੍ਹ ਮੁਕੇਰੀਏ ਅਸਥਾਨ ਕਾਇਮ ਕਰਕੇ ਨਿਸ਼ਾਨ ਝੁਲਾਇਆ। ਇਥੇ ਕੁਝ ਗੈਬੀ ਰੂਹਾਂ ਸਨ ਜੋ ਅਖੰਡ ਪਾਠ ਵਿਚ ਰੁਕਾਵਟ ਪਾਉਣ ਲਗ ਪਈਆਂ ਸਨ। ਬਾਬਾ ਜੀ ਨੇ ਉਨ੍ਹਾਂ ਨੂੰ ਸੂਖਮ ਰੂਪ ਵਿੱਚ ਦੌੜ੍ਹਾਇਆ। ਬਾਬਾ ਘਨੁਈਆ ਸਿੰਘ ਪਠਲਾਵੇ ਵਾਲੇ, ਸੰਤ ਬਾਬਾ ਸੰਪੂਰਨ ਸਿੰਘ ਮਹਾਂਮੰਡਲੇਸ਼ਰ ਬਿਲਾਸਪੁਰ ਵਾਲਿਆਂ ਨਾਲ ਵਿਚਾਰ ਕਰਕੇ ਲੋਹਗੜ੍ਹ ਕਿਲ੍ਹੇ ਤੇ ਦਰਸ਼ਨੀ ਡਿਊੜੀ ਦੀ ਸੇਵਾ ਕਰਵਾਈ। ਕਹਾਰਪੁਰ ਵਾਲੇ ਸੰਤ ਹਰੀ ਸਿੰਘ ਜੀ ਨੇ ਕੇਸਗੜ੍ਹ ਸਾਹਿਬ ਦੀ ਸੇਵਾ ਕਰਵਾਈ। ਬਾਬਾ ਜੀ ਨੇ ਹਰ ਤਰ੍ਹਾਂ ਦਾ ਸਹਿਯੋਗ ਉਨ੍ਹਾਂ ਨੂੰ ਦਿੱਤਾ। ਧਰਮ ਮੋਰਚਿਆਂ ਵਿੱਚ ਵੀ ਸਿੰਘਾਂ ਨੂੰ ਭੇਜਣਾਂ। ਆਨੰਦਗੜ੍ਹ ਕਿਲ੍ਹੇ ਦੀ ਸੇਵਾ ਸ਼ੁਰੂ ਕੀਤੀ। ਜੋ ਬਾਅਦ ਵਿਚ ਸੰਤ ਸੇਵਾ ਸਿੰਘ ਜੀ ਨੇ ਜਾਰੀ ਰੱਖੀ। ਸੰਤ ਪ੍ਰੇਮ ਸਿੰਘ ਜੀ, ਸੰਤਾ ਸਿੰਘ ਜੀ, ਵਤਨ ਸਿੰਘ ਹੋਰੀਂ ਉਨ੍ਹਾਂ ਦਿਨਾਂ ਵਿੱਚ ਆਨੰਦਪੁਰ ਬਾਬਾ ਜੀ ਦੇ ਸੇਵਾਦਾਰਾਂ ਵਿੱਚ ਸ਼ਾਮਿਲ ਸਨ।

ਪ੍ਰਦੇਸੀ ਬਾਗ ਵਿੱਚ ਮਹਾਂਪੁਰਸ਼ਾਂ ਨੇ ਆਪਣੀ ਅੰਤਰਯਾਮਤਾ ਨਾਲ ਖੂਹ ਪ੍ਰਗਟ ਕੀਤਾ। ਰਾਗੀ ਬਾਗ ਵਿੱਚ ਆਪਣੇ ਹੱਥਾਂ ਨਾਲ ਖੂਹ ਲੁਆਇਆ। ਇਸੇ ਤਰ੍ਹਾਂ ਤਾਰਾਗੜ੍ਹ ਭਾਈ ਘਨ੍ਹਈਏ ਦੀਆਂ ਬਾਉਲੀਆਂ ਪ੍ਰਗਟ ਕਰਵਾਈਆਂ।

ਜਦੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲ ਬਦਲੇ ਤਾਂ ਸੰਤ ਸਮਾਗਮ ਬੁਲਾਇਆ ਜਿਸ ਵਿਚ ਸੰਤ ਹਰੀ ਸਿੰਘ, ਸੰਤ ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆਂ, ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ, ਸੰਤ ਈਸ਼ਰ ਸਿੰਘ ਜੀ ਕਲੇਰਾਂ ਵਾਲੇ, ਸੰਤ ਸੋਹਣ ਸਿੰਘ ਜੀ ਬਿਧੀ ਚੰਦੀਏ ਅਤੇ ਹੋਰ ਬਹੁਤ ਸਾਰੀਆਂ ਜਥੇਬੰਦੀਆਂ ਨੇ ਹਿੱਸਾ ਲਿਆ। ਵਿਦਵਾਨਾਂ ਦੇ ਵਿਚਾਰ ਵਟਾਂਦਰੇ ਹੋਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਕਾਫੀ ਬੀੜਾਂ ਜੋ ਨਿਯਮਾਂ ਨੂੰ ਤੋੜ ਕੇ ਪ੍ਰਿੰਟ ਕੀਤੀਆਂ ਗਈਆਂ ਸੀ। ਟਕਸਾਲ ਵਾਲੀ ਬੀੜ ਦੇ ਆਧਾਰ ਤੇ ਛਪਵਾਈਆ ਗਈਆਂ। ਮਹਾਰਾਜ ਆਪ ਚੋਜ਼ ਵਰਤਾ ਗਏ। ਇਹ ਡਿਊਟੀ ਸੰਤ ਕਹਾਰ ਪੁਰੀਆਂ ਦੀ ਲਗਾਈ ਗਈ। ਉਹ ਸਾਧੂ ਸਮਾਜ ਦੇ ਪ੍ਰੈਜੀਡੈਂਟ ਸਨ। ਜਿਸ ਰੂਪ ਦੇ ਅਸੀਂ ਅਜ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰਦੇ ਹਾਂ ਇਹ ਮਹਾਂਪੁਰਸ਼ਾਂ ਦੀ ਪਹਿਲ ਕਦਮੀ ਕੀਤੀ ਸੀ। ਇਸੇ ਕਲੇਸ਼ ਵਿਚ ਮਹਾਂਪੁਰਸ਼ਾਂ ਨੇ ਸਰੀਰ ਤਿਆਗਣ ਦੇ ਫੈਸਲਾਂ ਕੀਤਾ ਸੀ। ਕਹਿੰਦੇ ਹੁੰਦੇ ਸਨ ਕਿ ਮੈਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਬਰਦਾਸ਼ਤ ਨਹੀਂ ਕਰ ਸਕਦਾ। ਹੁਣ ਅਸੀਂ ਆਪਣਾ ਚੋਲਾ ਬਦਲ ਲੈਣਾਂ ਹੈ।

ਸੰਤ ਫਤਿਹ ਸਿੰਘ ਜੀ ਹਰਖੋਵਾਲ ਆਏ। ਬਾਬਾ ਜਵਾਲਾ ਸਿੰਘ ਜੀ ਕਹਿਣ ਲੱਗੇ ਕਿ ਫਤਿਹ ਸਿੰਘ ਤੈਨੂੰ ਅਕਾਲੀਆਂ ਦਾ ਪ੍ਰਧਾਨ ਬਣਾ ਦੇਈਏ।ਉਹ ਕਹਿਣ ਲੱਗੇ ਕਿ ਜੀ ਮੈਨੂੰ ਤਾਂ ਕੋਈ ਜਾਣਦਾ ਵੀ ਨਹੀਂ।ਕਹਿਣ ਲੱਗੇ ਕਿ ਅਕਾਲਪੁਰਖ ਜਾਣਦਾ ਹੈ। ਇਕ ਬਚਨ ਦਿਉ ਕਿ ਜੋ ਤਰੁਟੀਆਂ ਮਾਸਟਰ ਤਾਰਾ ਸਿੰਘ ਵਿਚ ਹਨ ਉਨ੍ਹਾਂ ਨੂੰ ਤੁਸੀਂ ਪੂਰਾ ਕਰੋਗੇ। ਬਚਨ ਸਤ ਹੋਇਆ। ਸੰਤ ਫਤਿਹ ਸਿੰਘ ਜੀ ਦੇ ਸਮੇਂ ਗੁਰੂ ਗ੍ਰੰਥ ਸਾਹਿਬ ਦੇ ਮੰਗਲ ਬਦਲੇ ਗਏ ਅਤੇ ਹੋਰ ਬਾਣੀ ਕੱਢਣ ਦੀਆਂ ਸਕੀਮਾਂ ਬਣਾਈਆਂ ਜਾ ਰਹੀਆਂ ਸਨ ਉਹ ਰੋਕੀਆਂ ਗਈਆਂ। ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦਮਦਮੀ ਟਕਸਾਲ ਦੇ ਅਧਾਰ ਤੇ ਪ੍ਰਿੰਟ ਹੋਣੇ ਸ਼ੁਰੂ ਹੋ ਗਏ। ਬਾਬਾ ਜੀ ਨੇ ਇਸ ਦੁੱਖ ਵਿਚ ਆਪਣਾ ਸਰੀਰ ਤਿਆਗ ਦਿੱਤਾ। ਇਸ ਪੰਥਕ ਸੇਵਾ ਨੂੰ ਨਿਭਾਇਆ।

## ਅਧਿਆਇ 24

ਪਹਿਲਾਂ ਭੁਮੇਲੀ ਨਗਰ, ਫਿਰ ਮੁਕੇਰੀਏ ਤੋਂ ਫਿਰ ਮਨੀਮਾਜ਼ਰੇ ਬਾਬਾ ਜੀ ਦੇ ਸਰੀਰ ਵਿੱਚ ਬਿਆਧੀ ਸ਼ੁਰੂ ਹੋ ਗਈ। ਸਰਦਾਰ ਪ੍ਰਤਾਪ ਸਿੰਘ ਕੈਰੋਂ ਆਪਣੇ ਡਾਕਟਰਾਂ ਦੀ ਟੀਮ ਲੈ ਕੇ ਆਏ। ਮਹਾਰਾਜ ਹੁਕਮ ਬਖਸ਼ੋ ਆਪ ਜੀ ਦਾ ਇਲਾਜ਼ ਕਰਨ। ਐਸੀ ਕੋਈ ਪੀੜ ਨਹੀਂ ਹੈ ਮੈਨੂੰ ਤਾਂ ਸਿਰਫ਼ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਕੇ ਕਲੇਸ਼ ਹੈ। ਹੁਣ ਬਲੀਦਾਨ ਦਿੱਤੇ ਬਿਨ੍ਹਾਂ ਇਹ ਸੰਕਟ ਨਵਿਰਤ ਨਹੀਂ ਹੋਣਾਂ। ਸਾਡੇ ਕੋਲੋਂ ਬਾਣੀ ਦੀ ਬੇਅਦਬੀ ਬਰਦਾਸ਼ਤ ਨਹੀਂ ਹੁੰਦੀ। ਅਸੀਂ ਨਹੀਂ ਚਾਹੁੰਦੇ ਕਿ ਪੰਥਕ ਵਿਖੇਪਤਾ ਪੈਦਾ ਹੋਵੇ। ਜਥੇਦਾਰ ਸੋਹਣ ਸਿੰਘ ਜੀ ਕਹਿਣ ਲੱਗੇ ਕਿ ਜਿਹੜੇ ਅਜਿਹੇ ਬੰਦੇ ਹਨ ਜੋ ਗਿਆਨ ਬੇਨਤੀ ਨਹੀਂ ਸਮਝਦੇ ਫਿਰ ਸਿੰਘਾਂ ਵਾਲਾ ਤਰੀਕਾ ਅਪਣਾ ਲੈਂਦੇ ਹਾਂ। ਮਹਾਂਪੁਰਸ਼ ਕਹਿੰਦੇ ਕਿ ਅਸੀਂ ਨਹੀਂ ਚਾਹੁੰਦੇ ਕਿ ਸਾਡੇ ਕਾਰਣ ਪੰਥ ਵਿਚ ਵਿਖੇਪਤਾ ਪੈਦਾ ਹੋਵੇ। ਗੁਰੂ ਕਿਰਪਾ ਕਰੇਗਾ ਆਪਣਾ ਕੰਮ ਆਪ ਹੀ ਸਿਰੇ ਚੜ੍ਹਾਵੇਗਾ।

ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ ॥ (ਪੰਨਾਂ 784)

ਆਪਣੀ ਤਾਂ ਅਰਦਾਸ ਇਹ ਹੀ ਹੈ ਕਿ ਪੰਥ ਵਿਚ ਏਕਤਾ ਰਹੇ। ਕਈ ਵਾਰ ਮਹਾਂਪੁਰਸ਼ਾਂ ਨੇ ਪੰਜੌਰ ਬਾਗ਼ ਵਿਚ ਚਲੀਸੇ ਕੱਢੇ।

ਇਕ ਵਾਰ ਮਹਾਰਾਜਾ ਪਟਿਆਲਾ ਮਨੀਮਾਜ਼ਰੇ ਬਾਬਾ ਜੀ ਦੇ ਦਰਸ਼ਨਾਂ ਨੂੰ ਆਇਆ। ਮਨ ਵਿਚ ਫ਼ੱਲ ਦੀ ਇੱਛਾ ਕੀਤੀ। ਅੰਬ ਤੋਂ ਕੁਰੁੱਤਾ ਅੰਬ ਡਿੱਗਿਆ ਪੋਹ ਮਹੀਨਾ ਸੀ, ਰਾਜਾ ਹੈਰਾਨ ਸੀ। ਬਾਬਾ ਜੀ ਨੇ ਅੰਬ ਰਾਜੇ ਨੂੰ ਦਿੱਤਾ। ਕਹਿਣ ਲੱਗੇ ਕਿ ਨਾਲੇ ਪ੍ਰਸ਼ਾਦ ਮੰਗਦਾ ਸੀ।ਇਸ ਤਰ੍ਹਾਂ ਦੇ ਚੋਜ਼ ਵਰਤਾ ਦਿੰਦੇ ਸਨ। ਇਸੇ ਤਰ੍ਹਾਂ ਮਹਾਂਰਾਜਾ ਪਟਿਆਲੇ ਦੇ ਬਾਰੇ ਵਿਚ ਇਕ ਹੋਰ ਬਚਨ ਵੀ ਸੁਣਾਂਉਦੇ ਹੁੰਦੇ ਸਨ। ਇਕ ਵਾਰ ਮਹਾਂਰਾਜਾ ਆਪ ਜੀ ਨੂੰ ਸ਼ੀਸ਼ ਮਹਿਲ ਲੈ ਗਿਆ। ਕਹਿਣ ਲੱਗਾ ਕਿ ਮੇਰੇ ਤੋਂ ਬਿਨ੍ਹਾਂ ਹੁਣ ਕਿਸੇ ਹੋਰ ਦੀ ਸੇਵਾ ਨਾ ਕਬੂਲਿਉ। ਬਾਬਾ ਜੀ ਕਹਿਣ ਲੱਗੇ ਕਿ ਮੈਂ ਤੇਰੇ ਵਰਗੇ ਕੰਗਾਲ ਦੇ ਘਰ ਪਹਿਲਾਂ ਕਦੀ ਗਿਆ ਵੀ ਨਹੀਂ। ਰਾਜੇ ਨੇ ਮੁਆਫ਼ੀ ਮੰਗੀ। ਬਾਬਾ ਨੰਦ ਸਿੰਘ ਜੀ ਦੀ ਪ੍ਰੇਰਨਾਂ ਸਦਕਾ ਰਾਜਾ ਅੰਮ੍ਰਿਤ ਛਕਣ ਲਈ ਤਿਆਰ ਹੋ ਗਿਆ। ਬਾਬਾ ਜਵਾਲਾ ਸਿੰਘ ਜੀ ਵੀ ਪੰਜਾਂ ਪਿਆਰਿਆਂ ਵਿਚ ਸ਼ਾਮਲ ਸੀ। ਯਾਦਵਿੰਦਰ ਸਿੰਘ ਨੂੰ ਗੁਰੂ ਵਾਲਾ ਬਣਾਇਆ। ਬਾਬਾ ਜੀ ਕਹਿੰਦੇ ਸਨ ਕਿ ਤੁਹਾਡੇ ਬਜ਼ੁਰਗ ਤ੍ਰਿਲੋਕ ਸਿੰਘ, ਰਾਮ ਸਿੰਘ ਹੁਰਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾਵਾਂ ਕਰਕੇ ਹੀ ਇਹ ਬਖਸ਼ਿਸ਼ਾਂ ਪ੍ਰਾਪਤ ਕੀਤੀਆਂ ਸਨ ਤੇ ਤੁਸੀਂ ਅਜੇ ਤਕ ਨਿਗੁਰੇ ਹੀ ਤੁਰੇ ਫਿਰਦੇ ਹੋ। ਰਾਜਾ ਕਹਿਣ ਲੱਗਾ ਕਿ ਓਹੋ ਜਿਹੇ ਪੰਜ ਪਿਆਰੇ ਹੋਣ ਜਿਹੋ ਜਿਹਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਅੰਮ੍ਰਿਤ ਛਕਾਇਆ ਸੀ। ਬਾਬਾ ਜਵਾਲਾ ਸਿੰਘ ਕਹਿਣ ਲੱਗੇ ਕਿ ਤੇਰੇ ਵਿਚ ਓਹੋ ਜਿਹੀ ਯੋਗਿਤਾ ਹੈ। ਅੰਮ੍ਰਿਤ ਤਾਂ ਬ੍ਰਹਮਗਿਆਨੀ ਛਕਾ ਦੇਣਗੇ। ਅਸੀਂ ਬਾਬਾ ਨੰਦ ਸਿੰਘ ਜੀ ਦਾ ਬਚਨ ਮੰਨ ਕੇ ਆਏ ਹਾਂ।

ਬਾਬਾ ਜੀ ਕਈ ਵਾਰ ਬਚਨ ਕਰਦੇ ਹੁੰਦੇ ਸਨ ਕਿ ਸੰਨ 1957 ਵਿੱਚ ਵੱਡਾ ਘੱਲੂਘਾਰਾ ਹੋਣਾਂ ਹੈ। ਅਸੀਂ ਖਾਲਸੇ ਨੂੰ ਤਿਲਕ ਦੇ ਕੇ ਫਿਰ ਜਾਣਾਂ ਹੈ। ਫਿਰ ਬਚਨ ਹੋਇਆ ਕਿ ਅਕਾਲਪੁਰਖ ਨੇ 100 ਸਾਲ ਦਾ ਸਮਾਂ ਵਧਾ ਦਿੱਤਾ ਹੈ। ਜਦੋਂ ਹਿੰਦੁਸਤਾਨ ਤੇ ਪਾਕਿਸਤਾਨ ਬਣਿਆ ਸੀ। ਜਿਨਾਹ ਪਾਕਿਸਤਾਨ ਦੀ ਹੱਦ ਜਮੁਨਾ ਤੱਕ ਮੰਗਦਾ ਸੀ। ਬਾਬਾ ਬੀਰਮ ਦਾਸ ਜੀ ਨੇ ਬਾਬਾ ਜਵਾਲਾ ਸਿੰਘ ਜੀ ਦੀ ਇਹ ਡਿਊਟੀ ਲਗਾਈ ਸੀ ਕਿ ਮਹਾਨ ਤਪੱਸਿਆ ਕਰਕੇ ਅਰਦਾਸ ਕਰੋ ਕਿ ਡੇਰਾ ਬਾਬਾ ਨਾਨਕ, ਅੰਮ੍ਰਿਤਸਰ ਪੰਜਾਬ ਵਿਚ ਹੀ ਰਹਿ ਜਾਣ ਕਿਉਂਕਿ ਅੰਮ੍ਰਿਤਸਰ ਸਿੱਖਾਂ ਦੀ ਰਾਜਧਾਨੀ ਹੈ। ਸੋ ਮਹਾਂਪੁਰਸ਼ਾਂ ਨੇ ਮਹਾਨ ਸਾਧਨ ਕੀਤੇ। ਸ਼ਿਮਲੇ ਜਾ ਕੇ ਤਪੱਸਿਆ ਕੀਤੀ ਕਿ ਲੀਡਰਾਂ ਨੂੰ ਸੁਮੱਤ ਦਿਉ। ਬਾਬਾ ਜੀ ਦੀ ਅਰਦਾਸ ਕਬੂਲ ਹੋ ਗਈ ਜੋ ਅਸੀਂ ਹੁਣ ਖੁਲ੍ਹੇ ਦਰਸ਼ਨ ਦੀਦਾਰ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਕਰਦੇ ਹਾਂ ਉਹ ਬਾਬਾ ਜੀ ਦੀ ਮਿਹਰ ਸਦਕਾ ਹੀ ਹੈ।

ਬਾਬਾ ਜੀ ਡੁਮੇਲੀ ਨਗਰ ਆ ਗਏ। ਮਸਤ ਜੀ ਤੋਂ ਆਗਿਆ ਮੰਗੀ ਕਿ ਅਸੀਂ ਹੁਣ ਹਰਖੋਵਾਲ ਜਾਣਾ ਚਾਹੁੰਦੇ ਹਾਂ। ਉਦੋਂ ਦਾਸ ਵੀ ਆਪਣੇ ਪਿਤਾ ਜੀ ਨਾਲ ਡੁਮੇਲੀ ਬਾਬਾ ਜੀ ਦੇ ਦਰਸ਼ਨ ਕਰਨ ਗਏ ਹੋਏ ਸਨ। ਇਸ ਨੱਗਰ ਵਿਚ ਹੀ ਮੇਰੀ ਅਰਦਾਸ ਬਾਬਾ ਜੀ ਦੇ ਚਰਨਾਂ ਵਿੱਚ ਕਰਵਾਈ ਗਈ ਸੀ।ਮਹਾਂਪੁਰਸ਼ਾਂ ਨੇ ਕੋਲ ਬਿਠਾ ਕੇ ਮੇਰੇ ਸਿਰ ਤੇ ਹੱਥ ਫੇਰਿਆ। ਆਸ਼ੀਰਵਾਦ ਬਖਸ਼ਿਸ਼ ਕੀਤੀ। ਇੱਥੇ ਗਾਹੇ ਬਗਾਹੇ ਅਸੀਂ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਆਂਉਦੇ ਸਨ। ਇਕ ਵਾਰ ਮਹਾਂਪੁਰਸ਼ਾਂ ਨੇ ਆਪਣੇ ਹਸਤ ਕਮਲਾਂ ਨਾਲ ਅੰਗੂਰਾਂ ਤੇ ਪਤਾਸਿਆਂ ਦਾ ਪ੍ਰਸ਼ਾਦ ਦਿੱਤਾ। ਮਸਤਾਂ ਨੇ ਬਾਬਾ ਜੀ ਨੂੰ ਹਰਖੋਵਾਲ ਜਾਣ ਨਹੀਂ ਦਿੱਤਾ। ਬਾਬਾ ਜੀ ਉਸ ਵੇਲੇ ਥੋੜਾ ਲੰਗਾ ਕੇ ਤੁਰਦੇ ਸਨ। ਸਾਡੇ ਪਿਤਾ ਜੀ ਕੋਲ ਇਕ ਡਾਂਗ ਸੀ ਕਹਿੰਦੇ ਕਿ ਉਰੇ ਫੜਾ ਤੇ ਫੜ ਕੇ ਬਾਬਾ ਮਸਤ ਜੀ ਕੋਲ ਚਲੇ ਗਏ।ਇਹ ਡਾਂਗ ਸਾਡੇ ਪਿਤਾ ਜੀ ਨੇ ਬੜੇ ਆਦਰ ਸਤਿਕਾਰ ਨਾਲ ਘਰ

ਵਿਚ ਰੱਖੀ ਕਿਉਂਕਿ ਬਾਬਾ ਜੀ ਦੇ ਹਸਤ ਕਮਲਾਂ ਦੀ ਛੋਹ ਪ੍ਰਾਪਤ ਸੀ। ਮਾਤਾ ਜੀ ਨੇ ਰੋਜ਼ ਇਸ਼ਨਾਨ ਕਰਾਉਣਾਂ ਤੇ ਦਰਸ਼ਨ ਕਰਨੇ।

ਬਾਬਾ ਮਸਤਾਂ ਨੇ ਬਾਬਾ ਜਵਾਲਾ ਸਿੰਘ ਜੀ ਨੂੰ ਹਰਖੋਵਾਲ ਜਾਣ ਨਹੀਂ ਦਿੱਤਾ 35 ਦਿਨ ਇੱਥੇ ਰਹੇ। ਕੱਤਕ ਦਾ ਮਹੀਂਨਾ ਸੀ ਸਰੀਰ ਵਿਚ ਕਾਫ਼ੀ ਗਰਮਾਇਸ਼ ਸੀ। ਘੁੰਘਾਰ ਕਰੀ ਜਾਣੇਂ। ਯੋਗੀਆਂ ਵਾਂਗ ਅੰਦਰ ਸਾਫ਼ ਕਰੀ ਜਾਣਾ। ਖਾਣਾ ਬਹੁਤ ਹੀ ਘਟ ਖਾਂਦੇ ਸਨ। ਤਾਰਾ ਸਿੰਘ, ਮਹਿੰਦਰ ਸਿੰਘ ਗੜਵਈ, ਸੰਤ ਗੱਜਣ ਸਿੰਘ, ਸੂਬੇਦਾਰ ਉਜਾਗਰ ਸਿੰਘ, ਗਿਆਨੀ ਹਰਬੰਸ ਸਿੰਘ ਜੀ ਨੇ ਬੜੇ ਪਿਆਰ ਨਾਲ ਆਪ ਜੀ ਦੇ ਬਚਨ ਝੱਲਣੇ। ਗੋਕੇ ਘਿਉ ਦੀ ਮਾਲਿਸ਼ ਹੋਈ ਜਾਣੀ। ਢਾਈ ਕਿਲੋ ਘਿਉ ਸਰੀਰ ਵਿੱਚ ਜ਼ਜਬ ਹੋ ਜਾਂਦਾ ਸੀ। ਮਹਾਂਪੁਰਸ਼ ਸੰਤ ਨੰਦ ਸਿੰਘ ਜੀ ਰਾਮਗੜ੍ਹ ਵਾਲੇ, ਸੰਤ ਗੁਰਬਚਨ ਸਿੰਘ ਜੀ ਭਿੰਡਰਾਂਵਾਲੇ, ਜਥੇਦਾਰ ਸੋਹਣ ਸਿੰਘ ਜੀ ਬਿਧੀਚੰਦੀਏ, ਬਾਬਾ ਭਜਨ ਸਿੰਘ ਜੀ ਤਰਨਾ ਦਲ ਵਾਲੇ, ਮਹਾਂਪੁਰਸ਼ਾਂ ਦੀ ਖਬਰ ਸਾਰ ਲੈਣ ਆਂਉਦੇ ਰਹਿੰਦੇ ਸਨ। ਸੰਗਤਾ ਦਾ ਤਾਂ ਤਾਂਤਾ ਹੀ ਬੱਝਾ ਰਹਿਣਾਂ। ਕਥਾ ਕੀਰਤਨ ਸਤਿਸੰਗ ਦੀਵਾਨ ਲੱਗਣੇ। ਮਹਾਂਪੁਰਸ਼ਾਂ ਦਾ ਬਰਾਂਡੇ ਵਿੱਚ ਪਲੰਘ ਸੀ। ਦਾਸ ਵੀ ਆਪਣੇ ਪਿਤਾ ਜੀ ਨਾਲ ਆਂਉਦੇ ਜਾਂਦੇ ਰਹਿੰਦੇ ਸਨ।

15 ਦਿਨ ਗੁਜ਼ਰੇ ਕਿ ਆਮ ਲੋਕਾਂ ਵਿਚ ਅਫ਼ਵਾਹ ਫੈਲ ਗਈ ਕਿ ਬਾਬਾ ਜਵਾਲਾ ਸਿੰਘ ਜੀ ਪ੍ਰਲੋਕ ਗਮਨ ਕਰ ਗਏ ਹਨ। ਇਲਾਕੇ ਦੀਆਂ ਸੰਗਤਾਂ ਸਕੂਲਾਂ ਦੇ ਵਿਦਿਆਰਥੀ, ਟੀਚਰ, ਦਰਸ਼ਨਾਂ ਨੂੰ ਆ ਗਏ। ਤਾਂਤਾਂ ਬਝ ਗਿਆ। ਬਾਬਾ ਜੀ ਸਾਡੇ ਪਿਤਾ ਜੀ ਤੋਂ ਪੁੱਛਣ ਕਿ ਕੀ ਗੱਲ ਹੈ ਸੰਗਤਾਂ ਵੱਡੀ ਤੈਦਾਤ ਵਿਚ ਆਈ ਜਾਂਦੀਆਂ ਹਨ। ਉਨ੍ਹਾਂ ਦੇ ਨੇਤਰ ਜਲ ਨਾਲ ਭਰ ਆਏ ਕਹਿਣ ਲੱਗੇ ਕਿ ਆਪ ਜਾਣੀ ਜਾਣ ਹੋ। ਮੈਂ ਆਪਣੀ ਰਸਨਾਂ ਤੋਂ ਬਚਨ ਕਿਵੇਂ ਕਹਿ ਸਕਦਾਂ ਹਾਂ। ਬਾਬਾ ਜੀ ਨੇ ਸੋਚਿਆ ਕਿ ਸੰਗਤਾਂ ਬਹੁਤ ਇਕੱਠੀਆਂ ਹੋਈ ਜਾਂਦੀਆਂ ਹਨ।ਸੋ ਆਪ ਨੇ ਇਕ ਕਲਾ ਵਰਤਾਈ। ਸੰਤ ਗਿਆਨ ਸਿੰਘ ਜੀ ਮਨੀਮਾਜ਼ਰੇ ਵਾਲੇ, ਰਾਗੀ ਸਿੰਘ, ਗ੍ਰੰਥੀ ਸਿੰਘ, ਜੋ ਬਾਬਾ ਜੀ ਦੀ ਅਰਦਲ ਵਿੱਚ ਸੇਵਾ ਨਿਭਾਉਂਦੇ ਸਨ ਆਗਿਆ ਕੀਤੀ ਕਿ ਅਨੰਦਪੁਰ ਸਾਹਿਬ ਬਾਬਾ ਮਸਤਾਂ ਕੋਲ ਜਾ ਕੇ ਸਾਡੇ ਲਈ ਕੋਈ ਹੁਕਮ ਲੈ ਕੇ ਆਉ। ਬਾਬਾ ਮਸਤ ਕਹਿਣ ਲੱਗੇ ਕਿ ਫ਼ਗਵਾੜੇ ਕਮਾਦ ਪੀੜਨ ਵਾਲੇ ਬੇਲਣੇ ਦੀ ਸਾਈ ਦੇ ਦਿਉ ਮੈਂ ਤੇ ਜਵਾਲਾ ਸਿੰਘ ਜੀ ਨੇ ਕਮਾਦ ਪੀੜਨਾ ਹੈ। ਗਿਆਨ ਸਿੰਘ ਆ ਗਿਆ ਤੇ ਬਚਨ ਸੁਣਾਇਆ। ਸਾਰੀ ਸੰਗਤ ਦੇ ਮਨ ਸ਼ਾਂਤ ਹੋ ਗਏ ਕਿ ਹੁਣ ਬਾਬਾ ਮਸਤਾਂ ਦਾ ਬਚਨ ਹੋ ਗਿਆ ਬਾਬਾ ਜੀ ਅਜੇ ਜੋਤੀ ਜੋਤ ਨਹੀਂ ਸਮਾਉਣਗੇ। ਸੋ ਸੰਗਤਾਂ ਦੇ ਮਨ ਵਿਚੋਂ ਗੱਲ ਹੀ ਨਿਕਲ ਗਈ। ਉਸ ਦਿਨ ਐਸਾ ਚੋਜ਼ ਵਰਤਾਇਆ ਕਿ ਤਿੰਨ ਘੰਟੇ ਮਹਾਂਪੁਰਖਾਂ ਨੇ ਸੁਆਸ ਹੀ ਨਹੀਂ ਲਿਆ। ਡਾਕਟਰ ਚੰਨਣ ਸਿੰਘ ਜੀ ਅਖੀਰ ਤਕ ਬਾਬਾ ਜੀ ਦੀ ਸੇਵਾ ਵਿਚ ਜੁਟੇ ਰਹੇ।

ਬਾਬਾ ਜੀ ਕੁਝ ਸਾਲ ਪਹਿਲਾਂ ਬਿਭੌਰ ਸਾਹਿਬ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਚੌਪਈ ਹਮਰੀ ਕਰੋ ਹਾਥ ਦੈ ਰਛਾ॥ ਉਚਾਰੀ ਸੀ, ਡੋਰਾਂ ਨਾਲ ਪੱਥਰ ਬੰਨ ਕੇ ਪਾਣੀ ਮਿਣਦੇ ਰਹੇ ਸੀ। ਆਗਿਆ ਕੀਤੀ ਸੀ ਕਿ ਜਦੋਂ ਸਾਡਾ ਅੰਤ ਸਮਾਂ ਆਇਆਂ ਤਾਂ ਇਕ ਬਕਸਾ ਬਣਾ ਕੇ ਉਸ ਵਿਚ ਮੋਰੀਆਂ ਕਰਕੇ ਚਾਰ ਮਣ ਭਾਰ ਬੰਨ ਲੈਦਾਂ। ਸਾਡੇ ਸਰੀਰ ਦਾ ਇਸ਼ਨਾਨ ਕਰਾ ਕੇ ਬਿਭੌਰ ਸਾਹਿਬ ਕੀਰਤਨ, ਦੇਗ ਕਰ, ਵਾਕ ਸੁਣ ਕੇ ਲੰਗਰ ਵਰਤਾਉਣਾਂ। ਸਾਡਾ ਸਰੀਰ ਬਕਸੇ ਵਿਚ ਬੰਦ ਕਰਕੇ ਮੇਵੇ ਭਰ ਕੇ, ਦੋ ਬੇੜੀਆਂ ਵਿਚ ਰਖ ਕੇ ਜਲ ਪ੍ਰਵਾਹ ਕਰ ਦੇਣਾਂ। ਮੋਰੀਆਂ ਵਿਚੋਂ ਮੱਛੀਆਂ ਆਦਿਕ ਵੜ ਕੇ ਸਰੀਰ ਖਾ ਲੈਣਗੀਆਂ। ਦੋ ਬਕਸੇ ਮਹਾਂਪੁਰਸ਼ਾਂ ਨੇ ਪਹਿਲਾਂ ਹੀ ਬਣਵਾਏ ਹੋਏ ਸਨ ਇਕ ਥੋੜਾ ਵੱਡਾ ਤੇ ਇਕ ਥੋੜਾ ਛੋਟਾ ਸੀ। ਛੋਟਾ ਬਕਸਾ ਬਾਬਾ ਜੀ ਦੇ ਗੁਰਭਾਈ ਸੰਤ ਹਰੀ ਸਿੰਘ ਜੀ ਦੇ ਲਈ ਸੀ।

15 ਦਿਨ ਪਹਿਲਾਂ ਤਿੰਨ ਘੰਟੇ ਸੁਆਸ ਨਾ ਆਏ। ਡਾਕਟਰਾਂ ਨੇ ਚਰਨ ਝੱਸੇ। ਫਿਰ ਸੁਆਸ ਆ ਗਏ। 15ਵੇਂ ਦਿਨ ਬਾਬਾ ਜੀ ਨੇ ਸਾਰੀ ਸੰਗਤ ਨੂੰ ਬਾਹਰ ਕੱਢ ਦਿੱਤਾ। ਸੰਤ ਮਹਿੰਦਰ ਸਿੰਘ ਜੀ, ਸੰਤ ਗਿਆਨ ਸਿੰਘ ਜੀ ਤੇ ਭਾਈ ਤਾਰਾ ਸਿੰਘ ਜੀ ਬਾਬਾ ਜੀ ਦੀ ਅਰਦਲ ਵਿਚ ਹਾਜ਼ਿਰ ਸਨ। ਮਹਾਂਪੁਰਸ਼ਾਂ ਨੇ ਧੀਰਜ ਦੇ ਉਪਦੇਸ਼ ਦਿੱਤੇ। ਸ਼ਬਦ ਮਿਲਾਵਾ ਹੋਤ ਹੈ ਦੇਹਿ ਮਿਲਾਵਾ ਨਾਹੀ। ਸਰੀਰ ਕਰਕੇ ਜਿਤਨੇ ਵੀ ਪੀਰ ਪੈਗੰਬਰ ਆਂਉਦੇ ਹਨ। ਇਕ ਨਾ ਇਕ ਦਿਨ ਉਨ੍ਹਾਂ ਨੂੰ ਜਾਣਾਂ ਪੈਂਦਾ ਹੈ। ਜਲ ਪ੍ਰਵਾਹ ਦੀ ਵਿਧੀ ਸਮਝਾ ਕੇ ਮਹਾਂਪੁਰਸ਼ਾਂ ਨੇ ਸਿੱਧ ਆਸਣ ਲਾ ਲਿਆ ਤੇ ਸਿੱਧੇ ਹੋ ਕੇ ਬੈਠ ਗਏ। ਪ੍ਰਾਣਾਂ ਨੂੰ ਦਸਮ ਦੁਆਰ ਵੱਲ ਖਿੱਚਿਆ ਤੇ ਬ੍ਰਹਮ ਰੰਧਰ ਨਾੜੀ ਨੂੰ ਫੋੜਿਆ। ਪ੍ਰਾਣਾਂ ਦਾ ਤਿਆਗ ਕਰ ਗਏ ਅਤੇ ਉਸ ਜੋਤ ਸਰੂਪ ਪ੍ਰਮਾਤਮਾਂ ਵਿਚ ਅਭੇਦ ਹੋ ਗਏ।

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ **(ਪੰਨਾਂ 846)**

ਬਾਬਾ ਜੀ ਦੇ ਜੋਤੀ ਜੋਤ ਸਮਾਉਣ ਦੀ ਖਬਰ ਸਾਰੇ ਹੀ ਜੰਗਲ ਦੀ ਅੱਗ ਵਾਂਗ ਫੈਲ ਗਈ। ਸੰਗਤਾਂ ਦਾ ਭਾਰੀ ਇਕੱਠ ਹੋ ਗਿਆ। ਬਾਬਾ ਜੀ ਨੇ 7 ਵੱਜ ਕੇ 40 ਮਿੰਟ,13 ਨਵੰਬਰ 28 ਕੱਤਕ ਸੰਨ 1957 ਦਿਨ ਬੁਧਵਾਰ ਪੰਜ ਭੂਤਕ ਸਰੀਰ ਦਾ ਡੁਮੇਲੀ ਨਗਰ ਵਿਖੇ ਤਿਆਗ ਕੀਤਾ। ਬਾਬਾ ਜੀ ਹੁਕਮ ਕਰ ਗਏ ਸਨ ਕਿ ਸਾਡੇ ਸਰੀਰ ਨੂੰ ਹਰਖੋਵਾਲ ਡੇਰੇ ਨਾ ਲੈ ਕੇ ਜਾਇਉ। ਕਿਉਂਕਿ ਉਥੇ ਸੰਗਤਾਂ ਬਹੁਤ ਵਿਰਲਾਪ ਕਰਨਗੀਆਂ। ਵੈਰਾਗ਼ ਅੰਦਰ ਕੋਈ ਸਰੀਰ ਆਪਣਾ ਘਾਤ ਵੀ ਕਰ ਸਕਦਾ ਹੈ। ਸਿੱਧੇ ਹੀ ਸਾਡਾ ਸਰੀਰ, ਸੰਗਤਾਂ ਕੀਰਤਨ ਕਰਦੀਆਂ ਹੋਈਆਂ ਊਨਾ ਸਾਹਿਬ ਬਾਬਾ ਸਾਹਿਬ ਸਿੰਘ ਬੇਦੀ ਜੀ ਦੇ ਅਸਥਾਨ ਤੇ ਨਮਸਕਾਰ ਕਰਦੀਆਂ ਹੋਈਆਂ ਬਿਭੌਰ ਸਾਹਿਬ ਦਸਮ ਪਾਤਸ਼ਾਹ ਦੇ ਚਰਨਾਂ ਵਿੱਚ ਪੁੱਜ ਜਾਣ। ਕੜਾਹ ਪ੍ਰਸ਼ਾਦ ਦੀ ਦੇਗ, ਲੰਗਰ, ਦੀਵਾਨ ਤੇ ਕੀਰਤਨ ਕਰਨਾ। ਇਸ਼ਨਾਨ ਕਰਵਾ ਕੇ ਸਰੀਰ ਨੂੰ ਬਕਸੇ ਵਿੱਚ ਬੰਦ ਕਰਕੇ ਵਿਚ ਮੇਵੇ ਭਰ ਕੇ ਦੋ ਬੇੜੀਆਂ ਉਤੇ ਬਕਸਾ ਰੱਖ ਕੇ, ਬਕਸੇ ਦੇ ਚਾਰੇ ਕੋਨਿਆਂ ਨਾਲ ਭਰ ਬੰਨ ਕੇ ਪਾਣੀ ਦੇ ਮੱਧ ਵਿਚ ਬਕਸਾ ਉਤਾਰ ਦੇਣਾਂ।

ਸੰਗਤਾਂ ਦੂਰ ਦੁਰਾਡੇ, ਦੇਸਾਂ ਪ੍ਰਦੇਸਾਂ ਤੋਂ ਬਾਬਾ ਜੀ ਦੇ ਆਖਰੀ ਦਰਸ਼ਨਾਂ ਨੂੰ ਪਹੁੰਚ ਗਈਆਂ। ਬੜਾ ਭਾਰੀ ਇਕੱਠ ਹੋਇਆ। ਬਾਬਾ ਜੀ ਦੇ ਸਰੀਰ ਨੂੰ ਇਕ ਸਵਾਰੀ ਦੇ ਉਪਰ ਸਜਾਇਆ ਗਿਆ। ਸੰਗਤਾਂ ਨਗਰ ਕੀਰਤਨ ਕਰਦੀਆਂ ਹੋਈਆਂ ਬਿਭੌਰ ਸਾਹਿਬ ਲਈ ਰਵਾਨਾ ਹੋ ਗਈਆਂ। ਰਸਤੇ ਵਿੱਚ ਊਨਾਂ ਸਾਹਿਬ ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਅਸਥਾਨ ਤੇ ਅਰਦਾਸ ਕਰਕੇ ਬਿਭੌਰ ਸਾਹਿਬ ਪੁੱਜ ਗਈਆਂ। ਬਿਹੰਗਮ ਸਮੂਹ ਗ੍ਰਿਹਸਥੀ  ਸਿੰਘ ਤੇ ਸਮੂਹ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਤੇ ਗੁਰਮੁਖ ਪਿਆਰੇ ਸ਼ਾਮਿਲ ਸਨ। ਬਾਬਾ ਗੱਜਣ ਸਿੰਘ, ਸੰਤ ਮਹਿੰਦਰ ਸਿੰਘ, ਸੂਬੇਦਾਰ ਉਜਾਗਰ ਸਿੰਘ, ਸੰਤ ਕਾਹਨ ਸਿੰਘ, ਸੰਤ ਗਿਆਨ ਸਿੰਘ ਤੇ ਬਾਬੂ ਸੁਜਾਨ ਸਿੰਘ ਬੜੀ ਗੰਭੀਰਤਾ ਨਾਲ ਬਾਬਾ ਜੀ ਦੇ ਸਰੀਰ ਨੂੰ ਅਦਬ ਨਾਲ ਦਰਿਆ ਦੇ ਕਿਨਾਰੇ ਲੈ ਗਏ। ਸਤਿਲੁਜ ਦੇ ਪਵਿੱਤਰ ਜਲ ਨਾਲ ਇਸ਼ਨਾਨ ਕਰਵਾਇਆ, ਬਸਤਰ ਬਦਲਾਏ ਗਏ। ਕਕਾਰ ਪਹਿਨਾਏ ਗਏ। ਪੂਰੀ ਗੁਰ ਮਰਿਯਾਦਾ ਅਨੁਸਾਰ ਬਕਸੇ ਅੰਦਰ ਕਪੜਾ ਵਿਛਾ ਕੇ ਮਹਾਂਪੁਰਸ਼ਾਂ ਦਾ ਸਰੀਰ ਰੱਖਿਆ ਗਿਆ। ਉਪਰ ਦੁਸ਼ਾਲਾ ਸਜਾਇਆ ਗਿਆ। ਅਰਦਾਸਾ ਸੋਧਿਆ ਗਿਆ ਤੇ ਸਰੀਰ ਨੂੰ ਬਕਸੇ ਵਿੱਚ ਬੰਦ ਕਰਕੇ ਦੋ ਬੇੜੀਆਂ ਤੇ ਬਕਸਾ ਰੱਖ ਕੇ ਪਾਣੀ ਵਿਚ ਤੋਰ ਦਿੱਤਾ। ਸੰਗਤਾਂ ਬੜੇ ਵੈਰਾਗ਼ ਵਿਚ ਸਨ। ਵੈਰਾਗ ਦੇ ਸ਼ਬਦ ਪੜ੍ਹਦੇ ਸਨ।

ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।ਸਚੀ ਦਰਗਹ ਜਾਇ ਸਚਾ ਪਿੜ ਮਲਿਆ।

ਫੁਲਾਂ ਦੀ ਵਰਖਾ ਹੋਈ। ਸਭ ਸੰਗਤਾਂ ਨੇ ਆਖਰੀ ਨਮਸਕਾਰ ਕੀਤੀ। ਜੋ ਬਰਕਤ ਮਹਾਂਰਾਜ ਜੀਆਂ ਦੇ ਚਰਨ ਸ਼ਰਨ ਤੋਂ ਪ੍ਰਾਪਤ ਹੋਈ ਸੀ ਉਸ ਨੂੰ ਯਾਦ ਕਰਦੇ ਹਨ।

ਗਉੜੀ ਮਹਲਾ ੫ ॥

ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥ ਪੰਚ ਜਨਾ ਸਿਉ ਸੰਗੁ ਨਿਵਾਰੈ ॥ ਦਸ ਇੰਦ੍ਰੀ ਕਰਿ ਰਾਖੈ ਵਾਸਿ ॥ ਤਾ ਕੈ ਆਤਮੈ ਹੋਇ ਪਰਗਾਸੁ ॥ ੧ ॥ ਐਸੀ ਦ੍ਰਿੜਤਾ ਤਾ ਕੈ ਹੋਇ ॥ ਜਾ ਕਉ ਦਇਆ ਮਇਆ ਪ੍ਰਭ ਸੋਇ ॥ ੧ ॥ ਰਹਾਉ ॥ ਸਾਜਨੁ ਦੁਸਟੁ ਜਾ ਕੈ ਏਕ ਸਮਾਨੈ ॥ ਜੇਤਾ ਬੋਲਣੁ ਤੇਤਾ ਗਿਆਨੈ ॥ ਜੇਤਾ ਸੁਨਣਾ ਤੇਤਾ ਨਾਮੁ ॥ ਜੇਤਾ ਪੇਖਨੁ ਤੇਤਾ ਧਿਆਨੁ ॥ ੨ ॥ ਸਹਜੇ ਜਾਗਣੁ ਸਹਜੇ ਸੋਇ ॥ ਸਹਜੇ ਹੋਤਾ ਜਾਇ ਸੁ ਹੋਇ ॥ ਸਹਜਿ ਬੈਰਾਗੁ ਸਹਜੇ ਹੀ ਹਸਨਾ ॥ ਸਹਜੇ ਚੂਪ ਸਹਜੇ ਹੀ ਜਪਨਾ ॥ ੩ ॥ ਸਹਜੇ ਭੋਜਨੁ ਸਹਜੇ ਭਾਉ ॥ ਸਹਜੇ ਮਿਟਿਓ ਸਗਲ ਦੁਰਾਉ ॥ ਸਹਜੇ ਹੋਆ ਸਾਧੂ ਸੰਗੁ ॥ ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ ॥ ੪ ॥ ਸਹਜੇ ਗ੍ਰਿਹ ਮਹਿ ਸਹਜਿ ਉਦਾਸੀ ॥ ਸਹਜੇ ਦੁਬਿਧਾ ਤਨ ਕੀ ਨਾਸੀ ॥ ਜਾ ਕੈ ਸਹਜਿ ਮਨਿ ਭਇਆ ਅਨੰਦੁ ॥ ਤਾ ਕਉ ਭੇਟਿਆ ਪਰਮਾਨੰਦੁ ॥ ੫ ॥ ਸਹਜੇ ਅੰਮ੍ਰਿਤੁ ਪੀਓ ਨਾਮੁ ॥ ਸਹਜੇ ਕੀਨੋ ਜੀਅ ਕੋ ਦਾਨੁ ॥ ਸਹਜ ਕਥਾ ਮਹਿ ਆਤਮੁ ਰਸਿਆ ॥ ਤਾ ਕੈ ਸੰਗਿ ਅਬਿਨਾਸੀ ਵਸਿਆ ॥ ੬ ॥ ਸਹਜੇ ਆਸਣੁ ਅਸਥਿਰੁ ਭਾਇਆ ॥ ਸਹਜੇ ਅਨਹਤ ਸਬਦੁ ਵਜਾਇਆ ॥ ਸਹਜੇ ਰੁਣ ਝੁਣਕਾਰੁ ਸੁਹਾਇਆ ॥ ਤਾ ਕੈ ਘਰਿ ਪਾਰਬ੍ਰਹਮੁ ਸਮਾਇਆ ॥ ੬ ॥ ਸਹਜੇ ਜਾ ਕਉ ਪਰਿਓ ਕਰਮਾ ॥ ਸਹਜੇ ਗੁਰੁ ਭੇਟਿਓ ਸਚੁ ਧਰਮਾ ॥ ਜਾ ਕੈ ਸਹਜੁ ਭਇਆ ਸੋ ਜਾਣੈ ॥ ਨਾਨਕ ਦਾਸ ਤਾ ਕੈ ਕੁਰਬਾਣੈ॥ ੮ ॥ ੩ ॥ (ਪੰਨਾ ੨੩੬-੨੩੭)

ਸੋ ਪੰਚਮ ਪਾਤਸ਼ਾਹ ਨੇ ਇਸ ਸ਼ਬਦ ਵਿਚ ਜੋ ਵਿਚਾਰ ਗਿਆਨਵਾਨਾਂ ਦਾ ਬਖਸ਼ਿਸ਼ ਕੀਤਾ ਹੈ। ਐਸੀ ਉਚੀ ਸੁੱਚੀ ਅਵਸਥਾ ਮਹਾਂਪੁਰਸ਼ਾਂ ਨੂੰ ਪ੍ਰਾਪਤ ਸੀ। ਅਕਾਲਪੁਰਖ ਨੇ ਉਨ੍ਹਾਂ ਨੂੰ ਜਗਿਆਸੂਆਂ ਨੂੰ ਪ੍ਰਮੇਸ਼ਰ ਨਾਲ ਜੋੜਨ ਲਈ ਭੇਜਿਆ ਸੀ। ਜਿੰਨੀ ਵਾਹਿਗੁਰੂ ਨੇ ਉਨਾਂ ਨੂੰ ਕਾਰ ਬਖਸ਼ੀ ਸੀ ਬਾਬਾ ਆਇਆ ਸਿੰਘ ਸਾਹਿਬ ਜੀ ਦੀ ਆਗਿਆ ਹੋਈ ਸੀ। ਉਸ ਦੇ ਮੁਤਾਬਿਕ ਉਨ੍ਹਾਂ ਨੇ ਸਾਧ ਸੰਗਤ, ਦੇਸ਼ ਕੌਮ ਦੀ ਸੇਵਾ ਕਰਕੇ

ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥ ਨਾਨਕ ਗਾਵੀਐ ਗੁਣੀ ਨਿਧਾਨੁ ॥

ਇਸ ਅਵਸਥਾ ਨੂੰ ਪ੍ਰਾਪਤ ਕੀਤਾ ਅਤੇ ਮਹਾਂਪੁਰਸ਼ ਆਪਣੇ ਜੀਵਨ ਦੀ ਛੋਹ ਦੁਨੀਆਂ ਵਿਚ ਛਡ ਗਏ। ਮਹਾਂਪੁਰਸ਼ਾਂ ਨੇ ਸਿਮਰਨ ਕਰਕੇ ਅਭੇਦ ਅਵਸਥਾ ਅਤੇ ਆਨੰਦ ਦੀ ਅਵਸਥਾ ਨੂੰ ਪ੍ਰਾਪਤ ਕੀਤਾ। ਉਹ ਜਿਉਂਦੇ ਹੀ ਮੁਕਤ ਸਨ। ਮਹਾਂਪੁਰਖਾਂ ਦੀ ਜੋ ਇਹ ਕਥਾ ਹੈ ਅਗਮ ਅਗਾਧ ਹੈ। ਇਸ ਦਾ ਮੁਕੰਮਲ ਵਰਨਣ ਕਰਨਾ ਬਹੁਤ ਹੀ ਅਸੰਭਵ ਹੈ। ਸੋ ਇਸ ਵਿਆਖਿਆ ਵਿਚ 'ਬਹੁਤ ਉਪਮਾ ਥੋਰ ਕਹੀ' ਬੇਨਤੀ ਕੀਤੀ ਹੈ। ਸੋ ਜਿਸ ਤਰ੍ਹਾਂ ਦਾਲ ਰਿੱਝਦੀ ਹੈ, ਵਲਟੋਹ ਭਰਿਆ ਹੈ ਇਕ ਦਾਣਾਂ ਪਰਖ ਕੇ ਜੀ ਦਾਲ ਦਾ ਪਤਾ ਲੱਗ ਜਾਂਦਾ ਹੈ। ਬਹੁਤ ਉਪਮਾਂ ਜੋ ਮਹਾਂਪੁਰਖਾਂ ਦਾ ਜੀਵਨ ਭਾਵੇਂ ਸੰਖੇਪ ਵਿਚ ਬਿਆਨ ਕੀਤਾ ਹੈ। ਸੰਮੂਹ ਸੰਗਤਾਂ ਇਤਨੀਆਂ ਹੀ ਬੇਨਤੀਆਂ ਪ੍ਰਵਾਨ ਕਰਨ। ਮਹਾਂਪੁਰਸ਼ਾਂ ਦੇ ਜਸ ਕਰਦਿਆਂ ਅਨੇਕਾਂ ਹੀ ਭੁੱਲਾਂ ਹੋਈਆਂ ਹਨ। ਸੋ ਸਾਧ ਸੰਗਤ ਜੀ ਖਿਮਾਂ ਦੇ ਜਾਚਕ ਹਾਂ।ਸਤਿਗੁਰੂ ਗਰੀਬ ਨਿਵਾਜ ਧੰਨ ਧੰਨ ਗੁਰ ਨਾਨਕ ਦੇਵ ਜੀ ਮਹਾਂਰਾਜ, ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਂਰਾਜ, ਬਾਬਾ ਕਰਮ ਸਿੰਘ ਜੀ, ਧੰਨ ਧੰਨ ਬਾਬਾ ਆਇਆ ਸਿੰਘ ਜੀ ਕ੍ਰਿਪਾ ਕਰਨ ਅੱਗੇ ਤੋਂ ਸੁਮੱਤ ਬਖਸ਼ਿਸ਼ ਕਰਨ ਤਾਂ ਕਿ ਪਵਿੱਤਰ ਪੁਰਖਾਂ ਦੇ ਜੀਵਨ ਲਿਖਦੇ ਰਹੀਏ।

ਸਾਧ ਕੀ ਮਹਿਮਾ ਬੇਦ ਨ ਜਾਨਹਿ ॥ ਜੇਤਾ ਸੁਨਹਿ ਤੇਤਾ ਬਖਿਆਨਹਿ ॥

ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥ ਸਾਧ ਕੀ ਉਪਮਾ ਰਹੀ ਭਰਪੂਰਿ॥(ਪੰਨਾਂ 272)

ਅਸੀਂ ਵੀ ਮਹਾਂਪੁਰਖਾਂ ਦੇ ਜੀਵਨ ਤੋਂ ਸਿੱਖਿਆ ਲਈਏ।ਖੰਡੇ ਬਾਟੇ ਦਾ ਅੰਮ੍ਰਿਤ ਛਕੀਏ, ਗੁਰਬਾਣੀ ਪੜ੍ਹੀਏ, ਨਾਮ ਜਪੀਏ, ਸਤਿਸੰਗ ਕਰੀਏ। ਦਇਆ ਦਾਨ ਕੁਰਬਾਨੀ ਵਾਲੇ ਗੁਣ, ਸਤਿ ਸੰਤੋਖ ਧਰਮ ਧੀਰਜ ਦਇਆ ਕਰੁਣਾ ਮੈਤਰੀ ਧਾਰਨ ਕਰੀਏ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਆਸਾ, ਤ੍ਰਿਸ਼ਨਾ, ਮਮਤਾ ਭੋਗ ਬਿਲਾਸ ਵਿਸ਼ੇ ਵਿਕਾਰ ਛਡ ਕੇ ਅੰਮ੍ਰਿਤ ਵੇਲੇ ਉਠੀਏ, ਨਾਮ ਜਪੀਏ, ਵੰਡ ਛਕੀਏ, ਨਾਮ ਜਪ ਕੇ ਲੋਕ ਪ੍ਰਲੋਕ ਸਵਾਰੀਏ। ਮਹਾਂਪੁਰਖਾਂ ਦਾ ਦੁਨੀਆਂ ਤੇ ਆਉਣ ਦਾ ਪ੍ਰਯੋਜਨ ਇਹੀ ਹੁੰਦਾ ਹੈ। ਜਿਹੜੇ ਗੁਰਮੁਖ ਪਿਆਰੇ ਮਹਾਂਪੁਰਸ਼ਾਂ ਦੇ ਜੀਵਨ ਤੋਂ ਸਿੱਖਿਆ ਲੈ ਕੇ ਨਾਮ ਦੀ ਕਮਾਈ ਕਰਨਗੇ ਉਨ੍ਹਾਂ ਦਾ ਲੋਕ ਪ੍ਰਲੋਕ ਸੁਖੀਆ ਹੋਵੇਗਾ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥